*Origi*
Punja
*Digitized*
Panjab Digital Library

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*27th June, 1980*

Vol. I—No. 1

OFFICIAL REPORT

Chief Reporter
Punjab Vidhan Sabha
Chandigarh

CONTENTS

*Friday, the 27th June*, 1980


| | Page |
|---|---|
| Announcements by the Secretary .. | (1)1 |
| Oath or Affirmation by Members .. | (1)1 |


**Punjab Vidhan Sabha Secretariat, Chandigarh.**

**Price :** Rs. [illegible] 50 paise

*Original with;*
Punjab Vidhan Sabha
*Digitized by;*
Panjab Digital Library

*Original with,*
Punjab Vidhan Sabha
*Digitized by,*
Panjab Digital Library

## OFFICERS OF THE PUNJAB VIDHAN SABHA

**Speaker**

*Shri Brij Bhushan Mehra (Amritsar North).

**Deputy Speaker**

**Sardar Gulzar Singh (Nathana S.C.).

**Secretary**

Sardar Partap Singh.

**Deputy Secretaries**

1. Sardar Nagінder Singh.
2. Shri S. N. Kalia.

**Under-Secretaries**

1. Sardar Geja Singh.
2. Sardar Harbans Singh.
3. Shri B.B. Sehgal.

## COUNCIL OF MINISTERS

**Chief Minister**

1. Sardar Darbara Singh.

**Ministers**

| | | |
|---|---|---|
| 1. | Dr. Kewal Krishan .. | Finance Minister |
| 2. | Sardar Santokh Singh Randhawa .. | Development Minister |
| 3. | Chaudhri Kanshi Ram .. | Agriculture and Forest Minister |
| 4. | Shri Sardari Lal Kapoor | Health and Family Welfare Minister |
| 5. | Sardar Beant Singh .. | Revenue Minister |
| 6. | Chaudhri Jagat Ram .. | Social Welfare and Labour Minister |
| 7. | Sardar Harcharan Singh Ajnala | Education Minister |

ADVOCATE GENERAL

*Elected on the 1st July, 1980.

**Elected on the 8th July, 1980.

S. Joginder Singh Wasu

Original with;
Punjab Vidhan Sabha
Digitized by;
Panjab Digital Library

**Alphabetical list of Members showing their Party/Group affiliation in the Punjab Vidhan Sabha, Constituencies and Districts**

| Serial No. | Name of Member | Party/Group affiliation | Constituency | District |
|---|---|---|---|---|
| 1 | 2 | 3 | 4 | 5 |
| 1 | Amar Nath, Shri .. | Congress (I) | Narot Mehra (S.C.) | Gurdaspur |
| 2 | Amar Singh, Comrade .. | C.P.I. | Lehra | Sangrur |
| 3 | Arjan Singh Litt Giani .. | S.A.D. | Qila Raipur | Ludhiana |
| 4 | Atma Singh, Sardar .. | S.A.D. | Sultanpur | Kapurthala |
| 5 | Avtar Singh Gatwali, Sardar .. | Congress (I) | Talwandi Sabo | Bhatinda |
| 6 | Babu Singh, Master .. | C.P.I. | Rampura Phul | Bhatihda |
| 7 | Baldev Singh Khiala, Sardar .. | S.A.D. | Joga | Bhatinda |
| 8 | Baldev Singh Loomba, Comrade | C.P.I. | Shutrana (S.C.) | Patiala |
| 9 | Baldev Singh Maan, Sardar .. | S.A.D. | Dirbha | Sangrur |
| 10 | Balmukand Sharma, Shri .. | Congress (I) | Ferozepur | Ferozepur |
| 11 | Balwant Singh, Prof. .. | C.P.I. (M) | Rajpura | Patiala |
| 12 | Balwant Singh, Sardar .. | S.A.D. | Lohian | Jullundur |
| 13 | Balwinder Singh Bhunder, Sardar | S.A.D. | Sardulgarh | Bhatinda |
| 14 | Basant Singh, Sardar .. | Congress (I) | Anandpur Sahib – Ropar | Ropar |
| 15 | Basant Singh Khalsa, Sardar .. | S.A.D. | Dakha (S.C.) | Ludhiana |
| 16 | Beant Singh, Sardar .. | Congress (I) | Payal | Ludhiana |
| 17 | Bhagat Singh, Doctor .. | S.A.D. | Pakka Kalan (S.C.) | Bhatinda |
| 18 | Bhagwan Dass, Shri .. | Congress (I) | Kot Kapura | Faridkot |
| 19 | Birdevinder Singh, Sardar .. | Congress (I) | Sirhind | Patiala |
| 20 | Bir Paul Singh, Sardar .. | Congress (I) | Ludhiana Rural | Ludhiana |
| 21 | Brahm Mohindra, Shri .. | Congress (I) | Patiala Town | Patiala |
| 22 | Brij Bhushan Mehra, Shri .. | Congress (I) | Amritsar (North) | Amritsar |
| 23 | Buta Singh, Comrade .. | C.P.I. | Mansa | Bhatinda |
| 24 | Chaman Lal, Shri .. | Congress (I) | Sujanpur | Gurdaspur |
| 25 | Chand Singh, Master .. | C.P.I. (M) | Sherpur (S.C.) | Sangrur |

Original with;
Punjab Vidhan Sabha
Digitized by;
Panjab Digital Library

| Serial No. | Name of Member | Party Group affiliation | Constituency | District |
|---|---|---|---|---|
| 1 | 2 | 3 | 4 | 5 |
| 26 | Dalip Chand, Master .. | Congress (I) | Balachaur | Hoshiarpur |
| 27 | Dalip Singh Pandhi, Sardar ... | S.A.D. | Amloh (S.C.) | Patiala |
| 28 | Darbara Singh, Sardar .. | Congress (I) | Nakodar | Jullundur |
| 29 | Darbari Lal, Prof. | Congress (I) | Amritsar (Central) | Amritsar |
| 30 | Darshan Singh Jhabal, Comrade | C.P.I. (M) | Attari (S.C.) | Amritsar |
| 31 | Darshan Singh K.P., Sardar .. | Congress (I) | Jullundur (South) (S.C.) | Jullundur |
| 32 | Daya Singh, Comrade .. | C.P.I. (M) | Kum Kalan (S.C.) | Ludhiana |
| 33 | Dilbagh Singh, Sardar .. | Independent | Nawanshahr | Jullundur |
| 34 | Gopal Krishan Chatrath, Shri .. | Congress (I) | Batala | Gurdaspur |
| 35 | Gulzar Singh, Sardar .. | Congress (I) | Nathana (S.C.) | Bhatinda |
| 36 | Gurbachan Singh Lakhmirwala, Jathedar | S.A.D. | Sunam | Sangrur |
| 37 | Gurbachan Singh Cheema, Sardar | Congress (I) | Dasuya | Hoshiarpur |
| 38 | Gurdarshan Singh, Sardar .. | Congress (I) | Nabha | Patiala |
| 39 | Gurdev Singh Badal, Sardar .. | S.A.D. | Panjgrain (S.C.) | Faridkot |
| 40 | Gurdial Saini, Shri .. | Congress (I) | Jullundur (North) | Jullundur |
| 41 | Gurnaib Singh Brar, Sardar .. | Congress (I) | Ferozepur Cantt. | Ferozepur |
| 42 | Harchand Singh Brar, Sardar .. | S.A.D. | Muktsar | Faridkot |
| 43 | Harcharan Singh Ajnala, Sardar .. | Congress (I) | Ajnala | Amritsar |
| 44 | Harcharan Singh Hero, Sardar .. | S.A.D. | Zira | Ferozepur |
| 45 | Hardipinder Singh, Sardar .. | S.A.D. | Lambi | Faridkot |
| 46 | Hari Mittar Hans, Shri .. | Congress (I) | Sham Chaurasi (S.C.) | Hoshiarpur |
| 47 | Iqbal Singh, Sardar .. | Congress (I) | Raja Sansi | Amritsar |
| 48 | Jagat Ram, Chaudhri .. | Congress (I) | Banga (S.C.) | Jullundur |
| 49 | Jagat Singh, Sardar .. | Congress (I) | Kharar | Ropar |
| 50 | Jagjit Singh, Chaudhri .. | Congress (I) | Kartarpur (S.C.) | Jullundur |

Original with;
Punjab Vidhan Sabha
Digitized by;
Panjab Digital Library

| Serial No. | Name of Member | Party/Group affiliation | Constituency | District |
|---|---|---|---|---|
| 1 | 2 | 3 | 4 | 5 |
| 51 | Jagdev Singh Jassowal, Sardar .. | Congress (I) | Raikot | Ludhiana |
| 52 | Jagrup Singh, Sardar .. | Congress (I) | Jagraon | Ludhiana |
| 53 | Jai Muni, Shri .. | Congress (I) | Dinanagar (S.C.) | Gurdaspur |
| 54 | Jasdev Kaur Sandhu, Sardarni .. | S.A.D. | Ghanaur | Patiala |
| 55 | Jasmat Singh Dhillon, Sardar .. | Independent | Faridkot | Faridkot |
| 56 | Jiwan Singh Umranangal, Jathedar | S.A.D. | Beas | Amritsar |
| 57 | Joginder Nath, Shri .. | Congress (I) | Garhdiwala (S.C.) | Hoshiarpur |
| 58 | Joginder Pall Pandey, Shri .. | Congress (I) | Ludhiana (West) | Ludhiana |
| 59 | Kanshi Ram, Chaudhri .. | Congress (I) | Fazilka | Ferozepur |
| 60 | Karam Singh Gill, Sardar .. | Congress (I) | Samrala | Ludhiana |
| 61 | Kartar Singh, Vaid .. | S.A.D. | Mahilpur (S.C.) | Hoshiarpur |
| 62 | Kewal Krishan, Dr. .. | Congress (I) | Mukerian | Hoshiarpur |
| 63 | Khushal Chand, Seth .. | B.J.P. | Guruharsahai | Ferozepur |
| 64 | Kulwant Singh, Comrade .. | C.P.I. | Adampur | Jullundur |
| 65 | Kundan Singh, Master .. | Congress (I) | Hoshiarpur | Hoshiarpur |
| 66 | Kundan Singh Patang, Giani .. | S.A.D. | Bhadaur (S.C.) | Sangrur |
| 67 | Lakha Singh, Sardar .. | Congress (I) | Khadoor Sahib (S.C.) | Amritsar |
| 68 | Lal Singh, Sardar .. | Congress (I) | Dakala | Patiala |
| 69 | Major Singh Uboke Sardar .. | S.A.D. | Valtoha | Amritsar |
| 70 | Manga Singh, Shri .. | Congress (I) | Jalalabad | Ferozepur |
| 71 | Matu Ram, Chaudhri .. | Congress (I) | Malout (S.C.) | Faridkot |
| 72 | Mohinder Singh Sarupwali, Sardar | S.A.D. | Qadian | Gurdaspur |
| 73 | Nachhattar Singh Gill, Sardar .. | Congress (I) | Moga | Faridkot |
| 74 | Naranjan Singh Patti, Jathedar.. | S.A.D. | Patti | Amritsar |
| 75 | Natha Singh Dalam, Sardar .. | S.A.D. | Srihargobindpur | Gurdaspur |
| 76 | Om Parkash Gupta, Shri .. | Congress (I) | Ludhiana (East) | Ludhiana |

Original with;
Punjab Vidhan Sabha
Digitized by;
Panjab Digital Library

| Serial No. | Name of Member | Party/Group affiliation | Constituency | District |
|---|---|---|---|---|
| 1 | 2 | 3 | 4 | 5 |
| 77 | Parkash Singh Badal, Sardar .. | S.A.D. | Gidderbaha | Faridkot |
| 78 | Parkash Singh Majitha, Sardar .. | S.A.D. | Majitha | Amritsar |
| 79 | Parshotam Singh, Sardar .. | S.A.D. | Budhlada | Bhatinda |
| 80 | Piara Ram Dhanowalia, Shri .. | Congress (I) | Phagwara (S.C.) | Kapurthala |
| 81 | Pirthipal Singh, Sardar .. | Congress (I) | Amritsar (South) | Amritsar |
| 82 | Prem Singh Lalpura, Sardar .. | S.A.D. | Tarn Taran | Amritsar |
| 83 | Raghbir Singh, Sardar .. | S.A.D. | Kapurthala | Kapurthala |
| 84 | Rajinder Kaur, Sardarni .. | Congress(I) | Dhanaula | Sangrur |
| 85 | Raj Kumar, Comrade .. | C.P.I. | Dhariwal | Gurdaspur |
| 86 | Ram Lal Chitti, Shri .. | Congress (I) | Jullundur Cantonment | Jullundur |
| 87 | Ram Swaroop Baghi, Shri .. | Congress (I) | Pathankot | Gurdaspur |
| 88 | Rattan Lal Shri .. | Congress (I) | Gurdaspur | Gurdaspur |
| 89 | Ravi Inder Singh, Sardar .. | S.A.D. | Morinda | Ropar |
| 90 | Saghar Singh, Comrade .. | C.P.I. | Nihalsinghwala (S.C.) | Faridkot |
| 91 | Sajida Begum, Shrimati .. | Congress (I) | Malerkotla | Sangrur |
| 92 | Sajjan Kumar Jakhar, Chaudhri | Congress (I) | Abohar | Ferozepur |
| 93 | Santokh Singh Randhawa, Sardar | Congress (I) | Fatehgarh | Gurdaspur |
| 94 | Sant Ram Singla, Shri .. | Congress (I) | Samana | Patiala |
| 95 | Sant Singh, Sardar .. | S.A.D. | Dhuri | Sangrur |
| 96 | Sardari Lal Kapoor, Shri .. | Congress (I) | Ludhiana (North) | Ludhiana |
| 97 | Surjit Kaur Kalkat, Sardarni .. | Congress (I) | Tanda | Hoshiarpur |
| 98 | Sarla Prasher, Miss .. | Congress (I) | Nangal | Ropar |
| 99 | Sarvan Ram Pandit | Congress (I) | Hoshiarpur | Hoshiarpur |
| 100 | Sarwan Singh Cheema, Comrade | C.P.I. (M) | Nurmahal | Jullundur |
| 101 | Sarwan Singh Dharamkot, Comrade | C.P.I. | Dharamkot (S.C.) | Ferozepur |
| 102 | Sarwan Singh Phillaur, Sardar .. | S.A.D. | Phillaur (S.C.) | Jullundur |
| 103 | Satwant Kaur Sandhu, Sardarni | S.A.D. | Chamkaur Sahib (S.C.) | Ropar |

*Original with;*
Punjab Vidhan Sabha
*Digitized by;*
Panjab Digital Library

| Serial No. | Name of Member | Party/Group affiliation | Constituency | District |
|---|---|---|---|---|
| 1 | 2 | 3 | 4 | 5 |
| 104 | Sewa Ram, Shri .. | Congress (I) | Amritsar (West) | Amritsar |
| 105 | Shamsher Singh, Sardar .. | Congress (I) | Khanna (S C.) | Ludhiana |
| 106 | Sohan Singh, Comrade .. | C.P.I. | Verka | Amritsar |
| 107 | Sukhdev Singh Dhindsa, Sardar .. | S.A.D. | Sangrur | Sangrur |
| 108 | Sukhjinder Singh Khaira. Sardar | S.A.D. | Bholath | Kapurthala |
| 109 | Surinder Kapur, Shri .. | Congress (I) | Bhatinda | Bhatinda |
| 110 | Surinder Singh Kairon, Sardar .. | Congress (I) | Naushehra Panuan | Amritsar |
| 111 | Surjit Singh Barnala, Sardar .. | S.A.D. | Barnala | Sangrur |
| 112 | Tara Singh Lyallpuri, Sardar .. | S.A.D. | Jandiala (S.C.) | Amritsar |
| 113 | Tej Singh, Sardar .. | S.A.D. | Bagha Purana | Faridkot |
| 114 | Ujagar Singh, Sardar .. | Congress (I) | Balluana (S.C.) | Ferozepur |
| 115 | Ujagar Singh Sekhwan, Jathedar | S.A.D. | Kahnuan | Gurdaspur |
| 116 | Venod Sharma, Shri .. | Congress (I) | Banur | Patiala |
| 117 | Yash, Shri .. | Congress (I) | Jullundur (Central) | Jullundur |

Original with;
Punjab Vidhan Sabha
Digitized by;
Panjab Digital Library

## Party-wise Break-up

| | Name of Party | | Strength |
|---|---|---|---|
| 1. | Congress (I) Party | .. | 63 |
| 2. | Shiromani Akali Dal | .. | 37 |
| 3. | C.P.I. | .. | 9 |
| 4. | C.P.I. (M) | .. | 5 |
| 5. | Bhartiya Janata Party | .. | 1 |
| 6. | Independents | .. | 2 |
| | Total | .. | 117 |

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Friday, the 27th June,* 1980

*The Vidhan Sabha met in the Punjab Vidhan Sabha Hall, Vidhan Bhavan, Sector* 1, *Chandigarh, at* 2-00 *p.m. of the clock. Mr. Acting Speaker (Sardar Gurdarshan Singh) in the Chair.*

---

## ANNOUNCEMENTS BY THE SECRETARY

ਸ਼੍ਰੀ ਸਕੱਤਰ: ਮੈਂ ਸਦਨ ਨੂੰ ਇਹ ਸੂਚਨਾਂ ਦੇਣੀ ਹੈ ਕਿ ਰਾਜਪਾਲ ਨੇ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 188 ਦੁਆਰਾ ਉਨਾਂ ਨੂੰ ਸੌਂਪੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸਰਦਾਰ ਗੁਰਦਰਸ਼ਨ ਸਿੰਘ, ਐਮ. ਐਲ. ਏ. ਨੂੰ ਇਕ ਅਜਿਹੇ ਵਿਅਕਤੀ ਵਜੋਂ ਨਿਯੁਕਤ ਕੀਤਾ ਹੈ ਜਿਸ ਦੇ ਸਾਹਮਣੇ ਅੱਠਵੀਂ ਪੰਜਾਬ ਵਿਧਾਨ ਸਭਾ ਦਾ/ਦੀ ਹਰ ਇਕ ਮੈਂਬਰ, ਆਪਣੀ ਥਾਂ ਲੈਣ ਤੋਂ ਪਹਿਲਾਂ ਨਿਰਧਾਰਤ ਸਹੁੰ ਚੁੱਕੇਗਾ/ਚੁੱਕੇਗੀ ਜਾਂ ਪ੍ਰਤਿਗਿਆ ਕਰੇਗਾ/ਕਰੇਗੀ।

ਮੈਂ ਸਦਨ ਨੂੰ ਇਹ ਵੀ ਸੂਚਨਾ ਦੇਣੀ ਹੈ ਕਿ ਰਾਜਪਾਲ ਨੇ ਭਾਰਤ ਦੇ ਸਵਿੰਧਾਨ ਦੇ ਅਨੁਛੇਦ 180(1) ਦੁਆਰਾ ਉਨਾਂ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸਰਦਾਰ ਗੁਰਦਰਸ਼ਨ ਸਿੰਘ, ਐਮ. ਐਲ. ਏ. ਨੂੰ ਅੱਠਵੀਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਦੇ ਅਹੁਦੇ ਦੇ ਉਦੋਂ ਤੱਕ ਫਰਜ਼ ਨਿਭਾਉਣ ਲਈ ਨਿਯੁਕਤ ਕੀਤਾ ਹੈ ਜਦੋਂ ਤੱਕ ਅਨੁਛੇਦ 174 ਅਧੀਨ ਸਪੀਕਰ ਦੀ ਚੋਣ ਨਹੀਂ ਹੋ ਜਾਂਦੀ।

(ਇਸ ਸਮੇਂ ਸਰਦਾਰ ਗੁਰਦਰਸ਼ਨ ਸਿੰਘ, ਐਮ. ਐਲ. ਏ., ਨੇ ਤਾੜੀਆਂ ਦੀ ਗੂੰਜ ਵਿਚਕਾਰ ਪਰਧਾਨਗੀ ਦੀ ਕੁਰਸੀ ਸੰਭਾਲੀ)

## OATH OR AFFIRMATION BY MEMBERS

**Mr. Acting Speaker :** Now the Members will make and subscribe the oath/affirmation under Atrticle 188 of the Constitution of India.

The following is the order in which the hon'ble Members will make and subscribe the oath or affirmation:—

Chief Minister
Cabinet Ministers
Lady Members
Members, district-wise in alphabetical order.

The following Ministers/Members made and subscribed the oath/ affirmation:—

| Sr. No. | Name of Member | Constituency |
|---|---|---|
| | **Chief Minister** | |
| 1 | Sardar Darbara Singh | .. Nakodar |
| | **Cabinet Ministers** | |
| 2 | Doctor Kewal Krishan | .. Mukerian |
| 3 | Sardar Santokh Singh Randhawa | .. Fatehgarh |

*Original with;*
Punjab Vidhan Sabha
*Digitized by;*
Panjab Digital Library

[Mr. Acting Speaker]

| Sr. No. | Name of Member | | Constituency |
|---|---|---|---|
| 4 | Chaudhri Kanshi Ram | .. | Fazilka |
| 5 | Shri Sardari Lal Kapoor | .. | Ludhiana North |
| 6 | Sardar Beant Singh | .. | Payal |
| 7 | Chaudhri Jagat Ram | .. | Banga (S.C.) |
| 8. | Sardar Harcharan Singh Ajnala | .. | Ajnala |
| | **Lady Members** | | |
| 9 | Sardarni Jasdev Kaur Sandhu | .. | Ghanaur |
| 10 | *Sardarni Rajinder Kaur | .. | Dhanaula |
| 11 | Shrimati Sajida Begum | .. | Malerkotla |
| 12 | Miss Sarla Prasher | .. | Nangal |
| 13 | Sardarni Satwant Kaur Sandhu | .. | Chamkaur Sahib (S.C.) |
| 14 | Sardarni Surjit Kaur Kalkat | .. | Tanda |
| | **Amritsar District** | | |
| 15 | Shri Brij Bhushan Mehra | .. | Amritsar North |
| 16 | Prof. Darbari Lal | .. | Amritsar Central |
| 17 | Comrade Darshan Singh Jhabal | .. | Attari (S.C.) |
| 18 | Sardar Iqbal Singh | .. | Raja Sansi |
| 19 | Jathedar Jiwan Singh Umranangal | .. | Beas |
| 20 | Sardar Lakha Singh | .. | Khadoor Sahib (S.C.) |
| 21 | Sardar Major Singh Uboke | | Valtoha |
| 22 | Jathedar Naranjan Singh Patti | .. | Patti |
| 23 | Sardar Parkash Singh Majitha | .. | Majitha |
| 24 | Saradar Prithipal Singh | .. | Amritsar South |
| 25 | Sardar Prem Singh Lalpura | .. | Tarn Taran |
| 26 | Shri Sewa Ram | .. | Amritsar West |
| 27 | Comrade Sohan Singh | .. | Verka (S.C.) |
| 28 | Sardar Surinder Singh Kairon | .. | Naushera Panuan |
| 29 | Sardar Tara Singh Layallpuri | .. | Jandiala (S.C.) |
| | **Bhatinda District** | | |
| 30 | Sardar Avtar Singh Gatwali | .. | Talwandi Sabo |
| 31 | Master Babu Singh | .. | Rampura Phul |
| 32 | Sardar Baldev Singh Khiala | .. | Joga |
| 33 | Sardar Balwinder Singh Bhunder | .. | Sardulgarh |
| 34 | Doctor Bhagat Singh | .. | Pakka Kalan (S.C.) |
| 35 | Comrade Buta Singh | .. | Mansa |
| 36 | Sardar Gulzar Singh | .. | Nathana (S.C.) |
| 37 | Sardar Parshotam Singh | .. | Budhlada |
| 38 | Shri Surinder Kapur | .. | Bhatinda |
| | **Faridkot District** | | |
| 39 | Shri Bhagwan Das | .. | Kot Kapura |
| 40 | **Sardar Gurdev Singh Badal | .. | Panjgrain (S.C.) |
| 41 | Sardar Harchand Singh Brar | .. | Muktsar |
| 42 | Sadar Hardipinder Singh | .. | Lambi |
| 43 | Sardar Jasmat Singh Dhillon | .. | Faridkot |
| 44 | Chaudhri Matu Ram | .. | Malout (S.C.) |

*The Member made and subscribed the oath at the end because of her coming late in the House.

**The Member made and subscribed the oath at the end because of his coming late in the House.

Original with;
Punjab Vidhan Sabha
Digitized by;
Panjab Digital Library

| Sr. No. | Name of Member | Constituency |
|---|---|---|
| 45 | Sardar Nachhattar Singh Gill | .. Moga |
| 46 | Sardar Parkash Singh Badal | .. Gidderbaha |
| 47 | Comrade Saghar Singh | .. Nihalsinghwala (S.C.) |
| 48 | Sardar Tej Singh | .. Bagha Purana |
| | **Ferozepur District** | |
| 49 | Shri Balmukand Sharma | .. Ferozepur |
| 50 | Sardar Gurnaib Singh Brar | .. Ferozepur Cantt. |
| 51 | Sardar Harcharan Singh Hero | .. Zira |
| 52 | Seth Khushhal Chand | .. Guru Harsahai |
| 53 | Shri Manga Singh | .. Jalalabad |
| 54 | Chaudhri Sajjan Kumar Jakhar | .. Abohar |
| 55 | Comrade Sarwan Singh | .. Dharamkot (S.C.) |
| 56 | Sardar Ujagar Singh | Balluana (S.C.) |
| | **Gurdaspur District** | |
| 57 | Shri Amar Nath | .. Narot Mehra (S.C.) |
| 58 | Shri Chaman Lal | .. Sujanpur |
| 59 | Shri Gopal Krishan Chatrath | .. Batala |
| 60 | Shri Jai Muni | .. Dinanagar (S.C.) |
| 61 | Sardar Mohinder Singh Sarupwali | .. Qadian |
| 62 | Sardar Natha Singh Dalam | .. Srihargobindpur |
| 63 | Comrade Raj Kumar | .. Dhariwal |
| 64 | Shri Ram Swaroop Baghi | .. Pathankot |
| 65 | Shri Rattan Lal | .. Gurdaspur |
| 66 | Jathedar Ujagar Singh Sekhwan | .. Kahnuan |
| | **Hoshiarpur District** | |
| 67 | Master Dalip Chand | .. Balachaur |
| 68 | Sardar Gurbachan Singh Cheema | .. Dasuya |
| 69 | Shri Hari Mittar Hans | .. Shamchaurasi (S.C.) |
| 70 | Shri Joginder Nath | .. Garhdiwala (S.C.) |
| 71 | Vaid Kartar Singh | .. Mahilpur (S.C.) |
| 72 | Master Kundan Singh | .. Hoshiarpur |
| 73 | Pandit Sarwan Ram | .. Garhshankar |
| | **Jullundur District** | |
| 74 | Sardar Balwant Singh | .. Lohian |
| 75 | Sardar Dilbagh Singh | .. Nawanshahr |
| 76 | Sardar Darshan Singh K.P. | .. Jullundur South (S.C.) |
| 77 | Shri Gurdial Saini | .. Jullundur North |
| 78 | Chaudhri Jagjit Singh | .. Kartarpur (S.C.) |
| 79 | Comrade Kulwant Singh | .. Adampur |
| 80 | Shri Ram Lal Chitti | .. Jullundur Cantonment |
| 81 | Sardar Sarwan Singh | .. Phillaur (S.C.) |
| 82 | Comrade Sarwan Singh Cheema | .. Nur Mahal |
| 83 | Shri Yash | .. Jullundur Central |
| | **Kapurthala District** | |
| 84 | Sardar Atma Singh | .. Sultanpur |
| 85 | Shri Piara Ram Dhanowalia | .. Phagwara (S.C.) |
| 86 | Sardar Raghbir Singh | .. Kapurthala |
| 87 | Sardar Sukhjinder Singh Khaira | .. Bholath |

Original with;
Punjab Vidhan Sabha
Digitized by;
Panjab Digital Library

[Mr. Acting Speaker]

| Sr. No. | Name of Member | | Constituency |
|---|---|---|---|
| | **Ludhiana District** | | |
| 88 | Giani Arjan Singh Litt | .. | Quila Raipur |
| 89 | Sardar Basant Singh Khalsa | .. | Dakha (S.C.) |
| 90 | Sardar Bir Paul Singh | .. | Ludhiana Rural |
| 91 | Comrade Daya Singh | .. | Kum Kalan (S.C.) |
| 92 | Sardar Jagdev Singh Jassowal | .. | Raikot |
| 93 | Sardar Jagrup Singh | .. | Jagraon |
| 94 | Shri Joginder Pall Pandey | .. | Ludhiana West |
| 95 | Sardar Karam Singh Gill | .. | Samrala |
| 96 | Shri Om Parkash Gupta | .. | Ludhiana East |
| 97 | Sardar Shamsher Singh | .. | Khanna (S.C.) |
| | **Patiala District** | | |
| 98 | Comrade Baldev Singh Loomba | .. | Shutrana (S.C.) |
| 99 | Prof. Balwant Singh | .. | Rajpura |
| 100 | Sardar Birdevinder Singh | .. | Sirhind |
| 101 | Shri Brahm Mohindra | .. | Patiala Town |
| 102 | Sardar Dalip Singh Pandhi | .. | Amloh (S.C.) |
| 103 | Sardar Lal Singh | .. | Dakala |
| 104 | Shri Sant Ram Singla | .. | Samana |
| 105 | Shri Vinod Sharma | .. | Banur |
| | **Ropar District** | | |
| 106 | Sardar Basant Singh | .. | Anandpur Sahib-Ropar |
| 107 | Sardar Jagat Singh | .. | Kharar |
| 108 | Sardar Ravi Inder Singh | .. | Morinda |
| | **Sangrur District** | | |
| 109 | Comrade Amar Singh | .. | Lehra |
| 110 | Sardar Baldev Singh Mann | .. | Dirbha |
| 111 | Master Chand Singh | .. | Sherpur (S.C.) |
| 112 | Jathedar Gurbachan Singh Lakhmirwala | .. | Sunam |
| 113 | Giani Kundan Singh Patang | .. | Bhadaur (S.C.) |
| 114 | Sardar Sant Singh | .. | Dhuri |
| 115 | Sardar Sukhdev Singh Dhindsa | .. | Sangrur |
| 116 | Sardar Surjit Singh Barnala | .. | Barnala |

**Mr. Acting Speaker :** The House stands adjorned till 2·00 p. m. on Tuesday, the 1st July, 1980.

3·29 P.M. | *(The Sabha then adjourned till* 2·00 *P.M. on Tuesday, the* 1*st July*, 1980).

42944PVS—Govt. Press, Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©1980

Published under the authority of the Punjab Vidhan Sabha and printed by the Controller Government Press, Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*1st July, 1980*

Vol. I--No. 2

OFFICIAL REPORT

## CONTENTS

*Tuesday, the 1st July,* 1980


| | | Page |
|---|---|---|
| Election of Speaker | .. | (2)1 |
| Walk-out | .. | (2)3 |
| Election of Speaker (*Resumption*) | .. | (2)3 |
| Congratulatory Speeches | .. | (2)3 |
| Announcement by the Speaker | .. | (2)8 |



Punjab Vidhan Sabha Secretariat, Chandigarh

Price ; Rs. Price Rs. 3.25 Paise



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Tuesday, the 1st, July,* 1980

*The Vidhan Sabha met in the Punjab Vidhan Sabha Hall, Vidhan Bhavan, Chandigarh, at* 2.00 *P.M. of the Clock. Mr. Acting Speaker (Sardar Gurdarshan Singh) in the Chair.*

ELECTION OF SPEAKER

**Chief Minister (Sardar Darbara Singh)** ; Sir, I beg to move (Interruption).

**Mr. Acting Speaker** : Please sit down. Now the House will proceed to elect the Speaker.

**Chief Minister (Sardar Darbara Singh)** : Sir, I beg to move—

That Shri Brij Bhushan Mehra, member of the Punjab Vidhan Sabha, who is present in the House, do take the Chair as Speaker of the Punjab Vidhan Sabha.

(At this stage Sardar Parkash Singh Badal was also speaking which was not audible).**

ਸ੍ਰੀ ਯਸ਼ : ਹਾਊਸ ਦੇ ਲੀਡਰ ਨੇ ਜੋ ਤਜਵੀਜ਼ ਰਖੀ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ।

**Mr. Acting Speaker** : Motion moved—

That Shri Brij Bhushan Mehra, member of the Punjab Vidhan Sabha, who is present in the House, do take the Chair as Speaker of the Punjab Vidhan Sabha. *(Interruption)*

Is there any other proposal ?

**Sardar Parkash Singh Badal** : I have already moved my motion. That should be put first.

**Mr. Acting Speaker** : Sardar Darbara Singh was on his legs when I asked him to sit down. Thereafter he moved his motion first.

**Sardar Surjit Singh Barnala** : This is wrong method that you are adopting. Sardar Parkash Singh Badal was standing when you were just entering the House (Interruption, noise).

**Mr. Acting Speaker** : I have given my ruling. Sardar Darbra Singh was standing. He was moving the motion when I asked him to sit down. You can move a motion now. I am giving you a chance to move the motion.

**Sardar Surjit Singh Barnala** : No, Sir Sardar Parkash Singh Badal was standing. Till then you had not called anybody.

**Mr. Acting Speaker** : You please sit down. You have also a right to move the motion. It is upto you, if you do not want to move the motion. (interruption).

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**Sardar Surjit Singh Barnala** : It is not like that. It is the right of every member to propose any name. Sardar Parkash Singh Badal was the first man to propose the name.

(*Voices ; No, no*)

**Mr. Acting Speaker** : I saw Sardar Darbara Singh standing. I had asked him to sit down (interruption).

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਜਦੋਂ ਤੁਸੀਂ ਹਾਊਸ ਵਿਚ ਐਂਟਰ ਹੋਏ ਉਦੋਂ ਮੈਂ ਇਨ੍ਹਾਂ ਤੋਂ ਪਹਿਲਾਂ ਪੜ੍ਹਨਾ ਸ਼ੁਰੂ ਕੀਤਾ ਅਤੇ ਪੜ੍ਹ ਕੇ ਖਤਮ ਕਰ ਦਿੱਤਾ।

(ਇਸ ਸਮੇਂ ਟਰੈਜ਼ਰੀ ਬੈਂਚਾਂ ਵੱਲੋਂ ਨੋ, ਨੋ ਦੀਆਂ ਆਵਾਜ਼ਾਂ ਆ ਰਹੀਆਂ ਸਨ)

**Mr. Acting Speaker** : You can move a motion now if you like.

**Sardar Parkash Singh Badal**: I have taken the first chance to move my motion.

**Sardar Surjit Singh Barnala** : He was the first to move.

**Mr. Acting Speaker** : I have given my ruling on that. I have asked Sardar Parkash Singh Badal to move the motion, if he so likes.

**Sardar Surjit Singh Barnala** : No question of now moving the motion (Interruption).

**Mr. Acting Speaker** : I am giving you a chance if you want to move the motion.

**ਸਰਦਾਰ ਬਲਵੰਤ ਸਿੰਘ** : ਸਰ, ਰੂਲ 8(2) ਜਿਹੜਾ ਹੈ ਉਹ ਬੜਾ ਕਲੀਅਰ ਹੈ। ਜਦੋਂ ਜਿਹੜਾ ਕੋਈ ਫਸਟ ਮੈਂਬਰ ਉਠ ਕੇ ਬੋਲੇ ਉਹ ਹੀ ਪਹਿਲਾਂ ਰਖਿਆ ਜਾਂਦਾ ਹੈ।

Rule 8(2) of the Rules of Procedure and Conduct of Business clearly says :

> "Any member may propose another member then present in the House...."

when you came, Sardar Parkash Singh Badal rose up.

**Mr. Acting Speaker** : I have given my ruling. Every member has right. I am not disputing this point. ਸਰਦਾਰ ਬਲਵੰਤ ਸਿੰਘ ਜੀ, ਜਦੋਂ ਮੈਂ ਹਾਊਸ ਵਿਚ ਆਇਆ ਤਾਂ ਸਰਦਾਰ ਦਰਬਾਰਾ ਸਿੰਘ ਜੀ ਹਾਊਸ ਵਿਚ ਖੜੇ ਹੋਏ ਸੀ (ਸ਼ੋਰ) (ਵਿਘਨ) ਮੈਂ ਉਨ੍ਹਾਂ ਨੂੰ ਮੋਸ਼ਨ ਪੜ੍ਹਨ ਲਈ ਇਜਾਜ਼ਤ ਦਿੱਤੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਵੀ ਮੋਸ਼ਨ ਪੜ੍ਹੋ ਜੇ ਕੋਈ ਪੜ੍ਹਨਾ ਚਾਹੁੰਦੇ ਹੋ: (ਵਿਘਨ)

**Sardar Balwant Singh** : Sardar Parkash Singh Badal has already moved the motion.

**Mr. Acting Speaker** : I am giving you the last chance to move the motion.

**Sardar Parkash Singh Badal** : I have already moved.

**Mr. Acting Speaker** : I have not heard it. It has not been recorded. Whatever has been said without my permission should not be recorded.

Original with;
Punjab Vidhan Sabha
Digitized by;
Panjab Digital Library

**Sardar Parkash Singh Badal** : I have already moved.

**Mr. Acting Speaker** : Since no other proposal has been put forward by any hon. member, I declare Shri Brij Bhushan Mehra elected as Speaker of the Punjab Vidhan Sabha and I call upon him to take the Chair (Thumping).

---

## WALK-OUT

(At this stage all the hon. members of Shiromani Akali Dal and C.P.I.(M) present in the House and lone member of Bhartiya Janata Party staged a walk out).

---

## ELECTION OF SPEAKER (*Resumption*)

(The Chief Minister conducted Shri Brij Bhushan Mehra to the Chair of the Speaker) (Thumping).

---

## CONGRATULATORY SPEECHES

**ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ)** : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੋਈ ਹੈ ਕਿ ਤੁਸੀਂ ਇਸ ਮੁਮਤਾਜ਼ ਕੁਰਸੀ ਤੇ ਆ ਕੇ ਬੈਠੇ ਹੋ । ਇਹ ਜਗ੍ਹਾ ਬਹੁਤ ਆਲਾ ਸ਼ਖਸੀਅਤ ਨੂੰ ਮਿਲਦੀ ਰਹੀ ਹੈ । ਇਹ ਜਗ੍ਹਾ ਐਸੀ ਹੈ ਜਿਸ ਤੇ ਤੁਸੀਂ ਜਦੋਂ ਹਾਊਸ ਦੇ ਅੰਦਰ ਆਉਂਦੇ ਹੋ ਤਾਂ ਸਾਰੇ ਮੈਂਬਰ ਸਾਹਿਬਾਨ ਭਾਵੇਂ ਉਹ ਕਿਸੇ ਪੱਖ ਦੇ ਵੀ ਕਿਉਂ ਨਾ ਹੋਣ ਉਨ੍ਹਾਂ ਦੀ ਗੱਲ ਨੂੰ ਸੁਣਨਾ, ਆਪਣਾ ਤਵਾਜ਼ਨ ਔਰ ਬੈਲੈਂਸ ਰਖਕੇ ਸਾਰੀਆ ਗਲਾਂ ਨੂੰ ਸੁਣ ਕੇ ਉਸ ਤੇ ਰੂਲਿੰਗ ਦੇਣਾ, ਤੁਹਾਡਾ ਸਾਰਿਆਂ ਨਾਲ ਇੱਕੋ ਜਿਹਾ ਵਰਤਾਓ ਕਰਨਾ, ਇਹੋ ਜਿਹਾ ਹੀ ਕੰਮ ਇਥੇ ਆਉਂਦਾ ਹੈ ਔਰ ਮੈਨੂੰ ਪੂਰੀ ਆਸ ਹੈ ਕਿ ਤੁਸੀਂ ਇਸ ਪਾਸੇ ਵਲ ਧਿਆਨ ਰਖੋਗੇ ਭਾਵੇਂ ਤੁਸੀਂ ਕਾਂਗਰਸ ਵਿਚ ਬਹੁਤ ਵਡੀ ਸ਼ਖਸੀਅਤ ਹੋ ਔਰ ਤੁਸੀਂ ਇਸ ਮੈਦਾਨ ਵਿਚ ਕਾਫੀ ਚਿਰ ਤੋਂ ਹੋ ਪਰ ਫਿਰ ਵੀ ਤੁਸੀਂ ਇਹ ਕੁਰਸੀ ਸੰਭਾਲੀ ਹੈ ਅਤੇ ਆਸ ਹੈ ਕਿ ਤੁਸੀਂ ਆਪਣੀ ਰਖਿਆ ਕਰਨੀ ਹੈ । ਤੁਸੀਂ ਹਾਊਸ ਦੇ ਅਧਿਕਾਰਾਂ ਦੀ ਰਖਿਆ ਕਰਨੀ ਹੈ, ਇਸ ਦੀ ਪਾਲਣਾ ਕਰਨੀ ਹੈ । ਮੈਨੂੰ ਇਸ ਵਿਚ ਸ਼ੱਕ ਨਹੀਂ ਕਿ ਤੁਸੀਂ ਆਪ ਇਤਨੇ ਪੜ੍ਹੇ ਲਿਖੇ ਹੋ, ਤੁਸੀਂ 1953 ਵਿਚ ਕਾਂਗਰਸ ਜੁਆਇਨ ਕੀਤੀ, ਅਤੇ ਤੁਸੀਂ 1934 ਵਿਚ ਗਰੈਜੂਏਟ ਬਣੇ ਅਤੇ ਬੀ.ਐਸ.ਸੀ. ਪਾਸ ਕੀਤੀ । ਸਾਰੇ ਪੰਜਾਬ ਵਿਚ ਤੁਸੀ ਚੰਗੇ ਕਾਮੇ ਗਿਣੇ ਜਾਂਦੇ ਹੋ । ਅੰਮ੍ਰਿਤਸਰ ਸ਼ਹਿਰ ਜੋ ਕਿ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਹੈ ਉਸ ਦੀ ਮਿਉਂਸਪਲ ਕਮੇਟੀ ਦੇ ਤੁਸੀਂ ਮੈਂਬਰ ਰਹੇ ਹੋ ਅਤੇ ਹੁਣ ਵੀ ਉਸ ਦੇ ਸੀਨੀਅਰ ਵਾਇਸ ਪ੍ਰੈਜ਼ੀਡੈਂਟ ਹੋ । ਇਹ ਤੁਹਾਨੂੰ ਮਾਣ ਪ੍ਰਾਪਤ ਹੈ, ਇਹ ਸਾਡੀ ਜਮਾਤ ਨੂੰ ਮਾਣ ਹੈ ਅਤੇ ਇਸ ਸਰਕਾਰ ਨੂੰ ਇਸ ਦਾ ਮਾਣ ਹੈ । ਹੁਣ ਤੁਸੀਂ ਸਪੀਕਰ ਬਣ ਗਏ ਹੋ, ਇਸ ਲਈ ਹੁਣ ਤੁਸੀਂ ਸਾਰਿਆਂ ਦਾ ਧਿਆਨ ਰਖਣਾ ਹੈ । ਮੈਨੂੰ ਇਸ ਵਿਚ ਸ਼ੱਕ ਨਹੀਂ ਕਿ ਤੁਹਾਡੀਆਂ ਸਰਵਿਸਿਜ਼ ਬਹੁਤ ਹਨ, ਤੁਹਾਨੂੰ ਐਕਸਪੀਰੀਐਂਸ ਕਾਫੀ ਹੈ, ਤੁਹਾਡੇ ਵਿਚ ਮੈਚਿਉਰਿਟੀ ਕਾਫੀ ਹੈ ਅਤੇ ਤੁਸੀਂ ਬੜੇ ਕੰਮ ਕੀਤੇ ਹਨ ਐਡਮਨਿਸਟਰੇਟਿਵ ਤੌਰ ਤੇ ਭਾਵੇਂ ਕਿਸੇ ਵੀ ਵੱਡੇ ਤੋਂ ਵੱਡੇ ਜਾਂ ਛੋਟੇ ਤੋਂ ਛੋਟੇ ਥਾਂ ਦਾ ਕੰਮ ਹੋਵੇ । ਤੁਹਾਨੂੰ ਜੋ ਮਾਣ ਪ੍ਰਾਪਤ ਹੋਇਆ ਹੈ, ਤੁਸੀਂ ਆਪਣੀਆਂ ਡਿਊਟੀਆਂ ਪੂਰੀ ਤਰ੍ਹਾਂ ਨਿਭਾਓ । ਤੁਸੀਂ ਅੱਜ ਜਿਸ ਕੁਰਸੀ ਤੇ ਬਿਰਾਜਮਾਨ ਹੋਏ ਹੋ, ਇਹ ਜਗ੍ਹਾ ਇਤਨੀ ਉੱਚੀ ਹੈ ਕਿ ਇਸ ਤੇ ਵੱਡੇ ਵੱਡੇ ਨੇਤਾ ਜਿਸ ਤਰ੍ਹਾਂ ਸਰਦਾਰ ਗੁਰਦਿਆਲ ਸਿੰਘ ਢਿੱਲੋਂ ਜਿਹੇ ਬੜੇ ਸਿਆਣੇ ਨੇਤਾ ਬਿਰਾਜਮਾਨ ਰਹੇ ਹਨ, ਜੋ ਕਿ ਲੋਕ ਸਭਾ ਵਿਚ ਜਾ ਕੇ ਉਥੇ ਵੀ ਸਪੀਕਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਰਹੇ ਹਨ । (ਤਾੜੀਆਂ) ਕਾਂਗਰਸ ਦੇ ਨੇਤਾ ਡਾਕਟਰ ਸੱਤਪਾਲ ਵੀ ਇਸ ਕੁਰਸੀ ਤੇ ਬਿਰਾਜਮਾਨ ਰਹੇ ਸਨ । ਇਨ੍ਹਾਂ ਤੋਂ ਇਲਾਵਾ ਹੋਰ ਵੀ ਬੜੇ ਸਿਆਣੇ ਸੱਜਣ ਇਸ ਕੁਰਸੀ ਤੇ ਰਹੇ ਹਨ ਜਿਨ੍ਹਾਂ ਵਿਚ ਦੂਸਰੀਆਂ ਪਾਰਟੀਆਂ ਦੇ ਸੱਜਣ ਵੀ ਹਨ । ਪਰ, ਸਪੀਕਰ ਸਾਹਿਬ, ਤੁਹਾਡੀ ਚੋਣ ਵੇਲੇ ਆਪੋਜ਼ੀਸ਼ਨ ਵਿਚ ਬੈਠੇ ਸਾਥੀਆਂ ਨੇ ਜੋ ਕੁਝ ਕੀਤਾ ਹੈ ਉਹ ਠੀਕ ਨਹੀਂ ਕੀਤਾ । ਪਰ ਇਹ ਜਿਹੜੇ ਸੱਜਣ ਬੈਠੇ ਹਨ (ਸੀ. ਪੀ. ਆਈ. ਦੇ ਮੈਂਬਰਾਂ ਵੱਲ ਇਸ਼ਾਰਾ) ਇਨ੍ਹਾਂ ਨੇ ਬੜੀ ਸਿਆਣਪ ਦਾ ਸਬੂਤ ਦਿੱਤਾ ਹੈ । ਇਨ੍ਹਾਂ ਨੇ ਇਹ ਸਮਾਂ ਆਪੋਜ਼ੀਸ਼ਨ ਵਾਂਗ ਇਸ ਗੱਲ ਲਈ ਨਹੀਂ ਚੁਣਿਆਂ ਅਤੇ ਬਾਹਰ ਨਹੀਂ ਗਏ । ਇਹ ਜਿਹੜੇ ਸੱਜਣ ਬਾਹਿਰ ਗਏ ਹਨ, ਸਾਡਾ ਉਨ੍ਹਾਂ ਨਾਲ ਇਸ ਬਾਰੇ ਕੋਈ ਰੋਸ ਨਹੀਂ ਹੈ ਕਿਉਂਕਿ ਉਨ੍ਹਾਂ ਦਾ ਰੋਸ ਠੀਕ ਹੋ ਸਕਦਾ ਹੈ । ਅਸੀਂ ਤਾਂ ਉਨ੍ਹਾਂ ਨੂੰ ਅਜਿਹਾ ਕੋਈ ਮੌਕਾ ਨਹੀਂ ਦਿੱਤਾ । ਸਪੀਕਰ ਸਾਹਿਬ, ਤੁਹਾਡੇ ਦਿਲ ਵਿਚ ਕਿਸੇ ਲਈ ਕੋਈ ਜ਼ਿਆਦਤੀ ਦਾ ਚਿੰਨ੍ਹ ਨਹੀਂ ਹੈ । ਕੋਈ ਵਾਕ ਆਊਟ ਕਰਦਾ ਹੈ ਜਾਂ ਨਹੀਂ ਕਰਦਾ ਤੁਸੀਂ ਸਾਰਿਆਂ ਨਾਲ ਇਕੋ ਜਿਹਾ ਸਲੂਕ ਕਰਨਾ ਹੈ । ਮੈਂ ਬੈਠਣ ਤੋਂ ਪਹਿਲਾਂ, ਸਪੀਕਰ ਸਾਹਿਬ, ਤੁਹਾਨੂੰ ਫਿਰ ਦਿਲੋਂ ਵਧਾਈ ਪੇਸ਼ ਕਰਦਾ ਹਾਂ । (ਤਾੜੀਆਂ)

**ਕਾਮਰੇਡ ਰਾਜ ਕੁਮਾਰ (ਧਾਰੀਵਾਲ) :** ਸਪੀਕਰ ਸਾਹਿਬ, ਤੁਹਾਡੇ ਇਸ ਕੁਰਸੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਜੋ ਕੁਝ ਹੋਇਆਂ ਹੈ ਮੈਂ ਸਮਝਦਾ ਹਾਂ ਕਿ ਉਹ ਇਕ ਐਸਾ ਕੰਮ ਸੀ, ਜਿਹੜਾ ਅਵਾਇਡ ਕੀਤਾ ਜਾ ਸਕਦਾ ਸੀ । ਆਪੋਜ਼ੀਸ਼ਨ ਦੇ ਲੀਡਰ ਨੇ ਦੂਸਰਾ ਨਾਮ ਪਰੋਪੋਜ਼ ਕੀਤਾ ਸੀ ਔਰ ਇਹ ਵਾਜਬ ਹੁੰਦਾ ਕਿ ਜਿਸ ਦਿਨ ਅਸੀਂ ਪਹਿਲੀ ਵਾਰ ਇਥੇ ਬੈਠੇ ਸੀ ਉਸ ਤੋਂ ਦੂਸਰੇ ਦਿਨ ਉਸ ਨਾਮ ਨੂੰ ਕੰਸਿਡਰ ਕੀਤਾ ਜਾਂਦਾ ਅਤੇ ਜੋ ਪਰੋਸੀਜਰ ਸੀ ਉਸ ਦੇ ਮੁਤਾਬਕ ਚਲਿਆ ਜਾਂਦਾ । ਤੁਸੀਂ ਜਿਸ ਵਕਤ ਇਸ ਕੁਰਸੀ ਤੇ ਆਏ ਹੋ ਉਸ ਤੋਂ ਪਹਿਲਾਂ ਜੋ ਵਾਕਿਆ ਹੋਇਆ, ਉਹ ਠੀਕ ਨਹੀਂ ਹੋਇਆ । (ਵਿਘਨ) ਸਪੀਕਰ ਸਾਹਿਬ, ਸਾਰਾ ਮੁਲਕ ਅਤੇ ਪੰਜਾਬ ਐਮਰਜੈਂਸੀ ਦੇ ਉਸ ਝਟਕੇ ਦੇ ਥੱਲੇ ਅੱਜ ਵੀ ਹਲੂਣੇ ਲੈ ਰਿਹਾ ਹੈ । ਜਦੋਂ ਸਾਰੇ ਮੁਲਕ ਵਿਚ ਡੈਮੋਕਰੇਸੀ ਨੂੰ, ਜਮਹੂਰੀਅਤ ਨੂੰ ਬੜਾ ਤਕੜਾ ਜੋਖ ਪੁੱਜਿਆ ਸੀ । (ਵਿਘਨ)

**ਸ੍ਰੀ ਸਪੀਕਰ :** ਤੁਸੀਂ ਅੱਜ ਦੀਆਂ ਪਰੋਸੀਡਿੰਗਜ਼ ਤਕ ਹੀ ਸੀਮਤ ਰਹੋ ।

**ਕਾਮਰੇਡ ~~ਰਾਜ ਕੁਮਾਰ~~** ਧੀਮਾਨ ; ਉਸ ਵਕਤ ਜੋ ਹਾਲਾਤ ਪੈਦਾ ਹੋ ਗਏ ਸਨ ਅਤੇ ਜਮਹੂਰੀ ਕਦਰਾਂ ਨੂੰ ਜੋ ਕਿਆਸ ਪੁੱਜੀ ਹੈ, ਉਸ ਨੂੰ ਤੁਸੀਂ ਠੀਕ ਕਰਨ ਵਿਚ, ਇਸ ਹਾਊਸ ਦੇ ਮਾਣ ਨੂੰ ਉਚਾ ਰੱਖਣ ਵਿਚ ਅਤੇ ਸਾਡੇ ਸਾਂਝੇ ਇਤਬਾਰ ਦੇ ਮੁਰੱਤਬ ਹੋਣ ਦੇ ਨਾਤੇ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਰੋਕਣ ਵਿਚ ਆਪਣਾ ਪੂਰਾ ਹਿੱਸਾ ਪਾਵੋਗੇ । ਇਸ ਬਾਰੇ ਸਾਨੂੰ ਤੁਹਾਡੇ ਕੋਲੋਂ ਉਮੀਦ ਹੈ । ਸਪੀਕਰ ਸਾਹਿਬ, ਤੁਸੀਂ ਪਬਲਿਕ ਜੀਵਨ ਵਿਚ ਜੋ ਤਜਰਬਾ ਪ੍ਰਾਪਤ ਕੀਤਾ ਹੈ ਅਤੇ ਜੋ ਨਿੱਜੀ ਤੌਰ ਤੇ ਤੁਸੀਂ ਆਪਣੇ ਜੀਵਨ ਵਿਚ ਪ੍ਰਾਪਤੀਆਂ ਕੀਤੀਆਂ ਹਨ, ਇਨ੍ਹਾਂ ਚੀਜ਼ਾਂ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਜੋ ਵਿੱਤਕਰਾ ਪਿਛਲੇ ਸਾਲਾਂ ਵਿਚ ਆਪੋਜ਼ੀਸ਼ਨ ਨਾਲ ਹੁੰਦਾ ਰਿਹਾ ਹੈ, ਉਸ ਵਿੱਤਕਰੇ ਨੂੰ ਤੁਸੀਂ ਕੋਈ ਸਥਾਨ ਨਹੀਂ ਦਿਓਗੇ । ਅਸੀਂ ਇਹ ਸਮਝਦੇ ਹਾਂ ਕਿ ਇਸ ਕੁਰਸੀ ਉਤੇ ਇਕ ਕਰੋੜਪਤੀ ਦੇ ਬੈਠਣ ਨਾਲ, ਜੋ ਇਥੇ ਵਰਕਿੰਗ ਕਲਾਸ ਦੇ ਨੁਮਾਇੰਦੇ ਬੈਠੇ ਹਨ, ਇਨ੍ਹਾਂ ਦੀ ਤਰਫੋਂ ਜਦੋਂ ਇਸ ਮੁਲਕ ਦੀ ਸਰਮਾਏਦਾਰੀ ਸਿਸਟਮ ਦੇ ਵਿਰੁੱਧ ਲੋਕਾਂ ਨੂੰ ਹਲੂਣਾ ਦੇਣ ਵਾਸਤੇ ਜੋ ਉਦਮ ਹੋਣਗੇ, ਤੁਸੀਂ ਆਪਣੇ ਕਰੋੜਪਤੀਪੁਣੇ ਨੂੰ ਸਾਡੀ ਉਸ ਕੋਸ਼ਿਸ਼ ਦੇ ਰਸਤੇ ਵਿਚ ਨਹੀਂ ਆਉਣ ਦਿਉਗੇ । ਅਸੀਂ ਇਸ ਗੱਲ ਦੀ ਤੁਹਾਡੇ ਕੋਲੋਂ ਉਮੀਦ ਕਰਦੇ ਹਾਂ । (ਵਿਘਨ) ਮੈਂ ਇਸ ਉਮੀਦ ਦੇ ਨਾਲ ਫਿਰ ਤੁਹਾਨੂੰ ਤੁਹਾਡੇ ਇਸ ਅਹੁਦੇ ਉਤੇ ਬਿਰਾਜਮਾਨ ਹੋਣ

Original with;
Punjab Vidhan Sabha
Digitized by;
Panjab Digital Library

ਤੇ ਮੁਬਾਰਕਬਾਦ ਦਿੰਦਾ ਹਾਂ। (ਤਾੜੀਆਂ) ਮੈਂ ਉਮੀਦ ਕਰਦਾ ਹਾਂ ਕਿ ਮੈਂ ਜੋ ਕੁਝ ਕਿਹਾ ਹੈ, ਉਸ ਨੂੰ ਤੁਸੀਂ ਆਪਣੇ ਸਾਹਮਣੇ ਰੱਖ ਕੇ ਆਪਣੀ ਇਸ ਪੁਜ਼ੀਸ਼ਨ ਨੂੰ ਪੂਰੀ ਤਰ੍ਹਾਂ ਇਸਤੇਮਾਲ ਕਰੋਗੇ । ਨਾਲ ਹੀ ਇਹ ਵੀ ਕਹਾਂਗਾ ਕਿ ਇਹ ਜਿਹੜੇ ਸੱਜਣ ਤਾਕਤ ਵਿਚ ਆਏ ਹਨ ਉਹ ਵੀ ਸਮੇਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖ ਕੇ ਆਪਣੇ ਵਤੀਤੇ ਨੂੰ ਠੀਕ ਕਰਨ ਅਤੇ ਜੋ ਕੁਝ ਇਜਲਾਸ ਸ਼ੁਰੂ ਹੋਣ ਵੇਲੇ ਇਥੇ ਹੋਇਆ ਸੀ, ਉਸ ਤੇ ਕਾਬੂ ਪਾਇਆ ਜਾ ਸਕਦਾ ਸੀ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ) :** ਸਪੀਕਰ ਸਾਹਿਬ, ਮੈਂ ਤੁਹਾਨੂੰ ਅੱਜ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ। ਆਪ ਪੰਜਾਬ ਦੇ ਅਤੇ ਸੈਂਟਰ ਦੇ ਲੀਡਰਾਂ ਦੇ ਸਾਂਝੇ ਤੌਰ ਤੇ ਚੁਣੇ ਹੋਏ ਇਕ ਅਜਿਹੇ ਵਿਅਕਤੀ ਇਸ ਕੁਰਸੀ ਤੇ ਬੈਠੇ ਹੋ, ਜਿਸ ਦੇ ਬੈਠਿਆਂ ਇਸ ਕੁਰਸੀ ਦੀ ਹੋਰ ਸ਼ਾਨ ਉਚੀ ਹੁੰਦੀ ਹੈ । (ਤਾੜੀਆਂ) ਸਪੀਕਰ ਸਾਹਿਬ, ਪਤਾ ਨਹੀਂ ਕੁਝ ਸਾਥੀ ਜਿਨ੍ਹਾਂ ਨੂੰ ਆਪਣੀਆਂ 37 ਵੋਟਾਂ ਦਾ ਪਤਾ ਸੀ ਕਿ 37 ਵੋਟਾਂ ਹੀ ਪੈਣੀਆਂ ਹਨ ਅਤੇ ਹੋਰ ਨਹੀਂ ਪੈਣੀਆਂ ਹਨ, ਉਹ ਇਥੇ ਬੈਠਕੇ ਸੁਣ ਕਿਉਂ ਨਹੀਂ ਸਕੇ। ਉਨ੍ਹਾਂ ਦੇ ਲੀਡਰ ਨੇ ਕਿਸੇ ਦਾ ਨਾਮ ਬੋਲਿਆ ਜਿਸ ਦਾ ਪਤਾ ਨਹੀਂ ਲੱਗਾ । ਫਿਰ ਸਪੀਕਰ ਸਾਹਿਬ ਦੇ ਰਿਕੂਐਸਟ ਕਰਨ ਤੇ ਵੀ ਉਨ੍ਹਾਂ ਨੇ ਦੁਬਾਰਾ ਨਾਮ ਨਹੀਂ ਦੱਸਿਆ । ਪਤਾ ਨਹੀਂ ਲੱਗ ਸਕਿਆ ਕਿ ਉਹ ਕਿਸ ਦਾ ਨਾਮ ਪੇਸ਼ ਕਰਨਾ ਚਾਹੁੰਦੇ ਸਨ । ਸਪੀਕਰ ਸਾਹਿਬ, ਰਾਜ ਕੁਮਾਰ ਨੇ ਕਿਹਾ ਹੈ ਕਿ ਜੋ ਕੁਝ ਪਹਿਲਾਂ ਹੋਇਆ ਹੈ, ਉਸ ਨੂੰ ਹੋਣ ਤੋਂ ਰੋਕਿਆ ਜਾ ਸਕਦਾ ਸੀ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇ ਕੋਈ ਘਰ ਤੋਂ ਹੀ ਫੈਸਲਾ ਕਰਕੇ ਆਵੇ ਕਿ ਮੈਂ ਰੋਕ ਪਾਉਣੀ ਹੈ ਤਾਂ ਉਸ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ । ਆਪੋਜ਼ੀਸ਼ਨ ਵਿਚ ਬੜੇ ਜ਼ਿਮੇਵਾਰ ਵਿਅਕਤੀ ਹਨ ਜੇ ਉਹ ਚਾਹੁੰਦੇ ਤਾਂ ਇਸ ਮਾਹੌਲ ਨੂੰ ਸੁਖਾਵਾਂ ਰੱਖ ਸਕਦੇ ਸਨ, ਪਰ ਉਨ੍ਹਾਂ ਨੇ ਇਸ ਤਰ੍ਹਾਂ ਨਹੀਂ ਕੀਤਾ । ਮੈਂ ਫਿਰ ਅਪੀਲ ਕਰਾਂਗਾ ਕਿ ਅਸੀਂ ਪੰਜਾਬ ਨੂੰ ਅੱਗੇ ਲਿਜਾਣਾ ਹੈ ਅਤੇ ਪਿਛਲੇ ਤਿੰਨ ਸਾਲਾਂ ਵਿਚ ਕੀ ਕੁਝ ਹੋਇਆ ਹੈ, ਉਸ ਦਾ ਸਭ ਨੂੰ ਪਤਾ ਹੈ । ਪੰਜਾਬ ਵਿਚ ਕਿੰਨੇ ਭਾਂਬੜ ਮਚੇ ਹਨ, ਅੱਜ ਪੰਜਾਬ ਦੇ ਲੋਕਾਂ ਦੀ ਹਾਲਤ ਕੀ ਹੈ, ਕਿੰਨੀ ਧੱਕੇਸ਼ਾਹੀ ਹੁੰਦੀ ਰਹੀ ਹੈ । ਮੈਨੂੰ ਪਤਾ ਹੈ ਕਿ ਸਪੀਕਰ ਸਾਹਿਬ ਦੀ ਜ਼ਿਮੇਵਾਰੀ ਬਹੁਤ ਹੈ ਔਰ ਹੋਰ ਕੁਝ ਲੋਕੀਂ ਜੋ ਆਪਣੀਆਂ ਜ਼ਿਆਦਾ ਜ਼ਿਮੇਵਾਰੀਆਂ ਨੂੰ ਨਾ ਸਮਝ ਸਕਣ ਉਨ੍ਹਾਂ ਦੀ ਕਾਰਕਰਦਗੀ ਵਿਚ ਰੁਕਾਵਟ ਬਣਨਗੇ, ਉਨ੍ਹਾਂ ਨੂੰ ਇਹ ਵੀ ਬਰਦਾਸ਼ਤ ਕਰਨਾ ਹੈ । ਮੈਨੂੰ ਪਤਾ ਹੈ ਕਿ ਉਹ ਬੜੇ ਹੌਸਲੇ ਵਾਲੇ ਹਨ ਔਰ ਉਹ ਬਰਦਾਸ਼ਤ ਕਰਨਗੇ ਪਰ ਚੰਗਾ ਇਹੀ ਹੈ ਕਿ ਅਸੀਂ ਇਕ ਦੂਜੇ ਨੂੰ ਸੁਣਨ ਦਾ ਪੂਰਾ ਮੌਕਾ ਦੇਈਏ ਚਾਹੇ ਮੈਂਬਰ ਸਾਹਿਬ ਆਪੋਜ਼ੀਸ਼ਨ ਵਿਚ ਬੈਠੇ ਹਨ, ਚਾਹੇ ਇਥੇ ਇਧਰ ਬੈਠੇ ਹਨ ਇਮਾਨਦਾਰੀ ਨਾਲ ਨਵੇਂ ਪੰਜਾਬ ਬਣਾਉਣ ਵਿਚ ਸਹਾਈ ਹੋਵੀਏ । ਇਸ ਵਿਚ ਸਾਡਾ, ਸਾਡੀ ਪਾਰਟੀ ਦਾ ਅਤੇ ਸਾਡੇ ਪੰਜਾਬ ਦਾ ਬਹੁਤ ਫਾਇਦਾ ਹੋਵੇਗਾ ਤੇ ਤੁਹਾਡਾ ਵੀ ਨਾਮ ਉਚਾ ਹੋਵੇਗਾ । ਆਪੋਜ਼ੀਸ਼ਨ ਵਿਚ ਬੈਠੇ ਦੋਸਤਾਂ ਨੂੰ ਅਤੇ ਕਾਂਗਰਸ ਨੂੰ ਆਪਣੀ ਪਾਰਟੀ ਪੱਖ ਨੂੰ ਭੁਲਾਉਂਦਿਆਂ ਹੋਇਆਂ ਪੰਜਾਬ ਨੂੰ ਉਚਾ ਚੁੱਕਣ ਲਈ ਲੋਕਰਾਜੀ ਯਤਨ ਕਰਨੇ ਚਾਹੀਦੇ ਹਨ । ਸਾਡੇ ਨਵੇਂ ਸਪੀਕਰ ਸਾਹਿਬ ਜੋ ਬਣੇ ਹਨ ਉਨ੍ਹਾਂ ਨੂੰ ਮੈਂ ਜ਼ਾਤੀ ਤੌਰ ਤੇ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ। ਕਾਮਰੇਡ ਰਾਜ ਕੁਮਾਰ ਜੀ ਨੇ ਉਨ੍ਹਾਂ ਦੇ ਬਾਰੇ ਕਿਹਾ ਹੈ ਕਿ ਉਹ ਕਰੋੜਪਤੀ ਹਨ ਤੇ 49 ਲੱਖ ਰੁਪਿਆ ਸਾਲਾਨਾ ਇਨਕਮ ਟੈਕਸ ਦਿੰਦੇ ਹਨ, ਜਿਸ ਦੇ ਬਾਰੇ ਟ੍ਰਿਬਿਊਨ ਵਿਚ ਜ਼ਿਕਰ ਆਇਆ ਹੈ । ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਕੰਟਰਾਡਿਕਸ਼ਨ ਵੀ ਇਸ ਦੇ ਮੁਤੱਲਕ ਆ ਚੁਕੀ ਹੈ । ਇਨ੍ਹਾਂ ਸ਼ਬਦਾਂ ਨਾਲ ਸਪੀਕਰ ਸਾਹਿਬ, ਮੈਂ ਤੁਹਾਨੂੰ ਇਸ ਕੁਰਸੀ ਤੇ ਬਿਰਾਜਮਾਨ ਹੋਣ ਤੇ ਵਧਾਈ ਦਿੰਦਾ ਹਾਂ ਔਰ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਆਪਣੇ ਪੂਰੇ ਮਿਲਵਰਤਨ ਦੇ ਨਾਲ ਤੁਹਾਨੂੰ ਕੋਆਪਰੇਟ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]
ਕਰਾਂਗੇ ਤੇ ਤੁਹਾਡੇ ਆਦੇਸ਼ਾਂ ਨੂੰ ਮੰਨਾਂਗੇ। ਔਰ ਆਸ ਕਰਦਾ ਹਾਂ ਕਿ ਤੁਸੀਂ ਵੀ ਸਾਨੂੰ ਮੌਕਾ ਦਿਉਗੇ ਕਿ ਅਸੀਂ ਆਪਣੇ ਇਲਾਕੇ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਨੂੰ ਇਸ ਹਾਊਸ ਵਿਚ ਰਖ ਸਕੀਏ ਔਰ ਪੰਜਾਬ ਨੂੰ ਖੁਸ਼ਹਾਲ ਬਣਾਉਣ ਵਿਚ ਆਪਣਾ ਹਿੱਸਾ ਪਾ ਸਕੀਏ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਨੂੰ ਇਕ ਵਾਰੀ ਫਿਰ ਵਧਾਈ ਦਿੰਦਾ ਹਾਂ ।

**ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ)** : ਸਪੀਕਰ ਸਾਹਿਬ, ਮੈਂ ਤੁਹਾਨੂੰ ਆਪਣੇ ਆਜ਼ਾਦ ਮੈਂਬਰਾਂ ਦੀ ਜੋ ਪਾਰਟੀ ਹੈ, ਉਨ੍ਹਾਂ ਦੀ ਤਰਫੋਂ ਵਧਾਈ ਦਿੰਦਾ ਹਾਂ । (ਥੰਪਿੰਗ) ਵੈਸੇ ਤੁਹਾਡੇ ਮੁਤੱਲਕ ਪੰਜਾਬ ਦੇ ਹਰ ਤਬਕੇ ਵਿਚ ਤੁਹਾਡੀ ਇਮਾਨਦਾਰੀ ਤੇ ਇਨਸਾਫ-ਪਸੰਦੀ ਮਸ਼ਹੂਰ ਹੈ ਅਤੇ ਤੁਹਾਨੂੰ ਪੰਜਾਬ ਦੇ ਹਰ ਤਬਕੇ ਵਿਚ ਬੜੀ ਇਜ਼ਤ ਦੀ ਨਿਗਾਹ ਨਾਲ ਦੇਖਿਆ ਜਾਂਦਾ ਹੈ । ਅੱਜ ਇਸ ਉੱਚ ਪੱਦਵੀ ਤੇ ਬੈਠਣ ਤੇ ਮੈਂ ਤੁਹਾਨੂੰ ਆਪਣੀ ਪਾਰਟੀ ਵਲੋਂ ਵਧਾਈ ਦਿੰਦਾ ਹਾਂ ਅਤੇ ਨਾਲ ਹੀ ਬੇਨਤੀ ਕਰਾਂਗਾ ਕਿ ਅਸੀਂ ਘੱਟ ਗਿਣਤੀ ਵਿਚ ਆਏ ਮੈਂਬਰ ਹਾਂ ਪਰ ਅਸੀਂ ਕਿਸੇ ਪੋਲੀਟੀਕਲ ਪਾਰਟੀ ਦੀ ਟਿਕਟ ਤੇ ਲੜ ਕੇ ਨਹੀਂ ਆਏ ਅਸੀਂ ਪੰਜਾਬ ਦੀ ਜਨਤਾ ਦੀ ਸਹੀ ਤਰਜਮਾਨੀ ਕਰਦੇ ਹਾਂ । ਸਾਡੇ ਕੋਲ ਪੰਜਾਬ ਦੀ ਜਨਤਾ ਦੀ ਟਿਕਟ ਹੈ । ਅਸੀਂ ਉਨ੍ਹਾਂ ਦੀਆਂ ਹੀ ਗਲਾਂ ਇਥੇ ਹਾਊਸ ਵਿਚ ਕਰਨੀਆਂ ਹਨ । ਇਹ ਜੋ ਸਾਡੇ ਦੋਸਤ ਹਨ (ਦੂਸਰੀਆਂ ਪਾਰਟੀਆਂ ਵਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਨੇ ਆਪਣੀ ਪਾਰਟੀ ਦੇ ਪ੍ਰੋਗਰਾਮ ਹੀ ਜ਼ਿਆਦਾਤਰ ਦੱਸਣੇ ਹਨ ਲੇਕਿਨ ਅਸੀਂ ਪੰਜਾਬ ਦੇ ਲੋਕਾਂ ਦੀਆਂ ਤਕਲੀਫਾਂ ਤੁਹਾਡੇ ਸਾਹਮਣੇ ਰਖਣੀਆਂ ਹਨ । ਸੋ ਮੈਂ ਇਹ ਬੇਨਤੀ ਕਰਾਂਗਾ ਕਿ ਸਾਡੇ ਮੈਂਬਰ ਘੱਟ ਹਨ ਲੇਕਿਨ ਲੋਕ ਸਾਡੇ ਨਾਲ ਬਹੁਤ ਹਨ, ਇਸ ਲਈ ਸਾਨੂੰ ਜ਼ਿਆਦਾ ਸਮਾਂ ਦੇਣਾ ।(ਹਾਸਾ) ਇਹ ਕੋਈ ਹਾਸੇ ਵਾਲੀ ਗਲ ਨਹੀਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਮੇਰੇ ਸੱਜੇ ਹੱਥ ਜੋ ਮਾਨਯੋਗ ਮੈਂਬਰ ਬੈਠੇ ਹਨ, ਸਰਦਾਰ ਜਸਮਤ ਸਿੰਘ ਢਿੱਲੋਂ, ਇਹ ਕਾਂਗਰਸ ਪਾਰਟੀ ਦੇ ਉਮੀਦਵਾਰ ਨਾਲੋਂ 10 ਹਜ਼ਾਰ ਵੋਟਾਂ ਦੇ ਫਰਕ ਨਾਲ ਜਿੱਤ ਕੇ ਇਥੇ ਆਏ ਹਨ। ਕਾਂਗਰਸ ਦੇ ਤੇ ਇਨ੍ਹਾਂ ਅਕਾਲੀ ਪਾਰਟੀ ਦੀ ਜੋ ਸੱਤ ਮੈਂਬਰੀ ਕਮੇਟੀ ਬਣੀ ਹੈ ਉਨ੍ਹਾਂ ਦੇ ਮੈਂਬਰ ਸਰਦਾਰ ਜਸਵਿੰਦਰ ਸਿੰਘ ਬਰਾੜ ਸਾਬਕਾ ਅਕਾਲੀ ਮੰਤਰੀ, ਤੋਂ ਇਹ 6300 ਵੋਟਾਂ ਦੇ ਫਰਕ ਨਾਲ ਜਿੱਤ ਕੇ ਆਏ ਹਨ। ਮੈਂ ਇਨ੍ਹਾਂ ਦੇ ਕਾਂਗਰਸ (ਆਈ) ਪਾਰਟੀ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਰਾਣਾ ਮੋਤੀ ਸਿੰਘ, ਨੂੰ 22 ਹਜ਼ਾਰ ਦੇ ਫਰਕ ਨਾਲ ਜਿਤ ਕੇ ਆਇਆ ਹਾਂ । (ਥੰਪਿੰਗ) ਅਸੀਂ ਪੰਜਾਬ ਦੇ ਲੋਕਾਂ ਦੇ ਅਸਲੀ ਰਿਪ੍ਰੇਜ਼ੈਂਟੇਟਿਵ ਹਾਂ । ਪੰਜਾਬ ਵਿਚ 82 ਸੀਟਾਂ ਐਸੀਆਂ ਹਨ ਜੇ ਉਨ੍ਹਾਂ ਦੀ ਲੀਡ ਨੂੰ ਜਮ੍ਹਾਂ ਕਰ ਲਈਏ ਤਾਂ ਮੇਰੇ ਇਕੱਲੇ ਦੇ ਬਰਾਬਰ ਲੀਡ ਬਣਦੀ ਹੈ । ਇਹ ਜਨਤਾ ਦੇ ਕਿਵੇਂ ਦਾਅਵੇਦਾਰ ਬਣਦੇ ਹਨ ? ਇਸ ਲਈ, ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਸਾਨੂੰ ਹਾਊਸ ਦੀਆਂ ਕਮੇਟੀਆਂ ਵਿਚ ਵੀ ਅਤੇ ਇਥੇ ਵੀ ਪੂਰਾ ਟਾਈਮ ਦੇਣਾ ਤਾਂਕਿ ਅਸੀਂ ਲੋਕਾਂ ਦੀ ਸਹੀ ਤਰਜਮਾਨੀ ਕਰਕੇ ਆਪਣੀ ਸਰਕਾਰ ਤੇ ਉਨ੍ਹਾਂ ਲੋਕਾਂ ਦੇ ਚੰਗੇ ਕੰਮਾਂ ਲਈ ਜ਼ੋਰ ਪਾ ਸਕੀਏ । ਇਨ੍ਹਾਂ ਲਫਜ਼ਾਂ ਨਾਲ ਮੈਂ ਇਹ ਵੀ ਕਹਾਂਗਾ ਕਿ ਕਾਮਰੇਡ ਰਾਜ ਕੁਮਾਰ ਜੀ ਨੇ ਇਹ ਲਫਜ਼ ਕਹੇ ਸਨ ਕਿ ਅਸੀਂ ਵਰਕਿੰਗ ਕਲਾਸ ਨੂੰ ਰਿਪ੍ਰੇਜ਼ੈਂਟ ਕਰਦੇ ਹਾਂ ਲੇਕਿਨ ਅਸੀਂ ਜਿਹੜੇ ਇਥੇ ਆਜ਼ਾਦ ਮੈਂਬਰ ਬੈਠੇ ਹਾਂ ਅਸੀਂ ਵਰਕਿੰਗ ਕਲਾਸ ਨੂੰ ਵੀ, ਛੋਟੇ ਜ਼ਿਮੀਦਾਰ ਨੂੰ ਵੀ, ਹਰੀਜਨਾਂ ਨੂੰ ਵੀ, ਪੱਛੜੇ ਹੋਏ ਵਰਗ ਨੂੰ ਵੀ ਅਤੇ ਕਾਰਖਾਨੇਦਾਰ ਨੂੰ ਵੀ ਰਿਪ੍ਰੇਜ਼ੈਂਟ ਕਰਦੇ ਹਾਂ । ਸੋ ਇਸ ਵਾਸਤੇ ਸਾਡਾ ਹੱਕ ਬਣਦਾ ਹੈ ਕਿ ਅਸੀਂ ਸਾਰਿਆਂ ਦੀ ਨੁਮਾਇੰਦਗੀ ਕਰੀਏ । ਸਾਡੀ ਗਲ ਵਲ ਤੁਸੀਂ ਜ਼ਿਆਦਾ ਧਿਆਨ ਦੇਣਾ ਅਤੇ ਜ਼ਿਆਦਾ ਧਿਆਨ ਨਾਲ ਸੁਣਨਾ । (ਵਿਘਨ)

Original with;
Punjab Vidhan Sabha
Digitized by;
Panjab Digital Library

**ਇਕ ਅਵਾਜ਼ :** ਟਰਾਂਸਪੋਰਟਰ ਰਹਿ ਗਏ ਹਨ, ਉਨ੍ਹਾਂ ਦਾ ਵੀ ਕਹਿ ਦਿਓ ।

**ਸਰਦਾਰ ਦਿਲਬਾਰਾ ਸਿੰਘ :** ਮੇਰੇ ਦੋਸਤ ਨੇ ਕਿਹਾ ਹੈ ਕਿ ਟਰਾਂਸਪੋਰਟਰ ਰਹਿ ਗਏ ਹਨ । ਜੇ ਇਹ ਟਰਾਂਸਪੋਰਟਰਾਂ ਨੂੰ ਪੰਜਾਬ , ਵਿਚ ਨਹੀਂ ਗਿਣਦੇ ਤਾਂ ਮੈਂ ਉਨ੍ਹਾਂ ਦਾ ਵੀ ਨਾਮ ਲੈ ਦਿੰਦਾ ਹਾਂ । ਲੇਕਿਨ ਅਸੀਂ ਟਰਾਂਸਪੋਰਟਰ ਵੀ ਵਰਕਿੰਗ ਕਲਾਸ ਵਿਚ ਹਾਂ ਅਤੇ ਮੈਂ ਪੰਜਾਬ ਟਰੱਕ ਓਪਰੇਟਰਜ ਯੂਨੀਅਨ ਦਾ ਪ੍ਰਧਾਨ ਹਾਂ ਅਤੇ ਇਨ੍ਹਾਂ ਦੀਆਂ ਤਕਲੀਫਾਂ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ । (ਵਿਘਨ) ਸੋ ਮੈਂ ਆਖ਼ਿਰ ਵਿਚ ਤੁਹਾਨੂੰ ਫਿਰ ਵਧਾਈ ਦਿੰਦਾ ਹਾਂ ਔਰ ਆਸ ਕਰਦਾ ਹਾਂ ਕਿ ਤੁਸੀਂ ਸਾਨੂੰ ਪੂਰਾ ਇਨਸਾਫ਼ ਔਰ ਪੂਰਾ ਬੋਲਣ ਦਾ ਮੌਕਾ ਦੇਵੋਗੇ ।

**ਸ੍ਰੀ ਸਪੀਕਰ :** ਸਤਿਕਾਰਯੋਗ ਹਾਊਸ ਦੇ ਲੀਡਰ, ਸਰਦਾਰ ਦਰਬਾਰਾ ਸਿੰਘ ਜੀ, ਵਿਰੋਧੀ ਧਿਰ ਦੇ ਲੀਡਰ, ਸ਼ਰਦਾਰ ਪ੍ਰਕਾਸ਼ ਸਿੰਘ ਬਾਦਲ ਜੀ, ਜਿਹੜੇ ਕਿ ਇਥੇ ਨਹੀਂ ਹਨ ਮੈਨੂੰ ਅਫ਼ਸੋਸ ਹੈ ਕਿ ਉਹ ਇਥੋਂ ਚਲੇ ਗਏ ਹਨ, ਕਾਮਰੇਡ ਰਾਜਕੁਮਾਰ ਜੀ, ਕਮਿਊਨਿਸਟ ਪਾਰਟੀ ਦੇ ਲੀਡਰ, ਮਾਸਟਰ ਚੰਦ ਸਿੰਘ ਜੀ ਮਾਰਕਸਿਸਟ ਪਾਰਟੀ ਦੇ ਲੀਡਰ ਤੇ ਮੇਰੇ ਮਾਨਯੋਗ ਸੰਸਦ ਦੇ ਮੈਂਬਰੋ ਮੈਂ ਤੁਹਾਡਾ ਅਤੀ ਰਿਣੀ ਹਾਂ ਔਰ ਬੜਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਇਹ ਮਾਣ ਬਖਸ਼ਿਆ ਹੈ, ਇਹ ਇਜ਼ਤ ਬਖਸ਼ੀ ਹੈ ਇਸ ਕੁਰਸੀ ਤੇ ਬੈਠਾ ਕੇ । ਦੋਸਤੋ ਤੇ ਭਰਾਵੋ, ਇਕ ਗਲ ਦਾ ਯਕੀਨ ਕਰਨਾ ਕਿ ਮੈਂ ਇਸ ਹਾਊਸ ਦੀ ਮਾਣ, ਮਰਿਆਦਾ, ਇਜ਼ਤ ਤੇ ਮੈਂਬਰਾਂ ਦੇ ਹੱਕਾਂ ਦਾ ਤਹੱਫਜ਼ ਆਪਣੀ ਪੂਰੀ ਕੋਸ਼ਿਸ਼ ਨਾਲ ਕਰਾਂਗਾ । ਇਸ ਗੱਲ ਦੀ ਵੀ ਮੈਂ ਆਸ ਕਰਦਾ ਹਾਂ ਕਿ ਇਸ ਕੋਸ਼ਿਸ਼ ਵਿਚ ਮੈਨੂੰ ਤੁਹਾਡਾ ਖੁਲ੍ਹਾ ਤੇ ਪੂਰਾ ਸਹਿਯੋਗ ਮਿਲੇਗਾ, ਜਿਸ ਗੱਲ ਦਾ ਮੈਨੂੰ ਯਕੀਨ ਵੀ ਹੈ । ਇਹ ਫਖਰ ਦੀ ਗੱਲ ਹੈ ਕਿ ਇਸ ਵਿਧਾਨ ਸਭਾ ਦੇ ਮੈਂਬਰ ਉੱਘੇ ਵਕੀਲ, ਚੰਗੇ ਡਾਕਟਰ ਤੇ ਵਿਸ਼ੇਸ਼ ਰਾਜਨੀਤਕ ਲੀਡਰ ਆਏ ਹਨ, ਜਿਹੜੇ ਪੰਜਾਬ ਦੀ ਇਨਟੇਲੈਕਚੂਅਲ ਪੱਖ ਦੀ ਪ੍ਰਤੀਨਿਧਤਾ ਕਰਦੇ ਹਨ । ਇਨ੍ਹਾਂ ਸਾਰਿਆਂ ਦੀ ਸੂਝ ਤੇ ਯੋਗਤਾ ਦੇ ਨਾਲ ਅਸੀਂ ਪੰਜਾਬ ਦਾ ਹੋਰ ਭਲਾ ਕਰ ਸਕੀਏ, ਪੰਜਾਬ ਦੀ ਡਿਵੈਲਪਮੈਂਟ ਹੋਰ ਕਰ ਸਕੀਏ ਤੇ ਪੰਜਾਬ ਨੂੰ ਤਰੱਕੀ ਦੇ ਰਸਤੇ ਤੇ ਹੋਰ ਲੈ ਜਾ ਸਕੀਏ, ਕਿਉਂਕਿ ਆਪ ਵੱਲੋਂ ਉਹ ਭਲੇ ਦੇ ਕੀਤੇ ਕੰਮ ਵਿਚ ਪੰਜਾਬ ਦੇ ਖੇਤਾਂ ਵਿਚ ਕੰਮ ਕਰਦੇ ਮਜ਼ਦੂਰਾਂ ਦਾ ਭਲਾ ਹੈ, ਉਸ ਕਾਮੇ ਦਾ ਭਲਾ ਜੋ ਜਿਹੜਾ ਫੈਕਟਰੀਆਂ ਵਿਚ ਕੰਮ ਕਰਦਾ ਹੈ ਅਤੇ ਪੰਜਾਬ ਦੇ ਆਵਾਮ ਦਾ ਭਲਾ ਹੈ । ਇਕ ਗਲ ਕਾਮਰੇਡ ਰਾਜ ਕੁਮਾਰ ਜੀ ਨੇ ਕਹੀ ਹੈ, ਮੈਂ ਉਨ੍ਹਾਂ ਨੂੰ ਇਹ ਦੱਸ ਦਿੰਦਾ ਹਾਂ ਕਿ ਕਾਮਰੇਡ ਰਾਜ ਕੁਮਾਰ ਜੀ ਦੀ ਆਪਣੀ ਸਿਆਸੀ ਜ਼ਿੰਦਗੀ ਕਾਮਰੇਡਾਂ ਵਿਚ ਗੁਜ਼ਰੀ ਹੈ । ਕੀ ਕਿਸੇ ਦਾ ਪਿਛੋਕੜ ਹੈ; ਉਹ ਭੁਲ ਜਾਓ ਵਰਤਮਾਨ ਦੇਖੋ ਔਰ ਮੈਂ ਇਹ ਵੀ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦਾ ਸਭ ਤੋਂ ਪੱਛੜਿਆ ਹੋਇਆ ਜਿਹੜਾ ਹਰੀਜਨ ਵਰਗ ਹੈ, ਮੈਂ ਉਨ੍ਹਾਂ ਦੀ ਪੂਰੀ ਕਦਰ ਕਰਦਾ ਹਾਂ ਅਤੇ ਉਹ ਮੇਰੇ ਸਭ ਤੋਂ ਵੱਡੇ ਉਪਾਸ਼ਕ ਹਨ । (ਥੰਪਿੰਗ) ਮੈਨੂੰ ਇਹ ਅਹਿਸਾਸ ਹੈ ਕਿ ਇਸ ਕੁਰਸੀ ਨੂੰ ਸ਼ਸ਼ੋਬਤ ਕੀਤਾ ਸੀ ਸਾਡੇ ਫਰੀਡਮ ਫਾਈਟਰ ਡਾਕਟਰ ਸੱਤਪਾਲ ਜੀ ਨੇ ਔਰ ਉਸ ਤੋਂ ਬਾਅਦ ਡਾਕਟਰ ਗੁਰਦਿਆਲ ਸਿੰਘ ਜੀ ਢਿੱਲੋਂ ਨੇ ਜੋ 9 ਸਾਲ ਤਕ ਇਸ ਔਹਦੇ ਨੂੰ ਬੜੇ ਮੁਮਤਾਜ਼ ਢੰਗ ਨਾਲ ਨਿਭਾਉਂਦੇ ਰਹੇ । ਫਿਰ ਉਹ ਪਾਰਲੀਮੈਂਟ ਦੇ ਸਪੀਕਰ ਬਣੇ, ਉਥੇ ਵੀ ਉਨ੍ਹਾਂ ਨੇ ਵਿਸ਼ੇਸ਼ਤਾ ਹਾਸਲ ਕੀਤੀ । ਇਥੇ ਹੀ ਬਸ ਨਹੀਂ ਉਹ ਇੰਟਰ ਪਾਰਲੀਮੈਂਟਰੀ ਯੂਨੀਅਨ ਦੇ ਚੇਅਰਮੈਨ ਵੀ ਰਹੇ ਅਤੇ ਉਸ ਦੇ ਨਾਲ ਵੀ ਪੰਜਾਬ ਦਾ ਮਾਣ ਵੱਧਿਆ । ਉਨ੍ਹਾਂ ਦੀਆਂ ਸੁਚੱਜੀਆਂ ਰਵਾਇਤਾਂ ਹਮੇਸ਼ਾ ਮੈਨੂੰ ਰਸਤਾ ਦੱਸਦੀਆਂ ਰਹਿਣਗੀਆਂ ਔਰ ਮੈਂ ਸਾਰੇ ਹਾਊਸ ਦੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਕਿ ਯਕੀਨ ਦਿਵਾਉਂਦਾ ਹਾਂ ਮੈਂ ਕਿ ਬਿਲਕੁਲ ਨਿਰਪਖਤਾਂ ਨਾਲ ਇਸ ਹਾਊਸ ਦੀ ਕਾਰਵਾਈ ਚਲਾਵਾਂਗਾ । (ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਪਾਰਲੀਮੈਂਟ ਦੀ ਰਾਜ ਬਣਤਰ ਵਿਚ ਇਕ ਗਲ ਬੜੀ ਜ਼ਰੂਰੀ ਹੈ ਕਿ ਡਿਊਰਿੰਗ ਡਿਸਕਸ਼ਨ ਆਫ਼ ਡਿਬੇਟ ਜਿਹੜੀ ਵੀ ਸੁਚੱਜੀ ਗਲ ਉਸ ਵਾਰਤਾਲਾਪ ਵਿਚੋਂ ਨਿਕਲੇ ਸਰਕਾਰ ਉਸ ਨੂੰ ਗ੍ਰਹਿਣ ਕਰੇ, ਭਾਵੇਂ ਸੁਚੱਜੀ ਗਲ ਵਿਰੋਧੀ ਦਲ ਵਲੋਂ ਆਵੇ ਸਰਕਾਰ ਉਸਨੂੰ ਵੀ ਗ੍ਰਹਿਣ ਕਰੇ। ਇਹ ਵੀ ਗਲ ਹੈ ਕਿ ਦੌਰਾਨੇ ਡਿਸਕਸ਼ਨ ਮੈਂਬਰ ਸਾਹਿਬਾਨ ਜਜ਼ਬਾਤ ਦੀ ਰੌ ਵਿੱਚ ਨਾ ਪੈਣ ਅਤੇ ਨਾ ਹੀ ਜ਼ਾਤੀਆਤ ਵਿਚ ਪੈਣ। ਅਸੀਂ ਹਮੇਸ਼ਾਂ ਡਿਸਕਸ਼ਨ ਨੂੰ ਉਚੇ ਪੱਧਰ ਤੇ ਰਖੀਏ। ਮੈਂ ਹਾਊਸ ਦੇ ਮੈਂਬਰ ਸਾਹਿਬਾਨ ਤੋਂ ਇਸ ਗਲ ਦੀ ਆਸ ਰਖਦਾ ਹਾਂ।

ਪੰਜਾਬ ਨੇ ਖੇਤੀਬਾੜੀ ਦੇ ਖੇਤਰ ਵਿਚ ਬੜੀ ਵਿਸ਼ੇਸ਼ਤਾ ਹਾਸਲ ਕੀਤੀ ਹੈ। ਇਹ ਹਿੰਦੁਸਤਾਨ ਦੇ ਬਾਕੀ ਸਾਰੇ ਹਿੱਸਿਆਂ ਨਾਲੋਂ ਅੱਗੇ ਹੈ। ਇਸੇ ਤਰ੍ਹਾਂ ਸਮਾਲ ਸਕੇਲ ਇੰਡਸਟਰੀ ਵਿਚ ਪੰਜਾਬ ਦਾ ਨਾਂ ਸੱਭ ਨਾਲੋਂ ਉੱਚਾ ਹੈ। ਮੈਨੂੰ ਯਕੀਨ ਹੈ ਕਿ ਤੁਹਾਡੇ ਮਿਲਵਰਤਨ ਨਾਲ ਇਸ ਹਾਊਸ ਵਿਚ ਵੀ ਆਉਣ ਵਾਲੇ 5 ਸਾਲਾਂ ਵਿਚ ਅਸੀਂ ਪੰਜਾਬ ਦਾ ਨਾਂ ਉਚਾ ਕਰਾਂਗੇ। ਦੋਸਤੋ, ਸਾਡੀ ਸਾਰੀ ਸੋਚ ਇਸ ਪਾਸੇ ਮੁੜਨੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਪੰਜਾਬ ਦੇ ਆਵਾਮ ਦਾ ਭਲਾ ਹੋਵੇ, ਕਿਸ ਤਰ੍ਹਾਂ ਪੰਜਾਬ ਦੇ ਨੀਵੇਂ ਆਦਮੀ ਦਾ ਭਲਾ ਹੋਵੇ ਔਰ ਕਿਵੇਂ ਅਸੀਂ ਪੰਜਾਬ ਨੂੰ ਉਚਾ ਲਿਜਾ ਸਕਦੇ ਹਾਂ। ਇਸ ਬਾਰੇ ਮੈਂ ਥੋੜ੍ਹੇ ਜਿਹੇ ਲਫ਼ਜ਼ ਕਹਾਂਗਾ।

On this solemn occasion let us re-dedicate ourselves, with the collective wisdom of this House, for the welfare of every Punjabi, irrespective of caste, creed or religion and also enshrine in our lives the highest principles as enunciated by our Rishis, Gurus and martyr Mahatama Gandhi so that we can make a marked dent on corruption in political life.

ਮੈਂ ਫਿਰ ਸਭ ਮੈਂਬਰ ਸਾਹਿਬਾਨ ਦਾ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਕਰੀਆ ਅਦਾ ਕਰਦਾ ਹਾਂ।

ਜੈ ਹਿੰਦ।

---

## ANNOUNCEMENT BY THE SPEAKER

**Mr. Speaker :** I would like to remind the hon. Members that the Governor will address the Members on Wednesday, the 2nd July, 1980 at 9.00 A.M. They are expected to be in their seats by 8.50 A.M.

The House stands adjourned till 2.00 P.M. on Wednesday, the 2nd July, 1980.

*2.36 P.M. | (*The Sabha then *adjourned till* 2.00 *P.M. on Wednesday, the 2nd July* 1980).

43225/PVS—Govt. Press, Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1980

Published under the authority of the Punjab Vidhan Sabha and printed by the Controller, Printing and Stationery, Department, U.T., Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*2nd July, 1980*

**Vol. I—No. 3**

**OFFICIAL REPORT**

## CONTENTS

*Wednesday, the 2nd July,* 1980


| | Page |
|---|---|
| Obituary References .. | (3) 1 |
| Announcements by the Speaker Reg : | |
| (i) Governor's Address .. | (3) 10 |
| (ii) Panel of Chairmen .. | (3) 22 |
| Announcement by the Secretary .. | (3) 22 |
| Papers Laid on the Table .. | (3) 23 |
| Motion Under Rule 30 .. | (3) 24 |
| Presentation of First Report of the Business Advisory Committee .. | (3) 31 |



Punjab Vidhan Sabha Secretariat, Chandigarh.

**Price ; Rs.** 10.00



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Wednesday, the 2nd July*, 1980

*The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. of the Clock. Mr. Speaker (Shri Brij Bhushan Mehra) in the Chair.*

---

## OBITUARY REFERENCES

**Mr. Speaker** : Obituary References.

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਮਾਰਸ਼ਲ ਜੋਸਿਪ ਬਰਾਜ਼ ਟੀਟੋ, ਜੋ ਯੋਗੋਸਲਾਵੀਆ ਦੇ ਪ੍ਰੈਜ਼ੀਡੈਂਟ ਦੇ ਤੌਰ ਤੇ ਸੈਕੰਡ ਵਰਲਡ-ਵਾਰ (World War) ਤੋਂ ਚਲੇ ਆਉਂਦੇ ਸਨ, ਉਨ੍ਹਾਂ ਬਾਰੇ ਜ਼ਿਕਰ ਕਰਦਾ ਹਾਂ। ਉਹ 4 ਮਈ, 1980 ਨੂੰ 87 ਸਾਲ ਦੀ ਉਮਰ ਵਿੱਚ ਸਾਡੇ ਕੋਲੋਂ ਜੁਦਾ ਹੋ ਗਏ। ਉਹ ਪ੍ਰਾਈਮ ਮਨਿਸਟਰ ਔਰ ਮਨਿਸਟਰ ਫਾਰ ਨੈਸ਼ਨਲ ਡਿਫੈਂਸ ਵੀ ਰਹੇ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਸਭ ਤੋਂ ਵੱਡਾ ਕੰਮ ਉਹ ਕੀਤਾ, ਜਿਸ ਦੀ ਸਾਰੇ ਸੰਸਾਰ ਵਿਚ ਚਰਚਾ ਰਹੀ, ਔਰ ਉਹ ਕੰਮ ਸੀ ਕਿ ਉਹ ਨਾਨ-ਅਲਾਈਨਮੈਂਟ ਦੀ ਪਾਲਿਸੀ ਤੇ ਚਲਦੇ ਰਹੇ ਸਨ। ਆਪਣੇ ਮੁਲਕ ਨਾਲ ਔਰ ਦੂਸਰੇ ਸਹਿਮਤ ਮੁਲਕਾਂ ਨਾਲ ਨਾਨ-ਅਲਾਈਨਮੈਂਟ ਦੀ ਪਾਲਿਸੀ ਉਤੇ ਉਹ ਪਰਪੱਕ ਤੌਰ ਤੇ ਕਾਇਮ ਰਹੇ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਵੱਡੇ ਵੱਡੇ ਕੰਮ ਕੀਤੇ ਔਰ ਹਰ ਪੱਧਰ ਉਤੇ ਹਰ ਲਿਹਾਜ਼ ਨਾਲ, ਕਾਮਯਾਬ ਹੋਏ। ਉਹ ਮੁਲਕ ਨੂੰ ਚਲਾਉਣ ਵਾਲੇ ਚੰਗੇ ਐਡਮਨਿਸਟਰੇਟਰ ਸਨ। ਸੰਨ 1928 ਤੋਂ ਪੰਜ ਸਾਲਾਂ ਤੱਕ ਉਨ੍ਹਾਂ ਨੂੰ ਇਲ-ਲੀਗਲ ਤੌਰ ਤੇ ਨਜ਼ਰਬੰਦ ਰਖਿਆ ਗਿਆ ਔਰ ਉਨ੍ਹਾਂ ਨੇ ਸਜ਼ਾ ਖਾਧੀ।

ਸੈਕੰਡ ਵਰਲਡ-ਵਾਰ (World War) ਵਿਚ ਉਨ੍ਹਾਂ ਨੇ 'ਪੀਪਲ ਦੀ ਰਾਈਜ਼ਿੰਗ ਨੂੰ ਲੀਡ ਕੀਤਾ ਔਰ ਉਨ੍ਹਾਂ ਨੇ ਆਪਣੀ ਸਾਰੀ ਉਮਰ ਵਿਚ ਆਪਣੇ ਮੁਲਕ ਨੂੰ ਅੱਗੇ ਲੈ ਜਾਣ ਵਿਚ ਕਾਮ-ਯਾਬੀ ਨਾਲ ਆਪਣਾ ਫਰਜ਼ ਨਿਭਾਇਆ। ਇਸ ਲਈ ਅੱਜ ਅਸੀਂ ਉਨ੍ਹਾਂ ਲਈ ਦੁੱਖ ਦਾ ਪਰਗਟਾਵਾ ਕਰਦੇ ਹਾਂ ਕਿ ਉਹ ਸਾਡੇ ਨਾਲੋਂ ਹਮੇਸ਼ਾਂ ਲਈ ਜੁਦਾ ਹੋ ਗਏ ਹਨ। ਅੱਜ ਸਾਰੀ ਦੁਨੀਆਂ ਵਿੱਚ ਉਨ੍ਹਾਂ ਦੇ ਨਾਲ ਸ੍ਰੀਮਤੀ ਇੰਦਰਾ ਗਾਂਧੀ ਨੇ ਇਸ ਸਵਾਲ ਨੂੰ ਉਠਾਇਆ ਕਿ ਅਸੀਂ ਨਾਨ-ਅਲਾਈਨਮੈਂਟ ਦੀ ਪਾਲਿਸੀ ਕਾਇਮ ਰੱਖੀਏ।

ਸਪੀਕਰ ਸਾਹਿਬ, "ਅਫਸੋਸ ਹੈ ਕਿ ਲੇਬਰ ਦੇ ਲੀਡਰ, ਸ੍ਰੀ ਵੀ.ਵੀ. ਗਿਰੀ ਜਿਹੜੇ ਕਿ ਫ਼ਾਰਮਰ ਪ੍ਰੈਜ਼ੀਡੈਂਟ ਆਫ਼ ਇੰਡੀਆ ਸਨ, ਉਹ ਵੀ ਚਲ ਵਸੇ। ਉਨ੍ਹਾਂ ਨੇ ਹਮੇਸ਼ਾਂ ਲਤਾੜੇ ਹੋਏ ਲੋਕਾਂ ਔਰ ਪਛੜੇ ਵਰਗ ਦੀ ਖਾਸ ਤੌਰ ਤੇ ਨੁਮਾਇੰਦਗੀ ਕੀਤੀ। ਭਾਵੇਂ ਉਹ ਪ੍ਰੈਜ਼ੀਡੈਂਟ ਰਹੇ, ਭਾਵੇਂ ਉਨ੍ਹਾਂ ਲੇਬਰ ਦੇ ਲੀਡਰ ਦੇ ਤੌਰ ਤੇ ਕੰਮ ਕੀਤਾ, ਉਸ ਵਿਚ ਕੋਈ ਕਸਰ ਨਹੀਂ ਛੱਡੀ। ਉਹ ਸਾਡੇ ਵਿਚ ਅੱਜ ਨਹੀਂ ਹਨ ਲੇਕਿਨ ਉਨ੍ਹਾਂ ਦੇ ਲਕੀਰੇ ਹੋਏ ਨਿਸ਼ਾਨੇ ਸਾਡੇ ਸਾਹਮਣੇ ਹਨ। ਉਨ੍ਹਾਂ ਨੇ ਪਰਪੱਕ ਗੱਲਾਂ ਸਾਡੇ ਸਾਹਮਣੇ ਰੱਖੀਆਂ ਸਨ ਜਿਨ੍ਹਾਂ ਦਾ ਨੈਸ਼ਨਲ ਲੈਵਲ ਤੇ ਵੀ ਜ਼ਿਕਰ ਆਉਂਦਾ ਹੈ।

ਸ੍ਰੀ ਸੀ.ਐਮ. ਤ੍ਰਿਵੇਦੀ, ਸਾਡੇ ਗਵਰਨਰ ਰਹੇ ਸਨ। ਪੰਜਾਬ ਦੇ ਉਹ ਬੜੇ ਚੰਗੇ ਤਕੜੇ ਐਡ-ਮਨਿਸਟਰੇਟਰ ਰਹੇ ਸਨ। ਜਦੋਂ ਹਿੰਦੁਸਤਾਨ ਔਰ ਪਾਕਿਸਤਾਨ ਬਣਨ ਤੋਂ ਬਾਅਦ ਸ਼ਿਮਲੇ ਵਿਚ ਸਨ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਤਾਂ ਮੈਂ ਉਨ੍ਹਾਂ ਦਾ ਕੰਮ ਆਪ ਵੇਖਿਆ ਸੀ। ਉਨ੍ਹਾਂ ਨੇ ਸੰਨ 1952 ਵਿਚ ਪਹਿਲੀਆਂ ਇਲੈਕਸ਼ਨਾਂ ਕਰਵਾਈਆਂ ਸਨ। ਉਨ੍ਹਾਂ ਨੇ ਆਪ ਘੁੰਮ ਘੁੰਮਾ ਕੇ ਬਹੁਤ ਸਾਰੇ ਇੰਤਜ਼ਾਮ, ਜੋ ਜ਼ਰੂਰੀ ਸਨ, ਇਲੈਕਸ਼ਨਾਂ ਵਾਸਤੇ ਕੀਤੇ। ਸਭ ਤੋਂ ਪਹਿਲਾਂ ਪੰਜਾਬ ਵਿਚ ਇਲੈਕਸ਼ਨਾਂ ਉਨ੍ਹਾਂ ਦੇ ਅਰਸੇ ਵਿਚ ਸ਼ੁਰੂ ਹੋਈਆਂ। ਮੈਂ ਹਾਊਸ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਜਲੰਧਰ ਵਿਚ ਸਰਕਟ ਹਾਊਸ ਜਿਹੜਾ ਹੈ ਉਹ ਇਸ ਕਰਕੇ ਬਣਾਇਆ ਗਿਆ ਸੀ ਤਾਂਕਿ ਉਹ ਆਪ ਸਾਰੇ ਇਲੈਕਸ਼ਨ ਦਾ ਕੰਮ ਵਾਚ ਕਰ ਸਕਣ।

ਸੰਨ 1932 ਵਿੱਚ ਉਹ ਹੋਮ ਡਿਪਾਰਟਮੈਂਟ ਵਿਚ ਵੀ ਰਹੇ। ਇਸ ਤਰ੍ਹਾਂ ਉਨ੍ਹਾਂ ਨੇ ਆਪਣਾ ਕੰਮ ਪੂਰੀ ਤਰ੍ਹਾਂ ਕੀਤਾ। ਉਨ੍ਹਾਂ ਨੇ ਚੀਫ ਸੈਕਟਰੀ ਦੇ ਤੌਰ ਤੇ ਵੀ ਕੰਮ ਕੀਤਾ। ਫਿਰ ਉਹ ਗੌਰਮਿੰਟ ਆਫ ਇੰਡੀਆ ਵਿਚ ਵੀ ਬਹੁਤ ਸਾਰੇ ਅਹੁਦਿਆਂ ਤੇ ਰਹੇ ਸਨ ਔਰ ਬੜੇ ਉੱਚ ਪੱਧਰ ਦੇ ਐਡ-ਮਨਿਸਟਰੇਟਰ ਸਨ। ਉਹ ਵੀ ਹਮੇਸ਼ਾਂ ਲਈ ਸਾਡੇ ਤੋਂ ਵਿਛੜ ਗਏ ਹਨ।

ਮੈਨੂੰ ਬੜੇ ਅਫਸੋਸ ਨਾਲ ਇਹ ਆਪ ਨੂੰ ਅਰਜ਼ ਕਰਨੀ ਪੈਂਦੀ ਹੈ ਕਿ ਸ੍ਰੀ ਸੰਜੇ ਗਾਂਧੀ ਵੀ ਸਾਡੇ ਤੋਂ ਹਮੇਸ਼ਾਂ ਲਈ ਜੁਦਾ ਹੋ ਗਏ ਹਨ। ਉਹ ਮੈਂਬਰ ਆਫ਼ ਪਾਰਲੀਮੈਂਟ, ਯਥ ਕਾਂਗਰਸ ਦੇ ਲੀਡਰ ਔਰ ਜਨਰਲ ਸੈਕਟਰੀ, ਆਲ ਇੰਡੀਆ ਕਾਂਗਰਸ ਕਮੇਟੀ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਕੌਮ ਨੂੰ ਕਾਫੀ ਨੁਕਸਾਨ ਹੋਇਆ ਹੈ। ਉਹ ਮਿਸ਼ਨਰੀ ਜ਼ੀਲ ਦੇ ਸਨ। ਉਹ ਕਾਮਉਨਿਜ਼ਿਜ਼ਮ ਤੇ ਕਾਸਟ-ਇਜ਼ਮ ਦੇ ਪੂਰੀ ਤਰ੍ਹਾਂ ਖਿਲਾਫ ਸਨ। ਉਨ੍ਹਾਂ ਵਿੱਚ ਕੰਮ ਕਰਨ ਦੀ ਔਰ ਡਿਸੀਜ਼ਨ ਲੈਣ ਦੀ ਸ਼ਕਤੀ ਜਿਹੜੀ ਸੀ, ਉਹ ਸਾਡੇ ਸਾਹਮਣੇ ਇਕ ਨਿਸ਼ਾਨਾ ਬਣੀ ਰਹੇਗੀ। ਉਹ ਹਮੇਸ਼ਾਂ ਇਸ ਗੱਲ ਲਈ ਰਹੇ ਹਨ ਕਿ ਜਿਹੜੇ ਡਾਊਨ ਟਰੋਡਨ ਹਨ ਉਨ੍ਹਾਂ ਦੀ ਪੂਰੀ ਮੱਦਦ ਕੀਤੀ ਜਾਵੇ। ਉਨ੍ਹਾਂ ਲਈ ਹਰ ਸਮੇਂ ਮੱਦਦ ਕਰਨ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਨੂੰ ਕਾਫੀ ਅਰਸਾ ਮੁਸੀਬਤਾਂ ਝੱਲਣੀਆਂ ਪਈਆਂ ਸਨ ਲੇਕਿਨ ਉਹ ਆਪਣੇ ਰਸਤੇ ਤੋਂ ਨਹੀਂ ਹਟੇ। ਉਹ ਗਰੀਬਾਂ ਦੀ ਮੱਦਦ ਕਰਨਾ ਨਿਹਾਇਤ ਜ਼ਰੂਰੀ ਸਮਝਦੇ ਸਨ। ਉਹ ਜ਼ਿੰਦਗੀ ਵਿਚ ਜਿਤਨਾਂ ਚਿਰ ਰਹੇ, ਉਨ੍ਹਾਂ ਨੇ ਆਪਣੇ ਮੁਲਕ ਨਾਲ ਅਤੇ ਆਪਣੀ ਮਦਰ-ਲੈਂਡ ਨਾਲ ਪਿਆਰ ਵਿਖਾਇਆ ਔਰ ਨੇਸ਼ਨ ਦਾ ਝੰਡਾ ਬੁਲੰਦ ਕੀਤਾ।

ਇਸ ਦੇ ਨਾਲ ਨਾਲ ਮਾਸਟਰ ਗੁਰਬੰਤਾ ਸਿੰਘ ਜੀ ਜੋ ਕਿ ਸਾਡੇ ਬੜੇ ਪੁਰਾਣੇ ਮੈਂਬਰ ਚਲੇ ਆਉਂਦੇ ਸਨ, ਉਹ ਵੀ ਚਲ ਬਸੇ ਹਨ। ਉਹ ਸੰਨ 1946 ਵਿਚ ਪਹਿਲੀ ਵਾਰੀ ਇਲੈਕਟ ਹੋਏ ਸਨ ਜਦੋਂ ਕਿ ਅਜੇ ਹਿੰਦੁਸਤਾਨ ਅਤੇ ਪਾਕਿਸਤਾਨ ਨਹੀਂ ਬਣੇਂ ਸਨ। ਮੈਨੂੰ ਪਤਾ ਹੈ ਕਿ ਉਨ੍ਹਾਂ ਨੂੰ ਬੜੇ ਬੜੇ ਲਾਲਚ ਦੇ ਕੇ ਹੋਰਨਾਂ ਲੋਕਾਂ ਨੇ ਆਪਣੇ ਪਾਸੇ ਖਿੱਚਣ ਦੀ ਕੋਸ਼ਿਸ਼ ਕੀਤੀ ਤਾਕਿ ਉਹ ਆਪਣਾ ਕੰਮ ਪੂਰਾ ਨਾ ਕਰ ਸਕਣ-ਲੇਕਿਨ ਉਹ ਚਟਾਨ ਦੀ ਤਰ੍ਹਾਂ ਖੜੇ ਰਹੇ ਔਰ ਕਿਸੇ ਝਾਂਸੇ ਵਿਚ ਨਹੀਂ ਆਏ ਔਰ ਹਮੇਸ਼ਾਂ ਕਾਂਗਰਸ ਦਾ ਸਾਥ ਦਿੰਦੇ ਰਹੇ। ਸੰਨ 1947 ਤੋਂ ਮਨਿਸਟਰ ਬਣੇ। ਸਰਦਾਰ ਪਰਤਾਪ ਸਿੰਘ ਕੈਰੋਂ ਦੀ ਮਨਿਸਟਰੀ ਵਿਚ ਵੀ ਰਹੇ ਔਰ ਗਿਆਨੀ ਜ਼ੈਲ ਸਿੰਘ ਦੀ ਮਨਿਸਟਰੀ ਵਿਚ ਵੀ ਮਨਿਸਟਰ ਰਹੇ। ਉਹ ਵਿਧਾਨ ਸਭਾ ਦੀ ਖਾਸ ਹੈਸੀਅਤ ਸਨ। ਉਨ੍ਹਾਂ ਨੇ ਮਨਿਸਟਰ ਦੇ ਤੌਰ ਤੇ ਔਰ ਮੈਂਬਰ ਦੇ ਤੌਰ ਤੇ ਲੋਕਾਂ ਦੀ ਖਾਸ ਸਰਵਿਸ ਕੀਤੀ ਔਰ ਬਹੁਤ ਸਾਰੇ ਕੰਮ ਉਨ੍ਹਾਂ ਨੇ ਬਹਤ ਐਕਸਪੀਰੀਐਂਸਡ ਹੋਣ ਕਰਕੇ, ਇਮਾਨਦਾਰ ਹੋਣ ਕਰਕੇ ਔਰ ਨਾਕਾਬਲੇ-ਤਰਦੀਦ ਹੋਣ ਕਰਕੇ ਬੜੇ ਹੀ ਕਾਮਯਾਬੀ ਨਾਲ ਕੀਤੇ ਸਨ। ਉਹ ਵਿਧਾਨ ਸਭਾ ਵਿਚ ਸੰਨ 1947 ਵਿਚ ਫਿਰ 1952, 1957, 1962, 1969 ਔਰ 1972 ਵਿਚ ਇਲੈਕਸ਼ਨਾਂ ਜਿੱਤ ਕੇ ਆਏ ਸਨ। ਉਹ ਪਰਦੇਸ਼ ਕਾਂਗਰਸ ਪਾਰਟੀ ਦੇ ਵਾਈਸ ਪ੍ਰੈਜ਼ੀਡੈਂਟ ਸਨ। ਉਹ ਮੁਮਤਾਜ਼ ਹੈਸੀਅਤ ਸਾਡੇ ਤੋਂ ਚਲੀ ਗਈ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਗਿਆਨ ਸਿੰਘ ਰਾੜੇਵਾਲਾ ਬੜੀ ਵੱਡੀ ਹੈਸੀਅਤ ਔਰ ਸ਼ਖਸੀਅਤ ਦੇ ਮਾਲਕ ਸਨ। ਅੱਜ ਉਹ ਵੀ ਸਾਡੇ ਵਿਚ ਨਹੀਂ ਹਨ। ਪਰ ਅਸੀਂ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਨੂੰ ਗਰਿਹਣ ਕਰ ਸਕਦੇ ਹਾਂ। ਉਹ ਪੈਪਸੂ ਵਿਚ ਚੀਫ ਮਨਿਸਟਰ ਰਹੇ ਸਨ। ਉਨ੍ਹਾਂ ਨੂੰ ਖਾਸ ਤੌਰ ਤੇ ਐਡਮਨਿਸ-ਟ੍ਰੇਸ਼ਨ ਬਾਰੇ ਪਹਿਲਾਂ ਵੀ ਗਿਆਨ ਸੀ। ਇਸ ਲਈ ਉਨ੍ਹਾਂ ਨੇ ਬਤੌਰ ਚੀਫ ਮਨਿਸਟਰ ਵੀ ਆਪਣਾ ਫਰਜ਼ ਬਹੁਤ ਚੰਗੀ ਤਰ੍ਹਾਂ ਨਿਭਾਇਆ। ਉਹ ਪੰਜਾਬ ਦੇ ਸੰਨ 1957 ਤੋਂ 1962 ਤਕ ਮਨਿਸਟਰ ਰਹੇ ਔਰ ਪੰਜਾਬ ਦੀ ਉਨਤੀ ਲਈ ਉਨ੍ਹਾਂ ਨੇ ਬਹੁਤ ਸਾਰਾ ਕੰਮ ਕੀਤਾ। ਉਨ੍ਹਾਂ ਨੇ ਆਪਣੇ ਤਜਰਬੇ ਔਰ ਸਿਆਣਪ ਦੇ ਨਾਲ ਜਿਤਨੇ ਵੀ ਕੰਮ ਕੀਤੇ ਹਨ ਉਹ ਸ਼ਲਾਘਾਯੋਗ ਹਨ। ਉਨ੍ਹਾਂ ਦੇ ਚਲੇ ਜਾਣ ਨਾਲ ਸਾਡੇ ਤੋਂ ਇਕ ਬੜੀ ਵੱਡੀ ਪਰਸਨੈਲਿਟੀ ਵਿੱਛੜ ਗਈ ਹੈ। ਉਹ ਇਕ ਖਾਸ ਪਰਸਨੈਲਿਟੀ ਬਣ ਗਏ ਸਨ ਕਿਉਂਕਿ ਇਨਸਾਨ ਆਹਿਸਤਾ ਆਹਿਸਤਾ ਵੱਡਾ ਬਣਦਾ ਹੈ। ਜਿਵੇਂ ਜਿਵੇਂ ਸਮਾਂ ਗੁਜ਼ਰਿਆ ਉਹ ਹੋਰ ਵੀ ਜ਼ਿਆਦਾ ਉੱਚੇ ਉਠੇ ਸਨ।

ਸਰਦਾਰ ਗੁਰਬਖਸ਼ ਸਿੰਘ ਸਿਬੀਆ, ਜੋ ਸਾਡੇ ਪੰਜਾਬ ਦੇ ਐਕਸ-ਮਨਿਸਟਰ ਸਨ, ਉਹ ਵੀ ਸਾਡੇ ਤੋਂ ਵਿੱਛੜ ਗਏ ਹਨ। ਉਹ ਗਿਆਨੀ ਜ਼ੈਲ ਸਿੰਘ ਹੋਰਾਂ ਦੀ ਮਨਿਸਟਰੀ ਵਿਚ ਮਨਿਸਟਰ ਰਹੇ ਸਨ। ਸੰਨ 1969 ਵਿਚ ਸੰਗਰੂਰ ਤੋਂ ਉਹ ਜਿੱਤੇ ਸਨ, ਸੰਨ 1973 ਵਿਚ ਉਹ ਮਨਿਸਟਰ ਬਣੇ। ਉਹ ਇਰੀਗੇਸ਼ਨ ਔਰ ਪਾਵਰ ਦੇ ਮਨਿਸਟਰ ਸਨ। ਪੰਜਾਬ ਦੀ ਉਨਤੀ ਲਈ ਉਨ੍ਹਾਂ ਨੇ ਖਾਸ ਕੰਮ ਕੀਤੇ। ਜਿਸ ਵੀ ਅਹੁਦੇ ਨੂੰ ਉਨ੍ਹਾਂ ਨੇ ਸੰਭਾਲਿਆ ਉਸ ਨੂੰ ਪੂਰੀ ਤਰ੍ਹਾਂ ਨਿਭਾਇਆ। ਉਹ ਲੋਕਾਂ ਦੀ ਭਲਾਈ ਵਿਚ ਦਿਲਚਸਪੀ ਰਖਦੇ ਸਨ। ਉਹ ਜਰਮਨੀ ਵਿਚ, ਇੰਟਰਨੈਸ਼ਨਲ ਐਗਰੀ-ਕਲਚਰਲ ਫੇਅਰ, ਵਿਚ ਵੀ ਗਏ ਸਨ ਔਰ ਉਥੋਂ ਜੋ ਸਿੱਖ ਕੇ ਆਏ ਸਨ, ਉਹ ਕੰਮ ਉਸ ਤਰ੍ਹਾਂ ਇਥੇ ਵੀ ਚਾਲੂ ਕਰਨਾ ਚਾਹੁੰਦੇ ਸਨ। ਉਹ ਵੀ ਸਾਡੇ ਤੋਂ ਵਿੱਛੜ ਗਏ ਹਨ। ਉਹ ਬਹੁਤ ਚੰਗੇ, ਸੁਲਝੇ ਹੋਏ ਸਿਆਸਤਦਾਨ ਸਨ।

ਸਪੀਕਰ ਸਾਹਿਬ, ਸਰਦਾਰ ਨਰੋਤਮ ਸਿੰਘ 1950 ਵਿੱਚ ਸਾਡੇ ਐਜੂਕੇਸ਼ਨ ਮਨਿਸਟਰ ਰਹੇ ਸਨ। ਉਹ ਬੜੇ ਸੁਲਝੇ ਹੋਏ ਸਨ ਅਤੇ ਗੁੱਸਾ ਖਾਣ ਵਾਲੇ ਨਹੀਂ ਸਨ। ਉਹ 1937 ਅਤੇ ਫਿਰ 1944 ਵਿਚ ਪੰਜਾਬ ਲੈਜਸਲੇਟਿਵ ਅਸੈਂਬਲੀ ਦੇ ਮੈਂਬਰ ਇਲੈਕਟ ਹੋਏ ਸਨ। 1946 ਵਿਚ ਉਹ ਪਾਰਲੀਆ-ਮੈਂਟਰੀ ਸੈਕਟਰੀ ਵੀ ਰਹੇ ਸਨ। ਉਸ ਵੇਲੇ ਪਾਰਲੀਆਮੈਂਟਰੀ ਸੈਕਟਰੀ ਦਾ ਕੰਮ ਨਿਭਾਉਣਾ ਬਹੁਤ ਮੁਸ਼ਕਲ ਹੁੰਦਾ ਸੀ ਅਤੇ ਜਿਹੜਾ ਆਪਣੇ ਕੰਮ ਦੀ ਬਹੁਤ ਜ਼ਿਆਦਾ ਆਊਟ ਪੁਟ ਵਿਖਾਉਂਦਾ ਸੀ। ਉਹੀ ਇਸ ਜਗ੍ਹਾ ਤੇ ਕੰਮ ਕਰਨ ਦੇ ਕਾਬਲ ਹੁੰਦਾ ਸੀ ਅਤੇ ਉਸ ਦੇ ਕੰਮ ਦੀ ਸ਼ਲਾਘਾ ਹੁੰਦੀ ਸੀ। ਉਨ੍ਹਾਂ ਨੇ ਇਸ ਸੂਬੇ ਵਾਸਤੇ ਬਹੁਤ ਚੰਗਾ ਰੋਲ ਅਦਾ ਕੀਤਾ ਸੀ। ਉਨ੍ਹਾਂ ਦੀ ਡੈਥ 11 ਫਰਵਰੀ, 1980 ਨੂੰ ਹੋਈ ਅਤੇ ਉਹ ਸਾਡੇ ਤੋਂ ਹਮੇਸ਼ਾ ਲਈ ਵਿਛੜ ਗਏ ਹਨ।

ਸ਼੍ਰੀਮਤੀ ਲੇਖਵਤੀ ਜੈਨ, ਜਦੋਂ ਸਾਂਝਾ ਪੰਜਾਬ ਸੀ ਉਸ ਵੇਲੇ ਵੀ ਪੰਜਾਬ ਦੀ ਸੇਵਾ ਕਰਦੇ ਰਹੇ। ਫਿਰ ਹਰਿਆਣਾ ਬਣ ਜਾਣ ਤੋਂ ਬਾਅਦ ਉਨ੍ਹਾਂ ਨੇ ਹਰਿਆਣਾ ਵਿਚ ਵੀ ਬੜਾ ਚੰਗਾ ਕੰਮ ਕੀਤਾ। ਉਹ ਸ਼ੋਸ਼ੋ ਇਕਨੌਮਿਕ ਪ੍ਰੋਗਰਾਮਾਂ ਵਿਚ ਹਮੇਸ਼ਾਂ ਅੱਗੇ ਰਹੇ ਹਨ। ਉਨ੍ਹਾਂ ਨੇ ਸੂਬੇ ਦੀਆਂ ਬੀਬੀਆਂ ਦੇ ਵਾਸਤੇ ਵੀ ਬੜੇ ਕੰਮ ਕੀਤੇ ਅਤੇ ਉਨ੍ਹਾਂ ਦੇ ਹੱਕ ਵਾਸਤੇ ਲੜਦੇ ਰਹੇ ਅਤੇ ਉਨ੍ਹਾਂ ਨੂੰ ਅੱਗੇ ਲਿਆਂਦਾ। ਇਸ ਤਰ੍ਹਾਂ ਉਨ੍ਹਾਂ ਨੇ ਸ਼ੋਸ਼ੋ ਇਕਨਾਮਿਕ ਅਤੇ ਰੈਡ ਕਰਾਸ ਦੇ ਕੰਮਾਂ ਵਿਚ ਕਾਫੀ ਸੇਵਾ ਕੀਤੀ। ਉਨ੍ਹਾਂ ਨੇ ਰੈਡ ਕਰਾਸ ਦੀ ਵਰਕਿੰਗ ਵਿਚ ਕਾਫੀ ਸੁਧਾਰ ਲਿਆਂਦਾ ਉਨ੍ਹਾਂ ਨੇ ਮੁਸਲਿਮ ਐਜੂਕੇਸ਼ਨ ਵਾਸਤੇ ਵੀ ਕੰਮ ਸੰਭਾਲਿਆ ਹੋਇਆ ਸੀ ਅਤੇ ਉਨ੍ਹਾਂ ਦੀ ਸੇਵਾ ਕੀਤੀ।

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਸਪੀਕਰ ਸਾਹਿਬ, ਮੌਲਵੀ ਅਬਦੁਲਗਨੀ ਦਾਰ ਨੂੰ ਸਾਰਾ ਹਾਊਸ ਜਾਣਦਾ ਹੈ। ਉਹ ਡਿਸਟ੍ਰਿਕਟ ਕਾਂਗਰਸ ਕਮੇਟੀ ਲੁਧਿਆਣਾ ਦੇ ਪ੍ਰੈਜ਼ੀਡੈਂਟ ਰਹੇ ਸਨ। ਉਹ ਐਮ.ਪੀ. ਵੀ ਰਹੇ ਸਨ। ਉਨ੍ਹਾਂ ਨੇ ਉਰਦੂ ਵਿਚ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ। ਸ਼ਹੀਦੇ ਆਜ਼ਮੀਦਮ ਅਤੇ ਸਾਏ ਰੰਗ ਕਿਤਾਬਾਂ ਉਨ੍ਹਾਂ ਨੇ ਹੀ ਲਿਖੀਆਂ ਸ਼ਨ। ਖਾਸ ਤੌਰ ਤੇ ਉਨ੍ਹਾਂ ਦੇ ਅੰਦਰ ਇਕ ਖੂਬੀ ਸੀ ਅਤੇ ਉਹ ਇਹ ਸੀ ਕਿ ਉਹ ਆਪਣੀ ਗੱਲ ਨੂੰ ਬੜੇ ਵਿਅੰਗ ਨਾਲ ਕਹਿੰਦੇ ਸਨ। ਉਹ ਆਪਣੀ ਹਰ ਗੱਲ ਚਾਹੇ ਕਿੰਨੀ ਵੀ ਸੀਰੀਅਸ ਹੋਵੇ ਜਾਂ ਕੋਈ ਗੱਲ ਮੁਸ਼ਕਲ ਹੋਵੇ ਉਹ ਬਹੁਤ ਅੱਛੇ ਢੰਗ ਨਾਲ ਹਾਸੋਹੀਣੇ ਤਰੀਕੇ ਨਾਲ ਕਹਿ ਜਾਂਦੇ ਸਨ। ਉਹ ਇਕ ਸੁਲਝੇ ਹੋਏ ਵਿਅਕਤੀ ਸਨ। ਪਰ ਉਹ ਹੁਣ ਸਾਡੇ ਤੋਂ ਵਿਛੜ ਗਏ ਹਨ।

ਇਸੇ ਤਰ੍ਹਾਂ ਸਰਦਾਰ ਗੋਪਾਲ ਸਿੰਘ ਖਾਲਸਾ ਜੋ ਕਿ ਸਾਥੋਂ ਵਿਛੜ ਗਏ ਹਨ, ਉਹ ਪੜ੍ਹੇ ਲਿਖੇ ਸੱਜਣ ਸਨ ਅਤੇ ਕਈ ਬਾਹਰਲੇ ਮੁਲਕਾਂ ਵਿਚ ਵੀ ਉਹ ਜਾ ਆਏ ਸਨ। 1979 ਵਿਚ ਉਹ ਵੀ ਸਾਡੇ ਤੋਂ ਵਿਛੜ ਗਏ ਹਨ। ਉਨ੍ਹਾਂ ਦਾ ਜਨਮ 1905 ਵਿਚ ਹੋਇਆ ਸੀ। ਉਹ ਫਸਟ ਪਾਰਲੀਮੈਂਟਰੀ ਸੈਕਟਰੀ, ਸਿਕੰਦਰ ਹਯਾਤ ਖਾਂ ਦੀ ਮਨਿਸਟਰੀ ਵਿਚ ਰਹੇ ਸਨ। ਚੰਗੇ ਪੜ੍ਹੇ ਲਿਖੇ ਹੋਣ ਦੇ ਕਾਰਣ ਉਹ ਬਹੁਤ ਅੱਛੀ ਤਰ੍ਹਾਂ ਕੰਮ ਕਰਦੇ ਰਹੇ। ਉਹ ਲੀਡਰ ਆਫ਼ ਦੀ ਆਪੋਜ਼ੀਸ਼ਨ ਵੀ ਰਹੇ ਸਨ। ਉਨ੍ਹਾਂ ਦੇ ਬੋਲਣ ਦਾ ਢੰਗ ਬਹੁਤ ਚੰਗਾ ਸੀ। ਉਹ ਜੋ ਬੋਲਦੇ ਸਨ ਉਹ ਬੜੇ ਹੀ ਲੌਜਿਕ ਨਾਲ ਅਤੇ ਕੰਮ ਦੀਆਂ ਗਲਾਂ ਕਰਦੇ ਸਨ। ਹੁਣ ਉਹ ਵੀ ਸਾਡੇ ਤੋਂ ਹਮੇਸ਼ਾ ਲਈ ਵਿਛੜ ਗਏ ਹਨ।

ਸਾਡੇ ਇਕ ਮੈਂਬਰ ਸ੍ਰੀ ਬਾਮ ਦੇਵ ਜੋ ਕਿ ਨੰਗਲ ਕਾਂਸਟੀਚੂਐਂਸੀ ਵਿਚੋਂ ਆਏ ਸਨ ਉਹ 10 ਮਈ, 1980 ਨੂੰ ਸਾਡੇ ਤੋਂ ਵਿਛੜ ਗਏ ਹਨ। 11 ਸਤੰਬਰ, 1941 ਵਿਚ ਉਨ੍ਹਾਂ ਦਾ ਜਨਮ ਹੋਇਆ ਸੀ। ਉਹ ਗ੍ਰਾਮ ਪੰਚਾਇਤ ਭਨੁਪਲੀ ਦੇ ਮੈਂਬਰ ਰਹੇ ਹਨ ਅਤੇ 1962 ਵਿਚ ਉਹ ਜ਼ਿਲ੍ਹਾ ਪਰੀਸ਼ਦ ਦੇ ਵੀ ਮੈਂਬਰ ਇਲੈਕਟ ਹੋਏ ਸਨ। ਫਿਰ ਉਹ ਅਨੰਦ ਪੁਰ ਸਾਹਿਬ ਪੰਚਾਇਤ ਸੰਮਤੀ ਦੇ ਵੀ ਮੈਂਬਰ ਬਣੇ। ਉਹ ਬੜੇ ਸ਼ੋਸ਼ਲ ਵਰਕਰ ਸਨ ਅਤੇ ਆਪਣੇ ਹਲਕੇ ਦੇ ਲੋਕਾਂ ਦੇ ਕੰਮ ਕਰਨ ਵਾਲੇ ਸਨ। ਪਰੰਤੂ ਉਹ ਸਾਡੇ ਤੋਂ ਛੋਟੀ ਉਮਰ ਵਿਚ ਹੀ ਚਲੇ ਗਏ ਹਨ। ਇਹ ਬੜੀ ਅਫਸੋਸ ਦੀ ਗਲ ਹੈ।

ਪ੍ਰੋਫੈਸਰ ਸਰਦਾਰੀ ਲਾਲ ਚੋਪੜਾ ਬੜੇ ਚੰਗੇ ਐਜੂਕੇਸ਼ਨਿਸਟ ਸਨ। ਉਨ੍ਹਾਂ ਦੀ ਇਜ਼ਤ ਤਾਲੀਮ ਦੇ ਮੈਦਾਨ ਵਿਚ ਬਹੁਤ ਸੀ। ਉਨ੍ਹਾਂ ਨੇ ਬੜੇ ਸਕਾਲਰਸ਼ਿਪ ਲਏ ਸਨ। ਉਹ ਬੜੇ ਪਰਾਗਰੈਸਿਵ ਸਨ। ਸੋਸ਼ੋ ਇਕਨਾਮਿਕ ਅਤੇ ਪੁਲੀਟੀਕਲ ਪਰਾਬਲਮ ਨੂੰ ਉਹ ਬੜੀ ਚੰਗੀ ਤਰ੍ਹਾਂ ਨਾਲ ਹਲ ਕਰਦੇ ਸਨ। ਉਹ ਸੁਲਝੇ ਹੋਏ ਪਾਰਲੀਮੈਂਟੇਰੀਅਨ ਸਨ। ਪੰਜਾਬ ਕੌਂਸਿਲ ਵਿਚ ਜੋ ਉਨ੍ਹਾਂ ਨੇ ਕੰਮ ਕੀਤਾ ਉਹ ਸਦਾ ਯਾਦ ਰਹੇਗਾ। 7 ਫਰਵਰੀ, 1980 ਨੂੰ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਤੇ ਸਾਡੇ ਐਜੂਕੇਸ਼ਨਿਸਟਸ ਅਤੇ ਪੁਲਿਟੀਕਲ ਲੀਡਰਜ਼ ਖਾਸ ਤੌਰ ਤੇ ਅਫਸੋਸ ਕਰਦੇ ਹਨ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** (ਗਿੱਦੜਬਾਹਾ) : ਸਪੀਕਰ ਸਾਹਿਬ, ਇਹ ਬਹੁਤ ਦੁੱਖ ਦੀ ਗੱਲ ਹੈ ਕਿ ਪਿਛਲੇ ਕੁਝ ਸਮੇਂ ਵਿਚ ਸਾਡੇ ਸੂਬੇ ਵਿਚੋਂ, ਦੇਸ਼ ਵਿਚੋਂ ਅਤੇ ਦੁਨੀਆਂ ਵਿਚੋਂ ਕੁਝ ਐਸੀਆਂ ਸ਼ਖਸ਼ੀਅਤਾਂ ਚਲੀਆਂ ਗਈਆਂ ਹਨ ਜਿਨ੍ਹਾਂ ਨਾਲ ਸਾਨੂੰ ਬਹੁਤ ਨੁਕਸਾਨ ਹੋਇਆ ਹੈ ਅਤੇ ਦੁੱਖ ਹੋਇਆ ਹੈ।

ਸ੍ਰੀ ਵੀ. ਵੀ. ਗਿਰੀ ਸਾਡੇ ਦੇਸ਼ ਦੇ ਰਾਸ਼ਟਰਪਤੀ ਰਹੇ ਸਨ ਔਰ ਬਹੁਤ ਵੱਡੇ ਸਟੇਟਸਮੈਨ ਵੀ ਰਹੇ ਸਨ। ਉਹ ਬੜੇ ਚੰਗੇ ਐਡਮਨਿਸਟਰੇਟਰ ਸਨ। ਉਹ ਕਈ ਔਹਦਿਆਂ ਤੇ ਸੁਸ਼ੋਭਿਤ ਰਹੇ।

Original with;
Punjab Vidhan Sabha
Digitized by;
Panjab Digital Library

ਉਹ ਆਪਣੇ ਸੂਬੇ ਦੇ ਮਨਿਸਟਰ ਵੀ ਰਹੇ ਸੈਂਟਰ ਦੇ ਮਨਿਸਟਰ ਵੀ ਰਹੇ ਅਤੇ ਸਾਡੇ ਦੇਸ਼ ਦੇ ਵਾਈਸ ਪ੍ਰੈਜ਼ੀਡੈਂਟ ਵੀ ਰਹੇ। ਸ਼ਾਇਦ ਹੀ ਕੋਈ ਦੇਸ਼ ਵਿਚ ਐਸੀ ਹੋਰ ਸ਼ਖਸੀਅਤ ਹੋਵੇ ਜਿਸ ਨੇ ਕਿ ਇਨ੍ਹਾਂ ਸਾਰੀ ਜਗ੍ਹਾਂ ਤੇ ਕੰਮ ਕੀਤਾ ਹੋਵੇ। ਇਸ ਦੀ ਜੋ ਬੈਕਗ੍ਰਾਊਂਡ ਸੀ ਉਹ ਸੀ ਉਨ੍ਹਾਂ ਦੀ ਸਾਦਗੀ ਅਤੇ ਕਾਬਲੀਅਤ। ਉਹ ਜਿਸ ਥਾਂ ਤੇ ਵੀ ਰਹੇ ਬੜੀ ਡਿਗਨਟੀ ਦੇ ਨਾਲ ਰਹੇ। ਇਸ ਸਬੰਧ ਵਿਚ ਸ਼ਾਇਦ ਤੁਹਾਨੂੰ ਯਾਦ ਹੋਵੇਗਾ ਕਿ ਉਹ ਜਦੋਂ ਸੈਂਟਰ ਗੌਰਮਿੰਟ ਦੇ ਮਨਿਸਟਰ ਸਨ ਤਾਂ ਉਨ੍ਹਾਂ ਨੇ ਅਸਤੀਫਾ ਇਸ ਕਰ ਕੇ ਦਿਤਾ ਸੀ ਕਿ ਕੈਬਨਿਟ ਦਾ ਇਕ ਜੋ ਡਿਸੀਸ਼ਨ ਸੀ, ਉਹ ਸਮਝਦੇ ਸਨ ਕਿ ਉਸ ਦਾ ਅਸਰ ਵਰਕਰਜ਼ ਤੇ ਭੈੜਾ ਪੈਣਾ ਸੀ। ਇਸ ਲਈ ਉਹ ਕੈਬਨਿਟ ਤੋਂ ਅਸਤੀਫਾ ਦੇ ਗਏ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਵਰਕਿੰਗ ਕਲਾਸ ਲਈ ਬਹੁਤ ਵਡਾ ਕੰਮ ਕੀਤਾ। ਟਰੇਡ ਯੂਨੀਅਨ ਦੇ ਉਹ ਫਾਊਂਡਰ ਮੈਂਬਰ ਸਨ। ਸਪੀਕਰ ਸਾਹਿਬ, ਉਨ੍ਹਾਂ ਦੀ ਸਾਦਗੀ ਇਸ ਗਲ ਤੋਂ ਜ਼ਾਹਿਰ ਹੁੰਦੀ ਹੈ ਕਿ ਉਹ ਇਹ ਗਲ ਕਹਿ ਗਏ ਸਨ ਕਿ ਜਦੋਂ ਮੇਰੀ ਡੈਥ ਹੋਵੇ ਤਾਂ ਉਸ ਵੇਲੇ ਰਸਮੋਂ ਰਿਵਾਜ਼ ਤੇ ਕੋਈ ਖ਼ਰਚ ਨਾ ਕਰਨਾ। ਇਸ ਲਈ ਹੀ ਉਨ੍ਹਾਂ ਦੀ ਡੈਥ ਹੋਣ ਤੋਂ ਬਾਅਦ ਉਨ੍ਹਾਂ ਦੀ ਰਸਮ ਤੇ ਸਿਰਫ 80 ਰੁਪਏ ਹੀ ਖਰਚ ਕੀਤੇ ਗਏ ਅਤੇ ਜੋ ਰੁਪਿਆ ਬਚਿਆ ਉਹ ਗਰੀਬਾਂ ਨੂੰ ਵੰਡ ਦਿਤਾ ਗਿਆ। ਇਹੋ ਜਿਹੀਆਂ ਸ਼ਖਸੀਅਤਾਂ ਦੇ ਚਲੇ ਜਾਣ ਨਾਲ ਦੇਸ਼ ਨੂੰ ਬਹੁਤ ਵਡਾ ਨੁਕਸਾਨ ਪਹੁੰਚਦਾ ਹੈ।

ਸਪੀਕਰ ਸਾਹਿਬ ਮਾਰਸ਼ਲ ਟੀਟੋ ਦਾ ਨਾਮ ਸਾਰੀ ਦੁਨੀਆਂ ਜਾਣਦੀ ਹੈ। ਉਹ ਬਹੁਤ ਵਡੇ ਇੰਟਰਨੈਸ਼ਨਲ ਫਿਗਰ ਸਨ। ਆਪਣੇ ਦੇਸ਼ ਦੇ ਪ੍ਰੈਜ਼ੀਡੈਂਟ ਅਤੇ ਪ੍ਰਾਈਮ ਮਨਿਸਟਰ ਵੀ ਰਹੇ ਹਨ। ਉਨ੍ਹਾਂ ਨੇ ਨਾਨ ਅਲਾਈਨਮੈਂਟ ਮੂਵਮੈਂਟ ਪੰਡਤ ਜਵਾਹਰ ਲਾਲ ਦੇ ਨਾਲ ਮਿਲ ਕੇ ਸ਼ੁਰੂ ਕੀਤੀ ਸੀ। ਇਸ ਮੂਵਮੈਂਟ ਦੇ ਉਹ ਫਾਊਂਡਰ ਸਨ ਔਰ ਅੰਡਰ ਡਿਵੈਲਪਡ ਕੰਟਰੀਜ਼ ਦੀ ਮਦਦ ਕਰਦੇ ਰਹੇ ਹਨ। ਉਨ੍ਹਾਂ ਨੇ ਆਪਣੇ ਦੇਸ਼ ਵਿਚ ਫ਼ਾਸਿਸਟ ਲਿਬਰੇਸ਼ਨ ਮੂਵਮੈਂਟ ਵੀ ਚਲਾਈ ਸੀ ਔਰ ਉਸ ਵਿਚ ਆਪਣਾ ਬਹੁਤ ਵਡਾ ਹਿਸਾ ਪਾਇਆ ਸੀ। ਇਹੋ ਜਿਹੀਆਂ ਸ਼ਖਸੀਅਤਾਂ ਦੁਨੀਆਂ ਵਿਚ ਬਹੁਤ ਘੱਟ ਆਉਂਦੀਆਂ ਹਨ।

ਸ੍ਰੀ ਸੀ. ਐਮ. ਤ੍ਰਿਵੇਦੀ ਸਾਡੇ ਸੂਬੇ ਦੇ ਗਵਰਨਰ ਰਹੇ ਸਨ। ਉਹ ਬੜੇ ਚੰਗੇ ਐਡਮਨਿਸਟਰੇਟਰ ਸਨ। ਉਹ ਆਈ. ਐਫ. ਐਸ. ਅਫਸਰ ਵੀ ਰਹੇ ਸੀ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਪਦਮ ਭੂਸ਼ਣ ਵੀ ਪ੍ਰਾਪਤ ਕੀਤਾ।

ਸਪੀਕਰ ਸਾਹਿਬ, ਪਿਛਲੇ ਕਈ ਦਿਨਾਂ ਤੋਂ ਸ੍ਰੀ ਸੰਜੇ ਗਾਂਧੀ ਦੀ ਡੈਥ ਦੇ ਬਾਰੇ ਵਿਚ ਬਹੁਤ ਖਬਰਾਂ ਆ ਰਹੀਆਂ ਹਨ। ਉਨ੍ਹਾਂ ਦੇ ਚਲੇ ਜਾਣ ਨਾਲ ਸਾਰੇ ਦੇਸ਼ ਨੂੰ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਭਾਵੇਂ ਸਿਆਸਤ ਵਿਚ ਉਹ ਬਹਤ ਥੋੜੇ ਦਿਨ ਰਹੇ ਪਰ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਜੋ ਤਰੱਕੀ ਕੀਤੀ ਉਹ ਬਹੁਤ ਸ਼ਲਾਘਾਯੋਗ ਹੈ। ਉਹ ਬੜੀ ਤੇਜ਼ੀ ਨਾਲ ਸਿਆਸਤ ਵਿਚ ਆਏ, ਤੇਜ਼ੀ ਨਾਲ ਤਰੱਕੀ ਕੀਤੀ ਅਤੇ ਤੇਜ਼ੀ ਨਾਲ ਹੀ ਸਾਡੇ ਵਿਚੋਂ ਚਲੇ ਗਏ। ਉਨ੍ਹਾਂ ਦੇ ਅੰਦਰ ਤੇਜ਼ੀ ਨਾਲ ਤਰੱਕੀ ਕਰਨ ਦੇ ਕੁਝ ਗੁਣ ਸਨ ਜਿਸ ਨਾਲ ਕਿ ਉਹ ਜਲਦੀ ਹੀ ਇਸ ਪੁਜ਼ੀਸ਼ਨ ਤਕ ਪਹੁੰਚੇ। ਉਹ ਇਕ ਡਾਇਨਾਮਿਕ ਇਨੀਸ਼ੀਏਟਰ ਅਤੇ ਕੁਇਕ ਡਸੀਜ਼ਨ ਕਰਨ ਦੀ ਕਾਬਲੀਅਤ ਅਤੇ ਆਰਗੇਨਿਜ਼ਮ ਦੀਆਂ ਐਬਿਲੀਟੀਜ਼ ਰਖਦੇ ਸਨ। ਜਦੋਂ ਕਾਂਗਰਸ ਦੀ ਡਿਫੀਟ ਹੋਈ ਤਾਂ ਉਨ੍ਹਾਂ ਨੇ ਦਿਲ ਨਹੀਂ ਛਡਿਆ ਔਰ ਮੈਂ ਸਮਝਦਾ ਹਾਂ ਕਿ ਜੋ ਤਬਦੀਲੀ ਹੁਣ ਆਈ ਹੈ ਇਸ ਵਿਚ ਉਨ੍ਹਾਂ ਦਾ ਬਹੁਤ ਵੱਡਾ ਹਿੱਸਾ ਹੈ।

ਸਰਦਾਰ ਗਿਆਨ ਸਿੰਘ ਰਾੜੇਵਾਲਾ ਨੂੰ ਸਾਰਾ ਹਾਊਸ ਜਾਣਦਾ ਹੈ। ਉਹ ਚੀਫ਼ ਮਨਿਸਟਰ ਰਹੇ ਸਨ ਅਤੇ ਬੜੇ ਚੰਗੇ ਐਡਮਨਿਸਟਰੇਟਰ ਵੀ ਸਨ। ਉਨ੍ਹਾਂ ਨੂੰ ਸੋਸ਼ਲ ਸਰਵਿਸ ਵਿਚ ਬੜੀ ਦਿਲਚਸਪੀ ਸੀ। ਉਨ੍ਹਾਂ ਨੇ ਕਈ ਐਜੂਕੇਸ਼ਨਲ ਇੰਸਟੀਚਿਓਸ਼ਨਜ਼ ਵਿਚ ਆਪਣਾ ਹਿਸਾ ਪਾਇਆ ਸੀ। ਉਹ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ-ਪ੍ਰਬੰਧਕ ਕਮੇਟੀ ਵਿਚ ਵੀ ਕੰਮ ਕਰਦੇ ਰਹੇ। ਉਨ੍ਹਾਂ ਦੀ ਮੌਤ ਨਾਲ ਸਾਰੇ ਪੰਜਾਬ ਨੂੰ ਬੜਾ ਹੀ ਘਾਟਾ ਪਿਆ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਮਾਸਟਰ ਗੁਰਬੰਤਾ ਸਿੰਘ ਜੀ ਪਹਿਲਾਂ 12 ਸਾਲ ਟੀਚਰ ਰਹੇ ਉਹ ਪਾਰਲੀਮੈਂਟਰੀ ਸੈਕਟਰੀ ਰਹੇ। ਪੰਜਾਬ ਕਾਂਗਰਸ ਦੇ ਮੀਤ ਪ੍ਰਧਾਨ ਰਹੇ। ਏ. ਆਈ. ਸੀ. ਸੀ. ਦੇ ਮੈਂਬਰ ਰਹੇ। ਉਹ ਐਮ. ਐਲ. ਏ. ਰਹੇ ਅਤੇ ਫਿਰ ਐਗਰੀਕਲਚਰ ਮਨਿਸਟਰ ਰਹੇ। ਉਨ੍ਹਾਂ ਦੀ ਕੰਟਰੀਬਿਊਸ਼ਨ ਪੰਜਾਬ ਵਾਸਤੇ ਬਹੁਤ ਵੱਡੀ ਹੈ। ਉਨ੍ਹਾਂ ਦੀ ਮੌਤ ਨਾਲ ਸਾਨੂੰ ਸਾਰਿਆਂ ਨੂੰ ਬਹੁਤ ਵੱਡਾ ਦੁੱਖ ਹੋਇਆ।

ਸਰਦਾਰ ਨਰੋਤਮ ਸਿੰਘ ਜੀ ਦਾ 1920 ਵਿਚ ਜਨਮ ਹੋਇਆ ਸੀ। ਗੋਪੀ ਚੰਦ ਭਾਰਗੋ ਦੀ ਮਨਿਸ-ਟਰੀ ਵਿਚ ਉਹ ਮਨਿਸਟਰ ਰਹੇ ਬਹੁਤ ਵੱਡੇ ਇਨਟਲੈਕਚੁਅਲ ਸਨ। ਹਾਈ ਕੋਰਟ ਵਿਚ ਬਹੁਤ ਦੇਰ ਪ੍ਰੈਕਟਿਸ ਵੀ ਕੀਤੀ। ਉਨ੍ਹਾਂ ਦੀ ਕਾਬਲੀਅਤ ਬਾਰੇ ਸਾਰੇ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਨੂੰ ਪਿੰਡਾਂ ਦੀ ਜ਼ਿੰਦਗੀ ਵਿਚ ਦਿਲਚਸਪੀ ਸੀ ਔਰ ਉਨ੍ਹਾਂ ਨੇ ਪਿੰਡਾਂ ਦੇ ਸਧਾਰ ਵਾਸਤੇ ਬਹੁਤ ਕੰਮ ਕੀਤੇ ਸਨ।

ਸਰਦਾਰ ਗੋਪਾਲ ਸਿੰਘ ਖਾਲਸਾ ਪਰੌਮੀਨੈਂਟ ਅਕਾਲੀ ਲੀਡਰ ਸਨ । ਉਹ ਪਾਰਲੀਮੈਂਟਰੀ ਸੈਕਟਰੀ ਰਹੇ ਅਤੇ 1952 ਵਿਚ ਐਮ. ਐਲ. ਏ. ਬਣੇ ਅਤੇ ਆਪੋਜ਼ੀਸ਼ਨ ਦੇ ਲੀਡਰ ਵੀ ਰਹੇ। ਸਰਦਾਰ ਗੋਪਾਲ ਸਿੰਘ ਖਾਲਸਾ ਜੀ ਨੇ ਪਰਭਾਤ ਅਖਬਾਰ ਦੀ ਸੇਵਾ ਕੀਤੀ।

ਮੌਲਵੀ ਅਬਦੁਲ ਗਨੀ ਦਾਰ, ਫਰੀਡਮ ਫਾਈਟਰ ਸੀ ਅਤੇ ਬਹੁਤ ਵਾਰੀ ਜੇਲ੍ਹ ਗਏ। ਬਹੁਤ ਵੱਡੇ ਓਰੇਟਰ ਹੋਏ ਹਨ। ਉਨ੍ਹਾਂ ਦੀਆਂ ਸਪੀਚਾਂ ਵਿਚ ਬੜੀ ਕਸ਼ਿਸ਼ ਸੀ। ਉਨ੍ਹਾਂ ਨੇ ਸਾਰੀ ਜ਼ਿੰਦਗੀ ਲੜਦੇ ਹੋਏ ਗੁਜ਼ਾਰ ਦਿਤੀ ਆਪਣੀ ਪਾਰਟੀ ਦੇ ਹਕਾਂ ਦੀ ਰਾਖੀ ਕੀਤੀ। ਉਹ ਰਾਜ ਸਭਾ ਦੇ ਅਤੇ ਪਾਰਲੀਆ-ਮੈਂਟ ਦੇ ਵੀ ਮੈਂਬਰ ਰਹੇ ਸਨ।

ਸ੍ਰੀ ਬਾਮ ਦੇਵ ਜੀ ਐਗਰੀਕਲਚਰਿਸਟ ਸਨ। ਬਾਮ ਦੇਵ ਜੀ ਪੰਚਾਇਤੀ ਰਾਜ ਵਿਚ ਸੇਵਾ ਕਰਦੇ ਰਹੇ ਅਤੇ ਕੋਆਪਰੇਟਿਵ ਮੂਵਮੈਂਟ ਵਿਚ ਬਹੁਤ ਵੱਡਾ ਹਿੱਸਾ ਪਾਇਆ। ਬਾਮ ਦੇਵ ਜੀ ਪੰਚਾਇਤ ਸੰਮ-ਤੀਆਂ ਦੇ ਚੇਅਰਮੈਨ ਰਹੇ। ਇਸ ਤੋਂ ਇਲਾਵਾ ਖੇਤੀ ਦੇ ਕੰਮ ਵਾਸਤੇ ਬੜੀ ਸੇਵਾ ਕੀਤੀ।

ਸਰਦਾਰ ਗੁਰਬਖਸ਼ ਸਿੰਘ ਸਿਬੀਆ, ਸਾਬਕਾ ਇਰੀਗੇਸ਼ਨ ਐਂਡ ਪਾਵਰ ਮਨਿਸਟਰ ਸਨ ਅਤੇ ਬਹੁਤ ਵੱਡੇ ਐਡਮਨਿਸਟਰੇਟਰ ਸਨ। ਉਨ੍ਹਾਂ ਨੇ ਆਪਣੇ ਮਹਿਕਮੇ ਵਿਚ ਕਾਫੀ ਸੁਧਾਰ ਲਿਆਂਦਾ ਤੇ ਪੰਜਾਬ ਦੀ ਬਹੁਤ ਸੇਵਾ ਕੀਤੀ।

ਸ੍ਰੀਮਤੀ ਲੇਖਵਤੀ ਜੈਨ, ਸਾਬਕਾ ਡਿਪਟੀ ਸਪੀਕਰ, ਹਰਿਆਣਾ ਵਿਧਾਨ ਸਭਾ ਸਨ ਅਤੇ ਉਨ੍ਹਾਂ ਨੇ ਲੋਕਾਂ ਦੀ ਬਹੁਤ ਸੇਵਾ ਕੀਤੀ। ਹਰ ਪੱਖ ਤੋਂ ਸੁਧਾਰ ਕਰਨ ਵਿਚ ਉਨ੍ਹਾਂ ਨੇ ਬਹੁਤ ਵੱਡਾ ਹਿਸਾ ਪਾਇਆ।

ਪ੍ਰੋਫੈਸਰ ਸਰਦਾਰੀ ਲਾਲ ਚੋਪੜਾ ਐਮ. ਐਲ. ਸੀ. ਰਹੇ ਸਨ। ਉਹ ਐਜੂਕੇਸ਼ਨ ਲਈ ਕੰਮ ਕਰਦੇ ਸਨ। ਉਹ ਟੀਚਰ ਵੀ ਰਹੇ ਅਤੇ ਐਜੂਕੇਸ਼ਨ ਦੇ ਖੇਤਰ ਵਿਚ ਉਨ੍ਹਾਂ ਦਾ ਬਹੁਤ ਵੱਡਾ ਸਥਾਨ ਸੀ।

ਸਪੀਕਰ ਸਾਹਿਬ, ਇੱਕ ਹੋਰ ਸ਼ਖਸੀਅਤ ਜਿਸ ਦਾ ਨਾਂ ਇਥੇ ਨਹੀਂ ਲਿਆ ਗਿਆ ਉਹ ਹਨ ਜੱਥੇ-ਦਾਰ ਗੁਰਮੇਲ ਸਿੰਘ, ਇਹ ਦੋ ਵਾਰ ਐਮ. ਐਲ. ਏ. ਇਲੈਕਟ ਹੋ ਕੇ ਆਏ ਸਨ। ਉਨ੍ਹਾਂ ਨੇ ਬਟਾਲਾ ਵਿਚ ਕਾਲਜ ਚਲਾਇਆ ਅਤੇ ਉਸ ਦੇ ਪ੍ਰਧਾਨ ਵੀ ਰਹੇ। ਉਨ੍ਹਾਂ ਦੀ ਮਨਸ਼ਾ ਸੀ ਇਨਸਾਨੀਅਤ ਦੀ ਸੇਵਾ ਕਰਨਾ। ਲੀਡਰ ਆਫ ਦੀ ਹਾਊਸ ਨੇ ਜੋ ਮਤਾ ਲਿਆਂਦਾ ਹੈ, ਮੈਂ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਵਾਹਿਗੁਰੂ ਅਗੇ ਅਰਦਾਸ ਕਰਦਾ ਹਾਂ ਕਿ ਵਿਛੜੀਆਂ ਸ਼ਖਸੀਅਤਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੂੰਬਾ** (ਸੁਤਰਾਣਾ, ਐਸ. ਸੀ.) . ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਮਾਰਸ਼ਲ ਜੋਸਿਪ ਬਰੋਜ਼ ਟੀਟੋ, ਯੋਗੋਸਲਾਵੀਆ ਦੇ ਰਾਸ਼ਟਰਪਤੀ ਦੀ ਮੌਤ ਦੀ ਖਬਰ ਸੁਣ ਕੇ ਸਾਹੇ ਦੇਸ਼ ਵਿਚ ਹੀ ਨਹੀਂ ਬਲਕਿ ਦੁਨੀਆਂ ਵਿਚ ਹੀ ਇਕ ਝੰਜੋੜਾ ਆ ਗਿਆ। ਉਹ ਇਤਨੇ ਮਹਾਨ ਕਾਬਲੀਅਤ ਔਰ ਸ਼ਖਸੀਅਤ ਵਾਲੇ ਵਿਅਕਤੀ ਸਨ ਜਿਨ੍ਹਾਂ ਨੇ ਬਹੁਤ ਵੱਡੀ ਸੇਵਾ ਸਿਰਫ ਆਪਣੇ ਦੇਸ਼ ਦੀ ਹੀ ਨਹੀਂ ਬਲ ਕਿ ਸਾਰੀ ਦੁਨੀਆ ਦੀ ਕੀਤੀ। ਉਹ ਸਾਡੇ ਵਿਚੋਂ ਵਿਛੜ ਗਏ ਹਨ। ਇਸ ਦੇ ਵਿਚ ਦੋ ਰਾਵਾਂ ਨਹੀਂ ਕਿ ਮਾਰਸ਼ਲ ਟੀਟੋ ਨੇ ਜਿਸ ਤਰੀਕੇ ਨਾਲ ਫਾਸੀਜ਼ਿਮ ਦੇ ਖਿਲਾਫ਼ ਵਰਕਿੰਗ-ਕਲਾਸ ਦੀ ਰਖਿਆ ਲਈ ਲੜਾਈ ਕੀਤੀ, ਉਹ ਇਕ ਬਹੁਤ ਵੱਡੀ ਲੜਾਈ ਸੀ। ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਮਾਰਸ਼ਲ ਟੀਟੋ ਨੂੰ ਜੋ ਨਾਨ ਅਲਾਇੰਨਮੈਂਟ ਮੂਵਮੈਂਟ ਦਾ ਪਿਲਰ ਕਹਿ ਲਿਆ ਜਾਵੇ ਤਾਂ ਗਲਤ ਨਹੀਂ ਹੋਵੇਗਾ। ਉਨ੍ਹਾਂ ਨੇ ਇਸ ਮੂਵਮੈਂਟ ਨੂੰ ਜਨਮ ਦਿਤਾ ਸ਼ੀ। ਉਥੇ ਉਨ੍ਹਾਂ ਨੇ ਅਮਨ ਕਾਨੂੰਨ ਕਾਇਮ ਕੀਤਾ ਅਤੇ ਲੇਨਿਨ ਦਾ ਸੁਪਨਾ ਸਾਕਾਰ ਕੀਤਾ। ਉਨ੍ਹਾਂ ਨੇ 1920 ਵਿਚ ਸੋਵੀਅਤ ਯੂਨੀਅਨ ਦੀ ਨੀਤੀ ਨੂੰ ਲਾਗੂ ਕਰਨ ਲਈ, ਕਿ ਦੁਨੀਆਂ ਵਿਚ ਅਮਨ ਹੋਵੇ ਅਤੇ ਲੜਾਈ ਨਾ ਹੋਵੇ ਇਸ ਲਈ ਵਰਲਡ ਪੀਸ ਵਿਚ ਯੋਗਦਾਨ ਦਿਤਾ। ਉਸ ਦੀ ਸੇਵਾ ਨੂੰ ਨਹੀਂ ਭੁਲ ਸਕਦੇ। ਇਸ ਲਈ ਸਪੀਕਰ ਸਾਹਿਬ, ਇਤਨੇ ਵੱਡੇ ਮਹਾਨ ਸ਼ਖਸੀਅਤ ਅਤੇ ਜੋਧੇ ਦੀ ਮੌਤ ਤੇ ਸਾਰੀ ਦੁਨੀਆਂ ਨੂੰ, ਵਰਕਿੰਗ ਕਲਾਸ ਨੂੰ ਅਤੇ ਸਾਡੀ ਪਾਰਟੀ ਨੂੰ ਬਹੁਤ ਬੜਾ ਧੱਕਾ ਲਗਾ।

ਸ੍ਰੀ ਵੀ. ਵੀ. ਗਿਰੀ ਬਾਰੇ ਸ੍ਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਰਦਾਰ ਦਰਬਾਰਾ ਸਿੰਘ ਜੀ ਨੇ ਜੋ ਕਿਹਾ ਹੈ, ਮੇਰੀ ਪਾਰਟੀ ਉਸ ਨਾਲ ਮੁਤਫਿਕ ਹੈ। ਭਾਵੇਂ ਉਨ੍ਹਾਂ ਨੇ ਕੈਬਨਿਟ ਡਿਸੀਜ਼ਨ ਦੇ ਖਿਲਾਫ ਔਰ ਵਰਕਿੰਗ ਕਲਾਸ ਦੇ ਹੱਕ ਵਿਚ, ਜਿਸ ਵੇਲੇ ਹਿੰਦੁਸਤਾਨ ਦੇ ਉਹ ਰਾਸ਼ਟਰਪਤੀ ਸਨ, ਬੋਲੇ। ਜਦੋਂ ਰੇਲਵੇ ਸਟਰਾਈਕ ਹੋਈ ਤਾਂ ਸ੍ਰੀ ਵੀ. ਵੀ. ਗਿਰੀ ਨੇ ਉਸ ਵੇਲੇ ਪ੍ਰੈਜ਼ੀਡੈਂਟ ਹੁੰਦੇ ਹੋਏ, ਇਨਸਾਨੀਅਤ ਦੀ ਖਾਤਰ ਜ਼ੁਲਮ ਦੇ ਖਿਲਾਫ਼ ਡਟ ਕੇ ਸਟੇਟਮੈਂਟ ਦਿੱਤੀ। ਇਸ ਤੋਂ ਵੱਡੀ ਗੱਲ ਹੋਰ ਕੀ ਹੋ ਸਕਦੀ ਹੈ, ਜਿਸ ਤਰ੍ਹਾਂ ਬਾਦਲ ਸਾਹਿਬ ਨੇ ਵੀ ਦਸਿਆ ਹੈ, ਕਿ ਉਨ੍ਹਾਂ ਨੇ ਕਿਹਾ ਸੀ ਕਿ ਮੇਰੀ ਮੌਤ ਤੋਂ ਬਾਅਦ ਕੋਈ ਪੈਸਾ ਖਰਚ ਨਾ ਕੀਤਾ ਜਾਵੇ। ਉਨ੍ਹਾਂ ਦੀ ਮੌਤ ਤੇ ਸਿਰਫ 80 ਰੁਪਏ ਖਰਚ ਕੀਤੇ ਗਏ। ਇਸ ਤੋਂ ਵੱਡੀ ਸਾਦਗੀ ਹੋਰ ਕੀ ਹੋ ਸਕਦੀ ਹੈ। ਵਰਕਿੰਗ ਕਲਾਸ ਵਿਚ ਜਿਸ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ ਉਸ ਤੇ ਉਹ ਪੂਰੇ ਉਤਰੇ। ਉਨ੍ਹਾਂ ਦੀ ਮੌਤ ਤੇ ਸਾਡੀ ਪਾਰਟੀ ਨੂੰ ਅਤੇ ਦੇਸ਼ ਨੂੰ ਬਹੁਤ ਧੱਕਾ ਵੱਜਾ ਹੈ। ਉਨ੍ਹਾਂ ਦੀ ਮੌਤ ਨਾਲ ਜੋ ਘਾਟਾ ਪਿਆ ਹੈ, ਉਹ ਪੂਰਾ ਨਹੀਂ ਕੀਤਾ ਜਾ ਸਕਦਾ।

ਸ੍ਰੀ ਸੀ. ਐਮ. ਤ੍ਰਿਵੇਦੀ, ਪੰਜਾਬ ਦੇ ਗਵਰਨਰ ਰਹੇ। ਉਨ੍ਹਾਂ ਨੇ ਪੰਜਾਬ ਦੀ ਬੜੀ ਸੇਵਾ ਕੀਤੀ ਸੀ। ਇਸ ਵਿਚ ਕੋਈ ਦੋ ਰਾਵਾਂ ਨਹੀਂ। ਸਿਆਸੀ ਮਤਭੇਦ ਹੋ ਸਕਦੇ ਹਨ ਪਰ ਮੈਂ ਸਮਝਦਾ ਹਾਂ ਕਿ ਜੇ ਮਤ ਭੇਦ ਨਹੀਂ ਹੋਣਗੇ ਤਾਂ ਤਰੱਕੀ ਨਹੀਂ ਹੋ ਸਕਦੀ। ਇਸ ਲਈ ਮਤ ਭੇਦ ਨਾਲ ਹੀ ਤਰੱਕੀ ਹੁੰਦੀ ਹੈ।

ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਸ੍ਰੀ ਸੰਜੇ ਗਾਂਧੀ ਦੀ ਮੌਤ ਦੀ ਖਬਰ ਸੁਣ ਕੇ ਸਾਰੇ ਦੇਸ਼ ਵਿਚ ਸੱਨਾਟਾ ਛਾ ਗਿਆ। ਸੰਜੇ ਗਾਂਧੀ ਦੀ ਬਹੁਤ ਬੇਵਕਤ ਮੌਤ ਹੋਈ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਉਮਰ ਵਿਚ ਜਿਸ ਤਰੀਕੇ ਨਾਲ ਉਹ ਤਰੱਕੀ ਕਰ ਰਹੇ ਸਨ ਔਰ ਜਿਸ ਤਰੀਕੇ ਨਾਲ ਉਹ ਆਪਣੀ ਜਮਾਤ ਨੂੰ ਪਾਲਨ ਲਈ ਅੱਗੇ ਵੱਧ ਰਹੇ ਸਨ ਉਸ ਦੀ ਕੋਈ ਮਿਸਾਲ ਨਹੀਂ ਮਿਲਦੀ। ਉਨ੍ਹਾਂ ਵਿਚ ਆਪਣੀ ਜਮਾਤ ਨੂੰ ਪਾਲਣ ਵਾਲੇ ਸਾਰੇ ਗੁਣ ਸਨ। ਉਨ੍ਹਾਂ ਦੀ ਮੌਤ ਨਾਲ ਕਾਂਗਰਸ ਪਾਰਟੀ ਨੂੰ ਅਤੇ ਉਨ੍ਹਾਂ ਦੀ ਜਮਾਤ ਨੂੰ ਬੜਾ ਧੱਕਾ ਲਗਾ ਹੈ। ਇਹ ਸ਼ਖਸੀਅਤ ਸਾਡੇ ਨਾਲੋਂ ਵਿਛੜ ਗਈ ਹੈ। ਮੇਰੀ ਪਾਰਟੀ ਉਨ੍ਹਾਂ ਦੇ ਪਰਿਵਾਰ ਨਾਲ ਅਤੇ ਹੋਰ ਸਬੰਧੀਆਂ ਨਾਲ ਦਿਲੋਂ ਹਮਦਰਦੀ ਜ਼ਾਹਿਰ ਕਰਦੀ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੰਬਾ]

ਮਾਸਟਰ ਗੁਰਬੰਤਾ ਸਿੰਘ ਬਹੁਤ ਕਮਜ਼ੋਰ ਵਰਗ ਵਿਚੋਂ ਆਏ ਸਨ। ਉਹ ਮਾਸਟਰ ਵੀ ਰਹੇ ਅਤੇ ਮਨਿਸਟਰ ਵੀ ਰਹੇ ਸਨ ਔਰ ਉਨ੍ਹਾਂ ਨੇ ਸਮੇਂ ਦੇ ਮੁਤਾਬਿਕ ਆਪਣੀ ਪਾਰਟੀ ਦੀਆਂ ਨੀਤੀਆਂ ਦੇ ਮੁਤਾਬਿਕ ਸੇਵਾ ਕੀਤੀ।

ਸਰਦਾਰ ਗਿਆਨ ਸਿੰਘ ਰਾੜੇਵਾਲਾ, ਸਰਦਾਰ ਗੁਰਬਖਸ਼ ਸਿੰਘ ਸਿਬੀਆ, ਸਰਦਾਰ ਨਰੋਤਮ ਸਿੰਘ, ਮਿਸਿਜ਼ ਲੇਖਵਤੀ ਜੈਨ, ਮੌਲਵੀ ਅਬਦੁਲਗਨੀ ਦਾਰ, ਸਰਦਾਰ ਗੋਪਾਲ ਸਿੰਘ ਖਾਲਸਾ, ਸ੍ਰੀ ਬਾਮ ਦੇਵ, ਪ੍ਰੋਫੈਸਰ ਸਰਦਾਰੀ ਲਾਲ ਚੋਪੜਾ ਔਰ ਜੱਥੇਦਾਰ ਗੁਰਮੇਲ ਸਿੰਘ, ਉਹ ਵੀ ਇਸ ਹਾਊਸ ਵਿੱਚ ਮੈਂਬਰ ਰਹੇ ਸਨ, ਮੈਂ ਸਮਝਦਾ ਹਾਂ ਕਿ ਇਨ੍ਹਾਂ ਸਾਰਿਆਂ ਨੇ ਜਿਸ ਤਰੀਕੇ ਨਾਲ ਵੀ ਹੋ ਸਕਿਆ ਦੇਸ਼ ਦੀ ਅਤੇ ਲੋਕਾਂ ਦੀ ਸੇਵਾ ਕੀਤੀ। ਜੇ ਕੋਈ ਕਿਸਾਨਾਂ ਵਿਚੋਂ ਸਨ ਤਾਂ ਉਨ੍ਹਾਂ ਨੇ ਕਿਸਾਨਾਂ ਦੀ ਔਰ ਜੇ ਮਜ਼ਦੂਰਾਂ ਵਿਚੋਂ ਸਨ ਉਨ੍ਹਾਂ ਨੇ ਮਜ਼ਦੂਰਾਂ ਦੀ ਜਿੰਨੀ ਵੀ ਉਸ ਸਮੇਂ ਦੇ ਮੁਤਾਬਿਕ ਉਹ ਸੇਵਾ ਕਰ ਸਕਦੇ ਸਨ, ਕੀਤੀ। ਇਸ ਲਈ ਸਾਨੂੰ ਇਨ੍ਹਾਂ ਦੀ ਮੌਤ ਉਤੇ, ਇਨ੍ਹਾਂ ਦੇ ਸਾਡੇ ਵਿਚੋਂ ਚਲੇ ਜਾਣ ਤੇ ਜੋ ਸਾਨੂੰ ਘਾਟਾ ਪਿਆ ਹੈ, ਉਸ ਤੇ ਬਹੁਤ ਅਫ਼ਸੋਸ ਹੈ। ਇਨ੍ਹਾਂ ਦੇ ਪਰਿਵਾਰਾਂ ਨਾਲ, ਇਨ੍ਹਾਂ ਦੇ ਹਮਦਰਦੀਆਂ ਨਾਲ ਜਾਂ ਇਨ੍ਹਾਂ ਦੇ ਰਿਸ਼ਤੇਦਾਰਾਂ ਨਾਲ ਸਾਡੀ ਡੂੰਘੀ ਹਮਦਰਦੀ ਹੈ। ਹਾਊਸ ਵਿੱਚ ਇਸ ਬਾਰੇ ਜੋ ਮਤਾ ਪੇਸ਼ ਹੋਇਆ ਹੈ, ਉਸ ਨਾਲ ਸਾਡੀ ਸਹਿਮਤੀ ਹੈ।

**ਮਾਸਟਰ ਚੰਦ ਸਿੰਘ** (ਸ਼ੇਰਪਰ–ਐਸ.ਸੀ.) : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਜਿਹੜਾ ਸ਼ੋਕ ਦਾ ਪ੍ਰਸਤਾਵ ਪੇਸ਼ ਕੀਤਾ ਹੈ ਮੈਂ ਆਪਣੀ ਪਾਰਟੀ ਵਲੋਂ ਇਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਦੁਨੀਆਂ ਦੇ ਪਰਮੁੱਖ ਵਿਅੱਕਤੀ ਕਾਮਰੇਡ ਟੀਟੋ ਜਿਹੜੇ ਕਿ ਯੋਗੋਸਲਾਵੀਆ ਵਿਚ ਹੀ ਨਹੀਂ ਬਲਕਿ ਦਨੀਆਂ ਵਿਚ ਇੱਕ ਜਰਨੈਲ ਦੇ ਤੌਰ ਤੇ ਜਾਣੇ ਜਾਂਦੇ ਰਹੇ, ਉਹ ਪਿਛੇ ਜਿਹੇ ਸਾਡੇ ਤੋਂ ਵਿਛੜ ਗਏ ਹਨ। ਸਨ 1945 ਤੋਂ ਲੈ ਕੇ ਮਰਨ ਤਕ ਰਾਸ਼ਟਰਪਤੀ ਰਹਿਣਾ ਅਤੇ ਆਪਣੀ ਪਾਰਟੀ ਦੇ ਔਹਦੇ ਤੇ ਰਹਿਣਾ ਇਹ ਇੱਕ ਉਨ੍ਹਾਂ ਦੀ ਬੜੀ ਵੱਡੀ ਵਡਿਆਈ ਸੀ। ਇਹ ਉਨ੍ਹਾਂ ਦੀ ਸ਼ਖ਼ਸੀਅਤ ਦਾ ਪਰਭਾਵ ਸੀ ਕਿ ਉਨ੍ਹਾਂ ਨੇ ਆਪਣੇ ਮੁਲਕ ਵਿਚ ਅਮੀਰ ਵਰਗ ਨੂੰ ਆਪਣੀ ਪਾਲਿਸੀ ਨਾਲ ਉਨ੍ਹਾਂ ਦੇ ਹੱਕਾਂ ਦੀ ਰਾਖੀ ਰੱਖਣ ਦੀ ਕੋਸ਼ਿਸ਼ ਕੀਤੀ ਅਤੇ ਨਾਲ ਹੀ ਉਥੋਂ ਦੀ ਵਰਕਿੰਗ ਕਲਾਸ ਨੂੰ ਇੱਕ ਚੰਗਾ ਰਾਜ ਪ੍ਰਬੰਧ ਦੇਣ ਲਈ ਬਹਤ ਚੰਗਾ ਹਿੱਸਾ ਪਾਇਆ। ਕੌਮਾਂਤਰੀ ਤੌਰ ਤੇ ਸਾਡੇ ਉਹ ਦੇਸ਼ ਜਿਹੜੇ ਕਿ ਆਜ਼ਾਦੀ ਦੀ ਲੜਾਈ ਲੜ ਰਹੇ ਸਨ ਅਤੇ ਉਨ੍ਹਾਂ ਨੂੰ ਆਪਣੇ ਮਿੱਤਰਾਂ ਦੀ ਲੋੜ ਸੀ ਤਾਂ ਇਨ੍ਹਾਂ ਨੇ ਦੁਨੀਆਂ ਵਿਚ ਨਿਰਪੱਖ ਦੇਸ਼ਾਂ ਦੀ ਇੱਕ ਹੋਂਦ ਨੂੰ ਕਾਇਮ ਕਰਕੇ ਉਨ੍ਹਾਂ ਦੇਸ਼ਾਂ ਨੂੰ ਅਮਰੀਕਾ ਤੋਂ, ਸਾਮਰਾਜੀਆਂ ਦੇ ਚੁੰਗਲ ਤੋਂ ਕੱਢਣ ਲਈ ਬਹੁਤ ਵੱਡਾ ਹਿੱਸਾ ਪਾਇਆ। ਮਾਰਸ਼ਲ ਟੀਟੋ ਨੇ ਅਪਣੀ ਸਾਰੀ ਜ਼ਿੰਦਗੀ ਇਨ੍ਹਾਂ ਲੋਕਾਂ ਵਾਸਤੇ ਲਗਾ ਦਿੱਤੀ। ਇਹ ਨਾਜ਼ੀਆਂ ਦੇ ਖਿਲਾਫ ਡੱਟ ਕੇ ਲੜਦੇ ਰਹੇ। ਸਾਮਰਾਜੀਆਂ ਨੇ ਇਨ੍ਹਾਂ ਨੂੰ ਕਤਲ ਕਰਨ ਲਈ, ਇਨ੍ਹਾਂ ਨੂੰ ਮਾਰਨ ਲਈ ਬੜੇ ਵੱਡੇ ਵੱਡੇ ਇਨਾਮ ਰਖੇ ਸਨ ਪਰ ਇਹ ਲੋਕਾਂ ਵਿਚ ਬੜੇ ਹਰਮਨ ਪਿਆਰੇ ਸਨ ਅਤੇ ਇਸੇ ਕਾਰਣ ਹੀ ਇਹ ਇਨਾਮ ਸਿਰੇ ਨਾ ਚੜ੍ਹ ਸਕੇ। ਇਨ੍ਹਾਂ ਦੇ ਸਿਰ ਦਾ ਜੋ ਇਨਾਮ ਰਖਿਆ ਹੋਇਆ ਸੀ ਉਹ ਗੱਲ ਸਿਰੇ ਨਾ ਚੜ੍ਹ ਸਕੀ। ਉਹ ਕੌਮਾਂਤਰੀ ਲੀਡਰ ਸਾਡੇ ਵਿਚੋਂ ਵਿਛੜ ਗਿਆ ਹੈ ਅਤੇ ਇਸ ਤੇ ਸਾਨੂੰ ਡੂੰਘਾ ਅਫਸੋਸ ਹੈ। ਇਨ੍ਹਾਂ ਦੇ ਪਾਏ ਹੋਏ ਪੂਰਣਿਆਂ ਤੇ ਸਾਨੂੰ ਚਲਣ ਦਾ ਐਹਿਦ ਕਰਨਾ ਚਾਹੀਦਾ ਹੈ।

ਸਾਡੇ ਰਾਸ਼ਟਰ ਦੇ ਨੇਤਾ ਸ੍ਰੀ ਵੀ.ਵੀ. ਗਿਰੀ, ਜਿਹੜੇ ਟਰੇਡ ਯੂਨੀਅਨ ਦੇ ਨੇਤਾ ਸਨ, ਟਰੇਡ ਯੂਨੀਅਨ ਵਿਚ ਕੰਮ ਕਰਦੇ ਹੋਏ, ਬੜੇ ਤਕੜੇ ਹੋ ਕੇ ਆਪਣੀ ਜ਼ਿੰਦਗੀ ਨੂੰ ਘੋਲਾਂ ਵਿਚ ਪਾਉਂਦੇ ਹੋਏ ਇੱਕ ਰਾਜਨੀਤਕ ਨੇਤਾ ਦੇ ਤੌਰ ਤੇ ਉਭਰੇ। ਇਹ ਗਵਰਨਰ ਰਹੇ, ਮੰਤਰੀ ਰਹੇ, ਉਪ ਰਾਸ਼ਟਰਪਤੀ ਰਹੇ ਅਤੇ ਰਾਸ਼ਟਰਪਤੀ

Original with;
Punjab Vidhan Sabha
Digitized by;
Panjab Digital Library

ਵੀ ਰਹੇ । ਸਪੀਕਰ ਸਾਹਿਬ, ਜਿਹੜਾ ਕੋਈ ਵਰਕਿੰਗ ਕਲਾਸ ਲਈ ਲੜਦਾ ਹੋਏ ਉਸ ਨੂੰ ਵਰਕਿੰਗ ਕਲਾਸ ਨਾਲ ਪਿਆਰ ਜਾਗਦਾ ਹੈ। ਤੁਹਾਨੂੰ ਯਾਦ ਹੋਏਗਾ ਕਿ ਜਦੋਂ ਰੇਲਵੇ ਮੁਲਾਜ਼ਮਾਂ ਨੇ ਹੜਤਾਲ ਕੀਤੀ ਤਾਂ ਰੇਲਵੇ ਮੁਲਾਜ਼ਮਾਂ ਤੇ ਬੜੇ ਤਸ਼ੱਦਦ ਕੀਤੇ ਗਏ। ਉਨ੍ਹਾਂ ਦੀਆਂ ਬੀਵੀਆਂ ਅਤੇ ਬੱਚਿਆਂ ਨੂੰ ਬਹੁਤ ਬੁਰੀ ਤਰ੍ਹਾਂ ਨਾਲ ਤੰਗ ਕੀਤਾ ਗਿਆ। ਹਰ ਤਰ੍ਹਾਂ ਦੇ ਜੱਬਰ ਉਨ੍ਹਾਂ ਤੇ ਢਾਏ ਗਏ । ਇਹ ਉਸ ਵੇਲੇ ਹਿੰਦੁਸਤਾਨ ਦੇ ਰਾਸ਼ਟਰਪਤੀ ਹੁੰਦੇ ਹੋਏ ਵੀ ਇਨ੍ਹਾਂ ਨੇ ਇਸ ਗਲ ਨੂੰ ਕੰਡੈਮ ਕੀਤਾ ਤੇ ਕਿਹਾ ਕਿ ਇਹ ਮਾੜੀ ਗੱਲ ਹੈ। ਇਹ ਬਹੁਤ ਵੱਡੀ ਗੱਲ ਹੈ ਜਿਹੜੀ ਕਿ ਇਨ੍ਹਾਂ ਨੂੰ ਗਰੀਬਾਂ ਨਾਲ ਸਹਾਨਭੂਤੀ ਸੀ।

ਸ੍ਰੀ ਸੀ.ਐਮ. ਤ੍ਰਿਵੇਦੀ, ਪੰਜਾਬ ਦੇ ਸਾਬਕਾ ਰਾਜਪਾਲ ਰਹੇ ਹਨ। ਇਹਨਾਂ ਨੇ ਪੰਜਾਬ ਨੂੰ ਬੜਾ ਸੋਹਣਾ ਰਾਜਪ੍ਰਬੰਧ ਦਿੱਤਾ। ਉਹ ਸਾਡੇ ਤੋਂ ਵਿਛੜ ਗਏ ਹਨ ਜਿਸ ਨਾਲ ਸਾਨੂੰ ਬਹੁਤ ਘਾਟਾ ਪਿਆ ਹੈ।

ਸ੍ਰੀ ਸੰਜੇ ਗਾਂਧੀ, ਇੱਕ ਨੌਜਵਾਨ ਲੀਡਰ ਸਨ। ਆਲ ਇੰਡੀਆ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਸਨ। ਇਨ੍ਹਾਂ ਨੇ ਬੜੀ ਤੇਜ਼ੀ ਨਾਲ ਤਰੱਕੀ ਕੀਤੀ। ਸੰਜੇ ਗਾਂਧੀ ਜੀ ਇੱਕ ਭਿਆਨਕ ਹਾਦਸੇ ਵਿੱਚ ਸਵਰਗਵਾਸ ਹੋ ਗਏ। ਇਸ ਗੱਲ ਨਾਲ ਕਾਂਗਰਸ ਪਾਰਟੀ ਨੂੰ ਬਹੁਤ ਵੱਡਾ ਧੱਕਾ ਵੱਜਾ ਹੈ । ਇਸ ਤੇ ਮੈਂ ਆਪਣੇ ਵਲੋਂ ਕਾਂਗਰਸ ਪਾਰਟੀ ਨਾਲ ਹਮਦਰਦੀ ਰੱਖਦਾ ਹਾਂ ਅਤੇ ਅਫਸੋਸ ਦਾ ਪਰਗਟਾਵਾ ਕਰਦਾ ਹਾਂ।

ਮਾਸਟਰ ਗੁਰਬੰਤਾ ਸਿੰਘ ਜੀ 1972 ਤੋਂ ਲੈ ਕੇ 1977 ਤੱਕ ਇਸ ਹਾਊਸ ਵਿੱਚ ਮਨਿਸਟਰ ਰਹੇ ਔਰ ਉਸ ਵੇਲੇ ਮੈਂ ਇਸ ਹਾਊਸ ਦਾ ਮੈਂਬਰ ਸੀ ਇਸ ਲਈ ਉਨ੍ਹਾਂ ਨੂੰ ਉਸ ਸਮੇਂ ਮਿਲਣ ਦਾ ਮੌਕਾ ਮਿਲਿਆ। ਉਹ ਬੜੇ ਹਸ ਮੁੱਖ, ਬੜੇ ਚੰਗੇ ਤਜਰਬਾਕਾਰ, ਕਿਸੇ ਨਾਲ ਕੋਈ ਵੈਰ ਵਿਰੋਧ ਨਾ ਰੱਖਣ ਵਾਲੇ ਅਤੇ ਗਰੀਬਾਂ ਵਲ ਉਨ੍ਹਾਂ ਦਾ ਰਵੱਈਆ ਬੜਾ ਚੰਗਾ ਸੀ। ਉਹ ਟੀਚਰ ਰਹੇ ਸਨ ਅਤੇ ਟੀਚਰਾਂ ਦੀ ਬਿਹਤਰੀ ਲਈ ਵੀ ਉਹ ਸੁਝਾਵ ਰੱਖਦੇ ਸਨ। ਉਹ ਸਾਡੇ ਵਿੱਚ ਨਹੀਂ ਰਹੇ ਜਿਸ ਨਾਲ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਸਰਦਾਰ ਗਿਆਨ ਸਿੰਘ ਰਾੜੇਵਾਲਾ, ਸਾਬਕਾ ਮੱਖ ਮੰਤਰੀ, ਪੈਪਸੂ, ਇਨ੍ਹਾਂ ਨੇ ਪਹਿਲਾਂ ਆਪਣੀ ਜ਼ਿੰਦਗੀ ਮੈਜਿਸਟ੍ਰੇਟ ਔਰ ਡੀ.ਸੀ. ਤੋਂ ਸ਼ੁਰੂ ਕਰਕੇ ਫਿਰ ਪੁਲੀਟੀਕਲ ਦਾਇਰੇ ਵਿਚ ਆਏ ਔਰ ਬਾਅਦ ਵਿਚ ਪੈਪਸੂ ਦੇ ਸੀ.ਐਮ. ਰਹੇ। ਉਸ ਵੇਲੇ ਪੈਪਸੂ ਵਿਚ ਮੁਜ਼ਾਰਾ ਮੂਵਮੈਂਟ ਚੱਲੀ । ਜਾਗੀਰਦਾਰ ਮੁਜ਼ਾਰਿਆਂ ਨੂੰ ਮਾਰਨ ਤੇ ਰਾਜ਼ੀ ਸਨ ਪਰ ਉਨ੍ਹਾਂ ਦੇ ਦਬਾਉ ਹੇਠ ਉਨ੍ਹਾਂ ਨੂੰ ਮਾਲਕੀ ਦੇ ਹੱਕ ਦੇਣੇ ਪਏ।

ਸਰਦਾਰ ਗੁਰਬਖਸ਼ ਸਿੰਘ ਸਿਬੀਆ, ਸਾਬਕਾ ਇਰੀਗੇਸ਼ਨ ਮਨਿਸਟਰ, ਇਹ ਸਾਡੇ ਆਪਣੇ ਜ਼ਿਲ੍ਹੇ ਦੇ ਰਹਿਣ ਵਾਲੇ ਸਨ। ਇਹ ਬੜੇ ਈਮਾਨਦਾਰ, ਅਣਥੱਕ ਅਤੇ ਬੜੇ ਸੁਲਝੇ ਹੋਏ ਸਾਥੀ ਸਨ। ਉਨ੍ਹਾਂ ਨੂੰ ਕਿਸੇ ਨਾਲ ਵੀ ਗੁੱਸੇ ਹੋਏ ਮੈਂ ਨਹੀਂ ਸੀ ਦੇਖਿਆ। ਸਿਬੀਆ ਸਾਹਿਬ ਸਾਡੇ ਵਿਚ ਨਹੀਂ ਰਹੇ ਜਿਸ ਨਾਲ ਸਾਨੂੰ ਬਹੁਤ ਅਫਸੋਸ ਹੈ।

ਮੌਲਵੀ ਅਬਦੁਲ ਗਨੀ ਦਾਰ, ਐਕਸ ਐਮ.ਐਲ.ਏ. ਇਹ ਬਹੁਤ ਵੱਡੇ ਫਰੀਡਮ ਫਾਈਟਰ ਅਤੇ ਲਿਖਾਰੀ ਵੀ ਸਨ। ਸਪੀਕਰ ਸਾਹਿਬ, ਪੁਲੀਟੀਕਲ ਆਦਮੀ ਹੁੰਦੇ ਹੋਏ ਵੀ ਉਨ੍ਹਾਂ ਵਲੋਂ ਕਿਤਾਬਾਂ ਵਗੈਰਾ ਲਿਖਣਾ ਬਹੁਤ ਵੱਡੀ ਗੱਲ ਹੈ। ਇਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਾਡੇ ਲੋਕਾਂ ਦੀ ਸੇਵਾ ਵਾਸਤੇ ਲਗਾ ਦਿੱਤੀ, ਇਹ ਬਹੁਤ ਵੱਡੀ ਗੱਲ ਹੈ। ਇਨ੍ਹਾਂ ਦੀ ਜ਼ਿੰਦਗੀ ਤੋਂ ਸਾਨੂੰ ਸਬਕ ਸਿਖਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਸਰਦਾਰ ਗੋਪਾਲ ਸਿੰਘ ਖਾਲਸਾ, ਐਕਸ, ਐਮ. ਐਲ. ਏ. ਇਹ ਇੱਕ ਨਿਧੜਕ ਲੀਡਰ ਸਨ ਅਤੇ ਹਾਊਸ ਵਿਚ ਇਨ੍ਹਾਂ ਦੀ ਬੜੀ ਵੱਡੀ ਕੰਟਰੀਬਿਊਸ਼ਨ ਰਹੀ ਹੈ।

ਇਸੇ ਤਰ੍ਹਾਂ ਹੀ ਸ੍ਰੀ ਬਾਮ ਦੇਵ, ਪ੍ਰੋਫੈਸਰ ਸਰਦਾਰੀ ਲਾਲ ਚੋਪੜਾ, ਸਰਦਾਰ ਨਰੋਤਮ ਸਿੰਘ, ਸ੍ਰੀਮਤੀ ਲੇਖਵਤੀ ਜੈਨ, ਇਹ ਸਾਰੀਆਂ ਉਘੀਆਂ ਸ਼ਖਸੀਅਤਾਂ ਸਾਡੇ ਵਿਚ ਮੌਜੂਦ ਨਹੀਂ ਹਨ। ਇਸ ਨਾਲ ਸਾਡੇ ਪੰਜਾਬ ਨੂੰ, ਦੇਸ਼ ਨੂੰ ਅਤੇ ਦੁਨੀਆਂ ਨੂੰ ਇਨ੍ਹਾਂ ਦੇ ਇਥੋਂ ਚਲੇ ਜਾਣ ਕਰਕੇ ਬਹੁਤ ਘਾਟਾ ਪਿਆ ਹੈ। ਮੈਂ ਆਪਣੇ ਵੱਲੋਂ, ਆਪਣੀ ਪਾਰਟੀ ਵੱਲੋਂ ਇਨ੍ਹਾਂ ਸਾਥੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦਾ ਹੋਇਆ ਇਸ ਮਤੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਕਿ ਸ਼ੋਕ ਮਤਾ ਇਨ੍ਹਾਂ ਸਾਰਿਆਂ ਦੇ ਪਰਿਵਾਰਾਂ ਨੂੰ ਭੇਜਿਆ ਜਾਏ।

**ਸ੍ਰੀ ਸਪੀਕਰ**: ਨੈਸ਼ਨਲ ਲੀਡਰ, ਇਸ ਹਾਊਸ ਦੇ ਐਕਸ-ਮਨਿਸਟਰ ਅਤੇ ਮੈਂਬਰਾਂ ਦੇ ਵਿਛੋੜੇ ਨਾਲ ਜਿਸ ਦੁੱਖ ਦਾ ਪ੍ਰਗਟਾਵਾ ਇਸ ਹਾਊਸ ਵਿਚ ਕੀਤਾ ਗਿਆ ਹੈ, ਮੈਂ ਉਸ ਨਾਲ ਆਪਣੇ ਆਪ ਨੂੰ ਸ਼ਾਮਿਲ ਕਰਦਾ ਹਾਂ। ਜਿਹੜਾ ਉਨ੍ਹਾਂ ਪ੍ਰਤੀ ਇਥੇ ਹਾਊਸ ਵਿਚ ਹਮਦਰਦੀ ਦਾ ਇਜ਼ਹਾਰ ਹੋਇਆ ਹੈ, ਉਸ ਨਾਲ ਵੀ ਮੈਂ ਆਪਣੇ ਆਪ ਨੂੰ ਸ਼ਾਮਿਲ ਕਰਦਾ ਹਾਂ। ਅਗਰ ਹਾਊਸ ਦੀ ਇਜਾਜ਼ਤ ਹੋਏ ਤਾਂ ਇਹ ਜਿਹੜਾ ਹਮਦਰਦੀ ਦਾ ਜਾਂ ਸ਼ੋਕ ਦਾ ਸੰਦੇਸ਼ ਹੈ, ਇਹ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਭੇਜ ਦਿੱਤਾ ਜਾਏ।

**ਆਵਾਜ਼ਾਂ**: ਠੀਕ ਹੈ ਜੀ, ਠੀਕ ਹੈ ਜੀ।

**ਸ੍ਰੀ ਸਪੀਕਰ**: ਹੁਣ ਸਾਰੇ ਮੈਂਬਰ ਸਾਹਿਬਾਨ ਨੂੰ ਮੈਂ ਨਿਵੇਦਨ ਕਰਦਾ ਹਾਂ ਕਿ ਉਹ ਆਪਣੀਆਂ ਆਪਣੀਆਂ ਸੀਟਾਂ ਤੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਵਾਸਤੇ ਮੋਨ ਖੜ੍ਹੇ ਹੋ ਜਾਣ।

(ਇਸ ਸਮੇਂ ਸਦਨ ਦੇ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਦੋ ਮਿੰਟਾਂ ਲਈ ਖੜ੍ਹੇ ਹੋਏ।)

---

## ANNOUNCEMENTS BY THE SPEAKER

### (i) Governor's Address

**Mr. Speaker :** In pursuance of Rule 18 of the Rules of Procedure and Conduct of Business in the Punjab Vidhan Sabha (Punjab Legislative Assembly) I have to report that the Governor was pleased to address the Punjab Vidhan Sahha today the 2nd July, 1980 under Article 176(1) of the Constitution of India.

A copy of the Address is laid on the Table of the House.

Original with;
Punjab Vidhan Sabha
Digitized by;
Panjab Digital Library

**ਪੰਜਾਬ ਦੇ ਰਾਜਪਾਲ ਸ੍ਰੀ ਜੇ ਸੁਖ ਲਾਲ ਹਾਥੀ ਦੁਆਰਾ ਪੰਜਾਬ ਵਿਧਾਨ ਸਭਾ ਵਿਚ ਬੁੱਧਵਾਰ, ਮਿਤੀ 2 ਜੁਲਾਈ, 1980 ਨੂੰ ਦਿੱਤਾ ਗਿਆ ਭਾਸ਼ਣ ।**

ਮਾਨਯੋਗ ਸਪੀਕਰ ਸਾਹਿਬ ਅਤੇ ਸਤਿਕਾਰਯੋਗ ਮੈਂਬਰ ਸਾਹਿਬਾਨ,

ਮੈਂ, ਆਪ ਜੀ ਨੂੰ ਅੱਠਵੀਂ ਵਿਧਾਨ ਸਭਾ ਦੇ ਇਸ ਪਹਿਲੇ ਸਮਾਗਮ, ਜੋ ਕਾਮਯਾਬੀ ਨਾਲ ਕਰਵਾਈਆਂ ਗਈਆਂ ਚੋਣਾਂ ਮਗਰੋਂ ਹੋ ਰਿਹਾ ਹੈ, ਤੇ ਜੀ ਆਇਆਂ ਕਹਿਣ ਦੀ ਖੁਸ਼ੀ ਲੈ ਰਿਹਾ ਹਾਂ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਇਸ ਸਦਨ ਦੇ ਮੈਂਬਰਾਂ ਦੀ ਸੁਯੋਗ ਅਗਵਾਈ ਅਤੇ ਲੋਕ ਭਲਾਈ ਲਈ ਉਨ੍ਹਾਂ ਦੀ ਤੀਬਰ ਚਾਹ ਸਾਡੇ ਰਾਜ ਦੇ ਜਨਤਕ ਜੀਵਨ ਅਤੇ ਰਾਜ ਪ੍ਰਬੰਧ ਦੇ ਮਿਆਰ ਨੂੰ ਬਹੁਤ ਉੱਚਾ ਲੈ ਜਾਣ ਵਿਚ ਸਹਾਈ ਹੋਵੇਗੀ। ਮੈਂ ਇਸ ਅਵਸਰ ਤੇ ਪੰਜਾਬ ਦੇ ਲੋਕਾਂ ਨੂੰ ਆਪਣਾ ਵੋਟ ਅਧਿਕਾਰ ਅਮਨ ਪੂਰਬਕ ਅਤੇ ਜਮਹੂਰੀ ਢੰਗ ਨਾਲ ਵਰਤਣ ਅਤੇ ਚੋਣਾਂ ਨੂੰ ਸਫ਼ਲਤਾ ਪੂਰਬਕ ਮੁਕੰਮਲ ਕਰਵਾਉਣ ਵਿਚ ਸਹਿਯੋਗ ਦੇਣ ਲਈ ਵਧਾਈ ਦੇਂਦਾ ਹਾਂ। ਇਕ ਵਾਰੀ ਫਿਰ ਉਨ੍ਹਾਂ ਨੇ ਆਪਣੀ ਰਵਾਇਤੀ ਸੂਝ,ਬੂਝ, ਪ੍ਰਖ਼ਤਗੀ ਅਤੇ ਸਮਾਜ ਤੇ ਰਾਜ ਦੇ ਜਮਹੂਰੀ ਆਦਰਸ਼ਾਂ ਪ੍ਰਤੀ ਆਪਣੀ ਸੱਚੀ ਲਗਨ ਦਾ ਪ੍ਰਗਟਾਵਾ ਕੀਤਾ ਹੈ।

2. ਪਿਛਲੇ ਤਿੰਨਾਂ ਸਾਲਾਂ ਦੇ ਦੌਰਾਨ ਕਾਨੂੰਨ ਵਿਵਸਥਾ ਦੇ ਖੇਤਰ ਵਿਚ ਬੜੀ ਅਸਥਿਰਤਾ, ਆਰਥਿਕ ਹਾਲਤ ਵਿਚ ਮੰਦਹਾਲੀ, ਜ਼ਰੂਰੀ ਵਸਤਾਂ ਦੀ ਲਗਾਤਾਰ ਥੁੜ ਅਤੇ ਸਿੱਕੇ ਦੇ ਫੈਲਾਉ ਦਾ ਦਬਾ ਰਿਹਾ ਹੈ। ਇਸ ਤੋਂ ਵੀ ਵਧੀਕ ਦੁਖਦਾਈ ਗੱਲ ਇਹ ਹੈ ਕਿ ਉਸ ਵੇਲੇ ਦੀ ਸਿਆਸੀ ਖਿਚੋ-ਤਾਣ, ਫਿਰਕੂ ਤਣਾਉ ਅਤੇ ਜਮਹੂਰੀ ਸਿਧਾਂਤਾਂ ਪ੍ਰਤੀ ਵਧ ਰਹੇ ਤ੍ਰਿਸਕਾਰ ਨੇ ਲੋਕਾਂ ਅਤੇ ਖ਼ਾਸ ਕਰ ਗਰੀਬਾਂ ਅਤੇ ਲਿਤਾੜੇ ਵਰਗਾਂ ਦੇ ਦਿਲਾਂ ਵਿਚ ਇਕ ਡੂੰਘੇ ਸਹਿਮ, ਮਾਯੂਸੀ ਅਤੇ ਨਿਰਾਸਤਾ ਦੀ ਭਾਵਨਾ ਪੈਦਾ ਕਰ ਦਿੱਤੀ ਸੀ। ਪੰਜਾਬ ਵਿਚ ਮਜ਼ਦੂਰ ਸ਼੍ਰੇਣੀ ਦਾ ਉਪਭੋਗਤਾ ਸੂਚਕ ਅੰਕ ਜੂਨ 1977 ਦੇ 220 ਤੋਂ ਵੱਧ ਕੇ ਜਨਵਰੀ, 1980 ਵਿਚ 257 ਹੋ ਗਿਆ ਸੀ ਜਿਸ ਤੋਂ 16.8 ਫ਼ੀ ਸਦੀ ਦਾ ਵਾਧਾ ਪ੍ਰਤੀਤ ਹੁੰਦਾ ਹੈ ਜਦ ਕਿ ਸਮੱਚੇ ਭਾਰਤੀ ਪੱਧਰ ਤੇ ਇਹ ਵਾਧਾ 15.9 ਫ਼ੀ ਸਦੀ ਸੀ । ਹਾਲ ਦੀਆਂ ਚੋਣਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਲੋਕਾਂ ਨੇ ਸਿਆਸੀ ਤੇ ਰਾਜ ਪ੍ਰਬੰਧਕ ਸਥਿਰਤਾ ਨੂੰ ਅਤੇ ਸਮਾਜਿਕ ਨਿਆਂ ਦੇ ਨਾਲ ਨਾਲ ਗਤੀਸ਼ੀਲ ਸਮਾਜ-ਆਰਥਕ ਵਿਕਾਸ ਨੂੰ ਤਰਜੀਹ ਦਿੱਤੀ ਹੈ ।

3. ਹਾਲ ਵਿਚ ਹੀ ਸਥਾਪਿਤ ਹੋਈ ਨਵੀਂ ਸਰਕਾਰ ਕਾਨੂੰਨ ਵਿਵਸਥਾ ਵਿਚ ਸੁਧਾਰ ਲਿਆਉਣ ਵੱਲ ਪੂਰਾ ਪੂਰਾ ਧਿਆਨ ਦੇਣ ਦੀ ਇੱਛਕ ਹੈ ਤਾਂ ਜੋ ਲੋਕਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਬਾਰੇ ਲੋਕਾਂ ਵਿਚ ਵਿਸ਼ਵਾਸ ਮੁੜ ਸੁਰਜੀਤ ਕੀਤਾ ਜਾ ਸਕੇ ਅਤੇ ਲੋਕਾਂ ਨੂੰ ਕਾਨੂੰਨੀ ਹਿਫ਼ਾਜ਼ਤ ਮਿਲ ਸਕੇ। ਮੇਰੀ ਸਰਕਾਰ ਵਾਅਦਾ ਕਰਦੀ ਹੈ ਕਿ ਪੁਲਿਸ ਸਟੇਸ਼ਨਾਂ ਵਿਚ ਦਿਆਨਤਦਾਰ ਤੇ ਪ੍ਰਬੀਨ ਅਮਲਾ ਲਾਇਆ ਜਾਵੇਗਾ, ਅਨੁਸ਼ਾਸਨ ਹੀਣਤਾ ਅਤੇ ਬਦਇਖ਼ਲਾਕੀ ਨੂੰ ਸਖ਼ਤੀ ਨਾਲ ਦਬਾਇਆ ਜਾਵੇਗਾ। ਜਨਤਕ ਥਾਵਾਂ ਖ਼ਾਸ ਤੌਰ ਤੇ ਇਸਤਰੀਆਂ ਦੀਆਂ ਸੰਸਥਾਵਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਠੇਕਿਆਂ ਤੇ, ਬਦਮਾਸ਼ਾਂ ਦੀਆਂ ਕਾਰਵਾਈਆਂ ਦੀ ਰੋਕਥਾਮ ਲਈ ਪੁਲਿਸ ਦੀ ਗਸ਼ਤ ਵਧਾਈ ਜਾਵੇਗੀ ਅਤੇ ਜਿਹੜੇ ਕਾਨੂੰਨ ਵਿਵਸਥਾ ਪ੍ਰਣਾਲੀ ਦੀ ਖਿੱਲੀ ਉਡਾਂਦੇ ਹਨ, ਉਨ੍ਹਾਂ ਨੂੰ ਸਖ਼ਤ ਤੇ ਨਜ਼ੀਰੀ ਸਜ਼ਾ ਦਿੱਤੀ ਜਾਵੇਗੀ। ਵੱਡੇ ਸ਼ਹਿਰਾਂ ਵਿਚ ਪੁਲਿਸ ਫ਼ੋਰਸ ਨੂੰ ਹੋਰ ਮਜ਼ਬੂਤ ਕਰਨ ਲਈ ਪਹਿਲਾਂ ਹੀ ਜ਼ਿਲ੍ਹਾ ਸਦਰ ਮੁਕਾਮਾਂ ਤੇ ਵਿਸ਼ੇਸ਼ ਰੀਜ਼ਰਵ ਪੁਲਿਸ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜੁਰਮ ਦਾ ਪਤਾ ਲਾਉਣ ਲਈ ਲੋੜੀਂਦੀਆਂ ਹੋਰ ਗੱਡੀਆਂ, ਵਾਇਰਲੈਸ ਸੈੱਟ ਤੇ ਜ਼ਰੂਰੀ ਸਾਜ਼ ਸਮਾਨ ਮੁਹੱਈਆ ਕੀਤਾ ਜਾਵੇਗਾ। ਪੁਲਿਸ ਕਰਮਚਾਰੀਆਂ ਦਾ ਹੌਂਸਲਾ ਵਧਾਉਣ ਲਈ ਮੇਰੀ ਸਰਕਾਰ ਉਨ੍ਹਾਂ ਵਾਸਤੇ ਵਾਜਬੀ ਕੀਮਤਾਂ ਉੱਤੇ ਮੁਢਲੀਆਂ ਲੋੜਾਂ ਅਤੇ ਮਕਾਨਾਂ ਦਾ ਪ੍ਰਬੰਧ ਕਰਨ ਲਈ ਹਰ ਸੰਭਵ ਯਤਨ ਕਰੇਗੀ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

4. ਮੇਰੀ ਸਰਕਾਰ ਰਾਜ ਦੇ ਸਮਹ ਧਰਮਾਂ ਤੇ ਫ਼ਿਰਕਿਆਂ ਨੂੰ ਪੂਰੀ ਧਾਰਮਕ ਸੁਤੰਤਰੌਤਾ ਦੇਣ ਦਾ ਭਰੋਸਾ ਦਿਵਾਉਂਦੀ ਹੈ। ਪੰਜਾਬ ਰਿਸ਼ੀਆਂ ਮੁਨੀਆਂ ਦੀ ਧਰਤੀ ਹੈ ਅਤੇ ਧਾਰਮਕ ਤੇ ਦਾਰਸ਼ਨਕ ਸਹਿਨਸ਼ੀਲਤਾ ਦੀਆਂ ਭਾਵਨਾਵਾਂ ਸਾਡੇ ਲੋਕਾਂ ਦੇ ਦਿਲਾਂ ਵਿਚ ਘਰ ਕਰ ਚੱਕੀਆਂ ਹਨ। ਕਿਸੇ ਵੀ ਕੀਮਤ ਉੱਤੇ ਇਸ ਪਰੰਪਰਾ ਨੂੰ ਕਮਜ਼ੋਰ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਹਰੇਕ ਧਾਰਮਕ ਗਰੁੱਪ ਦੇ ਜਜ਼ਬਾਤ ਦਾ ਆਦਰ ਕੀਤਾ ਜਾਵੇਗਾ।

5. ਇਕ ਹੋਰ ਬੁਨਿਆਦੀ ਖੇਤਰ ਜਿਹੜਾ ਮੇਰੀ ਸਰਕਾਰ ਦਾ ਵਿਸ਼ੇਸ਼ ਧਿਆਨ ਮੰਗਦਾ ਹੈ, ਉਹ ਹੈ ਆਮ ਰਾਜ ਪ੍ਰਬੰਧ ਨੂੰ ਮਜ਼ਬੂਤ ਕਰਨਾ। ਅਨੁਸ਼ਾਸਨ, ਕਰਤੱਵ ਪ੍ਰਤੀ ਵਫ਼ਾਦਾਰੀ, ਨਿਪੁੰਨਤਾ, ਲੋਕਾਂ ਪ੍ਰਤੀ ਨਿਮਰਤਾ, ਇਖ਼ਲਾਕ, ਸੂਝ ਅਤੇ ਰਾਜ ਪ੍ਰਬੰਧ ਵਿਚ ਗੁਪਤਤਾ ਦੇ ਮਿਆਰਾਂ ਵਿਚ ਆ ਰਹੀ ਗਿਰਾਵਟ ਨੂੰ ਫ਼ੌਰੀ ਤੌਰ ਤੇ ਰੋਕਣਾ ਪਵੇਗਾ। ਪੰਜਾਬ ਵਰਗਾ ਵਿਕਾਸਸ਼ੀਲ ਰਾਜ, ਜਿਸ ਨੇ ਘੱਟ ਤੋਂ ਘੱਟ ਸਮੇਂ ਵਿਚ ਵਿਕਾਸ ਦੀਆਂ ਸੰਭਾਵੀ ਲੋੜਾਂ ਪੂਰੀਆਂ ਕਰਨੀਆਂ ਹਨ, ਲੋਕ ਵਸੀਲਿਆਂ ਦਾ ਜ਼ਾਇਆ ਹੋਣਾ ਬਰਦਾਸ਼ਤ ਨਹੀਂ ਕਰ ਸਕਦਾ। ਇਸ ਲਈ ਮੇਰੀ ਸਰਕਾਰ ਸਮੁਚੇ ਰਾਜ ਪ੍ਰਬੰਧ ਵਿੱਚ ਚੌਕਸੀ ਦੀ ਭਾਵਨਾ, ਵਫ਼ਾਦਾਰੀ, ਕਰਤੱਵ ਪਾਲਣ ਦੀ ਜ਼ਿੰਮੇਵਾਰੀ ਤੇ ਜਨਤਾ ਦੀ ਭਲਾਈ ਦੀ ਨਵੀਂ ਭਾਵਨਾ ਪੈਦਾ ਕਰੇਗੀ। ਜਿਥੇ ਇਮਾਨਦਾਰੀ ਅਤੇ ਨਿਪੁੰਨਤਾ ਦੇ ਅਸੂਲਾਂ ਤੇ ਪਾਬੰਦ ਰਹਿਣ ਵਾਲਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਜਾਵੇਗੀ, ਉਥੇ ਇਨ੍ਹਾਂ ਨੂੰ ਤੋੜਨ ਵਾਲਿਆਂ ਨਾਲ ਸਖ਼ਤੀ ਦਾ ਵਰਤਾਉ ਕੀਤਾ ਜਾਵੇਗਾ।

6. ਇਸ ਦੇ ਨਾਲ ਹੀ ਸਰਕਾਰ ਆਪਣੇ ਸਾਰੇ ਕਰਮਚਾਰੀਆਂ ਦੇ ਹਿਤਾਂ ਨੂੰ ਸੁਰੱਖਿਅਤ ਰੱਖਣ ਲਈ ਵਚਨ-ਬੱਧ ਹੈ। ਵਿਸ਼ੇਸ਼ ਰੂਪ-ਵਿਚ ਪੰਜਾਬ ਤਨਖ਼ਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ, ਜਿਹ-ੜੀਆਂ ਪਿਛਲੀ ਸਰਕਾਰ ਨੇ ਪਰਵਾਨ ਕਰ ਲਈਆਂ ਸਨ, ਉਨ੍ਹਾਂ ਨੂੰ ਪੂਰਾ ਕੀਤਾ ਜਾਵੇਗਾ ਅਤੇ ਕਰਮਚਾਰੀਆਂ ਨੂੰ ਰਿਟਾਇਰਮੈਂਟ ਤੋਂ ਬਾਅਦ ਮਿਲਣ ਵਾਲੇ ਲਾਭਾਂ ਸਬੰਧੀ ਕਮਿਸ਼ਨ ਦੀ ਦੂਜੀ ਰਿਪੋਟ ਬਾਰੇ ਜਲਦੀ ਹੀ ਫ਼ੈਸਲਾ ਕੀਤਾ ਜਾਵੇਗਾ। ਤਨਖ਼ਾਹ ਸਕੇਲਾਂ ਆਦਿ ਵਿਚ ਰਹਿ ਗਈਆਂ ਤਰੁੱਟੀਆਂ ਦੂਰ ਕਰਨ ਦਾ ਕੰਮ, ਜਿਹੜਾ ਕਿ ਅਨਾਮਲੀ ਕਮੇਟੀ ਦੇ ਸਪੁਰਦ ਕੀਤਾ ਗਿਆ ਸੀ ਤੇਜ਼ ਕਰਕੇ ਉਸ ਸਬੰਧੀ ਜਲਦੀ ਫ਼ੈਸਲਾ ਕਰ ਦਿੱਤਾ ਜਾਵੇਗਾ। ਸਰਕਾਰੀ ਕਰਮਚਾਰੀਆਂ ਲਈ ਰਾਜ ਦੇ ਸਦਰ-ਮਕਾਮ ਅਤੇ ਫ਼ੀਲਡ ਵਿਖੇ ਰਿਹਾਇਸ਼ੀ ਮਕਾਨਾਂ ਦੀ ਉਸਾਰੀ ਦੇ ਕੰਮ ਨੂੰ ਵੀ ਤੇਜ਼ੀ ਨਾਲ ਨਿਪ-ਟਾਇਆ ਜਾਵੇਗਾ। ਸਰਕਾਰੀ ਕਰਮਚਾਰੀਆਂ ਦੀਆਂ ਨੌਕਰੀ ਸਬੰਧੀ ਸ਼ਿਕਾਇਤਾਂ ਤੇ ਵਿਚਾਰ ਕਰਨ ਅਤੇ ਉਨ੍ਹਾਂ ਨੂੰ ਦੂਰ ਕਰਨ ਵਾਸਤੇ ਇਕ ਸਥਾਈ ਫ਼ੋਰਮ ਬਣਾਉਣ ਲਈ ਸਾਰੇ ਵਿਭਾਗਾਂ ਵਿਚ ਸੰਯੁ-ਕਤ ਸਲਾਹਕਾਰ ਕਮੇਟੀਆਂ ਕਾਇਮ ਕਰਨ ਤੋਂ ਇਲਾਵਾ ਰਾਜ ਪੱਧਰ ਤੇ ਇਕ ਸੰਯੁਕਤ ਸਲਾਹਕਾਰ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਸਾਰੇ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਕਿ ਸਿਨਆਰਿਟੀ ਨਿਸ਼ਚਿਤ ਕਰਨ, ਕਨਫਰਮੇਸ਼ਨ ਅਤੇ ਅਨੁਸ਼ਾਸਨੀ ਕਾਰਵਾਈ ਆਦਿ ਦੇ ਕੇਸਾਂ ਦਾ ਨਿਪਟਾਰਾ ਤੇਜ਼ੀ ਨਾਲ ਕੀਤਾ ਜਾਵੇ ਅਤੇ ਤਰੱਕੀ ਦੇ ਮਾਮਲਿਆਂ ਬਾਰੇ ਫ਼ੈਸਲਾ ਕਰਨ ਸਮੇਂ ਸਿਨਆਰਿਟੀ-ਕਮ-ਮੈਰਿਟ ਦਾ ਪੂਰੀ ਨਿਰਪੱਖਤਾ ਨਾਲ ਧਿਆਨ ਰੱਖਿਆ ਜਾਵੇ। ਇਸ ਸਬੰਧ ਵਿਚ ਸਰਕਾਰ ਇਸ ਬਾਰੇ ਵਿਚਾਰ ਕਰ ਰਹੀ ਹੈ ਕਿ ਸੇਵਾ ਸਬੰਧੀ ਪ੍ਰਤਿਬੇਨਤੀਆਂ ਦੇ ਨਿਪਟਾਰੇ ਲਈ ਉੱਚ ਪੱਧਰੀ ਸੰਸਥਾ ਵਜੋਂ ਇਕ ਪ੍ਰਬੰਧਕੀ ਟ੍ਰਿਬਿਊਨਲ ਕਾਇਮ ਕੀਤਾ ਜਾਵੇ।

7. ਆਮ ਪ੍ਰਬੰਧਕੀ ਮਸ਼ੀਨਰੀ ਦੀ ਕਾਰਜਕੁਸ਼ਲਤਾ ਵਿਚ ਵਾਧਾ ਕਰਨ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਦੇ ਨਾਲ ਨਾਲ ਜਨਤਾ ਦੀਆਂ ਸ਼ਿਕਾਇਤਾਂ ਦੂਰ ਕਰਨ ਲਈ ਵੀ ਇਕ ਕਾਰ-ਗਰ ਪ੍ਰਣਾਲੀ ਕਾਇਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਰਾਜ ਦੇ ਸਦਰ-ਮਕਾਮ ਉਤੇ ਇਕ ਸ਼ਿਕਾਇਤ ਕਮਿਸ਼ਨਰ ਨਿਯੁਕਤ ਕਰਨ ਤੋਂ ਇਲਾਵਾ ਹਰ ਇਕ ਸਰਕਾਰੀ ਵਿਭਾਗ ਵਿਚ ਇਕ ਸੀਨੀਅਰ ਸ਼ਿਕਾਇਤ ਅਫ਼ਸਰ ਨਿਯੁਕਤ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਪੱਧਰ ਉਤੇ ਸ਼ਿਕਾਇਤਾਂ ਦੂਰ

Original with;
Punjab Vidhan Sabha
Digitized by;
Panjab Digital Library

ਕਰਨ ਵਾਲੇ ਜ਼ਿਲ੍ਹਾ ਪੱਧਰ ਦੇ ਅਫ਼ਸਰ ਦੇ ਦਫ਼ਤਰ ਦੇ ਕੰਮ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਅਤੇ ਇਸ ਅਫ਼ਸਰ ਨੂੰ ਵਧੇਰੇ ਅਧਿਕਾਰ ਦਿੱਤੇ ਜਾਣਗੇ, ਜਿਨ੍ਹਾਂ ਰਾਹੀਂ ਉਹ ਜ਼ਿਲ੍ਹਾ ਪੱਧਰ ਦੇ ਦੂਜੇ ਵਿਭਾਗਾਂ ਤੋਂ ਰਿਕਾਰਡ ਮੰਗਵਾ ਕੇ ਇਹ ਯਕੀਨੀ ਬਣਾ ਸਕੇ ਕਿ ਉਸ ਦੀ ਪੱਧਰ ਤੇ ਹੀ ਸ਼ਿਕਾਇਤ ਕਰਨ ਵਾਲੇ ਨੂੰ ਵੱਧ ਤੋਂ ਵੱਧ ਰਾਹਤ ਮਿਲ ਜਾਵੇ ਤਾਂ ਜੋ ਉਸ ਨੂੰ ਰਾਜ ਦੇ ਸਦਰ-ਮੁਕਾਮ ਉਤੇ ਸੀਨੀਅਰ ਅਫ਼ਸਰਾਂ ਅਤੇ ਮੰਤਰੀਆਂ ਦੇ ਦਰਵਾਜ਼ੇ ਨਾ ਖਟਕਾਉਣੇ ਪੈਣ।

8. ਭਾਵੇਂ ਨਵੀਂ ਸਰਕਾਰ ਨੇ 7 ਜੂਨ, 1980 ਤੋਂ ਹੀ ਕਾਰਜ-ਭਾਰ ਸੰਭਾਲਿਆ ਹੈ, ਤਾਂ ਵੀ ਵਿਕਾਸ ਦੇ ਖੇਤਰ ਵਿਚ ਪਿਛਲੀ ਸਰਕਾਰ ਦੁਆਰਾ ਕੀਤੇ ਗਏ ਕੰਮ ਦੀਆਂ ਗੰਭੀਰ ਤਰੁੱਟੀਆਂ ਲੱਭ ਲਈਆਂ ਗਈਆਂ ਹਨ। ਇਹੀ ਕਾਫ਼ੀ ਨਹੀਂ ਕਿ ਵੱਖ ਵੱਖ ਵਿਕਾਸ ਸਕੀਮਾਂ ਲਈ ਭਾਰੀ ਰਕਮਾਂ ਮੁਹੱਈਆ ਕੀਤੀਆਂ ਜਾਣ ਸਗੋਂ ਲੋੜ ਇਹ ਹੈ ਕਿ ਇਨ੍ਹਾਂ ਰਕਮਾਂ ਨੂੰ ਸਹੀ ਢੰਗ ਨਾਲ ਖ਼ਰਚ ਕੀਤਾ ਜਾਵੇ ਅਤੇ ਸੀਮਤ ਸਾਧਨਾਂ ਦੀ ਵੱਖ ਵੱਖ ਸਕੀਮਾਂ ਲਈ ਇਸ ਤਰ੍ਹਾਂ ਸੁਯੋਗ ਵਰਤੋਂ ਕੀਤੀ ਜਾਵੇ, ਜਿਸ ਰਾਹੀਂ ਸਕੀਮਾਂ ਨੂੰ ਨੇਪਰੇ ਚਾੜ੍ਹਨ ਵਿਚ ਘੱਟ ਤੋਂ ਘੱਟ ਸਮਾਂ ਲੱਗੇ ਅਤੇ ਲੋਕਾਂ ਨੂੰ ਉਸ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਹੋਵੇ। ਬਹੁਤ ਸਾਰੀਆਂ ਸਕੀਮਾਂ ਨੂੰ ਹੱਥ ਵਿਚ ਲੈ ਕੇ, ਜਿਹੜੀਆਂ ਉਚਿਤ ਸਮੇਂ ਦੇ ਅੰਦਰ ਮੁਕੰਮਲ ਨਹੀਂ ਕੀਤੀਆਂ ਜਾ ਸਕਦੀਆਂ, ਉਨ੍ਹਾਂ ਉਤੇ ਥੋੜਾ ਥੋੜਾ ਰੁਪਿਆ ਫੈਲਾ ਕੇ ਵਰਤਣ ਦੀ ਥਾਂ, ਚਾਹੀਦਾ ਇਹ ਹੈ ਕਿ ਬਹੁਤ ਜ਼ਰੂਰੀ ਸਕੀਮਾਂ ਨੂੰ ਪਹਿਲ ਦੇ ਕੇ ਉਨ੍ਹਾਂ ਲਈ ਪੂਰੇ ਸਾਧਨ ਜੁਟਾਏ ਜਾਣ। ਪਿਛਲੀ ਸਰਕਾਰ ਨੇ ਬਿਨਾਂ ਸੋਚੇ ਸਮਝੇ ਕਈ ਸਕੀਮਾਂ ਅਰੰਭ ਕਰ ਦਿੱਤੀਆਂ ਸਨ ਪਰ ਉਨ੍ਹਾਂ ਲਈ ਲੋੜੀਂਦੇ ਵਿੱਤੀ ਸਾਧਨ ਮੁਹੱਈਆ ਨਹੀਂ ਕੀਤੇ ਗਏ ਸਨ ਜਿਸ ਦੇ ਨਤੀਜੇ ਵਜੋਂ ਮੌਜੂਦਾ ਸਰਕਾਰ ਨੂੰ ਭਾਰੀ ਮਾਲੀ ਖਸਾਰਾ ਵਿਰਸੇ ਵਿਚ ਮਿਲਿਆ ਹੈ। ਇਸ ਸਬੰਧ ਵਿਚ ਨਵੀਂ ਸਰਕਾਰ ਦੀ ਨੀਤੀ ਇਹ ਹੋਵੇਗੀ ਕਿ ਪਹਿਲ ਦਿੱਤੇ ਖੇਤਰਾਂ ਤੇ ਸਾਧਨਾਂ ਨੂੰ ਕੇਂਦ੍ਰਿਤ ਕੀਤਾ ਜਾਵੇ, ਜਿਸ ਰਾਹੀਂ ਘੱਟ ਤੋਂ ਘੱਟ ਸਮੇਂ ਅੰਦਰ ਵੱਧ ਤੋਂ ਵੱਧ ਚੰਗੇ ਨਤੀਜੇ ਪ੍ਰਾਪਤ ਹੋ ਸਕਣ। (ਤਾੜੀਆਂ)

9. ਮੇਰੀ ਸਰਕਾਰ ਸਮਾਜ ਦੇ ਸਭ ਤੋਂ ਕਮਜ਼ੋਰ ਵਰਗਾਂ ਦੀ ਬਿਹਤਰੀ ਲਈ ਵਚਨਬੱਧ ਹੈ ਜਿਸ ਵਾਸਤੇ ਅਨੁਸੂਚਿਤ ਜਾਤੀਆਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੇ ਲੋਕਾਂ ਦੀ ਸਮਾਜ-ਆਰਥਕ ਬਿਹਤਰੀ ਲਈ ਬਣਾਈਆਂ ਗਈਆਂ ਸਕੀਮਾਂ ਨੂੰ ਲਾਗੂ ਕਰਨ ਲਈ ਵਡੇ ਪੈਮਾਨੇ ਤੇ ਵਿੱਤੀ ਤੇ ਪ੍ਰਬੰਧਕੀ ਯਤਨ ਕਰ ਰਹੀ ਹੈ। ਕਲੰਡਰੀ ਸਾਲ ਦੇ ਖ਼ਤਮ ਹੋਣ ਤੋਂ ਪਹਿਲਾਂ ਰਾਜ ਦੇ ਸਾਰੇ ਪਿੰਡਾਂ ਅਤੇ ਕਸਬਿਆਂ ਦਾ ਇਕ ਸਮਾਜ-ਆਰਥਕ ਸਰਵੇਖਣ ਇਸ ਮਨੋਰਥ ਲਈ ਕਰਵਾਇਆ ਜਾਵੇ-ਗਾ ਤਾਂ ਜੋ ਗਰੀਬੀ ਦੀ ਸੀਮਾਂ ਤੋਂ ਹੇਠਲੇ ਸਾਰੇ ਪਰਵਾਰਾਂ ਬਾਰੇ ਅੰਕੜੇ ਇਕੱਠੇ ਕੀਤੇ ਜਾ ਸਕਣ। ਹਰ ਇਕ ਪਰਵਾਰ ਦਾ ਵੱਖਰਾ ਰਿਕਾਰਡ ਰਖਿਆ ਜਾਵੇਗਾ ਅਤੇ ਉਨ੍ਹਾਂ ਦੀ ਆਰਥਕ ਖ਼ੁਸ਼ਹਾਲੀ ਲਈ ਵਿਸ਼ੇਸ਼ ਸਕੀਮਾਂ ਚਲਾਈਆਂ ਜਾਣਗੀਆਂ।

10. ਪੰਜਾਬ ਦੀ ਜ਼ਰਾਇਤੀ ਆਰਥਿਕਤਾ ਦੀ ਕਾਮਯਾਬੀ ਦਾ ਪਰਭਾਵ ਨਾ ਕੇਵਲ ਇਸ ਰਾਜ ਦੀ ਬਲਕਿ ਸਾਰੇ ਰਾਸ਼ਟਰ ਦੀ ਖ਼ੁਸ਼ਹਾਲੀ ਉਤੇ ਪੈਂਦਾ ਹੈ। ਸਾਡੇ ਮਿਹਨਤੀ ਕਿਸਾਨਾਂ ਨੇ ਮੁਸ਼ਕਲਾਂ ਦਾ ਖਿੜੇ ਮੱਥੇ ਮੁਕਾਬਲਾ ਕੀਤਾ ਹੈ ਅਤੇ ਵਧੇਰੇ ਉਤਪਾਦਨ ਦੀ ਸ਼ਾਨਦਾਰ ਰਫ਼ਤਾਰ ਨੂੰ ਕਾਇਮ ਰਖਿਆ ਹੈ। (ਵਿਘਨ) ਸਾਲ 1979-80 ਦੇ 112 ਲੱਖ ਮੀਟ੍ਰਿਕ ਟਨ ਦੇ ਉਤਪਾਦਨ ਦੇ ਮੁਕਾਬਲੇ ਸਾਲ 1980-81 ਲਈ 125 ਲੱਖ ਮੀਟ੍ਰਿਕ ਟਨ ਅਨਾਜ ਦੇ ਉਤਪਾਦਨ ਦਾ ਨਿਸ਼ਾਨਾ ਮਿਥਿਆ ਗਿਆ ਹੈ। ਉੱਨਤ ਜ਼ਰਾਇਤੀ ਢੰਗਾਂ ਅਤੇ ਵਿਸਤਾਰ ਉਪਰਾਲਿਆਂ ਦੀ ਸਹਾਇਤਾ ਨਾਲ ਕਪਾਹ, ਗੰਨੇ, ਆਲੂ ਅਤੇ ਤਿਲਹਨ ਦੀ ਉਪਜ ਅਗਲੇ ਸਾਲ ਕਾਫ਼ੀ ਵੱਧ ਜਾਣ ਦੀ ਆਸ ਹੈ। ਮੇਰੀ ਸਰਕਾਰ ਰਸਾਇਣਕ ਖਾਦ ਅਤੇ ਡੀਜ਼ਲ ਦੀਆਂ ਹਾਲ ਵਿਚ ਵਧੀਆਂ ਕੀਮਤਾਂ ਕਾਰਨ ਖੇਤੀ ਉਤਪਾਦਨ ਤੇ ਪਏ ਬੁਰੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਪ੍ਰਭਾਵ ਤੋਂ ਚੰਗੀ ਤਰ੍ਹਾਂ ਜਾਣੂ ਹੈ। ਸਰਕਾਰ ਇਸ ਗੱਲ ਦਾ ਪੂਰਾ ਧਿਆਨ ਰਖੇਗੀ ਕਿ ਕਿਸਾਨਾਂ ਦੇ ਹਿਤਾਂ ਦੀ ਪੂਰੀ ਤਰ੍ਹਾਂ ਰਾਖੀ ਕੀਤੀ ਜਾਵੇ ਅਤੇ ਇਨ੍ਹਾਂ ਦੀ ਆਮਦਨ ਵਿਚ ਕੋਈ ਕਮੀ ਨਾ ਆਵੇ। ਮੇਰੀ ਸਰਕਾਰ ਨੇ ਭਾਰਤ ਸਰਕਾਰ ਨੂੰ ਇਹ ਤਜਵੀਜ਼ ਭੇਜੀ ਹੈ ਕਿ ਝੋਨੇ ਦੀ ਸਹਾਇਕ ਕੀਮਤ ਵਧਾਈ ਜਾਵੇ ਅਤੇ ਕਣਕ ਉਤੇ ਬੋਨਸ ਬਹਾਲ ਕੀਤਾ ਜਾਵੇ। ਛੋਟੀਆਂ ਜੋਤਾਂ ਤੋਂ ਵੱਧ ਤੋਂ ਵੱਧ ਪੈਦਾਵਾਰ ਲੈਣ ਲਈ ਸਰਕਾਰ ਦੋ ਹੈਕਟੇਅਰ ਤਕ ਵਾਲੇ ਜ਼ਮੀਨ ਦੇ ਮਾਲਕਾਂ ਨੂੰ ਉਤਸ਼ਾਹ ਦੇਣ ਲਈ ਇਕ ਸਕੀਮ ਬਣਾ ਰਹੀ ਹੈ। ਕੰਡੀ ਜਲ ਗ੍ਰਹਿਣ ਖੇਤਰ, ਜੋ ਕਿ ਕਾਫ਼ੀ ਸਮੇਂ ਤੋਂ ਖੇਤੀ-ਬਾੜੀ ਅਤੇ ਆਰਥਕ ਪੱਖੋਂ ਪਛੜਿਆ ਰਿਹਾ ਹੈ, ਦੇ ਵਿਕਾਸ ਵਾਸਤੇ ਮੇਰੀ ਸਰਕਾਰ ਨੇ ਇਕ ਸਕੀਮ ਬਣਾਈ ਹੈ। ਇਸ ਸਕੀਮ ਉਤੇ 52 ਕਰੋੜ ਰੁਪਏ ਲਾਗਤ ਆਵੇਗੀ ਅਤੇ ਇਹ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਪੰਜ ਸਾਲਾਂ ਵਿਚ ਪੂਰੀ ਕੀਤੀ ਜਾਵੇਗੀ। ਇਸ ਵਿਚ ਦਬਾਰਾ ਦਰਖ਼ਤ ਲਾਉਣ, ਭੋਂ ਸੁਰੱਖਿਆ ਤੇ ਸਿੰਜਾਈ ਦੇ ਮਨੋਰਥਾਂ ਲਈ ਪਾਣੀ ਇਕੱਠਾ ਕਰਨ ਦੀਆਂ ਸਕੀਮਾਂ ਸ਼ਾਮਲ ਹੋਣਗੀਆਂ। ਇਸ ਪਛੜੇ ਇਲਾਕੇ ਵਿਚ ਡੂੰਘੇ ਟਿਊਬਵੈਲ ਲਾ ਕੇ ਅਤੇ ਸ਼ਾਹ ਨਾਹਰ ਪ੍ਰਾਜੈਕਟ ਨੂੰ ਮੁਕੰਮਲ ਕਰਵਾਕੇ ਸਿੰਜਾਈ ਸਹੂਲਤਾਂ ਮੁਹੱਈਆ ਕਰਨ ਨੂੰ ਪਹਿਲ ਦਿੱਤੀ ਜਾਵੇਗੀ। (ਵਿਘਨ) (ਸ਼ੋਰ)

11. ਜ਼ਰਾਇਤੀ ਉਪਜ ਵਿਚ ਵਾਧਾ ਕਰਨ ਤੋਂ ਇਲਾਵਾ ਮੰਡੀਕਰਣ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਵੱਲ ਵੀ ਪੂਰਾ ਧਿਆਨ ਦਿੱਤਾ ਜਾਵੇਗਾ। (ਵਿਘਨ) ਮਾਹਿਰਾਂ ਦਾ ਵਿਚਾਰ ਹੈ ਕਿ ਪੰਜਾਬ ਇਕ ਅਜਿਹੇ ਪੜਾਅ ਤੇ ਪੁੱਜ ਗਿਆ ਹੈ, ਜਿਥੇ ਖੇਤੀ ਉਪਰੰਤ ਮੰਡੀਕਰਣ ਦਾ ਆਧੁਨਿਕੀਕਰਣ ਅਤੇ ਮਸ਼ੀਨਰੀਕਰਣ ਬਹੁਤ ਜ਼ਰੂਰੀ ਹੋ ਗਿਆ ਹੈ। ਅਨਾਜ ਨੂੰ ਸਾਫ਼ ਕਰਕੇ ਅਤੇ ਉਸ ਦੀ ਦਰਜਾ-ਬੰਦੀ ਕਰਕੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਠੀਕ ਮੁੱਲ ਦਿਵਾਉਣ ਲਈ ਅਨਾਜ ਦੇ ਮੰਡੀਕਰਣ ਦੇ ਚੋਣਵੇਂ ਮਸ਼ੀਨਰੀਕਰਣ ਦਾ ਇਕ ਪਾਇਲਟ ਪ੍ਰਾਜੈਕਟ ਜ਼ਿਲ੍ਹਾ ਲੁਧਿਆਣਾ ਦੀ ਮੰਡੀ ਖੁਮਾਣੋਂ ਵਿਚ ਇਸ਼ ਮਹੀਨੇ ਦੇ ਸ਼ੁਰੂ ਵਿਚ ਚਾਲੂ ਕੀਤਾ ਗਿਆ ਸੀ। ਇਸ ਸਬੰਧ ਵਿਚ ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਆਬਾਦਕਾਰੀ ਵਿਭਾਗ ਜਿਥੇ ਕਈ ਵੱਡੀਆਂ ਮੰਡੀਆਂ ਦੇ ਵਿਕਾਸ ਦੇ ਕਾਰਜ ਵਿਚ ਰੁਝਿਆ ਹੋਇਆ ਹੈ, ਉਥੇ ਕਣਕ ਦੀ ਖ਼ਰੀਦ ਲਈ ਕੇਂਦਰਾਂ ਦੀ ਗਿਣਤੀ ਰਬੀ 1978 ਵਿਚ 575 ਤੋਂ ਵਧਾ ਕੇ ਹੁਣੇ ਜਿਹੇ ਖ਼ਤਮ ਹੋਏ ਕਣਕ ਮੰਡੀਕਰਣ ਮੌਸਮ ਵਿਚ 825 ਕਰ ਦਿੱਤੀ ਗਈ ਸੀ। ਆਲੂ ਉਤਪਾਦਕਾਂ ਦੀ ਸਹਾਇਤਾ ਲਈ 10 ਹੋਰ ਕੋਲਡ ਸਟੋਰ ਉਸਾਰਨ ਦੀ ਤਜਵੀਜ਼ ਹੈ ਜਿਨ੍ਹਾਂ ਵਿਚੋਂ ਹਰੇਕ ਦੀ ਸਮਰੱਥਾ 4,000 ਮੀਟ੍ਰਿਕ ਟਨ ਹੋਵੇਗੀ।

12. ਖੇਤੀਬਾੜੀ ਤੋਂ ਇਲਾਵਾ ਮੇਰੀ ਸਰਕਾਰ ਡੇਅਰੀ ਉਦਯੋਗ, ਮੱਛੀ ਪਾਲਣ ਅਤੇ ਰੱਖ ਲਗਾਉਣ ਦੇ ਪ੍ਰਾਜੈਕਟਾਂ ਵਲ ਵੀ ਵਿਸ਼ੇਸ਼ ਧਿਆਨ ਦੇਵੇਗੀ। ਕਾਫ਼ੀ ਗਿਣਤੀ ਵਿਚ ਡੰਗਰਾਂ ਦੇ ਨਵੇਂ ਹਸਪਤਾਲ ਖੋਲ੍ਹਣ ਦੀ ਤਜਵੀਜ਼ ਹੈ ਤਾਂ ਜੋ ਕਿਸਾਨਾਂ ਨੂੰ 5 ਕਿਲੋ ਮੀਟਰ ਦੇ ਘੇਰੇ ਵਿਚ ਇਕ ਡਿਸਪੈਂਸਰੀ ਮਿਲ ਸਕੇ।

ਆਨੰਦ ਡੇਅਰੀ ਦੇ ਨਮੂਨੇ ਤੇ ਦੱਧ ਸਪਲਾਈ ਸਹਿਕਾਰੀ ਸਭਾਵਾਂ ਨੂੰ ਸੰਗਠਿਤ ਕਰਨ ਦਾ ਕੰਮ ਤੇਜ਼ ਕੀਤਾ ਜਾਵੇਗਾ ਤਾਂ ਜੋ ਅਜਿਹੀਆਂ ਸਭਾਵਾਂ ਸਾਲ 1980-81 ਦੇ ਅੰਤ ਤਕ ਸਾਰੇ ਜ਼ਿਲ੍ਹਿਆਂ ਵਿਚ ਆਪਣਾ ਕੰਮ ਚਾਲੂ ਕਰ ਸਕਣ। ਅਗਲੇ ਛੇ ਸਾਲਾਂ ਦੇ ਦੌਰਾਨ ਇਸ ਕਾਰਜ ਲਈ ਭਾਰਤ ਸਰਕਾਰ ਤੋਂ ਓਪਰੇਸ਼ਨ ਫਲੱਡ II ਸਕੀਮ ਅਧੀਨ 58 ਕਰੋੜ ਰੁਪਏ ਦੀ ਮਾਲੀ ਸਹਾਇਤਾ ਪ੍ਰਾਪਤ ਹੋਣ ਦੀ ਆਸ ਹੈ। ਕਿਸਾਨਾਂ ਨੂੰ ਬੀਜ, ਖਾਦਾਂ ਤੇ ਸੰਦ-ਸਮਾਨ ਖਰੀਦਣ ਲਈ ਕਰਜ਼ੇ ਦੇਣ ਵਾਸਤੇ ਸਹਿਕਾਰੀ ਸਭਾਵਾਂ ਦਾ ਜਾਲ ਵਿਛਾਇਆ ਜਾਵੇਗਾ। (ਵਿਘਨ) ਸਾਲ 1979-80 ਦੇ ਦੌਰਾਨ ਸਹਿ-

Original with;
Punjab Vidhan Sabha
Digitized by;
Panjab Digital Library

ਕਾਰੀ ਸਭਾਵਾਂ ਦੁਆਰਾ ਦਿਤੇ ਗਏ 150 ਕਰੋੜ ਰੁਪਏ ਦੇ ਥੋੜ੍ਹੀ ਅਤੇ ਦਰਮਿਆਨੀ ਮਿਆਦ ਵਾਲੇ ਕਰਜ਼ਿਆਂ ਦੇ ਮੁਕਾਬਲੇ ਸਾਲ 1980-81 ਦੇ ਦੌਰਾਨ 185 ਕਰੋੜ ਰੁਪਏ ਦੇ ਕਰਜ਼ੇ ਦਿਤੇ ਜਾਣ ਦਾ ਟੀਚਾ ਮਿਥਿਆ ਗਿਆ ਹੈ। ਇਨ੍ਹਾਂ ਵਿਚੋਂ ਲਗਭਗ 43 ਫ਼ੀ ਸਦੀ ਕਰਜ਼ੇ ਛੋਟੇ ਤੇ ਸੀਮਾਂਤੀ ਕਿਸਾਨਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਦਿਤੇ ਜਾਣਗੇ। ਇਸ ਤੋਂ ਇਲਾਵਾ ਚਾਲੂ ਸਾਲ ਦੇ ਦੌਰਾਨ ਪੰਜਾਬ ਰਾਜ ਸਹਿਕਾਰੀ ਭੋਂ-ਰਹਿਣ ਬੈਂਕਾਂ ਰਾਹੀਂ ਜਰਾਇਤੀ ਮੰਤਵਾਂ ਲਈ 37 ਕਰੋੜ ਰੁਪਏ ਦੇ ਲੰਮੀ ਮਿਆਦ ਵਾਲੇ ਕਰਜ਼ੇ ਦਿਤੇ ਜਾਣ ਦੀ ਵੀ ਤਜਵੀਜ਼ ਹੈ ਜੋ ਸਾਲ 1979-80 ਨਾਲੋਂ ਤਕਰੀਬਨ 35 ਫ਼ੀ ਸਦੀ ਜ਼ਿਆਦਾ ਹੋਣਗੇ।

13. ਦਿਹਾਤੀ ਵਿਕਾਸ ਦੀਆਂ ਸਕੀਮਾਂ ਵਿਚ ਲੋਕਾਂ ਦੇ ਪ੍ਰਤੀਨਿਧਾਂ ਦੀ ਸ਼ਮੂਲੀਅਤ ਤੇ ਦਿਲਚਸਪੀ ਨੂੰ ਵਧਾਉਣ ਲਈ ਮੇਰੀ ਸਰਕਾਰ ਪੰਚਾਇਤੀ ਰਾਜ ਦੀ ਤਿੰਨ-ਪੜਾਵੀ ਪ੍ਰਣਾਲੀ ਨੂੰ ਮੜ ਚਾਲੂ ਕਰਨ ਅਤੇ ਪੰਚਾਇਤਾਂ ਨੂੰ ਆਪਣਾ ਮਹੱਤਵਪੂਰਣ ਰੋਲ ਅਦਾ ਕਰਨ ਲਈ ਲੋੜੀਂਦੇ ਅਧਿਕਾਰ ਸੌਂਪਣ ਦਾ ਵਿਚਾਰ ਰੱਖਦੀ ਹੈ। ਇਸ ਲਈ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾਂ ਜਲਦੀ ਕਰਵਾਉਣ ਦਾ ਪ੍ਰਬੰਧ ਕੀਤਾ ਜਾਵੇਗਾ। ਪਿੰਡਾਂ ਦੇ ਵਾਤਾਵਰਣ ਦੀਆਂ ਹਾਲਤਾਂ ਨੂੰ ਸੁਧਾਰਨ ਲਈ ਗਲੀਆਂ ਨੂੰ ਪੱਕਾ ਕਰਨ ਅਤੇ ਨਾਲੀਆਂ ਬਣਾਉਣ ਸਬੰਧੀ ਸਕੀਮਾਂ ਸ਼ੁਰੂ ਕੀਤੀਆਂ ਜਾਣਗੀਆਂ ਤਾਂ ਜੋ ਅਗਲੇ ਪੰਜਾਂ ਸਾਲਾਂ ਦੇ ਦੌਰਾਨ ਵਸੋਂ ਵਾਲੇ ਸਾਰੇ ਪਿੰਡਾਂ ਨੂੰ ਇਸ ਦੇ ਘੇਰੇ ਵਿਚ ਲਿਆਂਦਾ ਜਾ ਸਕੇ।

14. ਜ਼ਰਾਇਤੀ ਉਤਪਾਦਨ ਅਤੇ ਮੰਡੀਕਰਣ ਵਿਚ ਸੁਧਾਰ ਕਰਨ ਦੇ ਨਾਲ ਨਾਲ ਮੇਰੀ ਸਰਕਾਰ ਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਉਨ੍ਹਾਂ ਵਾਧੂ ਕਾਮਿਆਂ, ਜਿਹੜੇ ਜ਼ਰਾਇਤੀ ਕਾਰਜਾਂ ਵਿੱਚ ਸਿੱਧੇ ਤੌਰ ਤੇ ਨਹੀਂ ਖਪ ਸਕਦੇ, ਨੂੰ ਲਾਹੇਵੰਦ ਰੋਜ਼ਗਾਰ ਮੁਹੱਈਆ ਕਰਨ ਲਈ, ਗ੍ਰਾਮ ਉਦਯੋਗਾਂ ਦੇ ਵਿਕਾਸ ਨੂੰ ਸਾਰੇ ਟੈਕਨਾਲੋਜੀਕਲ ਅਤੇ ਪ੍ਰਬੰਧਕੀ ਸਾਧਨਾਂ ਰਾਹੀਂ ਤੇਜ਼ ਕੀਤਾ ਜਾਵੇਗਾ (ਵਿਘਨ) (ਸ਼ੋਰ)। ਇਸ ਸਬੰਧ ਵਿਚ ਗ੍ਰਾਮ ਉਦਯੋਗਾਂ ਲਈ ਵਖਰਾ ਡਾਇਰੈਕਟੋਰੇਟ ਸਥਾਪਤ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਦਿਹਾਤੀ ਖੇਤਰਾਂ ਵਿਚ ਸਰਮਾਇਆ ਲਾਉਣ ਲਈ ਵਿਸ਼ੇਸ਼ ਉਤਸ਼ਾਹ ਅਤੇ ਉਦਯੋਗਕਾਂ ਨੂੰ ਵਿਆਜ ਦੀਆਂ ਕਾਫ਼ੀ ਘੱਟ ਦਰਾਂ ਤੇ ਕਰਜ਼ੇ ਦਿਤੇ ਜਾਣਗੇ । ਪੰਜ ਸੂਤ ਕਤਾਈ ਮਿਲਾਂ ਲਈ ਲਸੰਸ ਪ੍ਰਾਪਤ ਹੋ ਗਏ ਹਨ ਅਤੇ ਇਨ੍ਹਾਂ ਨੂੰ ਛੇਤੀ ਚਾਲੂ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਹੋਰ ਲਸੰਸ ਪ੍ਰਾਪਤ ਕੀਤੇ ਜਾਣਗੇ ਤਾਂ ਜੋ ਪੰਜਾਬ ਵਿਚ ਪੈਦਾ ਕੀਤੀ ਜਾਂਦੀ ਕਪਾਹ ਦੇ ਵੱਧ ਤੋਂ ਵੱਧ ਹਿੱਸੇ ਦਾ ਪੰਜਾਬ ਵਿਚ ਹੀ ਸੂਤ ਬਣਾਇਆ ਜਾ ਸਕੇ। ਹੋਰ ਜ਼ਰਾਇਤੀ-ਉਦਯੋਗਿਕ ਪ੍ਰਾਜੈਕਟ, ਜਿਨ੍ਹਾਂ ਵਿਚ ਖੰਡ ਮਿਲਾਂ, ਰੋਲਰ ਆਟਾ ਮਿੱਲਾਂ, ਵਾਫ਼ਰ ਫਲ ਅਤੇ ਸਬਜ਼ੀਆਂ ਦੇ ਪ੍ਰਾਸੈਸਿੰਗ ਯੂਨਿਟ ਅਤੇ ਜ਼ਰਾਇਤੀ ਰਹਿੰਦ ਖੂੰਹਦ ਨੂੰ ਕੱਚੇ ਮਾਲ ਦੇ ਤੌਰ ਤੇ ਵਰਤ ਕੇ ਕਾਗਜ਼ ਅਤੇ ਗੱਤੇ ਦੇ ਛੋਟੇ ਕਾਰਖਾਨੇ ਅਤੇ ਆਲੂ, ਚੌਲਾਂ ਦੀ ਫੱਕ ਆਦਿ ਤੇ ਅਧਾਰਤ ਰਸਾਇਣਕ ਯੂਨਿਟ ਸ਼ਾਮਲ ਹਨ, ਵੀ ਵਿਕਸਤ ਕੀਤੇ ਜਾਣਗੇ। ਇਸ ਤੋਂ ਇਲਾਵਾ ਦਿਹਾਤੀ ਖੇਤਰਾਂ ਵਿਚ ਦਸਤਕਾਰੀ ਅਤੇ ਹੱਥ ਖੱਡੀਆਂ, ਚਮੜੇ ਦੀ ਰੰਗਾਈ ਅਤੇ ਚਮੜੇ ਦੀਆਂ ਵਸਤਾਂ, ਖੇਡਾਂ ਦਾ ਸਾਮਾਨ, ਹੌਜ਼ਰੀ ਵਸਤਾਂ ਤਿਆਰ ਕਰਨ ਲਈ ਉਤਪਾਦਨ ਕੇਂਦਰ ਸਥਾਪਤ ਕਰਨ ਦੀ ਤਜਵੀਜ਼ ਬਣਾਈ ਗਈ ਹੈ। ਇਸ ਤਰੀਕੇ ਨਾਲ ਇਨ੍ਹਾਂ ਕਾਰਵਾਈਆਂ ਰਾਹੀਂ ਮੇਰੀ ਸਰਕਾਰ ਦਿਹਾਤੀ ਉਦਯੋਗੀਕਰਣ ਅਤੇ ਦਿਹਾਤੀ ਰੋਜ਼ਗਾਰ ਨੂੰ ਵਧਾਉਣ ਦੇ ਅਕਸਰ ਦੁਹਰਾਏ ਜਾਂਦੇ ਵਾਅਦਿਆਂ ਨੂੰ ਅਮਲੀ ਰੂਪ ਦੇਣ ਦੀ ਆਸ ਕਰਦੀ ਹੈ। ਇਥੇ ਇਹ ਵੀ ਦਸ ਦੇਣਾ ਉਚਿੱਤ ਹੈ ਕਿ ਮੇਰੀ ਸਰਕਾਰ ਨੇ ਨਵੇਂ ਦਿਹਾਤੀ ਯੂਨਿਟ ਸਥਾਪਤ ਕਰਨ ਦਾ ਟੀਚਾ ਜੋ ਪਿਛਲੇ ਸਾਲ 3,000 ਸੀ, ਨੂੰ ਵਧਾਕੇ ਚਾਲੂ ਸਾਲ ਦੇ ਦੌਰਾਨ 6,000

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਯੂਨਿਟ ਕਰ ਦਿੱਤਾ ਹੈ। (ਵਿਘਨ) (ਸ਼ੋਰ) ਮੇਰੀ ਸਰਕਾਰ ਦਾ ਇਹ ਵਿਚਾਰ ਵੀ ਹੈ ਕਿ ਜ਼ਰਾਇਤੀ ਕਾਰਜਾਂ, ਇੱਟਾਂ ਦੇ ਭੱਠਿਆਂ, ਚਾਵਲ, ਮਿੱਲਾਂ, ਤੇਲ ਕੱਢਣ ਵਾਲੇ ਯੂਨਿਟਾਂ ਅਤੇ ਹੋਰ ਦਿਹਾਤੀ ਉਦਯੋਗਾਂ ਵਿਚ ਲੱਗੇ ਦਿਹਾਤੀ ਮਜ਼ਦੂਰਾਂ ਲਈ ਘੱਟ ਤੋਂ ਘੱਟ ਉਜਰਤ ਸਖਤੀ ਨਾਲ ਲਾਗੂ ਕਰਨ ਦੀ ਕਾਰਵਾਈ ਕੀਤੀ ਜਾਵੇ। ਮੈਂ ਵਿਸ਼ੇਸ਼ ਤੌਰ ਤੇ ਇਹ ਕਹਿਣਾ ਚਾਹੁੰਦਾ ਹਾਂ ਕਿ ਬਾਕੀ ਦੇ ਸਾਰੇ ਪਿੰਡ, ਜਿਨ੍ਹਾਂ ਦੀ ਗਿਣਤੀ 350 ਹੈ, ਜੋ ਅਜੇ ਪਹੁੰਚ ਮਾਰਗ ਪ੍ਰੋਗਰਾਮ ਅਧੀਨ ਨਹੀਂ ਆਏ, ਉਹ ਸਾਲ 1980-81 ਦੇ ਦੌਰਾਨ ਇਸ ਪ੍ਰੋਗਰਾਮ ਅਧੀਨ ਲਿਆਂਦੇ ਜਾਣਗੇ ਅਤੇ ਪੀਣ ਵਾਲੇ ਪਾਣੀ ਦੀ ਬਹੁਤ ਕਮੀ ਵਾਲੇ 3,800 ਪਿੰਡਾਂ ਵਿੱਚੋਂ 2,080 ਪਿੰਡਾਂ ਨੂੰ ਇਸ ਸਾਲ ਦੇ ਦੌਰਾਨ ਪੀਣ ਵਾਲੇ ਪਾਣੀ ਦੀ ਸਪਲਾਈ ਚਾਲੂ ਕੀਤੀ ਜਾਵੇਗੀ। (ਤਾੜੀਆਂ)

15. ਦਿਹਾਤੀ ਉਦਯੋਗਾਂ ਤੋਂ ਇਲਾਵਾ, ਜਿਨ੍ਹਾਂ ਦਾ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਮੇਰੀ ਸਰਕਾਰ ਵੱਡੇ ਪੈਮਾਨੇ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਦੇ ਵਿਕਾਸ ਵਲ ਉਚੇਚਾ ਧਿਆਨ ਦੇਵੇਗੀ ਤਾਂ ਜੋ ਨਾ ਕੇਵਲ ਕਾਰੀਗਰੀ ਅਤੇ ਕੱਚੇ ਮਾਲ ਦੇ ਸਾਰੇ ਸਾਧਨ ਹੀ ਪੂਰੀ ਤਰ੍ਹਾਂ ਵਰਤੋਂ ਵਿਚ ਲਿਆਂਦੇ ਜਾ ਸਕਣ ਸਗੋਂ ਛੋਟੇ ਉਦਯੋਗਾਂ ਨੂੰ ਵੱਡੇ ਪੈਮਾਨੇ ਦੇ ਉਦਯੋਗਾਂ ਨਾਲ ਸਹਾਇਕ ਯੂਨਿਟਾਂ ਵਜੋਂ ਵਿਕਸਤ ਵੀ ਕੀਤਾ ਜਾ ਸਕੇ। ਭਾਰਤੀ ਰੇਲਵੇ ਵੱਲੋਂ 30 ਕਰੋੜ ਰੁਪਏ ਦੀ ਲਾਗਤ ਨਾਲ ਡੀਜ਼ਲ ਲੋਕੋਮੋਟਿਵ ਪੁਰਜ਼ਿਆਂ ਦੀ ਫੈਕਟਰੀ ਲਾਉਣ ਲਈ ਜ਼ਰੂਰੀ ਸਹੂਲਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਕੁਝ ਹੋਰ ਵੱਡੇ ਇੰਜੀਨੀਅਰੀ ਪ੍ਰਾਜੈਕਟਾਂ ਦੀ ਕਲੀਅਰੈਂਸ ਪ੍ਰਾਪਤ ਕਰਨ ਲਈ ਵੀ ਯਤਨ ਕੀਤੇ ਜਾਣਗੇ, ਜਿਨਾਂ ਨਾਲ ਮੌਜੂਦਾ ਯੂਨਿਟਾਂ ਨੂੰ ਸਥਿਰਤਾ ਪ੍ਰਾਪਤ ਹੋਵੇਗੀ ਅਤੇ ਇਹ ਛੋਟੇ ਪੈਮਾਨੇ ਦੇ ਹੋਰ ਯੂਨਿਟਾਂ ਦੇ ਵਿਕਾਸ ਵਿਚ ਵੀ ਸਹਾਈ ਹੋਣਗੇ। ਜਰਮਨੀ ਦੇ ਸਹਿਯੋਗ ਨਾਲ ਲੁਧਿਆਣਾ ਵਿਖੇ ਇਕ ਟੂਲ ਰੂਮ ਸਥਾਪਤ ਕੀਤਾ ਜਾ ਰਿਹਾ ਹੈ ਜੋ ਛੇਤੀ ਹੀ ਮੁਕੰਮਲ ਕਰਵਾਇਆ ਜਾਵੇਗਾ। ਸਾਈਕਲ ਅਤੇ ਸਿਲਾਈ ਮਸ਼ੀਨ ਉਦਯੋਗਾਂ ਦੇ ਡਿਜ਼ਾਇਨ ਸੈਂਟਰ ਛੇਤੀ ਹੀ ਕਾਇਮ ਕੀਤੇ ਜਾਣਗੇ। ਅੰਮ੍ਰਿਤਸਰ ਵਿਖੇ ਇਕ ਟੈਕਸਟਾਈਲ ਡਾਈਂਗ ਅਤੇ ਫਿਨਿਸ਼ਿੰਗ ਸੈਂਟਰ ਸਥਾਪਤ ਕੀਤਾ ਜਾ ਰਿਹਾ ਹੈ। ਛੇਤੀ ਹੀ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਦੀ ਸਰਪਰਸਤੀ ਹੇਠ 25 ਤੋਂ ਵੱਧ ਵੱਡੇ ਪੈਮਾਨੇ ਦੇ ਪ੍ਰਾਜੈਕਟ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ, ਜਿਨ੍ਹਾਂ ਤੇ ਪੂੰਜੀਗਤ ਲਾਗਤ 230 ਕਰੋੜ ਰੁਪਏ ਤੋਂ ਵੱਧ ਹੋਵੇਗੀ। (ਤਾੜੀਆਂ) ਛੋਟੇ ਪੈਮਾਨੇ ਦੇ ਉਦਯੋਗਕਾਂ ਨੂੰ ਆਪਣੀਆਂ ਫੈਕਟਰੀਆਂ ਦਾ ਚੋਣਵਾਂ ਅਧੁਨਿਕੀਕਰਣ ਅਤੇ ਟੈਕਨਾਲੋਜੀ ਨੂੰ ਚੰਗੇਰਾ ਬਣਾਉਣ ਲਈ ਉਤਸ਼ਾਹ ਅਤੇ ਸਹਾਇਤਾ ਦਿੱਤੀ ਜਾਵੇਗੀ ਤਾਂ ਜੋ ਵਸਤਾਂ ਦੀ ਕੁਆਲਟੀ ਚੰਗੇਰੀ ਹੋ ਸਕੇ। ਛੋਟੇ ਪੈਮਾਨੇ ਦੇ ਯੂਨਿਟਾਂ ਨੂੰ ਕੱਚਾ ਮਾਲ ਸਪਲਾਈ ਕਰਨ ਅਤੇ ਬਿਜਲੀ ਦੀ ਸਪਲਾਈ ਨੂੰ ਚੰਗੇਰਾ ਬਣਾਉਣ ਅਤੇ ਮੰਡੀਕਰਣ ਸਹੂਲਤਾਂ ਦੇਣ ਹਿਤ ਛੇਤੀ ਤੋਂ ਛੇਤੀ ਕਦਮ ਚੁੱਕੇ ਜਾਣਗੇ। ਨਾਲ ਹੀ ਨਵੇਂ ਉਦਯੋਗਕਾਂ ਨੂੰ ਰਾਜ ਵਿਚ ਨਵੇਂ ਉਦਯੋਗ ਸਥਾਪਤ ਕਰਨ ਲਈ ਹਰ ਤਰ੍ਹਾਂ ਦਾ ਉਤਸ਼ਾਹ ਦਿੱਤਾ ਜਾਵੇਗਾ। ਚਮੜੇ ਤੇ ਅਧਾਰਤ ਉਦਯੋਗਾਂ ਨੂੰ ਉੱਨਤ ਕਰਨ ਅਤੇ ਚੰਗੀ ਕਿਸਮ ਦਾ ਕੱਚਾ ਮਾਲ, ਡਿਜ਼ਾਈਨ, ਟੈਕਨਾਲੋਜੀ ਅਤੇ ਮੰਡੀਕਰਣ ਦੀਆਂ ਮਾਹਰ ਸਹੂਲਤਾਂ ਪ੍ਰਦਾਨ ਕਰਨ ਲਈ ਇਕ ਵਖਰੀ ਲੈਦਰ ਕਾਰਪੋਰੇਸ਼ਨ ਸਥਾਪਤ ਕੀਤੀ ਜਾ ਰਹੀ ਹੈ। (ਥੰਪਿੰਗ)

16. ਪਹਿਲੀ ਸਰਕਾਰ ਵਲੋਂ ਨਵੇਂ ਉਦਯੋਗਾਂ ਲਈ ਸਹਾਇਤਾ ਦੇਣ ਦੇ ਐਲਾਨ ਬਹੁਤੇ ਹਦ ਤਕ ਕਾਗਜ਼ਾਂ ਵਿਚ ਹੀ ਸੀਮਤ ਰਹੇ ਹਨ। ਮੇਰੀ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਬਜਟ ਵਿੱਚ ਉਚਿਤ ਪ੍ਰਬੰਧ ਕੀਤੇ ਜਾਣ ਅਤੇ ਸਹਾਇਤਾ ਦੇਣ ਦੀ ਵਿਧੀ ਸਰਲ ਬਣਾਈ ਜਾਵੇ। ਰਾਜ ਪੱਧਰ

Original with;
Punjab Vidhan Sabha
Digitized by;
Panjab Digital Library

ਦੀਆਂ ਸੰਸਥਾਵਾਂ ਅਤੇ ਸਰਕਾਰੀ ਵਿਭਾਗਾਂ ਤੋਂ ਸਹਾਇਤਾ ਪ੍ਰਾਪਤ ਕਰਨ ਵਿਚ ਉਦਯੋਗਾਂ ਦੀ ਸਹਾ-ਇਤਾ ਲਈ ਇਕ ਵੱਖਰੀ ਸੰਸਥਾ ਕਾਇਮ ਕੀਤੀ ਜਾਵੇਗੀ ।

17. ਉਦਯੋਗਿਕ ਮਜ਼ਦੂਰਾਂ ਦੀ ਭਲਾਈ ਲਈ ਘੱਟ ਤੋਂ ਘੱਟ ਉਜਰਤਾਂ ਸਬੰਧੀ ਕਾਨੂੰਨ, ਜੋ ਹੁਣ ਕੇਵਲ 46 ਰੋਜ਼ਗਾਰਾਂ ਤੇ ਲਾਗੂ ਹੁੰਦਾ ਸੀ, ਹੁਣ ਇਸ ਸਾਲ ਦੇ ਦੌਰਾਨ 15 ਹੋਰ ਰੋਜ਼ਗਾਰਾਂ ਤੇ ਵੀ ਲਾਗੂ ਕੀਤਾ ਜਾਵੇਗਾ ਅਤੇ ਇਸ ਤੇ ਸਖ਼ਤੀ ਨਾਲ ਅਮਲ ਕੀਤਾ ਜਾਵੇਗਾ (ਥੰਪਿੰਗ) । ਉਦਯੋ-ਗਿਕ ਸਬੰਧਾਂ ਦੇ ਖੇਤਰ ਵਿਚ ਕਿਰਤ ਸਬੰਧੀ ਕਾਨੂੰਨ ਉਤੇ ਵੀ ਪੂਰਾ ਪੂਰਾ ਅਮਲ ਕੀਤਾ ਜਾਵੇਗਾ ਅਤੇ ਉਦਯੋਗਿਕ ਉਤਪਾਦਨ ਵਧਾਉਣ ਅਤੇ ਹੜਤਾਲਾਂ ਅਤੇ ਤਾਲਾ ਬੰਦੀ ਨੂੰ ਘੱਟ ਕਰਨ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਪ੍ਰਬੰਧਕਾਂ ਅਤੇ ਮਜ਼ਦੂਰਾਂ ਦੋਹਾਂ ਦੇ ਪ੍ਰਤਿਨਿਧਾਂ ਨੂੰ ਕਾਨੂੰਨ ਦੇ ਢਾਂਚੇ ਵਿਚ ਰਹਿੰਦੇ ਹੋਏ ਆਪਣੇ ਸਬੰਧ ਕਾਇਮ ਕਰਨ ਲਈ ਕਿਹਾ ਜਾਵੇਗਾ।

18. ਆਰਥਿਕਤਾ ਦੇ ਜ਼ਰਾਇਤੀ ਅਤੇ ਉਦਯੋਗਿਕ ਦੋਹਾਂ ਖੇਤਰਾਂ ਵਿਚ ਵਿਕਾਸ ਕਰਨ ਲਈ ਬੁਨਿਆਦੀ ਸਹੂਲਤਾਂ ਦੇ ਵਿਕਾਸ ਜਿਵੇਂ ਕਿ ਬਿਜਲੀ, ਸੜਕਾਂ, ਢੋ-ਢੁਆਈ ਅਤੇ ਸਿੰਜਾਈ ਦੀ ਅਵੱਸ਼ ਹੀ ਵਧੇਰੇ ਲੋੜ ਹੈ । ਮੇਰੀ ਸਰਕਾਰ ਨੇ ਇਸ ਬਹੁਤ ਥੋੜੇ, ਸਮੇਂ ਵਿਚ ਬਿਜਲੀ ਪੈਦਾ ਕਰਨ ਸਬੰਧੀ ਸਥਿਤੀ ਤੇ ਵਿਚਾਰ ਕਰ ਕੇ ਇਹ ਫੈਸਲਾ ਕੀਤਾ ਹੈ ਕਿ ਵਧੀਕ ਸਾਧਨ ਮੁਹਈਆ ਕਰ ਕੇ ਤਿੰਨ ਪ੍ਰਾਜੈਕਟਾਂ ਨੂੰ ਮੁਕੰਮਲ ਕੀਤਾ ਜਾਵੇ । ਅਨੰਦਪੁਰ ਅਤੇ ਮੁਕੇਰੀਆਂ ਹਾਈਡਲ ਪ੍ਰਾਜੈਕਟਾਂ ਦੀ ਸੂਰਤ ਵਿਚ ਇਨ੍ਹਾਂ ਨੂੰ ਮੁਕੰਮਲ ਕਰਨ ਦੀ ਅੰਤਮ ਮਿਤੀ ਜੋ ਜਨਵਰੀ, 1983 ਸੀ, ਨੂੰ ਨੇੜੇ ਲਿਆ ਕੇ ਜੁਲਾਈ 1982 ਕਰ ਦਿੱਤਾ ਗਿਆ ਹੈ, (ਥੰਪਿੰਗ) ਜਦੋਂ ਕਿ ਸ਼ਾਨਨ ਪ੍ਰਾਜੈਕਟ ਨੂੰ ਹੁਣ ਸਤੰਬਰ 1981 ਤਕ ਮੁਕੰਮਲ ਕਰ ਦਿੱਤਾ ਜਾਵੇਗਾ । ਇਨ੍ਹਾਂ ਤਿੰਨਾਂ ਪ੍ਰਾਜੈਕਟਾਂ ਦੇ ਕੰਮ ਨੂੰ ਹੋਰ ਤੇਜ਼ੀ ਨਾਲ ਨੇਪਰੇ ਚਾੜ੍ਹ ਕੇ ਮਿਥੇ ਟੀਚੇ ਤੋਂ ਸੱਤ ਮਹੀਨੇ ਪਹਿਲਾਂ ਹੀ 400 ਮੈਗਾਵਾਟ ਵਧੀਕ ਬਿਜਲੀ ਮਿਲ ਸਕੇਗੀ । ਰੋਪੜ ਥਰਮਲ ਪਲਾਂਟ ਦੇ ਕੰਮ ਨੂੰ ਵੀ ਹੋਰ ਤੇਜ਼ ਕਰ ਦਿੱਤਾ ਜਾਵੇਗਾ ਅਤੇ ਇਹ ਉਪਰਾਲਾ ਕੀਤਾ ਜਾਵੇਗਾ ਕਿ ਥੀਨ ਡੈਮ ਪ੍ਰਾਜੈਕਟ ਨੂੰ ਵੀ ਹੱਥ ਵਿਚ ਲੈ ਕੇ ਕੰਮ ਪੂਰੇ ਜ਼ੋਰ ਸ਼ੋਰ ਨਾਲ ਅਰੰਭ ਕਰ ਦਿੱਤਾ ਜਾਵੇ ਤਾਂ ਜੋ ਪਹਿਲਾਂ ਮਿਥੇ ਸਾਲ 1988 ਦੀ ਬਜਾਏ ਇਸ ਨੂੰ ਪਹਿਲਾਂ ਹੀ ਚਾਲੂ ਕੀਤਾ ਜਾ ਸਕੇ। (ਥੰਪਿੰਗ)

19. ਜਿਥੋਂ ਤਕ ਸੜਕਾਂ ਦਾ ਸਬੰਧ ਹੈ, ਰਹਿੰਦੇ 153 ਪਿੰਡਾਂ ਵਿਚ ਚਾਲੂ ਮਾਲੀ ਸਾਲ ਦੇ ਦੌਰਾਨ ਪਹੁੰਚ ਸੜਕਾਂ ਦਾ ਕੰਮ ਸ਼ੁਰੂ ਕਰਨ ਤੋਂ ਇਲਾਵਾ ਲੁਧਿਆਣਾ ਤੇ ਗੁਰਾਇਆ ਵਿਚਕਾਰ ਰਾਸ਼ਟਰੀ ਮਹਾਂ ਮਾਰਗ ਨੂੰ ਚਾਰ ਪੱਟੀਆਂ ਵਾਲੀ ਸੜਕ ਬਣਾਉਣ ਦਾ ਕੰਮ ਹੱਥ ਵਿਚ ਲਿਆ ਗਿਆ ਹੈ (ਥੰਪਿੰਗ)। ਹੁਸ਼ਿਆਰਪੁਰ ਦੇ ਪੱਛੜੇ ਜ਼ਿਲ੍ਹੇ ਦੇ ਮੁਸਾਫ਼ਰਾਂ ਨੂੰ ਰਾਹਤ ਪਹੁੰਚਾਉਣ ਲਈ ਹੁਸ਼ਿਆਰਪੁਰ ਦੇ ਵਿਚਕਾਰ ਵਾਲੀ ਸੜਕ ਨੂੰ ਹਰ ਮੌਸਮ ਵਿਚ ਕੰਮ ਆਉਣ ਵਾਲੀ ਸੜਕ ਬਣਾਉਣ ਲਈ ਇਸ ਨੂੰ ਚੌੜਾ ਅਤੇ ਉੱਚਾ ਕਰਨ ਦਾ ਕੰਮ ਵੀ ਸ਼ੁਰ ਕੀਤਾ ਗਿਆ ਹੈ। ਅੰਮ੍ਰਿਤਸਰ-ਮੱਖੂ-ਫ਼ਰੀਦਕੋਟ-ਬਠਿੰਡਾ ਵਿਚਕਾਰ ਸੜਕਾਂ ਨੂੰ ਉਚਾ ਕਰਨ, ਮਜ਼ਬੂਤ ਬਣਾਉਣ ਤੇ ਚੌੜਿਆਂ ਕਰਨ ਦਾ ਕੰਮ ਵੀ ਹੱਥ ਵਿਚ ਲਿਆ ਜਾ ਰਿਹਾ ਹੈ । ਪਿੰਡਾਂ ਦੀਆਂ ਸੜਕਾਂ ਦੀ ਮੁਰੰਮਤ ਦੇ ਕੰਮ ਨੂੰ, ਜਿਨ੍ਹਾਂ ਵਲ ਕਈ ਸਾਲਾਂ ਤੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਸੀ, ਮੇਰੀ ਸਰਕਾਰ ਪਹਿਲ ਦੇਵੇਗੀ ਤਾਂ ਜੋ ਸਾਡਾ ਇਹ ਕੀਮਤੀ ਅਸਾਸਾ ਨਸ਼ਟ ਹੋਣ ਤੋਂ ਬਚਾਇਆ ਜਾ ਸਕੇ ।

20. ਟਰਾਂਸਪੋਰਟ ਦੇ ਖੇਤਰ ਵਿਚ, ਮੇਰੀ ਸਰਕਾਰ, ਸਰਕਾਰੀ ਖੇਤਰ ਵਿਚ ਬੱਸਾਂ ਦੀ ਗਿਣਤੀ ਵਿਚ ਵਾਧਾ ਕਰਨ ਅਤੇ ਸਾਬਕਾ ਫ਼ੌਜੀਆਂ, ਬੇਰੁਜ਼ਗਾਰ ਗਰੈਜੂਏਟਾਂ, ਅਨੁਸੂਚਿਤ ਜਾਤੀਆਂ ਅਤੇ ਅਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਮੈਂਬਰਾਂ ਨੂੰ ਵੀ ਅਜਿਹੇ ਰੂਟਾਂ ਤੇ ਮੁਸਾਫਰ ਗੱਡੀਆਂ ਚਲਾਉਣ ਲਈ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਉਤਸ਼ਾਹ ਦੇਣਾ ਚਾਹੁੰਦੀ ਹੈ (ਥੰਪਿੰਗ) ਜਿਨ੍ਹਾਂ ਤੇ ਸਰਕਾਰੀ ਬੱਸ ਸੇਵਾ ਨਹੀਂ ਹੈ ਜਾਂ ਕੁਝ ਅਜਿਹੇ ਲਿੰਕ ਰੂਟ ਦੇਣਾ ਚਾਹੁੰਦੀ ਹੈ ਜਿਨ੍ਹਾਂ ਤੇ ਮੌਜੂਦਾ ਮੁਸਾਫਰ ਗੱਡੀਆਂ ਦੀ ਸਮਰਥਾ ਘੱਟ ਹੈ। ਜਿਥੋਂ ਤਕ ਮਾਲ ਦੀ ਢੋ-ਢੁਆਈ, ਮਾਲ ਬੁਕ ਕਰਨ ਵਾਲੀਆਂ ਏਜੰਸੀਆਂ ਦੀ ਰਜਿਸਟਰੇਸ਼ਨ ਅਤੇ ਉਗਰਾਹੇ ਜਾਂਦੇ ਕਮਿਸ਼ਨ ਨੂੰ ਨਿਯਮਬੱਧ ਕਰਨ ਅਤੇ ਟਰੱਕਾਂ ਦੇ ਭਾੜੇ ਨਿਸ਼ਚਿਤ ਕਰਨ ਦਾ ਸਬੰਧ ਹੈ, ਪ੍ਰਚਲਤ ਕੁਰੀ-ਤੀਆਂ ਨੂੰ ਖਤਮ ਕੀਤਾ ਜਾਵੇਗਾ। ਸੜਕਾਂ ਤੇ ਗੱਡੀਆਂ ਦੀ ਵਧਦੀ ਆਵਾਜਾਈ ਨੇ ਟਰੈਫਿਕ ਦੇ ਨਿਯਮਾਂ ਦੀ ਪਾਲਣਾ ਅਤੇ ਸੁਰਖਿਆ ਸਾਧਨ ਮੁਹਈਆ ਕਰਨ ਦੀ ਲੋੜ ਨੂੰ ਬਹੁਤ ਜ਼ਰੂਰੀ ਬਣਾ ਦਿਤਾ ਹੈ। ਇਸ ਲਈ ਸੜਕ ਸੁਰੱਖਿਆ ਬੋਰਡ, ਜੋ ਹੁਣੇ ਹੀ ਬਣਿਆ ਹੈ, ਸਾਰੀਆਂ ਮੁਸ਼ਕਲਾਂ ਦਾ ਅਧਿਐਨ ਕਰੇਗਾ ਅਤੇ ਉਚਿਤ ਹੱਲ ਲਭੇਗਾ।

21. ਸਿੰਜਾਈ, ਜ਼ਰਾਇਤੀ ਵਿਕਾਸ ਦਾ ਇਕ ਬੁਨਿਆਦੀ ਸਾਧਨ ਹੈ। ਇਸ ਖੇਤਰ ਵਿਚ ਕੰਡੀ ਇਲਾਕੇ ਦੀ ਜਲ-ਸਪਲਾਈ ਦੀ ਸੰਭਾਲ ਲਈ ਖਾਲਾਂ ਨੂੰ ਪੱਕਾ ਕਰਨ ਅਤੇ ਲਿਫਟ ਸਿੰਜਾਈ ਅਤੇ ਡੂੰਘੇ ਟਿਊਬਵੈਲ ਲਾਉਣ ਦੀਆਂ ਸਕੀਮਾਂ ਨੂੰ ਤੇਜ਼ ਕੀਤਾ ਜਾਵੇਗਾ। ਪੱਛੜੇ ਜ਼ਿਲ੍ਹਿਆਂ ਜਿਹੜੇ ਹੁਣ ਤਕ ਪਾਣੀ ਦੇ ਸੋਕੇ ਤੋਂ ਮਾਰੇ ਹੋਏ ਹਨ, ਵਿਚ ਕਿਸਾਨਾਂ ਤੋਂ ਵਸੂਲ ਕਰਨ ਯੋਗ ਅਬਿਆਨੇ ਦੀ ਦਰ ਘਟਾਈ ਜਾ ਰਹੀ ਹੈ ਤਾਂ ਜੋ ਉਨ੍ਹਾਂ ਵਿਚ ਆਪਣੀ ਭੋਂ ਨੂੰ ਸਿੰਜਣ ਅਤੇ ਵਧੇਰੇ ਪੈਦਾਵਾਰ ਪ੍ਰਾਪਤ ਕਰਨ ਦਾ ਉਤਸ਼ਾਹ ਵਧੇ। ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਗੋਬਿੰਦ ਸਾਗਰ ਵਿਚ ਪਾਣੀ ਦੀ ਮਿਕਦਾਰ ਘੱਟ ਹੋਣ ਦੇ ਕਾਰਣ, ਜਿਹੜੀ ਕਿ ਪਿਛਲੇ ਸਾਲ ਦਾ 60 ਫੀ ਸਦੀ ਹੈ, ਪ੍ਰਾਪਤ ਸਪਲਾਈ ਦੇ ਵਿਗਿਆਨਕ ਪ੍ਰਬੰਧ, ਨਹਿਰਾਂ ਦੀ ਉਚਿਤ ਵਾਰੀ ਪ੍ਰਣਾਲੀ ਅਤੇ ਗੈਰ-ਸਰਕਾਰੀ ਟਿਊਬਵੈਲਾਂ ਨੂੰ ਵਧੇਰੇ ਬਿਜਲੀ ਲਈ ਦੇਣ ਦੀ ਲੋੜ ਨੂੰ ਖਾਸ ਮਹੱਤਤਾ ਮਿਲਣੀ ਚਾਹੀਦੀ ਹੈ। ਮੈਨੂੰ ਕੋਈ ਸ਼ੱਕ ਨਹੀਂ ਕਿ ਸਾਡੇ ਸਿੰਜਾਈ ਇੰਜੀਨੀਅਰ ਇਸ ਮੌਕੇ ਤੇ ਪੂਰੇ ਉਤਰਨਗੇ ਅਤੇ ਜਿਥੋਂ ਤਕ ਸੰਭਵ ਹੋ ਸਕੇਗਾ ਪੰਜਾਬ ਦੇ ਕਿਸਾਨਾਂ ਦੀ, ਵਿਸ਼ੇਸ਼ ਕਰਕੇ ਧਾਨ ਦੀ ਅਗਲੀ ਫਸਲ ਦੀਆਂ ਸਿੰਜਾਈ ਲੋੜਾਂ ਸਬੰਧੀ ਵੱਧ ਤੋਂ ਵੱਧ ਸਹਾਇਤਾ ਕਰਨਗੇ। (ਥੰਪਿੰਗ)

22. ਮਨੁੱਖੀ ਸਾਧਨਾਂ ਦੇ ਵਿਕਾਸ ਵਲ ਧਿਆਨ ਦੇਂਦੇ ਹੋਏ, ਮੇਰੀ ਸਰਕਾਰ ਸਿਖਿਆ ਪ੍ਰਣਾਲੀ ਦੇ ਪੁਨਰ ਗਠਨ ਤੇ ਜ਼ਿਆਦਾ ਜ਼ੋਰ ਦੇਵੇਗੀ। ਮਿਡਲ ਅਤੇ ਹਾਈ ਸਕੂਲਾਂ ਵਿਚ ਪੇਸ਼ਾਵਾਰਾਨਾ ਸਿਖਿਆ ਦੀ ਪ੍ਰਣਾਲੀ, ਜਿਹੜੀ ਕਿ ਪਿਛਲੇ ਤਿੰਨ ਸਾਲਾਂ ਵਿਚ ਢਿੱਲੀ ਪੈ ਗਈ ਸੀ, ਨੂੰ ਮੁੜ ਚਾਲੂ ਕੀਤਾ ਜਾਵੇਗਾ ਅਤੇ ਇਸ ਦਾ ਵਿਸਤਾਰ ਕੀਤਾ ਜਾਵੇਗਾ ਤਾਂ ਜੋ ਸਾਰੇ ਸਕੂਲ ਇਸ ਸਕੀਮ ਅਧੀਨ ਆ ਜਾਣ। ਸਕੂਲਾਂ ਵਿਚ ਮਾਪੇ-ਅਧਿਆਪਕ ਸੰਸਥਾਵਾਂ ਵਿਕਸਿਤ ਕੀਤੀਆਂ ਜਾਣਗੀਆਂ ਤਾਂ ਜੋ ਸਿੱਖਿਆ ਦੇ ਵਿਸ਼ੇ-ਵਸਤੂ ਅਤੇ ਅਧਿਆਪਕਾਂ ਸਰਪ੍ਰਸਤਾਂ ਤੇ ਵਿਦਿਆਰਥੀਆਂ ਵਿਚਕਾਰ ਸਹੀ ਕੀਮਤਾਂ ਅਤੇ ਵਿਹਾਰ ਵਿਚ ਆਪਸੀ ਮੇਲ ਜੋਲ ਵਧੇ। ਰਾਜ ਦੇ ਸਦਰ ਮੁਕਾਮ ਤੇ ਉਚ ਕੋਟੀ ਦੀ ਅਧਿਆਪਕ ਸਿਖਲਾਈ ਤੇ ਖੋਜ ਸੰਸਥਾ ਕਾਇਮ ਕੀਤੀ ਜਾਵੇਗੀ ਜਿਹੜੀ ਉਚ ਪੱਧਰ ਦੀ ਸੰਸਥਾ ਵਜੋਂ ਸਿਖਿਆ ਦੀ ਫਿਲਾਸਫੀ ਅਤੇ ਵਿਧੀ ਸਬੰਧੀ ਇਕ ਮੰਚ ਦੇ ਤੌਰ ਤੇ ਕੰਮ ਕਰ ਸਕੇ। ਸਮੁਚੇ ਰਾਜ ਵਿਚ ਖੇਡਾਂ ਦੀਆਂ ਸਹੂਲਤਾਂ ਦੇ ਵਿਕਾਸ ਨੂੰ ਉਤਸਾਹਿਤ ਕੀਤਾ ਜਾਵੇਗਾ। ਪਾਠ-ਕ੍ਰਮ ਵਿਚ ਖੇਡਾਂ ਨੂੰ ਮਹੱਤਵ ਪੂਰਣ ਥਾਂ ਦਿੱਤੀ ਜਾਵੇਗੀ ਤਾਂ ਜੋ ਪੰਜਾਬ ਦੇ ਖਿਡਾਰੀ ਅਤੇ ਐਥਲੀਟ ਆਉਣ ਵਾਲੇ ਸਮੇਂ ਵਿਚ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਮੁਕਾਬਲਿਆਂ ਵਿਚ ਆਪਣਾ ਸਥਾਨ ਕਾਇਮ ਰਖ ਸਕਣ।

23. ਸਿਖਿਆ ਦੇ ਖੇਤਰ ਦੇ ਨਾਲ ਹੀ ਉਦਯੋਗਿਕ ਸਿਖਲਾਈ ਅਤੇ ਸਵੈ-ਰੋਜ਼ਗਾਰ ਲਈ ਵਿਸ਼ੇਸ਼ ਸਿਖਲਾਈ ਦਾ ਖੇਤਰ ਵੀ ਸਬੰਧਤ ਹੈ। ਪੰਜਾਬ ਵਿਚ ਉਦਯੋਗਿਕ ਸਿਖਲਾਈ ਅਜਿਹੇ ਪੜਾਅ ਤੇ

Original with;
Punjab Vidhan Sabha
Digitized by;
Panjab Digital Library

ਪਹੁੰਚ ਗਈ ਹੈ ਜਿਥੇ ਹੁਣ ਸਾਡੀਆਂ ਪਾਲੀਟੈਕਨਿਕ ਸੰਸਥਾਵਾਂ ਅਤੇ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਦਿੱਤੀ ਜਾਂਦੀ ਸਿਖਲਾਈ ਦੇ ਤਕਨੀਕੀ ਪੱਧਰ ਨੂੰ ਉਚੇਰਾ ਚੁਕਣ ਦੀ, ਉਸ ਨੂੰ ਵੱਖ ਵੱਖ ਰੁਖਾਂ ਵਲ ਮੋੜਨ ਦੀ ਅਤੇ ਉਨ੍ਹਾਂ ਨੂੰ ਇਸ ਉਦਯੋਗ ਦੀਆਂ ਵਿਸ਼ੇਸ਼ ਹੁਨਰ ਲੋੜਾਂ ਨਾਲ ਜੋੜਨ ਦੀ ਲੋੜ ਹੈ। ਇਸ ਖੇਤਰ ਵਿਚ ਉੱਚ ਪੱਧਰ ਦਾ ਮੁਲਾਂਕਣ ਕਰਵਾਇਆ ਜਾਵੇਗਾ ਅਤੇ ਕੀਤੀਆਂ ਜਾਣ ਵਾਲੀਆਂ ਸਿਫਾਰਸ਼ਾਂ ਅਨੁਸਾਰ ਉਚਿਤ ਕਦਮ ਚੁਕੇ ਜਾਣਗੇ।

24. ਰਾਜ ਦੇ ਰੋਜ਼ਗਾਰ ਦਫਤਰਾਂ ਵਿਚ ਦਰਜ ਬੇਰੋਜ਼ਗਾਰ ਵਿਅਕਤੀਆਂ ਦੀ ਗਿਣਤੀ 31 ਮਾਰਚ, 1980 ਤੱਕ ਵਧ ਕੇ 4,28,000 ਹੋ ਗਈ ਹੈ। ਇਸ ਤਰ੍ਹਾਂ ਇਕ ਸਾਲ ਵਿਚ ਲਗ ਭਗ 30,000 ਬੇਰੋਜ਼ਗਾਰ ਵਿਅਕਤੀਆਂ ਦਾ ਵਾਧਾ ਹੋਇਆ ਹੈ। ਇਸ ਗਿਣਤੀ ਵਿਚ 2,27,000 ਪੜ੍ਹੇ ਲਿਖੇ ਵਿਅਕਤੀ ਵੀ ਸ਼ਾਮਲ ਹਨ ਜਿਨ੍ਹਾਂ ਦੀ ਵਿਦਿਅਕ ਯੋਗਤਾ ਦਸਵੀਂ ਜਾਂ ਉਚੇਰੀ ਹੈ। ਭਾਵੇਂ ਰਾਜਾਂ ਦੀਆਂ ਪਲਾਨ ਪੂੰਜੀਆਂ ਵਿਚ ਵਾਧਾ ਹੋਣ ਨਾਲ ਸਰਕਾਰੀ ਖੇਤਰ ਵਿਚ ਨੌਕਰੀਆਂ ਦੀ ਗਿਣਤੀ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ, ਫਿਰ ਵੀ ਇਹ ਸਪੱਸ਼ਟ ਹੈ ਕਿ ਇਹ ਸਮੱਸਿਆ ਤਾਂ ਹੀ ਹੱਲ ਕੀਤੀ ਜਾ ਸਕੇਗੀ ਜੇਕਰ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਸਵੈ-ਰੋਜ਼ਗਾਰ ਸਕੀਮਾਂ ਲਈ ਪ੍ਰੇਰਣਾ ਦਿਤੀ ਜਾਵੇ। ਸਰਕਾਰੀ ਕਾਰਪੋਰੇਸ਼ਨਾਂ, ਛੋਟੇ ਅਤੇ ਸੀਮਾਂਤੀ ਕਿਸਾਨਾਂ ਲਈ ਵਿਕਾਸ ਏਜੰਸੀਆਂ ਅਤੇ ਸਹਿਕਾਰੀ ਸੰਸਥਾਵਾਂ ਵਲੋਂ ਅਜਿਹੀਆਂ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਸਵੈ-ਰੋਜ਼ਗਾਰ ਦੀਆਂ ਸਕੀਮਾਂ ਅਪਣਾਉਣ ਲਈ ਤਿਆਰ ਵਿਅਕਤੀਆਂ ਨੂੰ ਕਈ ਕਿਸਮ ਦੀਆਂ ਰਿਆਇਤਾਂ ਤੇ ਸਹੂਲਤਾਂ ਦਿੱਤੀਆਂ ਜਾਣਗੀਆਂ ਅਤੇ ਇਸ ਮੰਤਵ ਲਈ ਸਰਕਾਰ ਦੀਆਂ ਸਿੱਧੀਆਂ ਕੋਸ਼ਿਸ਼ਾਂ ਤੋਂ ਇਲਾਵਾ ਬੈਂਕ-ਕਰਜ਼ਿਆਂ ਦਾ ਵੀ ਵੱਧ ਤੋਂ ਵੱਧ ਲਾਭ ਉਠਾਇਆ ਜਾਵੇਗਾ।

25. ਮੇਰੀ ਸਰਕਾਰ ਪੇਂਡੂ ਅਤੇ ਸ਼ਹਿਰੀ ਦੋਹਾਂ ਖੇਤਰਾਂ ਵਿਚ ਸਿਹਤ ਸੰਭਾਲ ਸਬੰਧੀ ਇਕ ਬੁਨਿਆਦੀ ਢਾਂਚਾ ਕਾਇਮ ਕਰਨ ਦੀ ਤਜਵੀਜ਼ ਰੱਖਦੀ ਹੈ ਜਿਸ ਵਿੱਚ ਸਿਹਤ ਸੰਭਾਲ ਦੀਆਂ ਉਨ੍ਹਾਂ ਸਕੀਮਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਜਿਨ੍ਹਾਂ ਵਿਚ ਹਰੇਕ ਪਰਵਾਰ ਦੀ ਮੁਕੰਮਲ ਸਿਹਤ ਸੰਭਾਲ ਦਾ ਪ੍ਰੋਗਰਾਮ ਹੋਵੇਗਾ। ਇਸ ਵਿੱਚ ਬੀਮਾਰੀਆਂ ਦੀ ਰੋਕ ਥਾਮ, ਅਰੋਗਤਾ ਵਧਾਉਣ ਤੇ ਬੀਮਾਰੀਆਂ ਤੋਂ ਸਿਹਤ ਯਾਬੀ ਤੇ ਇਲਾਜ ਦੇ ਹਰੇਕ ਪੱਖ ਵਲ ਪੂਰਾ ਪੂਰਾ ਧਿਆਨ ਦਿਤਾ ਜਾਵੇਗਾ। ਇਹ ਸਕੀਮ ਹੁਣ ਤਕ ਕੇਵਲ ਦੋ ਬਲਾਕਾਂ ਵਿਚ ਚਾਲੂ ਸੀ, ਇਸ ਦੇ ਮੁਕਾਬਿਲੇ ਤੇ ਚਾਲੂ ਸਾਲ ਵਿਚ 16 ਹੋਰ ਬਲਾਕ ਇਸ ਅਧੀਨ ਲਿਆਂਦੇ ਜਾਣਗੇ (ਥੰਪਿੰਗ) ਅਤੇ ਅਗਲੇ ਦੋ ਸਾਲਾਂ ਵਿਚ ਸਾਰੇ ਰਾਜ ਵਿਚ ਇਹ ਸਕੀਮ ਲਾਗੂ ਕਰਨ ਲਈ ਕੋਸ਼ਿਸ਼ ਕੀਤੀ ਜਾਵੇਗੀ। ਖੂਨ ਚਾੜ੍ਹਨ ਦੀਆਂ ਸੇਵਾਵਾਂ ਨੂੰ ਹੋਰ ਚੰਗੇਰਾ ਬਣਾਇਆਂ ਜਾਵੇਗਾ, ਡਾਕਟਰੀ ਖਰਚ ਦੀ ਪ੍ਰਤਿ ਪੂਰਤੀ ਦੀ ਵਿਧੀ ਨੂੰ ਸੌਖਾ ਬਣਾਇਆ ਜਾਵੇਗਾ, ਅਤੇ ਮਾਹਿਰ ਇਲਾਜ ਦੀਆਂ ਸੇਵਾਵਾਂ ਵਿਚ ਹੋਰ ਵਾਧਾ ਕੀਤਾ ਜਾਵੇਗਾ। ਚਲਦੀ ਫਿਰਦੀ ਡਾਕਟਰੀ ਸੇਵਾ ਸਹੂਲਤ ਦਾ ਵਿਸਤਾਰ ਤੇ ਵਿਕਾਸ ਕਰ ਕੇ ਆਲੇ ਦੁਆਲੇ ਦੇ ਇਲਾਕਿਆਂ ਨੂੰ ਲਾਭ ਪਹੁੰਚਾਇਆ ਜਾਵੇਗਾ। ਸਾਲ ਦੇ ਦੌਰਾਨ 250 ਡਿਸਪੈਂਸਰੀਆਂ ਹੋਰ ਸਥਾਪਿਤ ਕੀਤੀਆਂ ਜਾਣਗੀਆਂ ਅਤੇ ਬਲਾਕ ਸਦਰ ਮੁਕਾਮਾਂ ਵਿਖੇ 25-25 ਬੈਡਾਂ ਵਾਲੇ ਹਸਪਤਾਲਾਂ ਦੀ ਉਸਾਰੀ ਦੇ ਪ੍ਰਾਜੈਕਟ ਅਗੇ ਤੋਰੇ ਜਾਣਗੇ। ਖੁਰਾਕ ਵਿਚ ਮਿਲਾਵਟ ਅਤੇ ਦਵਾਈਆਂ ਦੇ ਕੰਟਰੋਲ ਨਾਲ ਸਬੰਧਿਤ ਕਾਨੂੰਨੀ ਉਪਬੰਧਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ (ਥੰਪਿੰਗ)। ਆਪ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਨੂੰ ਭਾਰਤ ਦੀ ਮੈਡੀਕਲ ਕੌਂਸਲ ਵਲੋਂ ਪਰਵਾਨਗੀ ਦੇ ਦਿੱਤੀ ਗਈ ਹੈ (ਥੰਪਿਗ) ਮੈਡੀਕਲ ਕਾਲਜ ਕੰਪਲੈਕਸ ਦੇ ਉਸਾਰੀ ਕਾਰਜ ਵਿਚ ਤੇਜ਼ੀ ਲਿਆਂਦੀ ਜਾਵੇਗੀ। ਮੇਰੀ ਸਰਕਾਰ ਦੇਸੀ ਦਵਾਈਆਂ, ਹੋਮੋਪੈਥੀ ਅਤੇ ਪ੍ਰਾਕ੍ਰਿਤਿਕ ਇਲਾਜ ਪ੍ਰਣਾਲੀ ਵਲ ਚੋਖਾ ਧਿਆਨ ਦੇ ਕੇ ਇਨ੍ਹਾਂ ਨੂੰ ਉਤਸ਼ਾਹ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਦੇਵੇਗੀ। ਇਸ ਤੋਂ ਇਲਾਵਾ, ਹਸਪਤਾਲ ਦੇ ਪ੍ਰਬੰਧ ਨੂੰ ਜਨਤਾ ਦੀਆਂ ਲੋੜਾਂ ਦੇ ਅਨੁਕੂਲ ਬਣਾਉਣ ਲਈ ਹਰ ਇਕ ਹਸਪਤਾਲ ਵਾਸਤੇ ਵਿਸ਼ੇਸ਼ ਵਿਜ਼ਟਿੰਗ ਕਮੇਟੀ ਕਾਇਮ ਕੀਤੀ ਜਾਵੇਗੀ ਜਿਸ ਵਿਚ ਸਮਾਜ-ਸੇਵਕ ਅਤੇ ਹੋਰ ਉਘੇ ਵਿਅਕਤੀ ਸ਼ਾਮਲ ਹੋਣਗੇ। (ਥੰਪਿੰਗ)

26. ਜਿਵੇਂ ਕਿ ਮੈਂ ਪਹਿਲਾਂ ਹੀ ਆਪਣੇ ਭਾਸ਼ਣ ਦੇ ਸ਼ੁਰੂ ਵਿਚ ਦਸ ਚੁਕਾ ਹਾਂ, ਮੇਰੀ ਸਰਕਾਰ ਆਰਥਕ ਤੌਰ ਤੇ ਕਮਜ਼ੋਰ ਵਰਗਾਂ, ਵਿਸ਼ੇਸ਼ ਕਰਕੇ ਉਨ੍ਹਾਂ ਲੋਕਾਂ, ਜਿਹੜੇ ਗਰੀਬੀ ਪੱਧਰ ਤੋਂ ਵੀ ਨੀਂਵੇਂ ਹਨ, ਦੀ ਦਸ਼ਾ ਨੂੰ ਸੁਧਾਰਨ ਵਲ ਖ਼ਾਸ ਧਿਆਨ ਦੇਣਾ ਚਾਹੁੰਦੀ ਹੈ (ਥੰਪਿਗ)। ਆਸ ਹੈ ਕਿ ਅਗਲੇ ਪੰਜ ਸਾਲਾਂ ਦੇ ਦੌਰਾਨ ਬੈਂਕਾਂ ਦੀ ਸਹਾਇਤਾ ਨਾਲ 150 ਕਰੋੜ ਰੁਪਏ ਦੀ ਪੂੰਜੀ ਵਿਅਕਤੀਗਤ ਆਮਦਨ ਕਮਾਊ ਸਕੀਮਾਂ ਵਿਚ ਸਬੰਧਤ ਪਰਿਵਾਰਾਂ ਨਾਲ ਸਲਾਹ ਮਸ਼ਵਰਾ ਕਰਕੇ ਲਗਾਈ ਜਾਵੇਗੀ। ਇਸ ਤੋਂ ਇਲਾਵਾ ਬਿਰਧ ਵਿਅਕਤੀਆਂ, ਬੇ-ਸਹਾਰਾ ਔਰਤਾਂ ਅਤੇ ਵਿਧਵਾਵਾਂ ਨੂੰ ਪੈਨਸ਼ਨ ਅਤੇ ਹੋਰ ਸਹੂਲਤਾਂ ਦੇਣ ਲਈ ਇਸੇ ਪ੍ਰਕਾਰ ਦੀਆਂ ਹੋਰ ਸਕੀਮਾਂ ਨੂੰ ਲਾਗੂ ਕਰਨ ਵਾਸਤੇ ਭਲਾਈ ਵਿਭਾਗ ਦੇ ਜ਼ਿਲ੍ਹਾ ਪੱਧਰ ਦੇ ਪ੍ਰਬੰਧਕੀ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਅਤੇ ਸਾਲ ਦੇ ਦੌਰਾਨ, ਕਾਰਜ ਦਾ ਵੱਧ ਤੋਂ ਵੱਧ ਵਿਕੇਂਦ੍ਰੀਕਰਣ ਕੀਤਾ ਜਾਵੇਗਾ। ਅਨੁਸੂਚਿਤ ਜਾਤੀਆਂ, ਪਛੜੀਆਂ ਸ੍ਰੇਣੀਆਂ, ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਅਤੇ ਇਸਤਰੀਆਂ ਤੇ ਬੱਚਿਆਂ ਨੂੰ ਵਿਸ਼ੇਸ਼ ਸਹਾਇਤਾ ਦੇਣ ਵਾਸਤੇ ਕਾਇਮ ਕੀਤੀਆਂ ਕਾਰਪੋਰੇਸ਼ਨਾਂ ਨੂੰ ਬਲਾਕ ਪੱਧਰ ਤੇ ਅਜਿਹੀਆਂ ਸਕੀਮਾਂ ਤੋਂ ਲਾਭ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਉਥੇ ਹੀ ਸਹਾਇਤਾ ਦੇਣ ਲਈ ਕਿਹਾ ਜਾਵੇਗਾ ਤਾਂ ਜੋ ਪੜਤਾਲ ਕਰਨ ਅਤੇ ਸਹਾਇਤਾ ਦੇਣ ਦੀ ਕਾਰਵਾਈ ਰਾਜ ਦੇ ਸਦਰ ਮੁਕਾਮ ਵਿਖੇ ਕੇਂਦਰਿਤ ਹੋਣ ਕਾਰਨ ਪੈਦਾ ਹੋਣ ਵਾਲੀ ਦਿਕਤ ਅਤੇ ਦੇਰੀ ਤੋਂ ਬਚਿਆ ਜਾ ਸਕੇ। ਸਾਰੇ ਭੂਮੀ- ਰਹਿਤ ਹਰੀਜਨਾਂ ਨੂੰ ਮਕਾਨਾਂ ਲਈ ਪਲਾਟ ਦੇਣ ਅਤੇ ਮਕਾਨ ਉਸਾਰੀ ਕਰਜ਼ਿਆਂ ਅਤੇ ਗ੍ਰਾਂਟਾਂ ਦੀ ਅਦਾਇਗੀ ਦੀ ਸਕੀਮ ਨੂੰ ਜ਼ੋਰ ਦਾਰ ਤਰੀਕੇ ਨਾਲ ਅਮਲ ਵਿਚ ਲਿਆਂਦਾ ਜਾਵੇਗਾ। ਹਰੀਜਨਾਂ ਲਈ ਬਸਤੀ ਸੁਧਾਰ ਸਕੀਮਾਂ ਨੂੰ ਲਾਗੂ ਕਰਨ ਲਈ, ਹਰੀਜਨ ਧਰਮਸ਼ਾਲਾਵਾਂ ਦੀ ਉਸਾਰੀ ਤੇ ਜਲ ਸਪਲਾਈ ਦਾ ਪ੍ਰਬੰਧ ਕਰਨ ਲਈ, ਨਾ ਕੇਵਲ ਖਰਚ ਵਿਚ ਮਹੱਤਵਪੂਰਣ ਵਾਧਾ ਕੀਤਾ ਜਾਵੇਗਾ, ਸਗੋਂ ਅਨੁਸੂਚਿਤ ਜਾਤੀਆਂ ਵਾਸਤੇ ਅਜਿਹੇ ਪ੍ਰਾਜੈਕਟਾਂ ਦੀ ਉਸਾਰੀ ਲਈ ਇਕ ਸੁਤੰਤਰ ਮਕਾਨ ਉਸਾਰੀ ਅਤੇ ਵਿਕਾਸ ਬੋਰਡ ਦੀ ਸਥਾਪਨਾ ਦੀ ਸੰਭਾਵਨਾ ਬਾਰੇ ਵਿਚਾਰ ਵੀ ਕੀਤਾ ਜਾਵੇਗਾ। (ਥੰਪਿੰਗ)

27. ਸ਼ਹਿਰੀ ਵਿਕਾਸ ਤੇ ਟਾਊਨ ਪਲੈਨਿੰਗ ਦੇ ਖੇਤਰ ਵਿਚ ਸਰਕਾਰ ਚਾਲੂ ਸਾਲ ਦੇ ਦੌਰਾਨ ਸੰਗਠਤ ਸ਼ਹਿਰੀ ਵਿਕਾਸ ਲਈ 14 ਛੋਟੇ ਕਸਬਿਆਂ ਨੂੰ ਅਪਨਾਉਣ ਦਾ ਵਿਚਾਰ ਰਖਦੀ ਹੈ। ਇਸ ਤੋਂ ਇਲਾਵਾ ਦਰਮਿਆਨੀ ਤੇ ਘੱਟ ਆਮਦਨ ਗਰੁਪ ਦੇ ਬਿਨੈਕਾਰਾਂ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਸ਼ਹਿਰੀ ਰਿਹਾਇਸ਼ੀ ਬਸਤੀਆਂ ਵਿਚ 8,000 ਨਵੇਂ ਰਿਹਾਇਸ਼ੀ ਪਲਾਟ ਕੱਟੇ ਜਾਣ ਦੀ ਆਸ ਹੈ। ਘੱਟ ਆਮਦਨ ਵਾਲੇ ਲੋਕਾਂ ਨੂੰ ਮਕਾਨ ਉਸਾਰੀ ਲਈ ਦਿਤੇ ਜਾਣ ਵਾਲੇ ਕਰਜ਼ੇ ਦੀ ਰਕਮ ਵਿਚ ਚੋਖਾ ਵਾਧਾ ਕੀਤਾ ਜਾ ਰਿਹਾ ਹੈ। ਸਨਅਤੀ ਕਾਮਿਆਂ ਤੇ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਲਈ ਮਕਾਨ ਉਸਾਰੀ ਪ੍ਰਾਜੈਕਟ ਦੇ ਕੰਮ ਨੂੰ ਵੀ ਤੇਜ਼ ਕੀਤਾ ਜਾਵੇਗਾ। (ਥੰਪਿੰਗ)

28. ਮੇਰੀ ਸਰਕਾਰ ਬਦੇਸ਼ਾਂ ਵਿਚ ਵਸਦੇ ਅਜਿਹੇ ਪੰਜਾਬੀਆਂ ਦੀ ਸਹਾਇਤਾ ਲਈ ਖ਼ਾਸ ਉਪਰਾਲੇ ਕਰੇਗੀ ਜੋ ਆਪਣੇ ਪਿਤਾ ਪੁਰਖੀ ਰਾਜ ਨਾਲ ਆਪਣੇ ਸਮਾਜ ਆਰਥਿਕ ਸਬੰਧ ਮਜ਼ਬੂਤ ਕਰਨਾ ਚਾਹੁੰਦੇ ਹਨ। ਸਰਕਾਰ ਬਦੇਸ਼ੀ ਮੁਦਰਾ ਵਿਚ ਅਦਾਇਗੀ ਤੇ ਉਦਯੋਗਿਕ ਤੇ ਰਿਹਾਇਸ਼ੀ ਬਸਤੀਆਂ ਵਿਚ ਪਲਾਟ ਰਾਖਵੇਂ ਰਖੇਗੀ, ਪੇਸ਼ਾਵਾਰਾਨਾ ਅਤੇ ਤਕਨੀਕੀ ਸਿਖਲਾਈ ਸੰਸਥਾਵਾਂ ਵਿਚ ਰਿਜ਼ਰਵੇਸ਼ਨ,

Original with;
Punjab Vidhan Sabha
Digitized by;
Panjab Digital Library

ਉਦਯੋਗਿਕ ਪ੍ਰਾਜੈਕਟਾਂ ਨੂੰ ਚੁਣਨ ਲਈ ਰਹਿਨੁਮਾਈ ਅਤੇ ਲੋੜੀਂਦੀ ਪਰਵਾਨਗੀ ਪ੍ਰਾਪਤ ਕਰਨ ਲਈ ਢੁਕਵੀਂ ਸਹਾਇਤਾ, ਉਤਸ਼ਾਹ ਤੇ ਹੋਰ ਟੈਕਸ ਰਿਆਇਤਾਂ ਦਾ ਪ੍ਰਬੰਧ ਕਰੇਗੀ । ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀ ਭਲਾਈ ਲਈ ਸੈੱਲ ਨੂੰ ਮਜ਼ਬੂਤ ਕੀਤਾ ਜਾਵੇਗਾ ਤੇ ਇਹ ਸਿਧਾ ਮੁੱਖ ਮੰਤਰੀ ਦੀ ਨਿਗਰਾਨੀ ਅਧੀਨ ਕੰਮ ਕਰੇਗਾ ।

29. ਖ਼ਪਤਕਾਰਾਂ, ਖ਼ਾਸ ਕਰਕੇ ਘੱਟ ਆਮਦਨ ਗਰੁਪ ਨਾਲ ਸਬੰਧਤ ਵਿਅਕਤੀਆਂ ਨੂੰ, ਵੱਧ ਰਹੀਆਂ ਕੀਮਤਾਂ ਦੇ ਭੈੜੇ ਅਸਰ ਤੋਂ ਬਚਾਉਣ ਲਈ ਸਰਕਾਰੀ ਵੰਡ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ । ਪੰਜਾਬ ਵਿਚ 7,000 ਤੋਂ ਵੱਧ ਪਰਚਨ ਦੁਕਾਨਾਂ ਖੁਲ੍ਹੀਆਂ ਹੋਈਆਂ ਹਨ, ਜਿਨ੍ਹਾਂ ਵਿੱਚ ਸਰਕਾਰੀ, ਸਹਿਕਾਰੀ ਤੇ ਪ੍ਰਾਈਵੇਟ ਵਾਜਬ ਦਰਾਂ ਦੀਆਂ ਦੁਕਾਨਾਂ ਵੀ ਸ਼ਾਮਲ ਹਨ। ਇਨ੍ਹਾਂ ਰਾਹੀਂ ਰਾਸ਼ਨ ਦੀਆਂ ਵੱਖ ਵੱਖ ਵਸਤਾਂ ਵੰਡੀਆਂ ਜਾਂਦੀਆਂ ਹਨ। ਪਿੰਡਾਂ ਲਈ ਖੰਡ ਦਾ ਕੋਟਾ ਲਿਜਾਣ ਅਤੇ ਖ਼ਪਤ-ਕਾਰਾਂ ਵਿਚ ਵੰਡਣ ਲਈ ਪੰਚਾਇਤਾਂ ਨੂੰ ਆਪਣੀ ਮਰਜ਼ੀ ਨਾਲ ਏਜੰਸੀ ਦੇਣ ਦੀ ਖੁਲ੍ਹ ਦੇ ਦਿਤੀ ਗਈ ਹੈ (ਥੰਪਿੰਗ) । ਰਾਸ਼ਨ ਦੀਆਂ ਵਸਤਾਂ ਦੀ ਵੰਡ ਵਿਚ ਪੰਚਾਇਤਾਂ ਦੇ ਸਹਿਯੋਗ ਦਾ ਸਰਕਾਰ ਸੁਆਗਤ ਕਰੇਗੀ। ਉਹ ਇਸ ਵੰਡ ਪ੍ਰਣਾਲੀ ਦੀ ਏਜੰਸੀ ਵਜੋਂ ਅਤੇ ਨਿਸਚਿਤ ਕੀਮਤਾਂ ਉਤੇ ਮਾਲ ਪ੍ਰਾਪਤ ਕਰਨ ਦੇ ਸਾਧਨ ਵਜੋਂ ਵੀ ਕੰਮ ਕਰ ਸਕਦੀਆਂ ਹਨ। ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ ਅਤੇ ਪੰਜਾਬ ਸਹਿਕਾਰੀ ਉਪਭੋਗਤਾ ਸਟੋਰ ਫੈਡਰੇਸ਼ਨ, ਜਿਹੜੀਆਂ ਕਿ ਜ਼ਰੂਰੀ ਵਸਤਾਂ ਦੀ ਪ੍ਰਾਪਤੀ ਅਤੇ ਸਪਲਾਈ ਦੀਆਂ ਸਿਖਰ ਏਜੰਸੀਆਂ ਵਜੋਂ ਕੰਮ ਕਰਦੀਆਂ ਹਨ, ਨੂੰ ਮਜ਼ਬੂਤ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਕੰਮ ਕਾਜ ਵਿੱਚ ਨਿਪੁੰਨਤਾ ਲਿਆਂਦੀ ਜਾਵੇਗੀ । ਇਹ ਵੀ ਸੰਤੋਖਜਨਕ ਗੱਲ ਹੈ ਕਿ ਦੂਹਰੀ ਕੀਮਤ ਪਾਲਿਸੀ ਕੋਟੇ ਦੇ ਮੁੜ ਲਾਗੂ ਕੀਤੇ ਜਾਣ ਦੇ ਸਮੇਂ ਤੋਂ ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ ਲਗਾਤਾਰ ਲੇਵੀ ਸ਼ੂਗਰ ਦਾ ਰਾਜ ਦਾ 100 ਫੀ ਸਦੀ ਕੋਟਾ ਪ੍ਰਾਪਤ ਕਰਨ ਵਿਚ ਸਫਲ ਰਹੀ ਹੈ ਅਤੇ ਉਸ ਨੇ ਸਾਰੇ ਬਲਾਕ ਸਦਰ ਮੁਕਾਮਾਂ ਵਿਖੇ ਸਥਿਤ ਆਪਣੇ ਥੋਕ ਡਿਪੂਆਂ ਰਾਹੀਂ ਇਹ ਕੋਟਾ ਸ਼ਹਿਰੀ ਅਤੇ ਦਿਹਾਤੀ ਵੰਡ ਲਈ ਮੁਹਈਆ ਕੀਤਾ ਹੈ । ਮੇਰੀ ਸਰਕਾਰ ਇਹ ਯਕੀਨੀ ਬਣਾਏਗੀ ਕਿ ਆਰਥਕ ਪੱਖੋਂ ਕਮਜ਼ੋਰ ਵਰਗਾਂ ਦੇ ਮੈਂਬਰਾਂ ਨੂੰ ਕੁਝ ਮੂਲ ਵਸਤਾਂ ਸਾਰਾ ਸਾਲ ਸਥਿਰ ਅਤੇ ਉਚਿਤ ਕੀਮਤਾਂ ਤੇ ਮਿਲਦੀਆਂ ਰਹਿਣ ਅਤੇ ਇਹ ਨਾ ਹੋਵੇ ਕਿ ਰਾਸ਼ਨ ਦੀਆਂ ਵਸਤਾਂ ਅਸਲੀ ਖ਼ਪਤਕਾਰਾਂ ਤੱਕ ਪਹੁੰਚ ਹੀ ਨਾ ਸਕਣ । ਇਸ ਸਬੰਧ ਵਿਚ, ਹਰ ਇਕ ਸਸਤੇ ਰਾਸ਼ਨ ਦੀ ਦੁਕਾਨ ਅਤੇ ਚੋਣਵੇਂ ਵੰਡ ਕੇਂਦਰ ਦੇ ਪੱਧਰ ਤੇ ਲੋਕਾਂ ਦੇ ਪ੍ਰਤਿਨਿਧਾਂ ਦਾ ਸਹਿਯੋਗ ਜ਼ਰੂਰੀ ਹੋਵੇਗਾ ਅਤੇ ਮੈਨੂੰ ਯਕੀਨ ਹੈ ਕਿ ਸਮਾਜਿਕ ਪੱਖੋਂ ਚੇਤੰਨ ਸ਼ਹਿਰੀ ਇਸ ਸਬੰਧ ਵਿਚ ਆਪਣੀਆਂ ਸੇਵਾਵਾਂ ਦੇਣ ਲਈ ਅਗੇ ਆਉਣਗੇ। ਜਿਥੋਂ ਤੱਕ ਸਰਕਾਰੀ ਵੰਡ ਪ੍ਰਣਾਲੀ ਦਾ ਸਬੰਧ ਹੈ, ਦਿਹਾਤੀ ਖੇਤਰਾਂ ਦੇ ਸਹਿਕਾਰੀ ਵੰਡ ਕੇਂਦਰਾਂ ਦੇ ਕਾਰਜ ਵਿਚ ਸੁਧਾਰ ਕੀਤਾ ਜਾਵੇਗਾ ਅਤੇ ਇਸ ਨੂੰ ਹੋਰ ਚੰਗੇਰਾ ਬਣਾਇਆ ਜਾਵੇਗਾ ਤਾਂ ਜੋ ਉਹ ਲੋਕਾਂ ਦੀ ਹੋਰ ਚੰਗੀ ਤਰ੍ਹਾਂ ਸੇਵਾ ਕਰਨ ਦੇ ਸਮਰੱਥ ਹੋ ਸਕਣ ।

30. ਅੰਤ ਵਿੱਚ, ਮੈਂ ਆਪਣੇ ਦੇਸ਼ ਦੀ ਅੰਤਰ ਰਾਸ਼ਟਰੀ ਸਰਹੱਦ ਦੇ ਨਾਲ ਲਗਦੇ ਪੰਜਾਬ ਦੇ ਸਰਹੱਦੀ ਇਲਾਕੇ ਦੇ ਵਿਕਾਸ ਦੇ ਸਬੰਧ ਵਿਚ ਆਪਣੀ ਸਰਕਾਰ ਦੀ ਚਿੰਤਾ ਪ੍ਰਗਟ ਕੀਤੇ ਬਿਨਾਂ ਨਹੀਂ ਰਹਿ ਸਕਦਾ । ਸਰਹੱਦੀ ਇਲਾਕਾ ਵਿਕਾਸ ਕਮੇਟੀ ਨੂੰ ਛੇਤੀ ਤੋਂ ਛੇਤੀ ਮੁੜ ਸੰਗਠਿਤ ਕੀਤਾ ਜਾਵੇਗਾ (ਥੰਪਿੰਗ) ਅਤੇ ਦੂਜੀਆਂ ਸਮਾਜਕ ਸੇਵਾਵਾਂ ਦੇ ਵਿਕਾਸ ਤੋਂ ਇਲਾਵਾ ਜ਼ਰਾਇਤੀ ਤੇ ਸਨਅਤੀ ਵਿਕਾਸ ਨੂੰ ਉਤਸਾਹਿਤ ਕਰਨ ਲਈ ਲਾਹੇਵੰਦ ਸਕੀਮਾਂ ਨੂੰ ਹੱਥ ਵਿਚ ਲਿਆ ਜਾਵੇਗਾ। (ਥੰਪਿੰਗ)

31. ਦੋਸਤੋ, ਮੈਂ ਆਪ ਦਾ ਰਿਣੀ ਹਾਂ ਕਿ ਇਤਨੇ ਲੰਮੇ ਭਾਸ਼ਣ ਦੇ ਬਾਵਜੂਦ ਵੀ ਆਪ ਨੇ ਮੈਨੂੰ ਧੀਰਜ ਤੇ ਸ਼ਾਂਤੀ ਨਾਲ ਸੁਣਿਆ ਹੈ। ਨਵੀਂ ਸਰਕਾਰ ਦੇ ਆਉਣ ਨਾਲ ਇਹ ਜ਼ਰੂਰੀ ਹੋ ਗਿਆ ਸੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਕਿ ਜਿਨ੍ਹਾਂ ਲੀਹਾਂ ਉਪਰ ਚਲਦਿਆਂ ਇਸ ਨੇ ਪੰਜਾਬ ਦੇ ਬਹਾਦੁਰ, ਮਿਹਨਤੀ ਤੇ ਅਗਾਂਹ ਵਧੂ ਲੋਕਾਂ ਦੀ ਸੇਵਾ ਕਰਨੀ ਹੈ, ਉਨ੍ਹਾਂ ਦੀ ਰੂਪ ਰੇਖਾ ਉਲੀਕਣ ਵਿਚ ਕੁਝ ਸਮਾਂ ਲਾਇਆ ਜਾਂਦਾ।

32. ਸਤਿਕਾਰਯੋਗ ਮੈਂਬਰ ਸਾਹਿਬਾਨ, ਤੁਹਾਨੂੰ ਪਤਾ ਹੈ ਕਿ ਇਸ ਸਮੇਂ ਦੇਸ਼ ਅੰਦਰੂਨੀ ਅਤੇ ਬਾਹਰੀ ਤੌਰ ਤੇ ਮੁਸ਼ਕਲ ਸਮੇਂ 'ਚੋਂ ਲੰਘ ਰਿਹਾ ਹੈ। ਇਹ ਕੁਦਰਤੀ ਹੈ ਕਿ ਲੋਕਾਂ ਦੇ ਨਿਜੀ ਤੇ ਮਜਮੂਈ ਤੌਰ ਤੇ ਆਪਸ ਵਿਚ ਮਦ ਭੇਦ ਹੋ ਸਕਦੇ ਹਨ, ਐਪਰ ਦਿਨ ਪ੍ਰਤੀ ਦਿਨ ਜਨ-ਸਾਧਾਰਣ ਵਿਚ ਇਕ ਕੌਮੀ ਚੇਤਨਤਾ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਨਿਜੀ ਮਨੋਰਥ ਦੀ ਪੂਰਤੀ ਲਈ ਵੱਖ ਵੱਖ ਵਰਗਾਂ ਦੇ ਲੋਕਾਂ ਨੂੰ ਅਜਿਹਾ ਕੁਝ ਨਹੀਂ ਕਰਨਾ ਚਾਹੀਦਾ ਜਿਸ ਨਾਲ ਦੇਸ਼ ਕਮਜ਼ੋਰ ਹੁੰਦਾ ਹੋਵੇ। ਦੇਸ਼ ਭਗਤੀ, ਅਨੁਸ਼ਾਸਨ ਅਤੇ ਕਰਤੱਵ ਪਾਲਣ ਨੂੰ ਸਾਡੇ ਜਨ-ਜੀਵਨ ਦੇ ਅਗਵਾਈ-ਸਿਧਾਂਤਾਂ ਵਜੋਂ ਅਪਣਾਇਆ ਜਾਣਾ ਚਾਹੀਦਾ ਹੈ ਅਤੇ ਤੁਹਾਨੂੰ ਲੋਕਾਂ ਦੇ ਚੁਣੇ ਹੋਏ ਲੀਡਰਾਂ ਵਜੋਂ ਲੋਕਾਂ ਵਿਚ ਕੌਮੀ-ਜਾਗਰਤੀ ਅਤੇ ਅਨੁਸ਼ਾਸਨ ਦੀ ਭਾਵਨਾ ਦੇ ਪੱਧਰ ਨੂੰ ਹੋਰ ਉੱਚਾ ਕਰਨਾ ਹੋਵੇਗਾ। ਮੌਜੂਦਾ ਵੰਗਾਰਾਂ ਅਤੇ ਸਮੱਸਿਆਵਾਂ ਵੱਖ ਵੱਖ ਪਾਰਟੀਆਂ ਨਾਲ ਤੁਹਾਡੇ ਜੁੜੇ ਹਿਤਾਂ ਦੇ ਬਾਵਜੂਦ, ਤੁਹਾਡੇ ਪਾਸੋਂ ਉਸਾਰੂ ਉਪਰਾਲਿਆਂ ਅਤੇ ਸਹਿਯੋਗ ਦੀ ਮੰਗ ਕਰਦੀਆਂ ਹਨ। ਪੰਜਾਬ ਵਾਸਤੇ, ਜਿਹੜਾ ਦੇਸ਼ ਦੀ ਖੜਗ ਭੁਜਾ ਹੈ ਅਤੇ ਇਕ ਅਜਿਹਾ ਰਾਜ ਵੀ ਹੈ ਜਿਸ ਨੇ ਸਮੁਚੇ ਦੇਸ਼ ਵਿਚ ਵਿਕਾਸ ਦੀ ਤੇਜ ਪ੍ਰਗਤੀ ਦੀ ਮਿਸਾਲ ਕਾਇਮ ਕੀਤੀ ਹੈ, ਇਕੋ ਇਕ ਇਹੀ ਰਾਹ ਹੈ ਕਿ ਇਹ ਸਖ਼ਤ ਮਿਹਨਤ ਅਤੇ ਕਰੜੇ ਸਵੈ-ਅਨੁਸ਼ਾਸਨ ਰਾਹੀਂ ਰਾਜ ਦੀ ਸਮਾਜ-ਆਰਥਕ ਪ੍ਰਗਤੀ ਨੂੰ ਜਾਰੀ ਰਖੇ। ਇਸ ਲਈ ਇਹ ਆਪ ਜੀ ਦਾ ਇਖ਼ਲਾਕੀ ਅਤੇ ਪਵਿਤਰ ਫਰਜ਼ ਹੈ ਕਿ ਆਪ ਲੋਕਾਂ ਦੀਆਂ ਆਸਾਂ ਉਮੰਗਾਂ ਦੀ ਪੂਰਤੀ ਲਈ ਅਤੇ ਉਨ੍ਹਾਂ ਦੀ ਖੁਸ਼ਹਾਲੀ ਤੇ ਬਿਹਤਰੀ ਵਾਸਤੇ ਜਦੋ ਜਹਿਦ ਕਰੋ। ਮੈਨੂੰ ਵਿਸ਼ਵਾਸ ਹੈ ਕਿ ਆਪ ਜੀ ਦੇ ਵਿਚਾਰ-ਵਟਾਂਦਰੇ ਪਿਛੇ ਇਹੋ ਭਾਵਨਾ ਕੰਮ ਕਰੇਗੀ। (ਥੰਪਿੰਗ)

ਜੈ ਹਿੰਦ।

## (ii) PANEL OF CHAIRMEN

ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਦੇ ਮੁਤਾਬਿਕ ਮੈਂ ਨਿਮਨ-ਲਿਖਤ ਮੈਂਬਰਾਂ ਨੂੰ ਪੈਨਲ ਆਫ ਚੇਅਰਮੈਨ ਤੇ ਮੁਕਰਰ ਕਰਦਾ ਹਾਂ:—

(1) ਸ੍ਰੀ ਯਸ਼
(2) ਪ੍ਰੋਫੈਸਰ ਦਰਬਾਰੀ ਲਾਲ
(3) ਸਰਦਾਰ ਗੁਰਨੈਬ ਸਿੰਘ
(4) ਸਰਦਾਰਨੀ ਜਸਦੇਵ ਕੌਰ ਸੰਧੂ

ਹੁਣ ਸੈਕਟਰੀ ਸਾਹਿਬ ਅਨਾਊਂਸਮੈਂਟ ਕਰਨਗੇ।

## ANNOUNCEMENT BY THE SECRETARY

**ਸ੍ਰੀ ਸਕੱਤਰ:** ਮੈਂ ਇਸ ਸਦਨ ਨੂੰ ਸੂਚਨਾ ਦੇਣੀ ਹੈ ਕਿ ਸੱਤਵੀਂ ਵਿਧਾਨ ਸਭਾ ਦੀ ਲੋਕ ਲੇਖਾ ਕਮੇਟੀ ਦੀ 40 ਵੀਂ ਰਿਪੋਰਟ ਕਮੇਟੀ ਦੇ ਸਭਾਪਤੀ ਨੇ 31 ਜਨਵਰੀ, 1980 ਨੂੰ ਸਪੀਕਰ ਨੂੰ ਪੇਸ਼ ਕੀਤੀ ਸੀ ਕਿਉਂਕਿ ਉਸ ਸਮੇਂ ਸਦਨ ਦਾ ਸਮਾਗਮ ਨਹੀਂ ਸੀ ਹੋ ਰਿਹਾ। ਸਪੀਕਰ ਨੇ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 203 ਦੀ ਪੈਰਵੀ

Original with;
Punjab Vidhan Sabha
Digitized by;
Panjab Digital Library

ਵਿਚ, ਇਸ ਰਿਪੋਰਟ ਦੀ ਛਪਾਈ ਆਦਿ ਦਾ ਹੁਕਮ ਦਿੱਤਾ । ਇਹ ਰਿਪੋਰਟ ਸਦਨ ਦੇ 17 ਫਰਵਰੀ, 1980 ਨੂੰ ਭੰਗ ਹੋ ਜਾਣ ਤੋਂ ਪਹਿਲਾਂ ਸਦਨ ਵਿਚ ਪੇਸ਼ ਨਹੀਂ ਕੀਤੀ ਜਾ ਸਕੀ ।

ਮੈਂ ਉਕਤ ਰਿਪੋਰਟ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰਖਦਾ ਹਾਂ ।

## PAPERS LAID ON THE TABLE

**ਸ੍ਰੀ ਸਪੀਕਰ**: ਹੁਣ ਐਫ. ਐਮ. ਸਾਹਿਬ ਪੇਪਰਜ਼ ਟੇਬਲ ਤੇ ਰੱਖਣਗੇ ।

**Finance Minister (Doctor Kewal Krishan)** : Sir, I beg to lay on the Table—

(1) the Punjab Panchayat Samitis and Zila Parishads (Temporary Supersession) Amendment Ordinance, 1980 (Punjab Ordinance No. 3 of 1980) as required under Article 213 (2)(a) of the Constitution of India;

(2) (i) the Punjab Public Service Commission (Limitation of Functions) (Second Amendment) Regulations, 1978;

(ii) the Punjab Public Service Commission (Limitation of Functions) (First Amendment) Regulations, 1979;

and

(iii) the Punjab Public Service Commission (Limitation of Functions) (First Amendment) Regulations, 1980,

as required under Article 320(5) of the Constitution of India.

(3) the Punjab Package Deal Properties (Disposal) (Third Amendment) Rules, 1979, as required under section 18(3) of the Punjab Package Deal Properties (Disposal) Act, 1976.

**Sardar Dalip Singh Pandhi** : Sir, on a point of order...........

(*Interruptions, noise*)

**Finance Minister (Doctor Kewal Krishan)** : Sir, I also beg to lay on the Table—

(4) (i) the Punjab Homoeopathic Practitioners (First Amendment) Regulations, 1979 ;

and

(ii) the Punjab Homoeopathic Practitioners (Election) (First Amendment) Rules, 1979.

as required under section 55 of the Punjab Homoeopathic Practitioners Act, 1965.

(5) the Punjab Labour Welfare (First Amendment) Rules, 1980, as required under Section 27(3) of the Punjab Labour Welfare Fund Act, 1965.

Original with;
Punjab Vidhan Sabha
Digitized by;
Panjab Digital Library

[Finance Minister]

(6) the Punjab Water Supply and Sewerage Board (Conditions of Service of Directors) Rules, 1980, as required under section 71(3) of the Punjab Water Supply and Sewerage Board Act, 1976.

(7) the 25th Report of the Commissioner for Scheduled Castes and Scheduled Tribes for the year 1977-78 (Parts I and II).

(8) (i) the Punjab Motor Vehicles (1st, 2nd, 4th, 5th, 7th, 8th, 9th, 10th and 11th Amendments) Rules, 1979 ;

(ii) the Punjab Public Carrier Goods Agents Licensing Rules, 1979 ;

(iii) Notifications—

(a) No. S. O. 65/C.A.4/39/S.47/79, dated the 13th September, 1979 ;

(b) No. S.O. 67/C.A.4/39/S.43-A/79, dated the 13th September, 1979 ;

(iv) the Punjab Motor Vehicles (1st and 2nd Amendments) Rules, 1980.

as required under section 133(3) of the Motor Vehicles Act, 1939.

**Sardar Dalip Singh Pandhi**: Sir, on a point of order.

**ਸ਼੍ਰੀ ਸਪੀਕਰ**: ਮੈਂ ਪਹਿਲਾਂ ਦੱਸ ਦੇਣਾ ਚਾਹੁੰਦਾ ਹਾਂ ਕਿ ਪੁਆਇੰਟ ਆਫ ਆਰਡਰ ਉਦੋਂ ਰੇਜ਼ ਹੋ ਸਕਦਾ ਹੈ ਜਿਸ ਵੇਲੇ ਇਕ ਆਈਟਮ ਖਤਮ ਹੋ ਜਾਵੇ ਅਤੇ ਦੂਸਰੀ ਹਾਲਾਂ ਸ਼ੁਰੂ ਹੋਣੀ ਹੋਵੇ। (ਵਿਘਨ) ਪਹਿਲਾਂ ਮੇਰੀ ਗੱਲ ਸੁਣ ਲਵੋ ਫਿਰ ਆਪਣਾ ਪਆਇੰਟ ਰੇਜ਼ ਕਰਨਾ। (ਵਿਘਨ) ਰੂਲ 105 ਬੜਾ ਕਲੀਅਰ ਹੈ। (ਵਿਘਨ) (ਸ਼ੋਰ)

**ਸਰਦਾਰ ਦਲੀਪ ਸਿੰਘ ਪਾਂਧੀ** ** ** **

**ਸ਼੍ਰੀ ਸਪੀਕਰ**: ਐਡਜਰਨਮੈਂਟ ਮੋਸ਼ਨ ਤੁਸੀਂ ਦਿਤੀ ਸੀ, ਮੈਂ ਠੀਕ ਡਿਸਅਲਾਓ ਕੀਤੀ ਹੈ। ਅਗਰ ਤੁਹਾਡੀ ਸੰਤੁਸ਼ਟੀ ਨਹੀਂ ਹੁੰਦੀ ਤਾਂ ਤੁਸੀਂ ਮੇਰੇ ਨਾਲ ਚੈਂਬਰ ਵਿਚ ਆ ਕੇ ਗਲ ਕਰ ਲਵੋ। (ਵਿਘਨ)

**ਸਰਦਾਰ ਦਲੀਪ ਸਿੰਘ ਪਾਂਧੀ**: ** ** **

**ਸ਼੍ਰੀ ਸਪੀਕਰ**: ਤੁਸੀਂ ਬੱਜਟ ਤੇ ਬੋਲ ਲੈਣਾ। ਮੈਂ ਤਹਾਡਾ ਪੁਆਇੰਟ ਆਫ ਆਰਡਰ ਓਵਰ ਰੂਲ ਕਰਦਾ ਹਾਂ।

---

## MOTION UNDER RULE 30

**Finance Minister (Doctor Kewal Krishan)**: Sir, I beg to move—

That rule 30 of the Rules of Procedure and Conduct of Business in the Punjab Vidhan Sabha (Punjab Legislative Assembly) be suspended and Government business be transacted on Thursday, the 3rd July, 1980.

---

**Expunged as ordered by the Chair

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਐਫ. ਐਮ. ਸਾਹਿਬ ਨੇ ਕਿਹਾ ਹੈ ਕਿ ਕਲ ਨੂੰ ਸਰਕਾਰੀ ਕੰਮ ਕਾਰ ਹੋਵੇਗਾ ਔਰ ਨਾਨ ਆਫ਼ੀਸ਼ੀਅਲ ਡੇ ਖ਼ਤਮ ਕਰ ਦਿੱਤਾ ਜਾਵੇ ।

**ਕੁਝ ਆਵਾਜ਼ਾਂ :** ਮਾਸਟਰ ਜੀ, ਮੋਸ਼ਨ ਤਾਂ ਮੂਵ ਹੋਰ ਲੈਣ ਦਿਓ ।

**Mr. Speaker :** Motion moved—

That rule 30 of the Rules of Procedure and Conduct of Business in the Punjab Vidhan Sabha (Punjab Legislative Assembly) be suspended and Government business be transacted on Thursday, the 3rd July, 1980.

**ਕਾਮਰੇਡ ਬਲਦੇਵ ਸਿੰਘ ਲੁੰਬਾ :** ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਆਨਰੇਬਲ ਮੈਂਬਰ ਸਰਦਾਰ ਦਲੀਪ ਸਿੰਘ ਪਾਂਧੀ ਦੇ ਪੁਆਇੰਟ ਆਫ ਆਰਡਰ ਤੇ ਰੂਲਿੰਗ ਦਿੰਦਿਆਂ ਤੁਸੀਂ ਗਲਤ ਪ੍ਰੰਪਰਾ ਦਾ ਪ੍ਰਗਟਾਵਾ ਕਰ ਦਿਤਾ ਇਹ ਕਹਿ ਕੇ ਕਿ ਬਜਟ ਇਜਲਾਸ ਚਲ ਰਿਹਾ ਹੈ ਔਰ ਕੋਈ ਬਿਜਲੀ ਦੀ ਘਾਟ ਹੈ, ਬਿਜਲੀ ਦੀ ਕੱਟ ਹੈ ਜਾਂ ਲਾਅ ਐਂਡ ਆਰਡਰ ਦੀ ਜੋ ਪੰਜਾਬ ਵਿਚ ਸਿਚੂਏਸ਼ਨ ਹੈ ਜਾਂ ਪੰਜਾਬ ਵਿੱਚ ਜੋ ਧੱਕੇ-ਸ਼ਾਹੀ ਹੋ ਰਹੀ ਹੈ ਉਸ ਸਬੰਧ ਵਿਚ ਜਨਰਲ ਬਹਿਸ ਵਿਚ ਇਹੋ ਜਿਹਾ ਮਾਮਲਾ ਉਠਾਇਆ ਜਾ ਸਕਦਾ ਹੈ । ਮੈਂ ਸਮਝਦਾ ਹਾਂ ਕਿ ਕੋਈ ਐਡਜਰਨਮੈਂਟ ਮੋਸ਼ਨ ਨਾ ਦਿਉ ਜਾਂ ਕੋਈ ਕਾਲ ਅਟੈਨਸ਼ਨ ਮੋਸ਼ਨ ਨਾ ਦਿਉ, ਇਹ ਠੀਕ ਨਹੀਂ ਹੋਵੇਗਾ । ਜੇ ਕੋਈ ਮੈਂਬਰ ਐਡਜਰਨਮੈਂਟ ਮੋਸ਼ਨ ਦਿੰਦਾ ਹੈ ਜਾਂ ਕਾਲ ਅਟੈਨਸ਼ਨ ਮੋਸ਼ਨ ਦਿੰਦਾ ਹੈ ਅਤੇ ਤੁਹਾਡੇ ਵਲੋਂ ਇਹ ਕਹਿ ਕੇ ਕਿ ਬਜਟ ਸੈਸ਼ਨ ਚਲ ਰਿਹਾ ਹੈ ਆਮ ਬਹਿਸ ਵਿਚ ਮਾਮਲਾ ਉਠਾ ਲਿਆ ਜਾਵੇ ਅਤੇ ਉਹ ਮੋਸ਼ਨਾਂ ਕਟ ਦੇਣੀਆਂ ਜਾਂ ਡਿਸਅਲਾਓ ਕਰ ਦੇਣੀਆਂ ਮੁਨਾਸਿਬ ਨਹੀਂ । ਇਸ ਲਈ ਮੇਰੀ ਬੇਨਤੀ ਹੈ ਕਿ ਤੁਸੀਂ ਆਪਣੀ ਰੂਲਿੰਗ ਤੇ ਦੁਬਾਰਾ ਵਿਚਾਰ ਕਰੋ । ਇਹ ਤਰੀਕਾ ਗਲਤ ਹੋਵੇਗਾ ਕਿ ਪੰਜਾਬ ਵਿਚ ਕੋਈ ਜ਼ੁਲਮ ਹੋ ਰਿਹਾ ਹੋਵੇ ਔਰ ਇਸ ਸਬੰਧ ਵਿਚ ਅਗਰ ਕੋਈ ਮੈਂਬਰ ਐਡਜਰਨਮੈਂਟ ਮੋਸ਼ਨ ਜਾਂ ਕਾਲ ਅਟੈਨਸ਼ਨ ਮੋਸ਼ਨ ਦਿੰਦਾ ਹੈ ਔਰ ਤੁਸੀਂ ਇਹ ਕਹਿ ਕੇ ਰੱਦ ਕਰ ਦਿਓ ਕਿ ਬਜਟ ਸੈਸ਼ਨ ਵਿਚ ਜਨਰਲ ਬਹਿਸ ਵਿਚ ਕਹਿ ਲੈਣਾ, ਠੀਕ ਨਹੀਂ । ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਦੁਬਾਰਾ ਆਪਣੀ ਰੂਲਿੰਗ ਤੇ ਵਿਚਾਰ ਕਰੋ । (ਵਿਘਨ)

**Mr. Speaker :** The House has taken up next item. We should move on to that item. ਇਹ ਜੋ ਮਾਮਲਾ ਜ਼ੇਰੇ ਬਹਿਸ ਹੈ, ਉਸ ਦੇ ਮੁਤੱਲਕ ਕਹੋ ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਨਾਨ-ਆਫ਼ੀਸ਼ੀਅਲ ਡੇ ਤੇ ਪੰਜਾਬ ਵਿਧਾਨ ਸਭਾ ਵਿਚ ਹਰ ਮੈਂਬਰ ਵਲੋਂ ਦਿਤਾ ਗਿਆ ਨਾਨ-ਆਫ਼ੀਸ਼ੀਅਲ ਰੈਜ਼ੋਲਿਊਸ਼ਨ ਡਿਸਕਸ ਹੋ ਸਕਦਾ ਹੈ ਚਾਹੇ ਮੈਂਬਰ ਇਧਰ ਦੇ ਹੋਣ ਜਾਂ ਉਧਰ ਦੇ ਹੋਣ । ਇਹ ਹਾਊਸ ਦੀ ਪ੍ਰੰਪਰਾ ਹੈ । ਬਦਕਿਸਮਤੀ ਨਾਲ ਇਥੇ ਦੇ ਰੂਲਜ਼ ਅਤੇ ਲੋਕ ਸਭਾ ਦੇ ਰੂਲਜ਼ ਵੱਖਰੇ ਵੱਖਰੇ ਹਨ । ਉਥੇ ਚੀਫ਼ ਇਲੈਕਸ਼ਨ ਕਮਿਸ਼ਨਰ ਵਲੋਂ ਜਿਸ ਡੇਟ ਤੋਂ ਰਿਜ਼ਲਟ ਆ ਜਾਵੇ ਉਸ ਦਿਨ ਤੋਂ ਐਮ. ਪੀ. ਬਣ ਜਾਂਦਾ ਹੈ ਪਰ ਸਾਡੀ ਪ੍ਰੰਪਰਾ ਇਸ ਦੇ ਉਲਟ ਹੈ । ਜਦੋਂ ਅਸੀਂ ਇਥੇ ਹਾਊਸ ਵਿਚ ਓਥ ਲੈਂਦੇ ਹਾਂ ਉਸ ਦਿਨ ਤੋਂ ਮੈਂਬਰ ਬਣਦੇ ਹਾਂ । We are considered Members from the date of taking oath for the purpose of taking part in the proceedings.

ਸਪੀਕਰ ਸਾਹਿਬ, ਜੋ ਕਾਲ ਅਟੈਨਸ਼ਨ ਮੋਸ਼ਨ ਹੈ ਜਾਂ ਐਡਜਰਨਮੈਂਟ ਮੋਸ਼ਨ ਹੈ ਉਹ ਅਸੀਂ ਉਸ ਦੇ ਬਾਅਦ ਹੀ ਦੇ ਸਕਦੇ ਹਾਂ । ਮੇਰੇ ਕਹਿਣ ਦਾ ਭਾਵ ਹੈ ਕਿ ਮੈਂ ਉਸ ਦੇ ਬਾਅਦ ਬਹੁਤ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਸਾਰੇ ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨਜ਼ ਦਿੱਤੇ ਹਨ। ਤੁਹਾਡੇ ਸੈਕਟਰੀਏਟ ਵਲੋਂ ਲਗਦਾ ਹੈ ਕਿ ਜਨਾਬ ਨੂੰ ਪੁੱਟ ਅੱਪ ਨਹੀਂ ਕੀਤੇ ਗਏ। ਇਹ ਸਾਡਾ ਹੱਕ ਹੈ ਕਿ ਅਸੀਂ ਕੋਈ ਰੈਜ਼ੋਲਿਊਸ਼ਨ ਇਸ ਹਾਊਸ ਦੇ ਵਿਚ ਲਿਆਈਏ। ਸਰਕਾਰੀ ਬੈਂਚਾਂ ਵਲੋਂ ਵੀ ਮੈਂਬਰਜ਼ ਦੇ ਰੈਜ਼ੋਲਿਊਸ਼ਨ ਆਉਂਦੇ ਹਨ ਅਤੇ ਆਪੋਜ਼ੀਸ਼ਨ ਪਾਰਟੀ ਵਲੋਂ ਵੀ ਆਉਂਦੇ ਹਨ ਜਿਨ੍ਹਾਂ ਰਾਹੀਂ ਜ਼ਰੂਰੀ ਮਾਮਲੇ ਡਿਸਕਸ਼ਨ ਵਾਸਤੇ ਇਸ ਹਾਊਸ ਵਿਚ ਆਉਂਦੇ ਹਨ। ਇਸ ਕਰਕੇ ਮਿਹਰਬਾਨੀ ਕਰਕੇ ਤੁਸੀਂ ਇਹ ਰੂਲ ਸਸਪੈਂਡ ਨਾ ਕਰੋ। ਇਹ ਇਕ ਨਵੀਂ ਪ੍ਰੰਪਰਾ ਹੋਵੇਗੀ। ਕਲ ਨੂੰ ਜਿਹੜਾ ਮਤਾ ਵੀ ਆਉਂਦਾ ਹੈ ਚਾਹੇ ਸਾਡੇ ਵਲੋਂ ਹੈ, ਚਾਹੇ ਇਨ੍ਹਾਂ ਵਲੋਂ ਹੈ ਉਹ ਕੱਲ ਨੂੰ ਇਥੇ ਡਿਸਕਸ ਕਰ ਲਓ, ਇਹ ਪੰਜਾਬ ਦੇ ਹਿੱਤਾਂ ਦੀ ਗੱਲ ਹੈ। ਅਸੀਂ ਸਰਕਾਰ ਦੇ ਚੰਗੇ ਕੰਮਾਂ ਵਾਸਤੇ ਸਰਕਾਰ ਨੂੰ ਪੂਰਾ ਸਹਿਯੋਗ ਦੇਵਾਂਗੇ ਪਰ ਤੁਸੀਂ ਇਸ ਤਰ੍ਹਾਂ ਨਾ ਕਰੋ। (ਵਿਘਨ) ਸਾਡਾ ਜਿਹੜਾ ਹੱਕ ਹੈ ਔਰ ਜਿਹੜਾ ਜਾਇਜ਼ ਹੱਕ ਹੈ ਉਹ ਸਾਨੂੰ ਮਿਲਣਾ ਚਾਹੀਦਾ ਹੈ। ਕੋਈ ਵੀ ਮਤਾ ਤੁਹਾਡੇ ਕੋਲ ਆਉਂਦਾ ਹੈ ਉਹ ਲਿਆਓ। ਇਨ੍ਹਾਂ ਮਤਿਆਂ ਰਾਹੀਂ ਸਰਕਾਰ ਦੇ ਸਾਹਮਣੇ ਕਈ ਜ਼ਰੂਰੀ ਮਾਮਲੇ ਆਉਂਦੇ ਹਨ। ਇਨ੍ਹਾਂ ਤੇ (ਸਰਕਾਰੀ ਪਾਰਟੀ ਵਲ ਇਸ਼ਾਰਾ) ਤਾਂ ਪਾਰਟੀ ਦੀ ਕੋਈ ਪਾਬੰਦੀ ਹੋਵੇਗੀ ਪਰ ਸਾਡੇ ਤੇ ਕੋਈ ਪਾਬੰਦੀ ਨਹੀਂ। ਸਾਰੇ ਮਤੇ ਜਿਹੜੇ ਅਸੀਂ ਦਿੱਤੇ ਹਨ ਉਹ ਮੰਗਵਾ ਲਓ ਅਤੇ ਟੇਕ ਅੱਪ ਕਰਕੇ ਵਿਚਾਰ ਕਰ ਲਵੋ। ਸਦੀਆਂ ਤੋਂ ਇਕ ਪ੍ਰੰਪਰਾ ਚਲ ਰਹੀ ਹੈ ਉਹ ਟੁੱਟ ਨਾ ਜਾਵੇ, ਇਸ ਲਈ ਮੈਂ ਬੇਨਤੀ ਕਰਾਂਗਾ ਕਿ ਤੁਸੀਂ ਸਾਡੇ ਕਸਟੋਡੀਅਨ ਹੋ, ਤੁਸੀਂ ਆਪਣੇ ਅਧਿਕਾਰ ਵਰਤ ਕੇ ਸਾਡੀ ਰਖਸ਼ਾ ਕਰੋ। ਸਰਕਾਰ ਆਪਣੀ ਤਾਕਤ ਦੇ ਨਸ਼ੇ ਨਾਲ ਸਾਡਾ ਜੋ ਹੱਕ ਹੈ ਉਹ ਖੋਹਣ ਦੀ ਕੋਸ਼ਿਸ਼ ਕਰ ਰਹੀ ਹੈ। ਸੋ ਮੇਰੀ ਗੁਜ਼ਾਰਿਸ਼ ਹੈ ਕਿ ਕੱਲ ਨੂੰ ਇਥੇ ਮਤਾ ਲਿਆ ਕੇ ਸਰਕਾਰ ਦੇ ਨੋਟਿਸ ਵਿਚ ਜੋ ਜ਼ਰੂਰੀ ਮਾਮਲਾ ਰੈਜ਼ੋ-ਲਿਊਸ਼ਨ ਰਾਹੀਂ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ ਉਹ ਲਿਆਂਦਾ ਜਾਵੇ। ਕਈ ਐਸੇ ਮਤੇ ਵੀ ਹਨ ਜਿਹੜੇ 1952-53 ਦੇ ਪਾਸ ਕੀਤੇ ਹੋਏ ਸਰਕਾਰ ਨੇ ਲਾਗੂ ਵੀ ਕੀਤੇ ਹਨ। ਇਸ ਲਈ ਮੇਰੀ ਗੁਜ਼ਾਰਿਸ਼ ਹੈ ਕਿ ਸਾਡਾ ਜੋ ਹੱਕ ਹੈ ਇਸ ਤੋਂ ਸਾਨੂੰ ਮਹਿਰੂਮ ਨਾ ਕਰੋ ਅਤੇ ਜੋ ਮੱਤੇ ਆਏ ਹਨ ਉਹ ਹਾਊਸ ਵਿਚ ਕੱਲ ਨੂੰ ਡਿਸਕਸ ਕੀਤੇ ਜਾਣ।

**ਸ੍ਰੀ ਸਪੀਕਰ** : ਮੈਂ ਆਨਰੇਬਲ ਮੈਂਬਰ ਨੂੰ ਯਕੀਨ ਦੁਆਉਂਦਾ ਹਾਂ ਕਿ ਇਹ ਮਾਮਲੇ ਜੋ ਰੇਜ਼ ਕੀਤੇ ਗਏ ਹਨ, ਐਗਜ਼ਾਮਿਨ ਕਰਵਾ ਲਵਾਂਗਾ ਔਰ ਜੇ ਜ਼ਰੂਰੀ ਹੋਇਆ ਤਾਂ ਜ਼ਰੂਰ ਅਲਾਓ ਕਰ ਦੇਵਾਂਗਾ। (ਵਿਘਨ)

**ਕਾਮਰੇਡ ਰਾਜ ਕੁਮਾਰ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਬਿਜ਼ਨਸ ਐਡਵਾਇਜ਼ਰੀ ਕਮੇਟੀ ਵਿਚ ਇਹ ਦੱਸਿਆ ਗਿਆ ਸੀ ਕਿ ਕੋਈ ਪ੍ਰਾਈਵੇਟ ਰੈਜ਼ੋਲਿਊਸ਼ਨ ਪੈਂਡਿੰਗ ਨਹੀਂ ਹੈ ਵਿਦ ਡਿਊ ਨੋਟਿਸ। ਜੋ ਪਾਂਧੀ ਸਾਹਿਬ ਨੇ ਫਰਮਾਇਆ ਹੈ ਅਗਰ ਇਹ ਠੀਕ ਹੈ......

**ਕਈ ਅਵਾਜ਼ਾਂ** : ਹੈ ਹੀ ਠੀਕ। ਅਗਰ ਕੀ ?

**ਕਾਮਰੇਡ ਰਾਜ ਕੁਮਾਰ** : ਅਗਰ ਇਹ ਠੀਕ ਹੈ ਔਰ ਵਿਦ ਇਨ ਟਾਈਮ ਨੋਟਿਸ ਪਹੁੰਚਿਆ ਹੈ ਤਾਂ ਸਾਨੂੰ ਦੱਸਿਆ ਕਿਉਂ ਨਹੀਂ ਗਿਆ। ਸਾਨੂੰ ਦੱਸਿਆ ਗਿਆ ਸੀ ਕਿ ਕੋਈ ਰੈਜ਼ੋਲਿਊਸ਼ਨ ਨਹੀਂ ਪਹੁੰਚਿਆ। ਉਸ ਦੇ ਬੇਸਿਜ਼ ਤੇ ਹੀ ਬਿਜ਼ਨਸ ਐਡਵਾਇਜ਼ਰੀ ਕਮੇਟੀ ਨੇ ਕੋਈ ਡਿਸੀਜ਼ਨ ਲਿਆ ਸੀ। ਹੁਣ ਜਿਹੜੀ ਪਾਂਧੀ ਸਾਹਿਬ ਨੇ ਇਨਫਰਮੇਸ਼ਨ ਦਿੱਤੀ ਹੈ ਅਗਰ ਇਹ ਠੀਕ ਹੈ ਤਾਂ ਮੈਂ ਸਮਝਦਾ ਹਾਂ ਕਿ ਇਹ ਬੜੀ ਸੀਰੀਅਸ ਗੱਲ ਹੈ ਕਿ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਦੇ ਅੰਦਰ ਸਾਨੂੰ ਇਨਫਰਮੇਸ਼ਨ ਪੂਰੀ ਨਾ ਦਿੱਤੀ ਜਾਵੇ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਸ ਤਰ੍ਹਾਂ ਚੀਜ਼ਾਂ ਤੁਸੀਂ ਉਥੇ ਕਮੇਟੀ ਦੇ ਸਾਹਮਣੇ ਰਖੋ ਤਾਂ ਕਈ ਡਿਸੀਜ਼ਨ ਜਿਹੜੇ ਯੂਨਾਨੀਮਸਲੀ ਵੀ ਹੋ ਸਕਦੇ ਹਨ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦੀ ਕੀ ਹਾਲਤ ਹੋਵੇਗੀ ਇਸ ਹਾਊਸ ਦੇ ਵਿਚ। ਇਹ ਮਾਮਲਾ ਬੜਾ ਸੀਰੀਅਸ ਹੈ। ਅਗਰ ਨੋਟਿਸ ਵਿਚ ਆਇਆ ਹੈ ਔਰ ਉਹ ਉਥੇ ਦੱਸਿਆ ਨਹੀਂ ਗਿਆ ਤਾਂ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਫਿਰ ਬੁਲਾ ਕੇ ਇਸ ਨੂੰ ਵਿਚਾਰ ਕੇ ਕੋਈ ਫੈਸਲਾ ਕਰੋ। (ਵਿਘਨ)

**ਸ੍ਰੀ ਸਪੀਕਰ** : ਕਾਮਰੇਡ ਸਾਹਿਬ, ਮੈਂ ਇਹ ਯਕੀਨ ਦਿਵਾ ਦਿੱਤਾ ਹੈ ਕਿ ਇਹ ਮਾਮਲਾ ਮੈਂ ਐਗਜ਼ਾਮਿਨ ਕਰ ਲਵਾਂਗਾ, ਦੇਖ ਲਵਾਂਗਾ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅੱਜ ਜਿਹੜੀਆਂ ਡੈਮੋਕਰੇਟਿਕ ਵੈਲਿਯੂਜ਼ ਹਨ ਉਹ ਕਰਬ ਕੀਤੀਆਂ ਜਾ ਰਹੀਆਂ ਹਨ ਕਿਉਂਕਿ ਅਸੀਂ 27 ਤਾਰੀਖ਼ ਨੂੰ ਓਥ ਲਈ ਸੀ ਔਰ ਉਸ ਦੇ ਬਾਅਦ ਅਸੀਂ ਰੈਜ਼ੋਲਿਊਸ਼ਨ ਦੇ ਸਕਦੇ ਸੀ ਔਰ ਉਸ ਦੇ ਬਾਅਦ ਅਸੀਂ ਰੈਜ਼ੋਲਿਊਸ਼ਨਜ਼ ਦਿੱਤੇ। ਜਿਵੇਂ ਪਾਂਧੀ ਸਾਹਿਬ ਨੇ ਵੀ ਦੱਸਿਆ ਹੈ ਕਿ ਉਨ੍ਹਾਂ ਨੇ ਬਹੁਤ ਸਾਰੇ ਰੈਜ਼ੋਲਿਊਸ਼ਨਜ਼ ਦਿੱਤੇ ਹਨ। ਜੋ ਰੈਜ਼ੋਲਿਊਸ਼ਨਜ਼ ਤੁਹਾਡੇ ਕੋਲ ਆ ਚੁਕੇ ਹਨ ਕੱਲ ਨੂੰ ਉਹ ਨਾਨ-ਆਫੀਸ਼ਲ ਡੇ ਤੇ ਆਉਣੇ ਚਾਹੀਦੇ ਹਨ ਔਰ ਬਾਕਾਇਦਾ ਡਿਸਕਸ ਹੋਣੇ ਚਾਹੀਦੇ ਹਨ। ਤੁਹਾਡੇ ਸੈਕਟਰੀਏਟ ਵਲੋਂ ਜੋ ਗਲਤ ਇਨਫਰਮੇਸ਼ਨ ਦਿੱਤੀ ਗਈ ਹੈ ਉਸ ਦੇ ਬਾਰੇ ਸਾਨੂੰ ਸੋਚਣਾ ਚਾਹੀਦਾ ਹੈ ਕਿ ਇਹ ਮਾੜੀ ਪ੍ਰਥਾ ਹੈ। ਫਿਰ, ਸਪੀਕਰ ਸਾਹਿਬ, ਕੁਝ ਐਡਜਰਨਮੈਂਟ ਮੋਸ਼ਨਜ਼ ਵੀ ਦਿੱਤੀਆਂ ਗਈਆਂ ਹਨ ਅਤੇ ਤੁਹਾਡੇ ਵਲੋਂ ਉਹ ਅਲਾਓ ਨਾ ਕਰਨਾ, ਡਿਸਅਲਾਓ ਕਰ ਦੇਣਾ ਔਰ ਨਾਨ ਆਫੀਸ਼ਲ ਡੇ ਨੂੰ ਆਫ਼ੀਸ਼ਲ ਡੇ ਵਿਚ ਬਦਲ ਲੈਣਾ, ਇਹੋ ਜਿਹੀਆਂ ਗਲਾਂ ਕਰਨਾ ਕੋਈ ਠੀਕ ਗੱਲ ਨਹੀਂ। ਜਿਹੜਾ ਵੀ ਕੋਈ ਰੈਜ਼ੋਲਿਊਸ਼ਨ ਹੋਵੇ ਉਹ ਮੌਕੇ ਤੇ ਆਏ ਅਤੇ ਉਹ ਡਿਸਕਸ ਕੀਤਾ ਜਾਏ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਮਾਨਯੋਗ ਸਪੀਕਰ ਸਾਹਿਬ, ਬੜੀ ਹੈਰਾਨਗੀ ਦੀ ਗੱਲ ਹੈ ਕਿ ਜਿਹੜਾ ਮਸਲਾ ਕਮੇਟੀ ਵਿਚ ਵਿਚਾਰਿਆ ਗਿਆ ਸੀ, ਉਸ ਨੂੰ ਕਾਮਰੇਡ ਰਾਜ ਕੁਮਾਰ ਵਲੋਂ ਮੁੜ ਉਠਾਉਣ ਦਾ ਯਤਨ ਕੀਤਾ ਗਿਆ ਹੈ। ਕੀ ਇਹ ਸੱਚ ਨਹੀਂ ਕਿ ਇਲੈਕਸ਼ਨ ਕਮਿਸ਼ਨ ਵਲੋਂ ਇਸ ਗੱਲ ਦੀ ਕਲੈਰੀਫਿਕੇਸ਼ਨ ਆ ਚੁਕੀ ਹੈ ਕਿ ਜਦੋਂ ਨੋਟੀਫਿਕੇਸ਼ਨ ਹੋਵੇ ਉਦੋਂ ਤੋਂ ਮੈਂਬਰ ਐਜ਼ ਏ ਮੈਂਬਰ ਐਕਟ ਕਰ ਸਕਦਾ ਹੈ। ਇਸ ਬੇਸਿਜ਼ ਤੇ ਹੀ ਰਾਜ ਸਭਾ ਦੇ ਜਿਹੜੇ ਮੈਂਬਰ ਚੁਣੇ ਜਾਣੇ ਸਨ ਓਥ ਤੋਂ ਬਗੈਰ ਉਨ੍ਹਾਂ ਨੇ ਆਪਣੇ ਨਾਮੀਨੇਸ਼ਨ ਪੇਪਰਜ਼ ਤੇ ਦਸਤਖ਼ਤ ਕਰ ਦਿਤੇ ਸਨ। ਜਿਨ੍ਹਾਂ ਮੈਂਬਰਾਂ ਨੇ ਵਕਤ ਸਿਰ ਕੁਐਸ਼ਚਨਜ਼ ਭੇਜੇ ਸਨ ਉਹ ਲਿਸਟ ਤੇ ਆ ਗਏ ਹਨ ਅਤੇ ਕੱਲ ਨੂੰ ਲੱਗਣਗੇ। ਇਹ ਕਹਿਣਾ ਕਿ ਓਥ ਲੈਣ ਤੋਂ ਬਾਅਦ ਹੀ ਅਸੀਂ ਕੋਈ ਕਾਰਵਾਈ ਕਰ ਸਕਦੇ ਹਾਂ ਇਹ ਗਲਤ ਹੋਵੇਗਾ। ਜਿਨ੍ਹਾਂ ਮੈਂਬਰ ਸਾਹਿਬਾਨ ਨੇ ਆਪਣੇ ਓਥ ਲੈਣ ਤੋਂ ਪਹਿਲਾਂ ਆਪਣੇ ਕੁਐਸ਼ਚਨਜ਼ ਘਲੇ ਸਨ ਉਹ ਠੀਕ ਨਹੀਂ ਅਤੇ ਮੈਂ ਸਮਝਦਾ ਹਾਂ ਕਿ ਸਾਡੇ ਸੈਕਟਰੀਏਟ ਨੇ ਬੜਾ ਸਹੀ ਫੈਸਲਾ ਕੀਤਾ ਹੈ। ਜਿਨ੍ਹਾਂ ਮੈਂਬਰਾਂ ਨੇ ਓਥ ਤੋਂ ਬਾਦ ਕੁਐਸ਼ਚਨਜ਼ ਭੇਜੇ ਹਨ, ਪ੍ਰਾਈਵੇਟ ਰੈਜ਼ੋਲਿਊਸ਼ਨਜ਼ ਭੇਜੇ ਹਨ ਉਹ ਠੀਕ ਹਨ। ਓਥ ਤੋਂ ਬਾਅਦ ਅਗਰ ਕੋਈ ਵੀ ਮੈਂਬਰ ਰੈਜ਼ੋਲਿਊਸ਼ਨ ਵਗੈਰਾ ਦੇਣਾ ਚਾਹੁੰਦਾ ਸੀ ਤਾਂ ਦੇ ਸਕਦਾ ਸੀ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਅਸੀਂ ਸੁਆਲਾਤ ਵਗੈਰਾ ਦੇਣਾ ਚਾਹੁੰਦੇ ਸੀ, ਪਰ ਸੈਕਟਰੀ ਸਾਹਿਬ ਨੇ ਕਿਹਾ ਕਿ ਜਦੋਂ ਅਸੀਂ ਓਥ ਲਵਾਂਗੇ ਉਸ ਦੇ ਬਾਦ ਦੇ ਸਕਾਂਗੇ। ਮੈਂ 27 ਤਾਰੀਖ਼ ਨੂੰ ਓਥ ਲਈ ਸੀ। ਮੈਂ ਕੁਐਸ਼ਚਨਜ਼, ਕਾਲ ਅਟੈਨਸ਼ਨ ਮੋਸ਼ਨ ਅਤੇ ਨਾਨ-ਆਫ਼ੀਸ਼ਲ ਰੈਜ਼ੋਲਿਊਸ਼ਨ ਦੇ ਗਿਆ ਸੀ। ਤੁਸੀਂ ਰਿਕਾਰਡ ਵੈਰੀਫਾਈ ਕਰ ਸਕਦੇ ਹੋ। ਐਡਜਰਨਮੈਂਟ ਮੋਸ਼ਨ ਮਨਜ਼ੂਰ ਨਹੀਂ ਕੀਤੀ ਮੈਨੂੰ ਕੋਈ ਇਤਲਾਹ ਨਹੀਂ ਦਿੱਤੀ, ਆਈ ਕੈਨ ਸੇ ਔਨ ਓਥ। ਇਸ ਕਰਕੇ ਜਿਹੜੇ ਰੈਜ਼ੋਲਿਊਸ਼ਨ ਆਏ ਹੋਏ ਸਨ, ਸੈਕਟੇਰੀਏਟ ਦਾ ਫਰਜ਼ ਬਣਦਾ ਸੀ ਕਿ ਉਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੇ ਸਾਹਮਣੇ ਰੱਖਦੇ। ਮੈਂ ਜੋ 27 ਤਾਰੀਖ ਨੂੰ ਪੇਪਰ ਦਿਤੇ ਸਨ ਉਹ ਭਾਵੇਂ ਮਨਜ਼ੂਰ ਹੋਣ ਜਾਂ ਰਿਜੈਕਟ ਹੋਣ, ਜਿਤਨਾ ਚਿਰ ਕੋਈ ਫੈਸਲਾ ਨਾ ਹੋਵੇ ਉਤਨਾ ਚਿਰ ਇਹ ਮੋਸ਼ਨ ਪਾਸ ਨਾ ਕੀਤੀ ਜਾਵੇ। ਤੁਸੀਂ ਪਹਿਲਾਂ ਉਹ ਵੇਖ ਲਵੋ ਅਤੇ ਹਾਲੇ ਇਹ ਮੋਸ਼ਨ ਪੈਂਡਿੰਗ ਰੱਖ ਦਿਓ।

**ਵਿੱਤ ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਜਿਹੜੀ ਮੋਸ਼ਨ ਹਾਊਸ ਦੇ ਸਾਹਮਣੇ ਰੱਖੀ ਹੈ ਉਸ ਸਬੰਧ ਵਿਚ ਮੈਂਬਰ ਸਾਹਿਬਾਨ ਨੇ ਸ਼ੰਕਾ ਪੈਦਾ ਕੀਤੀ ਹੈ। ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੋਈ ਸੀ ਉਸ ਵਿਚ ਬਾਦਲ ਸਾਹਿਬ, ਕਾਮਰੇਡ ਰਾਜ ਕੁਮਾਰ ਅਤੇ ਬਰਨਾਲਾ ਸਾਹਿਬ ਮੌਜੂਦ ਸਨ ਅਤੇ ਇਹ ਸਭ ਰੂਲਜ਼ ਤੋਂ ਜਾਣੂ ਹਨ ਕਿ ਨਾਨ-ਆਫ਼ੀਸ਼ਲ ਬਿਜ਼ਨਸ ਲਈ 15 ਦਿਨਾਂ ਦਾ ਨੋਟਿਸ ਚਾਹੀਦਾ ਹੈ। Rule 147 of the Rules of Procedure and Conduct of Business says:—

> "A member other than a Minister who wishes to move a resolution shall give not less than fifteen clear days' notice of his intention and shall submit, together with the notice, the text of the resolution which he wishes to move."

ਇਹ ਗੱਲ ਉਥੇ ਡਿਸਕਸ ਹੋਈ ਸੀ ਕਿ ਨਾਨ-ਆਫ਼ੀਸ਼ਲ ਡੇ ਵਾਸਤੇ ਕੋਈ ਬਿਜ਼ਨਸ ਨਹੀਂ ਹੈ। ਅਗਰ ਕੋਈ ਬਿਜ਼ਨਸ ਹੁੰਦਾ ਤਾਂ ਅਸੀਂ ਇਸ ਨੂੰ ਅਗੇ ਨਹੀਂ ਸੀ ਪਾਉਣਾ ਚਾਹੁੰਦੇ। ਅਗਰ ਕੋਈ ਬਿਜ਼ਨਸ ਹੁੰਦਾ ਤਾਂ ਟਰੇਜ਼ਰੀ ਬੈਂਚਿਜ਼ ਵਲੋਂ ਉਹ ਹਾਊਸ ਵਿਚ ਆ ਜਾਣਾ ਸੀ। ਚੂੰਕਿ ਨਾਨ-ਆਫ਼ੀਸ਼ਲ ਕੋਈ ਬਿਜ਼ਨਸ ਨਹੀਂ ਸੀ ਅਤੇ ਇਸ ਲਈ ਕਮੇਟੀ ਵਿਚ ਐਗਰੀ ਕੀਤਾ ਗਿਆ ਸੀ ਕਿ ਕੱਲ ਨੂੰ ਗੌਰਮਿੰਟ ਬਿਜ਼ਨੈਸ ਟਰਾਂਜ਼ੈਕਟ ਕੀਤਾ ਜਾਵੇ। ਮੈਂ ਕਹਿੰਦਾ ਹਾਂ ਕਿ ਲੀਡਰਜ਼ ਆਫ਼ ਦੀ ਆਪੋਜ਼ੀਸ਼ਨ ਜਿਹੜੇ ਹਨ ਉਨ੍ਹਾਂ ਨੂੰ ਇਹ ਫੈਸਲਾ ਆਪਣੀ ਪਾਰਟੀ ਦੇ ਮੈਂਬਰਾਂ ਨੂੰ ਦਸਣਾ ਚਾਹੀਦਾ ਸੀ। ਇਹ ਵੀ ਗੱਲ ਸਪੱਸ਼ਟ ਹੈ ਕਿ ਅਗਲੇ ਵੀਰਵਾਰ ਤਕ ਵੀ 15 ਦਿਨਾਂ ਦਾ ਕੋਈ ਨੋਟਿਸ ਪੂਰਾ ਹੋਣ ਵਾਲਾ ਨਹੀਂ ਹੈ। ਉਸ ਬਾਰੇ ਵੀ ਸਾਰੇ ਐਗਰੀ ਕੀਤੇ ਸੀ ਕਿ ਅਗਰ ਕੋਈ ਇੰਪਾਰਟੈਂਟ ਰੈਜ਼ੋਲੂਸ਼ਨ ਆ ਜਾਵੇ ਤਾਂ ਉਹ ਅਗਲੇ ਨਾਨ-ਆਫ਼ੀਸ਼ਲ ਡੇ ਤੇ ਲਿਆਂਦਾ ਜਾਵੇਗਾ।

ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਮੈਂ ਜਿਹੜੀ ਮੋਸ਼ਨ ਪੇਸ਼ ਕੀਤੀ ਹੈ ਇਸ ਨੂੰ ਪੁੱਟ ਕੀਤਾ ਜਾਵੇ ਅਤੇ ਪਾਸ ਕੀਤੀ ਜਾਵੇ ਤਾਕਿ ਕਲ ਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਹੋ ਜਾਵੇ। ਉਸ ਵਿਚ ਸਾਰੇ ਮਸਲੇ ਆ ਸਕਦੇ ਹਨ ਭਾਵੇਂ ਬਿਜਲੀ ਦਾ ਹੋਵੇ ਅਤੇ ਭਾਵੇਂ ਕੋਈ ਹੋਰ। ਇਸ ਕਰਕੇ ਸਾਨੂੰ ਇਸ ਤੇ ਹੋਰ ਬਹਿਸ ਨਹੀਂ ਕਰਨੀ ਚਾਹੀਦੀ। ਇਹ ਜਿਹੜੇ ਰੂਲਜ਼ ਹਨ ਇਹ ਮੰਨਣ ਯੋਗ ਹਨ ਕਿਉਂਕਿ ਇਹ ਸਾਰੇ ਹਾਊਸ ਦੇ ਪਾਸ ਕੀਤੇ ਹੋਏ ਹਨ। ਅਗਰ ਨਾਨ-ਆਫ਼ੀਸ਼ਲ ਬਿਜ਼ਨਸ ਹੁੰਦਾ ਤਾਂ ਇਹ ਰੂਲ ਸਸਪੈਂਡ ਨਹੀਂ ਸੀ ਕਰਨਾ। ਇਸ ਲਈ ਮੇਰੀ ਅਰਜ਼ ਹੈ ਕਿ ਹਾਊਸ ਦੇ ਸਾਹ-ਮਣੇ ਮੋਸ਼ਨ ਪੁੱਟ ਕੀਤੀ ਜਾਵੇ ਤਾਕਿ ਹਾਊਸ ਇਸ ਨੂੰ ਪਾਸ ਕਰੇ ਅਤੇ ਅਸੀਂ ਅਗਲਾ ਬਿਜ਼ਨਸ ਕਰੀਏ।

**ਸਰਦਾਰ ਸੁਖਜਿੰਦਰ ਸਿੰਘ ਘੇਰਾ** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਰੂਲਜ਼ ਬਣੇ ਹੋਏ ਹਨ ਇਨ੍ਹਾਂ ਰੂਲਜ਼ ਦੀ ਇੰਪਲੀਮੈਂਟੇਸ਼ਨ ਹੋਣੀ ਚਾਹੀਦੀ ਹੈ। ਮੇਰਾ ਖਿਆਲ ਹੈ ਕਿ ਐਡਵਰਟੈਂਟਲੀ ਕੋਈ ਓਮਿਸ਼ਨ ਰਹਿ ਗਈ ਹੈ। ਗੌਰਮਿੰਟ ਫ਼ਾਰਮ ਹੋਣ ਤੋਂ ਬਾਅਦ ਹਾਊਸ ਤਲਬ ਕਰਨਾ ਚਾਹੀਦਾ ਹੈ। ਪਹਿਲੀ ਵਾਰੀ ਉਥ ਤੋਂ ਬਾਅਦ 15 ਦਿਨਾਂ ਦਾ ਨੋਟਿਸ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਸਮਾਂ ਬਹੁਤ ਥੋੜ੍ਹਾ ਹੁੰਦਾ ਹੈ। ਮੈਂ ਸਮਝਦਾ ਹਾਂ ਕਿ ਇਹ ਰੂਲਜ਼ ਸਸਪੈਂਡ ਕਰਨ ਦੀ ਬਜਾਏ 15 ਦਿਨਾਂ ਦੇ ਨੋਟਿਸ ਵਾਲਾ ਰੂਲ ਸਸਪੈਂਡ ਕੀਤਾ ਜਾਣਾ ਚਾਹੀਦਾ ਹੈ। ਕਈ ਗੱਲਾਂ ਜਿਹੜੀਆਂ ਗੌਰਮਿੰਟ ਲੈਣਾ ਚਾਹੁੰਦੀ

Original with;
Punjab Vidhan Sabha
Digitized by;
Panjab Digital Library

ਹੈ ਉਹ ਵੀ ਨਾਨ-ਆਫ਼ੀਸ਼ੀਅਲ ਡੇ ਤੇ ਲੈ ਸਕਦੀ ਹੈ। ਤੁਸੀਂ, ਪਾਂਧੀ ਸਾਹਿਬ ਨੂੰ ਇਹ ਵੀ ਕਿਹਾ ਹੈ ਕਿ ਫੈਸਲਾ ਪੈਂਡਿੰਗ ਹੈ। ਜਿਹੜੀ ਨੋਟਿਸ ਦੀ ਕਲਾਜ਼ ਹੈ ਉਹ ਸਸਪੈਂਡ ਕਰ ਦਿਓ। ਨਾਨ-ਆਫੀਸ਼ਲ ਡੇ ਨੂੰ ਡਿਸਕਸ਼ਨ ਹੀ ਹੋਣੀ ਹੁੰਦੀ ਹੈ ਕੋਈ ਗੌਰਮਿੰਟ ਦੀ ਸ਼ਿਕਸਤ ਵਗੈਰਾ ਵਾਲੀ ਗੱਲ ਤਾਂ ਹੁੰਦੀ ਹੀ ਨਹੀਂ।

ਦੂਜੀ ਗੱਲ ਤੁਸੀਂ ਕਹੀ ਕਿ ਤੁਸੀਂ ਮੋਸ਼ਨ ਦਾ ਫੈਸਲਾ ਨਹੀਂ ਕਰਦੇ ਅਤੇ ਰੀਕੰਸਿਡਰ ਕਰੋਗੇ। ਤੁਸੀਂ ਪਾਂਧੀ ਸਾਹਿਬ ਨੂੰ ਇਸ ਬਾਰੇ ਯਕੀਨ ਵੀ ਦਿਲਾਇਆ ਹੈ। (ਟਰੇਜ਼ਰੀ ਬੈਂਚਿਜ਼ ਵਲੋਂ ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਗੱਲ ਕਰ ਰਿਹਾ ਹਾਂ। ਮੈਂ ਕਿਸੇ ਅਸੂਲ ਤੇ ਗੱਲ ਕਰ ਰਿਹਾ ਹਾਂ। ਜੇ ਕਿਸੇ ਮੈਂਬਰ ਨੇ ਕੋਈ ਗਲ ਕਰਨੀ ਹੈ ਤਾਂ ਉਹ ਤੁਹਾਡੇ ਨਾਲ ਕਰਨ ਅਸੀਂ ਸੁਣ ਲਵਾਂਗੇ।

ਸਪੀਕਰ ਸਾਹਿਬ, ਹੁਣ ਦੋ ਗਲਾਂ ਮੁਤਜ਼ਾਦ ਹੋ ਗਈਆਂ ਹਨ। ਪਹਿਲੀ ਗਲ ਇਹ ਕਹੀ ਹੈ ਕਿ ਤੁਸੀਂ ਇਸ ਨੂੰ ਐਗਜ਼ਾਮਿਨ ਕਰੋਗੇ। ਅਸੀਂ ਵੇਖਾਂਗੇ ਕਿ ਤੁਸੀਂ ਇਸ ਕੁਰਸੀ ਤੇ ਬੈਠ ਕੇ ਕਿੰਨੀ ਗੱਲ ਠੀਕ ਕਰਦੇ ਹੋ। ਮੈਂ ਸਮਝਦਾ ਹਾਂ ਕਿ ਇਸ ਗੱਲ ਦਾ ਪਹਿਲਾਂ ਫੈਸਲਾ ਹੋਣਾ ਚਾਹੀਦਾ ਹੈ। ਤੁਸੀਂ ਕੋਈ ਲਾਟਰੀ ਪਾ ਲਵੋ ਜਾਂ ਡਰਾ ਕੱਢ ਲਵੋ ਜਿਸ ਦਾ ਰੈਜ਼ੋਲਿਊਸ਼ਨ ਆ ਜਾਵੇ ਲੈ ਲਵੋ। ਮੈਂ ਆਸ ਕਰਦਾ ਹਾਂ ਕਿ ਤੁਸੀਂ ਸਹੀ ਫੈਸਲਾ ਦੇਵੋਗੇ। ਜਿਹੜਾ 15 ਦਿਨਾਂ ਦਾ ਨੋਟਿਸ ਵਾਲਾ ਰੂਲ ਹੈ ਉਸ ਨੂੰ ਸਸਪੈਂਡ ਕਰ ਦਿਓ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਰੂਲ 147 ਦੀ ਪਰੋਵਾਈਜ਼ੋ ਪੜ੍ਹ ਦਿੰਦਾ ਹਾਂ।

"Provided that the Speaker, with the consent of the Minister to whose department the resolution relates, may allow it to be entered on the list of business with shorter notice than fifteen days."

ਇਸ ਰਾਹੀਂ ਆਪ ਨੂੰ ਅਧਿਕਾਰ ਹਨ ਕਿ ਤੁਸੀਂ 15 ਦਿਨਾਂ ਦੀ ਸ਼ਰਤ ਨੂੰ ਘੱਟ ਕਰ ਸਕਦੇ ਹੋ। ਤੁਸੀਂ ਦਰਿਆ ਦਿਲ ਹੋ, ਮਾਝੇ ਦੇ ਰਹਿਣ ਵਾਲੇ ਹੋ, ਪਾਕਿਸਤਾਨ ਵਿਚੋਂ ਆਏ ਹੋ, ਇਹ ਪਰੋਵਾਈਜ਼ੋ ਤੁਹਾਨੂੰ ਪਾਵਰਜ਼ ਦਿੰਦਾ ਹੈ। ਕਿਸੇ ਵੀ ਮੈਂਬਰ ਸਾਹਿਬ ਦਾ ਰੈਜ਼ੋਲਿਊਸ਼ਨ ਕੱਲ ਨੂੰ ਪੁੱਟ ਕਰ ਲਵੋ ਸਾਨੂੰ ਕੋਈ ਇਤਰਾਜ਼ ਨਹੀਂ।

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਫਰਮਾਇਆ ਹੈ ਕਿ ਸਿਰਫ ਕੱਲ ਦੇ ਨਾਨ-ਆਫੀਸ਼ਲ ਡੇ ਵਾਸਤੇ ਹੀ ਕੋਈ ਬਿਜ਼ਨਸ ਨਹੀਂ ਸਗੋਂ ਜਿਹੜਾ 10 ਤਾਰੀਖ ਨੂੰ ਨਾਨ-ਆਫੀਸ਼ਲ ਡੇ ਆਉਣਾ ਹੈ ਉਸ ਵਾਸਤੇ ਵੀ ਕੋਈ ਬਿਜ਼ਨਸ ਨਹੀਂ ਹੈ। ਮੈਂ, ਸਪੀਕਰ ਸਾਹਿਬ, ਚੈਕ-ਅੱਪ ਕੀਤਾ ਹੈ। 10 ਤਾਰੀਖ ਵਾਸਤੇ ਡਿਊ ਨੋਟਿਸ ਨਾਲ ਨਾਨ-ਆਫੀਸ਼ਲ ਰੈਜ਼ੋਲਿਊਸ਼ਨ ਆ ਚੁਕੇ ਹਨ। ਮੇਰਾ ਖਿਆਲ ਹੈ ਕਿ ਠੀਕ ਵੈਰੀਫਿਕੇਸ਼ਨ ਨਾ ਕਰਨ ਕਾਰਣ ਡਾਕਟਰ ਸਾਹਿਬ ਨੇ ਇਹ ਕਿਹਾ ਹੈ। ਇਸ ਲਈ ਇਹ ਦੁਬਾਰਾ ਚੈਕ-ਅੱਪ ਕਰ ਲੈਣ। ਇਸ ਕਰਕੇ ਜਿਹੜੀ ਮੈਂ ਪਹਿਲੀ ਸੁਜੈਸ਼ਨ ਦਿੱਤੀ ਸੀ ਜਿਸ ਵਿਚੋਂ ਪਾਂਧੀ ਸਾਹਿਬ ਦਾ ਸਵਾਲ ਉਠਿਆ ਸੀ ਅਤੇ ਪਾਂਧੀ ਸਾਹਿਬ ਨੇ ਕਲੇਮ ਕੀਤਾ ਸੀ ਕਿ ਮੈਂ ਡਿਊ ਟਾਈਮ ਵਿੱਚ ਸਰਟਨ ਰੈਜ਼ੋਲਿਊਸ਼ਨਜ਼ ਦੇ ਨੋਟਿਸ ਦਿੱਤੇ ਹਨ। ਇਸ ਗੱਲ ਦੀ ਵੈਰੀਫਿਕੇਸ਼ਨ ਹੋਕੇ ਸੈਟਿਸਫੈਕਸ਼ਨ ਹੋ ਜਾਣੀ ਚਾਹੀਦੀ ਹੈ। ਇਸ ਲਈ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਕਾਲਡ ਫਾਰ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਪੁਆਇੰਟ ਕਲੀਯਰ ਹੋ ਜਾਣਾ ਚਾਹੀਦਾ ਹੈ। 10 ਤਾਰੀਖ ਵਾਸਤੇ ਇੱਕ ਨਹੀਂ ਬਲਕਿ ਇੱਕ ਤੋਂ ਜ਼ਿਆਦਾ ਰੈਜ਼ੋਲਿਊਸ਼ਨਜ਼ ਆ ਚੁੱਕੇ ਹਨ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਬਿਜ਼ਨੈਸ ਐਡਵਾਇਜ਼ਰੀ ਕਮੇਟੀ ਨੇ ਯੂਨਾਨੀਮਸਲੀ ਇਹ ਫੈਸਲਾ ਕੀਤਾ ਹੈ ਕਿ ਨਾਨ-ਆਫੀਸ਼ਲ ਡੇ ਤੇ ਆਫੀਸ਼ਲ ਬਿਜ਼ਨੈਸ ਕੀਤਾ ਜਾਵੇ। ਸਾਰੀਆਂ ਪਾਰਟੀਆਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]
ਦੇ ਨੁਮਾਇੰਦਿਆਂ ਨੂੰ ਚਾਹੀਦਾ ਸੀ ਕਿ ਉਹ ਕਮੇਟੀ ਦੀ ਮੀਟਿੰਗ ਦੇ ਇਸ ਫੈਸਲੇ ਤੋਂ ਆਪਣੇ ਸਾਥੀਆਂ ਨੂੰ ਗਿਆਨ ਕਰਾ ਦਿੰਦੇ। ਪਰ ਜੇ ਗਿਆਨ ਨਹੀਂ ਵੀ ਕਰਵਾਇਆ ਤਾਂ ਅਗਲੇ 10 ਤਾਰੀਖ ਨੂੰ ਨਾਨ-ਆਫੀਸ਼ਲ ਡੇ ਲਈ ਅਗਰ ਰੂਲ ਕੋਈ ਸੱਸਪੈਂਡ ਕਰਨਾ ਵੀ ਪਵੇ ਤਾਂ ਕਰ ਲਓ। ਕੱਲ ਵਾਸਤੇ ਕੋਈ ਰੈਜ਼ੋਲਿਊਸ਼ਨ ਨਹੀਂ ਸੀ। ਇਹ ਜਿਹੜੀ ਮੋਸ਼ਨ ਹੁਣ ਮੂਵ ਕੀਤੀ ਜਾ ਚੁੱਕੀ ਹੈ ਇਹ ਤੁਹਾਡੇ ਅਧਿਕਾਰ ਵਿੱਚ ਹੈ। ਇਸ ਲਈ ਤੁਹਾਡੇ ਪਾਸ ਮੇਰੀ ਬੇਨਤੀ ਹੈ ਕਿ ਇਹ ਪਰੰਪਰਾ ਨਹੀਂ ਅਪਣਾਉਣੀ ਚਾਹੀਦੀ ਕਿ ਜਿਹੜਾ ਫੈਸਲਾ ਯੂਨਾਨੀਮਸਲੀ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿੱਚ ਹੋਇਆ ਹੈ ਉਸ ਨੂੰ ਬਦਲਿਆ ਜਾਵੇ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਥੋੜ੍ਹਾ ਸਮਾਂ ਮੈਂ ਵੀ ਬੈਠਾ ਸੀ। ਮੈਂ ਸਮਝਦਾ ਹਾਂ ਕਿ ਤੁਹਾਡੇ ਦਫਤਰ ਨੇ ਤੁਹਾਨੂੰ ਵੀ ਡਾਰਕ ਵਿੱਚ ਰੱਖਿਆ ਹੈ ਅਤੇ ਸਾਨੂੰ ਵੀ। ਉਨ੍ਹਾਂ ਨੇ ਕਿਹਾ ਸੀ ਕਿ ਕੋਈ ਰੈਜ਼ੋਲਿਊਸ਼ਨ ਨਹੀਂ ਆਇਆ । ਜੇ ਉਹ ਉਥੇ ਇਹ ਕਹਿ ਦਿੰਦੇ ਕਿ ਰੈਜ਼ੋਲਿਊਸ਼ਨ ਤਾਂ ਆਇਆ ਹੈ ਪਰ ਉਸ ਵਿੱਚ ਇਹ ਕਮੀ ਹੈ, ਤਾਂ ਅਸੀਂ ਤੁਹਾਨੂੰ ਉਥੇ ਰਿਕੁਐਸਟ ਕਰ ਦਿੰਦੇ ਕਿ ਤੁਸੀਂ ਇਸ ਵਿੱਚ ਇਹ ਰਿਆਇਤ ਕਰ ਦਿਓ। ਪਰ ਉਸ ਵੇਲੇ ਸਾਨੂੰ ਇਹ ਦਸਿਆ ਗਿਆ ਕਿ ਰੈਜ਼ੋਲਿਊਸ਼ਨ ਹੀ ਕੋਈ ਨਹੀਂ ਆਇਆ । ਹੁਣ ਹਾਊਸ ਦੇ ਸਾਹਮਣੇ ਇਹ ਗੱਲ ਆਈ ਹੈ ਕਿ ਰੈਜ਼ੋਲਿਊਸ਼ਨ ਤਾਂ ਆਏ ਹਨ। ਇਸ ਗੱਲ ਦੀ ਵੀ ਵੈਰੀਫਿਕੇਸ਼ਨ ਦੀ ਲੋੜ ਹੈ ਕਿ ਸ਼ਾਇਦ ਕੋਈ ਰੈਜ਼ੋਲਿਊਸ਼ਨ ਇਨ ਟਾਈਮ ਹੀ ਆਇਆ ਹੋਵੇ। ਇਹ ਇੱਕ ਬੜਾ ਇੰਪਾਰ-ਟੈਂਟ ਮਸਲਾ ਹੈ। ਮੈਂ ਸਮਝਦਾ ਹਾਂ ਕਿ ਇਹ ਐਮ. ਐਲ. ਏਜ਼ ਦੇ ਹੱਕਾਂ ਤੇ ਇੱਕ ਕਿਸਮ ਦਾ ਛਾਪਾ ਹੈ। ਤੁਸੀਂ 15 ਮਿੰਟਾਂ ਵਾਸਤੇ ਹਾਊਸ ਅਡਜਰਨ ਕਰ ਦਿਓ ਅਤੇ ਦੁਬਾਰਾ ਮੀਟਿੰਗ ਬੁਲਾ ਲਓ ਅਤੇ ਇਸ ਚੀਜ਼ ਨੂੰ ਕਨਸਿਡਰ ਕਰ ਲਓ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਪਾਂਧੀ ਸਾਹਿਬ ਨੇ ਇੱਕ ਐਡਜੋਰਨਮੈਂਟ ਮੋਸ਼ਨ ਦਿੱਤੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ, ਅਕਾਲੀ ਪਾਰਟੀ ਦੇ ਲੀਡਰ ਹਨ, ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਪਾਂਧੀ ਸਾਹਿਬ ਨੇ ਕੋਈ ਐਡਜਰਨਮੈਂਟ ਮੋਸ਼ਨ ਦਿੱਤੀ ਹੈ ਜਾਂ ਨਹੀਂ। (ਵਿਘਨ,ਸ਼ੋਰ) ਸਪੀਕਰ ਸਾਹਿਬ, ਹਾਊਸ ਦੇ 117 ਮੈਂਬਰ ਹਨ। ਇਥੇ ਪਾਂਧੀ ਸਾਹਿਬ, ਕਾਮਰੇਡ ਰਾਜ ਕੁਮਾਰ ਜੀ 8,8 ਵਾਰੀ ਬੋਲ ਚੁਕੇ ਹਨ। ਹੋਰ ਵੀ ਇਥੇ ਮੈਂਬਰ ਬੈਠੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਹਾਊਸ ਦੇ ਟਾਈਮ ਨੂੰ ਜ਼ਿਆਦਾ ਖਰਾਬ ਨਾ ਕੀਤਾ ਜਾਵੇ। ਇਨ੍ਹਾਂ ਨੂੰ ਚੈਂਬਰ ਵਿੱਚ ਬੁਲਾ ਲਓ। ਪਤਾ ਨਹੀਂ ਇਹ ਤੁਹਾਡੇ ਚੈਂਬਰ ਵਿੱਚ ਆਉਣ ਤੋਂ ਕਿਉਂ ਘਬਰਾਉਂਦੇ ਹਨ। ਤੁਸੀਂ ਇਨ੍ਹਾਂ ਨੂੰ ਕਿਧਰੇ ਬਾਹਰ ਬੁਲਾ ਲਓ।

**ਸ੍ਰੀ ਸਪੀਕਰ** : ਮੇਰੇ ਕੋਲ ਰਾਜ ਕੁਮਾਰ ਜੀ ਆਏ ਸਨ। ਅਸੀਂ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਅਰਲੀਐਸਟ ਅਪਰਚੂਨਿਟੀ ਤੇ ਅੱਜ ਸਵੇਰੇ ਮੀਟਿੰਗ ਬੁਲਾਈ। ਉਸ ਮੀਟਿੰਗ ਵਿਚ ਸਾਰੇ ਫੈਸਲੇ ਯੂਨਾਨੀਮਸਲੀ ਹੋਏ। ਇੱਕ ਗੱਲ ਦਾ ਟੱਪਲਾ ਜ਼ਰੂਰ ਲੱਗਾ ਹੈ। ਲੇਕਿਨ ਜਿਹੜੀ ਮੋਸ਼ਨ ਐਫ. ਐਮ. ਸਾਹਿਬ ਨੇ ਰੱਖੀ ਹੈ, ਉਹ ਮੈਂ ਮੂਵ ਵੀ ਕਰ ਚੁੱਕਾ ਹਾਂ।

**Mr. Speaker :** Question is—

That rule 30 of the Rules of Procedure and Conduct of Business in the Punjab Vidhan Sabha (Punjab Legislative Assembly) be suspended and Government business be transacted on Thursday, the 3rd July, 1980.

(*Interruptions*)

*The motion was carried.*

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਕਈ ਆਨਰੇਬਲ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ਪਰ ਸ੍ਰੀ ਸਪੀਕਰ ਨੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੂੰ ਕਾਲ ਅਪਾਨ ਕੀਤਾ)।

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਥੇ ਮੋਸ਼ਨ ਮੂਵ ਕੀਤੀ ਗਈ। ਪਾਂਧੀ ਸਾਹਿਬ ਨੇ ਉਸ ਤੇ ਆਬਜੈਕਸ਼ਨ ਕੀਤਾ ਅਤੇ ਕਿਹਾ ਕਿ ਮੈਂ ਕੁਝ ਰੈਜ਼ੋਲਿਊਸ਼ਨਜ਼ ਦੇ ਨੋਟਿਸ ਦੇ ਚੁਕਾ ਹਾਂ। ਤੁਸੀਂ ਬੜੀ ਮੇਹਰਬਾਨੀ ਕਰਕੇ ਕਹਿ ਦਿੱਤਾ, ਸਾਰੀ ਗੱਲ ਸੁਣਨ ਤੋਂ ਬਾਅਦ, ਕਿ ਤੁਸੀਂ ਇਸ ਚੀਜ਼ ਨੂੰ ਅਗਜ਼ਾਮਿਨ ਕਰ ਲਵੋਂਗੇ। ਤੁਸੀਂ ਇਹ ਚੀਜ਼ ਅਗਜ਼ਾਮਿਨ ਕਰਨ ਤੋਂ ਬਾਅਦ ਦੱਸਿਆ ਹੈ ਕਿ ਕਈ ਰੈਜ਼ੋਲਿਊਸ਼ਨ ਦੇ ਨੋਟਿਸ ਆਏ ਸਨ। ਅਗਰ ਇਹ ਠੀਕ ਹੈ ਫਿਰ ਤਾਂ ਤੁਹਾਡਾ ਜਿਹੜਾ ਫੈਸਲਾ ਹੈ ਉਹ ਗਲਤ ਹੋ ਜਾਵੇਗਾ। (ਸ਼ੋਰ, ਵਿਘਨ)।

---

## PRESENTATION OF FIRST REPORT OF THE BUSINESS ADVISORY COMMITTEE

**Mr. Speaker** : I have to present to the House the First Report of the Business Advisory Committee. The Report reads as under :—

After some discussion, the Committee recommended that the following business be transacted at the sittings of the Vidhan Sabha from the 3rd July, 1980 to 16th July, 1980 :—

| | |
|---|---|
| Thursday, the 3rd July (9.00 A.M.) | Discussion on the Governor's Address |
| Friday, the 4th July (9.00 A.M.) | Resumption of the discussion on the Governor's Address. |
| Saturday, the 5th July | Off day. |
| Sunday, the 6th July | Holiday. |
| Monday, the 7th July (2.00 P.M.) | Resumption of the discussion on the Governor's Address. |
| Tuesday, the 8th July (9.00 A.M.) | (i) Election of the Deputy Speaker under Article 178 of the Constitution.<br>(ii) Resumption of discussion on Governor's Address and Vote on Motion of Thanks. |
| Wednesday, the 9th July (9.00 A.M.) | Legislative Business. |
| Thursday, the 10th July (9.00 A.M.) | Non-Official Business. |

Original with;
Punjab Vidhan Sabha
Digitized by;
Panjab Digital Library

[Mr. Speaker]

| | |
|---|---|
| Friday, the 11th July (9.00 A.M.) | Presentation of the Budget Estimates for the year 1980-81. |
| Saturday, the 12th July | Off day. |
| Sunday, the 13th July | Holiday. |
| Monday, the 14th July (2.00 P.M.) | General Discussion on the Budget Estimates for the year 1980-81. |
| Tuesday, the 15th July (9.00 A.M.) | Resumption of General Discussion on Budget Estimates for the year 1980-81. |
| Wednesday, the 16th July (9.00 A.M.) (1st Sitting) | Resumption of General Discussion on the Budget Estimates for the year 1980-81. |
| Wednesday, the 16th July (2.30 P.M. to 7.00 P.M.) (2nd Sitting) | Discussion on Demands for Grants and voting thereon for 1980-81. |

The Committee decided that further programme will be considered later on.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

**Finance Minister (Doctor Kewal Krishan) ;** Sir, I beg to move—

> That this House agrees with the recommendations contained in the First Report of the Business Advisory Committee.

**Mr. Speaker :** Motion moved—

> That this House agrees with the recommendations contained in the First Report of the Business Advisory Committee.

**Mr. Speaker :** Question is—

> That this House agrees with the recommendations contained in the First Report of the Business Advisory Committee.

*The motion was carried.*

**Mr. Speaker :** The House stands adjourned till 9.00 A.M., on Thursday, the 3rd July, 1980.

*

*3·24 p. m.

(*The Sabha then adjourned till* 9.00 *A.M., on Thursday, the* 3rd *July,* 1980)

42945/PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1979

Published under the authority of the Punjab Vidhan Sabha Secretariat and printed by the Controller, Govt. Press, Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*3rd July*, 1980.

**Vol. I-No. 4**

**OFFICIAL REPORT**

## CONTENTS

*Thursday, the 3rd July,* 1980


| | Page |
|---|---|
| Announcement by the Secretary .. | (4) 1 |
| Starred Questions and Answers .. | (4) 1 |
| Written Answer to Starred Question laid on the Table of the House under Rule 38 .. | (4) 22 |
| Call Attention Notices Under Rule 66 .. | (4) 22 |
| Points of order *reg.* Adjournment Motion .. | (4) 23 |
| Walk-out .. | (4) 27 |
| Points of order *reg.* Adjournment Motion (*Resumption*) | (4) 27 |
| Call Attention Notices under Rule 66 (*Resumption*) | (4) 32 |
| Paper Laid on the Table of the House .. | (4) 34 |
| Discussion on Governor's Address .. | (4) 34 |



Punjab Vidhan Sabha Secretariat, Chandigarh.

Price : Rs. 23-00 P.



Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

# PUNJAB VIDHAN SABHA

*Thursday, the 3rd July,* 1980.

*The Vidhan Sabha met in the Punjab Vidhan Sabha Hall, Vidhan Bhawan, Chandigarh, at 9.00 A.M. of the Clock.*

## ANNOUNCEMENT BY THE SECRETARY

**ਸ੍ਰੀ ਸਕੱਤਰ** : ਜਿਵੇਂ ਕਿ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 13(3) ਅਧੀਨ ਲੋੜੀਂਦਾ ਹੈ, ਮੈਂ ਸਦਨ ਨੂੰ ਇਹ ਸੂਚਨਾ ਦੇਣੀ ਹੈ ਕਿ ਸਪੀਕਰ ਸਾਹਿਬ ਨਾ ਟਾਲਣਯੋਗ ਕਾਰਣਾਂ ਕਰਕੇ ਹਾਜ਼ਰ ਨਹੀਂ ਹੋ ਸਕੇ ਅਤੇ ਇਸ ਲਈ ਸਭਾਪਤੀ ਨਾਮਾਵਲੀ ਦੇ ਮੈਂਬਰ ਸ੍ਰੀ ਯਸ਼, ਐਮ. ਐਲ. ਏ., ਪ੍ਰਧਾਨਗੀ ਕਰਨਗੇ।

9.01 ਸਵੇਰੇ | (ਇਸ ਵੇਲੇ ਸ੍ਰੀ ਯਸ਼ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

## STARRED QUESTIONS AND ANSWERS

### ਰਿਆਸਤੀ ਪਰਜਾ ਮੰਡਲ ਦੀ ਯਾਦਗਾਰ

*6. **ਕਾਮਰੇਡ ਬੂਟਾ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ 1974 ਵਿਚ ਰਿਆਸਤੀ ਪਰਜਾ ਮੰਡਲ ਦੀ ਯਾਦ ਵਿਚ ਇਕ ਯਾਦਗਾਰ ਕਾਇਮ ਕਰਨ ਦਾ ਫੈਸਲਾ ਕੀਤਾ ਸੀ ਅਤੇ ਇਸ ਮੰਤਵ ਲਈ ਕੁਝ ਰਕਮ ਮਨਜ਼ੂਰ ਕੀਤੀ ਸੀ ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਕੀ ਸਰਕਾਰ ਨੇ ਉਸ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਹੈ ;

(ੲ) ਕੀ ਉਪਰੋਕਤ (ੳ) ਵਿਚ ਵਰਣਿਤ ਫੈਸਲੇ ਨੂੰ ਲਾਗੂ ਕਰਨ ਲਈ ਬਣਾਈ ਕਮੇਟੀ ਦੀ ਕੋਈ ਮੀਟਿੰਗ ਬੁਲਾਈ ਹੈ ?

**ਸਰਦਾਰ ਦਰਬਾਰਾ ਸਿੰਘ** : (ੳ) ਜੀ ਨਹੀਂ।

(ਅ)
(ੲ) } ਉਪਰ (ੳ) ਵਿੱਚ ਦੱਸੇ ਅਨੁਸਾਰ ਸਵਾਲ ਹੀ ਨਹੀਂ ਉਠਦਾ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਦੇ ਸਮੇਂ ਵਿਚ ਇਹ ਕਮੇਟੀ ਬਣੀ ਸੀ ਔਰ ਇਹ ਕਹਿ ਰਹੇ ਹਨ ਕਿ ਨਹੀਂ ਬਣੀ। ਇਸ ਕਮੇਟੀ ਦੇ ਕਾਮਰੇਡ ਜੰਗੀਰ ਸਿੰਘ ਜੋਗਾ ਵੀ ਮੈਂਬਰ ਸਨ ਔਰ ਉਸ ਕਮੇਟੀ ਦੀਆਂ ਦੋ ਤਿੰਨ ਮੀਟਿੰਗਜ਼ ਹੋਈਆਂ ਸਨ। ਇਸ ਸਬੰਧ ਵਿਚ ਕਾਮਰੇਡ ਜੰਗੀਰ ਸਿਘ ਜੋਗਾ ਕੋਲ ਚਿੱਠੀਆਂ ਵੀ ਆਉਂਦੀਆਂ ਰਹੀਆਂ ਹਨ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਹ ਜਿਹੜੀ ਇਨਫਰਮੇਸ਼ਨ ਦਿੱਤੀ ਗਈ ਹੈ, ਇਹ ਗਲਤ ਹੈ। ਕੀ ਇਹ ਇਸ ਸਬੰਧੀ ਪੜਤਾਲ ਦੁਬਾਰਾ ਕਰਾਉਣਗੇ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ** : ਇਹ ਕੋਈ ਸਪਲੀਮੈਂਟਰੀ ਨਹੀਂ ਹੈ

**Comrade Baldev Singh Loomba** : Who says that this is not a supplementary question ?

**Mr. Chairman** : I do not allow it. This is no supplementary question. Hon-member should be cautious about the use of words.

**ਕਾਮਰੇਡ ਬਲਦੇਵ ਸਿੰਘ ਲੂੰਬਾ**: ਸਰ, ਉਸ ਵੇਲੇ ਕਮੇਟੀ ਬਣੀ ਸੀ ਅਤੇ ਕਾਮਰੇਡ ਜੰਗੀਰ ਸਿੰਘ ਜੋਗਾ ਉਸ ਕਮੇਟੀ ਦੇ ਮੈਂਬਰ ਸਨ। ਉਨ੍ਹਾਂ ਕੋਲ ਚਿੱਠੀਆਂ ਆਉਂਦੀਆਂ ਰਹੀਆਂ ਹਨ।

**ਮੁੱਖ ਮੰਤਰੀ** : ਗਿਆਨੀ ਜ਼ੈਲ ਸਿੰਘ ਜੀ ਜਦੋਂ ਚੀਫ ਮਨਿਸਟਰ ਸਨ, ਉਨ੍ਹਾਂ ਨੇ ਜਨਰਲ ਤੌਰ ਤੇ ਕੁਝ ਬੰਦੇ ਬੁਲਾ ਕੇ ਇਸ ਚੀਜ਼ ਨੂੰ ਡਿਸਕਸ ਕੀਤਾ ਸੀ ਔਰ ਉਸ ਲਈ ਕੋਈ ਬਕਾਇਦਾ ਕਮੇਟੀ ਨਿਯੁਕਤ ਨਹੀਂ ਸੀ ਕੀਤੀ ਗਈ। ਜਨਰਲ ਤੌਰ ਤੇ ਪੁਰਾਣੇ ਮੈਮੋਰੀਅਲ ਜਿਹੜੇ ਕਿ 10-12 ਐਸੇ ਸਨ, ਜਿਨ੍ਹਾਂ ਬਾਰੇ ਉਨ੍ਹਾਂ ਨੇ ਰਾਏ ਲਈ ਸੀ ਔਰ ਇਸ ਸਬੰਧ ਵਿਚ ਲਿਸਟ ਬਣਾਈ ਸੀ ਪਰ ਇਸ ਬਾਰੇ ਕੋਈ ਬਕਾਇਦਾ ਕਮੇਟੀ ਨਹੀਂ ਸੀ ਬਣੀ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਚੇਅਰਮੈਨ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਪੁੱਛਣਾ ਚਾਹੁੰਦਾ ਹਾਂ ਕਿ ਹੁਣੇ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਜ਼ਬਾਨੀ ਡਿਸਕਸ ਕੀਤਾ ਸੀ ਔਰ ਕੋਈ 10-12 ਮੈਮੋਰੀਅਲ ਬਣਾਉਣ ਦਾ ਪ੍ਰੋਗਰਾਮ ਬਣਾਇਆ ਸੀ। ਕੀ ਉਨ੍ਹਾਂ ਵਿਚ ਮਾਨਸਾ ਬਾਰੇ ਕੋਈ ਜ਼ਿਕਰ ਸੀ ਅਤੇ ਉਸ ਵਾਸਤੇ ਕੀ ਕੋਈ ਰਕਮ ਮਨਜ਼ੂਰ ਕੀਤੀ ਗਈ ਸੀ ?

**ਮੁੱਖ ਮੰਤਰੀ** : ਇਸ ਬਾਰੇ ਨਾ ਹੀ ਕੋਈ ਵਿਚਾਰ ਹੋਇਆ ਅਤੇ ਨਾ ਹੀ ਕੋਈ ਪੈਸਾ ਰਖਿਆ ਗਿਆ।

**ਕਾਮਰੇਡ ਰਾਜ ਕੁਮਾਰ** : ਚੇਅਰਮੈਨ ਸਾਹਿਬ, ਸੀ ਐਮ. ਸਾਹਿਬ ਨੇ ਫਰਮਾਇਆ ਹੈ ਕਿ ਇਸ ਬਾਰੇ ਫਾਰਮਲੀ ਡਿਸਕਸ ਹੁੰਦਾ ਰਿਹਾ ਪਰ ਕਮੇਟੀ ਕੋਈ ਨਹੀਂ ਬਣਾਈ ਗਈ। ਮੈਂ ਇਸ ਕੰਟਰੋਵਰਸੀ ਵਿਚ ਨਹੀਂ ਜਾਣਾ ਚਾਹੁੰਦਾ ਕਿ ਕਮੇਟੀ ਬਣਾਈ ਗਈ ਸੀ ਜਾਂ ਨਹੀਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਮੋਰੀਅਲ ਬਣਾਉਣ ਬਾਰੇ ਕੁਝ ਦੇਸ਼ ਭਗਤਾਂ ਦੇ ਨਾਂ ਡਿਸਕਸ਼ਨ ਦੇ ਦੌਰਾਨ ਆਏ ਸਨ। ਕੀ ਚੀਫ ਮਨਿਸਟਰ ਸਾਹਿਬ ਉਨ੍ਹਾਂ ਵਾਸਤੇ ਸੂਟੇਬਲ ਮੈਮੋਰੀਅਲ ਬਣਾਉਣ ਲਈ ਹੁਣ ਕੋਈ ਕਾਰਵਾਈ ਕਰਨ ਨੂੰ ਤਿਆਰ ਹਨ ? ਕੀ ਇਸ ਬਾਰੇ ਇਹ ਕੋਈ ਹੁਣ ਯਕੀਨ ਦਿਵਾਉਣਗੇ ?

**ਮੁੱਖ ਮੰਤਰੀ**: ਚੇਅਰਮੈਨ ਸਾਹਿਬ, ਮੈਂ ਇਹ ਯਕੀਨ ਦਿਵਾਉਂਦਾ ਹਾਂ ਕਿ ਜਿਹੜੇ ਸ਼ਹੀਦ ਸਾਡੇ ਤੋਂ ਵਿਛੜ ਗਏ ਹਨ, ਉਨ੍ਹਾਂ ਨੂੰ ਮਾਣ ਔਰ ਸਤਿਕਾਰ ਦੇਣਾ ਸਾਡਾ ਫਰਜ਼ ਬਣਦਾ ਹੈ। ਇਸ ਲਈ ਜਿੰਨੇ ਵੀ ਸਾਡੇ ਪਾਸ ਸਰਕਾਰੀ ਫੰਡਜ਼ ਅਵੇਲੇਬਲ ਹੋਣਗੇ ਉਸ ਮੁਤਾਬਿਕ ਉਨ੍ਹਾਂ ਦੇ ਨਿਸ਼ਾਨ ਕਾਇਮ ਕੀਤੇ ਜਾਣਗੇ ਤਾਂ ਕਿ ਉਨ੍ਹਾਂ ਦੀ ਯਾਦ ਕਾਇਮ ਰਹਿ ਸਕੇ।

**ਸਰਦਾਰ ਸੁਖਮਿੰਦਰ ਸਿੰਘ ਖੈਰਾ** : ਚੇਅਰਮੈਨ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਤਾਂ ਕਮੇਟੀ ਬਣੀ ਨਹੀਂ ਸੀ ਅਤੇ ਸਿਰਫ ਗੱਲਬਾਤ ਹੀ ਹੁੰਦੀ ਰਹੀ। ਕੀ ਹੁਣ ਇਸ ਬਾਰੇ ਇਹ ਕੋਈ ਕਮੇਟੀ ਬਣਾਉਣ ਨੂੰ ਤਿਆਰ ਹਨ ਅਤੇ ਉਸ ਕਮੇਟੀ ਵਿਚ ਸਾਰੀਆਂ ਪੁਲੀਟੀਕਲ ਪਾਰਟੀਆਂ ਦੇ ਆਦਮੀਆਂ ਨੂੰ ਨੁਮਾਇੰਦਗੀ ਦਿੱਤੀ ਜਾਵੇਗੀ?

**ਮੁੱਖ ਮੰਤਰੀ**: ਚੇਅਰਮੈਨ ਸਾਹਿਬ, ਜਿਹੜੀ ਯਾਦਗਾਰ ਕਿਸੇ ਸ਼ਹੀਦ ਦੀ ਬਣਾਈ ਜਾਂਦੀ ਹੈ, ਉਹ ਕਿਸੇ ਪੁਲੀਟੀਕਲ ਪਾਰਟੀ ਨਾਲ ਤੁਅੱਲਕ ਨਹੀਂ ਰਖਦੀ। ਸ਼ਹੀਦਾਂ ਨੇ ਤਾਂ ਸਾਰੇ ਹਿੰਦੁਸਤਾਨ ਲਈ

Original with;
Punjab Vidhan Sabha
Digitized by;
Panjab Digital Library

ਕੁਰਬਾਨੀਆਂ ਕੀਤੀਆਂ ਹੁੰਦੀਆਂ ਹਨ। ਪਰ ਜੇ ਇਸ ਸਬੰਧ ਵਿਚ ਕੋਈ ਸਰਕਾਰੀ ਤੌਰ ਤੇ ਕਮੇਟੀ ਬਣਾਵਾਂਗੇ ਤਾਂ ਉਸ ਵਿਚ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਜ਼ਰੂਰ ਲਏ ਜਾਣਗੇ।

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਮੈਂ ਪੁਛਿਆ ਹੈ ਕਿ ਕਮੇਟੀ ਬਣੇਗੀ, ਜਾਂ ਨਹੀਂ ? ਪਰ ਇਨ੍ਹਾਂ ਨੇ ਇਸ ਦਾ ਪੂਰਾ ਉੱਤਰ ਨਹੀਂ ਦਿੱਤਾ। ਇਹ ਕਹਿੰਦੇ ਹਨ ਜੇ ਬਣੀ ਤਾਂ ........ (ਵਿਘਨ)

(ਕੋਈ ਉੱਤਰ ਨਹੀਂ ਆਇਆ)

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਗਿਆਨੀ ਜ਼ੈਲ ਸਿੰਘ ਦੇ ਵੇਲੇ ਕੁਝ ਮੈਮੋਰੀਅਲ ਬਣਾਉਣ ਵਾਸਤੇ ਵਿਚਾਰ ਕੀਤਾ ਗਿਆ ਸੀ ਅਤੇ ਕੁਝ ਪੱਥਰ ਵੀ ਬਣਾ ਦਿੱਤੇ ਸਨ ਔਰ ਨਿਸ਼ਾਨ ਵੀ ਲਗਾ ਦਿਤੇ ਸਨ। ਪਰ ਜਦੋਂ ਅਕਾਲੀ ਸਰਕਾਰ ਆਈ ਤਾਂ ਉਹ ਇਹ ਪੱਥਰ ਵੀ ਖੜ੍ਹੇ ਨਾ ਕਰ ਸਕੀ ਔਰ ਆਪ ਵੀ ਚਲੀ ਗਈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਹੁਣ ਚੀਫ ਮਨਿਸਟਰ ਸਾਹਿਬ ਇਹ ਯਕੀਨ ਦਿਵਾਉਣਗੇ ਕਿ ਜਿਹੜੇ ਸ਼ਹੀਦ ਆਜ਼ਾਦੀ ਵਾਸਤੇ ਲੜਦੇ ਰਹੇ ਔਰ ਕੁਰਬਾਨੀਆਂ ਦਿੰਦੇ ਰਹੇ, ਕੀ ਉਨ੍ਹਾਂ ਦੀਆਂ ਯਾਦਗਾਰਾਂ ਉਨ੍ਹਾਂ ਦੇ ਪਿੰਡਾਂ ਵਿਚ ਬਣਾਉਣਗੇ ?

**ਇੱਕ ਆਵਾਜ਼** : ਕੀ ਇਹ ਕੋਈ ਸਪਲੀਮੈਂਟਰੀ ਹੈ ?

**ਸ੍ਰੀ ਸਭਾਪਤੀ** : ਉਨ੍ਹਾਂ ਨੂੰ ਜਵਾਬ ਦੇ ਲੈਣ ਦਿਓ।

**ਮੁੱਖ ਮੰਤਰੀ** : ਚੇਅਰਮੈਨ ਸਾਹਿਬ, ਮੈਂ ਪਿਛਲੇ ਲਫਜ਼ਾਂ ਨੂੰ ਰਿਪੀਟ ਨਹੀਂ ਕਰਨਾ ਚਾਹੁੰਦਾ। ਸਿਰਫ ਐਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਡਿਸਕਸ਼ਨ ਐਕਸ-ਚੀਫ ਮਨਿਸਟਰ ਗਿਆਨੀ ਜ਼ੈਲ ਸਿੰਘ ਦੇ ਵੇਲੇ ਹੋਈ ਸੀ, ਉਸ ਵਿਚ 8-9 ਬੁੱਤਾਂ ਨੂੰ ਬਣਾਉਣ ਵਾਸਤੇ ਵਿਚਾਰ ਕੀਤਾ ਗਿਆ ਸੀ। ਉਹ ਹਨ :

(1) Statue of Jathedar Sandhura Singh.

(2) Installation of statue of Baba Nidhan Singh Chugha.

(3) Erection of memorial at Kalianwala Kuan at Ajnala.

(4) Establishment of Central Memorial.

(5) Beautification of Samadhies of Shaheed-e-Azam S. Bhagat Singh and his associates and also of Punjab Mata at Hussainiwala.

(6) Establishment of Babbar Akali Memorial near Jullundur.

(7) Establishment of Sri Guru Tegh Bahadur Museum at Anandpur Sahib under construction.

(8) Installation of bronze statues of Maharaja Ranjit Singh riding on horse back at each District Headquarters.

(9) Establishment of War Memorial at Chowk Talwandi Bhai.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਹ ਸਟੈਰੂਜ਼ ਜਿਨ੍ਹਾਂ ਉਤੇ ਵਿਚਾਰ ਸੀ, ਉਨ੍ਹਾਂ ਦੀ ਰੂਪ ਰੇਖਾ ਅਜੇ ਤਕ ਨਹੀਂ ਬਣੀ ਜੇਕਰ ਗੌਰਮਿੰਟ ਪਾਸ ਫੰਡਜ਼ ਦੀ ਕਮੀ ਨਹੀਂ ਹੋਏਗੀ ਤਾਂ ਲਾਜ਼ਮੀ ਤੌਰ ਤੇ ਇਸ ਸਕੀਮ ਨੂੰ ਲਾਗੂ ਕਰਾਂਗੇ ।

## Installation of Tubewells for Irrigation in Kandi Area of Balachaur Assembly Constituency

*1. **Master Dalip Chand :** Will the Chief Minister be pleased to state:—

(a) whether there is any proposal under the consideration of the Government to install tubewells for irrigation purposes in the Kandi Area of Balachaur Assembly Constituency where no arrangements for irrigation exist ;

(b) whether it is a fact that seven-eight years back a tubewell bore was made by the Central Ground Water Board at Village Dhaktana of Balachaur Assembly Constituency but the same has not been commissioned so far and whether the Government proposes to commission the said tubewell, if so ; when ?

———

**ਸਰਦਾਰ ਦਰਬਾਰਾ ਸਿੰਘ** : (ੳ) ਨਹੀਂ ਜੀ ।

(ਅ) ਹਾਂ ਜੀ । ਇਹ ਮਾਮਲਾ ਹਿੰਦ ਸਰਕਾਰ ਨਾਲ ਵਿਚਾਰ ਅਧੀਨ ਹੈ ।

**ਮਾਸਟਰ ਦਲੀਪ ਚੰਦ** : ਚੇਅਰਮੈਨ ਸਾਹਿਬ, ਇਹ ਮੇਰਾ ਪਹਿਲਾ ਸਵਾਲ ਹੈ ਅਤੇ ਪਹਿਲੇ ਸਵਾਲ ਦਾ ਜਵਾਬ ਵੀ ਨਾਂਹ ਵਿਚ ਹੀ ਆਇਆ ਹੈ । ਮੇਰਾ ਇਲਾਕਾ ਕੰਡੀ ਦਾ ਇਲਾਕਾ ਹੈ। ਬਲਾਚੌਰ ਵਿਚ ਲੋਕਾਂ ਨੂੰ ਪਾਣੀ ਦੀ ਬਹੁਤ ਮੁਸ਼ਕਿਲ ਆਉਂਦੀ ਹੈ। ਇਸ ਲਈ ਕੰਡੀ ਏਰੀਏ ਵਿਚ ਲਿਫਟ ਇਰੀਗੇਸ਼ਨ ਦੀ ਸਕੀਮ ਤੇ ਕੀ ਸਰਕਾਰ ਵਿਚਾਰ ਕਰੇਗੀ ?

**ਮੁੱਖ ਮੰਤਰੀ :** ਚੇਅਰਮੈਨ ਸਾਹਿਬ, ਉਥੇ 23-24 ਟਿਊਬਵੈਲ ਵਰਕਿੰਗ ਆਰਡਰ ਵਿਚ ਹਨ ਲੇਕਿਨ ਉਹ ਐਸੀ ਥਾਂ ਹੈ ਜਿਥੇ ਬਾਕੀ ਕਾਮਯਾਬ ਨਹੀਂ ਹੋਏ। ਇਸ ਕਾਰਨ ਡੂੰਘੇ ਟਿਊਬਵੈਲ ਲਗਾਏ ਗਏ ਸਨ। ਪਾਣੀ 1 ਕਿਊਸਕ ਤੋਂ ਵੀ ਘੱਟ .0 ਕੁਝ ਤੇ ਆਉਂਦਾ ਹੈ ਜਿਸ ਨਾਲ ਇਰੀਗੇਸ਼ਨ ਨਹੀਂ ਹੋ ਸਕਦੀ। ਇਸ ਲਈ ਸਾਡੀ ਕੋਸ਼ਿਸ਼ ਹੋਵੇਗੀ ਕਿ ਇਸ ਇਲਾਕੇ ਨੂੰ ਲਿਫਟ ਇਰੀਗੇਸ਼ਨ ਦੀ ਸਕੀਮ ਨਾਲ ਪਾਣੀ ਦਿੱਤਾ ਜਾ ਸਕੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਉਹ ਇਲਾਕਾ ਜੋ ਖਾਸ ਕਰਕੇ ਕੰਡੀ ਏਰੀਏ ਦਾ ਇਲਾਕਾ ਹੈ ਉਥੇ ਜਿਹੜੇ ਟਿਊਬਵੈਲ ਲਗਾਏ ਗਏ ਉਨ੍ਹਾਂ ਵਿਚੋਂ 50% ਤੋਂ ਵੱਧ ਟਿਊਬਵੈਲ ਫੇਲ੍ਹ ਹੋ ਗਏ ਹਨ, ਕੀ ਮੁੱਖ ਮੰਤਰੀ ਜੀ ਉਨ੍ਹਾਂ ਦੀ ਇਨਕੁਆਇਰੀ ਕਰਾਉਣਗੇ ?

ਦੂਜਾ ਲਿਫਟ ਇਰੀਗੇਸ਼ਨ ਸਕੀਮ ਬਾਰੇ ਮੁੱਖ ਮੰਤਰੀ ਜੀ ਨੇ ਕਿਹਾ ਹੈ। ਕੀ ਉਹ ਸਕੀਮ ਵਿਚਾਰ ਅਧੀਨ ਹੈ ਅਤੇ ਕਦੋਂ ਤਕ ਉਹ ਸਕੀਮ ਮੁਕੰਮਲ ਹੋ ਜਾਵੇਗੀ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਮੈਂ ਕਿਸੇ ਸਰਕਾਰ ਤੇ ਕਿੰਤੂ ਨਹੀਂ ਕਰਨਾ। ਇਸ ਦੀ ਜ਼ਿਮੇਵਾਰੀ ਸਾਡੇ ਤੇ ਆਉਂਦੀ ਹੈ। ਮੈਂ ਸਿਰਫ ਇਤਨੀ ਹੀ ਅਰਜ਼ ਕਰਾਂਗਾ ਕਿ ਸਾਡੇ ਉਥੇ ਸਾਰੇ ਟਿਊਬਵੈੱਲ ਕਾਮਯਾਬ ਨਹੀਂ ਹੋਏ, ਕੁਝ ਕਾਮਯਾਬ ਹੋਏ ਹਨ। ਸਾਡੀ ਕੋਸ਼ਿਸ਼ ਇਹ ਹੈ ਕਿ ਇਸ ਵਲ ਜਲਦੀ ਤੋਂ ਜਲਦੀ ਧਿਆਨ ਦਿੱਤਾ ਜਾਵੇ ਔਰ ਪਾਣੀ ਦਾ ਪਰਬੰਧ ਕੀਤਾ ਜਾਵੇ। ਕੰਡੀ ਏਰੀਏ ਦੀ ਸਕੀਮ ਬਾਰੇ ਖਾਸ ਕਰਕੇ ਧਿਆਨ ਦਿੱਤਾ ਜਾਵੇਗਾ ਕਿਉਂਕਿ ਇਹ ਇਲਾਕਾ ਬਹੁਤ ਪਛੜਿਆ ਹੋਇਆ ਹੈ ਅਤੇ ਸਬ-ਮਾਊਂਟੇਨੀਅਸ ਇਲਾਕਾ ਹੈ। ਲਿਫਟ ਇਰੀਗੇਸ਼ਨ ਦੀ ਸਕੀਮ ਪਾਣੀ ਦੇਣ ਲਈ ਕੰਡੀ ਏਰੀਏ ਵਿਚ ਲਾਗੂ ਕੀਤੀ ਜਾਵੇਗੀ। (ਥੰਪਿੰਗ)

**ਸਰਦਾਰ ਦਲੀਪ ਸਿੰਘ ਪਾਂਧੀ :** ਮੁੱਖ ਮੰਤਰੀ ਜੀ ਨੇ ਕੰਡੀ ਏਰੀਏ ਦੀ ਗੱਲ ਕੀਤੀ ਹੈ ਕਿ ਉਥੇ ਪਾਣੀ ਦਿੱਤਾ ਜਾਵੇਗਾ ਪਰ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਡੇਰਾ ਬਸੀ ਦੇ ਇਲਾਕੇ ਵਿਚ ਵੀ ਪਾਣੀ ਦਾ ਪ੍ਰਬੰਧ ਕੀਤਾ ਜਾਏਗਾ ਜਿਥੇ ਪਾਣੀ ਦੀ ਬਹੁਤ ਲੋੜ ਹੈ। ਕੀ ਉਥੇ ਸਰਕਾਰ ਟਿਊਬਵੈੱਲ ਲਗਾਉਣ ਦਾ ਪ੍ਰਬੰਧ ਕਰੇਗੀ ?

**ਮੁੱਖ ਮੰਤਰੀ :** ਚੇਅਰਮੈਨ ਸਾਹਿਬ, ਡੇਰਾ ਬਸੀ ਦੇ ਇਲਾਕੇ ਨੂੰ ਪਹਿਲਾਂ ਟੇਕ ਅੱਪ ਕੀਤਾ ਸੀ। ਕੰਡੀ ਏਰੀਏ ਨੂੰ ਪਰਾਇਰਿਟੀ ਦਿੱਤੀ ਜਾਵੇਗੀ ਪਰ ਇਸ ਦਾ ਇਹ ਮਤਲਬ ਨਹੀਂ ਕਿ ਦੂਸਰੇ ਇਲਾਕੇ ਸਖਣੇ ਰਖਣੇ ਹਨ ।

**ਮਾਸਟਰ ਦਲੀਪ ਚੰਦ :** ਮੈਂ, ਚੇਅਰਮੈਨ ਸਾਹਿਬ, ਅਰਜ਼ ਕਰਾਂਗਾ ਕਿ ਬਾਦਲ ਸਾਹਿਬ ਪਿਛੇ ਐਨਾਚੌਰ ਗਏ ਸੀ। ਕੰਡੀ ਏਰੀਏ ਨੂੰ ਖੁਸ਼ ਕਰਨ ਵਾਸਤੇ 6 ਮਹੀਨਿਆਂ ਵਿਚ ਨਹਿਰ ਕੱਢਣ ਦਾ ਐਲਾਨ ਕੀਤਾ ਗਿਆ ਸੀ। ਕੀ ਉਹ ਪਰਪੋਜ਼ਲ ਸਟੈਂਡ ਕਰਦੀ ਹੈ ਜਾਂ ਨਹੀਂ ?

**ਮੁੱਖ ਮੰਤਰੀ :** ਚੇਅਰਮੈਨ ਸਾਹਿਬ, ਮੈਂ ਬਾਰ ਬਾਰ ਰੀਪੀਟ ਨਹੀਂ ਕਰਨਾ ਚਾਹੁੰਦਾ ਕਿ ਪਿਛਲੀ ਸਰਕਾਰ ਨੇ ਕੰਮ ਕੀਤਾ ਹੈ ਜਾਂ ਨਹੀਂ। ਮੈਂ ਇਸ ਤੇ ਬਹਿਸ ਨਹੀਂ ਕਰਦਾ। ਮੈਂ ਸਿਰਫ ਇਤਨਾ ਹੀ ਕਹਿ ਸਕਦਾ ਹਾਂ ਕਿ ਜਲਦੀ ਤੋਂ ਜਲਦੀ ਲਿਫਟ ਇਰੀਗੇਸ਼ਨ ਸਕੀਮ ਰਾਹੀਂ ਤੁਹਾਡੇ ਅਤੇ ਉਸ ਇਲਾਕੇ ਵਿਚ ਜਿਥੇ ਪਾਣੀ ਨਹੀਂ ਜਾਂਦਾ, ਉਥੇ ਪਾਣੀ ਦੇ ਕੇ ਫਸਲ ਨੂੰ ਕਾਬਲੇਕਾਸ਼ਤ ਕੀਤਾ ਜਾਵੇਗਾ ।

(ਇਸ ਸਮੇਂ ਕਾਮਰੇਡ ਰਾਜ ਕੁਮਾਰ ਅਤੇ ਸ੍ਰੀ ਚਮਨ ਲਾਲ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ। ਸ੍ਰੀ ਸਭਾਪਤੀ ਵਲੋਂ ਸ੍ਰੀ ਚਮਨ ਲਾਲ ਨੂੰ ਕਾਲ ਅਪਾਨ ਕੀਤਾ ਗਿਆ) (ਵਿਘਨ) (ਸ਼ੋਰ)

**ਸ੍ਰੀ ਚਮਨ ਲਾਲ :** ਚੇਅਰਮੈਨ ਸਾਹਿਬ, ਮੈਂ ਉਮੀਦ ਰਖਦਾ ਹਾਂ ਕਿ ਤਹਿਸੀਲ ਪਠਾਨਕੋਟ ਦੇ ਇਲਾਕੇ ਵਿਚ ਵੀ ਪਾਣੀ ਦਾ ਪ੍ਰਬੰਧ ਕੀਤਾ ਜਾਵੇਗਾ। ਪਿਛਲੀ ਸਰਕਾਰ ਵੇਲੇ ਇਸ ਸਬੰਧੀ ਮੈਂ ਬੜਾ ਜ਼ੋਰ ਲਾਇਆ ਸੀ। (ਵਿਘਨ) (ਸ਼ੋਰ) ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਥੇ ਵਾਸਤੇ ਪਾਣੀ ਦੇਣ ਦੀ ਕੋਈ ਸਕੀਮ ਬਣੇਗੀ ?

**ਮੁੱਖ ਮੰਤਰੀ :** ਮੈਂਬਰ ਸਾਹਿਬ ਨੇ ਜੋ ਸਵਾਲ ਉਠਾਇਆ ਹੈ, ਉਹ ਹੋਰ ਕਿਸੇ ਹਲਕੇ ਦਾ ਹੈ। ਮੈਂ ਪਹਿਲਾਂ ਹੀ ਅਰਜ਼ ਕੀਤੀ ਸੀ ਕਿ ਉਹ ਪਾਸਾ ਨਜ਼ਰ ਅੰਦਾਜ਼ ਨਹੀਂ ਕਰਨਾ। ਇਹ ਸਵਾਲ ਕੰਡੀ ਦੇ ਏਰੀਏ ਤਕ ਮਹਿਦੂਦ ਸੀ। ਇਸ ਲਈ ਜਵਾਬ ਉਨਾਂ ਹੀ ਮੈਂ ਦਿੱਤਾ ਹੈ। ਇਸ ਨਾਲ ਕੋਈ ਹੋਰ ਚੀਜ਼ ਦੀ ਬੰਦਿਸ਼ ਨਹੀਂ ਹੋ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ** : ਚੇਅਰਮੈਨ ਸਾਹਿਬ, ਹੁਸ਼ਿਆਰਪੁਰ ਦੇ ਜ਼ਿਲ੍ਹੇ ਵਿਚ ਗੜ੍ਹਸ਼ੰਕਰ ਸਬ-ਡਵੀਜ਼ਨ ਵਿਚ ਅਤੇ ਕੰਡੀ ਦੇ ਇਲਾਕੇ ਵਿਚ ਭਠਿਆਲਾ, ਬਾਜ਼ਪੁਰ, ਕਾਂਡਲਾ, ਖੁਰਾਲੀ, ਬਸਤੀਆਂ ਮਹਿਮੂਦ, ਲਹਿਰਾ ਅਤੇ ਧਾਮੀਆਂ ਵਿਖੇ ਪਾਣੀ ਪੀਣ ਵਾਸਤੇ ਪਾਣੀ ਨਹੀਂ ਹੈ। ਪਾਣੀ ਲਈ ਉਥੇ ਦੇ ਲੋਕ ਚਿੱਲਾ ਰਹੇ ਹਨ। ਕੀ ਚੀਫ ਮਨਿਸਟਰ ਸਾਹਿਬ ਦੇ ਖਿਆਲ ਵਿਚ ਇਹ ਗੱਲਾਂ ਹਨ ? ਕੀ ਉਥੇ ਪੀਣ ਦੇ ਪਾਣੀ ਲਈ ਕੋਈ ਪਰਬੰਧ ਕੀਤੇ ਹਨ ਅਤੇ ਜੋ ਉਪਰਾਲੇ ਇਸ ਸਬੰਧੀ ਕੀਤੇ ਗਏ ਹਨ ਉਹ ਇਹ ਦੱਸ ਦੇਣ।

**ਮੁੱਖ ਮੰਤਰੀ** : ਆਨਰੇਬਲ ਮੈਂਬਰ ਸਾਹਿਬ ਮੇਰੇ ਨਾਲ ਇਨਸਾਫ ਕਰਨਗੇ। ਠੀਕ, ਮੁਨਾਸਿਬ ਅਤੇ ਪੂਰਾ ਜਵਾਬ ਦੇਣ ਵਾਸਤੇ ਮੈਨੂੰ ਵਕਤ ਚਾਹੀਦਾ ਹੈ।

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਤਹਿਸੀਲ ਮਲੇਰਕੋਟਲਾ ਵਿਚ ਹਰ ਸਾਲ ਤਿੰਨ ਫੁੱਟ ਪਾਣੀ ਥੱਲੇ ਚਲਾ ਜਾਂਦਾ ਹੈ। 45 ਫੁੱਟ ਡੂੰਘੇ ਟੋਏ ਪੁੱਟਣੇ ਪੈਂਦੇ ਹਨ ਤਾਂ ਕਿਤੇ ਜਾ ਕੇ ਪਾਣੀ ਦਿਖਦਾ ਹੈ। ਇਸ ਤਰ੍ਹਾਂ ਕਰਨ ਨਾਲ ਕਈ ਮੌਤਾਂ ਹੋ ਜਾਂਦੀਆਂ ਹਨ। ਪਾਣੀ ਦੀ ਬਹੁਤ ਕਿਲਤ ਹੈ। ਜੇ ਨਲਕਾ ਲਾਉਣਾ ਹੋਵੇ ਤਾਂ ਡੇਢ ਹਜ਼ਾਰ ਰੁਪਏ ਤੋਂ ਘੱਟ ਨਹੀਂ ਲਗਦਾ ਹੈ। ਕੀ ਇਨ੍ਹਾਂ ਚੀਜ਼ਾਂ ਨੂੰ ਗਹੁ ਵਿਚ ਰਖਦੇ ਹੋਏ ਕੋਈ ਉਚੇਚਾ ਧਿਆਨ ਦਿੰਦੇ ਹੋਏ ਇਨ੍ਹਾਂ ਗਰੀਬ ਲੋਕਾਂ ਲਈ ਪੀਣ ਦੇ ਪਾਣੀ ਦਾ ਪਰਬੰਧ ਕੀਤਾ ਜਾਏਗਾ ਅਤੇ ਕਿਸਾਨਾਂ ਵਾਸਤੇ ਕੋਈ ਨਹਿਰ ਦਾ ਇੰਤਜ਼ਾਮ ਕਰਕੇ ਪਾਣੀ ਦਾ ਪਰਬੰਧ ਕੀਤਾ ਜਾਏਗਾ ?

**ਮੁੱਖ ਮੰਤਰੀ** : ਮੈਂਬਰ ਸਾਹਿਬ ਨੇ ਜੋ ਕੁਝ ਮੇਰੇ ਨੋਟਿਸ ਵਿਚ ਲਿਆਂਦਾ ਹੈ, ਇਸ ਤੇ ਵਿਚਾਰ ਗੋਚਰ ਜ਼ਰੂਰ ਹੋਏਗਾ।

---

### Starred Question No. *4

**Mr. Chairman** : Extension has been asked for in respect of Starred Question No. 4.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਇਹ ਸਿਹਤ ਬਾਰੇ ਛੋਟਾ ਜਿਹਾ ਸਵਾਲ ਸੀ ਅਤੇ ਇਸ ਦਾ ਜਵਾਬ ਆ ਜਾਣਾ ਚਾਹੀਦਾ ਸੀ। (ਵਿਘਨ)

---

### Agitation launched by the Teachers of Private Colleges of Punjab in support of their demands

*5. (1) **Comrade Sohan Singh**
(2) **Comrade Raj Kumar** } : Will the Minister for Education be pleased to state:—

(a) whether the teachers of private colleges of Punjab launched any agitation in support of their demands during the recent past ; if so, the details of the demands ;

(b) whether any action is being taken by the Government to accept the demands of the teachers in order to check the recurrence of their agitation ; if so, the details thereof ?

---

*For starred Question No. 4 and reply thereto, please see Punjab Vidhan Sabha Debate dated 15th July, 1980.

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ ਅਜਨਾਲਾ** (ੳ) ਹਾਂ ਜੀ, ਉਨ੍ਹਾਂ ਨੇ ਯੂਨੀਵਰਸਿਟੀ ਪ੍ਰੀਖਿਆਵਾਂ ਲਏ ਜ਼ਾਣ ਵਿਚ ਹਿੱਸਾ ਪਾਉਣ ਦਾ ਬਾਈਕਾਟ ਕੀਤਾ। ਉਨ੍ਹਾਂ ਦੀਆਂ ਮੰਗਾਂ ਨਿਮਨ ਅਨੁਸਾਰ ਹਨ:—

1. ਲਾਇਬ੍ਰੇਰੀਅਨਾਂ ਅਤੇ ਡੀ.ਪੀ.ਈ. ਵਾਸਤੇ ਮਿਤੀ 1 ਜਨਵਰੀ, 1973 ਤੋਂ 700—1600 ਦਾ ਲੈਕਚਰਾਰ ਗ੍ਰੇਡ;
2. ਕਾਲਜ ਅਧਿਆਪਕਾਂ ਨੂੰ ਮਕਾਨ ਕਿਰਾਇਆ ਭੱਤਾ, ਮੈਡੀਕਲ ਭਤੇ, ਗ੍ਰੈਚੁਇਟੀ, ਨਗਰ ਮੁਆਵਜ਼ਾ, ਭੱਤੇ, ਸਰਹੱਦੀ ਇਲਾਕਾ ਭੱਤੇ ਅਤੇ ਪਹਾੜੀ ਇਲਾਕਾ ਭਤੇ ਦੀ ਅਦਾਇਗੀ;
3. ਕੁਲ ਤਨਖਾਹ ਦੇ ਹਿਸਾਬ ਨਾਲ ਪ੍ਰਾਵੀਡੈਂਟ ਫਡ ਦੀ ਕਟੌਤੀ;
4. 1 ਅਗਸਤ, 1979 ਅਤੇ 1 ਨਵੰਬਰ, 1979 ਤੋਂ ਵਾਧੂ ਮਹਿੰਗਾਈ ਭਤੇ ਦੀਆਂ ਕਿਸ਼ਤਾਂ ਦੇਣਾ;
5. 45 ਰੁਪਏ ਮਹਾਵਾਰ (ਤਨਖਾਹ ਭਾਗ) ਮਾਸਕ ਦੀ ਵਧੀਕ ਮਹਿੰਗਾਈ ਭਤੇ ਵਿਚੋਂ ਕਟੌਤੀ ਬੰਦ ਕਰਨਾ;
6. ਸੇਵਾ ਦੀ ਸੁਰੱਖਿਆ ਐਕਟ ਵਿਚ ਤਰਮੀਮ;
7. ਗ੍ਰਾਂਟਾਂ ਲਗਾਤਾਰ ਦੇਣਾ ਅਤੇ ਤਨਖਾਹ ਸਕੇਲਾਂ ਵਿਚ ਤਰੁੱਟੀਆਂ ਦੂਰ ਕਰਨਾ;
8. ਯੂਨੀਵਰਸਿਟੀ ਐਕਟਾਂ ਦੀ ਤਰਮੀਮ; ਅਤੇ
9. ਸਾਰੀਆਂ ਨਿਯੁਕਤੀਆਂ ਨੂੰ ਨਿਯਮਤ ਕਰਨਾ।

(ਅ) ਅਧਿਆਪਕਾਂ ਦੀਆਂ ਮੰਗਾਂ ਸਬੰਧੀ ਮਾਮਲੇ ਉਤੇ ਸਰਕਾਰ ਵਿਚਾਰ ਕਰ ਰਹੀ ਹੈ। ਉਨ੍ਹਾਂ ਦੀਆਂ ਜਾਇਜ਼ ਮੰਗਾਂ ਬਾਰੇ ਰਾਜ ਦੇ ਸਾਧਨਾਂ ਨੂੰ ਧਿਆਨ ਵਿਚ ਰੱਖਦੇ ਹੋਏ ਹਮਦਰਦੀ ਪੂਰਵਕ ਵਿਚਾਰ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਅਧਿਆਪਕਾਂ ਦੀਆਂ ਮੰਗਾਂ ਦੇ ਸਬੰਧ ਵਿਚ ਵੱਖ ਵੱਖ ਪੱਧਰਾਂ ਤੇ ਕਈ ਬੈਠਕਾਂ ਵਿਚ ਵਿਚਾਰ ਕੀਤਾ ਗਿਆ। ਕੁਝ ਇਕ ਮੰਗਾਂ ਸਿਧਾਂਤ ਰੂਪ ਵਿਚ ਪਰਵਾਨ ਕਰ ਲਈਆਂ ਗਈਆਂ ਹਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਮੰਗ-ਵਾਰ ਮੌਜੂਦਾ ਸਥਿਤੀ ਦਾ ਵੇਰਵਾ ਥੱਲੇ ਦਿੱਤਾ ਜਾਂਦਾ ਹੈ:—

1. ਇਹ ਮੰਗ ਯੂ.ਜੀ.ਸੀ. ਅਤੇ ਰਾਜ ਤਨਖਾਹ ਕਮਿਸ਼ਨ ਰਿਪੋਰਟ ਦੀ ਇਸ ਵਰਗ ਨਾਲ ਸਬੰਧਤ ਤਨਖਾਹ ਸਕੇਲਾਂ ਦੇ ਸੋਧ ਨਾਲ ਸਬੰਧਤ ਹੈ।
2. ਮਕਾਨ ਕਿਰਾਇਆ ਭੱਤੇ, ਮੈਡੀਕਲ ਭੱਤੇ, ਗਰੈਚੂਅਟੀ, ਸੀ.ਸੀ.ਏ. ਸਰਹੱਦੀ ਇਲਾਕਾ ਭੱਤੇ, ਪਹਾੜੀ ਇਲਾਕਾ ਭੱਤੇ ਆਦਿ ਸਬੰਧੀ ਮੰਗਾਂ ਉਤੇ ਬਹੁਤ ਜ਼ਿਆਦਾ ਰਕਮ ਖਰਚ ਹੋਵੇਗੀ। ਪ੍ਰਾਈਵੇਟ ਸਕੂਲਾਂ, ਕਾਲਜਾਂ ਅਤੇ ਹੋਰ ਸੰਸਥਾਵਾਂ ਦੇ ਕਰਮਚਾਰੀਆਂ ਨੂੰ ਮਕਾਨ ਕਿਰਾਇਆ ਭੱਤਾ, ਮੈਡੀਕਲ ਪ੍ਰਤੀਪੂਰਤੀ ਅਤੇ ਹੋਰ ਛੋਟੇ ਮੋਟੇ ਲਾਭਾਂ ਦੇ ਸਬੰਧ ਵਿਚ ਸਰਕਾਰੀ ਕਰਮਚਾਰੀਆਂ ਦੇ ਬਰਾਬਰ ਲਿਆਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਬਾਰੇ ਕੇਵਲ ਇਸ ਪਰਸੰਗ ਵਿਚ ਹੀ ਵਿਚਾਰਿਆ ਜਾ ਸਕਦਾ ਹੈ।
3. ਇਸ ਮਾਮਲੇ ਉਤੇ ਤਨਖਾਹ ਕਮਿਸ਼ਨ ਦੀ ਰਿਪੋਰਟ ਦੀ ਰੋਸ਼ਨੀ ਵਿਚ ਵਿਚਾਰ ਕੀਤਾ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

4. 1 ਦਸੰਬਰ, 1978 ਤੋਂ ਬਣਦੀ ਕਿਸ਼ਤ ਦਿੱਤੀ ਜਾ ਚੁੱਕੀ ਹੈ ਜਦ ਕਿ 1 ਅਗਸਤ 1979 ਅਤੇ 1 ਨਵੰਬਰ, 1979 ਤੋਂ ਬਣਦੀਆਂ ਕਿਸ਼ਤਾਂ ਸਬੰਧੀ ਮਾਮਲਾ ਸਰਗਰਮ ਵਿਚਾਰ ਅਧੀਨ ਹੈ।

5. ਇਹ ਮਾਮਲਾ ਸਰਕਾਰੀ ਕਾਲਜ ਲੈਕਚਰਾਰਾਂ ਦੇ ਕੇਸ ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਨੂੰ ਵੀ ਇਹ ਲਾਭ ਅਜੇ ਤਕ ਨਹੀਂ ਦਿੱਤੇ ਗਏ ਹਨ।

6. ਸੇਵਾ ਸੁਰੱਖਿਆ ਐਕਟ ਵਿਚ ਖਰੜਾ ਤਰਮੀਮਾਂ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਹੈ।

7. ਕਾਲਜਾਂ ਵਲੋਂ ਸਟੇਟਮੈਂਟਾਂ ਭੇਜੇ ਜਾਣ ਤੇ ਇਹ ਗ੍ਰਾਂਟਾਂ ਬਕਾਇਦਾ ਤੌਰ ਤੇ ਜਾਰੀ ਕੀਤੀਆਂ ਜਾ ਰਹੀਆਂ ਹਨ।

8. ਇਸ ਸਬੰਧ ਵਿਚ ਸਰਗਰਮੀ ਨਾਲ ਵਿਚਾਰ ਕੀਤਾ ਜਾ ਰਿਹਾ ਹੈ।

9. ਬਹੁਤ ਸਾਰੇ ਮਾਮਲਿਆਂ ਵਿਚ ਨਿਯੁਕਤੀਆਂ ਨੂੰ ਨਿਯਮਤ ਬਣਾ ਦਿੱਤਾ ਗਿਆ ਹੈ ਕੇਵਲ ਕੁਝ ਇਕ ਵਰਗਾਂ ਸਬੰਧੀ ਫੈਸਲਾ ਹੋਣਾ ਰਹਿੰਦਾ ਹੈ।

**ਸ੍ਰੀ ਸਭਾਪਤੀ**: ਮੇਰਾ ਸੁਝਾਓ ਹੈ ਕਿ ਜਿਸ ਸਵਾਲ ਦਾ ਲੰਬਾ ਜਵਾਬ ਹੋਵੇ ਉਹ ਹਾਊਸ ਦੀ ਟੇਬਲ ਤੇ ਰੱਖ ਦੇਣਾ ਚਾਹੀਦਾ ਹੈ।

**ਕਾਮਰੇਡ ਰਾਜ ਕੁਮਾਰ**: ਚੇਅਰਮੈਨ ਸਾਹਿਬ, ਸਵਾਲ ਛੋਟਾ ਸੀ ਪਰ ਜਵਾਬ ਕਾਫੀ ਲੰਬਾ ਹੈ। (ਵਿਘਨ) ਇਸ ਸਵਾਲ ਦੇ ਪਾਰਟ (ਬੀ) ਵਿਚ ਇਹ ਪੁੱਛਿਆ ਗਿਆ;

"Whether any atcion is being taken by the Government to accept the demands of the teachers in order to check the recurrence of their agitation, if so, the details thereof?"

ਇਸ ਸਬੰਧੀ ਜੋ ਜਵਾਬ ਮੰਤਰੀ ਜੀ ਨੇ ਪੜ੍ਹਿਆ ਹੈ, ਉਹ ਮੈਂ ਸੁਣਿਆ ਹੈ ਔਰ ਸੁਣਨ ਤੋਂ ਬਾਅਦ ਮੈਨੂੰ ਇਹ ਨਜ਼ਰ ਨਹੀਂ ਆਇਆ ਕਿ ਇਨ੍ਹਾਂ ਨੇ ਇਸ ਗੱਲ ਦਾ ਕੀ ਉਪਰਾਲਾ ਕੀਤਾ ਕਿ ਇਸ ਸਵਾਲ ਦੇ ਉਠਣ ਤੋਂ ਬਾਅਦ ਜਿਹੜੀ ਐਜੀਟੇਸ਼ਨ ਚਲ ਰਹੀ ਹੈ ਉਹ ਰੀਅਕਰ ਨਹੀਂ ਕਰੇਗੀ। ਇਕ ਮਜ਼ੀਅਹ ਪ੍ਰੋਪੋਜ਼ ਹੋਇਆ ਸੀ, ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਲਈ ਸਿਕਿਊਰਿਟੀ ਆਫ ਸਰਵਿਸ ਔਰ ਉਨ੍ਹਾਂ ਦੇ ਸਰਵਿਸ ਰੂਲਜ਼ ਬਾਰੇ ਇੱਕ ਡਰਾਫਟ ਬਿਲ ਸੀ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਬਿਲ ਦੇ ਬਾਰੇ ਮੌਜੂਦਾ ਸਰਕਾਰ ਕੀ ਸੋਚ ਰਹੀ ਹੈ? ਕੀ ਉਹ ਬਿਲ ਇਸ ਚਾਲੂ ਸੈਸ਼ਨ ਦੇ ਦੌਰਾਨ ਲਿਆਉਣਗੇ ਜਿਹੜਾ ਕਿ ਇੱਕ ਕਾਰਣ ਹੈ ਇਸ ਐਜੀਟੇਸ਼ਨ ਦਾ ਉਠਣਾ ?

**ਮੰਤਰੀ**: ਜੋ ਕੁਝ ਇਨ੍ਹਾਂ ਨੇ ਕਿਹਾ ਹੈ, ਉਸ ਦਾ ਵੇਰਵਾ ਮੈਂ ਦੱਸ ਦਿਤਾ ਹੈ ਇਹ ਸਾਰਾ ਕੁਝ ਵਿਚਾਰ ਅਧੀਨ ਹੈ। ਇਨ੍ਹਾਂ ਲਈ ਫਾਈਨੈਂਸ਼ੀਅਲ ਐਸਪੈਕਟ ਵੀ ਦੇਖਣਾ ਹੈ ਅਤੇ ਉਸ ਲਈ ਰਿਸੋਰਸਿਜ਼ ਵੀ ਦੇਖਣੇ ਹਨ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਮੁੱਖ ਰੱਖਦੇ ਹੋਏ ਇਸ ਤੇ ਵਿਚਾਰ ਕਰਨਾ ਹੈ ਕਿ ਕਿਹੜੀ ਕਿਹੜੀ ਚੀਜ਼ ਅਸੀਂ ਦੇ ਸਕਦੇ ਹਾਂ। ਇਨ੍ਹਾਂ ਸਾਰੀਆਂ ਮੰਗਾਂ ਉਤੇ ਵੇਰਵੇ ਸਹਿਤ ਵਿਚਾਰ ਚਲ ਰਿਹਾ ਹੈ। (ਵਿਘਨ) ਜਿੱਥੋਂ ਤੱਕ ਸਵਾਲ ਦੇ ਪਾਰਟ 'ਬੀ' ਦਾ ਤੁਅੱਲਕ ਹੈ, ਉਸ ਲਈ ਸੋਧ ਦਾ ਖਰੜਾ ਤਿਆਰ ਹੋ ਰਿਹਾ ਹੈ। ਉਸ ਉਤੇ ਵਿਚਾਰ ਕਰ ਰਹੇ ਹਾਂ। ਉਸ ਦੇ ਨਾਲ ਹੀ ਮੈਨੇਜਮੈਂਟ ਨੂੰ ਵੀ ਰਾਈਟ ਹੈ। ਟੀਚਰਜ਼ ਆਪਣਾ ਹੱਕ ਮੰਗਦੇ ਹਨ ਪਰ ਨਾਲ ਹੀ ਮੈਨੇਜਮੈਂਟ ਦਾ ਵੀ ਹੱਕ ਹੈ ਕਿਉਂਕਿ ਉਨ੍ਹਾਂ ਨੇ ਕਾਲਜਾਂ ਅਤੇ ਸਕੂਲਾਂ ਵਿਚ ਡਿਸਿਪਲਿਨ ਕਾਇਮ ਰੱਖਣਾ ਹੁੰਦਾ ਹੈ। ਇਸ ਲਈ ਇਨ੍ਹਾਂ ਦੋਨਾਂ ਆਸਪੈਕਟਸ ਨੂੰ ਸਾਹਮਣੇ ਰੱਖਕੇ ਖਰੜਾ ਤਿਆਰ ਹੋ ਜਾਵੇਗਾ ਅਤੇ ਇਹ ਹਾਊਸ ਦੇ ਸਾਹਮਣੇ ਰੱਖਿਆ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ :** ਮਨਿਸ਼ਟਰ ਸਾਹਿਬ ਨੇ ਦਸਿਆ ਹੈ ਕਿ ਇਸ ਸਵਾਲ ਦੇ ਪਾਰਟ 'ਬੀ' ਦੇ ਸਿਲਸਿਲੇ ਵਿਚ ਕਾਫੀ ਵੇਰਵੇ ਨਾਲ ਜਵਾਬ ਦਿੱਤਾ ਗਿਆ ਹੈ। ਉਨ੍ਹਾਂ ਨੇ ਬੜੀ ਕਰੂਸ਼ਿਅਲ ਗੱਲ ਕੀਤੀ ਕਿ ਇਨ ਪ੍ਰਿੰਸੀਪਲ ਐਕਸੈਪਟ ਕਰ ਰਹੇ ਹਾਂ ਤੇ ਇਨ ਪ੍ਰਿੰਸੀਪਲ ਬੜੀ ਦੇਰ ਤੋਂ ਐਕਸੈਪਟਿਡ ਹਨ। ਸਵਾਲ ਇਹ ਹੈ ਕਿ ਇਸ ਦੀ ਫੀਜ਼ੇਬਲ ਐਕਸੈਪਟੈਂਸ ਆਇਆ ਇਹ ਕਰਨਗੇ ਵੀ ਜਾਂ ਨਹੀਂ ? ਕੀ ਇਹ ਕੰਮ ਚਾਲੂ ਸੈਸ਼ਨ ਦੇ ਦੌਰਾਨ ਹੋ ਜਾਵੇਗਾ ? ਇਸ ਬਾਰੇ ਇਨ੍ਹਾਂ ਨੂੰ ਜਵਾਬ ਦੇਣਾ ਚਾਹੀਦਾ ਹੈ। ਕੀ ਇਸ ਚਾਲੂ ਸੈਸ਼ਨ ਵਿਚ ਇਸ ਬਿਲ ਦੀ ਇਨਫਾਰਮਲ ਪਰੀਜ਼ੈਂਟੇਸ਼ਨ ਕਰ ਦਿੱਤੀ ਜਾਵੇਗੀ ?

**ਸ੍ਰੀ ਸਭਾਪਤੀ :** ਉਨ੍ਹਾਂ ਨੇ ਜੋ ਜਵਾਬ ਦੇਣਾ ਸੀ ਉਹ ਦੇ ਦਿੱਤਾ ਹੈ, ਬਾਕੀ ਮੈਂ ਉਨ੍ਹਾਂ ਨੂੰ ਕੰਪੈਲ ਨਹੀਂ ਕਰ ਸਕਦਾ ।

**ਸ੍ਰੀ ਗੁਰਦਿਆਲ ਸੈਣੀ :** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਟੀਚਰਜ਼ ਦੀਆਂ ਡਿਮਾਂਡਜ਼ ਹਨ ਉਹ ਬੜੀਆਂ ਜਾਇਜ਼ ਹਨ ਲੇਕਿਨ ਸਕੂਲਾਂ ਅਤੇ ਕਾਲਜਾਂ ਵਿਚ ਜਿਹੜਾ ਨਾਨ ਟੀਚਿੰਗ ਸਟਾਫ ਹੈ ਉਨ੍ਹਾਂ ਦੀਆਂ ਡੀਮਾਂਡਜ਼ ਸਰਕਾਰ ਕੋਲ ਆਈਆਂ ਹਨ ਅਤੇ ਉਨ੍ਹਾਂ ਬਾਰੇ ਸਰਕਾਰ ਕੀ ਵਿਚਾਰ ਕਰ ਰਹੀ ਹੈ ?

ਮੰਤਰੀ : ਇਸ ਲਈ ਤੁਸੀਂ ਨਵਾਂ ਨੋਟਿਸ ਦੇ ਦਿਓ, ਮੈਂ ਦੱਸ ਦਿਆਂਗਾ।

**ਸਰਦਾਰ ਸੁਖਜਿੰਦਰ ਸਿੰਘ ਖੇਰਾ :** ਚੇਅਰਮੈਨ ਸਾਹਿਬ, ਆਨਰੇਬਲ ਮਨਿਸਟਰ ਸਾਹਿਬ ਨੇ ਬੜਾ ਲੰਬਾ ਚੌੜਾ ਸਵਾਲ ਦਾ ਜਵਾਬ ਦਿੱਤਾ ਹੈ। ਉਨ੍ਹਾਂ ਨੇ ਦਸਿਆ ਹੈ ਕਿ ਦੋ ਗੱਲਾਂ ਤੋਂ ਸਵਾਏ ਬਾਕੀ ਸਾਰੀਆਂ ਵਿਚ ਫਾਈਨੈਂਸ਼ਲ ਆਸਪੈਕਟ ਇਨਵਾਲਵਡ ਹਨ। (ਵਿਘਨ) ਜਿਨ੍ਹਾਂ ਵਿਚ ਫਾਈ-ਨੈਂਸ਼ਲ ਆਸਪੈਕਟ ਇਨਵਾਲਵਡ ਨਹੀਂ ਹਨ ਜਿਵੇਂ ਕਿ ਟਰਾਂਸਫਰ ਪਾਲਿਸੀ ਨਿਯਮਤ ਕੀਤੀ ਹੈ ਕੀ ਉਸ ਦੀ ਪ੍ਰਵਾਨਗੀ ਦੇ ਦੇਣਗੇ ਜਾਂ ਨਹੀਂ ? (ਵਿਘਨ)

**ਸ੍ਰੀ ਸਭਾਪਤੀ :** ਤੁਸੀਂ ਸਵਾਲ ਛੋਟਾ ਕਰੋ।

**ਸਰਦਾਰ ਸੁਖਜਿੰਦਰ ਸਿੰਘ ਖੇਰਾ :** ਜੇ ਸਰਕਾਰ ਦੇ ਖਜ਼ਾਨੇ ਵਿਚ ਪੈਸਾ ਹੈ ਤਾਂ ਕੀ ਇਹ ਉਨ੍ਹਾਂ ਮੰਗਾਂ ਨੂੰ ਪ੍ਰਵਾਨ ਕਰਨ ਵਾਸਤੇ ਹਾਊਸ ਨੂੰ ਯਕੀਨ ਦਿਵਾਉਣਗੇ ?

**ਮੰਤਰੀ :** ਦੋ ਮੰਗਾਂ ਤੋਂ ਸਿਵਾਏ ਬਾਕੀ ਮੰਗਾਂ ਵਿਚ ਫਾਈਨੈਂਸ਼ਲ ਆਸਪੈਕਟ ਇਨਵਾਲਵਡ ਹੈ। (ਵਿਘਨ) ਟਰਾਂਸਫਰਜ਼ ਦਾ ਕੋਈ ਮਸਲਾ ਨਹੀਂ ਹੈ। ਜੇ ਇਨ੍ਹਾਂ ਨੇ ਕੋਈ ਹੋਰ ਸਵਾਲ ਕਰਨਾ ਹੈ ਤਾਂ ਕਰ ਦੇਣ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਵੇਲੇ ਯੂਨੀਵਰਸਿਟੀ ਐਕਟ ਬਣੇ। (ਵਿਘਨ) ਪਹਿਲਾਂ 1969 ਵਿਚ ਅਤੇ ਫੇਰ 1971 ਵਿਚ ਪੰਜਾਬ ਵਿਚ ਯੂਨੀਵਰਸਿਟੀਆਂ ਐਸਟੈਬਲਿਸ਼ ਹੋਈਆਂ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਗਲ ਦੀ ਪੜਚੋਲ ਕਰਨਗੇ ਕਿ ਇਨ੍ਹਾਂ ਯੂਨੀਵਰਸਿਟੀਆਂ ਵਿਚ ਡੈਮੋਕਰੇਟਿਕ ਢੰਗ ਨਾਲ ਚੋਣ ਕਿਉਂ ਨਹੀਂ ਕਰਵਾਈ ਗਈ ? (ਵਿਘਨ) ਇਸ ਤਰ੍ਹਾਂ ਇਸ ਕਰਕੇ ਨਹੀਂ ਕੀਤਾ ਗਿਆ ਕਿਉਂਕਿ ਇਨ੍ਹਾਂ (ਆਪੋਜੀਸ਼ਨ ਵੱਲ ਇਸ਼ਾਰਾ) ਦਾ ਲੋਕ ਰਾਜ ਵਿਚ ਵਿਸ਼ਵਾਸ ਨਹੀਂ। (ਵਿਘਨ) ਕੀ ਨਵੀਂ ਸਰਕਾਰ ਇਸ ਐਕਟ ਨੂੰ ਅਮੈਂਡ ਕਰੇਗੀ ਅਤੇ ਟੀਚਰਜ਼ ਦੇ ਨੁਮਾਇੰਦੇ ਉਥੇ ਭੇਜੇਗੀ ਜਾਂ ਕਿ ਸਾਰੀ ਉਮਰ ਨਾਮੀਨੇਸ਼ਨ ਹੀ ਚੱਲਦੀ ਰਹੇਗੀ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ :** ਤੁਸੀਂ ਆਰਾਮ ਨਾਲ ਅਤੇ ਛੋਟਾ ਸਵਾਲ ਕਰੋ ਉਸੇ ਹਿਸਾਬ ਨਾਲ ਹੀ ਜਵਾਬ ਆਵੇਗਾ। ਵਿਘਨ ਨਾ ਪਾਇਆ ਜਾਵੇ।

**ਮੰਤਰੀ :** ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦਾ ਵਿਚਾਰ ਹੈ ਕਿ ਪਹਿਲੀ ਸਰਕਾਰ ਦੇ ਜਿਹੜੇ ਚੰਗੇ ਕੰਮ ਹੋਣਗੇ ਉਨ੍ਹਾਂ ਦੀ ਸ਼ਲਾਘਾ ਵੀ ਕੀਤੀ ਜਾਵੇਗੀ ਅਤੇ ਜੋ ਮਾੜੇ ਕੰਮ ਕੀਤੇ ਹੋਣਗੇ ਉਨ੍ਹਾਂ ਦੀ ਪੜਚੋਲ ਜ਼ਰੂਰ ਕੀਤੀ ਜਾਵੇਗੀ। (ਤਾੜੀਆਂ)

**ਸਰਦਾਰ ਸੁਖਦੇਵ ਸਿੰਘ ਢੀਂਡਸਾ :** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਯੂਨੀਵਰਸਿਟੀ ਐਕਟ ਦੇ ਵਿਚ ਜਿਹੜੀ ਅਮੈਂਡਮੈਂਟ ਹੋਈ ਸੀ ਉਹ ਐਮਰਜੈਂਸੀ ਦੇ ਦੌਰਾਨ ਹੋਈ ਸੀ। ਉਹ ਕਿਸ ਦੀ ਸਰਕਾਰ ਨੇ ਕੀਤੀ ਸੀ? ਦੂਜੀ ਗਲ ਇਹ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਕੁਝ ਐਸੀਆਂ ਮੰਗਾਂ ਹਨ ਜਿਹੜੀਆਂ ਪੇ ਕਮਿਸ਼ਨ ਦੀ ਰਿਪੋਰਟ ਨਾਲ ਸਬੰਧ ਰੱਖਦੀਆਂ ਹਨ। (ਵਿਘਨ) ਪੇ ਕਮਿਸ਼ਨ ਦੀ ਰਿਪੋਰਟ ਬਾਕੀ ਮੁਲਾਜ਼ਮਾਂ ਤੇ ਪੰਜਾਬ ਵਿਚ ਲਾਗੂ ਹੋ ਚੁੱਕੀ ਹੈ ਪਰ ਪ੍ਰਾਈਵੇਟ ਕਾਲਜਾਂ ਦੇ ਲੈਕਚਰਾਰਾਂ ਤੇ ਲਾਗੂ ਨਹੀਂ ਹੋਈ। ਇਸ ਬਾਰੇ ਵਜ਼ੀਰ ਸਾਹਿਬ ਜਵਾਬ ਦੇਣ। ਤੀਜੀ ਗੱਲ ਇਹ ਕਿ ਇਨ੍ਹਾਂ ਨੇ ਕਿਹਾ ਹੈ ਕਿ ਖਰੜਾ ਤਿਆਰ ਹੋ ਚੱਕਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਵਿਦਿਆ ਮੰਤਰੀ ਨੇ ਜਿਹੜੇ ਜਵਾਬ ਦਿਤੇ ਹਨ, ਉਹ ਸਾਰੇ ਅਕਾਲੀ ਸਰਕਾਰ ਦੇ ਵੇਲੇ ਦੇ ਹਨ। ਇਹ ਸਾਰਾ ਕੁਝ ਸਾਡਾ ਤਿਆਰ ਕੀਤਾ ਹੋਇਆ ਹੈ/ਸੀ ਪਰ ਉਸ ਨੂੰ ਲਿਆਉਣ ਵਿਚ ਇਹ ਟਾਲ ਮਟੋਲ ਕਰ ਰਹੇ ਹਨ। ਇਸ ਲਈ ਕੀ ਇਹ ਐਸ਼ੋਰੈਂਸ ਦੇਣਗੇ ਕਿ ਸਿਕਿਉਰਿਟੀ ਆਫ ਸਰਵਿਸ ਦੀ ਅਮੈਂਡਮੈਂਟ ਇਸੇ ਸੈਸ਼ਨ ਵਿਚ ਆ ਜਾਵੇਗੀ?

**ਮੰਤਰੀ :** ਮੈਨੂੰ ਅਫਸੋਸ ਹੈ ਕਿ ਢੀਂਡਸਾ ਜੀ ਕੋਲ ਇਹ ਮਹਿਕਮਾ ਰਿਹਾ ਹੈ। (ਵਿਘਨ) ਸਵਾਲ ਤਾਂ ਡੀ. ਪੀ. ਈ. ਅਤੇ ਲਾਇਬਰੇਰੀਅਨਜ਼ ਦਾ ਸੀ, ਪਰ ਇਹ ਲੈਕਚਰਾਰਜ਼ ਦੇ ਗਰੇਡਾਂ ਬਾਰੇ ਸਵਾਲ ਕਰ ਰਹੇ ਹਨ।

**ਪ੍ਰੋਫੈਸਰ ਬਲਵੰਤ ਸਿੰਘ :** ਮੈਂ ਤੁਹਾਡੇ ਰਾਹੀਂ ਸਬੰਧਤ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਉਨ੍ਹਾਂ ਨੇ ਕਿਹਾ ਹੈ ਕਿ ਸੁਰੱਖਿਆ ਸਰਵਿਸ ਬਿਲ ਲਿਆਉਣ ਵਿਚ ਕੁਝ ਫਾਈਨੈਂਸ਼ਲ ਇੰਪਲੀਕੇਸ਼ਨਜ਼ ਹਨ, ਉਹ ਕਿਹੜੀਆਂ ਇੰਪਲੀਕੇਸ਼ਨਜ਼ ਹਨ, ਉਸ ਬਾਰੇ ਰੌਸ਼ਨੀ ਪਾਈ ਜਾਵੇ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਟੀਚਰਜ਼ ਦੇ ਨੁਮਾਇੰਦੇ ਲਏ ਜਾਂਦੇ ਹਨ, ਕੀ ਉਥੇ ਵਿਦਿਆਰਥੀਆਂ ਦੇ ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣਗੇ ਤਾਂਕਿ ਉਨ੍ਹਾਂ ਨੂੰ ਵੀ ਉਨ੍ਹਾਂ ਦਾ ਹੱਕ ਹਾਸਲ ਹੋਵੇ?

**ਮੰਤਰੀ :** ਇਹ ਤਾਂ ਕੋਈ ਸਪਲੀਮੈਂਟਰੀ ਨਹੀਂ ਹੈ ਇਹ ਤਾਂ ਭਾਸ਼ਣ ਹੈ।

**ਸ੍ਰੀ ਰਾਮ ਲਾਲ ਚਿੱਟੀ :** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਟੀਚਰਾਂ ਨੇ ਆਪਣੀਆਂ ਮੰਗਾਂ ਮੰਨਵਾਉਣ ਲਈ ਜਦੋਂ ਐਜੀਟੇਸ਼ਨ ਕੀਤੀ ਸੀ ਤਾਂ ਪਹਿਲੀ ਸਰਕਾਰ ਨੇ ਉਨ੍ਹਾਂ ਦੀਆਂ ਇਨਕਰੀਮੈਂਟਸ ਸਟਾਪ ਕਰ ਦਿੱਤੀਆਂ ਸਨ। ਕੀ ਹੁਣ ਦੀ ਸਰਕਾਰ ਉਨ੍ਹਾਂ ਦੇ ਕੇਸਾਂ ਤੇ ਗੌਰ ਕਰੇਗੀ?

**ਮੰਤਰੀ :** ਜ਼ਰੂਰ ਕੀਤਾ ਜਾਵੇਗਾ।

---

Original with;
Punjab Vidhan Sabha
Digitized by;
Panjab Digital Library

## ਸਕੂਲ ਪਾਠ ਪੁਸਤਕਾਂ ਦੀ ਕਮੀ

*14. **ਮਾਸਟਰ ਬਾਬੂ ਸਿੰਘ**: ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਪੰਜਾਬ ਸਕੂਲ ਸਿਖਿਆ ਬੋਰਡ ਦੁਆਰਾ ਪ੍ਰਕਾਸ਼ਤ ਕੀਤੀਆਂ ਪਾਠ ਪੁਸਤਕਾਂ ਦੀ ਭਾਰੀ ਕਮੀ ਦਾ ਪਤਾ ਹੈ; ਜੇਕਰ ਪਤਾ ਹੈ ਤਾਂ ਇਸ ਕਮੀ ਨੂੰ ਦੂਰ ਕਰਨ ਲਈ ਕੀ ਕਾਰਵਾਈ ਕੀਤੀ ਗਈ ?

**ਸਰਦਾਰ ਹਰਚਰਨ ਸਿੰਘ ਅਜਨਾਲਾ** : ਜੀ ਹਾਂ।

ਇਸ ਵੇਲੇ ਸੱਸਤੀ ਦਰ ਤੇ ਭਾਰਤ ਸਰਕਾਰ ਵਲੋਂ ਕਾਗਜ਼ ਨਾ ਮਿਲਣ ਕਰਕੇ 35 ਪੁਸਤਕਾਂ ਦੀ ਘਾਟ ਹੈ। 13 ਪੁਸਤਕਾਂ, ਜ਼ਿਆਦਾ ਗਿਣਤੀ ਵਿਚ ਛੱਪਣ ਵਾਲੀਆਂ ਕਿਤਾਬਾਂ ਦੀ ਗਿਣਤੀ ਨੂੰ ਘਟਾਕੇ ਛਾਪੀਆਂ ਜਾ ਰਹੀਆਂ ਹਨ ਅਤੇ ਬਾਕੀ 22 ਪੁਸਤਕਾਂ ਭਾਰਤ ਸਰਕਾਰ ਵਲੋਂ ਸਸਤਾ ਕਾਗਜ਼ ਮਿਲਣ ਤੇ 3 ਹਫਤੇ ਦੇ ਅੰਦਰ ਅੰਦਰ ਛਪਵਾਕੇ ਉਪਲਬਧ ਕੀਤੀਆਂ ਜਾਣਗੀਆਂ। ਇਨ੍ਹਾਂ ਦੀ ਕੰਪੋਜੀਸ਼ਨ ਪਹਿਲਾਂ ਹੀ ਕਰਵਾ ਲਈ ਗਈ ਹੈ ਤਾਂ ਕਿ ਕਾਗਜ਼ ਦੀ ਉਪਲੱਬਧੀ ਤੇ ਕੋਈ ਦੇਰੀ ਨਾ ਆਵੇ।

**ਮਾਸਟਰ ਬਾਬੂ ਸਿੰਘ**: ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ 22 ਪੁਸਤਕਾਂ ਭਾਰਤ ਸਰਕਾਰ ਵਲੋਂ ਸੱਸਤਾ ਕਾਗਜ਼ ਮਿਲਣ ਤੇ ਤਿੰਨ ਹਫਤੇ ਦੇ ਅੰਦਰ ਅੰਦਰ ਛੱਪਵਾ ਕੇ ਉਪਲਬਧ ਕੀਤੀਆਂ ਜਾਣਗੀਆਂ। ਕੋਈ ਮਿਆਦ ਫਿਕਸ ਨਹੀਂ ਕੀਤੀ ਕਿ ਉਨ੍ਹਾਂ ਨੇ ਕਦੋਂ ਤੱਕ ਕਾਗਜ਼ ਦੇਣਾ ਹੈ। ਕੀ ਚੀਫ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਗੌਰਮਿੰਟ ਆਫ ਇੰਡੀਆ ਤੋਂ ਜੇ ਕਾਗਜ਼ ਨਾ ਆਇਆ ਅਤੇ ਤਿੰਨ ਹਫਤਿਆਂ ਵਿਚ ਕਿਤਾਬਾਂ ਨਾ ਛੱਪ ਸਕੀਆਂ ਤਾਂ ਜਿਨ੍ਹਾਂ ਸਾਡੇ ਬੱਚਿਆਂ ਦਾ ਕਿਤਾਬਾਂ ਨਾ ਮਿਲਣ ਕਰਕੇ ਨੁਕਸਾਨ ਹੋ ਰਿਹਾ ਹੈ ਉਨ੍ਹਾਂ ਦੇ ਪੇਅਰੇਂਟਸ ਦਾ ਨੁਕਸਾਨ ਹੋ ਰਿਹਾ ਹੈ, ਉਸ ਦੇ ਬਾਰੇ ਕੀ ਸੋਚ ਰਹੇ ਹਨ ?

**ਮੰਤਰੀ**: ਚੇਅਰਮੈਨ ਸਾਹਿਬ, ਇਸ ਦੇ ਵਿਚ ਪੋਜੀਸ਼ਨ ਬੜੀ ਸਾਫ ਹੈ ਕਿ ਸੈਂਟਰਲ ਸਰਕਾਰ ਨੇ ਕਾਗਜ਼ ਦੇਣ ਦਾ ਵਾਅਦਾ ਕਰ ਦਿੱਤਾ ਹੈ। ਜੋ ਇਨ੍ਹਾਂ ਦੇ ਆਪਣੇ ਵਕਤ ਹੁੰਦਾ ਰਿਹਾ ਹੈ ਉਹ ਹੁਣ ਨਹੀਂ ਹੋਵੇਗਾ। ਮੇਰਾ ਖਿਆਲ ਹੈ ਕਿ ਸੈਂਟਰ ਤੋਂ ਕਾਗਜ਼ ਜਲਦੀ ਆ ਜਾਵੇਗਾ ਅਤੇ ਉਸ ਮਗਰੋਂ 20 ਦਿਨਾਂ ਦੇ ਅੰਦਰ ਅੰਦਰ ਅਸੀਂ ਇਹ ਕਿਤਾਬਾਂ ਛੱਪਵਾ ਕੇ ਬੱਚਿਆਂ ਨੂੰ ਦੇ ਦੇਵਾਂਗੇ।

**ਸਰਦਾਰ ਦਲੀਪ ਸਿੰਘ ਪਾਂਧੀ**: ਚੇਅਰਮੈਨ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਸਕੂਲ ਐਜੂਕੇਸ਼ਨ ਬੋਰਡ ਪੁਸਤਕਾਂ ਦਾ ਪ੍ਰਬੰਧ ਨਹੀਂ ਕਰ ਸਕਦਾ ਤਾਂ ਕੀ ਸਰਕਾਰ ਕੋਈ ਆਪਣੀ ਇਸ ਤਰ੍ਹਾਂ ਦੀ ਪਾਲਿਸੀ ਬਣਾਵੇਗੀ ਕਿ ਇਹ ਕਿਤਾਬਾਂ ਪ੍ਰਾਈਵੇਟ ਲੋਕਾਂ ਤੋਂ ਛੱਪਵਾ ਕੇ ਵੈਲਫੇਅਰ ਡਿਪਾਰਟਮੈਂਟ ਨੂੰ ਦੇ ਦੇਵੇ ਤਾਂਕਿ ਸ਼ੈਡਿਊਲਡ ਕਾਸਟਸ ਬੱਚਿਆਂ ਨੂੰ ਕਿਤਾਬਾਂ ਵੇਲੇ ਸਿਰ ਮਿਲ ਸਕਣ ? (ਵਿਘਨ)

**ਮੰਤਰੀ**: ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਾਗਜ਼ ਦੀ ਵੰਡ ਵਿਚ ਜੋ ਪਹਿਲਾਂ ਹੁੰਦਾ ਰਿਹਾ ਹੈ ਉਹ ਬਿਲਕੁਲ ਨਹੀਂ ਹੋਵੇਗਾ ਸਾਰਾ ਕੁਝ ਸਟ੍ਰੀਮ-ਲਾਈਨ ਕਰ ਦਿੱਤਾ ਹੈ। (ਵਿਘਨ)

**ਸਰਦਾਰ ਦਲੀਪ ਸਿੰਘ ਪਾਂਧੀ**: ਮੈਂ ਤਾਂ ਇਹ ਪੁੱਛਿਆ ਹੈ ਕਿ ਜੇ ਸਕੂਲ ਐਜੂਕੇਸ਼ਨ ਬੋਰਡ ਨਹੀਂ ਪ੍ਰਬੰਧ ਕਰ ਸਕਦਾ ਤਾਂ ਕੀ ਪ੍ਰਾਈਵੇਟ ਤੌਰ ਤੇ ਪ੍ਰਬੰਧ ਕਰਵਾ ਕੇ ਬੱਚਿਆਂ ਨੂੰ ਕਿਤਾਬਾਂ ਦਿਓਗੇ ? (ਵਿਘਨ)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਓਮ ਪ੍ਰਕਾਸ਼ ਗੁਪਤਾ:** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ............(ਵਿਘਨ)

**ਸਰਦਾਰ ਦਲੀਪ ਸਿੰਘ ਪਾਂਧੀ:** ਮੇਰਾ ਜਵਾਬ ਤਾਂ ਆ ਲੈਣ ਦਿਓ। (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੇਰਾ:** ਚੇਅਰਮੈਨ ਸਾਹਿਬ, ਪਾਂਧੀ ਸਾਹਿਬ ਦਾ ਸਵਾਲ ਬੜਾ ਇਮਪਾਰਟੈਂਟ ਹੈ, ਇਸ ਦਾ ਜਵਾਬ ਤਾਂ ਆਉਣਾ ਚਾਹੀਦਾ ਹੈ।

(At this stage Shri Om Parkash Gupta rose to put supplementary question)

**Mr. Chairman:** Let Mr. Gupta ask the question.

**ਸਰਦਾਰ ਸੁਖਜਿੰਦਰ ਸਿੰਘ ਖੇਰਾ:** ਇਨ੍ਹਾਂ ਦੇ ਕੁਐਸਚਨ ਦਾ ਆਨਸਰ ਨਹੀਂ ਆਇਆ। ਇਨ੍ਹਾਂ ਦੇ ਸਵਾਲ ਦਾ ਜਵਾਬ ਪਹਿਲਾਂ ਆਉਣਾ ਚਾਹੀਦਾ ਹੈ, ਫਿਰ ਦੂਸਰੇ ਮੈਂਬਰ ਨੂੰ ਅਲਾਓ ਕਰਨਾ ਚਾਹੀਦਾ ਹੈ।

**ਸ਼੍ਰੀ ਸਭਾਪਤੀ:** ਉਨ੍ਹਾਂ ਨੇ ਆਪਣੇ ਤੌਰ ਤੇ ਜਵਾਬ ਦੇ ਦਿੱਤਾ ਹੈ। ਉਹਨਾਂ ਨੇ ਤੁਹਾਡੇ ਮੁਤਾਬਿਕ ਜਵਾਬ ਨਹੀਂ ਦੇਣਾ। ਆਪਣੇ ਮੁਤਾਬਿਕ ਜੋ ਜਵਾਬ ਉਨ੍ਹਾਂ ਨੇ ਦੇਣਾ ਸੀ, ਉਹ ਦੇ ਦਿੱਤਾ ਹੈ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ:** ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਕਾਲੀ ਜਨਤਾ ਸਰਕਾਰ ਵੇਲੇ ਕਾਗਜ਼ ਦਾ ਬੜਾ ਸਕੈਂਡਲ ਹੋਇਆ ਸੀ। ਉਸ ਵੇਲੇ ਇਨਕੁਆਇਰੀ ਵੀ ਸ਼ੁਰੂ ਕੀਤੀ ਗਈ ਸੀ ਅਤੇ ਉਸ ਦਾ ਕੋਈ ਰਿਜ਼ਲਟ ਸਾਡੇ ਸਾਹਮਣੇ ਨਹੀਂ ਆਇਆ। ਕੀ ਮਨਿਸਟਰ ਸਾਹਿਬ ਹੁਣ ਦੇਖਣਗੇ ਕਿ ਉਸ ਦੇ ਵਿਚ ਕੀ ਹੋਇਆ ਹੈ ਅਤੇ ਇਹ ਦੱਸਣਗੇ ਕਿ ਉਸ ਦਾ ਕੀ ਰਿਜ਼ਲਟ ਨਿਕਲਿਆ? (ਸਰਦਾਰ ਸੁਖਦੇਵ ਸਿੰਘ ਢੀਂਡਸਾ ਵਲੋਂ ਵਿਘਨ)

(ਕੋਈ ਉੱਤਰ ਨਹੀਂ ਆਇਆ।)

**ਸ਼੍ਰੀ ਸਭਾਪਤੀ:** ਮੈਂ ਆਨਰੇਬਲ ਮੈਂਬਰਜ਼ ਨੂੰ ਬੇਨਤੀ ਕਰਾਂਗਾ ਕਿ ਇਕ ਤਾਂ ਲੰਬਾ ਭਾਸ਼ਣ ਕਰਕੇ ਸਵਾਲ ਨਾ ਪੁੱਛਣ ਅਤੇ ਦੂਸਰਾ ਸਪਲੀਮੈਂਟਰੀ ਵਿਚ ਐਲੀਗੇਸ਼ਨ ਕਾਊਂਟਰ ਐਲੀਗੇਸ਼ਨ ਲਗਾਉਣ ਨਾਲ ਹਾਲਤ ਵਿਗੜਦੀ ਹੈ। ਇਸ ਦਾ ਖਿਆਲ ਰੱਖਣ।

**ਸਰਦਾਰ ਸੁਖਦੇਵ ਸਿੰਘ ਢੀਂਡਸਾ:** ਚੇਅਰਮੈਨ ਸਾਹਿਬ, ਵਿਦਿਆ ਮੰਤਰੀ ਜੀ ਨੇ ਕਿਹਾ ਹੈ ਕਿ ਕਿਤਾਬਾਂ ਦੀ ਮਿਕਦਾਰ ਘਟਾ ਰਹੇ ਹਾਂ। ਜਿਹੜੀ ਇਹ ਕਿਤਾਬਾਂ ਦੀ ਮਿਕਦਾਰ ਘਟਾ ਰਹੇ ਹਨ ਇਸ ਦੇ ਨਾਲ ਜਿਹੜੇ ਬਚੇ ਕਿਤਾਬਾਂ ਮਿਲਣ ਤੋਂ ਰਹਿ ਜਾਣਗੇ ਉਨ੍ਹਾਂ ਦਾ ਕੀ ਬਣੇਗਾ? ਫਿਰ ਲੋਕੀਂ ਬਲੈਕ ਕਰਕੇ ਕਿਤਾਬਾਂ ਵੇਚਣਗੇ। ਇਸ ਦੇ ਨਾਲੋਂ ਤਾਂ ਚੰਗਾ ਹੈ ਕਿ ਇਸ ਕਲਾਸ ਨੂੰ, ਸਾਰੇ ਪੰਜਾਬ ਵਿਚ ਬੱਚਿਆਂ ਨੂੰ, ਕਿਤਾਬਾਂ ਮਿਲ ਸਕਣ, ਇਸ ਦਾ ਕੀ ਕੋਈ ਪ੍ਰਬੰਧ ਮੰਤਰੀ ਜੀ ਕਰਨਗੇ?

**ਮੰਤਰੀ:** ਮੈਂ ਕਦ ਕਿਹਾ ਹੈ ਕਿ ਛੱਪ ਨਹੀਂ ਸਕਦੀਆਂ। ਸਾਰੀਆਂ ਕਿਤਾਬਾਂ ਛਪਣਗੀਆਂ ਅਤੇ ਬੱਚਿਆਂ ਨੂੰ ਮਿਲਣਗੀਆਂ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਜਿੰਦਰ ਸਿੰਘ ਖੇਰਾ :** ਚੇਅਰਮੈਨ ਸਾਹਿਬ, ਮੈਂ ਪਾਂਧੀ ਸਾਹਿਬ ਦਾ ਕੁਐਸਚਨ ਰਿਪੀਟ ਕਰਨ ਲਗਾ ਹਾਂ। ਇਹ ਬੜੀ ਮਹੱਤਵ ਪੂਰਨ ਗੱਲ ਹੈ ਕਿ ਸਰਕਾਰ ਨੇ ਸ਼ੈਡਿਊਲਡ ਕਾਸਟਸ ਬੱਚਿਆਂ ਨੂੰ ਕਿਤਾਬਾਂ ਮੁਫਤ ਦੇਣੀਆਂ ਹਨ। ਜੋ ਕਿਤਾਬਾਂ ਮੁਫਤ ਦੇਣੀਆਂ ਹਨ ਜੇ ਉਹ ਦੇਰ ਨਾਲ ਦਿੱਤੀਆਂ ਗਈਆਂ ਤਾਂ ਇਕ ਤਾਂ ਇਹ ਬਚੇ ਪਹਿਲਾਂ ਹੀ ਗਰੀਬੀ ਦੀ ਹਾਲਤ ਕਰਕੇ ਪੜ੍ਹਾਈ ਵਿਚ ਪੱਛੜੇ ਹੁੰਦੇ ਹਨ ਅਤੇ ਦੂਸਰਾ ਜੇ ਇਨ੍ਹਾਂ ਬੱਚਿਆਂ ਨੂੰ ਕਿਤਾਬਾਂ ਅਗਰ ਲੇਟ ਦਿਤੀਆਂ ਗਈਆਂ ਤਾਂ ਉਨ੍ਹਾਂ ਦੀ ਅੱਗੋਂ ਕਾਮਯਾਬੀ ਹੋਰ ਪਛੜੇਗੀ। ਜਿਨਾ ਚਿਰ ਗੌਰਮਿੰਟ ਆਫ ਇੰਡੀਆਂ ਤੋਂ ਕਾਗਜ਼ ਨਹੀਂ ਮਿਲ ਰਿਹਾ ਉਨਾਂ ਚਿਰ ਇਸ ਦੇ ਵਿਚ ਕੀ ਕੋਈ ਇਸ ਤਰ੍ਹਾਂ ਦਾ ਪ੍ਰਬੰਧ ਕਰਨਗੇ ਕਿ ਬਾਕੀ ਬੱਚਿਆਂ ਨੂੰ ਕਿਤਾਬਾਂ ਕੁਝ ਦੇਰ ਨਾਲ ਭਾਵੇਂ ਮਿਲ ਜਾਣ ਪਰ ਸ਼ੈਡਿਊਲਡ ਕਾਸਟਸ਼ ਬੱਚਿਆਂ ਵਾਸਤੇ ਕਿਤਾਬਾਂ ਜਲਦੀ ਛੱਪਵਾ ਕੇ ਉਨ੍ਹਾਂ ਨੂੰ ਮੁਫਤ ਕਿਤਾਬਾਂ ਦੇਣ ਵਲ ਕੀ ਕੋਈ ਵਿਸ਼ੇਸ਼ ਧਿਆਨ ਦੇਣਗੇ ?

**ਮੰਤਰੀ :** ਚੇਅਰਮੈਨ ਸਾਹਿਬ, ਹਰ ਸਾਧਨ ਯੂਟੇਲਾਈਜ਼ ਕੀਤਾ ਜਾ ਰਿਹਾ ਹੈ। ਹਾਊਸ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸਾਡੇ ਬੱਚਿਆਂ ਨੂੰ ਇਨਕਲੂਡਿੰਗ ਸ਼ੈਡਿਊਲਡ ਕਾਸਟਸ਼ ਬੱਚਿਆਂ ਨੂੰ ਕਿਤਾਬਾਂ ਜਲਦੀ ਮਿਲ ਜਾਣਗੀਆਂ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ਚੇਅਰਮੈਨ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਤਾਬਾਂ ਦੀ ਸ਼ਾਰਟੇਜ ਕਿੰਨੇ ਸਾਲਾਂ ਤੋਂ ਚਲ ਰਹੀ ਹੈ ਔਰ ਕੀ ਪਿਛਲੇ ਸਾਲ ਜੋ ਪੇਪਰ ਦੀ ਵੰਡ ਹੋਈ ਸੀ ਉਸ ਦੇ ਖਿਲਾਫ ਸਰਕਾਰ ਦੇ ਕੋਲ ਕੋਈ ਸ਼ਿਕਾਇਤਾਂ ਪਹੁੰਚੀਆਂ ਹਨ ਕਿ ਪੇਪਰ ਬਲੈਕ ਵਿਚ ਮਨਿਸਟਰ ਸਾਹਿਬ ਦੇ ਨਾਲ ਕੁਝ ਬੁਕ ਸੈਲਰਜ਼ ਨੇ ਰਲ ਮਿਲ ਕੇ ਫੈਸਲਾ ਕਰਕੇ ਵੰਡਿਆ ਜਾ ਰਿਹਾ ਹੈ ? ਕੀ ਇਸ ਗਲ ਦੀ ਮਨਿਸਟਰ ਸਾਹਿਬ ਕੋਈ ਪੜਤਾਲ ਕਰਾਉਣਗੇ ਅਤੇ ਜਿਨ੍ਹਾਂ ਨੇ ਇਹ ਸਾਰਾ ਕੁਝ ਕੀਤਾ ਹੈ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ ?

(ਕੋਈ ਉੱਤਰ ਨਹੀਂ ਆਇਆ)

### STARRED QUESTION NO. 2 *

(Reply to this question was not received from the Government)

### Starred Question No. 8**

**Mr. Chairman :** Extension has been asked for in respect of Starred Question No. 8.

---

### Taking over of privately Managed Colleges in the State

***15. Master Babu Singh :** Will the Minister for Education be pleased to state—

(a) the total number of privately managed colleges in the State District-wise as on 1st June, 1980 ;

(b) the number and names of the colleges referred to in part (a) above, which are financially deficient ;

(c) whether there is any proposal under the consideration of the Govenment to take over any of the colleges mentioned in part (b) above ?

---

*For Starred Question No. 2 and reply thereto, please see Punjab Vidhan Sabha Debate daled 15-7-1980.

**For Starred Questions No. 8 and reply thereto, please see Punjab Vidhan Sabha Debate dated 15-7-80.

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) 143

| | |
|---|---|
| ਫ਼ਿਰੋਜ਼ਪੁਰ | 9 |
| ਫ਼ਰੀਦਕੋਟ | 14 |
| ਹੁਸ਼ਿਆਰਪੁਰ | 10 |
| ਲੁਧਿਆਣਾ | 23 |
| ਪਟਿਆਲਾ | 6 |
| ਬਠਿੰਡਾ | 8 |
| ਰੂਪਨਗਰ | 6 |
| ਸੰਗਰੂਰ | 7 |
| ਅੰਮ੍ਰਿਤਸਰ | 13 |
| ਗੁਰਦਾਸਪੁਰ | 12 |
| ਜਲੰਧਰ | 22 |
| ਕਪੂਰਥਲਾ | 13 |

(ਅ) 140, ਲਿਸਟ ਨੱਥੀ ਹੈ ।

(3 ਕਾਲਜ ਗ੍ਰਾਂਟ ਇਨ ਏਡ ਲਿਸਟ ਵਿੱਚ ਨਹੀਂ ਹਨ ।)

(ੲ) ਕੋਈ ਨਹੀਂ ।

List of Non-Government Affiliated Colleges
Punjab University, Chandigarh

| Serial No. | Name of the College |
|---|---|
| 1 | 2 |

DISTRICT FEROZEPUR

1. D.A.V. College, Abohar
2. D.A.V. College of Education, Abohar
3. Gopi Chand Arya Mahila College, Abohar.
4. M.R. College, Fazilka.
5. R.S.D. College, Ferozepur City.
6. Dev Samaj College of Education for Women, Ferozepur City.
7. Dev Samaj College for women, Ferozepur City.
8. D.A.V. College for women, Ferozepur City.
9. Guru Nanak, College Ferozepur Cantt.

Original with;
Punjab Vidhan Sabha
Digitized by;
Panjab Digital Library

| 1 | 2 |
|---|---|

DISTRICT FARIDKOT

10. Arjan Dass College, Dharamkot.
11. Guru Gobind Singh College, Gidderbaha.
12. D.A.V. Mahila College, Gidderbaha.
13. Sant Darbara Singh College of Education, Lopon.
14. Guru Nanak College, Killian Wali, Post Office Mandi Dabwali.
15. Sant Darbara Singh College for women, Lopon.
16. D.A.V. College, Malout Mandi.
17. D.M. College, Moga.
18. S.D. College for Women, Moga.
19. D.M. College of Education, Moga
20. Dashmesh Khalsa College, Muktsar.
21. Guru Nanak College for Women, Muktsar.
22. Khalsa College of Education, Muktsar.
23. Guru Nanak College, Moga.

DISTRICT HOSHIARPUR

24. Saini Bar College, Begowal.
25. Jagdish Chander, D.A.V. College, Dasuya.
26. Babbar Akali Memorial Khalsa College, Garh Shankar.
27. Khalsa College, Gardhiwala.
28. Hindu National College, Hariana.
29. D.A.V. College, Hoshiarpur.
30. D.A.V. College of Education, Hoshiarpur.
31. S.D. College, Hoshiarpur.
32. S.G.G.S. Khalsa College, Mahilpur.
33. Swami Parma Nand Maha Vidyala, Mukerian.

DISTRICT LUDHIANA

34. Guru Teg Bahadur National College, Dakha.
35. Guru Nanak National College, Doraha.
36. G.H.G. Khalsa College, Gurusar Sudhar.
37. G.H.G. College of Education, Gurusar Sudhar.
38. Lajpat Rai Memorial Collge, Jagraon.
39. A.S. College, Khanna.

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ

40. A.S. College for Women, Khanna.
41. Arya College, Ludhiana.
42. G.G.N. Khalsa College, Ludhiana.
43. Khalsa College for Women, Ludhiana.
44. S.D.P. College for women, Ludhiana.
45. Master Tara Singh Memorial College for women, Ludhiana.
46. Ramgarhia Girls College, Millerganj, Ludhiana.
47. Guru Nanak Khalsa College for women, Model Town, Ludhiana.
48. Guru Nanak Girls College, Model Town, Ludhiana.
49. Malwa Central College for Education, Ludhiana.
50. Devki Dev Jain Memorial College (women), Ludhiana.
51. Govind National College, Narangwal.
52. Swami Gange Giri Janta Girls College, Raikot.
53. Malwa College, Bondli, Samrala.
54. Baba Sheehan Singh Gill Khalsa College, Sidhsar, P.O. Nizampur.
55. Khalsa College for women, Sidwan Khurd.
56. G.H.G. Harprkash College of Education for women, Sidhwan Khurd.

PUNJABI UNIVERSITY, PATIALA

DISTRICT PATIALA

57. Mata Gujri College, Fatehgarh Sahib.
58. Khalsa College, Patiala.
59. M.M.M. Degree College, Patiala.
60. Gurmat College, Patiala.
61. P.M.N. College, Rajpura.
62. Public College, Samana.

DISTRICT BHATINDA

63. S.S.D. Girls College, Bhatinda.
64. D.A.V. College, Bhatinda.
65. Guru Nanak College, Budhlada.
66. Guru Kashi College, Damdama Sahib.
67. Bhai Assa Singh Girls College, Goniana Mandi.
68. Nehru Memorial College, Mansa.

Original with;
Punjab Vidhan Sabha
Digitized by;
Panjab Digital Library

69. S.D. Kanya Mahavidyala, Mansa.

70. T.P.D. Malwa College, Rampura Phul.

DISTRICT ROOP NAGAR

71. Shri G.T.B Khalsa College, Anandpur Sahib.

72. Amar Shaheed Baba Ajit Singh, Tujhar Singh Memorial College, Bela .

73. Shaheed Kansi Ram Memorial College, Bhagoo Majra.

74. Baba Zorawar Singh, Fateh Singh Girls Khalsa College, Morinda.

DISTRICT SANGRUR

75. S.D College. Barnala.

76. Shri L.B. Shastri College for women, Barnala.

77. Akal Degree College, Mastuana.

78. Akal Degree College for women, Sangrur.

79. Guru Gobind Singh College, Sanghera.

80. Sant Baba Attar Singh Khalsa College, Sandhaur.

GURU NANAK DEV UNIVERSITY, AMRITSAR

DISTRICT AMRITSAR

81. Khalsa College, Amritsar.

82. Hindu College, Amritsar.

83. Khalsa College for women, Amritsar.

84, Shazada Nand College for Girls, Amritsar.

85. D.A.V. College, Amritsar.

86, D.A.V. College for women, Amritsar.

87. Khalsa College of Education, Amritsar.

88. D.A.V. College of Education for women, Amritsar.

89. Baba Budha College, Bir Sahib.

90. Guru Angad Dev College, Khandoor Sahib.

91. Shaheed Darshan Singh Pheruman Memorial College for women, Rayya.

92. Guru Gobind Singh Khalsa College, Sarhali.

93. Mata Ganga Girls College, Tarn Taran.

DISTRICT GURDASPUR

94. B.U.C. College, Batala.

95. R.R. Bawa D.A.V. College for Girls, Batala.

96. S.L. Bawa D.A.V. College for Boys, Batala.

97. Guru Nanak College, Batala.

98. Hindu Kanya Mahavidyala, Dhariwal

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

| 1 | 2 |
|---|---|
| 99. | S.D. Arya Mehila College, Dina Nagar. |
| 100. | Swami Swatantra Nand Memorial College, Dina Nagar. |
| 101. | Guru Nanak College, Gurdaspur. |
| 102. | R.R.M.K. Arya Mahila Mahavidyala, Pathankot. |
| 103. | S.M.D.R.S.D. College, Pathankot. |
| 104. | Adarsh Bhartiya Maha Vidyala, Pathankot. |
| 105. | S.N. College, Qadian. |
| DISTRICT JULLUNDUR | |
| 106. | Sikh National College, Banga. |
| 107. | Guru Nanak Khalsa Girls College, Baba Sangh Dhesian. |
| 108. | Guru Nanak College for Women, Charan Kanwal, Banga. |
| 109. | Guru Nanak Khalsa College, Daroli Kalan. |
| 110. | D.A.V. College, Jullundur. |
| 111. | Doaba College, Jullundur. |
| 112. | Lyallpur Khalsa College, Jullundur. |
| 113. | H.R. Mahila Mahavidyala, Jullundur City. |
| 114. | Kanya Maha Vidyala, Jullundur City. |
| 115. | Banarsi Dass Arya Girls College, Jullundur. |
| 116. | M.G.N. College of Education, Jullundur. |
| 117. | S.D. College for Women, Nehru Garden Road, Jullundur City. |
| 118. | Rajeshwari Kala Sangham, Jullundur. |
| 119. | Lyallpur Khalsa College for women, Jullundur. |
| 120. | Guru Gobind Singh Republic College, Jandialla. |
| 121. | Janta College, Kartarpur. |
| 122. | K.R.M.D.A.V. College, Nakodar. |
| 123. | Guru Nanak National College, Nakodar. |
| 124. | Guru Nanak National College for women, Nakodar. |
| 125. | R.K. Arya College, Nawan Shahar Doaba. |
| 126. | D.I.M. Girls College, Nawanshahar, Doaba. |
| 127. | D.A.N. College of Education, Nawan Sahar Doaba. |

Original with;
Punjab Vidhan Sabha
Digitized by;
Panjab Digital Library

| 1 | 2 |
|---|---|
| DISTRICT KAPURTHALA | |
| 128 | Sant Prem Singh, Karamsar Khalsa College, Begowal. |
| 129 | Sant Baba Dalip Singh Memorial College, Domeli. |
| 130 | Guru Nanak College of Education (Women), Kapurthala. |
| 131 | Hindu Kanya College, Kapurthalu. |
| 132 | Guru Nanak Prem Karamsar College, Nadala. |
| 133 | Guru Nanak Nav Bharat College, Naurur Panchhat. |
| 134 | Ramgarhia College, Phagwara. |
| 135 | Guru Nanak Bhai Lalo Ramgarhia College for women, Phagwara. |
| 136 | Kamla Nehru College for women, Phagwara. |
| 137 | Ramgarhia College of Education, Phagwara. |
| 138 | Guru Nanak College, Sukhchainana Sahib. |
| 139 | Guru Nanak Khalsa College, Sultanpur Lodhi. |
| 140 | S.D. College for women, Sultanpur Lodhi. |

**ਮਾਸਟਰ ਬਾਬੂ ਸਿੰਘ :** ਚੇਅਰਮੈਨ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਤਿੰਨ ਕਾਲਜ ਗਰਾਂਟ–ਇਨ–ਏਡ ਲਿਸਟ ਵਿਚ ਨਹੀਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਕੀ ਕਾਰਨ ਹਨ ? ਇਨ੍ਹਾਂ ਤਿੰਨਾਂ ਕਾਲਜਾਂ ਨਾਲ ਕਿਉਂ ਸਟੈਪ ਮਦਰਲੀ ਟਰੀਟਮੈਂਟ ਕੀਤਾ ਜਾ ਰਿਹਾ ਹੈ ?

**ਮੰਤਰੀ :** ਚੇਅਰਮੈਨ ਸਾਹਿਬ, ਜਿਹੜੇ ਤਿੰਨ ਕਾਲਜਾਂ ਬਾਰੇ ਮੈਂ ਹਾਊਸ ਦੇ ਸਾਹਮਣੇ ਅਰਜ਼ ਕੀਤੀ ਹੈ ਉਹ ਹਨ :—

(1) ਗੁਰੂ ਤੇਗ ਬਹਾਦਰ ਕਾਲਜ, ਭਵਾਨੀਗੜ੍ਹ (ਸੰਗਰੂਰ)।

(2) ਸ਼ਿਵਾਲਿਕ ਕਾਲਜ, ਨਯਾ ਨੰਗਲ (ਰੋਪੜ)।

(3) ਸ਼ਹੀਦ ਭਗਤ ਸਿੰਘ ਮੈਮੋਰੀਅਲ ਖਾਲਸਾ ਕਾਲਜ ਫਾਰ ਵਿਮੈਨ, ਪਡਿਆਲਾ (ਕੁਰਾਲੀ) (ਰੋਪੜ)।

ਇਨ੍ਹਾਂ ਵਿਚੋਂ ਜਿਹੜਾ ਪਹਿਲੇ ਨੰਬਰ ਤੇ ਕਾਲਜ ਹੈ, ਉਨ੍ਹਾਂ ਨੇ ਠੀਕ ਵੇਲੇ ਸਿਰ ਅਪਲਾਈ ਕੀਤਾ ਹੈ। ਇਨ੍ਹਾਂ ਦਾ ਕੇਸ ਪ੍ਰਾਸੈਸ ਹੋ ਰਿਹਾ ਹੈ ਅਤੇ ਵਿਚਾਰ ਅਧੀਨ ਹੈ ਔਰ ਮੇਰਾ ਖਿਆਲ ਹੈ ਕਿ ਜਲਦੀ ਹੀ ਇਹ ਗਰਾਂਟ–ਇਨ–ਏਡ ਦੀ ਲਿਸਟ ਵਿਚ ਅਸੀਂ ਲੈ ਲਵਾਂਗੇ। ਦੂਸਰਿਆਂ ਨੇ 1979 ਵਿਚ ਅਪਲਾਈ ਕੀਤਾ ਹੈ, ਉਨ੍ਹਾਂ ਦੇ ਕੇਸਿਜ਼ ਦੇਖੇ ਜਾ ਰਹੇ ਹਨ।

**ਕਾਮਰੇਡ ਸਰਵਣ ਸਿੰਘ :** ਚੇਅਰਮੈਨ ਸਾਹਿਬ, ਵਿਦਿਆ ਮੰਤਰੀ ਨੇ ਕਿਹਾ ਹੈ ਕਿ ਕੋਈ ਕਾਲਜ ਸਰਕਾਰ ਆਪਣੇ ਅਧਿਕਾਰ ਥੱਲੇ ਨਹੀਂ ਲੈ ਰਹੀ। ਮੈਂ ਕਹਿੰਦਾ ਹਾਂ ਕਿ ਬਹੁਤ ਸਾਰੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ]

ਕਾਲਜ ਐਸੇ ਹਨ ਜਿਨ੍ਹਾਂ ਨੂੰ ਅਧਿਕਾਰ ਥੱਲੇ ਲੈਣਾ ਬਹੁਤ ਜ਼ਰੂਰੀ ਹੈ। ਜਿਵੇਂ ਕਿ ਮੇਰੇ ਹਲਕੇ ਅਤੇ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਦੇ ਪਿੰਡ ਦਾ ਗੁਰੂ ਗੋਬਿੰਦ ਸਿੰਘ ਕਾਲਿਜ ਹੈ, ਬੜੀ ਮੁਸ਼ਕਿਲ ਨਾਲ ਲੋਕ ਉਸ ਨੂੰ ਚਲਾ ਰਹੇ ਹਨ। ਇਹੋ ਜਿਹੇ ਕਾਲਜ ਤਾਂ ਲਣੇ ਚਾਹੀਦੇ ਹਨ ਅਤੇ ਨਾਲ ਹੀ ਇਹ ਵੀ ਦੱਸਣ ਕਿ ਕੀ ਕਾਰਣ ਹਨ ਜਿਨ੍ਹਾਂ ਕਰਕੇ ਇਹ ਨਹੀਂ ਲੈ ਰਹੇ ?

**ਮੰਤਰੀ:** ਜਿਸ ਵੇਲੇ ਕਿਸੇ ਕਾਲਜ ਦੀ ਕੋਈ ਐਪਲੀਕੇਸ਼ਨ ਆਏਗੀ, ਉਸ ਵੇਲੇ ਇਹ ਚੀਜ਼ ਵੇਖੀ ਜਾਵੇਗੀ। 95 ਪ੍ਰਤੀਸ਼ਤ ਗ੍ਰਾਂਟ ਦਿੱਤੀ ਜਾ ਰਹੀ ਹੈ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ:** ਚੇਅਰਮੈਨ ਸਾਹਿਬ, ਅਕਾਲੀ ਜਨਤਾ ਸਰਕਾਰ ਨੇ ਅੰਨ੍ਹੇਵਾਹ ਬਗੈਰ ਕੁਝ ਵੇਖਿਆਂ, ਆਇਆ ਕਿਸੇ ਪਿੰਡ ਕੋਲ ਕੋਈ ਜਗ੍ਹਾ ਹੈ ਜਾਂ ਨਹੀਂ, ਕਾਲਜ ਦੀ ਥਾਂ ਤੇ ਦੁਕਾਨਾਂ ਖੋਲ੍ਹ ਦਿਤੀਆਂ ਸਨ। (ਵਿਘਨ) ਇਸ ਚੀਜ਼ ਨੂੰ ਅਵਾਇਡ ਕਰਕੇ ਕੀ ਨਵੀਂ ਸਰਕਾਰ ਉਹੀ ਕਾਲਜ ਲਵੇਗੀ ਜਿਹੜੇ ਸੈਲਫ ਸਫੀਸ਼ੈਂਟ ਹੋਣਗੇ, ਜਿਨ੍ਹਾਂ ਪਾਸ ਬਿਲਡਿੰਗਜ਼ ਹੋਣਗੀਆਂ ?

**ਮੰਤਰੀ:** ਅਸੀਂ ਕਾਲਜ ਉਥੇ ਖੋਲ੍ਹਣਾ ਚਾਹੁੰਦੇ ਹਾਂ ਜਿਥੇ ਸਾਰੀਆਂ ਸਹੂਲਤਾਂ ਮੁੱਯਸਰ ਹੋਣ, ਬਿਲਡਿੰਗਾਂ ਹੋਣ, ਸਮਾਨ ਹੋਵੇ, ਲੋਕਾਂ ਦਾ ਉਤਸ਼ਾਹ ਹੋਵੇ ਅਤੇ ਬੱਚੇ ਹੋਣ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਵੇਖਦੇ ਹੋਏ ਅਗਰ ਕੋਈ ਕੇਸ ਆਵੇਗਾ ਤਾਂ ਵੇਖ ਲਿਆ ਜਾਵੇਗਾ।

**ਸਰਦਾਰ ਬਲਦੇਵ ਸਿੰਘ ਮਾਨ:** ਚੇਅਰਮੈਨ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਗੁਰੂ ਤੇਗ ਬਹਾਦਰ ਕਾਲਿਜ ਭਵਾਨੀਗੜ੍ਹ ਦਾ ਮਾਮਲਾ ਗਰਾਂਟ-ਇਨ-ਏਡ ਲਿਸਟ ਤੇ ਲਿਆਉਣ ਬਾਰੇ ਵਿਚਾਰ ਅਧੀਨ ਹੈ, ਉਥੇ ਦੇ ਅਧਿਆਪਕਾਂ ਨੂੰ ਇਕ ਸਾਲ ਤੋਂ ਤਨਖਾਹ ਨਹੀਂ ਮਿਲੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਸ ਦਾ ਫੈਸਲਾ ਕਿੰਨੀ ਦੇਰ ਤਕ ਕਰ ਦੇਣਗੇ ?

**ਮੰਤਰੀ:** ਚੇਅਰਮੈਨ ਸਾਹਿਬ, ਮੇਰਾ ਤਾਂ ਜਵਾਬ ਸਪੱਸ਼ਟ ਸੀ ਕਿ ਤੁਰੰਤ ਫੈਸਲਾ ਕੀਤਾ ਜਾ ਰਿਹਾ ਹੈ। ਮੈਂ ਡੇਟ ਬਾਊਂਡ ਨਹੀਂ ਹੋਣਾ ਚਾਹੁੰਦਾ।

**ਸਰਦਾਰ ਸੁਖਦੇਵ ਸਿੰਘ ਢੀਂਡਸਾ:** ਚੇਅਰਮੈਨ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਉਹ ਟਾਈਮ ਬਾਊਂਡ ਨਹੀਂ ਹੋਣਾ ਚਾਹੁੰਦੇ। ਉਥੇ ਟੀਚਰਾਂ ਨੂੰ ਇਕ ਸਾਲ ਤੋਂ ਤਨਖਾਹ ਤਕ ਨਹੀਂ ਮਿਲੀ। ਕੀ ਮੰਤਰੀ ਸਾਹਿਬ ਪ੍ਰਬੰਧ ਕਰਨਗੇ ਕਿ ਉਨ੍ਹਾਂ ਨੂੰ ਤੁਰੰਤ ਤਨਖਾਹ ਦਿੱਤੀ ਜਾਵੇ ?

**ਮੰਤਰੀ:** ਚੇਅਰਮੈਨ ਸਾਹਿਬ, ਮੈਂ ਸਾਬਕਾ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਮੇਰਾ ਤੁਰੰਤ ਤੋਂ ਮਤਲਬ ਹੁਣ ਹੈ, ਇਨ੍ਹਾਂ ਦੀ ਸਰਕਾਰ ਵੇਲੇ ਤੁਰੰਤ ਦਾ ਭਾਵ ਕੁਝ ਹੋਰ ਹੁੰਦਾ ਹੋਵੇਗਾ।

**Starred Question No. 7***

**Mr. Chairman :** Extension has been asked for in respect of Starred Question No. 7.

---

*For Starred Question No. 7 and reply thereto, please see Punjab Vidhan Sabha Debate dated 15-7-1980.

Original with;
Punjab Vidhan Sabha
Digitized by;
Panjab Digital Library

**Construction of a Bridge over River Ghaggar to link Village Chicharwaloo and Rasauli in Block Samana District Patiala**

***9. Comrade Baldev Singh Loomba :** Will the Chief Minister be pleased to state whether there is any proposal under the consideration of the Government to Construct a bridge over River Ghaggar to link villages Chicharwaloo and Rasauli in Block Samana, District Patiala, if so the time by which the construction work thereon is likely to be started ?

**ਸਰਦਾਰ ਦਰਬਾਰਾ ਸਿੰਘ :** ਨਹੀਂ ਜੀ ।

**ਕਾਮਰੇਡ ਬਲਦੇਵ ਸਿੰਘ ਲੂੰਬਾ :** ਚੇਅਰਮੈਨ ਸਾਹਿਬ, ਤੁਸੀਂ ਸਾਨੂੰ ਸਪਲੀਮੈਂਟਰੀ ਕੁਐਸਚਨ ਕਰਨ ਦੀ ਆਗਿਆ ਨਹੀਂ ਦਿੰਦੇ, ਇਸ ਤਰ੍ਹਾਂ ਤੁਸੀਂ ਸਾਡੇ ਨਾਲ ਖਾਸ ਵਿਤਕਰਾ ਕਰ ਰਹੇ ਹੋ। (ਵਿਘਨ)

ਚੇਅਰਮੈਨ ਸਾਹਿਬ, ਸੀ.ਐਮ. ਸਾਹਿਬ ਨੇ ਜਵਾਬ ਦਿੰਦਿਆਂ 'ਨਹੀਂ ਜੀ' ਕਿਹਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਉਥੇ ਦਾ ਸਾਰਾ ਗਿਆਨ ਹਾਸਲ ਕਰਨਾ ਚਾਹੀਦਾ ਸੀ ਕਿ ਉਥੇ ਦੇ ਪਿੰਡਾਂ ਦੀ ਕੀ ਹਾਲਤ ਹੈ। ਉਹ ਪਿੰਡ ਘੱਘਰ ਪਾਸ ਹਨ ਅਤੇ ਉਥੇ ਕਿਸ਼ਤੀ ਲਗ ਚੁਕੀ ਹੈ। ਲੋਕ ਪੰਜਾਬ ਵਿਚ ਕੰਮ ਕਾਰ ਕਰਕੇ ਉਧਰ ਚਲੇ ਜਾਂਦੇ ਹਨ। ਉਨ੍ਹਾਂ ਦੀਆਂ ਜਿੰਨੀਆਂ ਫਸਲਾਂ ਹੁੰਦੀਆਂ ਹਨ, ਉਹ ਹਰਿਆਣਾ ਵਿਚ ਵੇਚਦੇ ਹਨ। ਮੈਂ ਸੀਰੀਅਸਲੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਹ ਪੁਲ ਜਲਦੀ ਤੋਂ ਜਲਦੀ ਬਣਾਉਣ ਤੇ ਵਿਚਾਰ ਕਰਨਗੇ ?

**ਮੁੱਖ ਮੰਤਰੀ :** ਚੇਅਰਮੈਨ ਸਾਹਿਬ, ਮੈਂ ਸਾਰੇ ਸੁਆਲਾਂ ਦਾ ਜਵਾਬ ਬਹੁਤ ਹੀ ਸੀਰੀਅਸਲੀ ਦਿੰਦਾ ਹਾਂ। ਮੇਰੀ ਅਰਜ਼ ਇਹ ਹੈ ਕਿ ਇਨ੍ਹਾਂ ਪਿੰਡਾਂ ਦੇ ਕਿਉਂਕਿ ਦੋਨੋਂ ਪਾਸੇ ਪੱਕੀਆਂ ਸੜਕਾਂ ਹਨ ਅਤੇ ਜਦੋਂ ਬਾਰਸ਼ਾਂ ਹੁੰਦੀਆਂ ਹਨ ਉਦੋਂ ਇਹ ਸੜਕਾਂ ਕਾਫ਼ੀ ਪਾਣੀ ਨਾਲ ਭਰ ਜਾਂਦੀਆਂ ਹਨ। ਫਸਲਾਂ ਵੀ ਖਰਾਬ ਹੁੰਦੀਆਂ ਹਨ। ਮੈਨੂੰ ਇਸ ਗਲ ਦਾ ਇਹਸਾਸ ਹੈ ਅਤੇ ਅਸੀਂ ਉਸ ਪੁਲ ਦਾ ਜ਼ਰੂਰ ਧਿਆਨ ਕਰਾਂਗੇ ਪਰ ਹਾਲੇ ਨਹੀਂ।

**ਸਰਦਾਰ ਦਲੀਪ ਸਿੰਘ ਪਾਂਧੀ :** ਚੇਅਰਮੈਨ ਸਾਹਿਬ, ਹਰ ਇੱਕ ਵਿਧਾਇਕ ਆਪਣੀ ਜੀਵਨੀ ਅਖ਼ਬਾਰ ਵਿਚ ਦੇ ਰਿਹਾ ਹੈ। ਜਗਰਾਉਂ ਦੇ ਵਿਧਾਇਕ ਨੇ ਲਿਖਿਆ ਹੈ ਕਿ ਸਤਲੁਜ ਤੇ ਪੁਲ ਦੀ ਲੋੜ ਹੈ, ਇਸੇ ਤਰ੍ਹਾਂ ਘੱਗਰ ਤੇ ਪੁਲ ਦੀ ਲੋੜ ਹੈ। ਮੈਂ ਕਹਿੰਦਾ ਹਾਂ ਕਿ ਸਰਕਾਰ ਸਾਰੇ ਪੰਜਾਬ ਦਾ ਸਰਵੇ ਕਰਾਏ ਅਤੇ ਜਿਥੇ ਜਿਥੇ ਪੁਲ ਦੀ ਲੋੜ ਹੈ ਉਹ ਵੇਖੇ। ਕੀ ਇਹ ਇਸ ਤਰ੍ਹਾਂ ਦਾ ਸਰਵੇ ਕਰਾਉਣ ਨੂੰ ਤਿਆਰ ਹਨ ?

**ਮੁੱਖ ਮੰਤਰੀ :** ਜਵਾਬ ਬੜਾ ਮਾਕੂਲ ਹੈ। ਇਨ੍ਹਾਂ ਤੋਂ ਜਿਹੜਾ ਪਿਛਲੇ ਸਮੇਂ ਵਿਚ ਕੰਮ ਨਹੀਂ ਹੋ ਸਕਿਆ ਉਸ ਵੱਲ ਅਸੀਂ ਧਿਆਨ ਦੇਵਾਂਗੇ। ਇਸ ਦੇ ਲਈ ਮਾਸਟਰ ਪਲਾਨ ਹੁਣ ਤੋਂ ਤਿਆਰ ਨਹੀਂ ਕੀਤਾ ਜਾ ਸਕਦਾ। ਦਰਿਆਵਾਂ ਤੇ ਕਿਥੇ ਕਿਥੇ ਪੁਲ ਦੀ ਲੋੜ ਹੈ, ਜਿਹੜੀ ਡਿਮਾਂਡ ਸਾਡੇ ਪਾਸ ਆਏਗੀ, ਅਸੀਂ ਉਹ ਵੇਖ ਲਵਾਂਗੇ। ਜਿਥੇ ਕੋਈ ਖਾਸ ਜ਼ਰੂਰਤ ਹੈ, ਫੰਡਜ਼ ਨੂੰ ਮੱਦੇ ਨਜ਼ਰ ਰੱਖਦੇ ਹੋਏ ਅਸੀਂ ਜ਼ਰੂਰ ਕਰਾਂਗੇ। ਪਰ ਜੇ ਸਾਡੇ ਕੋਲ ਕੋਈ ਡਿਮਾਂਡ ਨੋਟਿਸ ਹੀ ਨਹੀਂ ਹੋਵੇਗਾ ਤਾਂ ਅਸੀਂ ਸਰਵੇ ਕਿਸ ਤਰ੍ਹਾਂ ਕਰਾਵਾਂਗੇ।

**ਮਾਸਟਰ ਦਲੀਪ ਚੰਦ:** ਚੇਅਰਮੈਨ ਸਾਹਿਬ, ਬਲਾਚੌਰ ਤੋਂ ਚਮਕੌਰ ਸਾਹਿਬ ਤੱਕ ਪੁਲ 1975-76 ਵਿਚ ਬਣਾਉਣਾ ਮਨਜ਼ੂਰ ਕੀਤਾ ਸੀ। 1976 ਵਿਚ ਸਾਮਾਨ ਉਥੇ ਆ ਚੁੱਕਾ ਸੀ, ਪਰ 1977-78 ਵਿਚ ਬਾਦਲ ਸਰਕਾਰ ਨੇ ਉਥੋਂ ਸਾਮਾਨ ਚੁੱਕ ਲਿਆ। ਕੀ ਇਹ ਸ਼ਰਕਾਰ ਉਹ ਪੁਲ ਬਣਾਉਣ ਤੇ ਵਿਚਾਰ ਕਰੇਗੀ ? ਇਹ ਇਤਿਹਾਸਕ ਜਗ੍ਹਾ ਵੀ ਹੈ ਅਤੇ ਸਰਕਾਰ ਨੇ ਉਹ ਪੁਲ ਮਨਜ਼ੂਰ ਵੀ ਕੀਤਾ ਹੋਇਆ ਹੈ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਪਹਿਲਾਂ ਤਾਂ ਜਿਹੜਾ ਸਾਮਾਨ ਚੁੱਕਿਆ ਗਿਆ ਇਸ ਬਾਰੇ ਵਾਕਫ਼ੀਅਤ ਹਾਸਲ ਕਰਨੀ ਹੈ। ਦੂਸਰੇ ਇਹ ਹੈ ਕਿ ਇਤਿਹਾਸਿਕ ਜਗ੍ਹਾ ਹੈ ਇਸ ਵਿਚ ਕੋਈ ਸ਼ੱਕ ਨਹੀਂ। ਅਗਰ ਪਹਿਲੀ ਸਰਕਾਰ ਵੇਲੇ ਇਸ ਕਿਸਮ ਦੀ ਕੋਈ ਸਕੀਮ ਸੀ ਤਾਂ ਉਸ ਨੂੰ ਵਿਚਾਰ ਗੋਚਰੇ ਲਿਆਂਦਾ ਜਾਵੇਗਾ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਚੇਅਰਮੈਨ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਉਸ ਦੇ ਦੋਨੋਂ ਪਾਸੇ ਸੜਕਾਂ ਬਣੀਆਂ ਹੋਈਆਂ ਹਨ ਅਤੇ ਲੋਕਾਂ ਨੂੰ ਤਕਲੀਫ਼ ਹੈ, ਪਰ ਇਨ੍ਹਾਂ ਨੇ ਆਪਣੇ ਜਵਾਬ ਵਿਚ ਇਸ ਬਾਰੇ ਕੋਈ ਟਾਈਮ ਫਿਕਸ ਨਹੀਂ ਕੀਤਾ। ਕੀ ਇਹ ਕੋਈ ਟਾਈਮ ਫਿਕਸ ਕਰਨਗੇ ਕਿ ਇਤਨੇ ਚਿਰ ਤਕ ਬਣਾ ਦਿੱਤਾ ਜਾਵੇਗਾ ?

**ਮੁੱਖ ਮੰਤਰੀ** : ਮੇਰੇ ਖਿਆਲ ਵਿਚ ਟਾਈਮ ਫਿਕਸ ਕਰਨ ਦੀ ਕੋਈ ਪਰੰਪਰਾ ਨਹੀਂ ਬਣੀ ਹੋਈ। ਇਹ ਕਹਿਣਾ ਮੁਸ਼ਕਿਲ ਹੈ ਕਿ ਇਤਨੇ ਸਮੇਂ ਵਿਚ ਹੋ ਜਾਵੇਗਾ। ਜੇ ਫੰਡਜ਼ ਇਜਾਜ਼ਤ ਦੇਣਗੇ ਤਾਂ ਇਹ ਕੰਮ ਜ਼ਰੂਰ ਹੋ ਜਾਵੇਗਾ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਚੇਅਰਮੈਨ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਿਆਸ ਤੇ ਸ੍ਰੀ ਹਰਗੋਬਿੰਦਪੁਰ ਨੂੰ ਟਾਂਡੇ ਨਾਲ ਲਿੰਕ ਕਰਨ ਵਾਸਤੇ ਪੁਲ ਮਨਜ਼ੂਰ ਹੋ ਚੁੱਕਾ ਹੈ ਅਤੇ ਸਰਵੇ ਤੇ ਇਕ ਲੱਖ ਰੁਪਿਆ ਖਰਚ ਵੀ ਹੋ ਚੁੱਕਾ ਹੈ। ਕੀ ਉਸ ਪੁਲ ਦਾ ਕੰਮ ਐਕਚੂਅਲੀ ਇਸ ਸਾਲ ਵਿੱਚ ਸ਼ੁਰੂ ਕਰ ਦਿੱਤਾ ਜਾਏਗਾ ?

**ਮੁੱਖ ਮੰਤਰੀ** : ਇਹ ਸਪਲੀਮੈਂਟਰੀ ਇਸ ਸੁਆਲ ਨਾਲ ਤੁਅੱਲਕ ਨਹੀਂ ਰਖਦਾ। ਇਨ੍ਹਾਂ ਨੇ ਨੋਟਿਸ ਵਿਚ ਲਿਆਂਦਾ ਹੈ, ਇਸ ਦੀ ਦੇਖਭਾਲ ਜ਼ਰੂਰ ਕਰਾਂਗੇ।

**Mr. Chairman :** Question Hour is over. The remaining question shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

## WRITTEN ANSWER TO STARRED QUESTION LAID ON THE TABLE OF THE HOUSE UNDER RULE 38

### Construction of a Bund on the Punjab side of River Ghaggar

***10. Comrade Baldev Singh Loomba :** Will the Chief Minister be pleased to state whether the Government proposes to construct a 'bund' on the Punjab side of River Ghaggar which passes through Patiala and Sangrur Districts, if so, the time by which the construction of the said 'bund' is likely to be started ?

**ਸਰਦਾਰ ਦਰਬਾਰਾ ਸਿੰਘ** : ਹਾਂ ਜੀ। ਇਸ ਕੰਮ ਨੂੰ ਪਹਿਲ ਦੇਣ ਦਾ ਫੈਸਲਾ ਕੀਤਾ ਜਾ ਰਿਹਾ ਹੈ ਅਤੇ ਇਹ ਅਗਲੇ ਸਾਲ ਵਿਚ ਸ਼ੁਰੂ ਕਰਨ ਦੀ ਸੰਭਾਵਨਾ ਹੈ।

## CALL ATTENTION NOTICE UNDER RULE 66

(ਕ੍ਰਮ ਨੰ: 6)

**ਮਾਸਟਰ ਦਲੀਪ ਚੰਦ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਹਲਕਾ ਬਲਾਚੌਰ ਕੰਡੀ ਏਰੀਏ ਦੇ ਪਿੰਡ ਆਸਰੋਂ ਤੋਂ ਪਿੰਡ ਦਾਦਪੁਰ ਰੁੜਕੀ ਤੱਕ ਲਗਭਗ 125 ਪਿੰਡਾਂ ਵਿਚ ਪੀਣ ਦੇ ਪਾਣੀ ਦੀ ਬਹੁਤ ਤਕਲੀਫ਼ ਹੋ ਰਹੀ ਹੈ। ਲੋਕੀ

Original with;
Punjab Vidhan Sabha
Digitized by;
Panjab Digital Library

ਸਾਰੀ ਸਾਰੀ ਰਾਤ ਪਾਣੀ ਦੀਆਂ ਟੂਟੀਆਂ ਤੇ ਬੈਠੇ ਰਹਿੰਦੇ ਹਨ ਅਤੇ ਕਈ ਕਈ ਦਿਨ ਪਾਣੀ ਪਿੰਡਾਂ ਨੂੰ ਨਹੀਂ ਮਿਲਦਾ। ਇਸ ਕਰਕੇ ਇਲਾਕੇ ਦੇ ਲੋਕਾਂ ਵਿਚ ਬਹੁਤ ਪਰੇਸ਼ਾਨੀ ਪਾਈ ਜਾਂਦੀ ਹੈ। ਸਰਕਾਰ ਆਪਣੀ ਸਥਿਤੀ ਬਿਆਨ ਕਰੇ।

**Master Chand Singh**: On a Point of Order, Sir.

**ਸ਼੍ਰੀ ਸਭਾਪਤੀ** : ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਆ ਜਾਣ ਦਿਓ ਫਿਰ ਤੁਸੀਂ ਪੁਆਇੰਟ ਆਫ ਆਰਡਰ ਰੇਜ਼ ਕਰ ਲੈਣਾ।

**Chief Minister** (Sardar Darbara Singh) : The supply of drinking water in the said 125 villages viz. Asron to Chandpur Roorkee of Balachaur Kandi area is generally being given regularly. It is pointed out that electric supply for these rural water supply schemes is being made available for 3 days at night time and only for 4 days during day time in a week. During those days when the electric supply is given at night, the water supply has to be given at night. Sometimes there is a cut/break-down in the supply of electricity, due to which also the water supply gets disrupted. Except for these unavoidable handicaps the water supply to these villages is being given regularly.

---

## POINTS OF ORDER REGARDING ADJOURNMENT MOTION.

(ਇਸ ਸਮੇਂ ਮਾਸਟਰ ਚੰਦ ਸਿੰਘ, ਕਾਮਰੇਡ ਰਾਜ ਕੁਮਾਰ ਅਤੇ ਕਾਮਰੇਡ ਬਲਦੇਵ ਸਿੰਘ ਲੁੰਬਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ ਪਰ ਸ੍ਰੀ ਸਭਾਪਤੀ ਨੇ ਕਾਮਰੇਡ ਰਾਜ ਕੁਮਾਰ ਨੂੰ ਬੋਲਣ ਦੀ ਇਜਾਜ਼ਤ ਦਿੱਤੀ)

**ਕਾਮਰੇਡ ਰਾਜ ਕੁਮਾਰ** : ਚੇਅਰਮੈਨ ਸਾਹਿਬ, ਤੁਸੀਂ ਇਸ ਹਾਊਸ ਦੇ ਬਹੁਤ ਪੁਰਾਣੇ ਮੈਂਬਰ ਹੋ ...... ।

**ਸ਼੍ਰੀ ਸਭਾਪਤੀ** : ਤੁਹਾਡੀ ਆਵਾਜ਼ ਸੁਣਾਈ ਨਹੀਂ ਦੇ ਰਹੀ, ਮੇਰਾ ਖਿਆਲ ਹੈ ਕਿ ਤੁਹਾਡਾ ਮਾਈਕ ਠੀਕ ਨਹੀਂ।

**ਕਾਮਰੇਡ ਰਾਜ ਕੁਮਾਰ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਇਸ ਹਾਊਸ ਦੀਆਂ ਬੜੀਆਂ ਉੱਚੀਆਂ ਪਦਵੀਆਂ ਤੇ ਰਹੇ ਹੋ। ਇਸ ਹਾਊਸ ਦੀਆਂ ਕੁਝ ਪ੍ਰੰਪਰਾਵਾਂ ਵੀ ਹਨ। ਸਾਡੇ ਦੋ ਆਨਰੇਬਲ ਮੈਂਬਰ, ਜਿਸ ਵਕਤ ਕੁਐਸਚਨ ਆਵਰ ਖ਼ਤਮ ਹੋਇਆ ਤਾਂ ਕਹਿ ਰਹੇ ਸਨ ਕਿ ਅਜੇ ਦੋ ਮਿੰਟ ਰਹਿੰਦੇ ਹਨ ਪਰ ਨਾ ਤੁਸੀਂ ਘੜੀ ਵੱਲ ਵੇਖਿਆ ਅਤੇ ਨਾ ਹੀ ਕੋਈ ਜਵਾਬ ਦਿੱਤਾ।

**ਸ਼੍ਰੀ ਸਭਾਪਤੀ** : ਤੁਸੀਂ ਉਸ ਚੀਜ਼ ਨੂੰ ਹੁਣ ਡਿਸਕੱਸ ਨਾ ਕਰੋ। ਉਹ ਡਿਸਾਈਡ ਹੋ ਚੁੱਕੀ ਹੈ।

**ਕਾਮਰੇਡ ਰਾਜ ਕੁਮਾਰ** : ਚੇਅਰਮੈਨ ਸਾਹਿਬ, ਉਹ ਸਰਟਨ ਇੰਪਾਰਟੈਂਟ ਮੈਟਰਜ਼ ਰੇਜ਼ ਕਰਨਾ ਚਾਹੁੰਦੇ ਸਨ ਪਰ ਤੁਸੀਂ ਉਨ੍ਹਾਂ ਨੂੰ ਸੁਣਿਆ ਹੀ ਨਹੀਂ ਅਤੇ ਕਾਲ ਅਟੈਨਸ਼ਨ ਮੋਸ਼ਨਜ਼ ਕਾਲ ਅਪਾਨ ਕਰ ਲਈਆਂ। ਹਾਊਸ ਨੂੰ ਆਰਾਮ ਨਾਲ ਚਲਾਉਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਪਹਿਲਾਂ ਇਹ ਸੁਣੋ ਕਿ ਜਿਹੜਾ ਮਸਲਾ ਆਨਰੇਬਲ ਮੈਂਬਰ ਉਠਾ ਰਹੇ ਹਨ, ਉਸਦਾ ਮੈਰਿਟ ਕੀ ਹੈ। ਅਗਰ ਤੁਸੀਂ ਮਹਿਸੂਸ ਕਰੋ ਕਿ ਉਹ ਮਾਮਲਾ ਇਥੇ ਰੇਜ਼ ਕਰਨਾ ਠੀਕ ਨਹੀਂ ਹੈ ਤਾਂ ਫਿਰ ਤੁਸੀਂ ਇਜਾਜ਼ਤ ਨਾ ਦਿਓ। ਪਰ ਇਹ ਕੋਈ ਤਰੀਕਾ ਨਹੀਂ ਕਿ ਇੱਕ ਆਨਰੇਬਲ ਮੈਂਬਰ ਕੋਈ ਪੁਆਇੰਟ ਉਠਾ ਰਹੇ ਸਨ ਅਤੇ ਤੁਸੀਂ ਕਾਲ ਅਟੈਨਸ਼ਨ ਮੋਸ਼ਨਜ਼ ਕਾਲ ਅਪਾਨ ਕਰ ਲਈਆਂ । ਦੋ ਆਨਰੇਬਲ ਮੈਂਬਰਜ਼ ਮਾਸਟਰ ਚੰਦ ਸਿੰਘ ਅਤੇ ਕਾਮਰੇਡ ਬਲਦੇਵ ਸਿੰਘ ਲੁੰਬਾ ਪੁਆਇੰਟ ਆਫ ਆਰਡਰ ਰੇਜ਼ ਕਰਨ ਲਈ ਇਜਾਜ਼ਤ ਤੁਹਾਡੀ ਮੰਗ ਰਹੇ ਸਨ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸ਼ਭਾਪਤੀ :** ਜਿਸ ਵੇਲੇ ਮੈਂ ਕਾਲ ਅਟੈਨਸ਼ਨ ਮੋਸ਼ਨਜ਼ ਕਾਲ ਕਰ ਲਈਆਂ ਤਾਂ ਫਿਰ ਉਹ ਪੜ੍ਹਨ ਅਤੇ ਉਸ ਦੇ ਜਵਾਬ ਆ ਜਾਣ ਤੋਂ ਬਾਅਦ ਹੀ ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ । (ਵਿਘਨ) ਹਾਂ ਜੀ, ਲੁੰਬਾ ਜੀ, ਤੁਹਾਡਾ ਕੀ ਪੁਆਇਟ ਆਫ ਆਰਡਰ ਹੈ ?

**ਸ੍ਰੀ ਗੁਰਦਿਆਲ ਸੈਣੀ :** ਚੇਅਰਮੈਨ ਸਾਹਿਬ, ਮੈਂ ਪਹਿਲਾਂ ਖੜਾ ਹੋ ਗਿਆ ਸੀ ਇਸ ਲਈ ਪਹਿਲਾਂ ਮੈਨੂੰ ਟਾਈਮ ਦਿੱਤਾ ਜਾਵੇ। (ਵਿਘਨ)

**ਕਾਮਰੇਡ ਬਲਦੇਵ ਸਿੰਘ ਲੂੰਬਾ :** ** ** **

**ਸ੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਕਾਮਰੇਡ ਬਲਦੇਵ ਸਿੰਘ ਲੂੰਬਾ :** ** **

**ਸ੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਤਾਂ ਹੈ ਨਹੀਂ । ਪੁਆਇਟ ਆਫ ਆਰਡਰ ਰੇਜ਼ ਜ਼ਰੂਰ ਕਰੋ ਲੇਕਿਨ ਪੁਆਇੰਟ ਆਫ ਆਰਡਰ ਦੀ ਆੜ ਵਿੱਚ ਉਹ ਗਲ ਨਾ ਆਖੋ ਜਿਸ ਦੀ ਇਥੇ ਇਜਾਜ਼ਤ ਨਹੀਂ। ਤੁਸੀਂ ਆਪਣਾ ਸਪੈਸੀਫਿਕ ਪੁਆਇੰਟ ਆਫ ਆਰਡਰ ਰੇਜ਼ ਕਰੋ।

**ਮਾਸਟਰ ਚੰਦ ਸਿੰਘ :** ** ** **

**ਸ੍ਰੀ ਗੁਰਦਿਆਲ ਸੈਣੀ :** ** ** **

**ਮਾਸਟਰ ਚੰਦ ਸਿੰਘ :** ** ** **

**ਸ੍ਰੀ ਸਭਾਪਤੀ :** ਜਿਹੜੀ ਮੋਸ਼ਨ ਮੈਂ ਅਲਾਓ ਨਹੀਂ ਕੀਤੀ ਉਸ ਨੂੰ ਡਿਸਕਸ ਨਾ ਕਰੋ। ਅਗਰ ਤੁਸੀਂ ਉਸ ਨੂੰ ਡਿਸਕਸ ਕਰੋਗੇ ਤਾਂ ਇਸ ਨਾਲ ਕੇਵਲ ਤੁਹਾਡੀ ਆਪਣੀ ਹੀ ਤਸਲੀ ਹੋਵੇਗੀ। ਬਾਕੀ ਹਾਊਸ ਦਾ ਵਕਤ ਤੁਸੀਂ ਜ਼ਾਇਆ ਕਰੋਗੇ। ਉਹ ਰਿਕਾਰਡ ਤੇ ਤਾਂ ਆਵੇਗਾ ਨਹੀਂ। ਜਿਹੜੀਆਂ ਮੋਸ਼ਨਜ਼ ਮੈਂ ਅਲਾਓ ਨਹੀਂ ਕੀਤੀਆਂ, ਅਗਰ ਉਸ ਬਾਰੇ ਤੁਹਾਨੂੰ ਕੋਈ ਸ਼ਿਕਾਇਤ ਹੈ ਤਾਂ ਤੁਸੀਂ ਮੇਰੇ ਚੈਂਬਰ ਵਿੱਚ ਆ ਜਾਓ। ਇਥੇ ਮੈਂ ਅਲਾਓ ਨਹੀਂ ਕਰਾਂਗਾ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮਾਸਟਰ ਚੰਦ ਸਿੰਘ :** ਤੁਹਾਡੇ ਚੈਂਬਰ ਵਿੱਚ ਵੀ ਆ ਕੇ ਗਲ ਕਰ ਲਵਾਂਗੇ।

**ਸ੍ਰੀ ਸਭਾਪਤੀ :** ਜਿਹੜੀ ਗਲ ਤੁਸੀਂ ਕਹਿਣਾ ਚਾਹੁੰਦੇ ਹੋ ਉਹ ਚੇਅਰ ਵੱਲੋਂ ਡਿਸਾਈਡ ਹੋ ਚੁਕੀ ਹੈ। ਅਗਰ ਤੁਹਾਨੂੰ ਮੇਰੀ ਰੂਲਿੰਗ ਬਾਰੇ ਕੋਈ ਸ਼ਿਕਾਇਤ ਹੈ ਤਾਂ ਮੇਰੇ ਚੈਂਬਰ ਵਿਚ ਆ ਜਾਣਾ, ਉਥੇ ਡਿਸਕੱਸ ਕਰ ਲਵਾਂਗੇ। ਹੁਣ ਕਿਰਪਾ ਕਰਕੇ ਬੈਠ ਜਾਓ, ਮੈਂ ਇਸ ਤੇ ਹੋਰ ਡਿਸਕਸ਼ਨ ਅਲਾਓ ਨਹੀਂ ਕਰਾਂਗਾ।

(ਇਸ ਸਮੇਂ ਸ੍ਰੀ ਗੁਰਦਿਆਲ ਸੈਣੀ ਅਤੇ ਮਾਸਟਰ ਚੰਦ ਸਿੰਘ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਇਤਨਾ ਸ਼ੋਰ ਸੀ ਕਿ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ** : ਫਾਇਨਾਂਸ ਮਨਿਸਟਰ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ, ਪਹਿਲਾਂ ਉਨ੍ਹਾਂ ਦੀ ਗਲ ਸੁਣ ਲਓ।

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ)** : ਚੇਅਰਮੈਨ ਸਾਹਿਬ, ਰੂਲ 105 ਦੇ ਥੱਲੇ ਮੈਂਬਰ ਪੁਆਇੰਟ ਆਫ਼ ਆਰਡਰ ਉਠਾ ਸਕਦੇ ਹਨ। ਲੇਕਿਨ ਜੋ ਕੁਝ ਕਾਮਰੇਡ ਰਾਜ ਕੁਮਾਰ ਜੀ ਨੇ ਕਿਹਾ ਹੈ ਉਸ ਲਈ ਜ਼ੀਰੋ ਆਵਰ ਹੈ। ਜਿਸ ਵੇਲੇ ਕੁਐਸਚਨ ਆਵਰ ਖਤਮ ਹੁੰਦਾ ਹੈ ਤਾਂ ਮੈਂਬਰ ਪੁਆਇਟ ਆਫ ਆਰਡਰ ਰੇਜ਼ ਕਰ ਸਕਦੇ ਹਨ। ਲੇਕਿਨ ਜਦੋਂ ਤੁਸੀਂ ਕਾਲ ਅਟੈਨਸ਼ਨ ਮੋਸ਼ਨਜ਼ ਕਾਲ ਅਪੌਨ ਕਰ ਲਈਆਂ ਅਤੇ ਉਹ ਪੜ੍ਹਨੀਆਂ ਸ਼ੁਰੂ ਹੋ ਗਈਆਂ ਤਾਂ ਫਿਰ ਜਦੋਂ ਤਕ ਕਾਲ ਅਟੈਨਸ਼ਨ ਮੋਸ਼ਨਜ਼ ਖਤਮ ਨਹੀਂ ਹੋ ਜਾਂਦੀਆਂ, ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ੍ਰੀ ਸਭਾਪਤੀ** : ਇਹ ਜੋ ਕੁਝ ਆਨਰੇਬਲ ਮੈਂਬਰ ਬਿਨਾਂ ਇਜਾਜ਼ਤ ਦੇ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। ਤੁਹਾਨੂੰ ਬਕਾਇਦਾ ਤੌਰ ਤੇ ਦਫ਼ਤਰ ਵੱਲੋਂ ਇਨਫਾਰਮ ਕੀਤਾ ਗਿਆ ਹੈ ਕਿ ਤੁਹਾਡੀ ਮੋਸ਼ਨ ਰਿਜੈਕਟ ਕਰ ਦਿੱਤੀ ਹੈ। ਹੁਣ ਤੁਸੀਂ ਪੁਆਇਟ ਆਫ ਆਰਡਰ ਦੀ ਆੜ ਵਿਚ ਉਸ ਮੋਸ਼ਨ ਨੂੰ ਡਿਸਕਸ ਕਰਨ ਦਾ ਕੋਈ ਹੱਕ ਨਹੀਂ ਰੱਖਦੇ।

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਤੁਸੀਂ ਨਵੀਂ ਰਵਾਇਤ ਕਾਇਮ ਕਰ ਰਹੇ ਹੋ। ਜੇ ਅਸੀਂ ਇਥੇ ਗੱਲ ਵੀ ਨਹੀਂ ਕਰ ਸਕਦੇ ਤਾਂ ਫਿਰ ਅਸੀਂ ਇਥੇ ਕਿਸ ਵਾਸਤੇ ਆਏ ਹਾਂ ? ਉਥੇ ਲੋਕਾਂ ਨੂੰ ਗੋਲੀਆਂ ਨਾਲ ਮਾਰ ਦਿੱਤਾ ਗਿਆ ਹੈ......

**ਸ੍ਰੀ ਸਭਾਪਤੀ** : ਚੋਪੜਾ ਸਾਹਿਬ, ਤੁਸੀਂ ਇਸ ਹਾਊਸ ਦੇ ਬੜੇ ਪੁਰਾਣੇ ਮੈਂਬਰ ਹੋ। ਤੁਸੀਂ ਇਥੇ ਆਪਣੀ ਪਾਰਟੀ ਨੂੰ ਇਕੱਲੇ ਵੀ ਰਿਪਰੇਜ਼ੈਂਟ ਕਰਦੇ ਰਹੇ ਹੋ। ਤੁਹਾਨੂੰ ਬਕਾਇਦਾ ਤੌਰ ਤੇ ਆਫਿਸ ਵਲੋਂ ਇੰਟੀਮੇਸ਼ਨ ਮਿਲੀ ਹੈ ਕਿ ਤੁਹਾਡੀ ਮੋਸ਼ਨ ਅਲਾਓ ਨਹੀਂ ਕੀਤੀ ਗਈ। ਤੁਸੀਂ ਹੁਣ ਪੁਆਇੰਟ ਆਫ ਆਰਡਰ ਦੀ ਆੜ ਵਿੱਚ ਆਪਣੀ ਮੋਸ਼ਨ ਡਿਸਕੱਸ ਕਰਨ ਦੀ ਕੋਸ਼ਿਸ਼ ਕਰੋਗੇ ਤਾਂ ਇਜਾਜ਼ਤ ਨਹੀਂ ਮਿਲੇਗੀ। ਦੂਸਰੀ ਮੇਰੀ ਬੇਨਤੀ ਹੈ ਕਿ ਇਸ ਤਰ੍ਹਾਂ ਬਾਰ ਬਾਰ ਬੋਲਣ ਦਾ ਕੋਈ ਫਾਇਦਾ ਨਹੀਂ ਹੈ। ਇਸ ਤਰ੍ਹਾਂ ਬਗੈਰ ਇਜਾਜ਼ਤ ਦੇ ਕਹੀਆਂ ਗਈਆਂ ਗੱਲਾਂ ਨੂੰ ਰਿਕਾਰਡ ਕਰਨ ਦੀ ਚੇਅਰ ਇਜਾਜ਼ਤ ਨਹੀਂ ਦੇਵੇਗੀ। ਇਸ ਤਰ੍ਹਾਂ ਬੋਲਣ ਦਾ ਕੋਈ ਫਾਇਦਾ ਨਹੀਂ ਹੈ। ਇਸ ਲਈ ਤੁਸੀਂ ਬੈਠੋ। ਹੁਣ ਗੁਰਦਿਆਲ ਸੈਣੀ ਜੀ ਆਪਣਾ ਪੁਆਇੰਟ ਆਫ ਆਰਡਰ ਰੇਜ਼ ਕਰ ਲੈਣ। (ਵਿਘਨ)

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਠੀਕ ਹੈ ਤੁਹਾਡੀ ਰੂਲਿੰਗ ਆ ਗਈ ਹੈ ਪਰ ਅਸੀਂ ਆਪਣੀ ਗੱਲ ਤਾਂ ਕਹਿ ਸਕਦੇ ਹਾਂ। ਤੁਸੀਂ ਸਾਡੀ ਗੱਲ ਸੁਣਨ ਨੂੰ ਤਿਆਰ ਨਹੀਂ ਹੋ। ਰਾਜਪੁਰੇ ਮਜ਼ਦੂਰਾਂ ਨੂੰ ਗੋਲੀਆਂ ਮਾਰੀਆਂ ਜਾ ਰਹੀਆਂ ਹਨ। ਇਹ ਬੜਾ ਅਹਿਮ ਮਸਲਾ ਹੈ, ਇਸ ਤੇ ਤੁਸੀਂ ਕਿਉਂ ਨਹੀਂ ਡਿਸਕਸ਼ਨ ਅਲਾਓ ਕਰਦੇ ?

**ਸ੍ਰੀ ਸਭਾਪਤੀ** : ਚੋਪੜਾ ਸਾਹਿਬ, ਅਸਲ ਗੱਲ ਇਹ ਹੈ ਕਿ ਇਸ ਤਰ੍ਹਾਂ ਅਗਰ ਸਾਰੇ ਮੈਂਬਰ ਹੀ ਬੋਲਣਗੇ ਤਾਂ ਅਸੀਂ ਕਿਸੇ ਨਤੀਜੇ ਤੇ ਨਹੀਂ ਪੁੱਜ ਸਕਾਂਗੇ। (ਵਿਘਨ) Please listen ਜਿਹੜੀਆਂ ਐਡਜਰਨਮੈਂਟ ਮੋਸ਼ਨਜ਼ ਜਾਂ ਕਾਲ ਅਟੈਨਸ਼ਨ ਮੋਸ਼ਨਜ਼ ਡਿਸਅਲਾਓ ਕੀਤੀਆਂ ਗਈਆਂ

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਭਾਪਤੀ]

ਹਨ, ਉਨ੍ਹਾਂ ਨੂੰ ਡਿਸਅਲਾਓ ਕਰਨ ਦੀਆਂ ਦੋ ਤਿੰਨ ਵਜੂਹਾਤ ਦਿੱਤੀਆਂ ਗਈਆਂ ਹਨ। ਫਿਰ ਜਦੋਂ ਵੀ ਕਿਸੇ ਮੈਂਬਰ ਦੀ ਮੋਸ਼ਨ ਅਲਾਓ ਜਾਂ ਡਿਸਅਲਾਓ ਹੁੰਦੀ ਹੈ ਤਾਂ ਉਸ ਨੂੰ ਬਾਕਾਇਦਾ ਇਤਲਾਹ ਦਿੱਤੀ ਜਾਂਦੀ ਹੈ ਕਿ ਤੁਹਾਡੀ ਮੋਸ਼ਨ ਅਲਾਓ ਹੋ ਗਈ ਹੈ ਜਾਂ ਡਿਸਅਲਾਓ ਹੋ ਗਈ ਹੈ। (ਵਿਘਨ) ਤੁਸੀਂ ਪੁਆਇੰਟ ਆਫ ਆਰਡਰ ਦੀ ਆੜ ਵਿਚ ਡਿਸਕੱਸ਼ਨ ਨਾ ਕਰੋ। ਬੱਜਟ ਤੇ ਡਿਸਕਸ਼ਨ ਹੋਣੀ ਹੈ। ਹਰ ਇਕ ਮੈਂਬਰ ਨੂੰ ਉਸ ਵਿਚ ਬੋਲਣ ਲਈ ਮੌਕਾ ਮਿਲਣਾ ਹੈ। ਤੁਸੀਂ ਇਹ ਗਲ ਉਸ ਵੇਲੇ ਕਰ ਲੈਣਾ। ਹੁਣ ਮੇਰੀ ਬੇਨਤੀ ਸੁਣ ਲਓ। (ਵਿਘਨ) Please sit down. I am on my legs. Please take your seat.

**ਸ਼੍ਰੀ ਗੁਰਦਿਆਲ ਸੈਣੀ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ (ਕਮਿਊਨਿਸਟ ਪਾਰਟੀਆਂ ਦੇ ਮੈਂਬਰਾਂ ਵੱਲ ਇਸ਼ਾਰਾ) ਦੋ, ਦੋ, ਤਿੰਨ, ਤਿੰਨ ਇਕਠੇ ਖੜੇ ਹੋ ਕੇ ਮਜ਼ਦੂਰਾਂ ਦੀ ਗਲ ਕਰਦੇ ਹਨ, ਇਹ ਆਪਣੇ ਆਪ ਨੂੰ ਮਜ਼ਦੂਰਾਂ ਦੇ ਠੇਕੇਦਾਰ ਸਮਝਦੇ ਹਨ...... (ਵਿਘਨ-ਸ਼ੋਰ)

**ਆਵਾਜ਼ਾਂ** : ਕੀ ਇਹ ਡਿਸਕਸ਼ਨ ਨਹੀਂ ?

(ਇਸ ਸਮੇਂ ਮਾਸਟਰ ਚੰਦ ਸਿੰਘ ਅਤੇ ਕਾਮਰੇਡ ਰਾਜ ਕੁਮਾਰ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਸਨ) (ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ)

**ਸ਼੍ਰੀ ਸਭਾਪਤੀ** : ਚੋਪੜਾ ਸਾਹਿਬ, ਹੁਣ ਤੁਸੀਂ ਬੋਲੋ। ਮੈਂ ਤੁਹਾਨੂੰ ਟਾਈਮ ਦਿਤਾ ਹੈ।

(ਇਸ ਸਮੇਂ ਕਾਮਰੇਡ ਰਾਜ ਕੁਮਾਰ ਕੁਝ ਬੋਲ ਰਹੇ ਸਨ ਪਰ ਸਦਨ ਵਿਚ ਇਤਨਾਂ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਦਿਤਾ।)

ਸੀ.ਪੀ.ਆਈ. ਔਰ ਸੀ.ਪੀ.(ਐਮ.) ਦੇ ਲੀਡਰ ਸਾਹਿਬਾਨ ਵਾਰੀ ਵਾਰੀ ਬੋਲੋ।

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਕਾਲ ਅਪੌਨ ਕੀਤਾ ਹੈ, ਇਸ ਲਈ ਮੈਂ ਆਪਣੀ ਗਲ ਪਹਿਲਾਂ ਕਹਿ ਲੈਂਦਾ ਹਾਂ।

**Mr. Chairman** : Please be brief ਔਰ ਹੌਲੀ ਹੌਲੀ ਕਰਕੇ ਬੋਲਣਾ ਤਾਂ ਕਿ ਮੈਨੂੰ ਵੀ ਸਮਝ ਆ ਜਾਵੇ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ।

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਤੁਹਾਡੀ ਰੂਲਿੰਗ ਦੇ ਖਿਲਾਫ ਮੈਂ ਕੁਝ ਨਹੀਂ ਬੋਲਣਾ, ਕਿਉਂਕਿ ਤੁਸੀਂ ਤਾਂ ਹਾਊਸ ਦੇ ਕਸਟੋਡੀਅਨ ਹੋ, ਤੁਸੀਂ ਸਾਡੇ ਹੱਕਾਂ ਦੀ ਰਾਖੀ ਕਰਨੀ ਹੈ। ਇਥੇ ਪਹਿਲਾਂ ਵੀ ਪ੍ਰੈਸੀਡੈਂਟ ਰਹੇ ਹਨ ਕਿ ਐਡਜਰਨਮੈਂਟ ਮੋਸ਼ਨਾਂ ਡਿਸਅਲਾਓ ਹੁੰਦੀਆਂ ਰਹੀਆਂ ਹਨ ਪਰ ਅਸੀਂ ਕਹਿੰਦੇ ਹਾਂ ਕਿ ਇਹ ਪ੍ਰੈਸੀਡੈਂਟ ਟੁੱਟਣੇ ਚਾਹੀਦੇ ਹਨ ਔਰ ਅਹਿਮ ਮਾਮਲੇ ਤੇ ਐਡਜਰਨਮੈਂਟ ਮੋਸ਼ਨਜ਼ ਜਾਂ ਕਾਲ ਅਟੈਂਨਸ਼ਨ ਮੋਸ਼ਨਜ਼ ਅਲਾਓ ਹੋਣੀਆਂ ਚਾਹੀਦੀਆਂ ਹਨ। ਤੁਸੀਂ ਇਹ ਕਹਿ ਦਿਓ ਕਿ ਅਸੀਂ ਗਵਰਨਰ ਐਡਰੈਸ ਤੇ ਬਹਿਸ ਵੇਲੇ ਬੋਲ ਲਈਏ ਔਰ ਇਸ ਕਰਕੇ ਮੋਸ਼ਨ ਡਿਸਅਲਾਓ ਕਰ ਦਿੱਤੀ ਹੈ, ਇਹ ਠੀਕ ਨਹੀਂ ਹੈ।

ਚੇਅਰਮੈਨ ਸਾਹਿਬ, ਇਹ ਰੀਸੈਂਟ ਮਸਲਾ ਹੈ। ਰਾਜਪੁਰੇ ਵਿਚ ਮੀਟਿੰਗ ਕਰਕੇ ਬਾਹਰ ਨਿਕਲ ਰਹੇ ਵਰਕਰਾਂ ਤੇ, ਮਜ਼ਦੂਰਾਂ ਤੇ, ਮਿਲ ਮਾਲਕਾਂ ਨੇ, ਗੁੰਡਿਆਂ ਨੇ ਔਰ ਪੁਲਿਸ ਫੋਰਸ ਨੇ ਗੋਲੀਆਂ ਚਲਾਈਆਂ। (ਵਿਘਨ) (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ** : ਤੁਹਾਨੂੰ ਲਗਾਤਾਰ ਪੰਜ ਛੇ ਦਿਨ ਡਿਸਕੱਸ਼ਨ ਵਾਸਤੇ ਮਿਲਣੇ ਹਨ, ਤੁਸੀਂ ਉਸ ਵੇਲੇ ਇਹ ਗੱਲ ਕਰ ਸਕਦੇ ਹੋ। ਲਗਾਤਾਰ ਅੱਧਾ ਘੰਟਾ ਜਾਂ ਵੀਹ ਮਿੰਟ ਡਿਸਕੱਸ ਕਰ ਸਕਦੇ ਹੋ। ਇਹ ਤਾਂ ਤੁਸੀਂ ਪੁਆਇੰਟ ਆਫ ਆਰਡਰ ਨੂੰ ਮਿਸਯੂਜ਼ ਕਰਦੇ ਪਏ ਹੋ। (ਵਿਘਨ) (ਇਸ ਸਮੇਂ ਕਾਮਰੇਡ ਰਾਜ ਕੁਮਾਰ ਬੋਲਣ ਲਈ ਖੜ੍ਹੇ ਹੋਏ।)

**Mr. Chairman** : You are again discussing the motion. That I will not allow.

## WALK OUT

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਤੁਸੀਂ ਸਾਡੀ ਗੱਲ ਨਹੀਂ ਸੁਣਦੇ। ਬੜਾ ਅਹਿਮ ਮਸਲਾ ਹੈ। ਇਸ ਲਈ ਐਜ਼ ਏ ਪ੍ਰੋਟੈਸਟ ਅਸੀਂ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸੀ.ਪੀ.ਆਈ. (ਐਮ) ਦੇ, ਸਦਨ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰ, ਸਦਨ ਵਿਚੋਂ ਵਾਕ-ਆਊਟ ਕਰ ਗਏ।)

## POINT OF ORDER REG. ADJOURNMENT MOTION

**ਕਾਮਰੇਡ ਰਾਜ ਕੁਮਾਰ** : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧਿਆਨ Rule 50(1) of the rules of procedure and conduct of Business in the Punjab Vidhan Sabha ਰੂਲ ਦੀ ਤਰਫ ਦਿਵਾਉਂਦਾ ਹਾਂ। (ਵਿਘਨ) ਯਾਰ, ਜ਼ਰਾ ਗੱਲ ਤਾਂ ਕਰ ਲੈਣ ਦਿਉ। ਚੇਅਰਮੈਨ ਸਾਹਿਬ, ਮੈਂ ਇਹ ਰੂਲ ਪੜ੍ਹਦਾ ਹਾਂ।

> "The Speaker may allot half an hour for raising discussion on a matter of sufficient public importance which has been the subject of a recent question, oral or written, and the answer to which needs elucidation on a matter of fact................" (Interruption).

**ਸ੍ਰੀ ਸਭਾਪਤੀ** : ਰਾਜਕੁਮਾਰ ਜੀ, ਤੁਸੀਂ ਰੂਲ ਸਾਰਾ ਪੜ੍ਹੋ, ਅੱਧਾ ਨਾ ਪੜ੍ਹੋ। ਸਾਰਾ ਪੜ੍ਹਾਂਗੇ ਤਾਂ ਤੁਹਾਨੂੰ ਆਪ ਹੀ ਜਵਾਬ ਮਿਲ ਜਾਵੇਗਾ।

**Comrade Raj Kumar** : Sir, I again read it—

> "The Speaker may allot half an hour for raising discussion on a matter of sufficient public importance which has been the subject of a recent question, oral or written, and the answer to which needs elucidation on a matter of fact. Such discussion shall take place after the hour of interruption or after the conclusion of the business of the day, whichever is earlier."

My question is arising out of your decision. Decision in respect of very very important matters which are affecting the life of the people of the State. For instance, I tell you that the rate of N.P. khad has gone up from Rs. 110 to Rs. 137 per bag, Urea from Rs. 72.50 to Rs. 100, D.A.P. from Rs. 110 to Rs. 150, Potash from Rs. 42 to Rs. 57 and diesel from Rs. 165 to Rs. 240. Sir you have ** ** rejected our adjournment motion. You are saying that I should come to your Chamber. This is a matter of very urgent public importance.

**Mr. Chairman** : Don't try to cast any aspersions on the Chair.

ਕਾਮਰੇਡ ਸਾਹਿਬ, ਜ਼ੋਰ ਨਾਲ ਬੋਲਣ ਨਾਲ ਕੋਈ ਗੱਲ ਠੀਕ ਨਹੀਂ ਹੁੰਦੀ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

[Mr. Chairman ]

Please don't try to cast aspersions on the Chair.

ਅਗਰ ਕੋਈ ਕੀਤੀਆਂ ਹਨ ਤਾਂ ਉਹ ਕਾਰਵਾਈ ਵਿਚੋਂ ਕਢੀਆਂ ਜਾਣ। ਵੇਖੋ, ਹੁਣੇ ਹੀ ਗਵਰਨਰਜ਼ ਅਡਰੈਸ ਤੇ ਡਿਸਕਸ਼ਨ ਹੋਣੀ ਹੈ ਔਰ ਜਦੋਂ ਇਸ ਤਰ੍ਹਾਂ ਦੀ ਡਿਸਕਸਨ ਹੋਣੀ ਹੋਵੇ, ਔਰ ਇਸ ਤਰ੍ਹਾਂ ਦਾ ਮਾਮਲਾ ਹੋਵੇ ਤਾਂ ਉਸ ਬਾਰੇ ਐਡਜਰਨਮੈਂਟ ਮੋਸ਼ਨ ਹੋਵੇ ਜਾਂ ਕਾਲ ਅਟੈਨਸ਼ਨ ਮੋਸ਼ਨ ਹੋਵੇ ਤਾਂ ਉਨ੍ਹਾਂ ਬਾਰੇ ਗੱਲ ਗਵਰਨਰ ਐਡਰੈਸ ਤੇ ਡਿਸਕਸ਼ਨ ਵੇਲੇ ਕੀਤੀ ਜਾ ਸਕਦੀ ਹੈ। ਬਾਕੀ ਮੈਂ ਵੀ ਚਾਹੁੰਦਾ ਹਾਂ ਕਿ ਇਹ ਰੋਜ਼ ਦਾ ਝਗੜਾ ਨਿਬੜਨਾ ਚਾਹੀਦਾ ਹੈ। ਕੌਲ ਐਂਡ ਸਕਦਰ ਦੇ ਵੌਲਯੂਮ I, ਸਫ਼ਾ 423 ਤੇ ਇਸ ਤਰ੍ਹਾਂ ਦਿੱਤਾ ਹੈ:—

> "It has been held that an adjournment motion on a matter which can be raised during debate on the motion of thanks on the President's Address, budget discussion, motion on international situation, motion regarding a matter of public importance such as food policy, etc. to be held in the same session is not in order........"*(Interruption)* Please read out your Call Attention Notice.

**Comrade Raj Kumar :** Sir, the matter which I am raising is of very important nature. No thought has been applied in rejecting this Adjournment Motion.

**Mr. Chairman :** Please read out your Call Attention Notice, or should I call the next Member ?

**Comrade Raj Kumar :** Sir, my Call Attention Notice is on some different matter.

**Mr. Chairman :** But I will not allow any discussion. The decisions given by the Chair cannot be discussed. (Noise) Please read out your Call Attention Notice. If you are not interested then I may call the next Member. You can raise your issue during the discussion on Governor's Address.

**Comrade Raj Kumar :** Why the Adjournment Motion has been rejected, should I raise this question ? It will affect the people who have nothing to do with agriculture. I am telling you that this is a matter which is affecting the millions of our peasantry in the State.

**ਸ਼੍ਰੀ ਸਭਾਪਤੀ :** ਮੇਰੀ ਰਿਕੁਐਸਟ ਇਹ ਹੈ ਕਿ ਅਗਰ ਤੁਸੀਂ ਇਸ ਤਰ੍ਹਾਂ ਹੀ ਕਰਦੇ ਰਹੋਗੇ ਤਾਂ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕੋਗੇ।

**ਸਰਦਾਰ ਸੁਖਦੇਵ ਸਿੰਘ ਢੀਂਡਸਾ :** ਚੇਅਰਮੈਨ ਸਾਹਿਬ, ਇਸ ਹਾਊਸ ਦੀਆਂ ਰਵਾਇਤਾਂ ਹਨ ਅਤੇ ਜਦੋਂ ਸਰਦਾਰ ਰਵੀਇੰਦਰ ਸਿੰਘ ਸਪੀਕਰ ਸਨ ਤਾਂ ਵੀ ਇਹ ਰਵਾਇਤ ਸੀ ਕਿ ਜਦੋਂ ਕੋਈ ਐਡਜਰਨਮੈਂਟ ਮੋਸ਼ਨ ਰਿਜੈਕਟ ਕਰ ਦਿੱਤੀ ਜਾਂਦੀ ਸੀ ਤਾਂ ਉਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰ ਦਿੱਤਾ ਜਾਂਦਾ ਸੀ। ਇਸ ਦੇ ਨਾਲ ਹੀ ਜਿਸ ਦੀ ਤਰਫੋਂ ਐਡਜਰਨਮੈਂਟ ਮੋਸ਼ਨ ਹੁੰਦੀ ਸੀ ਉਸ ਨੂੰ 5—7 ਮਿੰਟ ਆਪਣੀ ਗੱਲ ਰਿਕਾਰਡ ਤੇ ਲਿਆਉਣ ਦੀ ਆਗਿਆ ਦਿੱਤੀ ਜਾਂਦੀ ਸੀ।

*Voices* : Never, never.

Original with;
Punjab Vidhan Sabha
Digitized by;
Punjab Digital Library

**ਸਰਦਾਰ ਸੁਖਦੇਵ ਸਿੰਘ ਢੀਂਡਸਾ :** ਮੈਂ ਬੇਨਤੀ ਕਰਾਂਗਾ ਕਿ ਇਹ ਬਹੁਤ ਇੰਪਾਰਟੈਂਟ ਮਸਲਾ ਹੈ ਇਸ ਲਈ ਜਾਂ ਤਾਂ ਇਸ ਐਡਜਰਨਮੈਂਟ ਮੋਸ਼ਨ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਬਦਲ ਦਿੱਤਾ ਜਾਵੇ ਜਾਂ ਫਿਰ ਇਹ ਐਡਮਿਟ ਕਰ ਲੈਣੀ ਚਾਹੀਦੀ ਹੈ।

**ਸ੍ਰੀ ਸਭਾਪਤੀ :** ਕੋਈ ਜ਼ਰੂਰੀ ਨਹੀਂ ਕਿ ਇਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਬਦਲਿਆ ਜਾਵੇ।

**ਸਰਦਾਰ ਸੁਰਜੀਤ ਸਿੰਘ ਬਰਨਾਲਾ :** ਚੇਅਰਮੈਨ ਸਾਹਿਬ, ਜਿਹੜੀ ਰੂਲਿੰਗ ਤੁਸੀਂ ਦੇ ਰਹੇ ਹੋ ਕਿ ਐਡਜਰਨਮੈਂਟ ਮੋਸ਼ਨ ਐਡਮਿਟ ਨਹੀਂ ਹੋ ਸਕਦੀ ਅਤੇ ਇਸ ਤੇ ਗਵਰਨਰ ਐਡਰੈਸ ਵੇਲੇ ਕਿਹਾ ਜਾ ਸਕਦਾ ਹੈ ਇਸ ਬਾਰੇ ਮੈਂ ਕਹਿੰਦਾ ਹਾਂ ਕਿ ਇਸ ਤਰਾਂ ਕਰਨ ਨਾਲ ਤਾਂ ਜੇ ਅਸੀਂ ਧਿਆਨ ਨਾਲ ਵੇਖੀਏ ਤਾਂ ਸਾਨੂੰ ਰੂਲਜ਼ ਵਿਚ ਅਮੈਂਡਮੈਂਟ ਲਿਆਉਣੀ ਪਵੇਗੀ ਕਿ ਐਡਜਰਨਮੈਂਟ ਮੋਸ਼ਨ ਐਡ-ਮਿਟ ਨਹੀਂ ਹੋ ਸਕਦੀ ਔਰ ਉਸ ਬਾਰੇ ਗਵਰਨਰ ਐਡਰੈਸ ਵੇਲੇ ਹੀ ਕਿਹਾ ਜਾ ਸਕਦਾ ਹੈ। ਪਰ ਪ੍ਰਚਲਤ ਰੂਲਜ਼ ਦੇ ਮੁਤਾਬਕ ਇਹ ਐਡਮਿਟ ਹੋ ਸਕਦੀ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਹ ਬੜਾ ਇੰਪਾਰਟੈਂਟ ਮਸਲਾ ਹੈ, ਇਸ ਨੂੰ ਜਾਂ ਤਾਂ ਐਡਮਿਟ ਕਰੋ ਜਾਂ ਫਿਰ ਇਸ ਨੂੰ ਕਾਲਅਟੈਨਸ਼ਨ ਮੋਸ਼ਨ ਵਿਚ ਬਦਲ ਦਿਓ। ਇਸ ਵਿਚ ਸਾਰੇ ਪੰਜਾਬ ਦੇ ਲੋਕ ਇਨਵਾਲਵਡ ਹਨ। ਖਾਦ ਦੇ ਭਾਅ ਵੱਧ ਗਏ ਹਨ ਅਤੇ ਤੇਲ ਦੇ ਭਾਅ ਵੱਧ ਗਏ ਹਨ। ਇਸ ਨਾਲ ਸਿਰਫ਼ ਐਗਰੀਕੱਲਚਿਰਸਟਸ ਤੇ ਹੀ ਅਸਰ ਨਹੀਂ ਪੈਂਦਾ ਬਲਕਿ ਆਮ ਲੋਕਾਂ ਤੇ ਵੀ ਇਸ ਦਾ ਅਫੈਕਟ ਪੈਂਦਾ ਹੈ। ਮਹਿਜ਼ ਇਹ ਕਹਿ ਦੇਣਾ ਕਿ ਇਸ ਨੂੰ ਗਵਰਨਰ ਐਡਰੈਸ ਤੇ ਬਹਿਸ ਕਰਨ ਵੇਲੇ ਕਹਿ ਲੈਣ, ਇਹ ਠੀਕ ਨਹੀਂ। ਜੇ ਇਸ ਤਰ੍ਹਾਂ ਹੋਵੇਗਾ ਤਾਂ ਸਾਨੂੰ ਪੰਜਾਬ ਦੇ ਲੋਕਾਂ ਦੀਆਂ ਜ਼ਰੂਰੀ ਗਲਾਂ ਕਹਿਣ ਦਾ ਵੀ ਮੌਕਾ ਨਹੀ ਮਿਲੇਗਾ।

**ਮੁੱਖ ਮੰਤਰੀ :** ਚੇਅਰਮੈਨ ਸਾਹਿਬ, ਮੈਂ ਇਹ ਗੱਲ ਮੰਨਦਾ ਹਾਂ ਕਿ ਜਿਹੜਾ ਮਸਲਾ ਕਾਮਰੇਡ ਰਾਜ ਕੁਮਾਰ ਜੀ ਨੇ ਉਠਾਇਆ ਹੈ ਉਹ ਬਹੁਤ ਗੰਭੀਰ ਮਸਲਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਲੇਕਿਨ ਇਹ ਮਸਲਾ ਗਵਰਨਰ ਐਡਰੈਸ ਤੇ ਡਿਸਕੱਸ਼ਨ ਕਰਨ ਵੇਲੇ ਉਠਾਇਆ ਜਾ ਸਕਦਾ ਹੈ। ਜੇ ਹੁਣ ਹੀ ਇਹ ਮਸਲਾ ਉਠਾਇਆ ਜਾਵੇ ਤਾਂ ਇਸ ਦੀ ਕੋਈ ਹੱਦ ਨਹੀਂ ਰਹੇਗੀ। ਇਸ ਲਈ ਹੁਣ ਹਾਊਸ ਦਾ ਵਕਤ ਜ਼ਾਇਆ ਨਹੀਂ ਕਰਨਾ ਚਾਹੀਦਾ।

**ਕਾਮਰੇਡ ਰਾਜ ਕੁਮਾਰ :** ** ** **

**ਸ੍ਰੀ ਸਭਾਪਤੀ :** ਕਾਮਰੇਡ ਰਾਜ ਕੁਮਾਰ ਜੀ ਜਿਹੜੀ ਗਲ ਬਗੈਰ ਇਜਾਜ਼ਤ ਦੇ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤੀ ਜਾਵੇ।

ਬਰਨਾਲਾ ਜੀ ਨੇ ਬਹੁਤ ਅੱਛੀ ਗੱਲ ਕਹੀ ਹੈ ਕਿ ਇਸ ਵਾਸਤੇ ਰੂਲਜ਼ ਨੂੰ ਬਦਲਣਾ ਪਵੇਗਾ। ਲੇਕਿਨ ਜਦੋਂ ਤਕ ਰੂਲਜ਼ ਬਦਲ ਨਹੀਂ ਜਾਂਦੇ ਚੇਅਰ ਤਾਂ ਉਨ੍ਹਾਂ ਰੂਲਜ਼ ਦੇ ਪਾਬੰਦ ਹੈ, ਉਸ ਨੇ ਤਾਂ ਉਸੇ ਮੁਤਾਬਿਕ ਹੀ ਕੰਮ ਕਰਨਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੁਆਇੰਟ ਆਫ਼ ਆਰਡਰ ਜਿੰਨੇ ਰੇਜ਼ ਕਰਨਾ ਚਾਹੁੰਦੇ ਹੋ ਕਰ ਲਓ ਪਰ ਇਸ ਤਰੀਕੇ ਨਾਲ ਅਸੀਂ ਆਪਣਾ ਵਕਤ ਗਵਾ ਲਵਾਂਗੇ। ਅੱਜ ਹੀ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਗਵਰਨਰ ਐਡਰੈਸ ਤੇ ਬੋਲਣਾ ਹੈ ਅਤੇ ਉਹ ਸਾਰੀ ਗਲ ਕਹਿ ਲੈਣਗੇ। ਹੁਣ ਤੁਸੀਂ ਹਾਊਸ ਦਾ ਟਾਈਮ ਨਾ ਗਵਾਓ ਅਤੇ ਕੰਮ ਨੂੰ ਅੱਗੇ ਚਲਾਓ। ਹੁਣ ਕਾਮਰੇਡ ਰਾਜ ਕੁਮਾਰ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹਣਗੇ। (ਸ਼ੋਰ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਜਿੰਦਰ ਸਿੰਘ ਖੈਰਾ:** ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅਸੀਂ ਵਕਤ ਗਵਾਉਣ ਵਾਸਤੇ ਹੀ ਇਥੇ ਆਏ ਹਾਂ (ਵਿਘਨ) (ਸ਼ੋਰ) ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਇਸ ਹਾਊਸ ਵਿਚ ਇਕੱਠੇ ਹੋਣ ਦਾ ਮਤਲਬ ਇਹ ਹੈ ਕਿ ਜੇ ਕੋਈ ਪੰਜਾਬ ਦੇ ਲੋਕਾਂ ਦੀ ਪਰਾਬਲਮ ਹੋਵੇ ਤਾਂ ਉਸ ਤੇ ਇਥੇ ਵਿਚਾਰ ਕਰੀਏ ਤਾਂਕਿ ਸਰਕਾਰ ਨੂੰ ਉਸ ਦਾ ਪਤਾ ਲਗੇ ਅਤੇ ਲੋਕਾਂ ਨੂੰ ਇਸ ਦਾ ਕੁਝ ਰਲੀਫ਼ ਮਿਲ ਸਕੇ। ਐਡਜਰਨਮੈਂਟ ਮੋਸ਼ਨ ਦਾ ਮਤਲਬ ਹੈ ਕਿ ਪਬਲਿਕ ਦੇ ਬਹੁਤ ਜ਼ਰੂਰੀ ਮਸਲੇ ਤੇ ਹਾਊਸ ਦੇ ਬਿਜ਼ਨੈਸ ਨੂੰ ਐਡਜਰਨ ਕਰਨਾ ਅਤੇ ਉਸ ਮਸਲੇ ਤੇ ਵਿਚਾਰ ਕਰਨਾ। ਜੇ ਅਸੀਂ ਇਸ ਮਸਲੇ ਤੇ ਆਪਣੇ ਵਿਚਾਰ ਰਖਾਂਗੇ ਸਾਡੀ ਸਰਕਾਰ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਵੇਗੀ ਤਾਂ ਹੀ ਸੈਂਟਰ ਦੀ ਸਰਕਾਰ ਇਸ ਮਸਲੇ ਨੂੰ ਸਮਝ ਸਕੇਗੀ ਅਤੇ ਉਹ ਇਸ ਨੂੰ ਹੱਲ ਕਰੇਗੀ। ਇਹ ਮਸਲਾ ਬਹੁਤ ਇੰਪਾਰਟੈਂਟ ਹੈ। ਗਵਰਨਰ ਐਡ-ਰੈਸ ਤੇ ਤਾਂ ਬਹਿਸ ਹੁੰਦੀ ਹੀ ਰਹਿੰਦੀ ਹੈ ਉਸ ਵੇਲੇ ਆਮ ਗੱਲਾਂ ਕਹੀਆਂ ਜਾ ਸਕਦੀਆਂ ਹਨ। ਗਵਰਨਰ ਐਡਰੈਸ ਤੇ ਬਹਿਸ ਤਾਂ ਤਿੰਨ ਦਿਨ ਹੁੰਦੀ ਰਹਿਣੀ ਹੈ ਪਰ ਇਹ ਮਸਲਾ ਤਾਂ ਬਹੁਤ ਇਪਾਰ-ਟੈਂਟ ਹੈ। ਮੈਂ ਸਮਝਦਾ ਹਾਂ ਕਿ ਇਸ ਨੂੰ ਹੁਣੇ ਹੀ ਡਿਸਕੱਸ ਕਰ ਲੈਣਾ ਚਾਹੀਦਾ ਹੈ ਅਤੇ ਇਸ ਵਿਚ ਕੋਈ ਹਰਜ਼ ਵਾਲੀ ਗੱਲ ਨਹੀਂ ਹੈ। ਜਾਂ ਫਿਰ ਇਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰ ਦਿਓ ਤਾਂਕਿ ਸਰਕਾਰ ਦਾ ਬਿਆਨ ਆ ਜਾਵੇ ਔਰ ਪੰਜਾਬ ਦੇ ਲੋਕਾਂ ਨੂੰ ਪਤਾ ਲਗੇ ਕਿ ਪੰਜਾਬ ਦੇ ਲੋਕਾਂ ਦੀ ਗੱਲ ਇਥੇ ਪਹੁੰਚ ਗਈ ਹੈ। ਫਿਰ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇਹ ਵੀ ਕਹਾਂਗਾ ਕਿ ਗਵਰਨਰ ਐਡਰੈਸ ਵਿਚ ਵੀ ਇਸ ਮਸਲੇ ਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਜੇ ਇਨ੍ਹਾਂ ਨੇ ਆਪ ਵੀ ਇਸ ਤੇ ਚਿੰਤਾ ਪ੍ਰਗਟ ਕੀਤੀ ਹੈ ਤਾਂ ਇਸ ਨੂੰ ਇਥੇ ਡਿਸਕਸ ਕਰ ਲੈਣ ਦਿਓ ਤਾਂਕਿ ਇਸ ਦਾ ਕੋਈ ਹੱਲ ਹੋ ਸਕੇ।

**ਸ੍ਰੀ ਸਭਾਪਤੀ**: ਰੈਪੀਟੀਸ਼ਨ ਨਾ ਕਰੋ। ਹੁਣ ਬੈਠ ਜਾਓ। ਇਹ ਠੀਕ ਹੈ ਕਿ ਜਿੰਨੀਆਂ ਲੋਕਾਂ ਦੀਆਂ ਸ਼ਿਕਾਇਤਾਂ ਹਨ ਉਹ ਹਾਊਸ ਵਿਚ ਆਉਣੀਆਂ ਚਾਹੀਦੀਆਂ ਹਨ ਪਰ ਇਹ ਗੱਲਾਂ ਹਾਊਸ ਦੇ ਸਾਹਮਣੇ ਲਿਆਉਣ ਵਾਸਤੇ ਗਵਰਨਰ ਐਡਰੈਸ ਤੇ ਬਹਿਸ ਕਰਨ ਵੇਲੇ ਕਹੀਆਂ ਜਾ ਸਕਦੀਆਂ ਹਨ। ਉਸ ਵੇਲੇ ਸਾਰੀ ਗੱਲ ਹੋ ਸਕਦੀ ਹੈ।

**ਸਰਦਾਰ ਰਵੀ ਇੰਦਰ ਸਿੰਘ**: ਚੇਅਰਮੈਨ ਸਾਹਿਬ, ਲੀਡਰ ਆਫ਼ ਦੀ ਹਾਊਸ ਨੇ ਇਹ ਬੜੇ ਸੁਚੱਜੇ ਢੰਗ ਨਾਲ ਮੰਨਿਆ ਹੈ ਕਿ ਇਹ ਗੰਭੀਰ ਮਸਲਾ ਹੈ। ਇਸ ਨੂੰ ਐਕਟੀਵੇਟ ਕਰਾਓ। (ਵਿਘਨ) ਚੇਅਰਮੈਨ ਸਾਹਿਬ, ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਾਮਰੇਡ ਰਾਜ ਕੁਮਾਰ ਜੀ ਨੇ ਜੋ ਮੋਸ਼ਨ ਦਿੱਤੀ ਹੈ ਉਸ ਤੇ ਚੀਫ਼ ਮਨਿਸਟਰ ਸਾਹਿਬ ਨੇ ਮੰਨਿਆ ਹੈ ਕਿ ਇਹ ਗੰਭੀਰ ਮਸਲਾ ਹੈ। ਇਸ ਦਾ ਕਨਸਰਨ ਸਾਰੇ ਪੰਜਾਬ ਦੇ ਲੋਕਾਂ ਨਾਲ ਹੈ ਅਤੇ ਜ਼ਿਮੀਦਾਰਾਂ ਨਾਲ ਹੈ। ਇਸ ਨੂੰ ਗਵਰਨਰ ਐਡਰੈਸ ਤੇ ਕਹਿਣਾ ਕੋਈ ਅਹਿਮੀਅਤ ਨਹੀਂ ਰੱਖਦਾ। ਫਿਰ ਲੀਡਰ ਆਫ਼ ਦੀ ਹਾਊਸ ਨੇ ਜੋ ਇਥੇ ਕਿਹਾ ਹੈ ਉਸ ਦਾ ਮਤਲਬ ਇਹ ਸੀ ਕਿ ਉਹ ਇਸ ਤੇ ਡਿਸਕਸ਼ਨ ਕਰਾਉਣ ਨੂੰ ਤਿਆਰ ਹਨ। ਇਸ ਲਈ ਇਸ ਨੂੰ ਕਿਸੇ ਵੀ ਸਮੇਂ ਗਵਰਨਰ ਐਡਰੈਸ ਤੋਂ ਪਹਿਲਾਂ ਜਾਂ ਉਸ ਦੇ ਮਗਰੋਂ ਰਖ ਲਵੋ ਤਾਂਕਿ ਇਸ ਤੇ ਵਿਚਾਰ ਹੋ ਸਕੇ। ਅੱਜ ਸ਼ਾਮ ਨੂੰ 2 ਘੰਟੇ ਲਈ ਹੀ ਇਸ ਤੇ ਡਿਸਕਸ਼ਨ ਰੱਖ ਲਵੋ। Let us have a discussion on a matter which is of extreme importance for Punjab and which is a matter, which has arisen circumstancially. Why should the Chair object to it; that is my submission.

**ਸ੍ਰੀ ਸਭਾਪਤੀ**: ਚੀਫ਼ ਮਨਿਸਟਰ ਸਾਹਿਬ ਨੇ ਜੋ ਕੁਝ ਕਿਹਾ ਹੈ ਉਹ ਮੈਂ ਵੀ ਸੁਣਿਆ ਹੈ। ਪਰ ਤੁਸੀਂ ਆਪਣੀ ਮਰਜ਼ੀ ਨਾਲ ਉਸ ਦੀ ਇੰਟਰਪਰਟੇਸ਼ਨ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ

Original with;
Punjab Vidhan Sabha
Digitized by;
Panjab Digital Library

ਗਵਰਨਰ ਐਡਰੈਸ ਦੀ ਬਹਿਸ ਵੇਲੇ ਇਹ ਸਾਰੇ ਪੁਆਇੰਟ ਰੇਜ਼ ਕੀਤੇ ਜਾ ਸਕਦੇ ਹਨ। ਇਸ ਲਈ ਹੁਣ ਸਾਨੂੰ ਅਗਲਾ ਬਿਜ਼ਨੈਸ ਟੇਕ ਅੱਪ ਕਰਨਾ ਚਾਹੀਦਾ ਹੈ ਔਰ ਹਾਊਸ ਦਾ ਸਮਾਂ ਨਹੀਂ ਗਵਾਉਣਾ ਚਾਹੀਦਾ, ਤਾਂਕਿ ਲੋਕਾਂ ਦੀ ਅਸੀਂ ਸੇਵਾ ਕਰ ਸਕੀਏ।

**Comrade Raj Kumar**: Let me submit again and again that two proposals have been made. One is conversion of this Adjournment Motion into Call Attention Motion and the other is fixing of half an hour discussion for this purpose. You may agree to any of these two proposals.

**ਸ੍ਰੀ ਸਭਾਪਤੀ**: ਰਾਜ ਕੁਮਾਰ ਜੀ, ਮੈਂ ਗੱਲ ਕੀਤੀ ਸੀ ਕਿ ਅਗਰ ਬਾਰ ਬਾਰ ਇਕ ਗੱਲ ਨੂੰ ਰਿਪੀਟ ਕਰਦੇ ਚਲੇ ਜਾਵਾਂਗੇ ਤਾਂ ਇਸ ਦਾ ਕੋਈ ਫਾਇਦਾ ਨਹੀਂ। (ਵਿਘਨ) (ਸ਼ੋਰ)

**ਸਰਦਾਰ ਹਰਚੰਦ ਸਿੰਘ** : ** ** **

ਸ੍ਰੀ ਸਭਾਪਤੀ : ਇਹ ਪਰੋਸੀਡਿੰਗਜ਼ ਦਾ ਹਿੱਸਾ ਨਾ ਬਣੇ।

(ਇਸ ਵੇਲੇ ਸਰਦਾਰ ਹਰਚੰਦ ਸਿੰਘ ਨੇ ਇਕ ਕਾਗਜ਼ ਲਿਆ ਕੇ ਸਦਨ ਦੀ ਮੇਜ਼ ਤੇ ਰਖਿਆ)

ਇਸ ਕਾਗਜ਼ ਦੇ ਮੇਜ਼ ਤੇ ਰਖਣ ਦੀ ਇਜਾਜ਼ਤ ਨਹੀਂ ਦਿਤੀ ਜਾਂਦੀ।

**ਸਰਦਾਰ ਦਿਲਬਾਗ ਸਿੰਘ** : ਯੂ.ਪੀ. ਗੌਰਮਿੰਟ ਤਾਂ ਖਾਦ ਉਤੇ ਕਿਸਾਨਾਂ ਨੂੰ ਸਬਸਿਡੀ ਦੇ ਰਹੀ ਹੈ ਪਰ ਇਥੇ ਮਾਰਕਫੈਡ ਦਾ ਮੈਨੇਜਰ ਗਾਇਬ ਹੈ। (ਵਿਘਨ) (ਸ਼ੋਰ) ਚੇਅਰਮੈਨ ਸਾਹਿਬ, ਇਹ ਖਾਦ ਦ ਇਕ ਬਹੁਤ ਗੰਭੀਰ ਮਸਲਾ ਹੈ। ਇਹ ਕਹਿਣਾ ਕਿ ਇਸ ਮਸਲੇ ਨੂੰ ਗਵਰਨਰ ਐਡਰੈਸ ਜਾਂ ਬਜਟ ਤੇ ਡਿਸਕਸ਼ਨ ਸਮੇਂ ਉਠਾਇਆ ਜਾ ਸਕਦਾ ਹੈ, ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਪੰਜਾਬ ਦੇ ਕਿਸਾਨਾਂ ਨਾਲ ਬਹੁਤ ਵੱਡਾ ਧੱਕਾ ਹੈ। (ਥੰਪਿੰਗ) ਤੁਸੀਂ ਇਸ ਤੇ ਬੋਲਣ ਲਈ ਟਾਈਮ ਨਹੀਂ ਦੇ ਰਹੇ। ਇਸ ਤਰ੍ਹਾਂ ਨਾਲ ਪੰਜਾਬ ਦੀ ਜੋ ਬਹੁਤ ਵੱਡੀ ਇੰਡਸਟਰੀ ਐਗਰੀਕਲਚਰ ਹੈ ਉਹ ਤਬਾਹ ਹੋ ਜਾਏਗੀ। ਇਸ ਨਾਲੋਂ ਹੋਰ ਕਿਹੜਾ ਵੱਡਾ ਮਸਲਾ ਹੈ ? ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। (ਵਿਘਨ)।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਚੇਅਰਮੈਨ ਸਾਹਿਬ, ਇਸ ਗਲ ਤੇ ਕਿਸੇ ਨੂੰ ਵੀ ਇਨਕਾਰ ਨਹੀਂ ਕਿ ਇਹ ਬਹੁਤ ਹੀ ਗੰਭੀਰ ਮਸਲਾ ਹੈ ਔਰ ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। ਚੇਅਰਮੈਨ ਸਾਹਿਬ, ਇਸ ਦਾ ਹੱਲ ਕਢਿਆ ਜਾ ਸਕਦਾ ਹੈ। ਲੀਡਰ ਆਫ ਦੀ ਹਾਊਸ ਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਇਸ ਤੇ ਦੋ ਘੰਟੇ ਡਿਸਕਸ਼ਨ ਰੱਖ ਲੈਣ। ਬੇਸ਼ੱਕ ਇਕ ਦਿਨ ਲਈ ਸੈਸ਼ਨ ਵਧਾ ਦੇਣ। ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਇਹ ਮਸਲਾ ਲਿਆਕੇ ਯਕੀਨ ਦਿਵਾਉਣ ਕਿ ਕਿਸੇ ਨਾਨ-ਆਫੀਸ਼ਿਅਲ ਡੇ ਤੇ ਇਸ ਤੇ ਡਿਸਕਸ਼ਨ ਹੋਵੇਗੀ। (ਵਿਘਨ)

**ਮੁੱਖ ਮੰਤਰੀ** : ਚੇਅਰਮੈਨ ਸਾਹਿਬ, ਮੈਂ ਜਦੋਂ ਪਹਿਲਾ ਉਠਿਆ ਸੀ ਤਾਂ ਕਿਹਾ ਸੀ ਕਿ ਇਹ ਮਸਲਾ ਬੜਾ ਗੰਭੀਰ ਹੈ। ਇਹ ਪੰਜਾਬ ਦੇ ਲੋਕਾਂ ਨਾਲ ਤੁਅੱਲਕ ਰਖਣ ਵਾਲਾ ਹੈ ਅਤੇ ਜ਼ਰੂਰੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਇਹ ਮਸਲਾ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਲਿਆ ਕੇ ਇਸ ਤੇ ਦੋ ਘੰਟੇ ਡਿਸਕਸ਼ਨ ਵਾਸਤੇ ਰੱਖ ਲਏ ਜਾਣਗੇ।

**ਸਰਦਾਰ ਰਵੀ ਇੰਦਰ ਸਿੰਘ** : ਚੇਅਰਮੈਨ ਸਾਹਿਬ, ਤੁਸੀਂ ਇਸ ਤੇ ਆਪਣੀ ਰੂਲਿੰਗ ਦਿਓ।

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ** : ਲੀਡਰ ਆਫ ਦੀ ਹਾਊਸ ਨੇ ਐਸ਼ੋਰੈਂਸ ਦਿਤੀ ਹੈ ਕਿ ਇਹ ਮਸਲਾ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਲਿਆ ਕੇ ਇਸ ਵਾਸਤੇ ਡਿਸਕਸ਼ਨ ਲਈ ਟਾਈਮ ਰਖਿਆ ਜਾਵੇਗਾ।

**ਸ੍ਰੀ ਸਭਾਪਤੀ** : ਰਾਜ ਕੁਮਾਰ ਜੀ, ਕਾਲ ਅਟੈਨਸ਼ਨ ਮੋਸ਼ਨ ਪੜ੍ਹੋ ।

---

## CALL ATTENTION NOTICES UNDER RULE 66 (*Resumption*)

(*Serial No.* 7)

**Comrade Raj Kumar :** Sir, I beg to draw the attention of the Government towards the matter of urgent public importance, namely, that there has been no drinking water for the last one month in Bit Kandi villages of Garshankar sub-Division Viz. Maira, Mehandiwani, Pandori, Bhdiar, Barapur, Kambala, Khurali and its Bastees known as Bassi and Kakowal Majri, Mehmood, Lehra, Khani and Lalwan due to failure of protected water supply scheme of the Government.

On 17th June, more than 2,000 persons sat on protest dharna in front of S.D.O. (Civil) office Garshankar demanding supply of drinking water. Even otherwise there is great resentment among the people of Garshankar Sub-Division. In view of the obvious importance of the matter, the Government is asked to make a statement in the House.

**Chief Minister** (Sardar Darbara Singh) : Sir, the supply of drinking water to the said Bit-Kandi villages of Garshankar Sub-Division viz., Maira, Mehandiwani, Pandori, Bhdiar, Barapur, Kambala, Khurali and its Bastees known as Bassi and Kakowal Majri, Mehmood, Lehra, Khani and Lalwan is generally regular except when there is a cut/breakdown in the electric supply.

In respect of Barapur, the pumping machinery failed in the beginning of June, 1980. This is a high head pump. Since no spare high head pump is maintained, a pumping set of lower head was installed and supply was maintained with low pressure. This unavoidable situation remained for about 15—20 days. However, the original pumping set has since been repaired and put into operation on 20/22nd June, 1980. Since then supply to these villages is being given regularly.

**A Voice :** You should have given the reply in Punjabi.

**Chief Minister** : Since the Call Attention Notice was read in English in the House, I have given the reply in English.

(ਕ੍ਰਮ ਨੰ. 13)

**ਸਰਦਾਰ ਦਲੀਪ ਸਿੰਘ ਪਾਂਧੀ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਕਿ ਰਾਜ ਭਰ ਵਿਚ ਬੜੀ ਮੁਸ਼ਕਲ ਨਾਲ ਕਿਸਾਨਾਂ ਨੇ ਡੀਜ਼ਲ/ਬਿਜਲੀ ਦੀ ਘਾਟ ਹੋਣ ਕਰਕੇ ਹਾੜੀ ਦੀ ਫਸਲ ਕਾਬੂ ਕੀਤੀ ਹੈ ਤੇ ਹੁਣ ਝੋਨੇ ਦੀ ਫਸਲ ਦੀ ਬਿਜਾਈ ਸਿਰ ਤੇ ਹੈ। ਪਰ ਮੀਂਹ ਨਾ ਪੈਣ ਕਰਕੇ ਪਾਣੀ ਦੀ ਵੀ ਘਾਟ ਹੈ ਤੇ ਮੋਟਰਾਂ ਦੀ ਬਿਜਲੀ ਥੋੜ੍ਹੀ ਹੋਣ ਕਰਕੇ ਪੂਰੀਆਂ ਨਹੀਂ ਚਾਲੂ ਤੇ ਡੀਜ਼ਲ ਦੀ ਪ੍ਰਾਪਤੀ ਵੀ ਬਹੁਤ ਘੱਟ ਹੈ। ਅਜਿਹਾ ਹੋਣ ਕਰਕੇ ਧਾਨ ਦੀ ਫਸਲ ਘੱਟ ਹੋਣ ਦੀ ਉਮੀਦ ਹੈ ਕਿਉਂਕਿ ਪੂਰੀ ਬਿਜਾਈ ਨਹੀਂ ਹੋ ਰਹੀ। ਜਿਸ

Original with;
Punjab Vidhan Sabha
Digitized by;
Panjab Digital Library

ਨਾਲ ਰਾਜ ਦੇ ਆਰਥਕ ਢਾਂਚੇ ਤੇ ਪੂਰਾ ਅਸਰ ਪਵੇਗਾ। ਇਸ ਬਿਜਲੀ, ਪਾਣੀ ਤੇ ਡੀਜ਼ਲ ਦੀ ਸਖਤ ਘਾਟ ਕਰਕੇ ਕਿਸਾਨ ਖਾਸ ਕਰਕੇ ਤੇ ਆਮ ਲੋਕ ਆਮ ਕਰਕੇ ਬਹੁਤ ਪਰੇਸ਼ਾਨ ਹਨ ਤੇ ਚਿੰਤਤ ਹਨ ਮੰਤਰੀ ਇਸ ਬਾਰੇ ਸ਼ੀਘਰ ਸਦਨ ਵਿਚ ਬਿਆਨ ਦੇਣ।

**ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ)** : ਡੀਜ਼ਲ ਅਤੇ ਬਿਜਲੀ ਕਾਰਨ ਕਿਸਾਨਾਂ ਲਈ ਪੈਦਾ ਹੋਈਆਂ ਸਮਸਿਆਵਾਂ ਪ੍ਰਤੀ ਪੰਜਾਬ ਸਰਕਾਰ ਪੂਰੀ ਤਰ੍ਹਾਂ ਸੁਚੇਤ ਹੈ। ਦਸਤਯਾਬ ਸਪਲਾਈ ਵਿਚੋਂ ਜ਼ਿਮੀਦਾਰਾਂ ਦੀਆਂ ਲੋੜਾਂ ਪਹਿਲ ਦੇ ਆਧਾਰ ਤੇ ਪੂਰੀਆਂ ਕਰਨ ਲਈ ਕਾਰਗਰ ਉਪਰਾਲੇ ਕੀਤੇ ਜਾ ਰਹੇ ਹਨ। ਦਸਤਯਾਬ ਡੀਜ਼ਲ ਦੀ 75% ਸਪਲਾਈ ਖੇਤੀ ਕਾਰਜਾਂ ਲਈ ਕੀਤੀ ਜਾ ਰਹੀ ਹੈ। ਇਥੇ ਇਹ ਦਸ ਦੇਣਾ ਵੀ ਯੋਗ ਹੋਵੇਗਾ ਕਿ ਮਈ ਅਤੇ ਜੂਨ, 1980 ਵਿਚ 1,18,300 ਕਿਲੋ ਲਿਟਰ ਡੀਜ਼ਲ ਪੰਜਾਬ ਵਿਚ ਵੇਚਿਆ ਗਿਆ ਜਦ ਕਿ ਸਾਲ 1979 ਦੇ ਇਨ੍ਹਾਂ ਮਹੀਨਿਆਂ ਦੌਰਾਨ 1,15,000 ਕਿਲੋ ਲੀਟਰ ਡੀਜ਼ਲ ਹੀ ਸਪਲਾਈ ਕੀਤਾ ਗਿਆ ਸੀ। ਇਸ ਤਰ੍ਹਾਂ ਇਸ ਸਾਲ 3% ਵਧੇਰੇ ਸਪਲਾਈ ਕੀਤੀ ਗਈ। ਜੁਲਾਈ, 1980 ਲਈ ਭਾਰਤ ਸਰਕਾਰ ਵਲੋਂ ਪੰਜਾਬ ਨੂੰ ਅਲਾਟ ਹੋਇਆ ਡੀਜ਼ਲ ਦਾ ਕੋਟਾ ਜੁਲਾਈ, 1979 ਦੇ ਮੁਕਾਬਲੇ 2% ਵੱਧ ਹੈ। ਵਧੇਰੇ ਸਪਲਾਈ ਕਰਨ ਲਈ ਉਪਰਾਲੇ ਕੀਤੇ ਜਾਣਗੇ।

2. ਸਾਉਣੀ ਦੀ ਇਸ ਫਸਲ ਦੌਰਾਨ ਟਿਊਬਵੈਲਾਂ ਨੂੰ ਸਾਉਣੀ 1979 ਵਾਂਗ ਹੀ 10–12 ਘੰਟੇ ਰੋਜ਼ਾਨਾ ਬਕਾਇਦਾ ਤੌਰ ਤੇ ਬਿਜਲੀ ਦਿਤੀ ਜਾਵੇਗੀ। ਬਿਜਲੀ ਨਾਲ ਚਲਣ ਵਾਲੇ ਟਿਊਬਵੈਲਾਂ ਦੀ ਗਿਣਤੀ ਵਿਚ ਇਸ ਸਾਲ 25,000 ਦਾ ਵਾਧਾ ਹੋ ਜਾਣ ਤੇ ਟਿਊਬਵੈਲਾਂ ਦੀ ਕੁਲ ਗਿਣਤੀ 2,26,000 ਹੋ ਜਾਣ ਦੇ ਬਾਵਜੂਦ ਵੀ ਬਿਜਲੀ ਸਪਲਾਈ ਦੀ ਇਹ ਪਧਰ ਕਾਇਮ ਰਖੀ ਜਾਵੇਗੀ। ਪੰਜਾਬ ਰਾਜ ਬਿਜਲੀ ਬੋਰਡ ਨੂੰ ਹਦਾਇਤ ਕੀਤੀ ਜਾ ਰਹੀ ਹੈ ਕਿ ਉਹ ਬਠਿੰਡਾ ਤਾਪ ਬਿਜਲੀ ਘਰ ਦਾ ਚੌਥਾ ਯੂਨਿਟ ਜਲਦੀ ਚਾਲੂ ਕਰ ਦੇਵੇ ਤਾਂ ਜੋ ਜੁਲਾਈ ਦੇ ਅੱਧ ਤੋਂ ਬਿਜਲੀ ਦੀ ਪੈਦਾਵਾਰ ਵਿਚ ਵਾਧਾ ਹੋ ਜਾਵੇ ਅਤੇ ਜ਼ਰਾਇਤੀ ਅਤੇ ਹੋਰ ਖੇਤਰਾਂ ਲਈ ਵਧੀਕ ਬਿਜਲੀ ਦਿਤੀ ਜਾ ਸਕੇ। ਇਸੇ ਤਰ੍ਹਾਂ ਅਗਲੇ 10 ਦਿਨਾਂ ਅੰਦਰ ਹੀ ਡੇਹਰ ਬਿਜਲੀ ਘਰ ਦਾ ਇਕ ਹੋਰ ਯੂਨਿਟ ਚਾਲੂ ਹੋ ਜਾਣ ਦੀ ਵੀ ਆਸ ਹੈ। ਫੀਲਡ ਤੋਂ ਪ੍ਰਾਪਤ ਹੋਈਆਂ ਰਿਪੋਟਾਂ ਅਨੁਸਾਰ ਝੋਨੇ ਦੀ ਕਾਸ਼ਤ ਅਧੀਨ ਰਕਬਾ ਪਿਛਲੇ ਸਾਲ ਦੇ 11.2 ਲੱਖ ਹੈਕਟੇਅਰ ਦੇ ਮੁਕਾਬਲੇ ਵਧ ਕੇ ਇਸ ਫਸਲ ਦੌਰਾਨ 12 ਲੱਖ ਹੈਕਟੇਅਰ ਹੋ ਜਾਵੇਗਾ। ਮੌਸਮ ਤੋਂ ਪਹਿਲਾਂ ਕੁਝ ਵਰਖਾ ਹੋ ਜਾਣ ਅਤੇ ਮੌਸਮ ਦੌਰਾਨ ਔਸਤ ਬਾਰਸ਼ ਹੋਣ ਦੀ ਸੰਭਾਵਨਾ ਅਤੇ ਸਿੰਜਾਈ ਸਹੂਲਤਾਂ ਨੂੰ ਧਿਆਨ ਵਿਚ ਰਖਦੇ ਹੋਏ ਆਸ ਹੈ ਕਿ ਇਸ ਸਾਲ ਝੋਨੇ ਦੀ ਪੈਦਾਵਾਰ ਵਿਚ ਕਾਫੀ ਵਾਧਾ ਹੋਵੇਗਾ।

**ਸਰਦਾਰ ਦਲੀਪ ਸਿੰਘ ਪਾਂਧੀ :** ਮੁੱਖ ਮੰਤਰੀ ਸਾਹਿਬ ਨੇ ਸਰਕਾਰੀ ਅਫਸਰਾਂ ਦੇ ਬਿਆਨ ਪੜ੍ਹ ਦਿਤੇ ਹਨ ਲੇਕਿਨ ਜੇ ਅਸਲੀਅਤ ਦੇਖੋ ਤਾਂ ਪਤਾ ਲਗਦਾ ਹੈ ਕਿ ਕਿਤੇ ਡੀਜ਼ਲ ਨਹੀਂ ਮਿਲਦਾ ਔਰ ਬਿਜਲੀ ਤੇ ਪੰਜਾਬ ਵਿਚ ਅਨਪ੍ਰੀਸੀਡੈਂਟਿਡ ਕੱਟ ਲਗਿਆ ਹੋਇਆ ਹੈ। ਹੁਣੇ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਇਸ ਸਬੰਧ ਵਿਚ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਪਰ ਇਥੇ ਬਿਜਲੀ ਦੀ ਬਹੁਤ ਘਾਟ ਹੈ ਔਰ ਪਾਣੀ ਦੀ ਬਹੁਤ ਘਾਟ ਹੈ। ਬਿਜਲੀ ਦੀ ਘਾਟ ਹੋਣ ਕਰਕੇ ਲੋਕਾਂ ਨੂੰ ਬਹੁਤ ਮੁਸ਼ਕਿਲ ਪੇਸ਼ ਆ ਰਹੀ ਹੈ। ਕਿਸੇ ਪਿੰਡ ਵਿਚ ਜਾ ਕੇ ਦੇਖ ਲਉ ਲੋਕਾਂ ਨੂੰ ਕਿੰਨੀ ਮੁਸ਼ਕਲ ਪੇਸ਼ ਆ ਰਹੀ ਹੈ। ਇਹ ਜੇ ਮੈਨੂੰ ਨਾਲ ਲਿਜਾਣਾ ਚਾਹੁਣ ਤਾਂ ਮੈਂ ਇਨ੍ਹਾਂ ਦੇ ਨਾਲ ਜਾਣ ਨੂੰ ਤਿਆਰ ਹਾਂ। ਪਿੰਡ ਦੇ ਲੋਕਾਂ ਨੇ ਹੋਰ ਤਰ੍ਹਾਂ ਦੀਆਂ ਫਸਲਾਂ ਬੀਜਣੀਆਂ ਸ਼ੁਰੂ ਕਰ ਦਿਤੀਆਂ ਹਨ। ਲੋਕਾਂ ਨੂੰ ਇਸ ਗੱਲ ਦੀ ਗਾਰੰਟੀ ਨਹੀਂ ਹੈ ਕਿ ਉਨ੍ਹਾਂ ਨੂੰ ਡੀਜ਼ਲ ਮਿਲੇਗਾ। ਅਗੇ ਇਹ ਲੋਕ ਚੋਰੀ ਛਿਪੇ ਯੂ.ਪੀ., ਦਿੱਲੀ ਜਾ ਕੇ ਤੇਲ ਲੈ ਆਉਂਦੇ ਸਨ ਪਰ ਇਹ ਰਸਤਾ ਵੀ ਉਨ੍ਹਾਂ ਦਾ ਬੰਦ ਹੋ ਗਿਆ ਹੈ। (ਵਿਘਨ) ਇਸ ਨਾਲ ਲੋਕ ਬੜੇ ਪ੍ਰੇਸ਼ਾਨ ਹਨ। ਕੀ ਇਨ੍ਹਾਂ ਲਈ ਡੀਜ਼ਲ ਦੀ ਸਪਲਾਈ ਕਰਨ ਵਾਸਤੇ ਕੋਈ ਗਾਰੰਟੀ ਦੇਣਗੇ ਤਾਂ ਕਿ ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਵਿਚਾਰੇ ਖੁਲ੍ਹੇ ਦਿਲ ਨਾਲ ਆਪਣੀ ਫਸਲ ਬੀਜ ਸਕਣ। ਇਸ ਵਲ ਮੁਖ ਮੰਤਰੀ ਸਾਹਿਬ ਖਾਸ ਤੌਰ ਤੇ ਦੱਸਣ ਕਿ ਕੀ ਕੋਈ ਪਰਬੰਧ ਹੋ ਜਾਏਗਾ ? (ਵਿਘਨ) ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਡੀਜ਼ਲ ਔਰ ਬਿਜਲੀ ਕਿੰਨੇ ਸਮੇਂ ਵਿਚ ਲੋਕਾਂ ਨੂੰ ਪੂਰੀ ਤਰ੍ਹਾਂ ਨਾਲ ਸਪਲਾਈ ਕੀਤੀ ਜਾਏਗੀ ?

**ਮੁੱਖ ਮੰਤਰੀ** : ਚੇਅਰਮੈਨ ਸਾਹਿਬ, ਮੈਂ ਜੋ ਇਸ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਦਿੱਤਾ ਹੈ, ਇਸ ਵਿਚ ਬੜੇ ਵਿਸਥਾਰ ਨਾਲ ਗੱਲ ਦੱਸੀ ਗਈ ਹੈ ਲੇਕਿਨ ਇਸ ਦੇ ਉਪਰੰਤ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਾਣੀ ਜੋ ਨਹਿਰਾਂ ਦਾ ਸੀ ਬਾਵਜੂਦ ਇਸ ਗੱਲ ਦੇ ਕਿ ਰਿਜ਼ਰਵਾਇਰ ਵਿਚ 60% ਪਾਣੀ ਰਹਿ ਗਿਆ ਹੈ ਅਸੀਂ ਫਿਰ ਵੀ ਜਿਹੜੇ ਟੈਂਪਰੇਰੀ ਸ਼ੂਟਸ ਹਨ ਇਨ੍ਹਾਂ ਇਲਾਕਿਆਂ ਨੂੰ ਜਿਹੜੀ ਅਲਕਲਾਇੰਡ ਵਿਚੋਂ ਟੀਚੇ ਮੁਕਰਰ ਕੀਤੇ ਹੋਏ ਸਨ ਉਨਾਂ ਵਿਚ ਕੋਈ ਘਾਟ ਨਹੀਂ ਆਉਣ ਦਿਆਂਗੇ ਔਰ ਪਾਣੀ ਬਾਕਾਇਦਾ ਉਨ੍ਹਾਂ ਨਹਿਰਾਂ ਵਿਚ ਜਾਏਗਾ। ਇਨ੍ਹਾਂ ਨੇ ਕਿਹਾ ਹੈ ਕਿ ਬਿਲਕੁਲ ਕੋਈ ਪੱਕਾ ਪਰਬੰਧ ਕਰ ਦੇਈਏ ਪਰ ਅਗਰ ਕਲ ਨੂੰ ਬਾਰਸ਼ਾਂ ਜ਼ਿਆਦਾ ਹੋ ਜਾਂਦੀਆਂ ਹਨ ਤਾਂ ਸ਼ਾਇਦ ਡੀਜ਼ਲ ਦੀ ਲੋੜ ਨਾ ਪਏ। ਜਿੰਨੇ ਘੰਟੇ ਬਿਜਲੀ ਦੇਣ ਵਾਸਤੇ ਮੈਂ ਆਪਣੇ ਜਵਾਬ ਵਿਚ ਕਿਹਾ ਹੈ, ਉਸ ਤੋਂ ਵੱਧ ਬਿਜਲੀ ਤਾਂ ਮਿਲ ਸਕਦੀ ਹੈ, ਪਰ ਘਟਣ ਦੀ ਆਸ ਨਹੀਂ ਹੈ। ਥਰਮਲ ਪਲਾਂਟ, ਬਠਿੰਡਾ ਦਾ ਸਿੱਕ ਯੂਨਿਟ ਜੋ ਹੈ, ਉਸ ਨੂੰ ਨਵਿਉਂ ਸਿਰਿਉਂ ਇਸ ਮਹੀਨੇ ਦੇ ਅੱਧ ਤਕ ਜ਼ਰੂਰ ਚਾਲੂ ਕਰਕੇ ਬਿਜਲੀ ਪੈਦਾ ਕੀਤੀ ਜਾਏਗੀ। ਉਸ ਨਾਲ ਅਸੀਂ ਸਪਲੀਮੈਂਟ ਕਰ ਸਕਾਂਗੇ ਅਤੇ ਜੋ ਘਾਟ ਹੈ ਉਸ ਨੂੰ ਪੂਰਾ ਕਰ ਸਕਾਂਗੇ। ਇਸ ਵਾਸਤੇ ਮੈਂ ਜੋ ਅਰਜ਼ ਕੀਤੀ ਹੈ ਇਹ ਕਾਫੀ ਵਿਸਥਾਰ ਨਾਲ ਦੱਸਿਆ ਹੈ। ਮੈਨੂੰ ਪਤਾ ਹੈ ਕਿ ਤੁਸੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਡੀਜ਼ਲ ਦੀ ਘਾਟ ਕਾਰਣ ਅੱਗੇ ਨਾਲੋਂ ਫਸਲ ਦਾ ਪੈਟਰਨ ਬਦਲ ਰਿਹਾ ਹੈ। ਪਰ ਇਸ ਤਰ੍ਹਾਂ ਪੈਟਰਨ ਬਦਲਣ ਲਈ ਕਾਫੀ ਸਮਾਂ ਦਰਕਾਰ ਹੈ। ਜਿੰਨਾਂ ਝੋਨਾ ਅੱਗੇ ਹੋਇਆ ਸੀ ਉਸ ਨਾਲੋਂ ਹੁਣ ਵੱਧ ਹੋਣ ਦੀ ਆਸ ਹੈ।

## PAPER LAID ON THE TABLE OF THE HOUSE

**Finance Minister** (Dr. Kewal Krishan) : Sir, I beg to lay on the Table the Punjab State Legislative Members (Pension and Medical Facilities Regulation) (First Amendment) Rules, 1979 as required under Section 5 (3) of the Punjab State Legislature Members (Pension and Medical Facilities Regulation) Act, 1977.

## DISCUSSION ON GOVERNOR'S ADDRESS

**Sardar Birdevinder Singh** (Sirhind) : Mr. Chairman, with your permission I beg to move—

That an Address be presented to the Governor in the following terms .—

"That the Members of this House assembled in this Session are deeply grateful to the Governor for the Address which he has been pleased to deliver to the House on the 2nd July, 1980."

ਚੇਅਰਮੈਨ ਸਾਹਿਬ, ਸਭ ਤੋਂ ਪਹਿਲਾਂ ਮੈਂ ਅਭਾਰੀ ਹਾਂ ਆਪਣੀ ਪਾਰਟੀ ਅਤੇ ਉਸ ਦੇ ਨੇਤਾ ਸਰਦਾਰ ਦਰਬਾਰਾ ਸਿੰਘ ਦਾ ਕਿ ਉਨ੍ਹਾਂ ਨੇ ਮੈਨੂੰ ਇਹ ਮਾਣ ਬਖਸ਼ਿਆ ਕਿ ਮੈਂ ਗਵਰਨਰ ਸਾਹਿਬ ਦੇ ਭਾਸ਼ਣ ਤੋਂ ਬਾਅਦ ਇਸ ਹਾਊਸ ਵਿਚ ਧੰਨਵਾਦ ਦਾ ਮਤਾ ਪੇਸ਼ ਕਰਾਂ ਅਤੇ ਉਨ੍ਹਾਂ ਵਲੋਂ ਦਿਤੀ ਹੋਈ ਤਕਰੀਰ ਤੇ ਆਪਣੇ ਵਲੋਂ ਵਿਚਾਰ ਪੇਸ਼ ਕਰਾਂ। ਕਿਸੇ ਸ਼ਾਇਰ ਨੇ ਗੱਲ ਕਹਿਣ ਦੇ ਢੰਗ ਤੇ ਅਤੇ ਤਕਰੀਰ ਕਰਨ ਦੇ ਢੰਗ ਤੇ ਦੋ ਲਾਈਨਾਂ ਬੜੀਆਂ ਖੂਬਸੂਰਤ ਆਖੀਆਂ ਹਨ:—

"ਸੁਨੀਏ ਐਸਾ ਕਿ ਕਹਿਨੇ ਵਾਲਾ ਉਭਰੇ,
ਕਹੀਏ ਐਸਾ ਕਿ ਬੈਠ ਜਾਏ ਮਨ ਮੇਂ।"

Original with;
Punjab Vidhan Sabha
Digitized by;
Panjab Digital Library

ਮੈਨੂੰ ਖੁਸ਼ੀ ਹੈ ਕਿ ਗਵਰਨਰ ਸਾਹਿਬ ਨੇ ਜੋ ਕੁਝ ਗੱਲ ਆਪਣੇ ਭਾਸ਼ਣ ਵਿਚ ਆਖਿਆ ਹੈ, ਉਸ ਦੀ ਇਕ ਇਕ ਸਤਰ ਇਨ੍ਹਾਂ ਦੋ ਸਤਰਾਂ ਤੇ ਪੂਰੀ ਢੁਕਦੀ ਹੈ। ਇਸ ਵਿਚ ਸਭ ਤੋਂ ਵੱਡਾ ਪਰਮਾਨ ਇਹ ਹੈ ਕਿ ਨਾਰਦਰਨ ਇੰਡੀਆ ਦੇ ਵਿਚ ਸਭ ਤੋਂ ਵੱਧ ਛਪਣ ਵਾਲਾ ਅਤੇ ਸਭ ਤੋਂ ਵਧ ਪਰਸਿੱਧੀ ਪ੍ਰਾਪਤ "ਦੈਨਿਕ ਪੱਤਰ" ਤੇ ਉਸ ਦੇ ਸੁਹਿਰਦ ਐਡੀਟਰ ਮਿਸਟਰ ਪ੍ਰੇਮ ਭਾਟੀਆ ਇਸ ਸਚਾਈ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨਣ ਤੇ ਮਜ਼ਬੂਰ ਹੋਏ ਹਨ। ਇਸ ਐਡਰੈਸ ਨੂੰ ਉਨ੍ਹਾਂ ਨੇ NEW BLUE PRINT FOR PUNJAB Tribune dated 3rd July, 1980 ਵਿਚ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਆਖਿਆ ਹੈ :-

> "So far as the Governor's Address is concerned, it goes to the credit of the new Government that it had already prepared a blueprint of substantial and concrete action for the future. The Chief Minister was sworn in only on June 7, but the plans uncovered in Mr. Hathi's Address show that the Government has made a real effort to identify the sector which need its immediate and long term attention. The field covered is large general administration, agriculture, industry, education and social welfare. The promise "to gear up the law and order administration" will be welcomed in the hope that the pledge will be kept even at the risk of political unpopularity. A reference is made to the State's proposal to the Centre for a suitable increase in the support price of paddy and restoration of the bonus on wheat. The suggestion to set up a separate directorate for village industries shown a desirable more, and the decision to extend the programme for building link roads will be greeted with genuine pleasure by hundreds of thousands of people who are so far denied this facility. There is a mention of certain new industries not very ambitious in scope but helpful all the same. The proposal to tackle the power situation by advancing the date for the completion of three projects is heartening."

ਮੇਰਾ ਇਹ ਪਹਿਲਾ ਮੌਕਾ ਹੈ ਇਸ ਮੁਅੱਜ਼ਜ਼ ਸਭਾ ਵਿਚ ਬਤੌਰ ਮੈਂਬਰ ਸਾਰੇ ਸਾਥੀਆਂ ਦੇ ਦਰਸ਼ਨ ਕਰਨ ਅਤੇ ਆਪਣੇ ਵਿਚਾਰ ਵਿਅਕਤ ਕਰਨ ਦਾ। ਅਕਸਰ ਇਹ ਸੁਣਿਆ ਕਰਦੇ ਸੀ ਕਿ ਵਿਧਾਨ ਸਭਾ ਵਿਚ ਪੰਜਾਬ ਦੇ ਲੋਕਾਂ ਦੀ ਤਕਦੀਰ, ਉਨ੍ਹਾਂ ਦੇ ਬੁਨਿਆਦੀ ਮਸਲੇ, ਉਨ੍ਹਾਂ ਦੀਆਂ ਬਦਨਸੀਬੀਆਂ ਦਾ ਜ਼ਿਕਰ ਅਤੇ ਵਰਨਣ ਬੜੇ ਠੀਕ ਢੰਗ ਨਾਲ ਸੁਣਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ। ਮੈਂ ਗਵਰਨਰ ਸਾਹਿਬ ਦਾ ਸਾਰਾ ਭਾਸ਼ਣ ਸੁਣਿਆ ਅਤੇ ਪੜ੍ਹਿਆ ਹੈ। ਪਰ ਇਕ ਗੱਲ ਦਾ ਬੜਾ ਅਫਸੋਸ ਹੈ ਕਿ ਗਵਰਨਰ ਸਾਹਿਬ ਵਲੋਂ ਕਹੀਆਂ ਗਈਆਂ ਗੱਲਾਂ ਆਪੋਜ਼ੀਸ਼ਨ ਬੈਂਚਿਜ਼ ਤੇ ਬੈਠਣ ਵਾਲੇ ਸਾਥੀਆਂ ਨੇ ਨਹੀਂ ਸੁਣੀਆ। ਉਨ੍ਹਾਂ ਨੂੰ ਚਾਹੀਦਾ ਸੀ ਕਿ ਗਵਰਨਰ ਸਾਹਿਬ ਦਾ ਭਾਸ਼ਣ ਸੁਣਦੇ। ਸਿਆਣਪ ਇਸੇ ਵਿਚ ਹੁੰਦੀ ਹੈ ਕਿ ਕਹੀ ਜਾ ਰਹੀ ਗੱਲ ਨੂੰ ਧਿਆਨ ਨਾਲ ਸੁਣਿਆ ਜਾਵੇ। (ਵਿਘਨ) (ਇਕ ਆਵਾਜ਼ : ਕੀ ਉਹ ਰਾਮ ਚੰਦਰ ਸੀ ?) (ਵਿਘਨ) ਮੇਰਾ ਖਿਆਲ ਹੈ ਕਿ ਡਿਸਕਸ਼ਨ ਵਿਚ ਕਿਸੇ ਧਰਮ ਦੇ ਮੁਖੀ ਦਾ ਨਾਮ ਲੈਣਾ ਮੁਨਾਸਿਬ ਨਹੀਂ। ਜੇ ਤੁਸੀਂ ਰਾਮ ਚੰਦਰ ਦਾ ਨਾਮ ਲੈਂਦੇ ਹੋ ਤਾਂ ਫਿਰ ਇਧਰੋਂ ਗੁਰੂ ਨਾਨਕ ਦਾ ਨਾਮ ਲੈਣਗੇ। ਤੁਸੀਂ ਗੀਤਾ ਦਾ ਨਾਮ ਲਵੋਗੇ ਤਾਂ ਇਧਰੋਂ ਗੁਰੂ ਗਰੰਥ ਸਾਹਿਬ ਦਾ ਨਾਮ ਲੈਣਗੇ। (ਤਾੜੀਆਂ) ਸਿਆਣਪ ਇਸੇ ਵਿਚ ਹੈ ਕਿ ਅਸੀਂ ਗੁਰੂਆਂ, ਪੀਰਾਂ, ਪੈਗੰਬਰਾਂ ਆਦਿ ਦਾ ਨਾਮ ਇਸ ਢੰਗ ਨਾਲ ਲਈਏ ਕਿ ਉਨ੍ਹਾਂ ਦਾ ਕੋਈ ਅਪਮਾਨ ਨਾ ਹੋਵੇ। (ਵਿਘਨ) ਇਹ ਠੀਕ ਹੈ ਕਿ ਸਿਆਣਾ ਵਿਅਕਤੀ ਉਹ ਹੁੰਦਾ ਹੈ ਜਿਹੜਾ ਕਿਸੇ ਦੀ ਗਲ ਧਿਆਨ ਨਾਲ ਸੁਣੇ ਅਤੇ ਆਪਣੀ ਗੱਲ ਧਿਆਨ ਨਾਲ ਆਖੇ। (ਵਿਘਨ) ਮੈਂ ਸਾਰਾ ਦਿਨ ਸੋਚਦਾ ਰਿਹਾ ਕਿ ਆਖਿਰ ਕੀ ਕਾਰਨ ਸੀ ਕਿ ਇਹ ਸਾਡੇ ਸਾਹਮਣੇ ਬੈਠੇ ਵੀਰ ਗਵਰਨਰ ਸਾਹਿਬ ਦੇ ਭਾਸ਼ਣ ਤੋਂ ਉਠਕੇ ਕਿਉਂ ਚਲੇ ਗਏ।

ਸ਼੍ਰੀ ਓਮ ਪ੍ਰਕਾਸ਼ ਗੁਪਤਾ .

**Mr. Chairman**: This is no point of order.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰਦਵਿੰਦਰ ਸਿੰਘ :** ਮੈਂ ਸਾਰਾ ਦਿਨ, ਸਾਰੀ ਰਾਤ ਸੋਚਦਾ ਰਿਹਾ ......... (ਵਿਘਨ)

**ਸਰਦਾਰ ਗੁਰਦੇਵ ਸਿੰਘ ਬਾਦਲ :**

**Mr. Chairman :** These remarks should be expunged.

**ਸਰਦਾਰ ਬੀਰਦਵਿੰਦਰ ਸਿੰਘ :** ਕਲ ਦਾ ਸਾਰਾ ਦਿਨ ਅਤੇ ਰਾਤ ਸੋਚਣ ਵਿਚ ਲੰਘ ਗਿਆ ਕਿ ਆਖਿਰ ਕਾਰਨ ਕੀ ਸੀ ਕਿ ਇਹ ਗਵਰਨਰ ਦੇ ਭਾਸ਼ਣ ਵੇਲੇ ਕਿਉਂ ਉਠਕੇ ਬਾਹਰ ਚਲੇ ਗਏ। ਆਖਿਰ ਮੈਂ ਇਸ ਨਤੀਜੇ ਤੇ ਪਹੁੰਚਿਆ ਕਿ ਇਨ੍ਹਾਂ ਵਿਚੋਂ ਕੁਝ ਸਾਥੀਆਂ ਨੇ ਪਿਛਲੀ ਸਰਕਾਰ ਦੇ ਵੇਲੇ ਕੁਝ ਪਰੇਮ ਪੱਤਰ ਗਵਰਨਰ ਸਾਹਿਬ ਨੂੰ ਲਿਖੇ ਸਨ, ਜਿਨ੍ਹਾਂ ਵਿਚ ਇਨ੍ਹਾਂ ਸਾਥੀਆਂ ਦੇ ਕਾਰ-ਨਾਮਿਆਂ ਦਾ ਜ਼ਿਕਰ ਸੀ। ਇਨ੍ਹਾਂ ਨੂੰ ਸ਼ਾਇਦ ਇਹ ਭੁਲੇਖਾ ਪੈ ਗਿਆ ਹੋਵੇਗਾ ਕਿ ਗਵਰਨਰ ਸਾਹਿਬ ਕਿਤੇ ਆਪਣੇ ਐਡਰੈਸ ਵਿਚ ਉਹ ਚਿੱਠੀ ਨਾ ਪੜ੍ਹਨੀ ਸ਼ੁਰੂ ਕਰ ਦੇਣ। (ਤਾੜੀਆਂ) ਸੋ ਇਸ ਕਰਕੇ ਉਹ ਐਂਬੇਰਸਮੈਂਟ ਨੂੰ ਅਵਾਇਡ ਕਰਨ ਵਾਸਤੇ ਉਹ ਬਾਹਿਰ ਚਲੇ ਗਏ (ਵਿਘਨ)।

ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਪੈਰਾ 2 ਵਿਚ ਬਿਆਨ ਕੀਤਾ ਹੈ ਕਿ ਪਿਛਲੇ 3 ਸਾਲਾਂ ਦੇ ਦੌਰਾਨ .........(ਵਿਘਨ)

**ਸਰਦਾਰ ਸੁਖਦੇਵ ਸਿੰਘ ਢੀਂਡਸਾ :**

**Mr. Chairman :** This is no point of order.

**Sardar Birdevinder Singh :** I have never written any letter.

ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਪੈਰਾ 2 ਵਿਚ ਫਰਮਾਇਆ ਹੈ :-

> "ਪਿਛਲੇ ਤਿੰਨਾਂ ਸਾਲਾਂ ਦੇ ਦੌਰਾਨ ਕਾਨੂੰਨ ਵਿਵਸਥਾ ਦੇ ਖੇਤਰ ਵਿਚ ਬੜੀ ਅਸਥਿਰਤਾ, ਆਰਥਿਕ ਹਾਲਤ ਵਿਚ ਮੰਦਹਾਲੀ, ਜ਼ਰੂਰੀ ਵਸਤਾਂ ਦੀ ਲਗਾਤਾਰ ਥੁੜ ਅਤੇ ਸਿੱਕੇ ਦੇ ਫੈਲਾਓ ਦਾ ਦਬਾ ਰਿਹਾ ਹੈ। ਇਸ ਤੋਂ ਵੀ ਵਧੀਕ ਦੁਖਦਾਈ ਗਲ ਇਹ ਹੈ ਕਿ ਉਸ ਵੇਲੇ ਦੀ ਸਿਆਸੀ ਖਿਚੋਤਾਣ, ਫਿਰਕੂ ਤਣਾਉ ਅਤੇ ਜ਼ਮਹੂਰੀ ਸਿਧਾਂਤਾਂ ਪ੍ਰਤੀ ਵੱਧ ਰਹੇ ਤ੍ਰਿਸਕਾਰ ਨੇ ਲੋਕਾਂ ਅਤੇ ਖਾਸ ਕਰ ਗਰੀਬਾਂ ਅਤੇ ਲਿਤਾੜੇ ਵਰਗਾਂ ਦੇ ਦਿਲਾਂ ਵਿਚ ਇਕ ਡੂੰਘਾ ਸਹਿਮ, ਮਾਯੂਸੀ ਅਤੇ ਨਿਰਾਸਤਾ ਦੀ ਭਾਵਨਾ ਪੈਦਾ ਕਰ ਦਿਤੀ ਸੀ।" ...............

ਮੈਂ ਸਮਝਦਾ ਹਾਂ ਕਿ ਗਵਰਨਰ ਸਾਹਿਬ ਦੇ ਇਸ ਪੈਰੇ ਨੂੰ ਪਿਛਲੇ ਤਿੰਨ ਸਾਲਾਂ ਵਿਚ ਜੋ ਅੰਕੜੇ .........(ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਸ਼ੇਰਾ :**

**ਸ੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਤੁਸੀਂ ਪੁਆਇੰਟ ਆਫ਼ ਆਰਡਰ ਨੂੰ ਮਿਸਯੂਜ਼ ਨਾ ਕਰੋ।

**ਸਰਦਾਰ ਬੀਰਦਵਿੰਦਰ ਸਿੰਘ:** ਚੇਅਰਮੈਨ ਸਾਹਿਬ, ਪਿਛਲੀ ਸਰਕਾਰ ਬੁਨਿਆਦੀ ਤੌਰ ਤੇ ਦੋ ਨਾਹਰਿਆਂ ਨੂੰ ਦੇ ਕੇ ਇਥੇ ਆਈ ਸੀ। ਸਭ ਤੋਂ ਵੱਡਾ ਨਾਹਰਾ ਉਨ੍ਹਾਂ ਨੇ ਇਕ ਤਾਂ ਲੋਕਾਂ ਨੂੰ ਇਹ ਦਿੱਤਾ

**Expunged as ordered by the chair.

Original with;
Punjab Vidhan Sabha
Digitized by;
Panjab Digital Library

ਕਿ ਪੇਂਡੂ ਵਿਕਾਸ ਦੀਆਂ ਯੋਜਨਾਵਾਂ ਨੂੰ ਪਹਿਲ ਦਿਤੀ ਜਾਵੇਗੀ ਔਰ ਪੇਂਡੂ ਵਿਕਾਸ ਕੀਤਾ ਜਾਵੇਗਾ। ਦੂਸਰੀ ਤਸੱਲੀ ਸ਼ਹਿਰ ਵਾਲੇ ਲੋਕਾਂ ਨੂੰ ਜਨਤਾ ਪਾਰਟੀ ਦੇ ਰਾਹੀਂ ਇਹ ਦਿਤੀ ਕਿ ਅਮਨ ਤੇ ਕਾਨੂੰਨ ਦੀ ਸੁਰਖਿਆ ਹੋਵੇਗੀ। ਕਿਸੇ ਕਿਸਮ ਦਾ ਕਮਿਊਨਲ ਵਾਦ-ਵਿਵਾਦ ਪੰਜਾਬ ਦੀ ਧਰਤੀ ਤੇ, ਗੁਰੂਆਂ ਰਿਸ਼ੀਆਂ ਅਤੇ ਮੁਨੀਆਂ ਦੀ ਧਰਤੀ ਤੇ ਨਹੀਂ ਛੇੜਿਆ ਜਾਵੇਗਾ ਔਰ ਹਰ ਗਰੀਬ ਨਿਮਾਣਾ, ਨਿਤਾਣਾ ਅਤੇ ਪਛੜਿਆ ਹੋਇਆ ਵਰਗ ਇਸ ਪਿਛਲੀ ਸਰਕਾਰ ਵਿਚ ਸੁਰਖਿਅਤ ਮਹਿਸੂਸ ਕਰੇਗਾ। ਲੇਕਿਨ, ਚੇਅਰਮੈਨ ਸਾਹਿਬ, ਅੰਕੜੇ ਇਸ ਗਲ ਦੇ ਗਵਾਹ ਹਨ। ਮੈਂ ਸੰਖੇਪ ਤੌਰ ਤੇ ਕੁਝ ਘਟਨਾਵਾਂ ਦਾ ਜ਼ਿਕਰ, ਚੇਅਰਮੈਨ ਸਾਹਿਬ, ਤੁਹਾਡੀ ਸੇਵਾ ਵਿਚ ਕਰਨਾ ਚਾਹੁੰਦਾ ਹਾਂ। ਪਿਛਲੀ ਸਰਕਾਰ ਨੇ ਲਗ ਭਗ 30 ਮਹੀਨੇ ਇਥੇ ਰਾਜ ਕੀਤਾ ਯਾਨੀ 900 ਦਿਨ ਰਾਜ ਕੀਤਾ ਔਰ ਇਨ੍ਹਾਂ 900 ਦਿਨਾਂ ਵਿਚ 1489 ਕਤਲ ਇਸ ਪੰਜਾਬ ਵਿਚ ਹੋਏ। (ਸ਼ੇਮ.ਸ਼ੇਮ) ਯਾਨੀ ਸਵੇਰ ਹੋਣ ਸਾਰ ਇਕ ਬੰਦਾ ਚਿਤ ਕਰ ਦਿਤਾ ਜਾਂਦਾ ਸੀ ਔਰ ਦੂਸਰੇ ਦੀ ਤਲਾਸ਼ ਵਿਚ ਤੁਰ ਪੈਂਦੇ ਸੀ। 1093 ਕਾਤਲਾਂਨਾਂ ਹਮਲੇ ਹੋਏ। (ਵਿਘਨ)

**ਸਰਦਾਰ ਬਲਵਿੰਦਰ ਸਿੰਘ ਭੂੰਦੜ :**

**ਸ਼੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ (ਵਿਘਨ) (ਸ਼ੋਰ) ਇੰਟ੍ਰਪਟ ਨਾ ਕਰੋ ।

**ਸਰਦਾਰ ਬੀਰਦਵਿੰਦਰ ਸਿੰਘ :** ਚੇਅਰਮੈਨ ਸਾਹਿਬ, ਇਹ ਠੀਕ ਹੈ ਕਿ ਜਿਸ ਘਟਨਾ ਦਾ ਜ਼ਿਕਰ ਭੂੰਦੜ ਸਾਹਿਬ ਨੇ ਕੀਤਾ ਹੈ ਉਹ ਤਾਂ ਇਥੇ ਨਹੀਂ ਹੋਇਆ ਲੇਕਿਨ ਇਹ ਜ਼ਰੂਰ ਹੋਇਆ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਨੂੰ ਸਰਹਿੰਦ ਵਿਖੇ ਕਿਸੇ ਘਰ ਦੇ ਵਿਚ ਘੇਰ ਕੇ ਉਸ ਦੇ ਘਰ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ। ਸਾਰੇ ਸਾਥੀਆਂ ਨੂੰ ਇਕੱਠੇ ਕਰਕੇ ਜਿਸ ਮਕਾਨ ਵਿਚ ਉਹ ਬੈਠੇ ਸਨ, ਉਸ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਗਈ । (ਵਿਘਨ)

**ਜੱਥੇਦਾਰ ਗੁਰਬਚਨ ਸਿੰਘ :** ਇਥੇ ਸਾਬਕਾ ਮੁੱਖ ਮੰਤਰੀ ਨੂੰ ਤੁਹਾਡੇ ਰਾਜ ਵਿਚ ਮਾਰਿਆ ਗਿਆ। ਸਰਦਾਰ ਪ੍ਰਤਾਪ ਸਿੰਘ ਕੈਰੋਂ ਦਾ ਦਿਨ ਦਿਹਾੜੇ ਕਤਲ ਕਰ ਦਿੱਤਾ ਗਿਆ ਸੀ। (ਵਿਘਨ)।

**ਸਰਦਾਰ ਬੀਰਦਵਿੰਦਰ ਸਿੰਘ :** ਚੇਅਰਮੈਨ ਸਾਹਿਬ, ਇਥੇ ਹੀ ਬਸ ਨਹੀਂ ਕਿ ਜਿਸ ਮਕਾਨ ਵਿਚ ਉਹ ਬੈਠੇ ਸਨ ਉਸ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਗਈ, ਇਥੋਂ ਤਕ ਕਿ ਉਨ੍ਹਾਂ ਦੇ ਇਕ ਸਾਥੀ ਦੀ ਦਸਤਾਰ ਸਾੜੀ ਗਈ .........(ਵਿਘਨ) ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਦੀ ਘਿਨੌਣੀ ਘਟਨਾ ਕਦੇ ਪੰਜਾਬ ਵਿਚ ਨਹੀਂ ਹੋਈ। ਇਨ੍ਹਾਂ ਦੇ ਰਾਜ ਵਿਚ ਇਕ ਸੂਬੇ ਦੇ ਸਾਬਕਾ ਮੁੱਖ ਮੰਤਰੀ ਵੀ ਮਹਿਫ਼ੂਜ਼ ਨਹੀਂ ਸਨ। (ਵਿਘਨ) ਜੇ ਤੁਸੀਂ ਇਸ ਨੂੰ ਮਾਮੂਲੀ ਘਟਨਾ ਸਮਝਦੇ ਹੋ ਤਾਂ ਫਿਰ ਰੱਬ ਰਾਖਾ ।

**ਪ੍ਰੋਫੈਸਰ ਬਲਵੰਤ ਸਿੰਘ :** ** ** **

**Mr. Chairman** It is not a point of order. Please do not misuse the point of order.

**ਸਰਦਾਰ ਬੀਰਦਵਿੰਦਰ ਸਿੰਘ :** ਚੇਅਰਮੈਨ ਸਾਹਿਬ, 1,093, ਕਾਤਲਾਨਾਂ ਹਮਲੇ ਪਿਛਲੀ ਸਰਕਾਰ ਦੇ ਅਹਿਦ ਵਿਚ ਹੋਏ । 5,515 ਕੁੱਟ ਮਾਰਾਂ ਹੋਈਆਂ , 788 ਮਾਸੂਮ ਬੱਚਿਆਂ ਅਤੇ ਔਰਤਾਂ ਦੇ ਉਧਾਲੇ ਹੋਏ। 3,863 ਖੋਹਾਂ ਹੋਈਆਂ ਅਤੇ 6,691 ਪੰਜਾਬ ਦੇ ਵਿਚ ਚੋਰੀਆਂ ਹੋਈਆਂ 55 ਥਾਵਾਂ ਤੇ ਮਜ਼੍ਹਬੀ ਫਸਾਦ ਹੋਏ ਯਾਨੀ ਹਰ ਮਹੀਨੇ 2 ਫਸਾਦ ਹੁੰਦੇ ਰਹੇ । 18,875 ਅਫੀਮ ਮਾਮਲੇ ਹੋਏ ਬਾਵਜੂਦ ਇਸ ਗਲ ਦੇ ਕਿ ਇਸ ਧੰਧੇ ਨੂੰ ਕੁਝ ਪੋਲੀਟੀਕਲ ਲੀਡਰਾਂ ਦੀ ਮਾਨਤਾ

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਵੀ ਹਾਸਲ ਸੀ। ਫਿਰ ਵੀ ਗਰੀਬ ਵਿਚਾਰੇ ਜਿਹੜੇ ਕਿਲੋ ਕਿਲੋ ਦਾ ਕੰਮ ਕਰਦੇ ਹਨ, ਉਹ ਫੜੇ ਗਏ. ਅਜੇ ਮੈਂ ਕੁਇੰਟਲਾਂ ਵਾਲਿਆਂ ਦਾ ਜ਼ਿਕਰ ਨਹੀਂ ਕੀਤਾ। ਫਿਰ 11,848 ਨਾਜਾਇਜ਼ ਅਸਲੇ ਦੇ ਕੇਸਿਜ਼ ਹੋਏ। ਪੰਜ-ਪੰਜ ਲਾਇਸੈਂਸ ਇਕ ਇਕ ਬੰਦੇ ਨੂੰ ਦਿਤੇ ਗਏ। ਲੇਕਿਨ ਚੇਅਰਮੈਨ ਸਾਹਿਬ, ਇਸ ਦੇ ਮੁਕਾਬਲੇ ਵਿਚ 425 ਭ੍ਰਿਸ਼ਟਾਚਾਰ ਨੂੰ ਰੋਕਣ ਦੇ ਸਿਰਫ ਯਤਨ ਹੋਏ ਯਾਨੀ very small figures in anti-corruption activities ਚੇਅਰਮੈਨ ਸਾਹਿਬ, ਪੱਤ ਲੁੱਟ ਅੰਕੜੇ ਮੈਂ ਇਸ ਕਰਕੇ ਨਹੀਂ ਦੇਣਾ ਚਾਹੁਦਾ ਕਿ ਅਗਰ ਇਸ ਤਰ੍ਹਾਂ ਦੀ ਕੋਈ ਇਕ ਘਟਨਾ ਵੀ ਵਾਪਰੇ ਤਾਂ ਇਹ ਬਹੁਤ ਮਾੜੀ ਹੈ, ਅਫਸੋਸਨਾਕ ਹੈ। ਬਾਕੀ ਇਕ ਗਲ ਮੈਂ ਚੇਅਰਮੈਨ ਸਾਹਿਬ, ਕਹਿਣੀ ਚਾਹੁਦਾ ਹਾਂ ਕਿ ਹਿੰਦੁਸਤਾਨ ਨੂੰ ਆਜ਼ਾਦ ਹੋਣ ਤੋਂ ਬਾਅਦ ਪੰਜਾਬ ਦੀ ਧਰਤੀ ਤੇ ਇਹ ਪਹਿਲਾ ਬਦਨਸੀਬ ਮੌਕਾ ਆਇਆ ਹੈ ਕਿ an Inspector General of Police was manhandled by the Police force.

ਬਾਵਰਦੀ ਪੁਲਿਸ ਦੇ ਜਰਨੈਲ ਨੂੰ ਪੁਲਿਸ ਫੋਰਸ ਵਲੋਂ ਬੇਇਜ਼ਤ ਕੀਤਾ ਗਿਆ ਹੈ। ਪੁਲਿਸ ਦੀ ਡਿਊਟੀ ਤੇ ਤਾਇਨਾਤ ਬਾਵਰਦੀ ਸਿਪਾਹੀਆਂ ਨੂੰ ਇਨ੍ਹਾਂ ਬਾਵਰਦੀ ਭਾਈਆਂ ਵਲੋਂ (ਅਪੋਜ਼ੀਸ਼ਨ ਪਾਰਟੀ ਵਲੋਂ ਇਸ਼ਾਰਾ ) ਬੇਇਜ਼ਤ ਕੀਤਾ ਗਿਆ। ਮੰਡੀ ਗੋਬਿੰਦਗੜ੍ਹ ਦੇ ਲੋਕੀਂ ਇਸ ਗਲ ਦੇ ਗਵਾਹ ਹਨ ਕਿ ਇਕ ਪੁਲਿਸ ਕੰਸਟੇਬਲ ਦੀ ਕਿਸ ਤਰ੍ਹਾਂ ਬੇਇਜ਼ਤੀ ਕੀਤੀ ਗਈ। ਮੈਂ ਖੁਦ ਗਵਾਹ ਹਾਂ ਪਟਿਆਲੇ ਦੇ ਕੇਸ ਵਿਚ ਜੋ ਅਨਾਰਦਾਨਾ ਚੌਂਕ ਵਿਚ ਰਾਤ ਨੂੰ ਸਿਪਾਹੀਆਂ ਤੇ ਹਮਲਾ ਹੋਇਆ। ਪੁਲਿਸ ਜਦੋਂ ਜਹਿਦ ਹੋਈ ਇਨ੍ਹਾਂ ਦੇ ਰਾਜ ਵਿਚ। ਸਾਰੇ ਹਿੰਦੁਸਤਾਨ ਵਿਚ ਪੁਲਿਸ ਨੇ ਜਦੋ ਜਹਿਦ ਕੀਤੀ। ਸਾਰੇ ਹਿੰਦੁਸਤਾਨ ਵਿਚ ਕਾਨੂੰਨ ਤੇ ਅਮਨ ਭੰਗ ਹੋਇਆ। ਸਾਰੇ ਦੇਸ਼ ਵਿਚ ਬਦਅਮਨੀ ਦਾ ਵਾਤਾਵਰਣ ਪੈਦਾ ਕਰਨ ਦਾ ਸਿਹਰਾ ਇਨ੍ਹਾ ਦੇ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਸਿਰ ਤੇ ਜਾਂਦਾ ਹੈ। ਇਕ ਤੋਂ ਬਾਅਦ ਦੂਸਰਾ ਵਾਕਿਆ ਹੁੰਦਾ ਰਿਹਾ। ਕਦੇ ਸਿਵਲ ਪੁਲਿਸ ਦੀ, ਕਦੇ ਆਰਮੀ ਪੁਲਿਸ ਦੀ ਔਰ ਕਦੇ ਸੈਂਟਰਲ ਰਿਜ਼ਰਵ ਪੁਲਿਸ ਦੀ ਹੜਤਾਲ ਹੋ ਗਈ। ਐਸਾ ਵਾਤਾਵਰਣ ਇਨ੍ਹਾਂ ਦੇ ਸਮੇਂ ਦੇਸ਼ ਵਿਚ ਪੈਦਾ ਹੁੰਦਾ ਰਿਹਾ। ਦੇਸ਼ ਦੀਆਂ ਫੌਜਾਂ ਨੂੰ ਸੰਗੀਨਾਂ ਲੈ ਕੇ ਐਸੇ ਮਾੜੇ ਪੈਦਾ ਹੋਏ ਹਾਲਾਤ ਨੂੰ ਰੋਕਣ ਦਾ ਯਤਨ ਕਰਨਾ ਪਿਆ, ਜਿਨ੍ਹਾਂ ਨੂੰ ਸਰਹੱਦਾਂ ਤੇ ਵੈਰੀਆਂ ਦੇ ਹਮਲਿਆਂ ਨੂੰ ਰੋਕਣ ਤੇ ਵਰਤਿਆ ਜਾਣਾ ਸੀ ਉਹ ਸੰਗੀਨਾਂ ਇਕ ਦੂਜੇ ਦੀਆਂ ਹਿੱਕਾਂ ਵਿਚ ਮਾਰੀਆ ਗਈਆਂ। ਇਹ ਹਾਲਾਤ ਇਨ੍ਹਾਂ ਦੀ ਸਰਕਾਰ ਦੇ ਦੌਰਾਨ ਹੋਏ।

ਇਸ ਪੰਜਾਬ ਵਿਚ ਐਸੇ ਮਸਲੇ ਹੋਏ, ਐਸੀਆਂ ਬਦਨਸੀਬ ਘਟਨਾਵਾਂ ਵਾਪਰੀਆਂ ਕਮਿਊਨਲ ਪਲੇਟ ਫਾਰਮਾਂ ਤੇ ਕਿ ਕਈ ਮਾਮਲਿਆਂ ਵਿਚ ਪੁਰਾਣੀ ਸਰਕਾਰ ਖੁਦ ਪਾਰਟੀ ਬਣ ਕੇ ਰਹਿ ਗਈ। ਚੇਅਰਮੈਨ ਸਾਹਿਬ, ਮੈਂ ਇਕ ਹੋਰ ਘਟਨਾ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਜਿਸ ਦੇ ਜ਼ਿਕਰ ਤੇ ਦਿਲ ਕੰਬਦਾ ਹੈ। ਮੇਰਾ ਮਤਲਬ ਮੇਰੇ ਅਜ਼ੀਜ਼ ਵਿਦਿਆਰਥੀਆਂ ਦੇ ਆਗੂ ਸਰਦਾਰ ਪ੍ਰਿਥੀਪਾਲ ਸਿੰਘ ਦੇ ਕਤਲ ਬਾਰੇ ਹੈ। ਉਸ ਨੌਜਵਾਨ ਦਾ, ਜਿਸ ਨੂੰ ਨੌਜਵਾਨਾਂ ਦੀ ਦਿਲ ਦੀ ਧੜਕਣ ਕਿਹਾ ਜਾਂਦਾ ਸੀ, ਲੁਧਿਆਣੇ ਵਰਗੇ ਸ਼ਹਿਰ ਵਿਚ ਕਤਲ ਕੀਤਾ ਗਿਆ।

**ਪ੍ਰੋਫੈਸਰ ਬਲਵੰਤ ਸਿੰਘ** : ਮੋਗੇ ਦੇ ਕਾਂਡ ਦਾ ਜਵਾਬ ਦਿਓ .........(ਵਿਘਨ)

**ਸਰਦਾਰ ਬੀਰਦਵਿੰਦਰ ਸਿੰਘ** : ਇਸ ਦਾ ਮਤਲਬ ਹੈ ਕਿ ਤੁਸੀਂ ਪ੍ਰਿਥੀਪਾਲ ਸਿੰਘ ਦੇ ਕਤਲ ਦੀ ਸਪੋਰਟ ਕਰਦੇ ਹੋ ... ...(ਵਿਘਨ)

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਪ੍ਰਿਥੀਪਾਲ ਸਿੰਘ ਨੂੰ ਵਸਦੇ ਸ਼ਹਿਰ ਵਿਚੋਂ ਜਿਸ ਢੰਗ ਨਾਲ ਚੁੱਕ ਕੇ ਲੈ ਗਏ ਅਤੇ ਜਿਸ ਬੇਰਹਿਮੀ ਨਾਲ ਉਸ ਦਾ ਕਤਲ ਕੀਤਾ, ਇਸ ਦਾ ਵਰਨਣ ਕਰਦਿਆਂ ਦਿਲ ਦੁੱਖਦਾ ਹੈ। ਇਸ ਦੇ ਪਿਛੇ ਸਿਆਸੀ ਤਾਕਤ ਦਾ ਹੱਥ ਸੀ ।

ਇਸ ਦੇ ਬਾਅਦ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਦਾ ਕਤਲ ਗੁਰਦੁਆਰੇ ਵਿਚ ਹੋਇਆ। ਸਰਾਏ ਨਾਗਾ ਦਾ ਵਾਕਿਆ ਹਾਲੇ ਭੁਲਿਆ ਨਹੀਂ ਸੀ।

ਸੁਨਾਮ ਵਿਚ ਦੋ ਮਾਸੂਮ ਬੱਚੇ ਜਿਨ੍ਹਾਂ ਦੀ ਉਮਰ 7, 8 ਸਾਲ ਦੀ ਸੀ 1978 ਵਿਚ ਉਧਾਲੇ ਗਏ। ਉਨ੍ਹਾਂ ਵਿਚੋਂ ਇਕ ਬੱਚੇ ਨੂੰ ਚੁੱਕ ਕੇ 60 ਹਜ਼ਾਰ ਰੁਪਏ ਦੀ ਰੈਨਸਮ ਮੰਗੀ ਗਈ। ਉਨ੍ਹਾਂ ਵਿਚੋਂ ਇਕ ਬੱਚੇ ਦੀ ਲਾਸ਼ ਮਿਲ ਗਈ, ਕਾਤਲ ਨਹੀਂ ਮਿਲੇ। ਦੂਜੇ ਬੱਚੇ ਦੀ ਲਾਸ਼ ਵੀ ਨਹੀਂ ਮਿਲੀ ਅਤੇ ਕਾਤਲ ਵੀ ਨਹੀਂ ਮਿਲੇ। ਇਸ ਕਿਸਮ ਦਾ ਵਾਤਾਵਰਣ ਸੀ ਇਨ੍ਹਾਂ ਦੀ ਸਰਕਾਰ ਦੇ ਵੇਲੇ।

ਇਸੇ ਤਰ੍ਹਾਂ ਅੰਮ੍ਰਿਤਸਰ ਅੱਡੇ ਦੀ ਘਟਨਾ ਹੈ। 1977 ਵਿਚ ਖੋਹ, ਲੁੱਟ ਕਰਨ ਵਾਲਿਆਂ ਨੇ ਦੋ ਚੌਕੀਦਾਰਾਂ ਦਾ ਕਤਲ ਅੰਮ੍ਰਿਤਸਰ ਬੱਸ ਅੱਡੇ ਤੇ ਕਰ ਦਿੱਤਾ ਸੀ। ਹੁਣ 1980 ਚਲ ਰਿਹਾ ਹੈ। ਪਿਛਲੀ ਸਰਕਾਰ ਦੇ ਸਾਰੇ ਅਹਿਦ ਵਿਚ ਉਸ ਗਰੀਬ ਦੇ ਕਾਤਲਾਂ ਦਾ ਪਤਾ ਨਹੀਂ ਚਲਿਆ। ਉਹ ਗਰੀਬ ਸੀ ਸ਼ਾਇਦ ਇਨ੍ਹਾਂ ਦੀ ਸਰਕਾਰ ਸਮਝਦੀ ਸੀ ਕਿ ਗਰੀਬਾਂ ਦੇ ਜਿੰਨੇ ਕਤਲ ਹੋ ਜਾਣ ਉਨ੍ਹਾਂ ਦਾ ਪਤਾ ਲਗਾਉਣ ਦੀ ਕੋਈ ਲੋੜ ਨਹੀਂ। 1977 ਤੋਂ ਇਨ੍ਹਾਂ ਦੇ ਅਹਿਦ ਦੇ ਅੰਤ ਤਕ ਉਹ ਕਾਤਲ ਗ੍ਰਿਫਤਾਰ ਨਹੀਂ ਹੋ ਸਕੇ । ਉਨ੍ਹਾਂ ਬਾਰੇ ਮੈਂ ਖਾਸ ਤੌਰ ਤੇ ਵਰਨਣ ਕਰਨਾ ਚਾਹੁੰਦਾ ਹਾਂ ਅਤੇ ਆਪਣੇ ਮੁੱਖ ਮੰਤਰੀ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਟੇਕ ਓਵਰ ਕਰਨ ਤੋਂ ਬਾਅਦ 26-6-1980 ਨੂੰ ਉਹ ਕਾਤਲ ਗ੍ਰਿਫਤਾਰ ਕਰ ਲਏ। ਯਾਨੀ ਤਿੰਨ ਸਾਲਾਂ ਤੋਂ ਲੁਕੇ ਹੋਏ ਇਨ੍ਹਾਂ ਨੇ 16, 17 ਦਿਨਾਂ ਵਿਚ ਗ੍ਰਿਫਤਾਰ ਕਰ ਲਏ। 16ਵੇਂ ਦਿਨ they were arrested. ਐਸੇ ਹਾਲਾਤ ਇਸ ਸੂਬੇ ਵਿਚ ਪੈਦਾ ਹੋਏ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਬਾਣੀ ਵਿਚ ਕਿਹਾ ਹੈ—

ਸ਼ਰਮ ਧਰਮ ਦੋਇ ਛਪ ਖਲੋਤੇ,
ਕੂੜ ਫਿਰੇ ਪ੍ਰਧਾਨ ਵੇ ਲਾਲੋ ।

ਫਿਰ—

ਕੂੜ ਅਮਾਵਸ ਸਚ ਚੰਦਰਮਾਂ,
ਦੀਸੇ ਨਾਹੀਂ ਕੈ ਚੜ੍ਹਿਆ ॥

ਅਤੇ—

ਹਉ ਭਾਲ ਵਿਕੁੰਨੀ ਹੋਈ,
ਅੰਧੇਰੇ ਰਾਹ ਨਾ ਕੋਈ ॥

ਇਸੇ ਤਰ੍ਹਾਂ ਜਦੋਂ ਪੰਜਾਬ ਦੇ ਲੋਕਾਂ ਨੂੰ ਕੋਈ ਰਸਤਾ ਨਾ ਲਭਿਆ ਤਾਂ ਉਨ੍ਹਾਂ ਨੇ ਇਨ੍ਹਾਂ ਸੇਵਾਦਾਰਾਂ (ਟਰੇਜ਼ਰੀ ਬੈਂਚਾਂ ਵਲ ਇਸ਼ਾਰਾ) ਨੂੰ ਸੇਵਾ ਕਰਨ ਦਾ ਮੌਕਾ ਦਿਤਾ।

ਇਸ ਤੋਂ ਬਾਅਦ ਇਨ੍ਹਾਂ ਦੀ ਆਈ. ਆਰ.ਡੀ.ਪੀ ਦਾ ਬੜਾ ਜ਼ਿਕਰ ਸੀ। ਇਨ੍ਹਾਂ ਨੇ ਕਿਹਾ ਕਿ ਅਸੀਂ ਪਿੰਡਾਂ ਦਾ ਸੰਗਠਤ ਵਿਕਾਸ ਕਰਾਂਗੇ । ਇਹ ਯੋਜਨਾਂ ਲਾਗੂ ਕੀਤੀ। ਅਸੀਂ ਵੀ ਅਖਬਾਰਾਂ ਵਿਚ ਪੜ੍ਹਦੇ ਰਹੇ। ਇਨ੍ਹਾਂ ਦੀ ਉਸ ਸਕੀਮ ਦਾ ਨਿਰੀਖਣ ਕਰਕੇ ਵੇਖੋ, ਪਤਾ ਚਲੇਗਾ ਕਿ ਉਸ ਦੀ ਕਿੰਨੀ ਇੰਪਲੀਮੈਂਟੇਸ਼ਨ ਹੋਈ। ਉਹ ਬਿਲਕੁਲ ਇਸ ਤਰ੍ਹਾਂ ਸੀ—

"ਬਹੁਤ ਸ਼ੋਰ ਸੁਨਤੇ ਥੇ ਪਹਿਲੂ ਮੇਂ ਦਿਲ ਕਾ,
ਜੋ ਚੀਰਾ ਤੋ ਕਤਰਾ ਏ ਖ਼ੂਨ ਨਿਕਲਾ।"

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਦਵਿੰਦਰ ਸਿੰਘ]

ਆਈ. ਆਰ. ਡੀ. ਪੀ. ਦੀ ਸਕੀਮ ਸਾਰੀ ਦੀ ਸਾਰੀ, ਸਰਕਾਰ ਸਾਰੀ ਦੀ ਸਾਰੀ, ਅਫ਼ਸਰ ਸਾਰੇ ਦੇ ਸਾਰੇ, ਯਾਨੀ ਪੈਸਾ ਸਾਰੇ ਦਾ ਸਾਰਾ ਇਸ ਗੱਲ ਤੇ ਲਾਮਬੰਦ ਕਰ ਦਿੱਤਾ ਕਿ ਅਸੀਂ ਇੰਟੈਗਰੇਟਿਡ ਰੂਰਲ ਡਿਵੈਲਪਮੈਂਟ ਪ੍ਰੋਗਰਾਮ ਲਾਗੂ ਕਰਨਾ ਹੈ। ਇਸ ਵਿਚ ਇਨ੍ਹਾਂ ਨੇ 302 ਕਰੋੜ ਰੁਪਏ ਦਾ ਪ੍ਰਬੰਧ ਕੀਤਾ, ਜੋ ਕਿ 5 ਸਾਲਾਂ ਵਿਚ ਖਰਚ ਕਰਨਾ ਸੀ ਔਰ 500 ਦੇ ਕਰੀਬ ਪਿੰਡ ਇਸ ਸਕੀਮ ਤਹਿਤ ਲਏ ਜਾਣੇ ਸਨ। ਪੰਜਾਬ ਵਿਚ 12 ਹਜ਼ਾਰ ਪਿੰਡ ਹਨ, ਜਿਨ੍ਹਾਂ ਦਾ ਪਹਿਲੀ ਸਰਕਾਰ ਵੇਲੇ ਤਰੀਕੇ ਨਾਲ ਸਰਵ-ਪੱਖੀ ਵਿਕਾਸ ਚਲ ਰਿਹਾ ਸੀ ਔਰ ਸਾਰੇ ਮਹਿਕਮੇ ਉਨ੍ਹਾਂ ਦੇ ਵਿਕਾਸ ਲਈ ਜੁਟੇ ਹੋਏ ਸਨ। ਇਨ੍ਹਾਂ ਦੀ ਸਰਕਾਰ ਨੇ ਸਭ ਤੋਂ ਪਹਿਲਾਂ ਇਹ ਕੰਮ ਕੀਤਾ ਕਿ 12,000 ਪਿੰਡਾਂ ਵਿਚੋਂ 11,500 ਪਿੰਡਾਂ ਨੂੰ ਇਗਨੋਰ ਕਰਕੇ ਕੇਵਲ 500 ਪਿੰਡ ਚੁਣ ਲਏ ਔਰ ਜੇ ਉਨ੍ਹਾਂ ਨੂੰ ਗੌਹ ਨਾਲ ਵੇਖੋ ਤਾਂ ਮੇਰਾ ਖਿਆਲ ਹੈ ਕਿ 75% ਪਿੰਡ ਐਸੇ ਹੋਣਗੇ ਜਿਨ੍ਹਾਂ ਦਾ ਇਸ ਸਕੀਮ ਤਹਿਤ ਕੋਈ ਹੱਕ ਨਹੀਂ ਬਣਦਾ ਸੀ। ਉਨ੍ਹਾਂ ਦਾ ਆਲਾ ਦੁਆਲਾ ਉਨ੍ਹਾਂ ਦੀ ਸੁਵਿਧਾ ਨੂੰ ਵੇਖ ਕੇ ਉਨ੍ਹਾਂ ਦੀ ਸਿਲੈਕਸ਼ਨ ਬਿਲਕੁਲ ਠੀਕ ਨਹੀਂ ਕੀਤੀ ਗਈ।

ਇਕ ਪਿੰਡ ਮੌਜਗੜ੍ਹ ਹੈ, ਸਾਡੇ ਹਾਊਸ ਦੇ ਪੁਰਾਣੇ ਮੈਂਬਰ ਹੁੰਦੇ ਸੀ, ਸ੍ਰੀ ਬਲਰਾਮ ਜੀ, ਇਹ ਉਨ੍ਹਾਂ ਦਾ ਪਿੰਡ ਹੈ। ਉਹ ਉਸ ਵੇਲੇ ਆਪੋਜ਼ੀਸ਼ਨ ਵਿਚ ਹੁੰਦੇ ਸੀ। ਉਨ੍ਹਾਂ ਦਾ ਪਿੰਡ ਮੌਜਗੜ੍ਹ 1978 ਵਿਚ ਟੇਕ ਅੱਪ ਕੀਤਾ ਆਰ. ਆਈ. ਡੀ. ਪੀ ਵਿਚ ਔਰ ਫ਼ਿਰ ਕੈਂਸਲ ਕਰ ਦਿੱਤਾ। ਫਿਰ 1979 ਵਿਚ ਲਿਆ ਫਿਰ ਕੈਂਸਲ ਕਰ ਦਿੱਤਾ। ਹੁਣ 1980 ਆ ਗਿਆ ਔਰ ਇਹ ਇਧਰ ਆ ਗਏ ਉਹ ਪ੍ਰੋਗਰਾਮ ਜਿਸ ਲਈ 5 ਸਾਲਾਂ ਵਿਚ 302 ਕਰੋੜ ਰੁਪਏ ਖਰਚ ਕਰਨੇ ਸੀ ਅਤੇ ਇਸ ਸਰਕਾਰ ਦੀ ਨੁਮਾਇੰਦਗੀ ਮਰਕਜ਼ ਦੀ ਸਰਕਾਰ ਵਿਚ ਵੀ ਸੀ ਯਾਨੀ ਇਹ ਵੀ ਸੈਂਟਰ ਵਿਚ ਹਿੱਸੇਦਾਰ ਸਨ ਇਨ੍ਹਾਂ ਦੇ ਵੀ ਦੋ ਵਜ਼ੀਰ ਮਰਕਜ਼ ਦੀ ਸਰਕਾਰ ਵਿਚ ਸ਼ਾਮਲ ਕੀਤੇ ਗਏ ਸਨ, ਇਸ 302 ਕਰੋੜ ਰੁਪਏ ਦੀ ਯੋਜਨਾ ਵਿਚ ਪਿਛਲੀ ਕੇਂਦਰੀ ਸਰਕਾਰ ਨੇ ਇਕ ਨਵੇਂ ਪੈਸੇ ਦਾ ਯੋਗਦਾਨ ਨਹੀਂ ਪਾਇਆ। ਮੇਰੇ ਵੀਰ ਉਸ ਕੇਂਦਰ ਦੀ ਸਰਕਾਰ ਨੂੰ ਜਿਸ ਵਿਚ ਇਹ ਹਿੱਸੇਦਾਰ ਸਨ, ਇਸ ਗਲ ਤੇ ਕਨਵਿੰਸ ਨਹੀਂ ਕਰਾ ਸਕੇ ਕਿ ਇਨ੍ਹਾਂ ਨੇ ਇਕ ਚੰਗੀ ਯੋਜਨਾ ਬਣਾਈ ਹੈ। ਇਨ੍ਹਾਂ ਨੇ ਆਪਣੇ 30 ਮਹੀਨਿਆਂ ਵਿਚ 98 ਕਰੋੜ ਰੁਪਏ ਖਰਚ ਕਰਨੇ ਸਨ ਪਰ ਖਰਚ ਕੀਤੇ ਸਿਰਫ 19 ਕਰੋੜ ਰੁਪਏ। ਉਸ 19 ਕਰੋੜ ਰੁਪਏ ਵਿਚੋਂ 12 ਕਰੋੜ ਰੁਪਏ ਅਦਰ ਰਿਸੋਰਸਿਜ਼ ਤੋਂ ਯਾਨੀ ਬੈਂਕਾਂ ਆਦਿ ਤੋਂ ਲੈਕੇ ਖਰਚ ਕੀਤੇ ਅਤੇ ਪੰਜਾਬ ਦੀ ਸਰਕਾਰ ਨੇ ਕੇਵਲ 7 ਕਰੋੜ ਰੁਪਏ ਖਰਚ ਕੀਤੇ। ਤੁਸੀਂ ਵੇਖੋ 302 ਕਰੋੜ ਰੁਪਏ ਦੀ ਯੋਜਨਾਂ ਲਈ 3 ਸਾਲਾਂ ਵਿਚ ਸਿਰਫ਼ 7 ਕਰੋੜ ਰੁਪਏ ਖਰਚ ਕੀਤੇ ਔਰ ਇਹ ਕਹਿੰਦੇ ਹਨ ਕਿ ਇਹ ਪਿੰਡਾਂ ਦਾ ਵਿਕਾਸ ਕਰ ਰਹੇ ਹਨ। ਪਿੰਡਾਂ ਦੀ ਸਿਲੈਕਸ਼ਨ ਕਿਵੇਂ ਹੋਈ ? ਮੈਂ ਆਪਣੇ ਜ਼ਿਲ੍ਹੇ ਦੇ ਦੋ ਪਿੰਡਾਂ ਦਾ ਜ਼ਿਕਰ ਕਰਦਾ ਹਾਂ। ਉਹ ਦੋ ਪਿੰਡ ਐਸੇ ਹਨ ਜਿਨ੍ਹਾਂ ਦੀ ਇਕ ਦਿਨ ਵਿਚ ਦੋ, ਦੋ, ਤਿੰਨ, ਤਿੰਨ ਵਾਰ ਸਿਲੈਕਸ਼ਨ ਹੋਈ ਅਤੇ ਫਿਰ ਰਿਜੈਕਸ਼ਨ ਹੋਈ। ਜੇ ਇਕ ਪਿੰਡ ਵਿਚੋਂ ਲੰਘ ਗਏ ਅਤੇ ਜੈਕਾਰਾ ਲੋਕਾਂ ਨੇ ਬੋਲ ਦਿੱਤਾ ਤਾਂ ਕਹਿ ਦਿੱਤਾ ਕਿ ਇਹ ਪਿੰਡ ਸਿਲੈਕਟਿਡ ਦੂਜੇ ਪਿੰਡ ਵਿਚ ਸੰਗਤਾਂ ਖੜੀਆਂ ਮਿਲ ਗਈਆਂ ਤਾਂ ਕਹਿ ਦਿੱਤਾ ਕਿ ਇਹ ਪਿੰਡ ਸਿਲੈਕਟਿਡ ਫਿਰ ਇਕ ਡੈਪੂਟੇਸ਼ਨ ਚਲਾ ਗਿਆ ਤਾਂ ਕਹਿ ਦਿੱਤਾ ਕਿ ਉਹ ਪਿੰਡ ਕੈਂਸਲਡ। ਦੋ ਪਿੰਡ ਸਨ ਬੁਢਾਲੀ ਆਲਾ ਅਤੇ ਪੀਰੂਕੇ। ਇਹ ਦੋ ਐਸੇ ਪਿੰਡ ਹਨ ਜਿਨ੍ਹਾਂ ਦੀ ਢਾਈ ਸਾਲਾਂ ਵਿਚ ਸਿਲੈਕਸ਼ਨ ਨਹੀਂ ਹੋ ਸਕੀ। ਜੇ ਬੁਢਾਲੀ ਦੇ ਲੋਕ ਚਲੇ ਗਏ ਤਾਂ ਪੀਰਜੈਨ ਨੂੰ ਠੂਠ ਦਿਖਾ ਦਿੱਤਾ, ਦੂਜੇ ਨੂੰ ਸਿਲੈਕਟ ਕਰ ਲਿਆ ਅਤੇ ਇਸੇ ਤਰ੍ਹਾਂ ਦੂਜੇ ਪਿੰਡ ਵਾਲਿਆ ਨਾਲ ਹੋਇਆ। ਢਾਈ ਸਾਲਾਂ ਵਿਚ ਉਨ੍ਹਾਂ ਦੀ ਸਿਲੈਕਸ਼ਨ ਨਹੀਂ ਹੋ ਸਕੀ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਡੇਹਲੋਂ ਬਲਾਕ ਵਿਚ ਇਕ ਗੋਪਾਲ ਪੁਰ ਪਿੰਡ ਹੈ ਅਤੇ ਗੁਪਾਲਪੁਰ ਡੇਹਲੋਂ ਤੋਂ ਸਾਰਾ ਦੋ ਫਰਲਾਂਗ ਤੇ ਹੈ ਉਥੇ ਇਨ੍ਹਾਂ ਦੇ ਵਜ਼ੀਰ ਨੇ ਉਦਘਾਟਨ ਕੀਤਾ ਸੀ। ਡੇਹਲੋਂ ਬਲਾਕ ਵਿਚ ਸਾਰੀਆਂ ਸੁਵਿਧਾਵਾਂ ਹਨ। ਉਥੇ ਹਸਪਤਾਲ ਹੈ, ਸਕੂਲ ਹੈ, ਬੈਂਕ ਹੈ, ਥਾਣਾ ਹੈ, ਡਾਕਘਰ ਹੈ, ਡੰਗਰਾਂ ਦਾ ਹਸਪਤਾਲ ਹੈ। ਛੇ ਸੜਕਾਂ ਨਾਲ ਡੇਹਲੋਂ ਬਲਾਕ ਸਾਰੇ ਪਾਸਿਉਂ ਜੁੜਿਆ ਹੋਇਆ ਹੈ। ਪਰ ਡੇਢ ਫਰਲਾਂਗ ਦੀ ਵਿੱਥ ਤੇ ਇਨ੍ਹਾਂ ਮੇਰੇ ਵੀਰਾਂ ਨੇ ਫੋਕਲ ਪੁਆਇੰਟ ਬਣਾ ਦਿੱਤਾ ਹੈ। ਇਸ ਦਾ ਨਤੀਜਾ ਕੀ ਹੋਇਆ ਅੱਜ ਉਸ ਫੋਕਲ ਪੁਆਇੰਟ ਦੀ ਲਾਸ਼ ਨੂੰ ਵੇਖ ਕੇ ਦੁੱਖ ਹੁੰਦਾ ਹੈ ਕਿ ਉਥੇ ਪੰਜਾਬ ਦੇ ਲੋਕਾਂ ਦਾ ਸਰਮਾਇਆ ਕਿਸ ਬੇਦਰਦੀ ਨਾਲ ਲੁਟਾਇਆ ਗਿਆ ਹੈ। ਉਥੇ ਕੁਝ ਖਾਨਾ ਬਦੋਸ਼ ਰਹਿੰਦੇ ਹਨ। ਪਿੰਡਾਂ ਦੀਆਂ ਬੁੜ੍ਹੀਆਂ ਨੇ ਉਨ੍ਹਾਂ ਕਮਰਿਆਂ ਦੀਆਂ ਕੰਧਾਂ ਤੇ ਪਾਥੀਆਂ ਲਾਈਆਂ ਹੋਈਆਂ ਹਨ। ਪਿੰਡ ਦੇ ਆਵਾਰਾ ਪਸ਼ੂ ਰਾਤ ਨੂੰ ਉਥੇ ਰਹਿੰਦੇ ਹਨ। ਇਹ ਹਾਲਾਤ ਹੈ ਗੋਪਾਲਪੁਰ ਦੇ ਫੋਕਲ ਪੁਆਇੰਟ ਦੀ। ਇਹ ਹਾਲਤ ਹੈ ਇਨ੍ਹਾਂ ਦੀ ਆਈ. ਆਰ ਡੀ. ਪੀ. ਸਕੀਮ ਦੀ ਬਾਕੀ ਮੈਨੂੰ ਚੇਅਰਮੈਨ ਸਾਹਿਬ ਖੁਸ਼ੀ ਹੈ ਕਿ ਸਾਡੀ ਸਰਕਾਰ ਨੇ ਅਤੇ ਗਵਰਨਰ ਸਾਹਿਬ ਦੇ ਭਾਸ਼ਨ ਵਿੱਚ ਵੀ ਇਹ ਜ਼ਿਕਰ ਕੀਤਾ ਹੈ ਕਿ ਆਉਣ ਵਾਲੇ ਪੰਜਾਂ ਸਾਲਾਂ ਵਿਚ ਹਰ ਪਿੰਡ ਦੀਆਂ ਗਲੀਆਂ ਅਤੇ ਨਾਲੀਆਂ ਅਤੇ ਹੋਰ ਵਿਕਾਸ ਦੀਆਂ ਯੋਜਨਾਵਾਂ ਪਹਿਲਾਂ ਨਾਲੋਂ ਕਿਤੇ ਵਧ ਧਿਆਨ ਨਾਲ ਔਰ ਚੇਤੰਤਾ ਨਾਲ ਇੰਪਲੀਮੈਂਟ ਕੀਤੀਆਂ ਜਾਣਗੀਆਂ ਅਤੇ ਸਾਰੇ ਪਿੰਡਾਂ ਦਾ ਸਰਵ-ਪੱਖੀ ਵਿਕਾਸ ਕੀਤਾ ਜਾਵੇਗਾ (ਤਾੜੀਆਂ)।

ਚੇਅਰਮੈਨ ਸਾਹਿਬ, ਮੈਂ ਆਪਣੇ ਵਜ਼ੀਰ ਸਾਹਿਬ ਸਰਦਾਰ ਸੰਤੋਖ ਸਿੰਘ ਰੰਧਾਵਾ ਨੂੰ ਤੁਹਾਡੇ ਰਾਹੀਂ ਵਧਾਈ ਦਿੰਦਾ ਹਾਂ। ਇਹ ਮੇਰੇ ਸਾਹਮਣੇ ਬੈਠੇ ਵੀਰ ਗੁਰੂ ਨਾਨਕ ਪਾਤਸ਼ਾਹ ਵੱਲੋਂ ਦਿੱਤੀ ਇਸ ਸਿਖਿਆ ਦੀ ਵਾ ਨਿਰਾਦਰ ਕਰਦੇ ਰਹੇ ਹਨ:—

ਪੰਚ ਪਰਵਾਣ, ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥

ਇਨ੍ਹਾਂ ਨੇ ਗੱਦੀ ਤੇ ਬੈਠਦੇ ਸਾਰ ਹੀ ਪੰਚਾਇਤੀ ਰਾਜ ਦੀ ਇੰਸਟੀਚਿਊਸ਼ਨ ਤੇ ਸਭ ਤੋਂ ਪਹਿਲਾਂ ਕੁਲਹਾੜਾ ਚਲਾਇਆ। ਜਿੰਨੀਆਂ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ, ਜਿਨ੍ਹਾਂ ਦਾ ਹਾਲੇ ਦੋ, ਦੋ ਸਾਲ, ਤਿੰਨ, ਤਿੰਨ ਸਾਲ ਦਾ ਸਮਾਂ ਬਾਕੀ ਸੀ, ਉਨ੍ਹਾਂ ਸਾਰੀਆਂ ਨੂੰ ਇਨ੍ਹਾਂ ਨੇ ਭੰਗ ਕਰ ਦਿੱਤਾ ਉਨ੍ਹਾਂ ਦੀ ਥਾਂ ਇਨ੍ਹਾਂ ਨੇ ਐਡਮਨਿਸ਼ਟ੍ਰੇਟਰ ਲਗਾ ਦਿੱਤੇ ਔਰ ਨਾ ਸਿਰਫ਼ ਉਨ੍ਹਾਂ ਐਸਟੇਬਲਿਸ਼ਡ ਵੈਲਿਊਜ਼ ਨੂੰ ਵਾਇਲੇਟ ਕੀਤਾ ਬਲਕਿ ਸਾਡੇ ਕੰਸਟੀਚਿਊਸ਼ਨ ਵਿੱਚ ਜਿਨ੍ਹਾਂ ਦਾ ਬੜੇ ਵਧੀਆ ਸ਼ਬਦਾਂ ਵਿਚ ਜ਼ਿਕਰ ਹੈ, ਮੇਰਾ ਮਤਲਬ ਡਾਇਰੈਕਟਿਵ ਪ੍ਰਿੰਸੀਪਲਜ਼ ਆਫ ਸਟੇਟ ਪਾਲਿਸੀ ਤੋਂ ਹੈ, ਉਨ੍ਹਾਂ ਵਿਚ ਬੜੇ ਕਲੀਅਰ ਸ਼ਬਦਾਂ ਵਿਚ ਲਿਖਿਆ ਹੈ:—

> "The State shall take steps to organise village Panchayats and endow them with such powers and authority as may be necessary to enable them to function as units of self government."

ਇਨ੍ਹਾਂ ਨੇ ਆਉਣ ਸਾਰ ਪਹਿਲਾਂ ਹੱਥ ਇਨ੍ਹਾਂ ਅਦਾਰਿਆਂ ਦੇ ਕਾਲਜਾਂ ਨੂੰ ਪਾਇਆ। ਪੰਚਾਇਤ ਸੰਮਤੀਆਂ ਦੇ ਮੈਂਬਰ ਅੱਗੇ ਇਲਾਕੇ ਦੇ 30, 30, 40, 40 ਪਿੰਡਾਂ ਦੇ ਨੁਮਾਇੰਦੇ ਇਕੱਠੇ ਹੋ ਕੇ ਇਲਾਕੇ ਦੀਆਂ ਤਕਲੀਫਾਂ ਦੂਰ ਕਰਨ ਲਈ ਇਕੱਠੇ ਹੁੰਦੇ ਸਨ ਅਤੇ ਉਨ੍ਹਾਂ ਦਾ ਹੱਲ ਕਰਦੇ ਸਨ। ਇਸੇ ਤਰ੍ਹਾਂ ਜ਼ਿਲ੍ਹਾ ਪੱਧਰ ਤੇ ਪਿੰਡਾਂ ਦੇ ਚੁਣੇ ਹੋਏ ਨੇਤਾ ਜ਼ਿਲ੍ਹਾ ਪੱਧਰ ਦੀਆਂ ਮੁਸ਼ਕਲਾਂ ਦਾ ਇਕੱਠੇ ਹੋ ਕੇ ਹੱਲ ਕਰਦੇ ਸਨ। ਇਹ ਵਿਕੇਂਦਰੀਕਰਨ, ਡਿਸੈਂਟਰੇਲਾਈਜ਼ੇਸ਼ਨ ਆਫ ਪਾਵਰ, ਦਾ ਨਾਹਰਾ ਲਾਉਂਦੇ ਸਨ। ਪਰ ਜਦੋਂ ਇਹ ਆਪ ਪਾਵਰ ਵਿੱਚ ਆਏ ਤਾਂ ਸਾਰਾ ਕੁਝ ਆਪਣੇ ਹੱਥਾਂ ਵਿੱਚ ਕੇਂਦਰਿਤ ਕਰਨਾ ਸ਼ੁਰੂ ਕਰ ਦਿੱਤਾ ਜਿਹੜੀਆਂ ਪਾਵਰਜ਼ ਲੋਕਾਂ ਦਿਆਂ ਨੁਮਾਇੰਦਿਆਂ ਨੂੰ ਦੇਣੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਸਨ, ਉਹ ਅਫਸਰਾਂ ਦੇ ਹੱਥਾਂ ਵਿੱਚ ਦੇ ਦਿੱਤੀਆਂ। ਇਸ ਤਰ੍ਹਾਂ ਪੰਚਾਇਤੀ ਰਾਜ ਦੇ ਬੁਨਿਆਦੀ ਢਾਂਚੇ ਨੂੰ, ਥਰੀ ਟਾਇਰ ਸਿਸਟਮ ਨੂੰ ਇਨ੍ਹਾਂ ਨੇ ਤਬਾਹ ਕੀਤਾ। ਫਿਰ ਇਹ ਕਹਿਣ ਲੱਗ ਪਏ ਕਿ ਅਸੀਂ ਅਸ਼ੋਕ ਮਹਿਤਾ ਕਮੇਟੀ ਦੀ ਰਿਪੋਰਟ ਉਡੀਕ ਰਹੇ ਹਾਂ। ਅਸ਼ੋਕ ਮਹਿਤਾ ਕਮੇਟੀ ਨੇ ਆਪਣੀ ਰਿਪੋਰਟ ਸਬਮਿਟ ਕਰ ਦਿੱਤੀ। ਮੈਨੂੰ ਅਫ਼ਸੋਸ ਹੈ ਕਿ ਉਹ ਸਰਕਾਰ ਕੀ ਕਰ ਸਕਦੀ ਹੈ ਜਿਸ ਵਿੱਚ ਇਤਨਾ ਇਨ-ਡਿਸੀਜ਼ਨ ਹੋਵੇ ਕਿ 30 ਮਹੀਨਿਆਂ ਵਿੱਚ ਉਹ ਇਹ ਫੈਸਲਾ ਨਾ ਕਰ ਸਕੇ ਕਿ ਬਲਾਕ ਸੰਮਤੀਆਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀ ਥਾਂ ਇਹ ਕਿਸ ਕਿਸਮ ਦੀ ਤਰਜ਼ੇ-ਹਕੂਮਤ ਮੇਰੇ ਵੀਰ ਚਾਹੁੰਦੇ ਹਨ। ਅਸ਼ੋਕ ਮਹਿਤਾ ਕਮੇਟੀ ਦੀ ਰਿਪੋਰਟ ਵੀ ਫਾਇਲਾਂ ਵਿੱਚ ਲੱਗ ਕੇ ਸਕੱਤਰੇਤ ਦੇ ਕਮਰਿਆਂ ਵਿੱਚ ਪਈ ਰਹੀ। ਚੇਅਰਮੈਨ ਸਾਹਿਬ ਮੈਂ ਮੁਬਾਰਕਬਾਦ ਦਿੰਦਾ ਹਾਂ ਆਪਣੀ ਪਾਰਟੀ ਨੂੰ ਔਰ ਆਪਣੇ ਡਿਵੈਲਪਮੈਂਟ ਮਨਿਸਟਰ, ਰੰਧਾਵਾ ਸਾਹਿਬ, ਨੂੰ ਜਿਨ੍ਹਾਂ ਨੇ ਇਹ ਫੈਸਲਾ ਕੀਤਾ ਹੈ। ਮੈਂ ਗਵਰਨਰ ਸਾਹਿਬ ਦੀ ਵੀ ਸ਼ਲਾਘਾ ਕਰਦਾ ਹਾਂ, ਜਿਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਇਸ ਗੱਲ ਨੂੰ ਯਕੀਨੀ ਬਣਾ-ਇਆ ਹੈ ਕਿ ਜੋ ਸਿਸਟਮ ਇਨ੍ਹਾਂ ਨੇ ਦਰਹਮ-ਬਰਹਮ ਕੀਤਾ ਸੀ, ਉਹ ਪੰਚਾਇਤੀ ਰਾਜ ਸਿਸਟਮ, ਥਰੀ-ਟਾਇਰ ਸਿਸਟਮ, ਲਾਗੂ ਕੀਤਾ ਜਾਵੇਗਾ। (ਤਾੜੀਆਂ) ਪਿੰਡਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਪੰਚਾਇਤ ਹੋਵੇਗੀ, ਇਲਾਕੇ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਪੰਚਾਇਤ ਸੰਮਤੀ ਹੋਵੇਗੀ, ਜ਼ਿਲ੍ਹੇ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਜ਼ਿਲ੍ਹਾ ਪ੍ਰੀਸ਼ਦ ਹੋਵੇਗੀ। ਮੇਰੀ ਸਰਕਾਰ ਨੂੰ ਇਹ ਮੁਬਾਰਕ ਹੋਵੇ।

ਚੇਅਰਮੈਨ ਸਾਹਿਬ, ਮੈਂ ਇਕ ਹੋਰ ਮਸਲਾ ਸਹਿਕਾਰਤਾ ਦੇ ਸਬੰਧ ਵਿੱਚ ਤੁਹਾਡੇ ਸਾਹਮਣੇ ਲਿਆਉਣਾ ਚਾਹੁੰਦਾ ਹਾਂ। ਪਿਛਲੀ ਸਰਕਾਰ ਵਿੱਚ ਕੋਈ ਸਹਿਕਾਰਤਾ ਨਹੀਂ ਸੀ, ਇਸ ਦਾ ਕਾਰਨ ਮੈਨੂੰ ਇਹ ਨਜ਼ਰ ਆਉਂਦਾ ਹੈ ਕਿ ਪੁਰਾਣੀ ਸਰਕਾਰ ਦੇ ਜਿਹੜੇ ਸਹਿਕਾਰਤਾ ਮੰਤਰੀ ਸਨ he miserably failed to seek the co-operation of his own friends in the Government and he also failed to extend co-operation to his own friends in the Government and hence everything was done and decided on the principle of non-co-operation. ਸਹਿਕਾਰਤਾ ਦਾ ਸਾਰਾ ਕੁਝ ਇਨ੍ਹਾਂ ਨੇ ਇਸ ਢੰਗ ਨਾਲ ਚਲਾਇਆ ਕਿ ਜੋ ਫਾਇਦਾ ਪੰਜਾਬ ਦੇ ਲੋਕਾਂ ਨੂੰ ਦੇਣਾ ਸੀ ਕੁਆਪ੍ਰੇਟਿਵ ਮੂਵਮੈਂਟ ਦਾ, ਉਸ ਸਬੰਧ ਵਿਚ ਜਿਤਨੇ ਵੀ ਕਦਮ ਇਨ੍ਹਾਂ ਨੇ ਉਠਾਏ ਉਹ ਇਨ੍ਹਾਂ ਦੇ ਰੌਲਿਆਂ ਤੇ ਝਗੜਿਆਂ ਵਿੱਚ ਹੀ ਕਿੱਲ ਕੀਤੇ ਗਏ। ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਪੰਜਾਬ ਦੇ 12,188 ਪਿੰਡਾਂ ਵਿੱਚੋਂ 10,942 ਸਹਿਕਾਰੀ ਸਭਾਵਾਂ ਕੰਮ ਕਰਦੀਆਂ ਸਨ। ਪਿੰਡਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਪਿੰਡ ਵਿੱਚ ਹੀ ਖਾਦ ਮਿਲਦੀ ਸੀ, ਪਿੰਡ ਵਿੱਚ ਹੀ ਉਨ੍ਹਾਂ ਨੂੰ ਚੀਨੀ ਮਿਲਦੀ ਸੀ। ਪਿੰਡ ਦੀ ਕਮੇਟੀ ਪਿੰਡ ਵਿੱਚ ਹੀ ਬੈਠ ਕੇ ਪਿੰਡ ਦੀਆਂ ਕਿਰਸਾਨੀ ਨਾਲ ਸਬੰਧਤ ਅਤੇ ਹੋਰ ਰੋਜ਼ਾਨਾ ਜੀਵਨ ਨਾਲ ਸਬੰਧਤ ਮੁਸ਼ਕਲਾਤਾਂ ਦਾ ਹੱਲ ਕਰਦੀ ਸੀ। ਅਗਰ ਇੱਕ ਬੰਦਾ ਚੀਨੀ ਲੈਣ ਨਹੀਂ ਜਾ ਸਕਦਾ ਤਾਂ ਦੂਜੇ ਦੀ ਡਿਊਟੀ ਲਾ ਦਿੱਤੀ ਜਾਂਦੀ ਸੀ ਅਤੇ ਜੇ ਦੂਜਾ ਵੀ ਨਹੀਂ ਜਾ ਸਕਦਾ ਤਾਂ ਤੀਜੇ ਦੀ ਡਿਊਟੀ ਲਾ ਦਿੱਤੀ ਜਾਂਦੀ ਸੀ। ਚਾਰ, ਪੰਜ ਮੈਂਬਰ ਦੀ ਕਮੇਟੀ ਹਰ ਪਿੰਡ ਵਿੱਚ ਇਸ ਕੰਮ ਲਈ ਅਵੇਲੇਬਲ ਹੁੰਦੀ ਸੀ। ਲੇਕਿਨ ਇਨ੍ਹਾਂ ਵੀਰਾਂ ਨੇ ਕੀ ਕੀਤਾ? ਇਨ੍ਹਾਂ ਨੇ ਸਾਰੀਆਂ ਦੀਆਂ ਸਾ-ਰੀਆਂ ਸੁਸਾਇਟੀਆਂ ਤੋੜ ਕੇ ਨਿਊਕਲਸ ਸੁਸਾਇਟੀਆਂ ਦੇ ਨਾਂ ਹੇਠ, 8, 10 ਪਿੰਡਾਂ ਦੀ ਇੱਕ ਸੁਸਾਇਟੀ ਬਣਾ ਦਿੱਤੀ। ਹੁਣ ਅਗਰ ਕਿਸੇ ਮੇਰੀ ਭੈਣ ਨੇ, ਜਿਸ ਦਾ ਘਰ ਵਾਲਾ ਨੌਕਰੀ ਕਰਦਾ ਹੈ ਜਾਂ ਬਾਹਰ ਰਹਿੰਦਾ ਹੈ, ਚੀਨੀ ਲੈਣੀ ਹੋਵੇ ਤਾਂ ਉਸ ਨੂੰ 8, 10 ਕਿਲੋਮੀਟਰ ਚਲ ਕੇ ਉਸ ਮਰਕਜ਼ ਦੀ ਸੁਸਾਇਟੀ ਵਿੱਚੋਂ ਚੀਨੀ ਲਿਆਉਣੀ ਪਵੇਗੀ। ਅੱਗੇ ਉਹ ਆਪਣੇ ਪਿੰਡ ਦੇ ਗੁਰਦਵਾਰੇ ਵਿਚੋਂ ਹੀ ਚੀਨੀ ਲੈ ਆਉਂਦੀ ਸੀ। ਅੱਗੇ ਪਿੰਡਾਂ ਦੇ ਲੋਕ ਸਹਿਕਾਰੀ ਸਭਾ ਦੇ ਕੰਮ ਦੀ ਨਿਗਰਾਨੀ ਕਰਦੇ ਸਨ।

Original with;
Punjab Vidhan Sabha
Digitized by;
Panjab Digital Library

ਹੁਣ ਐਸੀਆਂ ਥਾਵਾਂ ਤੇ ਇਹ ਸੁਸਾਇਟੀਆਂ ਬਣਾ ਦਿੱਤੀਆਂ ਹਨ ਕਿ ਲੋਕ ਉਨ੍ਹਾਂ ਦੀ ਨਿਗਰਾਨੀ ਨਹੀਂ ਕਰ ਸਕਦੇ। ਇਨ੍ਹਾਂ 8, 10 ਪਿੰਡਾਂ ਦੀ ਬਣਾਈ ਹੋਈ ਸੁਸਾਇਟੀ ਕਾਰਣ ਸਾਰੇ ਪਿੰਡ ਦੇ ਵਿਕਾਸ ਦਾ ਕੰਮ ਰੁਕ ਗਿਆ ਹੈ ਅਤੇ ਲੋਕਾਂ ਨੂੰ ਆਪਣੇ ਕੰਮ ਕਾਰ ਵਿੱਚ ਬਹੁਤ ਤਕਲੀਫ ਮਹਿਸੂਸ ਹੋ ਰਹੀ ਹੈ। 10,942 ਸੁਸਾਇਟੀਆਂ ਤੋਂ ਘਟਾ ਕੇ 2,582 .. (ਵਿਘਨ)

**Sardar Sukhjinder Singh Khaira :** I want to seek some clarification.

**Mr. Chairman :** It is for him to give way.

**Sardar Sukhjinder Singh Khaira :** It is also your duty to see that he should not mislead the House.

**ਸ੍ਰੀ ਸਭਾਪਤੀ** : ਰੂਲਜ਼ ਦੇ ਮੁਤਾਬਿਕ ਅਗਰ ਆਨਰੇਬਲ ਮੈਂਬਰ ਤੁਹਾਨੂੰ ਮੌਕਾ ਦੇਣ ਤਾਂ ਤੁਸੀਂ ਸਵਾਲ ਪੁੱਛ ਸਕਦੇ ਹੋ। ਅਗਰ ਉਹ ਤੁਹਾਨੂੰ ਮੌਕਾ ਨਹੀਂ ਦਿੰਦੇ ਤਾਂ ਜਦੋਂ ਤੁਹਾਨੂੰ ਮੌਕਾ ਮਿਲੇਗਾ, ਗੱਲ ਕਹਿ ਲੈਣਾ।

**ਗਿਆਨੀ ਅਰਜਣ ਸਿੰਘ ਲਿੱਟ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਸਰਦਾਰ ਬੀਰਦਵਿੰਦਰ ਸਿੰਘ ਜੀ, ਤੁਸੀਂ ਕਿਤਨਾਂ ਟਾਈਮ ਹੋਰ ਲਵੋਂਗੇ।

**ਸਰਦਾਰ ਬੀਰਦਵਿੰਦਰ ਸਿੰਘ** : ਚੇਅਰਮੈਨ ਸਾਹਿਬ, ਮੈਂ 10 ਮਿੰਟ ਹੋਰ ਲਵਾਂਗਾ, ਜੀ। ਚੇਅਰਮੈਨ ਸਾਹਿਬ, ਵੰਡ ਪਰਣਾਲੀ ਨੂੰ ਸੋਧਣ ਵਾਸਤੇ 500 ਦੇ ਕਰੀਬ ਪਨਸੱਪ ਦੀਆਂ ਦੁਕਾਨਾਂ ਖੋਲ੍ਹੀਆਂ ਗਈਆਂ ਲੇਕਿਨ ਪਨਸੱਪ ਦੀਆਂ ਦੁਕਾਨਾਂ ਵਿਚ ਸਪਲਾਈ ਮੁਹੱਈਆ ਨਹੀਂ ਕੀਤੀ ਜਾ ਸਕੀ। ਨਤੀਜਾ ਇਹ ਹੋਇਆ ਕਿ 179 Punsup shops in villages were closed ਚੇਅਰਮੈਨ ਸਾਹਿਬ, ਮੈਨੂੰ ਖੁਸ਼ੀ ਹੈ ਕਿ ਇਸ ਸਰਕਾਰ ਨੇ ਯਤਨ ਕੀਤਾ ਹੈ ਕਿ ਡਿਸਟਰੀਬਿਊਸ਼ਨ ਸਿਸਟਮ ਵਿਚ ਮੁੜ ਕੇ ਸੁਧਾਰ ਲਿਆਂਦਾ ਜਾਵੇ ਔਰ ਪੰਚਾਇਤਾਂ ਨੂੰ ਡਿਸਟਰੀਬਿਊਸ਼ਨ ਸਿਸਟਮ ਵਿਚ ਭਾਈਵਾਲ ਬਣਾਇਆ ਜਾਵੇ।

ਬਾਕੀ, ਚੇਅਰਮੈਨ ਸਾਹਿਬ, ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਇਕ ਉਸ ਅਹਿਮ ਮਾਮਲੇ ਬਾਰੇ ਜਿਸ ਦਾ ਸਬੰਧ ਦੇਸ਼ ਦੇ ਹਰ ਪਰਵਾਰ ਨਾਲ ਅਤੇ ਭਾਰਤ ਦੇ ਨਰਮਾਤਾਵਾਂ ਔਰ ਵਾਰਸਾਂ ਦੀ ਤਕਦੀਰ ਨਾਲ ਸਬੰਧ ਹੈ ਔਰ ਉਹ ਬੜਾ ਹੀ ਸੂਖਸ਼ਮ ਮਸਲਾ ਹੈ। ਉਹ ਮਸਲਾ ਪਿੰਡਾਂ ਵਿਚ ਸਿੱਖਿਆ ਦੇ ਪਰਸਾਰ ਦਾ ਹੈ। ਮੇਰੀ ਮੁਰਾਦ ਪੰਜਾਬ ਵਿਚ ਸਿੱਖਿਆ ਦੇ ਪਰਸਾਰ ਤੋਂ ਹੈ। ਜੇਕਰ, ਚੇਅਰਮੈਨ ਸਾਹਿਬ, ਗਹੁ ਨਾਲ ਪਿਛਲੇ ਤੀਹ ਮਹੀਨਿਆਂ ਦੀ ਸਰਕਾਰ ਦੀ ਨੀਤੀ ਵੱਲ ਨਿਗਾਹ ਮਾਰੀਏ ਤਾਂ ਇਹ ਸਪੱਸ਼ਟ ਤੌਰ ਤੇ ਉਭਰ ਕੇ ਗੱਲ ਸਾਹਮਣੇ ਆਉਂਦੀ ਹੈ ਕਿ ਜਿੱਥੇ ਆਮ ਤੌਰ ਤੇ ਸਾਰਿਆਂ ਮਹਿਕਮਿਆਂ ਵਿਚ ਉਥੇ ਵਿਸ਼ੇਸ਼ ਤੌਰ ਤੇ ਐਜੂਕੇਸ਼ਨ ਦੇ ਮਹਿਕਮੇਂ ਵਿਚ ਹਰ ਚੀਜ਼ ਐਡਹਾਕਇਜ਼ਮ ਤੇ ਤਹਿ ਕੀਤੀ ਜਾਂਦੀ ਸੀ। ਆਪਣੇ ਸਾਰੇ ਸਮੇਂ ਵਿਚ ਪਿਛਲੀ ਸਰਕਾਰ ਨੇ ਕੋਈ ਵਿਦਿਅਕ ਨੀਤੀ ਤਹਿ ਨਾ ਕੀਤੀ। ਕਿਤੇ ਤਾਂ ਇਹ ਫੈਸਲਾ ਕਰ ਲਿਆ ਕਿ ਵਿਦਿਆ ਦਾ ਪਰਸਾਰ ਕਰਨਾ ਹੈ, ਕਿਤੇ ਇਹ ਫੈਸਲਾ ਕਰ ਲਿਆ ਕਿ ਵਿਦਿਆ ਦਾ ਪਰਸਾਰ ਨਹੀਂ ਕਰਨਾ, ਕਿਤੇ ਇਹ ਫੈਸਲਾ ਕਰ ਲਿਆ ਕਿ ਐਸੀਆਂ ਯੋਜਨਾਵਾਂ ਲਾਗੂ ਕਰਨੀਆਂ ਹਨ ਕਿ ਵਿਦਿਆ ਜਾਬ ਓਰੀਐਂਟਿਡ ਹੋ ਜਾਵੇ। ਕਿਤੇ ਇਹ ਲਾਗੂ ਕਰ ਦੇਣਾ ਕਿ ਵੋਕੇਸ਼ਨਲ ਐਜੂਕੇਸ਼ਨ ਹੋ ਜਾਵੇ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਚੇਅਰਮੈਨ ਸਾਹਿਬ, ਕਿਤੇ ਵਿਹ ਫੈਸਲਾ ਕਰ ਲਿਆ ਕਿ ਵਿਦਿਆ ਦਾ ਪਰਸਾਰ ਕਰ ਦਿਓ, ਸਕੂਲ ਖੋਲ੍ਹ ਦਿਓ, ਬਿਲਡਿੰਗਾਂ ਹੋਣ ਭਾਵੇਂ ਨਾ ਹੋਣ, ਬਲੈਕਬੋਰਡ ਹੋਣ ਭਾਵੇਂ ਨਾ ਹੋਣ, ਟੀਚਰ ਹੋਣ ਭਾਵੇਂ ਨਾ ਹੋਣ। ਇਨ੍ਹਾਂ ਗੱਲਾਂ ਦਾ ਕੋਈ ਖਿਆਲ ਨਹੀਂ ਰੱਖਿਆ ਗਿਆ। ਫਿਰ ਸਕੀਮ ਬਣਾਈ ਗਈ ਕਿ ਮਾਡਲ ਸਕੂਲ ਖੋਲ੍ਹੇ ਜਾਣ। ਕੁਝ ਮਾਡਲ ਸਕੂਲ ਖੋਲ੍ਹੇ ਵੀ ਗਏ ਪਰ ਮੈਨੂੰ ਦੁੱਖ ਹੁੰਦਾ ਹੈ ਕਿ ਪੰਜਾਬ ਦੀ ਧਰਤੀ ਜਿਸ ਤੇ ਸਾਰਾ ਦੇਸ਼ ਮਾਣ ਕਰਦਾ ਹੈ, ਉਸ ਵਿਚ ਅੱਜ ਵੀ 2,500 ਦੇ ਕਰੀਬ ਐਸੇ ਪ੍ਰਾਇਮਰੀ ਸਕੂਲ ਨੇ ਜਿਨ੍ਹਾਂ ਦੀਆਂ ਇਮਾਰਤਾਂ ਨਹੀਂ ਹਨ ਔਰ 50% ਐਸੇ ਪ੍ਰਾਇਮਰੀ ਸਕੂਲ ਹਨ, ਜਿਨ੍ਹਾਂ ਵਿਚ ਬਲੈਕਬੋਰਡ ਨਹੀਂ ਹਨ, ਜਿਨ੍ਹਾਂ ਵਿਚ ਬੱਚਿਆਂ ਦੇ ਬੈਠਣ ਲਈ ਟਾਟ ਨਹੀਂ ਹਨ। ਮੈਂ, ਚੇਅਰਮੈਨ ਸਾਹਿਬ, ਪੁੱਛਣਾ ਚਾਹੁੰਦਾ ਹਾਂ ਕਿ ਪੁਰਾਣੀ ਸਰਕਾਰ ਆਖਿਰ 30 ਮਹੀਨੇ ਕਰਦੀ ਕੀ ਰਹੀ ਹੈ ? (ਹਾਸਾ)

**ਜੱਥੇਦਾਰ ਗੁਰਬਚਨ ਸਿਘ** : ਕਹਿ ਦਿਓ ਕਿ 30 ਸਾਲ ਸਰਕਾਰ ਕੀ ਕਰਦੀ ਰਹੀ ਹੈ। (ਹਾਸਾ)

**ਸਰਦਾਰ ਬੀਰਦਵਿੰਦਰ ਸਿੰਘ** : ਚੇਅਰਮੈਨ ਸਾਹਿਬ, ਡੰਗ ਟਪਾਊ ਨੀਤੀਆਂ ਲਾਗੂ ਕੀਤੀਆਂ। ਇਥੋਂ ਤਕ ਹੋਇਆ ਕਿ ਸਰਕਾਰ ਨੇ ਪਾਬੰਦੀ ਲਗਾ ਦਿੱਤੀ ਕਿ ਉਹ ਅਧਿਆਪਕ ਜੋ ਨੌਕਰੀ ਦੇ ਸਮੇਂ ਹੋਰ ਵਿਦਿਆ ਹਾਸਲ ਕਰਨਾ ਚਾਹੁੰਦਾ ਹੋਵੇ, ਐਡੀਸ਼ਨਲ ਕੁਆਲੀਫੀਕੇਸ਼ਨ ਹਾਸਲ ਕਰਨਾ ਚਾਹੁੰਦਾ ਹੋਵੇ, ਉਹ ਨਹੀਂ ਕਰ ਸਕਦਾ। ਇਨ੍ਹਾਂ ਨੇ ਕਿਹਾ ਕਿ ਸਾਡੇ ਰਾਜ ਵਿਚ ਕੋਈ ਵਿਦਿਆ ਦੀ ਗੱਲ ਨਹੀਂ ਕਰ ਸਕਦਾ, ਕੋਈ ਪੜ੍ਹਿਆ ਲਿਖਿਆ ਚਾਰ ਜਮਾਤਾਂ ਹੋਰ ਪੜ੍ਹਨਾ ਚਾਹਵੇ ਤਾਂ ਉਹ ਸਰਵਿਸ ਦੇ ਦੌਰਾਨ ਨਹੀਂ ਪੜ੍ਹ ਸਕਦਾ। ਮੈਨੂੰ ਖੁਸ਼ੀ ਹੈ ਔਰ ਮੈਂ ਮੁਬਾਰਿਕਬਾਦ ਦਿੰਦਾ ਹਾਂ ਗਵਰਨਰ ਸਾਹਿਬ ਨੂੰ ਔਰ ਪੰਜਾਬ ਸਰਕਾਰ ਨੂੰ ਕਿ ਉਨ੍ਹਾਂ ਨੇ ਇਹ ਪ੍ਰਬੰਧ ਪਹਿਲੀ ਮਰਤਬਾ ਕੀਤਾ ਹੈ ਕਿ ਇਕ State Council of Research ard Training ਖੋਲ੍ਹਿਆ ਜਾਵੇ। ਇਸ ਤਰ੍ਹਾਂ ਦੀ ਜੋ ਕੌਂਸਲ ਹੋਵੇਗੀ ਉਹ ਅਧਿਆਪਕਾਂ ਨੂੰ ਨੌਕਰੀਆਂ ਵਿਚ ਲੱਗਣ ਤੋਂ ਪਹਿਲਾਂ ਟ੍ਰੇਨਿੰਗ ਦੇ ਕੇ ਦੱਸੇਗੀ ਕਿ ਸਰਕਾਰ ਦੀ ਐਜੂਕੇਸ਼ਨਲ ਪਾਲਿਸੀ ਕੀ ਹੈ ਔਰ ਕਿਸ ਤਰ੍ਹਾਂ ਨਾਲ ਅਸੀਂ ਪੰਜਾਬ ਦੇ ਵਿਦਿਆਰਥੀਆਂ ਨੂੰ ਵਿਦਿਆ ਦੇਣੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ, ਸਾਡੇ ਗਵਰਨਰ ਸਾਹਿਬ ਨੇ ਇਹ ਜ਼ਿਕਰ ਆਪਣੇ ਭਾਸ਼ਣ ਵਿਚ ਕੀਤਾ ਹੈ। ਚੇਅਰਮੈਨ ਸਾਹਿਬ, ਮੈਂ ਇੱਕ ਦੋ ਗੱਲਾਂ ਕਹਿਕੇ ਆਪ ਜੀ ਪਾਸੋਂ ਖਿਮਾਂ ਲੈਣੀ ਹੈ। ਚੇਅਰਮੈਨ ਸਾਹਿਬ, ਪਿਛਲੀ ਸਰਕਾਰ ਨੇ ਹਸਪਤਾਲਾਂ ਬਾਰੇ ਬੜੀ ਚਰਚਾ ਕੀਤੀ ਸੀ। ਪਿਛਲੀ ਸਰਕਾਰ ਨੇ ਹਸਪਤਾਲ ਖੋਲ੍ਹੇ ਲੇਕਿਨ ਇਹ ਵੇਖਣ ਵਿਚ ਆਇਆ ਹੈ ਕਿ ਜਿੱਥੇ ਹਸਪਤਾਲ ਕਾਗਜ਼ਾਂ ਵਿਚ ਹੈ, ਪਹਿਲੀ ਗੱਲ ਤਾਂ ਇਹ ਹੈ ਕਿ ਉਥੇ ਉਹ ਹਸਪਤਾਲ ਹੈ ਹੀ ਨਹੀਂ। ਜੇਕਰ ਹੈ ਤਾਂ ਉਥੇ ਡਾਕਟਰ ਨਹੀਂ ਹੈ। (ਇਸ ਸਮੇਂ ਸ੍ਰੀ ਪਿਆਰਾ ਰਾਮ ਧੰਨੋਵਾਲੀ ਜੀ ਖੜ੍ਹੇ ਹੋਏ ਪ੍ਰੰਤੂ ਫਿਰ ਬੈਠ ਗਏ।) (ਸਰਦਾਰ ਹਰਚੰਦ ਸਿੰਘ ਵੱਲੋਂ ਬੈਠੇ ਬੈਠੇ ਵਿਘਨ)

ਚੇਅਰਮੈਨ ਸਾਹਿਬ, ਇਨ੍ਹਾਂ ਮੈਂਬਰ ਸਾਹਿਬਾਨ ਨੂੰ ਇਹ ਦੱਸ ਦਿਓ ਕਿ ਪੁਆਇੰਟ ਆਫ ਆਰਡਰ ਕਿਸ ਤਰ੍ਹਾਂ ਰੇਜ਼ ਕਰਨਾ ਹੁੰਦਾ ਹੈ। ਇਹ ਗਿੱਦੜਬਾਹਾ ਦੀ ਪੰਚਾਇਤ ਨਾ ਸਮਝਣ, ਇਹ ਵਿਧਾਨ ਸਭਾ ਹੈ। (ਹਾਸਾ) ਮੈਨੂੰ ਇਨ੍ਹਾਂ ਦੀ ਹਾਲਤ ਤੇ ਤਰਸ ਆਉਂਦਾ ਹੈ। ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ:—

"ਮੀਰਾਸ ਮੇਂ ਲਾਏ ਹੈਂ,
ਯੇ ਮਜਲਸੇ ਅਕਵਾਂਮ।
ਜਾਗੋਂ ਕੇ ਤਸ਼ਰਫ ਮੇਂ,
ਅਕਾਬੋਂ ਕੇ ਨਸ਼ੇਮਨ ਹੈਂ।"

Original with;
Punjab Vidhan Sabha
Digitized by;
Panjab Digital Library

ਸੋ, ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜਿਥੇ ਹਸਪਤਾਲ ਹੈ ਉਥੇ ਡਾਕਟਰ ਨਹੀਂ, ਜਿੱਥੇ ਡਾਕਟਰ ਹੈ ਉਥੇ ਦਵਾਈਆਂ ਨਹੀਂ, ਜਿੱਥੇ ਦਵਾਈਆਂ ਹਨ ਉਥੇ ਦਾਈ ਨਹੀਂ। (ਹਾਸਾ) ਇਹ ਹਸਪਤਾਲਾਂ ਦੀ ਹਾਲਤ ਹੈ। ਮੈਨੂੰ ਯਾਦ ਹੈ ਕਿ ਰਾਜਿੰਦਰਾ ਹਸਪਤਾਲ, ਪਟਿਆਲਾ ਦੇ ਓਪਰੇਸ਼ਨ ਥੀਏਟਰ ਵਿਚ ਮੈਨੂੰ ਇਕ ਵਾਰੀ ਪਤਾ ਲਗਾ ਕਿ ਜੋ ਉਥੇ ਏਅਰ ਕੰਡੀਸ਼ਨਰਜ਼ ਹਸਪਤਾਲ ਨਾਲ ਅਟੈਚਡ ਹਨ ਉਨ੍ਹਾਂ ਵਿਚੋਂ 50% ਵਰਕਿੰਗ ਆਰਡਰ ਵਿਚ ਨਹੀਂ ਹਨ ਔਰ ਜਿਹੜੇ ਜੈਨਰੇਟਿੰਗ ਸੈਟ ਹਸਪਤਾਲ ਵਿਚ ਅਵੇਲੇਬਲ ਹਨ ਉਨ੍ਹਾਂ ਬਾਰੇ I was told that only one generating set was in working order.

**ਸਰਦਾਰ ਹਰਚੰਦ ਸਿਘ** : ਹੁਣ ਤੁਸੀਂ ਦਵਾਈ ਲੈ ਦਿਓ।

**ਸਰਦਾਰ ਬੀਰਦਵਿੰਦਰ ਸਿਘ** : ਲੈ ਦਿਆਂਗੇ ਜੀ, ਫਿਕਰ ਨਾ ਕਰੋ। (ਹਾਸਾ) ਚੇਅਰਮੈਨ ਸਾਹਿਬ, ਇਹ ਹਾਲਤ ਹਸਪਤਾਲਾਂ ਦੀ ਸੀ। ਮੈਨੂੰ ਖੁਸ਼ੀ ਹੈ ਕਿ ਸਿਹਤ ਮੰਤਰੀ ਨੇ ਔਰ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਜ਼ਿਕਰ ਕੀਤਾ ਹੈ ਕਿ ਐਸੀਆਂ ਵਿਜ਼ਟਿੰਗ ਕਮੇਟੀਜ਼ ਬਣਾਈਆਂ ਜਾਣਗੀਆਂ ਜਿਹੜੀਆਂ ਹਸਪਤਾਲਾਂ ਵਿਚ ਜਾ ਕੇ ਮਰੀਜ਼ਾਂ ਨੂੰ ਵੇਖਣਗੀਆਂ। ਉਨ੍ਹਾਂ ਕਮੇਟੀਆਂ ਵਿਚ ਪਬਲਿਕ ਦੇ ਨੁਮਾਇੰਦੇ ਲਏ ਜਾਣਗੇ। ਉਹ ਹਸਪਤਾਲਾਂ ਵਿਚ ਜਾ ਕੇ ਰੋਗੀਆਂ ਦਾ ਪ੍ਰਬੰਧ ਵੇਖਣਗੀਆਂ, ਰੋਗੀਆਂ ਦੀਆਂ ਨਬਜ਼ਾਂ ਫੜਕੇ, ਉਨ੍ਹਾਂ ਦੀਆਂ ਤਕਲੀਫਾਂ ਪੁੱਛਣਗੀਆਂ ਔਰ ਜੋ ਤਕਲੀਫਾਂ ਹੋਣਗੀਆਂ ਉਹ ਸਰਕਾਰ ਦੇ ਧਿਆਨ ਵਿਚ ਲਿਆਉਣਗੀਆਂ।

**ਸਰਦਾਰ ਹਰਚੰਦ ਸਿੰਘ** : ਇਸ ਤਰ੍ਹਾਂ ਝੋਲੀ ਚੁੱਕਣ ਨਾਲ ਵਜ਼ੀਰੀ ਨਹੀਂ ਮਿਲਦੀ (ਹਾਸਾ)।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਚੇਅਰਮੈਨ ਸਾਹਿਬ, ਮੈਨੂੰ ਖੁਸ਼ੀ ਹੈ ਕਿ ਪੰਜਾਬ ਦੀ ਤਰਕੀ ਹੋਵੇ। ਮੇਰੇ ਵੀਰ ਨੇ ਕਿਹਾ ਹੈ ਕਿ ਕਮੇਟੀਆਂ ਜਾ ਕੇ ਮਰੀਜ਼ਾਂ ਦੀਆਂ ਨਬਜ਼ਾਂ ਵੇਖਣਗੀਆਂ। ਕੀ ਉਥੇ ਨਰਸਾਂ ਦੀਆਂ ਨਬਜ਼ਾਂ ਉਸ ਤਰ੍ਹਾਂ ਦੀਆਂ ਤਾਂ ਨਹੀਂ ਵੇਖਣਗੀਆਂ ਜਿਸ ਤਰ੍ਹਾਂ ਮਿਸ ਪਰਭਾ ਦੀ ਵੇਖੀ ਹੈ। (ਹਾਸਾ)

**ਸ੍ਰੀ ਸਭਾਪਤੀ** : ਤੁਸੀਂ ਭੂੰਦੜ ਸਾਹਿਬ, ਬੈਠੋ। ਤੁਸੀਂ ਆਪਣੀ ਗੱਲ ਫੇਰ ਕਹਿ ਲੈਣਾ।

**ਸਰਦਾਰ ਬੀਰਦਵਿੰਦਰ ਸਿੰਘ** : ਚੇਅਰਮੈਨ ਸਾਹਿਬ, ਗਲ ਇਹ ਹੈ ਕਿ–

"ਪਾਣੀ ਦਰਿਆਵਾਂ ਦੇ ਇਕ ਵਾਰ ਜੋ ਵਹਿ ਗਏ ਨੇ,
ਪ੍ਰਤਣ ਨਾਂ ਪੱਤਣਾਂ ਤੇ ਇਹ ਦਾਨੇ ਕਹਿ ਗਏ ਨੇ।
ਤਕਦੀਰ ਬਣਾਵਾਂ ਮੈਂ ਕਿਵੇਂ ਤਦਬੀਰ ਨੂੰ ਲੈ ਗਈ ਏ,
ਹੁਣ ਗੱਲਾਂ ਛਿੜੀਆਂ ਨੇ, ਗੱਲ ਕਹਿਣੀ ਪੈ ਗਈ ਏ।

ਸੋ, ਭੂੰਦੜ ਸਾਹਿਬ ਹੁਣ ਦਵਾਈਆਂ ਦੀ ਵੀ ਗਲ ਕਹਿਣੀ ਪਵੇਗੀ। ਹਾਲੇ ਮੈਂ ਪੈਸਟੀਸਾਈਡਜ਼ ਟ੍ਰੀਬਿਊਨਲ ਦੀ ਗੱਲ ਹੀ ਨਹੀਂ ਕੀਤੀ, ਜਿਸ ਨੇ ਕਿ ਕੋਈ ਕੀੜਾ ਨਹੀਂ ਮਾਰਿਆ।

**ਸ੍ਰੀ ਸਭਾਪਤੀ** : ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਬੀਰਦਵਿੰਦਰ ਸਿੰਘ** : ਚੇਅਰਮੈਨ ਸਾਹਿਬ, ਮੈਂ ਆਪਣੀ ਤਕਰੀਰ ਵਾਈਂਡ ਅੱਪ ਹੀ ਕਰਨ ਲਗਾ ਹਾਂ। ਮੇਰੇ ਉਸ ਪਾਸੋਂ ਇਕ ਮੈਂਬਰ ਨੇ ਮੇਰੇ ਤੇ ਕਟਾਕਸ਼ ਕੀਤਾ ਸੀ ਕਿ ਝੋਲੀਆਂ ਚੁਕਿਆਂ ਵਜ਼ੀਰੀਆਂ ਨਹੀਂ ਮਿਲਦੀਆਂ। ਮੈਂ ਤੁਹਾਡੇ ਰਾਹੀਂ ਉਨ੍ਹਾਂ ਦੇ ਉੱਤਰ ਵਿਚ ਇਹ ਗਲ ਕਨਵੇ ਕਰਨਾ ਚਾਹੁੰਦਾ ਹਾਂ ਕਿ ਸਾਡੀ 13-14 ਸਾਲ ਪੁਲਿਟੀਕਲ ਜ਼ਿੰਦਗੀ ਦੀ ਇਕ ਖੁਲ੍ਹੀ ਕਿਤਾਬ ਹੈ। ਇਨ੍ਹਾਂ ਨੇ ਸਾਡੇ ਤੇ ਕਈ ਮੁਕੱਦਮੇਂ ਵੀ ਚਲਾਏ ਅਤੇ ਕਈ ਹੋਰ ਵੀ ਕੇਸ ਬਣਾਉਂਦੇ ਰਹੇ ਪਰ ਫਿਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਵੀ ਅਸੀਂ ਜਿੱਤ ਕੇ ਆਏ ਹਾਂ। ਇਨ੍ਹਾਂ ਦੇ ਵੱਡੇ ਬਾਬੇ ਨੂੰ 12 ਹਜ਼ਾਰ ਦੇ ਵੋਟਾਂ ਨਾਲ ਹਰਾ ਕੇ ਇਥੇ ਆਏ ਹਾਂ। ਬਾਕੀ ਚੇਅਰਮੈਨ ਸਾਹਿਬ, ਜੋ ਮੈਂ ਗਵਰਨਰ ਐਡਰਸ ਤੇ ਆਪਣੀ ਤਕਰੀਰ ਕੀਤੀ ਹੈ, ਉਹ ਮੈਂ ਕੋਈ ਐਂਵੇ ਹੀ ਸ਼ਲਾਘਾ ਨਹੀਂ ਕੀਤੀ ਉਹ ਉਸ ਦੇ ਤੱਥਾਂ ਤੇ ਸ਼ਲਾਘਾ ਕੀਤੀ ਹੈ।

"ਹਮ ਸੁਖਨ-ਫਹਿਮ ਹੈ, ਗ਼ਾਲਿਬ ਕਿ ਤਰਫ਼ਦਾਰ ਨਹੀਂ"

ਐਨਾਂ ਕਹਿ ਕੇ ਮੈਂ ਇਹ ਮਤਾ ਪੇਸ਼ ਕਰਦਾ ਹਾਂ।

**ਸਰਦਾਰ ਸੁਰਿੰਦਰ ਸਿੰਘ ਕੈਰੋਂ** (ਨੌਸ਼ਹਿਰਾ ਪੰਨੂਆਂ) : ਚੇਅਰਮੈਨ ਸਾਹਿਬ, ਜਿਹੜਾ ਮਤਾ ਇਥੇ ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਪੇਸ਼ ਕੀਤਾ ਹੈ, ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਇਸ ਵਿਧਾਨ ਸਭਾ ਵਿਚ ਗਵਰਨਰ ਸਾਹਿਬ ਨੇ ਜਿਹੜਾ ਐਡਰਸ ਪੇਸ਼ ਕੀਤਾ ਹੈ, ਮੈਂ ਉਸ ਦੀ ਸ਼ਲਾਘਾ ਕਰਦਾ ਹਾਂ। ਇਸ ਵਿਧਾਨ ਸਭਾ ਦੀ ਬਹੁਤ ਮਹਾਨਤਾ ਹੈ। ਚੇਅਰਮੈਨ ਸਾਹਿਬ, 1977 ਵਿਚ ਹਿੰਦੋਸਤਾਨ ਦੇ ਲੋਕਾਂ ਨੇ ਇਕ ਤਜਰਬਾ ਕੀਤਾ ਅਤੇ ਇਨ੍ਹਾਂ ਦੀਆਂ ਝੂਠੀਆਂ ਗੱਲਾਂ ਵਿਚ ਆਕੇ ਹਿੰਦੋਤਾਨ ਦੀ ਸਰਕਾਰ ਵਿਚ ਚੇਂਜ ਲਿਆਂਦੀ ਅਤੇ ਸਟੇਟਸ ਵਿਚ ਵੀ ਸਰਕਾਰਾਂ ਬਦਲੀਆਂ। ਪਰ ਇਹ ਸਰਕਾਰ ਬਹੁਤ ਦੇਰ ਨਹੀਂ ਚਲ ਸਕੀ। 1980 ਵਿਚ ਹਿੰਦੋਸਤਾਨ ਦੇ ਲੋਕਾਂ ਨੇ ਅਤੇ ਪੰਜਾਬ ਦੇ ਲੋਕਾਂ ਨੇ ਮਜ਼ਬੂਰ ਹੋਕੇ ਆਪਣੇ ਫੈਸਲੇ ਤੇ ਨਜ਼ਰਸਾਨੀ ਕਰਕੇ ਫਿਰ ਇਹ ਚੰਗੀ ਸਰਕਾਰ ਲਿਆਏ। ਮੈਂ ਬੇਨਤੀ ਕਰਦਾ ਹਾਂ ਕਿ 1947 ਵਿਚ ਕਾਂਗਰਸ ਨੇ ਹਿੰਦੋਸਤਾਨ ਨੂੰ ਆਜ਼ਾਦ ਕਰਵਾਇਆ ਅਤੇ ਕਾਫੀ ਦੇਸ਼ ਦੀ ਤਰਕੀ ਕੀਤੀ। 1975 ਵਿਚ ਕਾਂਗਰਸ ਸਰਕਾਰ ਨੇ ਇਹ ਦੇਖਿਆ ਕਿ ਦੇਸ਼ ਦੀ ਇਕਤਸਾਦੀ ਹਾਲਤ ਕੁਝ ਪਿੱਛੇ ਜਾ ਰਹੀ ਹੈ ਔਰ ਹਿੰਦੋਸਤਾਨ ਵਿਚ ਕੋਈ ਕੰਮ ਨਹੀਂ ਹੋਣ ਦਿੱਤਾ ਜਾ ਰਿਹਾ। ਇਸ ਕਰਕੇ 1975 ਵਿਚ ਇਥੇ ਐਮਰਜੰਸੀ ਲਗਾਈ ਗਈ। ਪਰ ਉਸ ਐਮਰਜੰਸੀ ਲਗਾਉਣ ਵਿਚ ਇਨ੍ਹਾਂ ਸੀ. ਪੀ. ਆਈ. ਭਰਾਵਾਂ ਦੀ ਵੀ ਪੂਰੀ ਸਲਾਹ ਸੀ। (ਹਾਸਾ) ਪਰ ਐਮਰਜੰਸੀ ਦੇ ਦੌਰਾਨ ਬੜੇ ਚੰਗੇ ਕੰਮ ਹੋਏ। ਦੇਸ਼ ਨੇ ਬੜੀ ਤਰੱਕੀ ਕੀਤੀ। ਦੇਸ਼ ਦੇ ਖਜ਼ਾਨੇ ਵਿਚ ਸੋਨਾ ਜਮ੍ਹਾ ਹੋਇਆ ਔਰ ਉਨ੍ਹਾਂ ਲੋਕਾਂ ਨੂੰ ਜਿਹੜੇ ਕਿ ਹਿੰਦੋਸਤਾਨ ਵਿਚ ਪਿਛਾਂਖਿਚੂ ਤਾਕਤਾਂ ਸਨ ਹਿੰਦੋਸਤਾਨ ਨੂੰ ਪਿੱਛੇ ਲੈ ਜਾਣਾ ਚਾਹੁੰਦੇ ਸਨ, ਜਿਨ੍ਹਾਂ ਨੇ ਇਕ ਵੱਡੇ ਪੰਜਾਬ ਨੂੰ ਛੋਟਾ ਕਰਵਾਇਆ, ਉਨ੍ਹਾਂ ਲੋਕਾਂ ਨੂੰ ਜੇਲ੍ਹਾਂ ਵਿਚ ਵੀ ਦੇਣਾ ਪਿਆ। ਪਰ ਹਿੰਦੋਸਤਾਨ ਦੀ ਸਰਕਾਰ ਨੂੰ ਮਜ਼ਬੂਰ ਹੋਕੇ ਉਨ੍ਹਾਂ ਲੋਕਾਂ ਨੂੰ ਜੇਲ੍ਹਾਂ ਵਿਚ ਦੇਣਾ ਪਿਆ ਸੀ।

ਇਸ ਤੋਂ ਬਾਅਦ ਇਨ੍ਹਾਂ ਨੇ ਹਿੰਦੋਸਤਾਨ ਦੀ ਸਰਕਾਰ ਦੇ ਖਿਲਾਫ ਪਰਚਾਰ ਕੀਤਾ। ਫਿਰ ਜਦੋਂ ਹਿੰਦੋਸਤਾਨ ਤੇ ਲੋਕਾਂ ਨੇ ਵੋਟਾਂ ਪਾਈਆਂ ਤਾਂ ਦਿੱਲੀ ਵਿਚ ਜਨਤਾ ਦੀ ਸਰਕਾਰ ਬਣੀ ਜਿਸ ਵਿਚ ਅਕਾਲੀ ਭਰਾਵਾਂ ਦੀ ਵੀ ਪੂਰੀ ਭਾਈਵਾਲੀ ਸੀ ਅਤੇ ਪੰਜਾਬ ਵਿਚ ਅਕਾਲੀਆਂ ਦੀ ਸਰਕਾਰ ਬਣੀ ਅਤੇ ਉਸ ਵਿਚ ਜਨਤਾ ਦੀ ਪੂਰੀ ਭਾਈਵਾਲੀ ਸੀ। ਪਰ ਇਨ੍ਹਾਂ ਨੇ ਆਪਣੇ 2-3 ਸਾਲਾਂ ਵਿਚ ਜੋ ਕਾਰਨਾਮੇ ਕੀਤੇ ਉਸ ਤੇ ਹਿੰਦੋਸਤਾਨ ਦੇ ਲੋਕਾਂ ਨੂੰ ਮਜ਼ਬੂਰ ਹੋਣਾ ਪਿਆ ਅਤੇ ਇਸ ਸਰਕਾਰ ਵਿਚ ਤਬਦੀਲੀ ਲਿਆਂਦੀ। ਹੁਣ ਜੋ ਇਹ ਡੀਜ਼ਲ ਅਤੇ ਖੰਡ ਵਗੈਰਾ ਦਾ ਰੌਲਾ ਪਾਉਂਦੇ ਹਨ, ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਇਹ ਦੇਣ ਕਿਸ ਦੀ ਹੈ? ਮੈਂ ਦੱਸਦਾ ਹਾਂ ਕਿ ਇਹ ਦੇਣ ਦਿੱਲੀ ਵਿਚ ਉਸ ਵੇਲੇ ਬੈਠੀ ਜਨਤਾ-ਅਕਾਲੀ ਸਰਕਾਰ ਅਤੇ ਪੰਜਾਬ ਵਿਚ ਜਨਤਾ-ਅਕਾਲੀ ਸਰਕਾਰ ਦੀ ਹੈ। ਚੇਅਰਮੈਨ ਸਾਹਿਬ, ਮੈਂ ਦੱਸਦਾ ਹਾਂ ਕਿ ਇਨ੍ਹਾਂ ਦੇ ਸਰਕਾਰ ਸੰਭਾਲਣ ਤੋਂ ਪਹਿਲਾਂ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਸਨ ਤਾਂ ਉਸ ਵੇਲੇ ਡੀਜ਼ਲ ਦੀ ਥੁੜ੍ਹ ਨਹੀਂ ਸੀ। ਖੰਡ ਵੀ ਬਾਹਰਲੇ ਮੁਲਕਾਂ ਨੂੰ ਜਾਂਦੀ ਸੀ। ਪਰ ਜਦੋਂ ਹਕੂਮਤ ਇਨ੍ਹਾਂ ਕੋਲ ਆਈ ਤਾਂ ਇਨ੍ਹਾਂ ਨੇ ਹਿੰਦੋਸਤਾਨ ਦੀ ਜਿਹੜੀ ਫਾਰਨ ਪਾਲਿਸੀ ਸੀ ਉਸ ਨੂੰ ਹੀ ਬਦਲ ਦਿੱਤਾ। ਸ੍ਰੀ ਮੁਰਾਰਜੀ ਡੇਸਾਈ ਇਜ਼ਰਾਈਲ ਦੇ ਫਾਰਨ ਮਨਿਸਟਰ ਨਾਲ

Original with;
Punjab Vidhan Sabha
Digitized by;
Panjab Digital Library

ਮੀਟਿੰਗਾਂ ਕਰਦੇ ਰਹੇ। ਇਸ ਤਰ੍ਹਾਂ ਕਰਨ ਨਾਲ ਆਇਲ ਕੰਟਰੀਜ਼ ਹਿੰਦੋਸਤਾਨ ਨਾਲ ਨਾਰਾਜ਼ ਹੋ ਗਏ ਅੱਤੇ ਉਨ੍ਹਾਂ ਨੇ ਭਾਰਤ ਨੂੰ ਤੇਲ ਦੀ ਸਪਲਾਈ ਬੰਦ ਕਰ ਦਿੱਤੀ। ਇਸ ਲਈ ਇਹ ਵੀ ਇਨ੍ਹਾਂ ਦੀ ਹੀ ਦੇਣ ਹੈ। ਫਿਰ ਖੰਡ ਦੀ ਪਰਾਬਲਮ ਹੈ। ਇਹ ਜੋ ਪਰਾਬਲਮ ਆਈ ਹੈ ਇਹ ਵੀ ਇਨ੍ਹਾਂ ਦੀ ਹੀ ਦੇਣ ਹੈ। ਤੁਸੀਂ ਵੇਖੋ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਇਥੇ ਚੀਫ਼ ਮਨਿਸਟਰ ਸਨ ਅਤੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਸੈਂਟਰ ਵਿਚ ਮਨਿਸਟਰ ਸਨ ਤਾਂ ਵੀ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਗੰਨੇ ਦੇ ਠੀਕ ਭਾਅ ਨਾ ਦਿਵਾਏ। ਗੰਨਾ ਰੁਲਦਾ ਰਿਹਾ, ਨਰਮਾ ਰੁਲਦਾ ਰਿਹਾ, ਆਲੂ ਕਿਸ ਤਰ੍ਹਾਂ ਨਾਲ ਰੁਲਦੇ ਰਹੇ । ਫਿਰ ਪੰਜਾਬ ਦੇ ਗੰਨਾ ਬੀਜਣ ਵਾਲੇ ਲੋਕਾਂ ਨੇ ਇਕੱਠੇ ਹੋਕੇ ਪਾਰਲੀਮੈਂਟ ਅੱਗੇ ਇਕ ਮੁਜ਼ਾਹਰਾ ਕੀਤਾ ਅਤੇ ਗੰਨੇ ਦਾ ਭਾਅ ਵੱਧ ਮੰਗਿਆ। ਪਰ ਇਹ ਨਾ ਦੇ ਸਕੇ। ਉਸ ਦਾ ਰਿਜ਼ਲਟ ਕੀ ਹੋਇਆ ? ਗੰਨਾ ਮਿੱਲ ਵਾਲਿਆਂ ਨੇ ਨਾ ਲਿਆ ਅਤੇ ਉਨ੍ਹਾਂ ਨੇ ਸਾੜਿਆ। ਕਿਸਾਨਾਂ ਨੂੰ ਬਹੁਤ ਘਾਟਾ ਪਿਆ। ਇਸ ਕਰਕੇ ਇਹ ਖੰਡ ਦੀ ਪਰਾਬਲਮ ਵੀ ਤੁਹਾਡੀ ਹੀ ਦੇਣ ਹੈ।

ਇਥੇ ਹੀ ਬੱਸ ਨਹੀਂ ਜਦੋਂ ਦਿੱਲੀ ਵਿਚ ਜਨਤਾ-ਅਕਾਲੀ ਸਰਕਾਰ ਸੀ ਤਾਂ ਉਸ ਵੇਲੇ ਇਹ ਆਪਸ ਵਿਚ ਲੜਦੇ ਹੁੰਦੇ ਸਨ ਅਤੇ ਲੋਕਾਂ ਦੀਆਂ ਤਕਲੀਫਾਂ ਦੂਰ ਨਹੀਂ ਕਰ ਸਕੇ। ਇਹ ਜਿਹੜੀ ਇਸ ਵੇਲੇ ਆਸਾਮ ਦੀ ਪਰਾਬਲਮ ਆਈ ਹੋਈ ਹੈ ਇਹ ਇਨ੍ਹਾਂ ਦੇ ਵੇਲੇ ਦੀ ਹੀ ਸ਼ੁਰੂ ਹੋਈ ਹੈ ਅਤੇ ਜਿਹੜਾ 4 ਲੱਖ ਮਿਲੀਅਨ ਕਰੂਡ ਆਇਲ ਇਥੇ ਆਉਂਦਾ ਸੀ, ਉਹ ਵੀ ਜਦੋਂ ਇਨ੍ਹਾਂ ਦੀ ਸਰਕਾਰ ਅਖੀਰਲੇ ਦਿਨਾਂ ਵਿਚ ਸੀ ਤਾਂ ਉਸ ਵੇਲੇ ਹੀ ਬੰਦ ਕਰ ਦਿੱਤਾ ਸੀ, ਜਿਸ ਕਰਕੇ ਇਸ ਦੀ ਕਮੀ ਹੋ ਗਈ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ** ** **

**ਸ਼੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। ਤੁਸੀਂ ਇੰਟਰਪਟ ਨਾ ਕਰੋ।

**ਸਰਦਾਰ ਸੁਰਿੰਦਰ ਸਿੰਘ ਕੈਰੋਂ** : ਸੋ ਇਹ ਕਹਿਣਾ ਕਿ ਇਹ ਪਰਾਬਲਮਜ਼ ਇਸ ਵੇਲੇ ਆਈਆਂ ਹਨ, ਇਹ ਗਲਤ ਹੈ। ਇਹ ਪਰਾਬਲਮਜ਼ ਇਨ੍ਹਾਂ ਦੀ ਹੀ ਦੇਣ ਹੈ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਪਾਰਲੀਮੈਂਟ ਦੇ ਮੈਂਬਰ ਬਣਕੇ ਗਏ ਸਨ ਤਾਂ ਉਸ ਵੇਲੇ ਇਨ੍ਹਾਂ ਨੇ ਅਤੇ ਜਨਤਾ ਪਾਰਟੀ ਨੇ ਮਹਾਤਮਾਂ ਗਾਂਧੀ ਦੀ ਸਮਾਧੀ ਤੇ ਜੈ ਪ੍ਰਕਾਸ਼ ਨਾਰਾਇਣ ਦੇ ਨਾਲ ਜਾਕੇ ਇਹ ਪ੍ਰਤਿੱਗਿਆ ਕੀਤੀ ਸੀ ਕਿ ਡੀਸੈਂਟਰੇਲਾਈਜ਼ ਡੈਮੋਕਰੇਸੀ ਇਥੇ ਲਿਆਵਾਂਗੇ, ਮਹਾਤਮਾਂ ਗਾਂਧੀ ਦੇ ਅਸੂਲਾਂ ਨੂੰ ਮੰਨਾਂਗੇ । ਪਰ ਪੰਜਾਬ ਵਿਚ ਆਕੇ ਇਨ੍ਹਾਂ ਨੇ ਸੈਂਟਰੇਲਾਈਜ਼ਡ ਡੈਮੋਕਰੇਸੀ ਲੋਕਾਂ ਨੂੰ ਦਿਤੀ।

ਚੇਅਰਮੈਨ ਸਾਹਿਬ, ਇਥੇ ਹੀ ਬੱਸ ਨਹੀਂ, ਬਾਦਲ ਸਾਹਿਬ ਜੋ ਪਹਿਲਾਂ ਚੀਫ ਮਨਿਸਟਰ ਸੀ ਨੇ ਤਕਰੀਰ ਕੀਤੀ ਹੈ, ਉਨ੍ਹਾਂ ਨੇ ਸੱਦਾ ਦਿੱਤਾ ਅਤੇ ਆਪਣੀ ਕੈਬਨਿਟ ਨੂੰ ਅਨੰਦਪੁਰ ਸਾਹਿਬ ਵਿਖੇ ਕੇਸਗੜ੍ਹ ਲੈ ਕੇ ਗਏ ਅਤੇ ਪ੍ਰਤਿੱਗਿਆ ਕੀਤੀ ਕਿ ਅਸੀਂ ਕੁਰਪਸ਼ਨ ਨੂੰ ਰੋਕਾਂਗੇ। ਇਸ ਬਾਰੇ ਸਾਰੀ ਦੁਨੀਆਂ ਨੂੰ ਪਤਾ ਹੈ ਕਿ ਇਸ ਪ੍ਰਤਿੱਗਿਆ ਤੋਂ ਬਾਅਦ ਕੁਰੱਪਸ਼ਨ ਵਧੀ ਹੈ, ਜਾਂ ਘਟੀ ਹੈ। ਮੈਂ ਨਹੀਂ ਕਹਿੰਦਾ ਬਲਕਿ ਇਨ੍ਹਾਂ ਦੇ ਵੀਰ ਸਰਦਾਰ ਪ੍ਰੇਮ ਸਿੰਘ ਲਾਲਪੁਰਾ ਸਾਡੇ ਪ੍ਰੈਜ਼ੀਡੈਂਟ ਨੂੰ ਮੈਮੋਰੰਡਮ ਦੇਣ ਲਈ ਮਜਬੂਰ ਹੋਏ। ਚੇਅਰਮੈਨ ਸਾਹਿਬ, ਇਥੇ ਹੀ ਬੱਸ ਨਹੀਂ, ਮੇਰੇ ਸਾਥੀ ਹੀਰੋ ਤੇ ਚਾਰਜਿਜ਼ ਲਗਾਏ ਅਤੇ ਕਿਹਾ ਕਿ ਹੀਰੋ ਨੂੰ ਡਿਸਮਿੱਸ ਕਰ ਦਿਓ। ਹੀਰੋ ਮੇਰਾ ਸਾਥੀ ਹੈ। ਮੈਂ ਜਾਣਦਾ ਹਾਂ ਕਿ ਕਿਤਨੇ ਚਾਰਜਿਜ਼ ਭੇਜੇ ਗਏ ਉਹ ਸਾਰੇ ਗਲਤ ਸਨ। ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਸਰਦਾਰ ਸੁਖਜਿੰਦਰ ਸਿੰਘ ਨੂੰ ਹਟਾਇਆ ਗਿਆ ਅਤੇ ਉਸਤੇ ਚਾਰਜਿਜ਼ ਲਗਾਏ ਗਏ ਹਨ। (ਸ਼ੇਮ) (ਸ਼ੇਮ) ਇਨ੍ਹਾਂ ਨੇ ਸਹੁੰ ਖਾਧੀ ਸੀ ਕਿ ਕੁਰੱਪਸ਼ਨ ਨੂੰ ਹਟਾਵਾਂਗੇ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਿੰਦਰ ਸਿੰਘ ਕੈਰੋਂ]

**ਸਰਦਾਰ** ਸੁਰਜੀਤ ਸਿੰਘ ਬਰਨਾਲਾ ਜਦੋਂ ਸੈਂਟਰ ਵਿਚ ਵਜ਼ੀਰ ਸਨ ਤਾਂ ਸੋਨੇ ਦੀ ਆਕਸ਼ਨ ਦਾ ਫੈਸਲਾ ਕੀਤਾ ਗਿਆ। ਬੀਬੀਆਂ ਭੈਣਾਂ ਦੇ ਗਹਿਣਿਆਂ ਨੂੰ ਵੇਚਿਆ ਗਿਆ। (ਵਿਘਨ) (ਸ਼ੋਰ) (**ਆਵਾਜ਼ਾਂ** ਇਹ ਮਾਮਲਾ ਗੌਰਮਿੰਟ ਆਫ ਇੰਡੀਆ ਦਾ ਹੈ) ਸਾਰਾ ਸੋਨਾ ਚੇਅਰਮੈਨ ਸਾਹਿਬ, ਸਰਮਾਏਦਾਰਾਂ ਕੋਲ ਚਲਾ ਗਿਆ ਅਤੇ ਸਾਡੇ ਹਿੰਦੋਸਤਾਨ ਦੇ ਖਜ਼ਾਨੇ ਨੂੰ ਇਸ ਤਰ੍ਹਾਂ ਲੁੱਟਿਆ ਗਿਆ।

ਚੇਅਰਮੈਨ ਸਾਹਿਬ, ਜਿਹੜੀ ਰੂਰਲ ਇੰਟੈਗਰੇਟਿਡ ਡਿਵੈਲਪਮੈਂਟ ਦੀ ਸਕੀਮ ਸੀ ਇਸਦੇ ਮੁਤੱਲਕ ਮੇਰੇ ਵੀਰਾਂ ਨੇ ਕਾਫੀ ਕੁਝ ਦੱਸਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ 302 ਕਰੋੜ ਰੁਪਏ ਦੀ ਸਕੀਮ ਬਣਾਈ ਗਈ ਸੀ। ਪੰਜਾਬ ਦੇ ਕਿਸਾਨਾਂ ਤੇ ਦਫਾ 302 ਲਗਾਉਣ ਦੀ ਕੋਸ਼ਿਸ਼ ਕੀਤੀ ਗਈ। ਜੋ ਪੈਸੇ ਦੂਜੇ ਮਹਿਕਮਿਆਂ ਵਿਚ ਪਏ ਹੁੰਦੇ ਸਨ ਉਨ੍ਹਾਂ ਪੈਸਿਆਂ ਨੂੰ ਉਥੋਂ ਕੱਢ ਲਿਆ ਗਿਆ ਅਤੇ ਕੋਈ ਨਵੀਂ ਗੱਲ ਨਹੀਂ ਕੀਤੀ। 7.30 ਕਰੋੜ ਰੁਪਏ ਖਰਚ ਕੀਤੇ ਪਰ ਇਹ ਪੈਸਾ ਬਾਹਰੋਂ ਕਿਤੋਂ ਨਹੀਂ ਲਿਆ ਗਿਆ। ਜਿਹੜੇ ਫੋਕਲ ਪੁਆਇੰਟ ਡਿਵੈਲਪਮੈਂਟ ਲਈ ਬਣਾਏ ਗਏ ਦੱਸੇ ਗਏ ਹਨ ਇਸ ਬਾਰੇ ਮੈਂ ਕਹਿਣਾ ਚਾਹੁਦਾ ਹਾਂ ਕਿ ਅਸਲੀ ਮਾਅਨਿਆਂ ਵਿਚ ਫੋਕਲ ਪੁਆਇੰਟ ਬਣਾਏ ਨਹੀਂ ਗਏ ਅਤੇ ਲੋਕ ਇਸਨੂੰ ਫੱਕੇ ਪੁਆਇੰਟ ਕਹਿੰਦੇ ਹਨ। ਇਹ ਪੰਜਾਬ ਦੇ ਕਿਸਾਨਾਂ ਨਾਲ ਧੋਖਾ ਕੀਤਾ ਗਿਆ ਅਤੇ ਲੋਕਾਂ ਦੇ ਪੱਲੇ ਕੁਝ ਨਹੀਂ ਪਿਆ।

ਚੇਅਰਮੈਨ ਸਾਹਿਬ, ਸਭ ਤੋਂ ਵੱਡੀ ਦੇਣ ਫੋਰਸ ਦੀ ਸੀ। ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦੀ ਹਿਸਟਰੀ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ ਸੀ ਕਿ ਪੰਜਾਬ ਦੀ ਫੋਰਸ ਇੱਕ ਨੰਬਰ ਤੇ ਹੈ। ਕਾਂਗਰਸ ਰਾਜ ਵੇਲੇ ਹਿੰਦੁਸਤਾਨ ਦੀ ਫੋਰਸ ਮਜ਼ਬੂਤ ਹੋ ਗਈ ਲੇਕਿਨ ਅਕਾਲੀ-ਜਨਤਾ ਸਰਕਾਰ ਵੇਲੇ ਜੋ ਹਸ਼ਰ ਪੁਲਿਸ ਦਾ ਹੋਇਆ ਹੈ, ਉਹ ਸਭ ਨੂੰ ਪਤਾ ਹੈ। ਆਈ. ਜੀ. ਦਾ ਕੀ ਹਸ਼ਰ ਹੋਇਆ ? (ਵਿਘਨ) (ਸ਼ੋਰ) ਮੈਂ, ਚੇਅਰਮੈਨ ਸਾਹਿਬ, ਜ਼ਿਆਦਾ ਆਈਟਮਾਂ ਨਹੀਂ ਲੈਂਦਾ। ਨਿਰੰਕਾਰੀਆਂ ਦੀ ਜੋ ਹਾਲਤ ਹੋਈ ਹੈ, ਉਹ ਵੀ ਇਨ੍ਹਾਂ (ਆਪੋਜੀਸ਼ਨ ਵਲ ਇਸ਼ਾਰਾ) ਕਰਕੇ ਹੋਈ ਹੈ। ਪੁਲਿਸ ਦੀ ਐਜੀਟੇਸ਼ਨ ਇਨ੍ਹਾਂ ਦੀ ਦੇਣ ਹੈ। ਸਰਦਾਰ ਹਜ਼ਾਰਾਂ ਸਿੰਘ, ਐਕਸ ਐਮ. ਐਲ. ਏ. ਦਾ ਕਤਲ ਹੋਇਆ। ਉਸਨੂੰ ਗੋਲੀਆਂ ਮਾਰੀਆਂ ਗਈਆਂ। (ਵਿਘਨ) (ਸ਼ੋਰ) ਉਹ ਬੰਦੇ ਹਾਲੇ ਤਾਈਂ ਫੜੇ ਨਹੀਂ ਗਏ ਔਰ ਮੈਂ ਇਸ ਸਰਕਾਰ ਤੋਂ ਆਸ ਰਖਦਾ ਹਾਂ ਕਿ ਇਹ ਉਨ੍ਹਾਂ ਨੂੰ ਪਕੜਨਗੇ। ਚੇਅਰਮੈਨ ਸਾਹਿਬ, ਮੇਰੀ ਬੇਨਤੀ ਕਰਨ ਦਾ ਭਾਵ ਇਹ ਹੈ ਕਿ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਤੋਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਆਪਣੀ ਜਾਨ ਛੁਡਾਈ । (ਥੰਪਿੰਗ) ਚੇਅਰਮੈਨ ਸਾਹਿਬ, ਇਨ੍ਹਾਂ ਨੇ ਲੋਕਾਂ ਨਾਲ ਝੂਠੇ ਵਾਅਦੇ ਕੀਤੇ ਅਤੇ ਕਾਂਗਰਸ ਦੀ ਡਟ ਕੇ ਮੁਖਾਲਫਤ ਕੀਤੀ, ਪਰ ਸਾਡੀ ਪਾਰਟੀ ਇਲੈਕਸ਼ਨਾਂ ਵਿਚ ਇੰਦਰਾ ਗਾਂਧੀ ਦੀ ਅਗਵਾਈ ਹੇਠ ਅਤੇ ਸਰਦਾਰ ਦਰਬਾਰਾ ਸਿੰਘ, ਪ੍ਰਧਾਨ, ਪੰਜਾਬ ਪ੍ਰਦੇਸ਼ ਕਾਂਗਰਸ ਦੀ ਅਗਵਾਈ ਹੇਠ ਜਿੱਤ ਕੇ ਇਥੇ ਆਈ ਹੈ । (ਵਿਘਨ) (ਸ਼ੋਰ)

**ਆਵਾਜ਼ਾਂ** : ਕੀ ਇਹ ਗਲਾਂ ਦਿਲੋਂ ਕਹਿ ਰਹੇ ਹਨ ।

**ਸਰਦਾਰ ਗੁਰਦੇਵ ਸਿੰਘ ਬਾਦਲ** : ** ** **

**ਸ਼੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ਅਤੇ ਇਹ ਐਕਸਪੰਜ ਕਰ ਦਿਤਾ ਜਾਵੇ ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਮੈਂ ਹਾਊਸ ਦੀ ਗਿਆਤ ਵਾਸਤੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਮੁਜ਼ਰਮਾਂ ਨੂੰ ਫੜਕੇ ਸਰਕਾਰ ਨੇ ਫਾਂਸੀ ਦੇ ਤਖਤੇ ਤੇ ਚੜ੍ਹਾਇਆ ਹੈ। ਇਹ ਕੋਈ ਛੋਟੀ ਜਿਹੀ ਗੱਲ ਨਹੀਂ ਜਿਸ ਬਾਰੇ ਮੈਂਬਰ ਨੇ ਕਿਹਾ ਹੈ। ਸਾਰਿਆਂ ਨੇ ਜ਼ੋਰ ਲਾਇਆ ਸੀ ਅਤੇ ਇਸ ਬਾਰੇ ਮੈਨੂੰ ਪਤਾ ਹੈ। ਗ੍ਰਿਫਤਾਰ ਕਰਕੇ ਸਭ ਕੁਝ ਕਰਕੇ ਸਜ਼ਾ ਮਿਲੀ ਹੈ। ਸਰਦਾਰ ਪਰਤਾਪ ਸਿੰਘ ਕੈਰੋਂ ਮੇਰੇ ਵੱਡੇ ਭਰਾ ਸਨ ਅਤੇ ਮੇਰਾ ਉਨ੍ਹਾਂ ਨਾਲ ਸਬੰਧ ਸੀ ਅਤੇ ਉਸ ਸਬੰਧ ਨੂੰ ਕੋਈ ਤੋੜ ਨਹੀਂ ਸਕਦਾ। ਉਹ ਲੋਕ ਜੋ ਸਨ, ਉਨ੍ਹਾਂ ਦੀ ਪੂਰੀ ਚੰਗ੍ਹੀ ਪੜਤਾਲ ਕਰਕੇ ਸਜ਼ਾ ਹੋਈ। ਇਹ ਹਾਸੇ ਵਿਚ ਪਾਉਣ ਵਾਲੀ ਗੱਲ ਨਹੀਂ ਹੈ। (ਵਿਘਨ)

**ਸ਼੍ਰੀ ਸਭਾਪਤੀ** : ਇਹ ਅਨਡਿਗਨੇਫਾਈਡ ਗੱਲ ਸੀ।

**ਸਰਦਾਰ ਸੁਰਿੰਦਰ ਸਿੰਘ ਕੈਰੋਂ** : ਚੇਅਰਮੈਨ ਸਾਹਿਬ, ਮੈਂ ਕੋਈ ਬਿਆਨ ਨਹੀਂ ਦਿੱਤਾ। ਮੈਂ ਇਹ ਕਦੇ ਨਹੀਂ ਕਿਹਾ।

ਇਸ ਤੋਂ ਅੱਗੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਚਾਇਤੀ ਰਾਜ ਦੇ ਤਿੰਨ ਟਾਇਰ ਸਿਸਟਮ ਬਾਰੇ ਜੋ ਮਹਾਤਮਾ ਗਾਂਧੀ ਦੇ ਬਰਥ ਡੇ ਤੇ ਪ੍ਰਤਿੱਗਿਆ ਕੀਤੀ ਗਈ ਸੀ, ਉਸਨੂੰ ਪੰਡਿਤ ਜਵਾਹਰ ਲਾਲ ਨਹਿਰੂ ਨੇ ਲਾਗੂ ਕੀਤਾ ਸੀ। ਇਨ੍ਹਾਂ ਨੇ ਡੈਮੋਕ੍ਰੈਟਿਕ ਇਨਸਟੀਚਿਊਸ਼ਨਜ਼ ਨਾਲ ਕੀ ਕੀਤਾ? ਇਸ ਬਾਰੇ ਇਹ ਦੱਸ ਦੇਣ (ਵਿਘਨ) ਇਸ ਬਾਰੇ ਮੈਂ ਸਰਦਾਰ ਸੰਤੋਖ ਸਿੰਘ ਰੰਧਾਵਾ ਜੀ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੇ ਮੁੜ ਇਸ ਡੈਮੋਕ੍ਰੈਟਿਕ ਸਿਸਟਮ ਨੂੰ ਰਾਈਜ਼ ਕਰਨ ਬਾਰੇ ਫੈਸਲਾ ਕੀਤਾ ਹੈ।

ਇਹ ਜੋ ਸਾਡਾ ਗਵਰਨਰ ਸਾਹਿਬ ਦਾ ਭਾਸ਼ਣ ਹੈ, ਇਹ ਬਹੁਤ ਚੰਗਾ ਹੈ ਔਰ ਫੂਡ ਗਰੇਨਜ਼ ਬਾਰੇ ਬੜਾ ਕਲੀਅਰਲੀ ਤੌਰ ਤੇ ਲਿਖਿਆ ਹੋਇਆ ਹੈ ਕਿ 125 ਲੱਖ ਟਨ ਫੂਡ ਗਰੇਨ ਦੀ ਪੈਦਾ-ਵਾਰ ਕੀਤੀ ਜਾਏਗੀ। ਇਸੇ ਤਰ੍ਹਾਂ ਹੀ ਇਸ ਵਿਚ ਲਿਖਿਆ ਹੈ ਕਿ ਫਰਟੇਲਾਈਜ਼ਰ ਵੀ ਵੱਧ ਦਿਆਂਗੇ। ਕੱਲਰ ਵਾਲੀ ਜ਼ਮੀਨਾਂ ਤੇ ਟਿਊਬਵੈੱਲ ਲਗਾਏ ਜਾਣਗੇ। (ਵਿਘਨ) ਇਹ ਕੋਈ ਸਰਮਾਏ-ਦਾਰਾਂ ਦੀ ਹਕੂਮਤ ਨਹੀਂ ਹੈ। ਇਹ ਧੰਨੇ ਭਗਤ ਦੀ ਹਕੂਮਤ ਹੈ। ਇਸ ਸਰਕਾਰ ਵੇਲੇ ਧੰਨੇ ਭਗਤ ਵਾਲੇ ਕੰਮ ਹੋਣਗੇ, ਜਿਸ ਤਰ੍ਹਾਂ ਨਾਲ ਧੰਨੇ ਭਗਤ ਨੂੰ ਛੋਟੇ ਕਿਸਾਨ ਦਾ, ਗਰੀਬ ਦਾ ਤੇ ਹੋਰ ਪਛੜੇ ਲੋਕਾਂ ਦਾ ਖਿਆਲ ਸੀ, ਇਸੇ ਤਰ੍ਹਾਂ ਹੀ ਇਸ ਹਕੂਮਤ ਦੇ ਕੰਮ ਹੋਣਗੇ। ਜਿਹੜੇ ਛੋਟੇ ਛੋਟੇ ਕਾਰ-ਖਾਨੇ ਲਗਾਉਣਗੇ ਉਨ੍ਹਾਂ ਨੂੰ ਸਬਸਿੱਡੀ ਦਿੱਤੀ ਜਾਏਗੀ। ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਲੈਦਰ ਕਾਰਪੋਰੇਸ਼ਨ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਨਾਲ ਛੋਟੇ ਹਰੀਜਨਾਂ ਨੂੰ ਲੈਦਰ, ਟੂਲ ਤੇ ਹੋਰ ਮੈਟੀਰੀਅਲ ਮਿਲ ਸਕੇਗਾ ਤਾਂਕਿ ਉਹ ਗਰੀਬ ਲੋਕ ਤਰੱਕੀ ਕਰ ਸਕਣ।

ਚੇਅਰਮੈਨ ਸਾਹਿਬ, ਮੈਂ ਫਿਰ ਵਧਾਈ ਦਿੰਦਾ ਹਾਂ ਕਿ ਗਵਰਨਰ ਸਾਹਿਬ ਨੇ ਬਹੁਤ ਸੋਹਣਾ ਅਤੇ ਚੰਗਾ ਐਡਰੈਸ ਹਾਊਸ ਅੱਗੇ ਰੱਖਿਆ ਹੈ। ਮੈਨੂੰ ਆਸ ਹੈ ਕਿ ਤੁਸੀਂ ਇਸਨੂੰ ਯੂਨੈਨੀਮਸਲੀ ਪਾਸ ਕਰੋਗੇ।

**Mr. Chairman** : Motion moved—

That an Address be presented to the Governor in the following terms :—

"That the Members of this House assembled in this Session are deeply grateful to the Governor for the Address which he has been pleased to deliver to the House on the 2nd July, 1980."

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** (ਗਿੱਦੜਬਾਹਾ) : ਚੇਅਰਮੈਨ ਸਾਹਿਬ,...... (ਵਿਘਨ)

**ਸਰਦਾਰ ਜਗਦੇਵ ਸਿੰਘ ਜੱਸੋਵਾਲ**: ਆਨ ਏ ਪੁਆਇੰਟ ਆਫ ਆਰਡਰ ਸਰ। ਲੀਡਰ ਆਫ ਦੀ ਆਪੋਜੀਸ਼ਨ ਨੇ ਔਰ ਉਨ੍ਹਾਂ ਦੇ ਸਾਥੀਆਂ ਨੇ ਗਵਰਨਰ ਸਾਹਿਬ ਦੇ ਭਾਸ਼ਣ ਦਾ ਜੋ ਮੁਕੰਮਲ ਬਾਈਕਾਟ ਰੱਖਿਆ, ਨਾ ਉਸ ਨੂੰ ਸੁਣਿਆ ਔਰ ਨਾ ਹੀ ਉਸ ਨੂੰ ਪੜ੍ਹਿਆ। ਮੈਂ ਇਸ ਸਬੰਧੀ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਅਜਿਹੇ ਮੈਂਬਰ ਸਾਹਿਬਾਨ ਜਿਨ੍ਹਾਂ ਨੇ ਨਾ ਇਹ ਐਡਰੈਸ ਸੁਣਿਆ ਹੋਵੇ ਔਰ ਨਾ ਹੀ ਪੜ੍ਹਿਆ ਹੋਵੇ, ਕੀ ਉਹ ਇਸ ਐਡਰੈਸ ਤੇ ਬੋਲ ਸਕਦੇ ਹਨ ? ਇਸ ਬਾਰੇ ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ।

**ਸ਼੍ਰੀ ਸਭਾਪਤੀ**: ਜਦ ਐਡਰੈਸ ਦੀ ਕਾਪੀ ਟੇਬਲ ਆਫ ਦੀ ਹਾਊਸ ਤੇ ਰੱਖ ਦਿੱਤੀ ਗਈ ਤਾਂ ਇਹ ਪ੍ਰੀਜ਼ਿਊਮ ਕੀਤਾ ਜਾਂਦਾ ਹੈ ਕਿ ਉਸ ਨੂੰ ਹਰ ਮੈਂਬਰ ਸਾਹਿਬ ਨੇ ਪੜ੍ਹ ਲਿਆ ਹੈ।

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ** ** **

**ਸ਼੍ਰੀ ਸਭਾਪਤੀ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਦੇ ਮੁਤੱਲਕ ਆਪਣੀ ਰਾਏ ਦਾ ਪ੍ਰਗਟਾਵਾ ਕਰਦੇ ਹੋਏ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਉਸ ਐਡਰੈਸ ਦਾ ਬਾਈਕਾਟ ਕਿਉਂ ਕੀਤਾ ? ਗਵਰਨਰ ਰੂਲ ਕੋਈ ਕਿਸੇ ਪਾਰਟੀ ਦਾ ਰੂਲ ਨਹੀਂ ਹੁੰਦਾ ਔਰ ਅਸੀਂ ਸਾਰੇ ਐਕਸਪੈਕਟ ਕਰਦੇ ਹਾਂ ਕਿ ਜਦੋਂ ਗਵਰਨਰ ਰੂਲ ਹੋਵੇ ਤਾਂ ਸਾਰੀਆਂ ਪਾਰਟੀਆਂ ਨਾਲ ਇਕੋ ਜਿਹਾ ਸਲੂਕ ਹੋਵੇ। ਗਵਰਨਰ ਦੇ ਐਡਰੈਸ ਵਿਚ ਜਿਥੇ ਹੋਰ ਗੱਲਾਂ ਸਨ ਉਥੇ ਦੋ ਗੱਲਾਂ ਮੈਂ ਹੋਰ ਕਰਨੀਆਂ ਚਾਹੁੰਦਾ ਹਾਂ। ਇੱਕ 'ਫੇਅਰ ਐਂਡ ਫਰੀ ਇਲੈਕਸ਼ਨਜ਼' ਅਤੇ ਦੂਸਰੇ ਸਾਫ ਸੁਥਰੀ ਐਡਮਨਿਸਟਰੇਸ਼ਨ, ਇਹ ਗਵਰਨਰ ਰੂਲ ਵਿਚ ਹੋਣੀਆਂ ਚਾਹੀਦੀਆਂ ਹਨ। ਪਰ ਜਿੱਥੋਂ ਤੱਕ ਫੇਅਰ ਐਂਡ ਫਰੀ ਇਲੈਕਸ਼ਨਜ਼ ਦਾ ਸਬੰਧ ਹੈ ਗਵਰਨਰ ਸਾਹਿਬ ਦੇ ਐਡਰੈਸ ਦੇ ਪਹਿਲੇ ਸਫੇ ਤੇ ਜਿਥੋਂ ਇਹ ਐਡਰੈਸ ਸ਼ੁਰੂ ਕੀਤਾ ਹੈ ਇਨ੍ਹਾਂ ਨੇ ਕਿਤੇ ਇਹ ਨਹੀਂ ਕਿਹਾ ਕਿ ਫੇਅਰ ਐਂਡ ਫਰੀ ਇਲੈਕਸ਼ਨਜ਼ ਕਰਾਏ ਹਨ। ਇਹ ਠੀਕ ਹੈ ਕਿ ਲੋਕਾਂ ਨੇ ਆਪਣੀ ਡਿਊਟੀ ਸਰਅੰਜਾਮ ਦਿੱਤੀ ਹੈ। ਪਰ ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਉਸ ਹਕੂਮਤ ਨੇ ਆਪਣੀ ਡਿਊਟੀ ਸਹੀ ਢੰਗ ਨਾਲ ਸਰ-ਅੰਜਾਮ ਨਹੀਂ ਦਿੱਤੀ। ਜੇ ਇਥੇ ਫੇਅਰ ਐਂਡ ਫਰੀ ਇਲੈਕਸ਼ਨਜ਼ ਹੋਏ ਹੁੰਦੇ ਤਾਂ ਅਸੀਂ ਸਭ ਤੋਂ ਪਹਿਲਾਂ ਗਵਰਨਰ ਸਾਹਿਬ ਦੇ ਭਾਸ਼ਣ ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦੇ ਲੇਕਿਨ ਉਸ ਸਮੇਂ ਵਿਚ ਕੀ ਹੋਇਆ, ਕੋਈ ਕਿਸੇ ਤੋਂ ਭੁੱਲੀ ਹੋਈ ਗੱਲ ਨਹੀਂ ਹੈ। ਇਹ ਗਲ ਕਿਸੇ ਮੈਂਬਰ ਸਾਹਿਬ ਤੋਂ ਜਾਂ ਪੰਜਾਬ ਦੇ ਕਿਸੇ ਬੰਦੇ ਤੋਂ ਭੁੱਲੀ ਹੋਈ ਨਹੀਂ ਹੈ ਕਿ ਉਸ ਰਾਜ ਨੇ ਇੱਕ ਪਾਰਟੀ ਦਾ ਬਹੁਤ ਵੱਡਾ ਸਾਥ ਦਿੱਤਾ। ਕਿੰਨੀਆਂ ਟਰਾਂਸਫਰਜ਼ ਹੋਈਆਂ ? ਸਾਡੇ ਸਾਹਮਣੇ ਬੈਠੇ ਭਰਾਵਾਂ ਨੇ ਜਿਸ ਬੰਦੇ ਦੀ ਟਰਾਂਸਫਰ ਚਾਹੀ, ਉਹ ਉਸ ਵੇਲੇ ਕੀਤੀ ਗਈ। (ਵਿਘਨ) ਉਸ ਰਾਜ ਦੇ ਸਮੇਂ ਗੌਰਮਿੰਟ ਮਸ਼ੀਨਰੀ ਰਾਹੀਂ ਮੱਦਦ ਕੀਤੀ ਗਈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰ ਤਰੀਕੇ ਨਾਲ, ਫੰਡਜ਼ ਨਾਲ ਵੀ ਇਸ ਪਾਰਟੀ ਦੀ ਬਹੁਤ ਮੱਦਦ ਹੋਈ ਹੈ। ਐਕਸਾਈਜ਼ ਪਾਲਿਸੀ ਬਾਰੇ ਜੋ ਕੁਝ ਹੋਇਆ ਉਹ ਸਾਰੀ ਸਟੇਟ ਦਾ ਚਰਚਾ ਬਣਿਆ ਅਸੀਂ ਇੱਕ ਪ੍ਰੋਗਰੈਸਿਵ ਨੀਤੀ ਲੋਕਾਂ ਨੂੰ ਦਿੱਤੀ ਸੀ । ਚੇਅਰਮੈਨ ਸਾਹਿਬ, ਤੁਸੀਂ ਵੀ ਮਨਿਸਟਰ ਫਾਰ ਐਕਸਾਈਜ਼ ਐਂਡ ਟੈਕਸੇਸ਼ਨ ਰਹੇ ਹੋ, ਅਸੀਂ ਉਹ ਪਾਲਿਸੀ ਇਸ ਲਈ ਲਿਆਏ ਸੀ ਤਾਂਕਿ ਧਨਾਡਾਂ ਨੂੰ, ਕਰੋੜਪਤੀਆਂ ਨੂੰ ਖਤਮ ਕੀਤਾ ਜਾਵੇ ਅਤੇ ਉਸ ਦੇ ਬਦਲੇ ਛੋਟੇ ਬੰਦਿਆਂ ਦੇ ਹੱਥਾਂ ਵਿਚ ਇਹ ਚੀਜ਼ ਦਿੱਤੀ ਜਾਵੇ। ਪਰ ਗਵਰਨਰੀ ਰਾਜ ਵਿਚ ਇਹ ਪਾਲਿਸੀ ਬਦਲ ਦਿਤੀ ਗਈ। ਅਫ਼ਸਰਾਂ ਨੂੰ ਤਰੱਕੀਆਂ ਦਿਤੀਆਂ ਗਈਆਂ। ਚੇਅਰਮੈਨ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਾਹਿਬ, ਬੜਾ ਦੁੱਖ ਹੁੰਦਾ ਹੈ ਕਿ ਉਨ੍ਹਾਂ ਅਫਸਰਾਂ ਨਾਲ ਠੇਕੇ ਕੀਤੇ ਗਏ ਕਿ ਤਰੱਕੀਆਂ/ਟਰਾਂਸਫਰਜ਼ ਤਾਂ ਕੀਤੀਆਂ ਜਾਣਗੀਆਂ ਜੇਕਰ ਐਨੇ ਰੁਪਏ ਇਕੱਠੇ ਕਰਕੇ ਦਿਉਗੇ। । (ਸ਼ੇਮ) (ਸ਼ੇਮ) ਇਸ ਤਰ੍ਹਾਂ ਕਰਕੇ ਇਲੈਕਸ਼ਨਜ਼ ਵਿਚ ਕਿੰਨਾ ਦਖਲ ਦਿੱਤਾ ਗਿਆ ਹੈ। ਜੇਕਰ ਇਸ ਤਰ੍ਹਾਂ ਦੀਆਂ ਗੱਲਾਂ ਨਾ ਕੀਤੀਆਂ ਗਈਆਂ ਹੁੰਦੀਆਂ ਤਾਂ ਅਸੀਂ ਜ਼ਰੂਰ ਵਧਾਈ ਦਿੰਦੇ। ਇਹ ਤੁਸੀਂ ਕਦੇ ਵੀ ਨਹੀਂ ਸੁਣਿਆ ਹੋਣਾ ਕਿ ਗਵਰਨਰੀ ਰਾਜ ਵਿਚ ਇਲੈਕਟਿਡ ਗੌਰਮਿੰਟ ਦੇ ਸਾਰੇ ਪਾਲਿਸੀ ਮੈਟਰਜ਼ ਹੀ ਬਦਲ ਦਿਤੇ ਜਾਣ। ਗਵਰਨਰੀ ਰਾਜ ਵਿਚ ਅਪੁਆਇੰਟਮੈਂਟਸ ਬਦਲ ਦਿਤੀਆਂ ਗਈਆਂ, ਐਕਸਾਈਜ਼ ਪਾਲਿਸੀ ਬਦਲ ਦਿਤੀ ਗਈ, ਕਾਰਪੋਰੇਸ਼ਨਜ਼/ਬੋਰਡਾਂ ਦੇ ਚੇਅਰਮੈਨ ਹਟਾ ਦਿੱਤੇ ਗਏ। ਸਾਨੂੰ ਕੋਈ ਦੁੱਖ ਨਹੀਂ ਹੋਣਾ ਸੀ ਜੇਕਰ ਦਰਬਾਰਾ ਸਿੰਘ ਦੀ ਸਰਕਾਰ ਆਕੇ ਉਨ੍ਹਾਂ ਨੂੰ ਹਟਾ ਦਿੰਦੀ। ਗਵਰਨਰੀ ਰਾਜ ਵਿਚ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਜਾਣ, ਇਹ ਇੱਕ ਨਵੀਂ ਕਿਸਮ ਦੀ ਪਰੰਪਰਾ ਪਈ ਹੈ। ਪੁਲੀਟੀਕਲ ਸਫਰਰਜ਼ ਜਿਨ੍ਹਾਂ ਨੇ ਐਮਰਜੈਂਸੀ ਵਿਚ ਕੁਰਬਾਨੀਆਂ ਕੀਤੀਆਂ, 19 ਮਹੀਨੇ ਜੇਲ੍ਹਾਂ ਵਿਚ ਰਹੇ ਔਰ ਇਸ ਦੇਸ਼ ਨੂੰ ਆਜ਼ਾਦੀ ਲੈ ਕੇ ਦਿੱਤੀ, ਜਿਸ ਤਰ੍ਹਾਂ ਕਿ ਅੰਗਰੇਜ਼ਾਂ ਤੋਂ ਆਜ਼ਾਦੀ ਲੈ ਕੇ ਦਿੱਤੀ ਸੀ, ਉਨ੍ਹਾਂ ਦੀਆਂ ਪੈਨਸ਼ਨਾਂ ਬੰਦ ਕਰਾ ਦਿੱਤੀਆਂ ਗਈਆਂ। ਜਿਸ ਤਰ੍ਹਾਂ ਕਿ ਜੰਗੇ ਆਜ਼ਾਦੀ ਵਿਚ ਜੋਧਿਆਂ ਨੂੰ ਪੈਨਸ਼ਨਾਂ ਦਿੱਤੀਆਂ ਗਈਆਂ ਹਨ, ਉਸੇ ਤਰ੍ਹਾਂ ਹੀ ਇਨ੍ਹਾਂ ਨੂੰ ਪੈਨਸ਼ਨਾਂ ਦਿੱਤੀਆਂ ਗਈਆਂ ਸਨ। ਇਹ ਪੈਨਸ਼ਨਾਂ ਗਵਰਨਰ ਸਾਹਿਬ ਤੋਂ ਬੰਦ ਕਰਾ ਦਿਤੀਆਂ, ਇਹ ਠੀਕ ਨਹੀਂ ਕੀਤਾ ਗਿਆ।

**ਸਰਦਾਰ ਪ੍ਰਿਥੀਪਾਲ ਸਿੰਘ :** ਆਨ ਏ ਪੁਆਇੰਟ ਆਫ, ਆਰਡਰ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਇਹ ਦੱਸਣਗੇ ਕਿ ਐਮਰਜੈਂਸੀ ਦੇ ਦੌਰਾਨ ਕਿੰਨੀ ਇਨ੍ਹਾਂ ਨੇ ਕੈਦ ਕੱਟੀ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਇਨ੍ਹਾਂ ਨੀਲੀਆਂ ਪੱਗਾਂ ਵਾਲੇ ਭਰਾਵਾਂ ਵਿਚੋਂ ਇੱਕ ਆਦਮੀ ਵੀ ਪੈਰੋਲ ਤੇ ਜਾਂ ਜ਼ਮਾਨਤ ਤੇ ਗਿਆ ਹੋਵੇ ਤਾਂ ਮੈਂ ਵੱਡੀ ਤੋਂ ਵੱਡੀ ਸਜ਼ਾ ਭੁਗਤਣ ਲਈ ਤਿਆਰ ਹਾਂ। ਇਹ ਤੁਹਾਡੇ ਵੇਲੇ ਅਜਿਹੀਆਂ ਗੱਲਾਂ ਹੋਈਆਂ ਹਨ। ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ, ਐਡਵੋਕੇਟ ਜਨਰਲ ਆਦਿ ਦੀਆਂ ਨਿਯੁਕਤੀਆਂ ਇਲੈਕਸ਼ਨਾਂ ਤੋਂ ਇਕ ਦੋ ਦਿਨ ਪਹਿਲਾਂ ਕੀਤੀਆਂ ਗਈਆਂ ਭਾਵੇਂ ਇਸ ਬਾਰੇ ਸਰਦਾਰ ਦਰਬਾਰਾ ਸਿੰਘ ਨੂੰ ਪਲੀਡ ਕਰਨਾ ਪਿਆ ਹੈ, ਪਰ ਵਿਚੋਂ ਇਹ ਵੀ ਸਮਝਦੇ ਹਨ ਕਿ ਇਹ ਗੱਲਾਂ ਨਾਜਾਇਜ਼ ਹੋਈਆਂ ਹਨ। ਇਨ੍ਹਾਂ ਦਾ ਬਿਆਨ ਵੀ ਆਇਆ ਸੀ ਕਿ ਗਵਰਨਰ ਸਾਹਿਬ ਦੇ ਫੈਸਲਿਆਂ ਨੂੰ ਰੀਵਿਊ ਕੀਤਾ ਜਾਵੇਗਾ।

ਬੀਰਦਵਿੰਦਰ ਸਿੰਘ ਸਾਡੇ ਮਿੱਤਰ ਹਨ, ਚੰਗੇ ਸਿਆਣੇ ਹਨ, ਪਰ ਉਹ ਕੁਝ ਹੋਰ ਹੀ ਗੱਲਾਂ ਵਿਚ ਹੀ ਪੈ ਗਏ। ਮੈਂ ਹੈਰਾਨ ਹਾਂ ਕਿ ਅਸੀਂ ਐਨੇ ਡਿਵੈਲਪਮੈਂਟ ਦੇ ਕੰਮ ਕੀਤੇ, ਪਰ ਉਹ ਕਹਿੰਦੇ ਹਨ ਕਿ ਕੁਝ ਨਹੀਂ ਕੀਤਾ। ਬੀਰਦਵਿੰਦਰ ਸਿੰਘ ਦੀ ਤਾਂ ਉਹ ਗੱਲ ਹੈ ਕਿ ਜੇ ਕੋਈ ਝੂਠਾ ਕੇਸ ਪੇਸ਼ ਕਰਨਾ ਹੋਵੇ ਤਾਂ ਉਹ ਚੰਗੇ ਵਕੀਲ ਨੂੰ ਦੇ ਦਿੱਤਾ ਜਾਂਦਾ ਹੈ ਤਾਂਕਿ ਬੜੀ ਚੰਗੀ ਤਰ੍ਹਾਂ ਪੇਸ਼ ਕਰ ਸਕੇ। ਅਜਿਹਾ ਹੀ ਇਨ੍ਹਾਂ ਨੇ ਕੀਤਾ ਹੈ। ਸਾਰੇ ਡਿਵੈਲਪਮੈਂਟ ਦੇ ਵਰਕਸ ਜੋ ਸ਼ੁਰੂ ਕੀਤੇ ਗਏ ਸਨ, ਉਹ ਇਨ੍ਹਾਂ ਨੇ ਬੰਦ ਕਰ ਦਿੱਤੇ ਹਨ। ਇਹ ਜੋ ਕੁਝ ਹੋਇਆ ਹੈ, ਮੈਨੂੰ ਇਸ ਦਾ ਬੜਾ ਦੁੱਖ ਹੋਇਆ ਹੈ। ਇਹੋ ਕਾਰਨ ਸੀ ਕਿ ਅਸੀਂ ਮਜਬੂਰ ਹੋਏ ਕਿ ਗਵਰਨਰ ਸਾਹਿਬ ਦੇ ਉਸ ਭਾਸ਼ਣ ਦਾ ਬਾਈਕਾਟ ਕਰੀਏ, ਪਰੋਟੈਸਟ ਕਰੀਏ ਅਤੇ ਆਪਣੇ ਜਜ਼ਬਾਤ ਦਾ ਪ੍ਰਗਟਾਵਾ ਕਰ ਸਕੀਏ ਅਤੇ ਲੋਕਾਂ ਦੇ ਸਾਹਮਣੇ ਇਹ ਚੀਜ਼ ਰੱਖ ਸਕੀਏ।

ਚੇਅਰਮੈਨ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਇਸ ਐਡਰੈਸ ਦੇ ਮੁਤਾਬਿਕ ਆਪਣੀ ਕੁਝ ਰਾਏ ਦੇਵਾਂ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਵੀ ਸਾਨੂੰ ਖਦਸ਼ਾ ਹੈ ਕਿ ਕਾਂਗਰਸ ਪਾਰਟੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਜੋ ਹੈ, ਉਸ ਦੀਆਂ ਜੋ ਡਿਕਟੇਟੋਰੀਅਲ ਪਾਲਿਸੀਆਂ ਹਨ ਇਹ ਉਸੇ ਤਰ੍ਹਾਂ ਹੀ ਚਲ ਰਹੀਆਂ ਹਨ ਜਿਸ ਤਰ੍ਹਾਂ ਕਿ ਪਹਿਲਾਂ ਸਨ ਅਤੇ ਉਸ ਨੇ ਡੈਮੋਕਰੈਟਿਕ ਢੰਗ ਨਾਲ ਆਪਣੇ ਆਪ ਨੂੰ ਐਡਜਸਟ ਨਹੀਂ ਕੀਤਾ। ਇਹ ਬੜੇ ਦੁੱਖ ਦੀ ਗੱਲ ਹੈ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਨੂੰ ਉਨ੍ਹਾਂ ਨੇ ਤੋੜ ਦਿੱਤਾ ਹੈ ਅਤੇ ਕਾਰਨ ਇਹ ਦਿਤਾ ਕਿ ਸਰਕਾਰ ਇਸ ਕਰਕੇ ਤੋੜੀ ਕਿ ਇਹ ਪਬਲਿਕ ਦਾ ਕਨਫੀਡੈਂਸ ਖੋਹ ਚੁਕੀ ਹੈ। ਸਾਨੂੰ ਤਾਂ ਇਹ ਕਹਿੰਦੇ ਹਨ ਕਿ ਇਹ ਪਬਲਿਕ ਦਾ ਕਨਫੀਡੈਂਸ ਖੋਹ ਚੁੱਕੇ ਹਨ, ਪਰ ਮੈਂ ਦੱਸਦਾ ਹਾਂ ਕਿ ਜਿਸ ਵੇਲੇ ਸਾਡੀ ਸਰਕਾਰ ਤੋੜੀ ਗਈ ਉਸ ਵੇਲੇ ਕਾਂਗਰਸ ਨੂੰ 52% ਵੋਟਾਂ ਪਈਆਂ ਅਤੇ 48% ਆਪੋਜੀਸ਼ਨ ਨੂੰ ਪਈਆਂ। ਚੇਅਰਮੈਨ ਸਾਹਿਬ, ਇਹ ਅੰਕੜੇ ਤੁਹਾਡੇ ਕੋਲ ਵੀ ਹੋਣੇ ਹਨ। 4% ਵੋਟਾਂ ਦੇ ਫਰਕ ਨਾਲ ਉਨ੍ਹਾਂ ਨੇ ਸਰਕਾਰ ਤੋੜ ਦਿਤੀ। ਹੁਣ ਅਸੰਬਲੀ ਦੇ ਇਲੈਕਸ਼ਨ ਵਿਚ ਦੇਖਿਆ ਹੋਣਾ ਹੈ ਕਿ ਇਨ੍ਹਾਂ ਦਾ ਕੀ ਨਤੀਜਾ ਨਿਕਲਿਆ। ਕਾਂਗਰਸ ਨੂੰ 45% ਵੋਟਾਂ ਪਈਆਂ ਅਤੇ ਆਪੋਜੀਸ਼ਨ ਨੂੰ 55% ਵੋਟਾਂ ਪਈਆਂ। ਜੇ ਇਹ ਥੋੜਾ ਜਿਹਾ ਵੀ ਡੈਮੋ-ਕਰੈਟਿਕ ਢੰਗਾਂ ਨਾਲ ਰਵਾਇਤਾਂ ਨੂੰ ਕਾਇਮ ਰੱਖਣਾ ਚਾਹੁੰਦੇ ਅਤੇ ਡਿਕਟੇਟਰਸ਼ਿਪ ਵਲ ਨਹੀਂ ਜਾਣਾ ਚਾਹੁੰਦੇ ਤਾਂ ਇਹ ਆਪਣੇ ਐਮ. ਪੀਜ਼ ਨੂੰ ਕਹਿੰਦੇ ਕਿ ਤੁਸੀਂ ਰਿਜ਼ਾਇਨ ਕਰੋ ਅਤੇ ਦੁਬਾਰਾ ਇਲੈਕਸ਼ਨ ਕਰਾਓ। (ਤਾੜੀਆਂ) ਲੇਕਿਨ, ਚੇਅਰਮੈਨ ਸਾਹਿਬ, ਕਹਿਣ ਦੀਆਂ ਕੁਝ ਗਲਾਂ ਹੋਰ ਹੁੰਦੀਆਂ ਹਨ ਅਤੇ ਕਰਨ ਦੀਆਂ ਹੋਰ। ਜਿਵੇਂ "ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਵਿਖਾਉਣ ਦੇ ਹੋਰ ਹੁੰਦੇ ਹਨ"। ਚੇਅਰਮੈਨ ਸਾਹਿਬ, ਅਸਲ ਗੱਲ ਇਹ ਹੈ ਕਿ ਸਾਡੀ ਸਰਕਾਰ ਇਸ ਕਰਕੇ ਤੋੜੀ ਕਿ ਅਸੀਂ ਪਬਲਿਕ ਦਾ ਕਨਫੀਡੈਂਸ ਜਿੱਤ ਲਿਆ ਸੀ। ਸਾਡੀ ਸਰਕਾਰ ਇਸ ਕਰਕੇ ਤੋੜੀ ਕਿ ਅਸੀਂ ਬੇ-ਅਸੂਲੇ ਨਹੀਂ ਬਣੇ। ਜਿਹੜੇ ਬੇਅਸੂਲੇ ਬਣੇ, ਆਪਣੀਆਂ ਪਾਰਟੀਆਂ ਛੱਡਕੇ ਡਿਫੈਕਸ਼ਨਾਂ ਕੀਤੀਆਂ, ਜਿਸ ਤਰਾਂ ਕਿ ਸਾਡੇ ਗਵਾਂਢੀ ਸੂਬਿਆਂ ਹਿਮਾਚਲ ਅਤੇ ਹਰਿਆਣਾ ਵਿਚ ਹੋਇਆ ਹੈ, ਉਹ ਸਰਕਾਰਾਂ ਚਲ ਰਹੀਆਂ ਹਨ।

**ਸ੍ਰੀ ਸਭਾਪਤੀ**: ਤੁਸੀਂ ਆਪਣੀ ਗੱਲ ਕਰੋ, ਹੋਰਨਾਂ ਨੂੰ ਰੈਫਰ ਨਾ ਕਰੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਦੇਸ਼ ਵਿਚ ਡੈਮੋ-ਕਰੈਟਿਕ ਰਵਾਇਤਾਂ ਮਜ਼ਬੂਤ ਕਰੀਏ ਅਤੇ ਕੋਈ ਅਜਿਹੀ ਗੱਲ ਨਾ ਕੀਤੀ ਜਾਵੇ ਜਿਸ ਨਾਲ ਸਾਡੇ ਦੇਸ਼ ਦਾ ਨਾਮ ਬਦਨਾਮ ਹੋਵੇ। ਜੇ ਡੈਮੋਕਰੈਟਿਕ ਰਵਾਇਤਾਂ ਨੂੰ ਕਾਇਮ ਰੱਖਿਆ ਜਾਂਦਾ ਤਾਂ ਸਾਡੀ ਸਰਕਾਰ ਟੁੱਟਣੀ ਨਹੀਂ ਸੀ। ਅਗਰ ਹਰਿਆਣੇ ਦੀ ਤਰ੍ਹਾਂ ਇਥੇ ਵੀ ਕੀਤਾ ਜਾਂਦਾ ਤਾਂ ਸਾਡੀ ਸਰਕਾਰ ਵੀ ਨਹੀਂ ਸੀ ਟੁੱਟਣੀ। ਸਰਕਾਰ ਤਾਂ ਕੀ ਅਸੀਂ ਹੋਰ ਵੀ ਬੜੀਆਂ ਕੁਰਬਾਨੀਆਂ ਕਰਾਂਗੇ। (ਤਾੜੀਆਂ) ਮੈਂ ਸਰਕਾਰ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਡੈਮੋ-ਕਰੈਟਿਕ ਰਵਾਇਤਾਂ ਨੂੰ ਕਾਇਮ ਰੱਖਾਂਗੇ। (ਤਾੜੀਆਂ)

ਹੁਣ ਮੈਂ ਗਵਰਨਰ ਸਾਹਿਬ ਦੇ ਐਡਰੈਸ ਵੱਲ ਆਉਂਦਾ ਹਾਂ। ਗਵਰਨਰ ਸਾਹਿਬ ਦਾ ਐਡਰੈਸ ਅਸੀਂ ਪੜ੍ਹਿਆ ਹੈ। ਸਾਡੇ ਸਾਹਮਣੇ ਬੈਠੇ ਵੀਰ ਉਠਕੇ ਚਲੇ ਗਏ ਹਨ ਉਹ ਕਹਿਣ ਲਗੇ ਕਿ ਇਨ੍ਹਾਂ ਨੇ ਗਵਰਨਰ ਦਾ ਐਡਰੈਸ ਨਹੀਂ ਪੜ੍ਹਿਆ। ਮੈਂ ਕਹਿੰਦਾ ਹਾਂ ਕਿ ਅਸੀਂ ਤਾਂ ਇਸ ਨੂੰ ਦਸ ਦਸ ਵਾਰੀ ਪੜ੍ਹ ਚੁਕੇ ਹਾਂ। ਉਸਨੂੰ ਪੜ੍ਹਕੇ ਮੈਨੂੰ ਬੜੀ ਡਿਸਅਪੁਆਇੰਟਮੈਂਟ ਹੋਈ ਹੈ। ਇਤਨੀ ਡਿਸ-ਅਪੁਆਇੰਟਮੈਂਟ ਹੋਈ ਹੈ ਕਿ ਮੈਂ ਉਹ ਲਫਜ਼ਾਂ ਵਿਚ ਬਿਆਨ ਨਹੀਂ ਕਰ ਸਕਦਾ। ਇਸ ਡਿਸ-ਅਪੁਆਇੰਟਮੈਂਟ ਦਾ ਜ਼ਿਕਰ ਅੱਜ "ਟ੍ਰਿਬਿਊਨ" ਵਿਚ ਆਇਆ ਹੈ। ਇਸ ਬਾਰੇ "ਟ੍ਰਿਬਿਊਨ" ਦੇ ਪਹਿਲੇ ਸਫੇ ਤੇ ਲਿਖਿਆ ਹੈ। ਪਤਾ ਨਹੀਂ ਸਰਦਾਰ ਦਰਬਾਰਾ ਸਿੰਘ ਨੂੰ ਵਿਹਲ ਨਹੀਂ ਮਿਲੀ

Original with;
Punjab Vidhan Sabha
Digitized by;
Panjab Digital Library

ਜਾਂ ਕੀ ਗੱਲ ਹੈ, ਇਸ ਐਡਰੈਸ ਵਿਚ 20 ਪੁਆਇੰਟ ਪ੍ਰੋਗਰਾਮ ਦਾ ਚਰਚਾ ਨਹੀਂ ਕੀਤਾ ਗਿਆ। ਪਤਾ ਨਹੀਂ ਉਹ ਇਸ ਪਾਸੇ ਧਿਆਨ ਨਹੀਂ ਦੇ ਸਕੇ । ਇਹ ਇਸ ਤਰ੍ਹਾਂ ਦਾ ਇਨ੍ਹਾਂ ਦਾ ਗਵਰਨਰ ਐਡਰੈਸ ਹੈ। ਇਹ ਠੀਕ ਹੈ ਕਿ ਪਿਛਲੇ ਦਿਨੀ ਸਰਦਾਰ ਦਰਬਾਰਾ ਸਿੰਘ ਬਿਜ਼ੀ ਰਹੇ । ਜਦੋਂ ਵੀ ਕਾਂਗਰਸ ਦੀ ਸਰਕਾਰ ਆਉਂਦੀ ਹੈ ਉਨ੍ਹਾਂ ਦੇ ਚੀਫ ਮਨਿਸਟਰ, ਮਨਿਸਟਰ ਦਿੱਲੀ ਵੱਲ ਭੱਜਦੇ ਹਨ ਅਤੇ ਸਾਰਾ ਟਾਈਮ ਦਿੱਲੀ ਦੇ ਚੱਕਰਾਂ ਤੇ ਲਾਉਂਦੇ ਹਨ। (ਇਕ ਅਵਾਜ਼: ਤੁਸੀਂ ਅੰਮ੍ਰਿਤਸਰ ਚੱਕਰ ਲਾਉਂਦੇ ਹੋ।) ਉਹ ਉਤਨਾ ਧਿਆਨ ਪੰਜਾਬ ਵਲ ਨਹੀਂ ਦਿੰਦੇ ਜਿਤਨਾ ਦਿੱਲੀ ਵੱਲ ਦਿੰਦੇ ਹਨ। ਇਹ ਜਿਹੜਾ ਗਵਰਨਰ ਸਾਹਿਬ ਦਾ ਐਡਰੈਸ ਪੇਸ਼ ਹੋਇਆ ਹੈ ਬੜੀ ਮੁਸ਼ਕਿਲ ਨਾਲ ਹੀ ਸਾਰੀ ਕੈਬਨਿਟ ਨੇ ਇਸਨੂੰ ਪੜ੍ਹਿਆ ਹੋਣਾ ਹੈ। ਜੇ ਦੋ ਦਿਨ ਵੀ ਸਾਰੀ ਕੈਬਨਿਟ ਨੇ ਚੰਗੀ ਤਰ੍ਹਾਂ ਬੈਠ ਕੇ ਡਿਸਕੱਸ ਕੀਤਾ ਹੁੰਦਾ ਤਾਂ ਇਸ ਵਿਚ ਕੋਈ ਨਵੀਂ ਗੱਲ ਆਉਂਦੀ ਜਿਸ ਨਾਲ ਸੂਬੇ ਦੇ ਲੋਕ ਸੋਚ ਸਕਦੇ ਕਿ ਨਵੀਂ ਸਰਕਾਰ ਆਈ ਹੈ ਇਹ ਸਾਡਾ ਕੁਝ ਸੋਚੇਗੀ। ਚੇਅਰਮੈਨ ਸਾਹਿਬ, ਤੁਸੀਂ ਅਸੰਬਲੀ ਦਾ ਰਿਕਾਰਡ ਮੰਗਵਾ ਕੇ ਦੇਖ ਲਵੋ ਤਾਂ ਪਤਾ ਲੱਗਦਾ ਹੈ ਕਿ ਐਮ. ਐਲ. ਏਜ਼ 1 ਤਾਰੀਖ ਨੂੰ ਬਣ ਗਏ ਪਰ 27 ਤਾਰੀਖ ਤੱਕ ਇਹ ਐਮ. ਐਲ. ਏਜ਼. ਨੂੰ ਸਹੁੰ ਨਹੀਂ ਚੁਕਾ ਸਕੇ। ਇਹ ਇਸ ਕਰਕੇ ਕਿ ਇਨ੍ਹਾਂ ਨੂੰ ਵੇਹਲ ਹੀ ਨਹੀਂ ਮਿਲ ਸਕਿਆ। ਇਨ੍ਹਾਂ ਨੂੰ ਹੋਰਨਾ ਕੰਮਾਂ ਤੋਂ ਇਸ ਪਾਸੇ ਧਿਆਨ ਕਰਨ ਨੂੰ ਵੇਹਲ ਨਹੀਂ ਮਿਲਦੀ। ਜੇ ਇਸੇ ਤਰ੍ਹਾਂ ਕੰਮ ਚੱਲਦਾ ਰਿਹਾ ਤਾਂ ਪਤਾ ਨਹੀਂ ਇਸ ਸੂਬੇ ਦਾ ਕੀ ਹੋਵੇਗਾ ?

ਸੱਭ ਤੋਂ ਪਹਿਲਾਂ ਮੈਂ ਕੁਝ ਇਹੋ ਜਿਹੀਆਂ ਗੱਲਾਂ ਹਾਊਸ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਜਿਹੜੀਆਂ ਕਿ ਬੜੀਆਂ ਇੰਪਾਰਟੈਂਟ ਹਨ ਅਤੇ ਜਿਨ੍ਹਾਂ ਦਾ ਸਾਰੇ ਪੰਜਾਬ ਦੇ ਲੋਕਾਂ ਨਾਲ ਬਹੁਤ ਵੱਡਾ ਸਬੰਧ ਹੈ। ਲੇਕਿਨ ਗਵਰਨਰ ਦੇ ਐਡਰੈਸ ਵਿਚ ਇਨ੍ਹਾਂ ਗੱਲਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਸੱਭ ਤੋਂ ਵੱਡਾ ਪੰਜਾਬ ਦਾ ਜੋ ਮਸਲਾ ਹੈ ਉਹ ਹੈ ਰਾਵੀ-ਬਿਆਸ ਵਾਟਰ ਦਾ ਹਿੱਸਾ। ਸਾਡੀ ਪਹਿਲੀ ਬਦਕਿਸਮਤੀ ਇਹ ਹੈ ਕਿ ਸੈਂਟਰ ਦੀ ਸਰਕਾਰ ਨੇ, ਜਿੰਨਾ ਚਿਰ ਉਥੇ ਕਾਂਗਰਸ ਦੀ ਸਰਕਾਰ ਨੇ ਰਾਜ ਕੀਤਾ, ਪੰਜਾਬ ਨਾਲ ਬੜਾ ਧੱਕਾ ਕੀਤਾ ਅਤੇ ਪੰਜਾਬ ਦੀ ਖੁਸ਼ਹਾਲੀ ਦੂਜਿਆਂ ਸੂਬਿਆਂ ਨੂੰ ਵੰਡ ਦਿਤੀ ਔਰ ਉਸ ਦੇ ਵਿਚ ਇਕ ਬਹੁਤ ਵੱਡਾ ਧੱਕਾ ਸਾਡੇ ਨਾਲ ਹੋਇਆ। ਇਹ ਰਾਵੀ-ਬਿਆਸ ਦੇ ਪਾਣੀ ਦਾ ਜੋ ਸ਼ੇਅਰ ਹੈ ਉਸ ਵਿਚ ਸਾਨੂੰ ਪੂਰਾ ਹੱਕ ਨਹੀਂ ਦਿੱਤਾ ਗਿਆ ਸਗੋਂ ਹਰਿਆਣਾ ਨੂੰ ਵਧੇਰੇ ਹੱਕ ਦਿੱਤਾ ਗਿਆ ਹੈ। ਉਸ ਬਾਰੇ ਸ੍ਰੀਮਤੀ ਇੰਦਰਾ ਗਾਂਧੀ ਦੀ ਕੈਬਨਿਟ ਨੇ ਜੋ ਫੈਸਲਾ ਕੀਤਾ, ਇਹ ਸਾਡੀ ਬਦਕਿਸਮਤੀ ਹੈ ਕਿ ਉਸ ਫੈਸਲੇ ਤੇ ਸਰਦਾਰ ਗੁਰਦਿਆਲ ਸਿੰਘ ਢਿੱਲੋਂ ਦੇ ਵੀ ਦਸਖਤ ਹਨ ਜੋ ਕਿ ਉਸ ਸਮੇਂ ਸੈਂਟਰ ਵਿਚ ਸਨ। ਐਡਾ ਵੱਡਾ ਖਤਰਨਾਕ ਫੈਸਲਾ ਜੇ ਲਾਗੂ ਹੋ ਜਾਵੇ ਤਾਂ ਫਿਰ ਪੰਜਾਬ ਦੀ ਖੁਸ਼ਹਾਲੀ ਕਿਸ ਤਰ੍ਹਾਂ ਹੋ ਸਕਦੀ ਹੈ। ਜੇ ਇਹ ਫੈਸਲਾ ਲਾਗੂ ਹੋ ਗਿਆ ਤਾਂ ਲੋਕ ਪਾਣੀ ਨੂੰ ਤਰਸਣ ਲੱਗ ਜਾਣਗੇ । ਲੇਕਿਨ ਇਸ ਗਵਰਨਰ ਦੇ ਐਡਰੈਸ ਵਿਚ ਇਸ ਦਾ ਕੋਈ ਚਰਚਾ ਨਹੀਂ ਹੈ, ਇਨ੍ਹਾਂ ਦੀ ਕੈਬਨਿਟ ਨੂੰ ਪੁਜ਼ੀਸ਼ਨ ਕਲੀਅਰ ਕਰਨੀ ਚਾਹੀਦੀ ਹੈ ਕਿ ਉਹ ਇਹ ਫੈਸਲਾ ਲਾਗੂ ਨਹੀਂ ਹੋਣ ਦੇਣਗੇ। ਜਦੋਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਸੈਂਟਰ ਵਿਚ ਕੈਬਨਿਟ ਮਨਿਸਟਰ ਸਨ, ਉਦੋਂ ਅਸੀਂ ਇਹ ਫੈਸਲਾ ਰੀਓਪਨ ਕਰਵਾਇਆ। ਇਹ ਪੰਜਾਬ ਦੀ ਬਹੁਤ ਵੱਡੀ ਜਿੱਤ ਹੈ। (ਤਾੜੀਆਂ) ਮੀਟਿੰਗਾਂ ਹੋਈਆਂ। ਪਰ ਅੱਜ ਸਾਨੂੰ ਡਰ ਲਗਦਾ ਹੈ ਕਿ ਇਹ ਨਾ ਤਾਂ ਜ਼ੋਰ ਨਾਲ ਕਹਿ ਸਕਦੇ ਹਨ ਅਤੇ ਨਾ ਹੀ ਉਸ ਤਰ੍ਹਾਂ ਕਹਿ ਸਕਦੇ ਹਨ। ਜੇ ਉਹ ਮੰਨ ਲੈਣ ਤਾਂ ਮੰਨ ਲੈਣ ਨਹੀਂ ਤਾਂ ਇਹ ਚੁੱਪ ਕਰਕੇ ਵਾਪਿਸ ਆ ਜਾਣਗੇ। ਪਰ ਸਾਡੇ ਵਕਤ ਇਹ ਹੁੰਦਾ ਸੀ ਕਿ ਅਸੀਂ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਨੂੰ ਤਿਆਰ ਹੁੰਦੇ ਸੀ। ਅੱਜ ਕਲ੍ਹ ਅਖਬਾਰਾਂ ਵਿਚ ਵੀ ਆਉਂਦਾ ਹੈ ਅਤੇ ਪਿਛਲੇ ਦਿਨਾਂ ਵਿਚ ਬੜੀ ਚਰਚਾ ਚੱਲੀ ਕਿ ਹਰਿਆਣਾ ਨੂੰ ਐਨਾ ਪਾਣੀ ਦੇ ਦਿੱਤਾ ਗਿਆ ਹੈ। ਚਾਹੀਦਾ ਤਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਇਹ ਸੀ ਕਿ ਉਸ ਵੇਲੇ ਗੌਰਮਿੰਟ ਇਹ ਕਹਿ ਦਿੰਦੀ ਕਿ ਇਸ ਵਿਚ ਕੋਈ ਸਦਾਕਤ ਨਹੀਂ ਹੈ ਅਤੇ ਇਹ ਉਸ ਫੈਸਲੇ ਨੂੰ ਬਦਲਾਉਣ ਦੀ ਕੋਸ਼ਿਸ਼ ਕਰਦੇ। ਪਰ ਕੋਈ ਬਿਆਨ ਨਹੀਂ ਆਇਆ। ਲੇਕਿਨ ਮੈਂ ਇਥੇ ਐਸ਼ੋਅਰ ਕਰਾਉਂਦਾ ਹਾਂ ਕਿ ਇਸ ਮਸਲੇ ਲਈ ਜਿੰਨੀ ਵੀ ਕੋਆਪਰੇਸ਼ਨ ਪੰਜਾਬ ਦੀ ਆਪੋਜ਼ੀਸ਼ਨ ਪਾਰਟੀਆਂ ਦੀ ਲੈਣਾ ਚਾਹੁੰਦੇ ਹਨ ਉਹ ਅਸੀਂ ਦਿਆਂਗੇ ਲੇਕਿਨ ਇਹ ਫੈਸਲਾ ਬਦ-ਲਵਾਇਆ ਜਾਵੇ, ਸਾਡਾ ਜੋ ਹੱਕ ਹੈ ਉਹ ਸਾਨੂੰ ਦਿੱਤਾ ਜਾਵੇ ਅਤੇ ਹਰਿਆਣਾ ਨੂੰ ਪਾਣੀ ਨਾ ਦਿੱਤਾ ਜਾਵੇ। ਇਹ ਠੀਕ ਹੈ ਕਿ ਹਰਿਆਣਾ ਸਾਡਾ ਗਵਾਂਢੀ ਹੈ, ਸਾਡਾ ਭਰਾ ਹੈ ਲੇਕਿਨ ਉਹ ਆਪਣੇ ਹਿੱਸੇ ਤੋਂ ਵੱਧ ਹਿੱਸਾ ਨਾ ਲੈ ਜਾਣ। ਬਣਦਾ ਹਿੱਸਾ ਹੀ ਦਿੱਤਾ ਜਾਵੇ। ਲੇਕਿਨ ਜਿੱਥੇ ਮੈਂ ਇਨ੍ਹਾਂ ਨੂੰ ਕੋਆਪ੍ਰੇਸ਼ਨ ਦਿੰਦਾ ਹਾਂ ਉਥੇ ਮੈਂ ਬੇਨਤੀ ਕਰਦਾ ਹਾਂ ਕਿ ਪੰਜਾਬ ਦੀ ਤਰੱਕੀ ਦੇ ਮਸਲੇ ਤੇ ਤੁਹਾਨੂੰ ਡਟਕੇ ਲੜਨਾ ਚਾਹੀਦਾ ਹੈ। ਅਸੀਂ ਪੰਜਾਬ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਇਹ ਭਾਵੇਂ ਉਥੇ ਜਾ ਕੇ ਮੰਨ ਆਉਣ ਪਰ ਸਾਡੀ ਇਹ ਲੜਾਈ ਹੈ ਕਿ ਜਦੋਂ ਤੱਕ ਇਸ ਦਾ ਫੈਸਲਾ ਨਹੀਂ ਹੋ ਜਾਂਦਾ, ਸਾਡਾ ਪਾਣੀ ਨਹੀਂ ਜਾ ਸਕਦਾ। ਪਾਣੀ ਦੀ ਜਗ੍ਹਾ ਇਨ੍ਹਾਂ ਦਾ (ਆਪਣੀ ਪਾਰਟੀ ਵੱਲ ਇਸ਼ਾਰਾ ਕਰਦੇ ਹੋਏ) ਖੂਨ ਜਾ ਸਕਦਾ ਹੈ। (ਤਾੜੀਆਂ) ਇਨ੍ਹਾਂ ਨੂੰ ਵੀ ਇਸ ਬਾਰੇ ਵਿਸ਼ਵਾਸ ਦਿਵਾਉਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਰਾਵੀ ਬਿਆਸ ਦੀ ਗੱਲ ਲੈ ਲਓ। ਮੈਂ ਸਰਦਾਰ ਗੁਰਦਿਆਲ ਸਿੰਘ ਢਿੱਲੋਂ ਦਾ ਬੜਾ ਸਤਿਕਾਰ ਕਰਦਾ ਹਾਂ। ਮੈਂ ਉਨ੍ਹਾਂ ਦੇ ਹਲਕੇ ਵਿਚ ਜਾ ਕੇ ਲੋਕਾਂ ਨੂੰ ਮਿਲਿਆ ਸੀ। ਉਥੇ ਜਲਸਾ ਹੋਇਆ, ਹਜ਼ਾਰਾਂ ਦੀ ਤਾਦਾਦ ਵਿਚ ਲੋਕੀਂ ਇਕੱਠੇ ਹੋਏ ਅਤੇ ਅਸੀਂ ਲੋਕਾਂ ਦੇ ਸਾਹਮਣੇ ਇਹੀ ਕਿਹਾ ਸੀ ਕਿ ਜੋ ਕੁਝ ਅਸੀਂ ਕੀਤਾ ਹੈ ਉਸ ਦਾ ਤੁਸੀਂ ਸਾਨੂੰ ਇਨਾਮ ਦੇਣਾ ਚਾਹੁੰਦੇ ਹੋ ਜਾਂ ਸਜ਼ਾ ਦੇਣਾ ਚਾਹੁੰਦੇ ਹੋ। ਮੈਨੂੰ ਖੁਸ਼ੀ ਹੈ ਕਿ ਲੋਕਾਂ ਨੇ ਸਾਡੇ ਹੱਕ ਵਿਚ ਵਰਡਿਕਟ ਦਿੱਤਾ। ਲੋਕਾਂ ਨੇ ਇਸ ਗੱਲ ਦਾ ਵਰਡਿਕਟ ਦਿੱਤਾ। ਜਿਹੜਾ ਪੰਜਾਬ ਦੇ ਹਿੱਤਾਂ ਦੀ ਰਾਖੀ ਨਹੀਂ ਕਰੇਗਾ ਅਤੇ ਆਪ-ਣੀਆਂ ਪੋਸਟਾਂ ਤੇ ਹੀ ਚਿਮੜੇਗਾ ਉਸ ਦੀ ਪੰਜਾਬ ਵਿਚ ਕੋਈ ਜਗ੍ਹਾ ਨਹੀਂ ਹੋਵੇਗੀ। ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਇਕ ਹੋਰ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਤੁਸੀਂ ਇਨ੍ਹਾਂ ਦੇ (ਸਰਕਾਰੀ ਪਾਰਟੀ ਵੱਲ ਇਸ਼ਾਰਾ) ਕਰਕੇ ਸ਼ਾਇਦ ਚੀਫ਼ ਮਨਿਸਟਰ ਨਹੀਂ ਬਣੇ, ਮੈਂ ਤਾਂ ਇਹ ਸਮਝਦਾ ਹਾਂ ਕਿ ਤੁਸੀਂ ਭਾਵੇਂ ਆਪਣੇ ਕਮਰੇ ਵਿਚ ਕਿਸੇ ਹੋਰ ਦੀ ਫੋਟੋ ਰਖੋ ਜਾਂ ਨਾ ਪਰ ਉਮਰਾਨੰਗਲ ਜੀ ਦੀ ਅਤੇ ਚਾਦਰ ਵਾਲੇ ਇਨ੍ਹਾਂ ਮਹਾਨ ਵਿਅਕਤੀਆਂ ਦੀ ਜ਼ਰੂਰ ਫੋਟੋ ਰੱਖ ਲਓ। ਜੇ ਇਹ ਤਕੜੇ ਹੋ ਕੇ ਨਾ ਆਉਂਦੇ ਤਾਂ ਇਥੇ ਕੁਝ ਹੋਰ ਹੀ ਹੋ ਜਾਣਾ ਸੀ ਅਤੇ ਕਈ ਹੋਰ ਤੁਹਾਡੀ ਥਾਂ ਤੇ ਦਾਅ ਲਾਉਣ ਵਾਲੇ ਆ ਜਾਣੇ ਸੀ। ਸੋ ਇਸ ਤਰੀਕੇ ਨਾਲ ਅਸੀਂ ਤੁਹਾਡੀ ਮਦਦ ਕੀਤੀ ਹੈ ਅਤੇ ਹੁਣ ਤੁਸੀਂ ਪੰਜਾਬ ਦੀ ਮੱਦਦ ਕਰੋ।

ਚੇਅਰਮੈਨ ਸਾਹਿਬ, ਇੰਟੈਗਰੇਟਿਡ ਰੂਰਲ ਡਿਵੈਲਪਮੈਂਟ ਪ੍ਰੋਗਰਾਮ ਜਿਹੜਾ ਕਿ ਸਾਰੇ ਹਿੰਦੁਸਤਾਨ ਵਿਚ ਪੰਜਾਬ ਦੇ ਲੋਕਾਂ ਨੇ ਸੱਭ ਤੋਂ ਪਹਿਲਾਂ ਸ਼ੁਰੂ ਕੀਤਾ ਅਤੇ ਜਿਸ ਤੇ ਪੰਜਾਬ ਨੂੰ ਮਾਣ ਹੈ ਉਸ ਸਕੀਮ ਦਾ ਵੀ ਕੋਈ ਜ਼ਿਕਰ ਇਸ ਐਡਰੇਸ ਵਿਚ ਨਹੀਂ ਕੀਤਾ ਗਿਆ। ਇਸ ਭਾਸ਼ਣ ਵਿਚ ਕਿਧਰੇ ਇਹ ਨਹੀਂ ਲਿਖਿਆ ਗਿਆ ਕਿ ਰੂਰਲ ਇੰਟੈਗਰੇਟਿਡ ਡਿਵੈਲਪਮੈਂਟ ਸਕੀਮ ਚਾਲੂ ਰਹੇਗੀ ਜਾਂ ਇਸ ਦਾ ਕੀ ਕਰਾਂਗੇ। ਸਾਨੂੰ ਖੁਸ਼ੀ ਹੁੰਦੀ ਜੇ ਤੁਸੀਂ ਇਹ ਕਹਿੰਦੇ ਕਿ ਤੁਸੀਂ ਪੰਜ-ਪੰਜ ਪਿੰਡ ਲਏ ਸੀ ਅਸੀਂ ਇਸ ਸਕੀਮ ਅਧੀਨ 10-10 ਪਿੰਡ ਲਵਾਂਗੇ। ਜੇ ਕੋਈ ਅਜਿਹੀ ਗੱਲ ਕਰਦੇ ਤਾਂ ਫਿਰ ਤਾਂ ਸਾਨੂੰ ਬੜੀ ਖੁਸ਼ੀ ਹੋਣੀ ਸੀ ਲੇਕਿਨ ਅਸਲ ਗੱਲ ਇਹ ਹੈ ਕਿ ਇਨ੍ਹਾਂ ਨੂੰ ਕੁਝ ਨਾਰਾਜ਼ਗੀ ਹੈ ਪਿੰਡਾਂ ਦੇ ਲੋਕਾਂ ਨਾਲ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਵੋਟਾਂ ਨਹੀਂ ਦਿੱਤੀਆਂ। ਇਸ ਲਈ ਇਨ੍ਹਾਂ ਨੇ ਸੋਚਿਆ ਹੈ ਕਿ ਇਹ ਸਕੀਮ

Original with;
Punjab Vidhan Sabha
Digitized by;
Panjab Digital Library

ਚਾਲੂ ਨਾ ਰਖੀ ਜਾਵੇ ਔਰ ਪਿੰਡਾਂ ਦੀ ਤਰੱਕੀ ਦੇ ਜੋ ਕੰਮ ਹਨ ਉਹ ਬੰਦ ਕਰ ਦਿੱਤੇ ਜਾਣ। ਚੇਅਰਮੈਨ ਸਾਹਿਬ, ਡਿਵੈਲਪਮੈਂਟ ਮਨਿਸਟਰ ਸਾਹਿਬ ਇਥੇ ਬੈਠੇ ਨਹੀਂ, ਉਹ ਅੰਕੜੇ ਮੰਗਾ ਕੇ ਦੇਖ ਲੈਣ ਕਿ ਇਸ ਪਰਾਜੈਕਟ ਨੇ ਕੀ ਕੀ ਫਾਇਦਾ ਕੀਤਾ ਹੈ ? ਮੁਕਾਬਲਾ ਕੀਤਾ ਗਿਆ ਸੀ ਕਿ ਜਿਹੜੇ ਪਿੰਡ ਇਸ ਸਕੀਮ ਵਿਚ ਆਏ ਹਨ ਉਨ੍ਹਾਂ ਦੀ ਪ੍ਰੋਡਕਸ਼ਨ ਦਾ ਤੇ ਦੂਸਰਿਆਂ ਪਿੰਡਾਂ ਦਾ ਕਿ ਇਸ ਸਕੀਮ ਅਧੀਨ ਆਏ ਪਿੰਡਾਂ ਵਿਚ ਕਿੰਨੀ ਪ੍ਰੋਡਕਸ਼ਨ ਵਧੀ ਹੈ ਅਤੇ ਦੂਸਰੇ ਜਿਹੜੇ ਪਿੰਡ ਇਸ ਸਕੀਮ ਵਿਚ ਨਹੀਂ ਆਏ ਉਥੇ ਪ੍ਰੋਡਕਸ਼ਨ ਕਿੰਨੀ ਵਧੀ ਹੈ। ਜਿੱਥੋਂ ਤਕ, ਚੇਅਰਮੈਨ ਸਾਹਿਬ, ਪੈਡੀ ਦਾ ਸਵਾਲ ਹੈ ਜਿਥੇ ਇਹ ਸਕੀਮ ਲਾਗੂ ਕੀਤੀ ਗਈ ਸੀ ਉਥੇ 32 ਕੁਇੰਟਲ ਪਰ ਹੈਕਟੇਅਰ ਪ੍ਰੋਡਕਸ਼ਨ ਹੋਈ ਅਤੇ ਜਿਥੇ ਇਹ ਸਕੀਮ ਲਾਗੂ ਨਹੀਂ ਸੀ ਉਥੇ 29.8 ਕੁਇੰਟਲ ਪਰ ਹੈਕਟੇਅਰ ਪ੍ਰੋਡਕਸ਼ਨ ਹੋਈ ਹੈ। ਇਸੇ ਤਰ੍ਹਾਂ ਤੁਸੀਂ ਕਣਕ ਲੈ ਲਓ। ਜਿਥੇ ਤਾਂ ਇਹ ਸਕੀਮ ਲਾਗੂ ਸੀ ਉਥੇ 14 ਫੀ ਸਦੀ ਦੀ ਇਨਕਰੀਜ਼ ਹੋਈ ਹੈ ਅਤੇ ਜਿੱਥੇ ਇਹ ਸਕੀਮ ਲਾਗੂ ਨਹੀਂ ਸੀ ਉਥੇ 4 ਫੀ ਸਦੀ ਦੀ ਇਨਕਰੀਜ਼ ਹੋਈ ਹੈ। ਇਸ ਤੋਂ ਤੁਸੀਂ ਆਪ ਹੀ ਹੁਣ, ਚੇਅਰਮੈਨ ਸਾਹਿਬ, ਅੰਦਾਜ਼ਾ ਲਗਾ ਲਓ ਕਿ ਇਸ ਸਕੀਮ ਦਾ ਕਿਨਾ ਫਾਇਦਾ ਹੋਇਆ ਹੈ। ਜੇ ਸਮੁੱਚੇ ਤੌਰ ਤੇ ਸਾਰੇ ਸੂਬੇ ਦਾ ਗਰੋਥ ਰੇਟ ਦੇਖਿਆ ਜਾਵੇ ਤਾਂ ਸਾਡੇ ਰਾਜ ਵਿਚ ਐਗਰੀਕਲਚਰ ਦੀ ਪ੍ਰੋਡਕਸ਼ਨ 8 ਫੀ ਸਦੀ ਵਧੀ ਹੈ। ਇੰਨੀ ਵੱਡੀ ਇਨਕਰੀਜ਼ ਸਾਡੇ ਰਾਜ ਵਿਚ ਹੋਈ ਹੈ। ਇਹ ਤਾਂ ਹੁਣ ਸ਼ਾਇਦ ਜ਼ੀਰੋ ਤੇ ਹੀ ਲੈ ਆਉਣ ਪਰ ਅਸੀਂ ਇਹ 8 ਫੀ ਸਦੀ ਤੇ ਇਨਕਰੀਜ਼ ਲੈ ਗਏ ਸੀ।

ਇਸੇ ਤਰ੍ਹਾਂ, ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਸਾਰੀਆਂ ਪਛੜੀਆਂ ਸ਼੍ਰੇਣੀਆਂ ਦੇ ਵਰਗਾਂ ਨੂੰ ਇਹ ਦੁੱਖ ਹੋਵੇਗਾ ਕਿ ਪਿਛਲੀ ਸਰਕਾਰ ਨੇ ਯਾਨੀ ਸਾਡੀ ਸਰਕਾਰ ਨੇ ਇਨਟਰੈਸਟ ਫਰੀ ਲੋਨ ਗਰੀਬ ਲੋਕਾਂ ਨੂੰ ਦਿੱਤਾ ਸੀ। ਗਰੀਬਾਂ ਨੂੰ ਜੇ ਤੁਸੀਂ ਉੱਚਾ ਚੁੱਕਣਾ ਹੈ ਤਾਂ ਨਾਹਰਾ ਲਗਾ ਕੇ ਜਾਂ ਲੰਮੇ ਲੰਮੇ ਭਾਸ਼ਣਾਂ ਨਾਲ ਉਨ੍ਹਾਂ ਨੂੰ ਉੱਚਾ ਨਹੀਂ ਚੁੱਕ ਸਕਦੇ। ਇਥੇ ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਸਵਾ ਘੰਟਾ ਜਾਂ ਡੇਢ ਘੰਟਾ ਆਪਣਾ ਭਾਸ਼ਣ ਦਿੱਤਾ ਹੈ। ਜੇ ਲੈਕਚਰਾਂ ਨਾਲ ਜਾਂ ਭਾਸ਼ਣਾਂ ਨਾਲ ਹੀ ਗਰੀਬਾਂ ਨੂੰ ਉੱਚਾ ਚੁੱਕਿਆ ਜਾਣਾ ਹੁੰਦਾ ਤਾਂ ਹੁਣ ਤੱਕ ਬਹੁਤ ਲੰਮੇ ਲੰਮੇ ਲੈਕਚਰ ਹੋਏ ਹਨ ਅਤੇ ਉਨ੍ਹਾਂ ਨਾਲ ਉਹ ਬਹੁਤ ਉੱਚੇ ਚੁੱਕੇ ਹੁੰਦੇ ਪਰ ਅਸੀਂ ਇਹ ਮਹਿਸੂਸ ਕੀਤਾ ਸੀ ਕਿ ਇਨ੍ਹਾਂ ਗਰੀਬ ਲੋਕਾਂ ਨੂੰ ਸਾਧਨ ਦਿੱਤੇ ਜਾਣ ਔਰ ਉਹ ਸਾਧਨ ਹੈ ਰੁਪਿਆ। ਅਸੀਂ ਇਹ ਮਹਿਸੂਸ ਕੀਤਾ ਕਿ ਜੇ ਇਨਟ੍ਰੈਸਟ ਲੈ ਕੇ ਗਰੀਬਾਂ ਨੂੰ ਰੁਪਿਆ ਦਿਤਾ ਜਾਵੇ ਤਾਂ ਉਹ ਵਿਚਾਰੇ ਮੋੜ ਨਹੀਂ ਸਕਣਗੇ। ਇਸ ਲਈ ਅਸੀਂ ਇਹ ਇਨਟ੍ਰੈਸਟ ਫਰੀ ਲੋਨ ਦੇਣ ਦਾ ਕਦਮ ਚੁਕਿਆ ਔਰ ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਹਿੰਦੁਸਤਾਨ ਵਿਚ ਤਾਂ ਕੀ ਸਾਰੀ ਦੁਨੀਆਂ ਵਿਚ ਇਹ ਪੰਜਾਬ ਦੀ ਸਰਕਾਰ ਪਹਿਲੀ ਸਰਕਾਰ ਸੀ ਜਿਸ ਨੇ ਬਿਨਾਂ ਸੂਦ ਰੁਪਿਆ ਗਰੀਬ ਲੋਕਾਂ ਨੂੰ ਦੇਣ ਦਾ ਯਤਨ ਕੀਤਾ ਲੇਕਿਨ ਮੈਨੂੰ ਦੁੱਖ ਹੈ ਕਿ ਉਸ ਸਕੀਮ ਦਾ ਵੀ ਇਸ ਦੇ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮੇਰਾ ਖਿਆਲ ਹੈ ਕਿ ਸਰਦਾਰ ਬਲਵੰਤ ਸਿੰਘ ਉਦੋਂ ਫਾਈਨਾਂਸ ਮਨਿਸਟਰ ਸਨ ਜਿਨ੍ਹਾਂ ਨੂੰ ਜਦੋਂ ਹੁਣ ਇੰਦਰਾ ਗਾਂਧੀ ਦੀ ਸਰਕਾਰ ਸੀ ਤਾਂ ਉਨ੍ਹਾਂ ਵਲੋਂ ਇਹ ਹਦਾਇਤ ਆਈ ਕਿ ਇਨਟ੍ਰੈਸਟ ਫਰੀ ਲੋਨ ਬੰਦ ਕਰ ਦਿਉ, ਇਸ ਦੀ ਕੋਈ ਲੋੜ ਨਹੀਂ, ਕੋਈ ਇਸ ਕਿਸਮ ਦੀ ਚਿੱਠੀ ਆਈ ਸੀ। ਜੋ ਰੁਪਿਆ ਤੁਸੀਂ ਦਿੰਦੇ ਹੋ ਉਸ ਤੇ ਸੂਦ ਜ਼ਰੂਰ ਲੈਣਾ ਚਾਹੀਦਾ ਹੈ, ਤੁਸੀਂ ਫਰੀ ਇਨਟਰੈਸਟ ਤੇ ਕਿਉਂ ਦਿੰਦੇ ਹੋ। ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਗਰੀਬੀ ਕੀ ਚੀਜ਼ ਹੈ। ਇਸ ਲਈ ਇਹ ਜਿਹੜੀ ਚੀਜ਼ ਬੰਦ ਕੀਤੀ ਗਈ ਹੈ ਇਹ ਬੜੀ ਦੁਖਦਾਈ ਗੱਲ ਹੈ।

ਇਕ, ਚੇਅਰਮੈਨ ਸਾਹਿਬ, ਅਸੀਂ ਅਨਇੰਪਲਾਇਮੈਂਟ ਅਲਾਊਂਸ ਦੀ ਸਕੀਮ ਸ਼ੁਰੂ ਕੀਤੀ ਸੀ। ਬਹੁਤ ਸਾਰੇ ਨੌਜਵਾਨਾਂ ਨੂੰ ਨੌਕਰੀ ਨਹੀਂ ਸੀ ਮਿਲ ਸਕਦੀ, ਮੇਰਾ ਖਿਆਲ ਹੈ ਕਿ ਕੋਈ ਵੀ ਸਰਕਾਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਸਾਰਿਆਂ ਨੂੰ ਨੌਕਰੀ ਨਹੀਂ ਦੇ ਸਕਦੀ । ਸੋ ਅਸੀਂ ਇਹ ਸਕੀਮ ਬਣਾਈ ਸੀ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ 50 ਰੁਪਏ ਜਾਂ ਕੁਝ ਮਹੀਨੇ ਦਾ ਬੇਰੁਜ਼ਗਾਰੀ ਭੱਤੇ ਦੇ ਤੌਰ ਦਿਤਾ ਜਾਵੇ । ਉਸ ਸਕੀਮ ਦਾ ਵੀ ਇਸ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਆਇਆ ਕਿ ਉਸ ਦੇ ਬਾਰੇ ਕੀ ਕੀਤਾ ਗਿਆ ਹੈ । ਮੇਰਾ ਖਿਆਲ ਹੈ ਕਿ ਸ਼ਾਇਦ ਉਹ ਅਲਾਊਂਸ ਇਨ੍ਹਾਂ ਨੇ ਬੰਦ ਕਰ ਦਿੱਤਾ ਹੈ।

ਅਸੀਂ, ਤਾਂ, ਚੇਅਰਮੈਨ ਸਾਹਿਬ, ਇਥੋਂ ਤੱਕ ਕਰ ਦਿੱਤਾ ਸੀ ਕਿ ਪੰਜਾਬ ਦੇ ਬਹੁਤ ਸਾਰੇ ਲੋਕ ਖਾਸ ਤੌਰ ਤੇ ਤੁਹਾਡੇ ਦੁਆਬੇ ਦੇ ਲੋਕ ਵਿਦੇਸ਼ਾਂ ਵਿਚ ਜਾਂਦੇ ਰਹਿੰਦੇ ਹਨ ਪਰ ਸਾਡੇ ਹਰੀਜਨ ਭਰਾ ਵਿਦੇਸ਼ਾਂ ਵਿਚ ਨਹੀਂ ਸੀ ਜਾ ਸਕਦੇ ਕਿਉਂਕਿ ਉਨ੍ਹਾਂ ਕੋਲ ਵਿਦੇਸ਼ ਜਾਣ ਵਾਸਤੇ ਕਿਰਾਇਆ ਨਹੀਂ ਸੀ ਹੁੰਦਾ । ਅਸੀਂ ਤਾਂ ਇਹ ਕਰ ਦਿੱਤਾ ਸੀ ਕਿ ਜੇ ਕੋਈ ਹਰੀਜਨ ਭਰਾ ਵਿਦੇਸ਼ ਜਾਣਾ ਚਾਹੁੰਦਾ ਹੈ ਤਾਂ ਕਿਰਾਇਆ ਸਰਕਾਰ ਦੇਵੇਗੀ । (ਥੰਪਿੰਗ) ਮੈਨੂੰ ਅਫ਼ਸੋਸ ਹੈ ਕਿ ਇਸ ਗੱਲ ਦਾ ਵੀ ਇਸ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਆਇਆ।

ਚੇਅਰਮੈਨ ਸਾਹਿਬ, ਅਸੀਂ ਇਕ ਹੋਰ ਸਕੀਮ ਬਣਾਈ ਸੀ ਕਿ ਗਰੀਬ ਹਰੀਜਨਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣ । 3-3 ਹਜ਼ਾਰ ਰੁਪਿਆ ਗਰਾਂਟ ਦੇ ਤੌਰ ਤੇ ਦੇਣਾ ਸੀ ਉਸ ਦਾ ਵੀ ਇਸ ਐਡਰੈਸ ਦੇ ਵਿਚ ਜ਼ਿਕਰ ਨਹੀਂ ਹੈ । ਮੈਂ ਤਾਂ ਇਹ ਕਹਿੰਦਾ ਹਾਂ ਕਿ ਇਹ ਇਕ ਇਹੋ ਜਿਹਾ ਐਡਰੈਸ ਹੈ ਜਿਸ ਦੇ ਵਿਚ ਕੋਈ ਸੇਧ ਨਹੀਂ ਕਿ ਨਵੀਂ ਸਰਕਾਰ ਨੇ ਕੀ ਕਰਨਾ ਹੈ ਔਰ ਕੀ ਕੀ ਉਹ ਕਰੇਗੀ ।

ਚੇਅਰਮੈਨ ਸਾਹਿਬ, ਲਾਅ ਐਂਡ ਆਰਡਰ ਦੀ ਇਥੇ ਗੱਲ ਆਈ । ਬੀਰ ਦਵਿੰਦਰ ਸਿੰਘ ਜੀ ਨੇ ਇਸ ਸਬੰਧ ਵਿਚ ਬੜੇ ਅੰਕੜੇ ਦਿੱਤੇ ਹਨ । ਅੰਕੜੇ ਤਾਂ ਸਰਕਾਰਾਂ ਕੋਲ ਹੁੰਦੇ ਹੀ ਹਨ ਅਤੇ ਬੜੀ ਸੌਖੀ ਤਰ੍ਹਾਂ ਪੰਜਾਂ ਮਿੰਟਾਂ ਵਿਚ ਹੀ ਮਿਲ ਜਾਂਦੇ ਹਨ। ਲਾਅ ਐਂਡ ਆਰਡਰ ਦੇ ਬਾਰੇ ਇਕ ਗੱਲ ਮੈਂ ਕਹਾਂਗਾ ਕਿ ਚੀਫ ਮਨਿਸਟਰ ਸਾਹਿਬ ਦਿੱਲੀ ਆਉਂਦੇ ਜਾਂਦੇ ਰਹਿੰਦੇ ਹਨ ਉਥੇ ਜਾ ਕੇ ਉਹ ਹੋਮ ਮਨਿਸਟਰੀ ਤੋਂ ਰਿਕਾਰਡ ਲੈ ਲੈਣ ਕਿ ਪਿਛਲੇ ਤਿੰਨ ਸਾਲਾਂ ਵਿਚ ਸਾਰੇ ਸੂਬਿਆਂ ਦੀਆਂ ਸਰ-ਕਾਰਾਂ ਵਿਚ ਭਾਵੇਂ ਕੋਈ ਕਾਂਗਰਸ ਦੀ ਸਰਕਾਰ ਹੈ, ਸੀ. ਪੀ. ਆਈ. ਦੀ ਸਰਕਾਰ ਹੈ ਜਾਂ ਸੀ. ਪੀ (ਐਮ.) ਦੀ ਸਰਕਾਰ ਹੈ ਜਾਂ ਭਾਵੇਂ ਕਿਸੇ ਪਾਰਟੀ ਦੀ ਵੀ ਸਰਕਾਰ ਹੈ ਉਹ ਇਹ ਫਿੱਗਰਜ਼ ਲੈ ਲੈਣ ਕਿ ਇਕ ਲੱਖ ਮਗਰ ਇਨ੍ਹਾਂ ਸਾਲਾਂ ਵਿਚ ਕਿੰਨੇ ਕਰਾਈਮਜ਼ ਹੋਏ ਹਨ, ਤਾਂ ਤੁਹਾਨੂੰ 2 ਮਿੰਟਾਂ ਵਿਚ ਪਤਾ ਲਗ ਜਾਵੇਗਾ ਕਿ ਪਿਛਲੇ ਤਿੰਨ ਸਾਲਾਂ ਵਿਚ ਇਹ ਪੰਜਾਬ ਦੀ ਹੀ ਸਰਕਾਰ ਹੈ ਜਿਸ ਦੇ ਰਾਜ ਵਿਚ ਸਭ ਤੋਂ ਘੱਟ ਕਰਾਈਮਜ਼ ਹੋਏ ਹਨ । ਲੇਕਿਨ ਇਸ ਤਰ੍ਹਾਂ ਇਹ ਅੰਕੜੇ ਦੇ ਦੇਣਾ ਅਤੇ 2--4 ਕੇਸਿਜ਼ ਦੱਸ ਦੇਣਾ ਇਹ ਕੋਈ ਅਜਿਹੀ ਗੱਲ ਨਹੀਂ ਕਿ ਜਿਸ ਤੇ ਨੁਕਤਾਚੀਨੀ ਕੀਤੀ ਜਾਵੇ, ਫੈਕਟਸ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ । ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ 10 ਕਤਲ ਵੱਧ ਹੋ ਗਏ ਜਾਂ 10 ਕਤਲ ਘੱਟ ਹੋ ਜਾਣ, ਕੋਈ ਇਹੋ ਜਿਹੀ ਗੱਲ ਨਹੀਂ, ਕਿਤੇ ਵੱਧ ਕਤਲ ਹੋ ਗਏ ਅਤੇ ਕਿਤੇ ਘੱਟ ਹੋ ਗਏ ਲੇਕਿਨ ਅਸਲ ਗੱਲ ਇਹ ਹੈ ਕਿ ਜਿਹੜੇ ਅਸਲ ਰਾਖੇ ਹਨ ਜਾਂ ਜੇ ਖੇਤ ਨੂੰ ਵਾੜ ਹੀ ਖਾਣ ਲੱਗ ਜਾਏ ਤਾਂ ਫਿਰ ਖੇਤ ਦੀ ਕੀ ਹਾਲਤ ਹੋਵੇਗੀ । ਜੋ ਗਵਰਨਰੀ ਰਾਜ ਵਿਚ ਹੋਇਆ ਹੈ ਜੇ ਮੈਂ ਉਨ੍ਹਾਂ ਗੱਲਾਂ ਦਾ ਜ਼ਿਕਰ ਕਰਨ ਲਗਾਂ ਤਾਂ ਉਸ ਦੇ ਵਾਸਤੇ ਮੇਰੇ ਪਾਸ ਇਤਨਾ ਸਮਾਂ ਨਹੀਂ । ਲੇਕਿਨ ਮੈਂ ਥੋੜਾ ਜਿਹਾ ਦੱਸਣ ਲਗਾਂ ਹਾਂ ਕਿ ਕਿਵੇਂ ਵਾੜ ਖੇਤ ਨੂੰ ਖਾਣ ਲਗੀ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਖਾਸ ਤੌਰ ਤੇ ਕਹਿੰਦਾ ਹਾਂ ਕਿ ਵਾੜ ਕਿਵੇਂ ਖੇਤ ਨੂੰ ਖਾ ਰਹੀ ਹੈ । ਐਕਸੈਸਿਜ਼ ਬਾਈ ਪੁਲਿਸ, ਹੁਣ ਥਾਣਿਆਂ ਵਿਚ ਇਸ ਵੇਲੇ ਕੀ ਹੋ ਰਿਹਾ ਹੈ? ਬਾਘਾ ਪੁਰਾਣਾ ਦਾ ਇਕ ਕੇਸ

Original with;
Punjab Vidhan Sabha
Digitized by;
Panjab Digital Library

ਹੈ ਉਥੇ ਇਕ ਲਾਲ ਸਿੰਘ ਨਾਮ ਦੇ ਵਿਅੱਕਤੀ ਨੂੰ ਜਿਸ ਦੀ ਉਮਰ 60 ਸਾਲ ਹੈ ਉਸ ਨੂੰ ਥਾਣੇ ਵਿਚ ਲੈ ਗਏ ਅਤੇ ਉਸ ਨੂੰ ਉਥੇ ਕੁੱਟਿਆ ਮਾਰਿਆ ਅਤੇ ਫਿਰ ਕੁੱਟਣ ਮਾਰਨ ਤੋਂ ਬਾਅਦ ਉਸ ਨੂੰ ਹਸਪਤਾਲ ਭੇਜ ਦਿਤਾ ਔਰ ਉਹ ਵਿਚਾਰਾ ਉਥੇ ਜਾ ਕੇ ਮਰ ਗਿਆ। ਕੇਸ ਰਜਿਸਟਰ ਹੋਇਆ ਔਰ ਇਸ ਕੇਸ ਵਿਚ ਇਕ ਹੈਡ ਕੰਸਟੇਬਲ ਗ੍ਰਿਫਤਾਰ ਹੋਇਆ ਹੈ ਔਰ ਏ. ਐਸ. ਆਈ. ਜਾਂ ਸਬ-ਇਨਸਪੈਸਟਰ ਕੋਈ ਗ੍ਰਿਫਤਾਰ ਨਹੀਂ ਹੋਇਆ। ਇਸ ਲਈ ਇਹ ਜਿਹੜਾ ਰੁਝਾਨ ਹੈ ਇਹ ਬੰਦ ਹੋਣਾ ਚਾਹੀਦਾ ਹੈ। ਅਹਿਮਦਗੜ੍ਹ ਦਾ ਕੇਸ ਦੇਖ ਲਓ। ਮੈਂ ਡੈਪੂਟੇਸ਼ਨ ਉਥੇ ਦਾ ਲੈ ਕੇ ਚੀਫ਼ ਮਨਿਸਟਰ ਸਾਹਿਬ ਨੂੰ ਮਿਲਿਆ ਸੀ। ਉਥੇ ਫਾਇਰਿੰਗ ਹੋਈ ਔਰ 50 ਸ਼ਹਿਰੀ ਜ਼ਖਮੀ ਹੋਏ। ਪਹਿਲਾਂ ਕੇਸ ਰਜਿਸਟਰ ਨਹੀਂ ਹੋਇਆ, ਬਾਅਦ ਵਿਚ ਕੇਸ ਰਜਿਸਟਰ ਹੋਇਆ ਹੈ। ਉਥੇ ਦੇ ਮੁਅੱਜ਼ਜ਼ ਆਦਮੀ ਜੋ ਸਨ ਜਿਵੇਂ ਮਿਊਂਸਪਲ ਕਮੇਟੀ ਦੇ ਪ੍ਰਧਾਨ, ਮਿਊਂਸਪਲ ਕਮਿਸ਼ਨਰ ਅਤੇ ਹੋਰ ਪਾਰਟੀਆਂ ਦੇ ਆਗੂ ਜਿਹੜੇ ਕਿ ਅਰਜ਼ ਕਰਨ ਵਾਸਤੇ ਗਏ ਸੀ, ਉਨ੍ਹਾਂ ਦੇ ਖਿਲਾਫ਼ ਕੇਸ ਦਰਜ ਹੋ ਗਏ। ਮਿਊਂਸਪਲ ਕਮੇਟੀ ਦਾ ਪ੍ਰਧਾਨ ਲੁਧਿਆਣਾ ਹਸਪਤਾਲ ਵਿਚ ਦਾਖਲ ਹੈ। ਮੈਂ ਸਰਦਾਰ ਸਾਹਿਬ ਨੂੰ (ਚੀਫ਼ ਮਨਿਸਟਰ ਸਾਹਿਬ ਵੱਲ ਇਸ਼ਾਰਾ) ਨਾਮ ਵੀ ਲਿਖਾਇਆ ਸੀ ਅਤੇ ਇਨ੍ਹਾਂ ਨੇ ਕਿਹਾ ਸੀ ਕਿ ਮੈਂ ਉਨ੍ਹਾਂ ਨੂੰ ਮਿਲ ਕੇ ਆਵਾਂਗਾਂ। ਪਰ ਪਤਾ ਨਹੀਂ ਮਿਲ ਕੇ ਆਏ ਹਨ ਜਾਂ ਨਹੀਂ। ਉਸ ਤੇ ਇਤਨੀ ਸਖਤੀ ਕੀਤੀ ਗਈ ਕਿ ਮੈਨੂੰ ਪਤਾ ਲੱਗਿਆ ਹੈ ਕਿ ਉਸ ਦਾ ਦਿਮਾਗ ਹੀ ਹਿਲ ਗਿਆ ਹੈ। ਇਸ ਤਰ੍ਹਾਂ ਦੀਆਂ ਸਖਤੀਆਂ ਇਸ ਵੇਲੇ ਇਥੇ ਹੋ ਰਹੀਆਂ ਹਨ। ਇਸ ਬਾਰੇ ਅਖ਼ਬਾਰਾਂ ਵਿਚ ਵੀ ਆਇਆ ਹੈ। ਇਕ ਅਖਬਾਰ ਵਾਲਾ ਲਿਖਦਾ ਹੈ:

> "ਅਹਿਮਦਗੜ੍ਹ ਮੇਂ ਲੋਗੋਂ ਕੀ ਟਾਂਗੇਂ ਵਾ ਬਾਜ਼ੂ ਤੋੜ ਡਾਲੇ। ਵਹਾਂ ਪਰ ਫਾਇਰਿੰਗ ਹੁਈ ਜਿਸ ਮੇਂ 32 ਆਦਮੀਂ ਜ਼ਖਮੀ ਹੁਏ"

12.29 ਬਾਅਦ ਦੁਪਹਿਰ | (ਇਸ ਸਮੇਂ ਪ੍ਰੋਫੈਸਰ ਦਰਬਾਰੀ ਲਾਲ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਫਿਰ, ਚੇਅਰਮੈਨ ਸਾਹਿਬ, ਪੱਟੀ ਵਿਚ ਕੀ ਹੋਇਆ ? ਇਥੇ ਸਰਦਾਰ ਨਿਰੰਜਨ ਸਿੰਘ ਪੱਟੀ ਸਾਡੇ ਐਮ. ਐਲ. ਏ. ਸਾਹਿਬ ਬੈਠੇ ਹਨ, ਉਹ ਬੜੇ ਦਿਆਨਤਦਾਰ ਹਨ। ਉਨ੍ਹਾਂ ਨੇ ਸਾਰੀ ਉਥੇ ਦੀ ਕਹਾਣੀ ਸੁਣਾਈ। ਉਥੇ ਰਿਕਸ਼ਾ ਵਾਲਿਆਂ ਨੂੰ, ਇਕ ਦੋ ਯੂਨੀਅਨਾਂ ਵਾਲੇ, ਰੇੜ੍ਹੀ ਯੂਨੀਅਨ ਦੇ ਬੰਦੇ ਅਤੇ ਉਥੇ ਦੇ ਕੁਝ ਗੁੰਡੇ ਸ਼ਰਾਬੀ ਹੋ ਕੇ ਲੋਕਾਂ ਨੂੰ ਤੰਗ ਕਰਦੇ ਸਨ। ਕੁਝ ਮਿਊਂਸਪਲ ਕਮਿਸ਼ਨਰ ਥਾਣੇ ਗਏ, ਜਾਕੇ ਰਿਕੁਐਸਟ ਕਰਨੀ ਚਾਹੀ ਪਰ ਕੋਈ ਕੇਸ ਰਜਿਸਟਰ ਨਹੀਂ ਕੀਤਾ ਗਿਆ। ਉਨ੍ਹਾਂ ਦੀ ਕੋਈ ਗੱਲ-ਬਾਤ ਨਹੀਂ ਸੁਣੀ ਸਗੋਂ ਉਨ੍ਹਾਂ ਤੇ ਲਾਠੀ ਚਾਰਜ ਕਰ ਦਿੱਤਾ। ਕਿੰਨਾਂ ਚਿਰ ਸਤਿਆ-ਗ੍ਰਹਿ ਹੁੰਦਾ ਰਿਹਾ ਪਰ ਇਨ੍ਹਾਂ ਨੇ ਕੋਈ ਧਿਆਨ ਨਹੀਂ ਦਿੱਤਾ। ਕਈ ਵਾਰੀ ਇਸ ਤਰ੍ਹਾਂ ਦੀ ਗੱਲ ਹੋ ਜਾਂਦੀ ਹੈ ਪਰ ਫਾਲਸ ਪ੍ਰੈਸਟਿਜ ਦਾ ਕੁਐਸਚਨ ਨਹੀਂ ਬਣਾਉਣਾ ਚਾਹੀਦਾ। ਕੇਸ ਰਜਿਸਟਰ ਨਹੀਂ ਕੀਤਾ ਅਤੇ ਲੋਕਾਂ ਨੂੰ ਲਾਠੀਆਂ ਨਾਲ ਮਾਰਿਆ ਗਿਆ। ਇਸ ਬਾਰੇ ਐਕਸ਼ਨ ਹੋਣਾ ਚਾਹੀਦਾ ਹੈ ਅਤੇ ਉਥੋਂ ਥਾਣੇਦਾਰ ਨੂੰ ਬਦਲਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਮੈਨੂੰ ਅਫ਼ਸੋਸ ਹੁੰਦਾ ਹੈ ਅਤੇ ਦੁੱਖ ਹੁੰਦਾ ਹੈ ਧੂਰੀ ਦਾ ਕੇਸ ਸੁਣਾਉਂਦਿਆਂ। ਇਹ ਵਾਕਿਆ ਸਾਡੇ ਨਿਜ਼ਾਮ ਤੇ ਇਕ ਬਹੁਤ ਵੱਡਾ ਕਲੰਕ ਹੈ। ਐਡਰੈਸ ਵਿਚ ਲਿਖਿਆ ਹੈ ਕਿ ਅਸੀਂ ਬੱਸ ਅੱਡਿਆਂ ਤੇ ਸਪੈਸ਼ਲ ਪੁਲਸ ਤੈਨਾਤ ਕਰਾਂਗੇ ਤਾਂ ਕਿ ਕੋਈ ਗੜ੍ਹ ਬੜ੍ਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਨਾ ਹੋਵੇ। ਉਨ੍ਹਾਂ ਬਸ ਅੱਡਿਆਂ ਤੇ ਪੁਲਿਸ ਵਲੋਂ ਕੋਈ ਗਲ ਹੋ ਜਾਏ ਬੜਾ ਦੁੱਖ ਹੁੰਦਾ ਹੈ। ਇਕ ਨੌਜਵਾਨ ਔਰਤ, ਜਿਸ ਨੇ ਗੱਡੀ ਚੜ੍ਹਨਾ ਸੀ, ਗੱਡੀ ਨਿਕਲ ਗਈ ਅਤੇ ਉਹ ਲੇਟ ਹੋ ਗਈ। ਉਹ ਬੱਸ ਅੱਡੇ ਤੇ ਆਈ। ਪੁਲੀਸ ਦੇ ਚਾਰ-ਪੰਜ ਆਦਮੀ ਉਸ ਨੂੰ ਪੁਲੀਸ, ਥਾਣੇ ਵਿਚ ਲਿਜਾਣਾ ਹੈ, ਕਹਿ ਕੇ ਕਿਸੇ ਹੋਰ ਥਾਂ ਤੇ ਲੈ ਗਏ ਔਰ ਉਸ ਦੇ ਬਾਅਦ ਕੀ ਹੋਇਆ ਸਾਰੇ ਜਾਣਦੇ ਹਨ। ਉਹ ਵਾਕਿਆ ਸਾਡੇ ਸੂਬੇ ਤੇ ਇਕ ਕਲੰਕ ਹੈ।

ਫਿਰ ਹਰੀਜਨਾਂ ਦਾ ਜ਼ਿਕਰ ਕੀਤਾ ਗਿਆ। ਮੈਂ ਦੱਸਦਾ ਹਾਂ ਕਿ ਸਾਡੇ 3 ਸਾਲਾਂ ਦੇ ਅਰਸੇ ਵਿਚ ਸੱਭ ਜਗ੍ਹਾ ਹਰੀਜਨਾਂ ਨਾਲ ਭਾਈਚਾਰੇ ਵਾਲਾ ਵਰਤਾਓ ਹੁੰਦਾ ਰਿਹਾ, ਇਕੱਠੇ ਭਰਾਵਾਂ ਵਾਂਗੂ ਰਹਿੰਦੇ ਰਹੇ। ਕੋਈ ਇਨਸੀਡੈਂਸ ਨਹੀਂ ਹੋਇਆ। ਇਸੇ ਤਰ੍ਹਾਂ ਹੁਸ਼ਿਆਰਪੁਰ ਦੀ ਗਲ ਹੈ, ਉਥੇ 12 ਸਾਲਾਂ ਦੀ ਲੜਕੀ ਨੂੰ ਰੇਪ ਕੀਤਾ ਗਿਆ। ਦੂਜੇ ਪਾਸੇ ਪੁਲੀਸ ਤੇ ਵੀ ਹਮਲੇ ਹੁੰਦੇ ਹਨ। ਸਬ-ਇਨਸਪੈਕਟਰ, ਜਲੰਧਰ ਤੇ ਹਮਲਾ ਹੋਇਆ। ਅੱਜ ਦਾ 'ਹਿੰਦਸਮਾਚਾਰ' ਅਖਬਾਰ ਪੜ੍ਹੋ ਪਿੰਡ ਦਕੋ ਹੈ ਉਥੇ ਦਾ ਹਰੀਜਨ ਪਰੀਵਾਰ ਜਿਹੜਾ ਬਾਹਰਲੇ ਮੁਲਕ ਵਿਚ ਗਿਆ ਹੋਇਆ ਸੀ। ਦਸ ਪੈਸੇ ਕਮਾ ਕੇ ਲਿਆਇਆ ਸੀ, ਉਸ ਹਰੀਜਨ ਨੂੰ ਲੁੱਟ ਲਿਆ ਗਿਆ। 8, 10 ਆਦਮੀ ਬਾ-ਮਸੱਲਾ ਬੰਦੂਕਾਂ ਨਾਲ ਲੈਸ ਹੋ ਕੇ ਗਏ ਔਰ ਉਸ ਭਰਾ ਨੂੰ ਲੁੱਟ ਲਿਆ ਗਿਆ। ਮੈਂ ਕਹਿੰਦਾ ਹਾਂ ਕਿ ਰਾਜ ਪਲਟੇ ਆਉਂਦੇ ਰਹਿੰਦੇ ਹਨ ਇਹ ਨਹੀਂ ਚਾਹੀਦਾ ਕਿ ਦੂਸਰੀ ਪਾਰਟੀ ਦੇ ਵਰਕਰਾਂ ਨੂੰ ਹੈਰਾਸ ਕੀਤਾ ਜਾਏ। ਮੈਂ ਅੱਗੇ ਅਰਜ਼ ਕਰਦਾ ਹਾਂ ਕਿ ਸਾਡੇ ਡਿਵੈਲਪਮੈਂਟ ਮਨਿਸਟਰ ਦੇ ਹਲਕੇ ਵਿਚ ਇਕ ਕੇਸ ਸਟੇਟ ਵਰਸਿਜ਼ ਮੱਖਨ ਸਿੰਘ ਐਂਡ ਅਦਰਜ਼, ਪਿੰਡ ਰਤਾਂ, ਪੁਲਿਸ ਸਟੇਸ਼ਨ ਡੇਰਾ ਬਾਬਾ ਨਾਨਕ ਦਾ ਹੈ। ਇਕ ਆਦਮੀ ਛੱਤ ਤੋਂ ਡਿਗ ਪਿਆ। ਉਸ ਦੀ ਲੱਤ ਟੁੱਟ ਗਈ। ਉਹ ਛੱਤ ਵਾਲੀ ਗੱਲ ਤਾਂ ਇਹ ਭੁਲ ਗਏ ਜਿਹੜੇ ਮੁਖਾਲਫ ਸਨ ਉਨ੍ਹਾਂ ਨੂੰ ਫੜ ਲਿਆ ਉਸ ਦੀ ਇਨਕੁਆਇਰੀ ਕਰਾਉਣ। ਕੈਰੋਂ ਸਾਹਿਬ ਨੇ ਇਸ ਐਡਰੇਸ ਨੂੰ ਸੈਕੰਡ ਕੀਤਾ ਹੈ। ਇਕ ਪਿੰਡ ਉਨ੍ਹਾਂ ਦੇ ਹਲਕੇ ਦਾ ਹੈ ਗੰਡੀ ਵਿੰਡ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਲੈਕਸ਼ਨਜ਼ ਦੇ ਦਿਨਾਂ ਵਿਚ ਸਾਡੇ ਨਾਲ ਕਿਤਨੀਆਂ ਜ਼ਿਆਦਤੀਆਂ ਹੁੰਦੀਆਂ ਰਹੀਆਂ। ਉਸ ਪਿੰਡ ਵਿਚ ਸਾਡੇ ਟੌਹੜਾ ਸਾਹਿਬ ਅਤੇ ਹੋਰ ਲੀਡਰ ਬੋਲ ਰਹੇ ਸਨ। ਕਾਂਗਰਸ ਦੇ 5 ਸਾਥੀਆਂ ਨੇ ਉਥੇ ਹਮਲਾ ਕਰ ਦਿੱਤਾ। 7 ਫਾਇਰ ਹੋਏ ਸਾਡਾ ਇਕ ਆਦਮੀ ਮਰ ਗਿਆ। ਕਿੰਨੇ ਦੁੱਖ ਦੀ ਗੱਲ ਹੈ ਕਿ ਅੱਜ ਤਕ ਉਹ ਮੁਲ-ਜ਼ਮ ਗ੍ਰਿਫਤਾਰ ਨਹੀਂ ਹੋਇਆ। ਇਲੈਕਸ਼ਨ ਸਾਰਾ ਹੋ ਗਿਆ। ਇਲੈਕਸ਼ਨ ਵਿਚ ਉਹ ਬੰਦਾ ਪੋਲਿੰਗ ਏਜੰਟ ਸੀ, ਹੁਣ ਵੀ ਉਹ ਚੰਡੀਗੜ੍ਹ ਵਿਚ ਵਜ਼ੀਰਾਂ ਦੀਆਂ ਕੋਠੀਆਂ ਵਿਚ ਫਿਰਦਾ ਹੈ ਪਰ ਕੋਈ ਉਸ ਨੂੰ ਫੜਨ ਨੂੰ ਤਿਆਰ ਨਹੀਂ। ਇਨ੍ਹਾਂ ਚੀਜ਼ਾਂ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਜਿੱਥੇ ਲਾਅ ਐਂਡ ਆਰਡਰ ਦੀ ਗੱਲ ਹੋਈ ਉਥੇ ਇਹ ਕਿਹਾ ਗਿਆ ਕਿ ਸਾਡੇ ਵੇਲੇ ਅਸੈਂਸ਼ੀਅਲ ਕਮਾਡਿਟੀਜ਼ ਦੀ ਘਾਟ ਰਹੀ ਔਰ ਅਸੀਂ ਸਹੂਲਤਾਂ ਨਹੀਂ ਦਿਤੀਆਂ। ਮੈਂ ਤਾਂ ਮਾਨ ਨਾਲ ਕਹਿ ਸਕਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚ ਸਾਡੀ ਪਹਿਲੀ ਸਰਕਾਰ ਸੀ ਜਿਸ ਨੇ ਸਬਸਿਡਾਈਜ਼ਡ ਰੇਟਸ ਤੇ ਅਸੈਂਸ਼ਿਅਲ ਕਮਾਡਿਟੀਜ਼ ਦਿਤੀਆਂ। ਗਰੀਬ ਨੂੰ ਤਿੰਨ ਚੀਜ਼ਾਂ ਦੀ ਲੋੜ ਹੁੰਦੀ ਹੈ: ਆਟਾ, ਘੀ ਅਤੇ ਦਾਲਾਂ। ਇਹ ਚੀਜ਼ਾਂ ਫਿਕਸਡ ਪ੍ਰਾਈਸ ਤੇ ਦਿਤੀਆਂ ਜਾਣ। ਇਨ੍ਹਾਂ ਚੀਜ਼ਾਂ ਲਈ ਤਿੰਨ ਸਾਲਾਂ ਵਿਚ ਸਾਡੇ ਤਿੰਨ ਕਰੋੜ ਰੁਪਏ ਦੀ ਸਬਸਿਡੀ ਦਿੱਤੀ ਹੈ। (ਵਿਘਨ)

ਚੇਅਰਮੈਨ ਸਾਹਿਬ, ਮੈਨੂੰ ਇਸ ਗੱਲ ਦਾ ਬੜਾ ਦੁੱਖ ਹੈ ਕਿ ਇਸ ਸਰਕਾਰ ਨੇ ਖੇਤੀ ਕਰਨ ਵਾਲਿਆਂ ਤੇ ਜੋ ਅਨਿਆਏ ਕੀਤਾ ਹੈ, ਉਹ ਕਦੇ ਭੁਲਾਇਆ ਨਹੀਂ ਜਾ ਸਕਦਾ। ਮੈਂ ਤਾਂ ਸਮਝਦਾ ਸੀ ਕਿ ਇਸ ਪਾਸੇ ਖੇਤੀਬਾੜੀ ਮੰਤਰੀ ਸਾਹਿਬ ਥੋੜ੍ਹਾ ਜਿਹਾ ਖਿਆਲ ਕਰਨਗੇ, ਉਨ੍ਹਾਂ ਨੂੰ ਕਿਸੇ ਗਲ

Original with;
Punjab Vidhan Sabha
Digitized by;
Panjab Digital Library

ਦਾ ਪਤਾ ਹੀ ਨਹੀਂ ਲਗਣ ਦਿੱਤਾ । ਜਿਹੜਾ ਨੰਬਰ ਦਿੱਤਾ ਹੈ ਇਸ ਮਦ ਲਈ ਉਹ ਵੀ 10 ਨੰਬਰ ਹੈ। ਇਸ ਨੂੰ ਹੀ ਇਹ 11 ਕਰਵਾ ਲੈਂਦੇ, ਹੋਰ ਤਾਂ ਕੁਝ ਨਹੀਂ ਸੀ ਕਰ ਸਕਦੇ । ਜਦੋਂ ਵੀ ਸੂਬੇ ਦੀ ਨਵੀਂ ਸਰਕਾਰ ਬਣਦੀ ਹੈ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਕੋਈ ਨਾ ਕੋਈ ਕਨਸੈਸ਼ਨ ਦਿੱਤਾ ਜਾਏ। ਕੋਈ ਐਸੀ ਗਲ ਕੀਤੀ ਜਾਏ, ਜਿਸ ਨਾਲ ਲੋਕ ਖੁਸ਼ ਹੋਣ । ਇਕ ਪਾਸੇ ਸਰਦਾਰ ਦਰਬਾਰਾ ਸਿੰਘ ਜੀ ਸੌਂਹ ਖਾ ਰਹੇ ਸਨ ਦੂਜੇ ਪਾਸੇ ਪੰਜਾਬ ਦੇ ਕਿਸਾਨ ਨੂੰ ਤੋਹਫ਼ਾ ਮਿਲ ਰਿਹਾ ਸੀ ਯਾਨੀ 40 ਫ਼ੀ ਸਦੀ ਖਾਦ ਦੀ ਪ੍ਰਾਈਸ ਵਧਾ ਦਿੱਤੀ ਗਈ । ਜਿਤਨੀ ਖਾਦ ਪੰਜਾਬ ਦੇ ਕਿਸਾਨ ਨੇ ਪਿਛਲੇ ਸਾਲ ਵਰਤੀ ਸੀ ਅਗਰ ਉਤਨੀ ਵਰਤੇ ਤਾਂ 90 ਕਰੋੜ ਰੁਪਏ ਵੱਧ ਦੇਣੇ ਪੈਣੇ ਹਨ । ਇਸੇ ਤਰ੍ਹਾਂ ਡੀਜ਼ਲ ਵਿਚ 30 ਕਰੋੜ ਰੁਪਏ ਹੋਰ ਦੇਣੇ ਪੈਣਗੇ । 120 ਕਰੋੜ ਰੁਪਏ ਦਾ ਤੋਹਫਾ ਪਹਿਲੇ ਦਿਨ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਦਿੱਤਾ । ਮੈਂ ਐਡਰੈਸ ਪੜ੍ਹਿਆ ਹੈ ਔਰ ਮੈਂ ਹੈਰਾਨ ਹੋਇਆ ਕਿਤੇ ਵੀ ਕੋਈ ਥੋੜ੍ਹੀ ਘਣੀ ਰਿਆਇਤ ਨਹੀਂ ਦਿੱਤੀ ਗਈ।

ਵੀਕਰ ਸੈਕਸ਼ਨ ਨਾਲ ਸਾਡੇ ਭਰਾ ਹਮਦਰਦੀ ਕਰਨ ਤੁਰੇ ਹਨ ਅਤੇ ਕਹਿੰਦੇ ਹਨ ਕਿ ਅਸੀਂ ਸਰਵੇ ਕਰਾਉਣਾ ਹੈ ਕਿ ਕਿੰਨੇ ਲੋਕ ਪਾਵਰਟੀ ਲਾਈਨ ਤੋਂ ਹੇਠਾਂ ਹਨ । ਇਹ ਸਰਵੇ ਕਿੰਨੀ ਵਾਰੀ ਹੋ ਚੁਕਾ ਹੈ ਕਿ ਕਿੰਨੇ ਪਰਸੈਂਟ ਲੋਕ ਬੀਲੋਅ ਪਾਵਰਟੀ ਲਾਈਨ ਹਨ। ਇਹ 5 ਸਾਲ ਸਰਵੇ ਕਰਾਉਂਦੇ ਰਹਿਣਗੇ ਅਤੇ ਹਰੀਜਨ ਭਰਾਵਾਂ ਨੂੰ ਇਸ ਪਾਸੇ ਲਾਈ ਰੱਖਣਗੇ । ਕਿਨੇ ਲੋਕ ਗਰੀਬ ਹਨ, ਕੀ ਇਹ ਸਾਨੂੰ ਨਹੀਂ ਪਤਾ । ਕੀ ਇਹ ਵੀ ਐਕਸਪਰਟ ਹੀ ਦੱਸਣਗੇ । ਮੈਂ ਦੱਸ ਦਿੰਦਾਂ ਹਾਂ ਕਿ ਕਿਸੇ ਹਰੀਜਨ ਕੋਲ ਮਕਾਨ ਨਹੀਂ ਅਗਰ ਕੋਈ ਹੈ ਤਾਂ ਕੱਚਾ ਹੈ । ਇਕ ਹੀ ਕਮਰਾ ਹੈ ਉਸ ਵਿਚ ਹੀ ਉਸ ਦੀ ਘਰ ਵਾਲੀ ਰਹਿੰਦੀ ਹੈ, ਉਸ ਦੀ ਲੜਕੀ ਵੀ ਉਥੇ, ਉਹੀ ਬੈਡ ਰੂਮ, ਉਥੇ ਹੀ ਉਸ ਦੀ ਬਕਰੀ ਰਹਿੰਦੀ ਹੈ । ਉਸ ਦੇ ਕੋਈ ਸਾਧਨ ਨਹੀਂ । ਰੋਟੀ ਖਾਣੀ ਹੈ ਚਟਣੀ ਨਾਲ, ਸਬਜ਼ੀ ਮਿਲਦੀ ਨਹੀਂ । ਸਰਦਾਰ ਦਰਬਾਰਾ ਸਿੰਘ ਜੀ ਕਹਿੰਦੇ ਹਨ ਸਾਡਾ ਰੰਗ ਕਾਲਾ ਹੈ । ਮੈਂ ਦਸਦਾ ਹਾਂ ਕਿ ਉਨ੍ਹਾਂ ਗਰੀਬਾਂ ਨੇ ਲਾਲ ਮਿਰਚ ਨਾਲ ਰੋਟੀ ਖਾਣੀ, ਧੁਪੇ ਬੈਠ ਕੇ ਪੱਥਰ ਕੁਟਣੇ ਇਸ ਕਰਕੇ ਹੀ ਰੰਗ ਕਾਲਾ ਹੈ। ਜੇ ਉਹ ਵੀ ਫਰੂਟ ਖਾਣ ਤਾਂ ਉਨ੍ਹਾਂ ਦਾ ਰੰਗ ਕਾਲਾ ਨਾ ਹੋਵੇ । ਇਹ ਐਡਰੈਸ ਲੋਕਾਂ ਨਾਲ ਇਕ ਮਜ਼ਾਕ ਹੈ ਕਿ ਸਰਵੇ ਕੀਤਾ ਜਾਵੇਗਾ । ਗਰੀਬਾਂ ਦੇ ਲਈ ਕੋਈ ਸਕੀਮ ਨਹੀਂ ਦਿੱਤੀ ਗਈ, ਜਿਸ ਨਾਲ ਉਨ੍ਹਾਂ ਦਾ ਸੁਧਾਰ ਹੋ ਸਕੇ । ਇਹ ਕਹਿਦੇ ਹਨ ਕਿ ਅਸੀਂ ਹਰੀਜਨਾਂ ਲਈ ਕੁਝ ਨਹੀਂ ਕੀਤਾ । ਮੈਂ ਦੱਸਦਾ ਹਾਂ ਸਾਰੇ ਹਿਦੁਸਤਾਨ ਵਿਚ ਹਰੀਜਨ ਭਰਾਵਾਂ ਵਾਸਤੇ ਔਰ ਪੱਛੜੀਆਂ ਸ਼੍ਰੇਣੀਆਂ ਵਾਸਤੇ ਜੋ ਕੁਝ ਅਸੀਂ ਕੀਤਾ ਹੈ।(ਵਿਘਨ) ਮੈਂ 5, 7 ਗੱਲਾਂ ਹੀ ਦਸਾਂਗਾ ਔਰ ਉਧਰੋਂ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਖੜ੍ਹੇ ਹੋਕੇ ਕੋਈ ਇਕ ਗੱਲ ਵੀ ਦੱਸ ਦੇਵੇ ਤਾਂ ਮੈਂ ਸ਼ਰਮਸਾਰ ਹੋਵਾਂਗਾ ।(ਵਿਘਨ) ਅਸੀਂ ਹਰੀਜਨਾਂ ਦੀ ਬੇਹਤਰੀ ਵਾਸਤੇ 4, 5 ਸਕੀਮਾਂ ਪ੍ਰਚਲਿਤ ਕੀਤੀਆਂ । ਹਰੀਜਨ ਭਰਾਵਾਂ ਵਾਸਤੇ ਧਰਮਸ਼ਾਲਾਵਾਂ ਕਿਸ ਨੇ ਬਣਵਾਈਆਂ ? ਅਕਾਲੀ ਪਾਰਟੀ ਦੀ ਸਰਕਾਰ ਨੇ ਬਣਵਾਈਆਂ । ਅਸੀਂ ਹਮਦਰਦ ਹਾਂ ਉਨ੍ਹਾਂ ਦੇ ਕਿਉਂਕਿ ਅਸੀਂ ਗੁਰੂ ਨਾਨਕ ਦੇ ਨਾਮ ਲੇਵਾ ਹਾਂ । (ਵਿਘਨ)

12.38 ਬਾਅਦ ਦੁਪਹਿਰ

(ਇਸ ਸਮੇਂ ਸ਼੍ਰੀ ਯਸ਼, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)।

ਦੂਸਰੀ ਗੱਲ ਇਹ ਹੈ ਕਿ ਜਿਹੜੀ ਹਰੀਜਨ ਵੇਲਫੇਅਰ ਕਾਰਪੋਰੇਸ਼ਨ ਵਰਕ ਕਰ ਰਹੀ ਹੈ, ਉਹ ਵੀ ਅਸੀਂ ਬਣਾਈ । ਸਾਨੂੰ ਜਿਹੜਾ ਮੌਕਾ ਮਿਲਿਆ ਉਸ ਵਿਚ ਵੇਖੋ ਅਸੀਂ ਇਨ੍ਹਾਂ ਲੋਕਾਂ ਲਈ ਕੀ ਕੁਝ ਕੀਤਾ.. ................(ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰਦਵਿੰਦਰ ਸਿੰਘ :** ** ** **

**ਸ੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ:** ਚੇਅਰਮੈਨ ਸਾਹਿਬ, ਧਰਮਸ਼ਾਲਾਵਾਂ ਤੋਂ ਬਾਅਦ ਸ਼ੇਡਿਊਲਡ ਕਾਸਟਸ ਕਾਰਪੋਰੇਸ਼ਨ ਅਸੀਂ ਬਣਾਈ ।

**ਸਰਦਾਰ ਬਸੰਤ ਸਿੰਘ :** ** ** **

**ਸ੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਚੇਅਰਮੈਨ ਸਾਹਿਬ, ਪੰਜਾਬ ਦੇ ਗਰੀਬ ਲੋਕਾਂ ਦੀ ਇਹ ਮੰਗ ਸੀ ਕਿ ਦਰਿਆਵਾਂ ਤੇ ਬੈਠੇ ਗਰੀਬ ਹਰੀਜਨ, ਜਿਨ੍ਹਾਂ ਨੇ ਦਰਿਆਵਾਂ ਦੀਆਂ ਜ਼ਮੀਨਾਂ ਪੁਟੀਆਂ ਹਨ, ਉਨ੍ਹਾਂ ਨੂੰ ਮਾਲਕ ਬਣਾ ਦਿਤਾ ਜਾਵੇ । ਇਨ੍ਹਾਂ ਕੋਲ 20 ਸਾਲ ਤੋਂ ਵੱਧ ਸਮੇਂ ਲਈ ਹਕੂਮਤ ਰਹੀ । ਲੇਕਿਨ ਇਨ੍ਹਾਂ ਨੇ ਉਨ੍ਹਾਂ ਨੂੰ ਜ਼ਮੀਨ ਦਾ ਮਾਲਕ ਨਹੀਂ ਬਣਾਇਆ । ਸਾਡੀ ਸਰਕਾਰ ਬਣਨ ਤੋਂ ਫੌਰਨ ਬਾਅਦ ਇਹ ਫੈਸਲਾ ਕਰ ਦਿਤਾ ਕਿ ਜਿਹੜੀ ਜ਼ਮੀਨ ਉਨ੍ਹਾਂ ਲੋਕਾਂ ਨੇ ਪੁੱਟੀ ਹੈ, ਉਨ੍ਹਾਂ ਲੋਕਾਂ ਨੂੰ ਉਸ ਜ਼ਮੀਨ ਦਾ ਮਾਲਕ ਬਣਾ ਦਿਤਾ ਜਾਵੇ । (ਤਾੜੀਆਂ) ਜਿਨ੍ਹਾਂ ਗਰੀਬ ਹਰੀਜਨਾਂ ਦਾ ਕੋਈ ਭਵਿੱਖ ਨਹੀਂ ਸੀ, ਉਹ ਜ਼ਮੀਨਾਂ ਦੇ ਮਾਲਕ ਬਣਾ ਦਿੱਤੇ ਸਨ । ਮੈਂ ਜਲੰਧਰ ਵਿਖੇ ਫੰਕਸ਼ਨ ਕਰ ਰਿਹਾ ਸੀ ਅਤੇ ਉਨ੍ਹਾਂ ਗਰੀਬ ਹਰੀਜਨ ਵੀਰਾਂ ਨੂੰ ਜਾਇਦਾਦਾਂ ਵੰਡ ਰਿਹਾ ਸੀ ਤਾਂ ਮੇਰੇ ਕੋਲ ਉਸ ਵੇਲੇ ਦਾ ਇੱਕ ਕਾਂਗਰਸੀ ਐਮ. ਐਲ. ਏ. ਬੈਠਾ ਸੀ। ਉਸ ਨੇ ਮੈਨੂੰ ਕਿਹਾ ਕਿ ਬਾਦਲ ਸਾਹਿਬ ਤੁਹਾਨੂੰ ਰਾਜ ਨਹੀਂ ਕਰਨਾ ਆਉਂਦਾ । ਇਹ ਚੀਜ਼ਾਂ ਵੰਡਣ ਲਈ ਨਹੀਂ ਹੁੰਦੀਆਂ । ਇਹ ਚੀਜ਼ਾਂ ਤਾਂ ਲੋਕਾਂ ਨੂੰ ਵਿਖਾ ਕੇ ਵੋਟਾਂ ਲੈਣੀਆਂ ਹੁੰਦੀਆਂ ਹਨ। (ਇਸ ਸਮੇਂ ਸਰਦਾਰ ਜਗਰੂਪ ਸਿੰਘ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ਪਰ ਸ੍ਰੀ ਸਭਾਪਤੀ ਨੇ ਉਨ੍ਹਾਂ ਨੂੰ ਅਲਾਓ ਨਹੀਂ ਕੀਤਾ )

**ਸ੍ਰੀ ਚਮਨ ਲਾਲ :** ** ** **

**ਸ੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ । ਇਹ ਗਲਾਂ ਤੁਸੀਂ ਆਪਣੀ ਸਪੀਚ ਵਿੱਚ ਕਹਿ ਲੈਣਾ ।

**ਸ੍ਰੀ ਵਿਨੋਦ ਸ਼ਰਮਾ :** ** ** **

**ਸ੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਪਿਆਰਾ ਰਾਮ ਧਨੋਵਾਲੀਆ :** ਆਨ ਏ ਪੁਆਇੰਟ ਆਫ਼ ਆਰਡਰ, ਸਰ ।

**ਸ੍ਰੀ ਸਭਾਪਤੀ :** ਪੁਆਇੰਟ ਆਫ਼ ਆਰਡਰ ਜ਼ਰੂਰ ਕਰੋ, ਲੇਕਿਨ ਫਾਲਤੂ ਗੱਲ ਨਾ ਕਰੋ।

**ਸ੍ਰੀ ਪਿਆਰਾ ਰਾਮ ਧਨੋਵਾਲੀਆ :** ** ** **

**ਸ੍ਰੀ ਸਭਾਪਤੀ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਚੇਅਰਮੈਨ ਸਾਹਿਬ, ਮੈਂ ਸਾਰੇ ਮੈਂਬਰ ਸਾਹਿਬਾਨ ਪਾਸ ਰਿਕੁਐਸਟ ਕਰਾਂਗਾ ਕਿ ਹਰ ਇੱਕ ਨੂੰ ਵਕਤ ਮਿਲੇਗਾ । ਇਸ ਲਈ ਬਾਦਲ ਸਾਹਿਬ ਨੂੰ ਬੋਲਣ ਦਿਓ । ਜੇ ਉਹ ਗਲਤ ਬੋਲਦੇ ਹਨ ਤਾਂ ਆਪਾਂ ਸੋਧ ਕਰ ਲਵਾਂਗੇ । ਲੇਕਿਨ ਉਨ੍ਹਾਂ ਨੂੰ ਬੋਲਣ ਦੇਣਾ ਚਾਹੀਦਾ ਹੈ । ਜਿਨ੍ਹਾਂ ਨੇ ਬਾਅਦ ਵਿਚ ਬੋਲਣਾ ਹੈ, ਉਹ ਜਵਾਬ ਦੇ ਦੇਣਗੇ ।

**ਸ੍ਰੀ ਸਭਾਪਤੀ** : ਇਹ ਕੁਰੈਕਟ ਅਪਰੋਚ ਹੈ। ਪੁਆਇੰਟ ਆਫ਼ ਆਰਡਰ ਨੂੰ ਪੁਆਇੰਟ ਆਫ਼ ਇੰਟਰਪਸ਼ਨ ਨਾ ਬਣਾਓ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਚੇਅਰਮੈਨ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਆਪਣੇ ਮੈਂਬਰਾਂ ਨੂੰ ਸਹੀ ਰਸਤੇ ਤੇ ਪਾਇਆ ਹੈ ।

**ਮੁੱਖ ਮੰਤਰੀ** : ਮੈਂ ਸਾਰਿਆਂ ਨੂੰ ਕਿਹਾ ਹੈ । ਤੁਹਾਡੇ ਮੈਂਬਰਾਂ ਨੂੰ ਵੀ ਪ੍ਰਾਪ੍ਰਲੀ ਬਿਹੇਵ ਕਰਨਾ ਚਾਹੀਦਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਚੇਅਰਮੈਨ ਸਾਹਿਬ, ਮੈਂ ਸਾਰਾ ਗਵਰਨਰ ਐਡਰੈਸ ਵੇਖਿਆ ਹੈ । ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿਸੇ ਬਿਊਰੋਕਰੇਟ ਦੀ ਲਿਖੀ ਹੋਈ ਕੋਈ ਰਿਪੋਰਟ ਹੁੰਦੀ ਹੈ। ਜਿਹੜੀਆਂ ਪੁਰਾਣੀਆਂ ਗੱਲਾਂ ਸਾਡੀਆਂ ਸਨ, ਉਹੀ ਇਨ੍ਹਾਂ ਨੇ ਕਹੀਆਂ ਹਨ । ਖਾਨੇ ਭਰਨ ਲਈ 17, 18 ਪੇਜ ਜ਼ਰੂਰ ਬਣਾ ਦਿਤੇ ਹਨ ।

**ਸ੍ਰੀ ਸਭਾਪਤੀ** : ਅਗਰ ਤੁਹਾਡੇ ਵਰਗਾ ਹੀ ਗਵਰਨਰ ਐਡਰੈਸ ਹੈ ਤਾਂ ਫਿਰ ਤੁਹਾਨੂੰ ਉਲਾਂਭਾ ਕਿਸ ਗੱਲ ਦਾ ਹੈ ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਚੇਅਰਮੈਨ ਸਾਹਿਬ, ਇੰਪਲਾਈਜ਼ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ । ਗੱਲ ਤਾਂ ਹੁੰਦੀ ਜੇ ਇਹ ਕਹਿੰਦੇ ਕਿ ਅਸੀਂ ਇਹ ਕੁਝ ਉਨ੍ਹਾਂ ਲਈ ਕਰ ਰਹੇ ਹਾਂ । ਇਸ ਬਾਰੇ ਇਨ੍ਹਾਂ ਨੇ ਲਿਖਿਆ ਹੈ :—

> "........the recommendations of the Punjab Pay Commission, as accepted by the previous Government shall be honoured, and decisions on the Second Report of the Commission on post retirement benefits to the employees will be expedited. The work of settlement of anomalies which was entrusted to the Anomalies Committee shall be speeded up and appropriate decisions taken at a very early date. Construction of houses for Government employees both at the State headquarters and in the field shall also be stepped up.........".

ਮਤਲਬ ਇਹ ਕਿ ਜਿਹੜੀਆਂ ਸਕੀਮਾਂ ਅਸੀਂ ਬਣਾ ਕੇ ਗਏ ਸੀ, ਉਨ੍ਹਾਂ ਨੂੰ ਇਹ ਸਟੈਪ ਅੱਪ ਕਰ ਰਹੇ ਹਨ । ਕੋਈ ਇੱਕ ਚੀਜ਼ ਇਹ ਦੱਸ ਦੇਣ, ਜਿਹੜੀ ਇਹ ਆਪ ਕਰ ਰਹੇ ਹੋਣ । ਅਸੀਂ ਤਾਂ ਸਮਝਦੇ ਹਾਂ ਕਿ ਇਨ੍ਹਾਂ ਨੂੰ ਇਹ ਲਿਖ ਦੇਣਾ ਚਾਹੀਦਾ ਸੀ ਆਪਣੇ ਗਵਰਨਰ ਐਡਰੈਸ ਵਿਚ ਕਿ ਅਸੀਂ ਪਹਿਲੀ ਸਰਕਾਰ ਦੇ ਨਕਸ਼ੇ ਕਦਮ ਤੇ ਚਲਾਂਗੇ । ਜੇ ਇਸ ਤਰ੍ਹਾਂ ਕਰ ਦਿੰਦੇ ਤਾਂ ਬਹੁਤ ਚੰਗਾ ਹੁੰਦਾ । ਇਨ੍ਹਾਂ ਨੇ ਫਿਗਰਜ਼ ਦੀ ਬੜੀ ਜਗਲਰੀ ਦਿੱਤੀ ਹੈ। ਕੁਆਪਰੇਟਿਵ ਮਹਿਕਮੇ ਦੀ ਗਲ ਕੀਤੀ। ਸਾਡੇ ਕੁਆਪਰੇਟਿਵ ਮਨਿਸਟਰ ਦੇ ਖਿਲਾਫ ਗਲ ਕੀਤੀ। ਕੋਈ ਨਵੀਂ ਗੱਲ ਦਸਦੇ ਜਿਹੜੀ ਇਹ ਕਰ ਰਹੇ ਹਨ। ਕੋਈ ਸਾਡੇ ਨਾਲੋਂ ਵੱਡੀ ਲਕੀਰ ਇਹ ਖਿਚਦੇ ਤਾਂ ਗੱਲ ਬਣਦੀ। ਇਹ ਕਹਿੰਦੇ ਹਨ ਕਿ ਕੁਆਪ੍ਰੇਟਿਵਜ਼ ਵਿਚ ਅਸੀਂ ਲੋਨ ਦੇਵਾਂਗੇ । ਸਾਡੀ ਵਾਰੀ 150 ਕਰੋੜ ਰੁਪਿਆ ਦਿਤਾ ਗਿਆ ਸੀ । ਹੁਣ ਇਹ 185 ਕਰੋੜ ਰੁਪਏ ਦੇਣਗੇ । ਅਸਲੀਅਤ ਇਹ ਹੈ ਕਿ ਖਾਦ ਦੇ ਭਾਅ ਵਧਣ ਨਾਲ 90 ਕਰੋੜ ਕਿਸਾਨਾਂ ਦਾ ਹੋਰ ਲਗ ਜਾਵੇਗਾ । ਜੇ ਉਹ 90 ਕਰੋੜ ਰੁਪਿਆ ਇਸ ਵਿਚੋਂ ਕਢ ਦਿਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਜਾਵੇ ਤਾਂ ਬਾਕੀ ਕਿਤਨਾ ਪੈਸਾ ਲੋਨ ਦੇਣ ਲਈ ਰਹਿ ਗਿਆ । ਕੋਆਪਰੇਟਿਵ ਦੇ ਬਾਰੇ ਇਨ੍ਹਾਂ ਨੇ ਕੋਈ ਨਵੀਂ ਗੱਲ ਨਹੀਂ ਕੀਤੀ । ਕੁਆਪਰੇਟਿਵ ਦਾ ਮਹਿਕਮਾ ਕਿਸਾਨਾਂ ਦੀ ਜਾਨ ਹੈ। ਮੈਨੂੰ ਆਸ ਸੀ ਕਿ ਇਹ ਖਾਦ ਦੇ ਵਧੇ ਭਾਅ ਨੂੰ ਮੁੱਖ ਰੱਖ ਕੇ ਕੁਆਪਰੇਟਿਵ ਲੋਨਜ਼ ਦਾ ਪੈਸਾ ਹੋਰ ਵਧਾਉਣਗੇ । ਚੇਅਰਮੈਨ ਸਾਹਿਬ, ਪਹਿਲੀ ਦਫਾ ਸਾਰੇ ਹਿੰਦੁਸਤਾਨ ਵਿੱਚ ਅਸੀਂ 13 ਫੀ ਸਦੀ ਇੰਟਰੈਸਟ ਨੂੰ ਘਟਾ ਕੇ 10.5 ਫੀ ਸਦੀ ਕਰ ਦਿਤਾ । ਅਸੀਂ ਕਹਾਂਗੇ ਕਿ ਇਸ ਤੋਂ ਵੀ ਘਟਾ ਕੇ ਤੁਸੀਂ 8 ਫੀ ਸਦੀ ਜਾਂ 6 ਫੀ ਸਦੀ ਕਰ ਲੈਣਾ। ਇਹ ਕਹਿੰਦੇ ਹਨ ਕਿ ਸਾਨੂੰ ਬੜੀ ਚਿੰਤਾ ਹੈ । ਚਿੰਤਾ ਨਾਲ ਕੋਈ ਗੱਲ ਨਹੀਂ ਬਣਨੀ । ਇਸ ਤਰ੍ਹਾਂ ਤਾਂ ਉਨ੍ਹਾਂ ਦੀ ਜਾਨ ਨਿਕਲ ਜਾਵੇਗੀ । ਐਗਰੀਕਲਚਰਲ ਮਨਿਸਟਰ ਸਾਹਿਬ ਨੂੰ ਮੈਂ ਕਹਾਂਗਾ ਕਿ ਉਹ ਬੜੇ ਚੰਗੇ ਜ਼ਿਮੀਦਾਰ ਹਨ । ਅਗਰ ਇਹ ਆਪ ਕੁਝ ਨਹੀਂ ਕਰ ਸਕਦੇ ਤਾਂ ਅਸਤੀਫਾ ਜ਼ਰੂਰ ਦੇ ਦੇਣ । ਕੱਲ ਅਸੀਂ ਇਥੇ ਗਿਰੀ ਸਾਹਿਬ ਨੂੰ ਸ਼ਰਧਾਂਜਲੀ ਪੇਸ਼ ਕੀਤੀ । ਜਦੋਂ ਉਹ ਵਜ਼ੀਰ ਸਨ ਤਾਂ ਇਕ ਫੈਸਲਾ ਮਜ਼ਦੂਰਾਂ ਦੇ ਹੱਕ ਵਿੱਚ ਨਹੀਂ ਸੀ ਤਾਂ ਉਨ੍ਹਾਂ ਨੇ ਰਿਜ਼ਾਇਨ ਕਰ ਦਿਤਾ । ਪਰ ਝੰਡੀ ਵਾਲੀ ਕੁਰਸੀ ਛਡਣੀ ਬੜੀ ਔਖੀ ਹੈ।

ਚੇਅਰਮੈਨ ਸਾਹਿਬ, ਹੁਣ ਇੰਡਸਟਰੀ ਨੂੰ ਲੈ ਲਓ । ਇੰਡਸਟਰੀ ਸਾਡੇ ਸੂਬੇ ਦੀ ਜਿੰਦ ਜਾਨ ਹੈ। ਇਨ੍ਹਾਂ ਨੇ ਕੀ ਕਰਨਾ ਹੈ, ਇਹ ਦੇਖ ਲਓ ਕਿ A separate Directorate for rura l industries is being considered. ਇਹ ਵੀ ਕੰਸਿਡਰ ਕੀਤਾ ਜਾ ਰਿਹਾ ਹੈ । ਇੱਕ ਫਾਈਲ ਮੈਂ ਚਲਾਈ ਸੀ ਸੈਪਰੇਟ ਡਾਇਰੈਕਟੋਰੇਟ ਦੇ ਬਾਰੇ ਕਿ ਇਹ ਜਲਦੀ ਤੋਂ ਜਲਦੀ ਬਣਨਾ ਚਾਹੀਦਾ ਹੈ । ਇਹ ਫਾਈਲ ਇਨ੍ਹਾਂ ਦੀ ਨਜ਼ਰ ਕਿਤੇ ਆ ਗਈ ਹੋਣੀ ਹੈ ਤਾਂ ਹੀ ਇਨ੍ਹਾਂ ਨੇ ਲਿਖਿਆ ਹੈ ਕਿ ਇਹ ਕੰਸਿਡਰ ਕੀਤਾ ਜਾ ਰਿਹਾ ਹੈ । ਇਸੇ ਤਰ੍ਹਾਂ ਡੀਜ਼ਲ ਲੋਕੋਮੋਟਿਵਜ਼ ਬਣਾਉਣ ਦੀ ਫੈਕਟਰੀ ਲਾਉਣ ਲਈ ਮੈਂ ਬੜਾ ਯਤਨ ਕਰ ਕੇ ਇਥੇ ਲਿਆਂਦੀ ਸੀ, ਉਸ ਦੇ ਬਾਰੇ ਵੀ ਇਨ੍ਹਾਂ ਨੇ ਲਿਖ ਦਿਤਾ ਹੈ :—

> "Necessary facilities for setting up of a diesel locomotive components factory being set up at a cost of Rs. 30 crores by the Indian railways are being provided. A tool room is being set up with German collaboration at Ludhiana which will be got completed. Design centres for cycle and sewing machine industries will be expedited. A Textile Dyeing and Finishing Centre is being set up at Amritsar......".

ਇਹ ਵੀ ਅਸੀਂ ਸ਼ੁਰੂ ਕਰਾਈ ਸੀ ।

ਚੇਅਰਮੈਨ ਸਾਹਿਬ, ਦਰਅਸਲ ਇਹ "being expedited" ਲਫ਼ਜ਼ਾਂ ਦੇ ਚੱਕਰ ਵਿਚ ਰਹੇ ਹਨ। ਇਹ ਨਹੀਂ ਕਿ ਕੋਈ ਨਵੀਂ ਗੱਲ ਕਰਦੇ ਕੋਈ ਨਵੀਂ ਸਕੀਮ ਲਿਆਉਂਦੇ। ਇਸ ਲਈ ਮੈਂ ਇਨ੍ਹਾਂ ਨੂੰ ਇਹ ਕਹਾਂਗਾ ਕਿ ਤੁਸੀਂ ਇੰਡਸਟਰੀ ਵਾਸਤੇ ਸੈਂਟਰ ਵਿਚੋਂ ਕੋਈ ਸਕੀਮਾਂ ਲਿਆਓ ।

ਚੇਅਰਮੈਨ ਸਾਹਿਬ, ਪਾਵਰ ਬਾਰੇ ਵੀ ਮੈਂ ਦੱਸ ਦਿੰਦਾ ਹਾਂ । ਮੈਂ ਬਰਨਾਲਾ ਸਾਹਿਬ ਦਾ ਧੰਨਵਾਦੀ ਹਾਂ ਮੇਰੇ ਸਾਹਮਣੇ ਵਾਲੇ ਵੀਰ ਕਹਿੰਦੇ ਸਨ ਕਿ ਉਪਰ ਬਰਨਾਲਾ ਬੈਠਾ ਸੀ ਔਰ ਨੀਚੇ ਬਾਦਲ ਬੈਠਾ ਸੀ । ਠੀਕ ਹੈ, ਚੇਅਰਮੈਨ ਸਾਹਿਬ, ਉਪਰ ਬਰਨਾਲਾ ਸਾਹਿਬ ਬੈਠੇ ਸਨ ਔਰ ਨੀਚੇ ਮੈਂ ਬੈਠਾ ਸੀ ਔਰ ਇਹ ਇਸ ਗੱਲ ਦਾ ਸਿੱਟਾ ਸੀ ਕਿ ਥੀਨ ਡੈਮ ਦਾ ਮਸਲਾ ਜਿਹੜਾ ਕਿ ਇਹ 20 ਸਾਲ ਹਲ ਨਹੀਂ ਸੀ ਕਰ ਸਕੇ, ਅਸੀਂ ਉਸ ਦੀ ਕਲੀਅਰੈਂਸ ਲੈ ਲਈ । ਚੇਅਰਮੈਨ ਸਾਹਿਬ, ਮੈਂ ਤਾਂ ਇਹ ਸਮਝਦਾ ਹਾਂ ਕਿ ਇਸ ਮਾਮਲੇ ਵਿਚ ਸੈਂਟਰ ਦੀ ਸਰਕਾਰ ਕਰੀਮੀਨਲ ਹੈ ਕਿਉਂਕਿ ਜੇ ਕਰ ਇਹ 20

Original with;
Punjab Vidhan Sabha
Digitized by;
Panjab Digital Library

ਸਾਲ ਪਹਿਲਾਂ ਉਸ ਦੀ ਮਨਜ਼ੂਰੀ ਦੇ ਦਿੰਦੇ ਕਲੀਐਰੈਂਸ ਦੇ ਦਿੰਦੇ ਤਾਂ ਸਿਰਫ 95 ਕਰੋੜ ਰੁਪਿਆ ਥੀਨ ਡੈਮ ਤੇ ਖਰਚ ਆਉਣਾ ਸੀ ਔਰ ਹੁਣ 400 ਕਰੋੜ ਰੁਪਿਆ ਖਰਚ ਆਵੇਗਾ। (ਆਵਾਜ਼ : ਉਥੇ ਤੁਸੀਂ ਵੀ ਕੁਝ ਨਹੀਂ ਕੀਤਾ) ਚੇਅਰਮੈਨ ਸਾਹਿਬ, ਉਥੇ 22 ਕਰੋੜ ਰੁਪਿਆ ਖਰਚ ਹੋ ਚੁਕਿਆ ਹੈ। ਰੇਲ ਦੀ ਪਟੜੀ ਵਿਛ ਗਈ ਹੈ, ਸਰਵੈਂਟਸ ਕੁਆਰਟਰ ਬਣ ਗਏ ਹਨ ਔਰ ਕੰਮ ਸ਼ੁਰੂ ਹੋ ਗਿਆ ਹੈ ਪਰ ਜੇ ਕਰ ਤੁਸੀਂ ਇਹ ਕੰਮ ਨਹੀਂ ਕਰਨਾ ਚਾਹੁੰਦੇ ਤਾਂ ਤੁਹਾਡੀ ਮਰਜ਼ੀ ਹੈ। (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਥੇਰਾ** : ਚੇਅਰਮੈਨ ਸਾਹਿਬ, ਬੜੇ ਅਫਸੋਸ ਦੀ ਗੱਲ ਹੈ। ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਸਾਨੂੰ ਹਾਊਸ ਦਾ ਡੈਕੋਰਮ ਕਾਇਮ ਰੱਖਣਾ ਚਾਹੀਦਾ ਹੈ। ਹੁਣ ਬੜੇ ਹੀ ਇੰਪਾਰਟੈਂਟ ਮਸਲੇ ਤੇ ਡਿਸਕਸ਼ਨ ਹੋ ਰਹੀ ਹੈ, ਆਪੋਜ਼ੀਸ਼ਨ ਦਾ ਵਿਊ ਪੁਆਇੰਟ ਤੁਹਾਡੇ ਸਾਹਮਣੇ ਰਖਿਆ ਜਾ ਰਿਹਾ ਹੈ, ਜਿਹੜਾ ਕਿ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਚੰਗਾ ਸਹਾਈ ਹੋਵੇਗਾ। ਇਸ ਲਈ ਸਾਰਿਆਂ ਨੂੰ ਚਾਹੀਦਾ ਹੈ ਕਿ ਆਪਾਂ ਗੱਲ ਕਰਨ ਦੀ ਸ਼ਕਤੀ ਭਾਵੇਂ ਨਾ ਰਖੀਏ ਪਰ ਗੱਲ ਸਹਿਣ ਦੀ ਸ਼ਕਤੀ ਜ਼ਰੂਰੀ ਰੱਖਣੀ ਚਾਹੀਦੀ ਹੈ। ਇਸ ਵੇਲੇ ਲੀਡਰ ਆਫ ਦੀ ਆਪੋਜ਼ੀਸ਼ਨ ਬੋਲ ਰਹੇ ਹਨ ਔਰ ਉਹ ਬੜੀਆਂ ਇੰਪਾਰਟੈਂਟ ਗੱਲਾਂ ਦੱਸ ਰਹੇ ਹਨ। ਅਗਰ ਉਹ ਕੋਈ ਗਲ ਗਲਤ ਕਹਿਣਗੇ ਤਾਂ ਸੀ ਐਮ. ਸਾਹਿਬ ਨੇ ਰਿਪਲਾਈ ਦੇਣਾ ਹੈ, ਉਹ ਦੱਸ ਦੇਣਗੇ। (ਵਿਰੋਧੀ ਧਿਰ ਵੱਲੋਂ ਆਵਾਜ਼ : ਉਹ ਤਾਂ ਸੁੱਤੇ ਪਏ ਹਨ) (ਹਾਸਾ)

ਚੇਅਰਮੈਨ ਸਾਹਿਬ, ਇਤਨੇ ਲੋਕ ਪੰਜਾਬ ਤੋਂ ਇਥੇ ਆਏ ਹਨ, ਉਹ ਇਥੋਂ ਕੀ ਇੰਪ੍ਰੈਸ਼ਨ ਲੈ ਕੇ ਜਾਣਗੇ। ਜੇ ਕਰ ਇਸ ਤਰ੍ਹਾਂ ਰੌਲਾ ਪਾ ਕੇ ਸੱਚ ਨੂੰ ਝੂਠ ਕੀਤਾ ਜਾ ਸਕਦਾ ਹੈ ਤਾਂ ਤੇ ਪਾਉਣਾ ਚਾਹੀਦਾ ਹੈ ਪਰ ਜਦੋਂ ਸੱਚ ਨੇ ਸੱਚ ਹੀ ਰਹਿਣਾ ਹੈ ਤਾਂ ਫਿਰ ਕਿਉਂ ਰੌਲਾ ਪਾਇਆ ਜਾਵੇ। ਇਸ ਲਈ ਮੈਂ ਸੀ. ਐਮ ਸਾਹਿਬ ਨਾਲ ਸਹਿਮਤ ਹਾਂ ਕਿ ਹਾਊਸ ਦਾ ਡੈਕੋਰਮ ਰੱਖਣਾ ਚਾਹੀਦਾ ਹੈ।

**ਸ਼੍ਰੀ ਸਭਾਪਤੀ** : ਸੀ. ਐਮ. ਸਾਹਿਬ ਨੇ ਤਾਂ ਹਾਊਸ ਦੇ ਅੱਗੇ ਅਪੀਲ ਕਰ ਦਿਤੀ ਹੈ। ਬਸ ਉਸ ਨਾਲ ਤੁਸੀਂ ਸਹਿਮਤ ਹੋ ਜਾਓ ਤਾਂ ਡੈਕੋਰਮ ਠੀਕ ਹੋ ਜਾਵੇਗਾ। (ਹਾਸਾ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਚੇਅਰਮੈਨ ਸਾਹਿਬ, ਪਾਵਰ ਦੀ ਗਲ ਸੀ। ਇਨ੍ਹਾਂ ਨੂੰ ਕਹਿਣਾ ਚਾਹੀਦਾ ਸੀ ਕਿ ਅਸੀਂ ਕਿਤਨੀ ਪਾਵਰ ਐਨਰਜਾਈਜ਼ ਕਰ ਰਹੇ ਹਾਂ ਸਰਦਾਰ ਦਰਬਾਰਾ ਸਿੰਘ ਜੀ ਨੇ 25 ਹਜ਼ਾਰ ਦੀ ਸ਼ਾਇਦ ਫਿੱਗਰ ਦੱਸੀ ਸੀ। ਲੇਕਿਨ ਮੈਂ ਕਹਿ ਸਕਦਾ ਹਾਂ ਕਿ ਸਾਡੇ ਔਰ ਇਨ੍ਹਾਂ ਦੇ ਕੰਮ ਦਾ ਫਰਕ ਤੁਸੀਂ ਇਥੋਂ ਹੀ ਵੇਖ ਲਵੋ ਕਿ ਅਸੀਂ ਪਿਛਲੇ ਤਿੰਨ ਸਾਲਾਂ ਵਿਚ ਕੀ ਕੰਮ ਕੀਤਾ ਹੈ ਔਰ ਇਨ੍ਹਾਂ ਨੇ ਪਿਛਲੇ ਦਸ ਸਾਲਾਂ ਵਿਚ ਕੀ ਕੰਮ ਕੀਤਾ ਹੈ। ਪਿਛਲੇ ਤਿੰਨ ਸਾਲਾਂ ਦੇ ਅੰਕੜੇ ਕਢਾ ਲਵੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਜਿਤਨੇ ਅਸੀਂ ਕੁਨੈਕਸ਼ਨਜ਼ ਦਿਤੇ ਸਨ, ਇਨ੍ਹਾਂ ਨੇ ਉਤਨੇ ਦਸਾਂ ਸਾਲਾਂ ਵਿਚ ਵੀ ਨਹੀਂ ਸਨ ਦਿਤੇ।

ਇਨ੍ਹਾਂ ਨੇ ਟਰਾਂਸਪੋਰਟ ਦਾ ਜ਼ਿਕਰ ਕੀਤਾ ਹੈ। ਅਸੀਂ ਡਿਸੀਜ਼ਨ ਕੀਤਾ ਸੀ ਕਿ ਜਿਹੜੇ ਰੂਟ ਪਰਮਿਟਸ ਹਨ ਉਹ ਬੈਕਵਰਡ ਕਲਾਸ ਨੂੰ, ਸ਼ੈਡਿਊਲਡ ਕਾਸਟਸ ਨੂੰ, ਐਕਸ-ਸਰਵਿਸਮੈਨ ਨੂੰ ਦਿੱਤੇ ਜਾਣਗੇ। ਅਸੀਂ ਇਹ ਸਮਝਿਆ ਸੀ ਕਿ ਟਰਾਂਸਪੋਰਟ ਦੇ ਵਿਚ ਅਸੀਂ ਮਨਾਪਲੀ ਨਹੀਂ ਰਹਿਣ ਦੇਣੀ। ਜੋ ਅੱਜ ਕੱਲ ਦਾ ਯੂਥ ਹੈ ਸਾਨੂੰ ਉਸ ਨੂੰ ਅਗੇ ਲਿਆਉਣਾ ਚਾਹੀਦਾ ਸੀ। ਸਾਡੀ ਸਕੀਮ ਸੀ ਕਿ ਆਹਿਸਤਾ ਆਹਿਸਤਾ ਅਸੀਂ ਇਸ ਟਰਾਂਸਪੋਰਟ ਵਿਚ ਮਨਾਪਲੀ ਤੋੜ ਦੇਣੀ ਹੈ। ਇਸ ਬਾਰੇ ਵੀ ਇਨ੍ਹਾਂ ਨੇ ਐਡਰੇਸ ਵਿਚ ਲਿਖ ਦਿਤਾ ਹੈ ਪਰ ਇਹ ਕੰਮ ਅਸੀਂ ਕਰ ਗਏ ਸੀ। ਇਨ੍ਹਾਂ ਨੇ ਕੋਈ ਗਲ ਨਵੀਂ ਨਹੀਂ ਕਹੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਫਿਰ ਕੰਡੀ ਦੇ ਇਲਾਕੇ ਦੀ ਗੱਲ ਲੈ ਲਓ। ਡਿਸਟ੍ਰਿਕਟ ਹੁਸ਼ਿਆਰਪੁਰ ਵਿਚ ਕੰਡੀ ਦੇ ਏਰੀਏ ਦੇ ਲੋਕਾਂ ਨੂੰ ਅਸੀਂ ਉਪਰ ਚੁੱਕਣਾ ਚਾਹੁੰਦੇ ਸੀ। ਇਸ ਲਈ ਕੰਡੀ ਕੈਨਾਲ ਦੀ ਸਕੀਮ ਬਣਾਈ ਸੀ ਤਾਂ ਕਿ ਕੰਡੀ ਦੇ ਏਰੀਏ ਦੇ ਲੋਕ ਜੋ ਕਿ 30 ਸਾਲਾਂ ਤੋਂ ਪਾਣੀ ਨੂੰ ਤਰਸਦੇ ਆ ਰਹੇ ਸਨ, ਉਨ੍ਹਾਂ ਨੂੰ ਪਾਣੀ ਮਿਲ ਸਕੇ। ਇਸ ਲਈ ਅਕਾਲੀ ਜਨਤਾ ਦੀ ਸਰਕਾਰ ਨੇ ਕੰਡੀ ਦੇ ਇਲਾਕੇ ਵਾਸਤੇ 'ਕੰਡੀ ਵਾਟਰ ਪ੍ਰਾਜੈਕਟ ਬਣਾਇਆ। ਉਸ ਉਪਰ ਕੋਈ 50/60 ਕਰੋੜ ਰੁਪਿਆ ਖਰਚ ਕੀਤਾ ਸੀ ਤਾਂ ਕਿ ਉਹ ਗਰੀਬ ਆਦਮੀ ਵੀ ਇਹ ਸੋਚ ਸਕਣ ਕਿ ਅਸੀਂ ਵੀ ਇਸ ਪੰਜਾਬ ਦੇ ਵਾਸੀ ਹਾਂ। ਫਿਰ ਇਨ੍ਹਾਂ ਨੂੰ ਇਸ ਵਿਚ ਐਜੂਕੇਸ਼ਨ ਦੀ ਗੱਲ ਸਿੱਧੀ ਕਹਿਣੀ ਚਾਹੀਦੀ ਸੀ। ਅਸੀਂ ਚਾਹੁਦੇ ਹਾਂ ਕਿ ਇਸ ਦੇਸ਼ ਦੇ ਹਰ ਇਕ ਵਾਸੀ ਨੂੰ ਭਾਵੇਂ ਉਹ ਸ਼ਹਿਰ ਵਿਚ ਰਹਿੰਦਾ ਹੋਵੇ ਜਾਂ ਪਿੰਡ ਵਿਚ ਰਹਿੰਦਾ ਹੋਵੇ, ਉਸ ਨੂੰ ਇਕੋ ਜਿਹੇ ਅਧਿਕਾਰ ਮਿਲਣੇ ਚਾਹੀਦੇ ਹਨ, ਇਕੋ ਜਿਹੀ ਸਹੂਲਤ ਮਿਲਣੀ ਚਾਹੀਦੀ ਹੈ। ਇਹ ਨਾ ਹੋਵੇ ਕਿ ਜਿਹੜਾ ਵੱਡੇ ਆਦਮੀ ਦਾ ਮੁੰਡਾ ਹੈ, ਅਮੀਰ ਦਾ ਮੁੰਡਾ ਹੈ ਉਹ ਮਾਡਲ ਸਕੂਲਾਂ ਵਿਚ ਪੜ੍ਹੇ ਔਰ ਗਰੀਬ ਪੇਂਡੂ ਦਾ ਮੁੰਡਾ ਦੂਜੇ ਸਕੂਲਾਂ ਵਿਚ ਪੜ੍ਹੇ। ਅਸੀਂ ਇਹ ਫੈਸਲਾ ਲਿਆ ਸੀ ਕਿ ਪਿੰਡਾਂ ਦੇ ਸਕੂਲ ਜਿਹੜੇ ਹਨ ਉਹ ਆਦਰਸ਼ ਸਕੂਲ ਬਣਾ ਦਿੱਤੇ ਜਾਣ। ਉਨ੍ਹਾਂ ਪਿੰਡਾਂ ਦੇ ਸਕੂਲਾਂ ਦੀ ਤਾਲੀਮ ਦਾ ਵੀ ਸਟੈਂਡਰਡ ਉਹ ਹੀ ਕੀਤਾ ਜਾਵੇ ਜੋ ਕਿ ਸ਼ਹਿਰਾਂ ਦੇ ਸਕੂਲਾਂ ਦਾ ਹੈ। ਲੇਕਿਨ ਇਕ ਦਮ ਸਾਰੇ ਸਕੂਲ ਆਦਰਸ਼ ਸਕੂਲ ਬਣਾ ਦੇਣੇ ਇਹ ਇਕ ਵੱਡਾ ਮਸਲਾ ਸੀ। ਇਸ ਲਈ ਸਾਡਾ ਪ੍ਰੋਗਰਾਮ ਸੀ ਕਿ ਪੰਜ ਸੱਤ ਸਾਲਾਂ ਵਿਚ ਆਹਿਸਤਾ ਆਹਿਸਤਾ ਸਾਰੇ ਸਕੂਲਾਂ ਨੂੰ ਆਦਰਸ਼ ਸਕੂਲ ਬਣਾ ਦਿਆਂਗੇ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਕਿਸੇ ਵੀ ਆਦਰਸ਼ ਸਕੂਲ ਦੇ ਬੱਚਿਆਂ ਨੂੰ ਮਿਲਣ, ਉਨ੍ਹਾਂ ਦੇ ਪੇਅਰੇਂਟਸ ਨੂੰ ਮਿਲਣ ਔਰ ਫਿਰ ਜੇਕਰ ਇਹ ਸਮਝਣ ਕਿ ਵਾਕਿਆ ਹੀ ਇਹ ਸਕੂਲ ਚੰਗੇ ਹਨ, ਚੰਗੀ ਵਿਦਿਆ ਦਿੰਦੇ ਹਨ ਤਾਂ ਇਸ ਨੂੰ ਚਾਲੂ ਰੱਖਣ। ਮੈਂ ਚਾਹੁੰਦਾ ਹਾਂ ਕਿ ਇਸ ਨੂੰ ਹੋਰ ਪਿੰਡਾਂ ਵਿਚ ਚਾਲੂ ਕਰਨਾ ਚਾਹੀਦਾ ਹੈ। ਇਹ ਠੀਕ ਹੈ, ਚੇਅਰਮੈਨ ਸਾਹਿਬ, ਕਈ ਲੋਕ ਆਪਣੀ ਇੰਪਾਰਟੈਂਸ ਬਨਾਉਣ ਦੀ ਖਾਤਰ ਚੀਫ ਮਨਿਸਟਰ ਸਾਹਿਬ ਪਾਸ ਕਹਿੰਦੇ ਹੋਣਗੇ ਕਿ ਇਹ ਸਕੀਮ ਗਲਤ ਹੈ, ਇਹ ਅਕਾਲੀ ਦਲ ਨੇ ਗਲਤ ਕੰਮ ਕੀਤਾ ਹੈ ਪਰ ਅਸਲ ਵਿਚ ਇਹ ਗੱਲ ਨਹੀਂ ਹੈ, ਇਹ ਬਹੁਤ ਚੰਗੀ ਸਕੀਮ ਹੈ। ਕਈ ਲੋਕ ਕਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਮੈਨੂੰ ਇਕ ਗੱਲ ਯਾਦ ਆ ਗਈ ਹੈ। ਕਿਸ ਤਰ੍ਹਾਂ ਕੰਨ ਭਰੇ ਜਾਂਦੇ ਹਨ, ਮੈਂ ਇਹ ਦੱਸਦਾ ਹਾਂ। ਮੈਨੂੰ ਕੁਝ ਗਰਾਮ ਸੇਵਕ ਮਿਲੇ ਸਨ। ਉਹ ਸਾਲ ਸਾਲ ਦੀ ਟਰੇਨਿੰਗ ਲਈ ਬੈਠੇ ਹਨ। ਹੁਣ ਉਹ ਕਹਿੰਦੇ ਹਨ ਕਿ ਸਾਨੂੰ ਸਰਵਿਸ ਦਿਓ। ਮੈਨੂੰ ਪਤਾ ਲਗਿਆ ਹੈ ਕਿ ਉਹ ਲੋਕ ਸ਼ਾਇਦ ਰੰਧਾਵਾ ਸਾਹਿਬ ਨੂੰ ਵੀ ਮਿਲੇ ਹਨ। ਪਰ ਕੰਨ ਭਰਨ ਵਾਲਿਆਂ ਨੇ ਚੇਅਰਮੈਨ ਸਾਹਿਬ ਪਤਾ ਕੀ ਕਿਹਾ ਹੈ। ਉਨ੍ਹਾਂ ਨੇ ਇਹ ਕਹਿ ਕੇ ਕਿ ਇਹ ਗਰਾਮ ਸੇਵਕ ਤਾਂ ਪਾਰਟੀ ਨਾਲ ਸਬੰਧ ਰਖਦੇ ਹਨ, ਇਸ ਲਈ ਇਨ੍ਹਾਂ ਨੂੰ ਨਾ ਲਗਾਇਆ ਜਾਵੇ। ਇਸ ਲਈ ਉਨ੍ਹਾਂ ਨੂੰ ਨੌਕਰੀ ਤੇ ਨਹੀਂ ਲਗਾਇਆ ਜਾ ਰਿਹਾ। ਹਾਲਾਂਕਿ ਮੈਂ ਉਨ੍ਹਾਂ ਵਿਚਾਰਿਆਂ ਨੂੰ ਬਿਲਕੁਲ ਨਹੀਂ ਜਾਣਦਾ। ਸੋ ਮੈਂ ਇਹ ਕਹਿੰਦਾ ਹਾਂ ਕਿ ਇਹ ਲੋਕ ਕਿਸੇ ਪਾਰਟੀ ਦੇ ਨਹੀਂ ਹੁੰਦੇ। ਬਾਕੀ ਮੇਰਾ ਇਹ ਵਿਚਾਰ ਹੈ ਕਿ ਭਾਵੇਂ ਕੋਈ ਕਾਂਗਰਸ ਪਾਰਟੀ ਦਾ ਹੈ ਜਾਂ ਕੋਈ ਅਕਾਲੀ ਪਾਰਟੀ ਦਾ ਹੈ, ਉਸ ਨੂੰ ਜੇਕਰ ਨੌਕਰੀ ਮਿਲ ਜਾਵੇ ਤਾਂ ਦੇ ਦੇਣੀ ਚਾਹੀਦੀ ਹੈ। ਜਦੋਂ ਉਨ੍ਹਾਂ ਨੇ ਕੋਰਸ ਪਾਸ ਕਰ ਲਿਆ ਹੈ ਤਾਂ ਥੋਹੜੀ ਜਿਹੀ ਗਲ ਪਿਛੇ ਉਨ੍ਹਾਂ ਨੂੰ ਹਟਾ ਦੇਣਾ, ਮਾੜੀ ਗੱਲ ਹੈ। ਇਸ ਲਈ ਮੈਂ ਤੁਹਾਨੂੰ ਤੁਹਾਡੇ ਸਾਹਮਣੇ ਸਾਰੇ ਪੁਆਇੰਟ ਰੱਖੇ ਹਨ ਔਰ ਇਨ੍ਹਾਂ ਕਾਰਨਾਂ ਕਰਕੇ ਮੈਂ ਅਤੇ ਮੇਰੀ ਪਾਰਟੀ ਗਵਰਨਰ ਸਾਹਿਬ ਦੇ ਐਡਰੈਸ ਤੇ ਜੋ ਸਰਕਾਰ ਨੇ ਮਤਾ ਪੇਸ਼ ਕੀਤਾ ਹੈ, ਉਸ ਦੀ ਮੁਖਾਲਫਤ ਕਰਦਾ ਹਾਂ, ਕਿਉਂਕਿ ਇਸ ਐਡਰੈਸ ਵਿਚ ਕੋਈ ਵੀ ਐਸੀ ਚੀਜ਼ ਨਹੀਂ ਜੋ ਕਿ ਪਬਲਿਕ ਦੇ ਫਾਇਦੇ ਦੀ ਹੋਵੇ। ਮੈਂ ਸਮਝਦਾ ਹਾਂ ਕਿ ਇਸ ਐਡਰੈਸ

Original with;
Punjab Vidhan Sabha
Digitized by;
Panjab Digital Library

ਨੂੰ ਪੜਕੇ ਇੰਝ ਲਗਦਾ ਹੈ ਕਿ ਇਹ ਐਂਟੀ ਪੀਪਲ ਹਨ, ਐਂਟੀ ਕਿਸਾਨ ਹਨ, ਐਂਟੀ ਪੂਅਰ ਹਨ। ਇਸ ਵਿੱਚ ਕੋਈ ਅਜਿਹੀ ਚੀਜ਼ ਨਹੀਂ ਜਿਸ ਨਾਲ ਪੰਜਾਬ ਦੀ ਉਨੱਤੀ ਹੋ ਸਕੇ। ਇਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਕਾਮਰੇਡ ਰਾਜ ਕੁਮਾਰ** : ਚੇਅਰਮੈਨ ਸਾਹਿਬ, ਮੇਰੇ ਆਪੋਜ਼ੀਸ਼ਨ ਦੇ ਲੀਡਰ.........(ਵਿਘਨ)

**ਸ੍ਰੀ ਸਭਾਪਤੀ** : ਕਾਮਰੇਡ ਸਾਹਿਬ, ਮੈਂ ਤੁਹਾਨੂੰ ਕਾਲ ਅਪਾਨ ਨਹੀਂ ਕੀਤਾ। (ਹਾਸਾ) ਹਾਂ, ਹੁਣ ਬੋਲੋ।

**ਕਾਮਰੇਡ ਰਾਜ ਕੁਮਾਰ** (ਧਾਰੀਵਾਲ): ਚੇਅਰਮੈਨ ਸਾਹਿਬ, ਆਪੋਜ਼ੀਸ਼ਨ ਦੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਨੇ ਦਰੁਸਤ ਤੌਰ ਤੇ ਇਹ ਗੱਲ ਕਹੀ ਹੈ ਕਿ ਗਵਰਨਰ ਸਾਹਿਬ ਦੇ ਐਡਰੈਸ ਵਿਚ ਜਿਨ੍ਹਾਂ ਹਾਲਾਤ ਦੇ ਅੰਦਰ ਇਹ ਚੋਣ ਹੋਈ ਹੈ, ਉਸ ਦੇ ਬਾਰੇ ਵੀ ਅਗਰ ਜ਼ਿਕਰ ਹੋ ਜਾਂਦਾ ਤਾਂ ਜ਼ਿਆਦਾ ਬੇਹਤਰ ਹੁੰਦਾ। ਜ਼ਿਆਦਾ ਬੇਹਤਰ ਤਰੀਕੇ ਦੇ ਨਾਲ ਪੰਜਾਬ ਦੇ ਲੋਕਾਂ ਦੇ ਸਾਹਮਣੇ ਇਹ ਗੱਲ ਆ ਜਾਂਦੀ ਪਰ ਐਸਾ ਨਹੀਂ ਹੋਇਆ। ਉਨ੍ਹਾਂ ਨੇ ਇਸ ਗੱਲ ਉਤੇ ਤਾਂ ਜ਼ਰੂਰ ਸੰਤੋਸ਼ ਪ੍ਰਗਟ ਕੀਤਾ ਹੈ ਕਿ ਲੋਕਾਂ ਨੇ ਬੜੀ ਮੈਚਿਉਰਿਟੀ ਦਾ ਸਬੂਤ ਦਿਤਾ ਹੈ। ਮੈਂ ਸਮਝਦਾ ਹਾਂ ਕਿ ਲੋਕਾਂ ਨੇ ਇਹ ਹੋਰ ਵੀ ਮੈਚਿਉਰਿਟੀ ਦਾ ਸਬੂਤ ਦਿਤਾ ਹੈ ਕਿ ਇਥੇ ਸਦਨ ਵਿਚ ਮਜ਼ਬੂਤ ਆਪੋਜ਼ੀਸ਼ਨ ਆਈ ਹੈ। ਇਸ ਹਾਊਸ ਵਿਚ ਆਪੋਜ਼ੀਸ਼ਨ ਔਰ ਟਰੇਜ਼ਰੀ ਬੈਂਚਿਜ਼ ਦੋਨੋਂ ਹੀ ਹਨ। ਅਗਰ ਗਵਰਨਰ ਸਾਹਿਬ ਦੇ ਐਡਰੈਸ ਨੂੰ ਜ਼ਰਾ ਵੀ ਗੌਰ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਇਸ ਵਿਚ ਇਕ ਪਾਸੇ ਦੀ ਗੱਲ ਕਹੀ ਗਈ ਹੈ। ਜੇਕਰ ਇਹ ਐਡਰੈਸ ਦੂਜੇ ਪਾਸੇ ਦਾ ਜ਼ਿਕਰ ਹੀ ਨਾ ਕਰੇ ਤਾਂ ਇਹ ਗਲ ਸਾਫ ਤੌਰ ਤੇ ਸਮਝ ਵਿਚ ਆਉਂਦੀ ਹੈ ਕਿ ਸ਼ਾਇਦ ਇਹ ਐਡਰੈਸ ਸਾਹਮਣੇ ਬੈਠੀ ਪਾਰਟੀ ਵਾਸਤੇ ਹੀ ਹੋਵੇ। ਇਸ ਲਈ ਆਪੋਜ਼ੀਸ਼ਨ ਨੂੰ ਇਸ ਤਰ੍ਹਾਂ ਦਾ ਪ੍ਰਭਾਵ ਦਿਤਾ ਗਿਆ ਹੈ। ਇਸ ਵਾਸਤੇ ਹੀ ਅਸੀਂ ਇਸ ਐਡਰੈਸ ਦਾ ਬਾਈਕਾਟ ਕੀਤਾ ਹੈ। ਭਾਵੇਂ ਮੈਂ ਉਸ ਵੇਲੇ ਇਹ ਗੱਲ ਕਹੀ ਸੀ ਪਰ ਫਿਰ ਵੀ ਆਪੋਜ਼ੀਸ਼ਨ ਬਾਈਕਾਟ ਨਾ ਕਰਦੀ ਜੇ ਕਰ ਇਹ ਐਸੇ ਹਾਲਾਤ ਪੈਦਾ ਨਾ ਕਰਦੇ ਜਿਨ੍ਹਾਂ ਕਰਕੇ ਬਾਈਕਾਟ ਹੋਇਆ ਹੈ। ਬਹਰਹਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਉਸ ਇਰਾਦੇ ਨੂੰ ਪੰਜਾਬ ਅੰਦਰ ਪੂਰੀ ਤਰ੍ਹਾਂ ਕਾਮਯਾਬ ਹੋਣ ਤੋਂ ਰੋਕਿਆ ਹੈ, ਜਿਸ ਇਰਾਦੇ ਨਾਲ ਪੰਜਾਬ ਅੰਦਰ ਇਕ ਐਸੀ ਸਰਕਾਰ ਨੂੰ ਤੋੜ ਦਿਤਾ ਗਿਆ, ਜਿਸ ਸਰਕਾਰ ਦਾ ਕੇਵਲ ਕਸੂਰ ਇਹ ਸੀ ਕਿ ਉਸ ਦੇ ਵਿਚਾਰ ਸੈਂਟਰ ਗੌਰਮਿੰਟ ਨੂੰ ਚਲਾਉਣ ਵਾਲੀ ਪਾਰਟੀ ਨਾਲ ਨਹੀਂ ਸਨ ਮਿਲਦੇ। ਚੇਅਰਮੈਨ ਸਾਹਿਬ, ਇਸੇ ਹੀ ਸਦਨ ਵਿਚ ਇਥੇ ਇਕ ਸਰਕਾਰ ਸੀ ਜਿਸ ਨੂੰ ਤੋੜਿਆ ਗਿਆ ਸੀ। ਕਾਂਗਰਸ ਦੇ ਉਸ ਵਕਤ ਦੇ ਨੇਤਾਵਾਂ ਨੇ ਇਸ ਤੇ ਬੜਾ ਤੌਖਲਾ ਪ੍ਰਗਟ ਕੀਤਾ ਸੀ ਅਤੇ ਉਹੀ ਲਫਜ਼ ਜਿਹੜੇ ਕਿ ਉਸ ਵੇਲੇ ਇਸਤੇਮਾਲ ਕੀਤੇ ਸਨ ਆਪੋਜ਼ੀਸ਼ਨ ਨੂੰ ਬਿਲਕੁਲ ਹੀ ਉਹੀ ਅਖਰ ਦੁਬਾਰਾ ਇਸਤੇਮਾਲ ਕਰਨੇ ਪਏ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਤਰੀਕੇ ਨਾਲ ਜਮਹੂਰੀਅਤ ਰਿਵਾਇਤਾਂ ਕਿਥੋਂ ਤਕ ਮਜ਼ਬੂਤ ਰਹਿ ਸਕਦੀਆਂ ਹਨ, ਜੇ ਤਾਂ ਮੈਨੂੰ ਕੋਈ ਗੱਲ ਸੂਟ ਕਰਦੀ ਹੋਵੇ ਤਾਂ ਮੈਂ ਜਮ-ਹੂਰੀਅਤ ਪਸੰਦ ਹੋ ਜਾਵਾਂ, ਔਰ ਜੇ ਮੈਨੂੰ ਸੂਟ ਨਾ ਕਰਦੀ ਹੋਵੇ ਤਾਂ ਮੈਂ ਇਸ ਨੂੰ ਛੱਡ ਦੇਵਾਂ। ਇਹ ਠੀਕ ਨਹੀਂ। ਇਸ ਤੋਂ ਇਲਾਵਾ ਚੇਅਰਮੈਨ ਸਾਹਿਬ, ਇਕ ਦਿਮਾਗ ਦੇ ਅੰਦਰ ਦੀ ਗੱਲ ਨੂੰ ਹੀ ਹਮੇਸ਼ਾ ਠੀਕ ਮੰਨ ਲੈਣਾ, ਇਹ ਗੱਲ ਮੁਲਕ ਲਈ ਬਹੁਤ ਖਤਰਨਾਕ ਹੋ ਸਕਦੀ ਹੈ। ਇਹ ਕਹਿਣਾ ਕਿ ਇਸ ਮੁਲਕ ਨੂੰ ਕੇਵਲ ਇਕੋ ਹੀ ਲੀਡਰ ਲੀਡ ਕਰ ਸਕਦਾ ਹੈ, ਕੇਵਲ ਇਕੋ ਹੀ ਪਾਰਟੀ ਲੀਡ ਕਰ ਸਕਦੀ ਹੈ। ਜਦੋਂ ਤਕ ਉਸ ਲੀਡਰ ਦਾ ਸਾਰੇ ਹਿੰਦੁਸਤਾਨ ਤੇ ਰਾਜ ਨਹੀਂ ਹੋ ਜਾਂਦਾ ਦੇਸ਼ ਤਰੱਕੀ ਨਹੀਂ ਕਰ ਸਕਦਾ, ਮੈਂ ਸਮਝਦਾ ਹਾਂ ਕਿ ਇਹ ਵੀ ਠੀਕ ਨਹੀਂ। ਚੇਅਰਮੈਨ ਸਾਹਿਬ, ਜਿਸ ਵੇਲੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਇਲੈਕਸ਼ਨ ਮੁਹਿੰਮ ਚਲ ਰਹੀ ਸੀ ਉਸ ਵੇਲੇ ਇਕ ਲੀਡਰ ਨੇ ਇਹ ਗਲ ਕਹੀ ਸੀ ਕਿ ਦੇਖਣਾ, ਅਗਰ ਤੁਸੀਂ ਕਾਂਗਰਸ (ਆਈ) ਦੇ ਉਮੀਦਵਾਰਾਂ ਨੂੰ ਕਾਮਯਾਬ ਨਾ ਕੀਤਾ ਤਾਂ ਪੰਜਾਬ ਦੀ ਤਰਕੀ ਨਹੀਂ ਹੋਵੇਗੀ। ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ, ਇਸ ਬਗੀਚੇ ਦੇ ਅੰਦਰ ਕੀ ਕੇਵਲ ਇਕੋ ਹੀ ਕਿਸਮ ਦੇ ਫੁੱਲ ਖਿਲ ਸਕਦੇ ਹਨ, ਹੋਰ ਕਿਸੇ ਕਿਸਮ ਦੇ ਰੰਗ ਦੇ ਫੁੱਲ ਨਹੀਂ ਖਿਲ ਸਕਦੇ?

**ਸ਼੍ਰੀ ਸਭਾਪਤੀ:** ਕਾਮਰੇਡ ਰਾਜ ਕੁਮਾਰ ਜੀ, ਤੁਹਾਨੂੰ ਆਪਣੀਆਂ ਕਾਲ ਅਟੈਨਸ਼ਨਾਂ ਅਤੇ ਐਡਜਰਨਮੈਂਟ ਮੋਸ਼ਨਾਂ ਦੀ ਗੱਲ ਕਹਿਣ ਦਾ ਮੌਕਾ ਮਿਲਿਆ ਹੈ, ਉਹ ਜ਼ਿਆਦਾ ਇੰਪਾਰਟੈਂਟ ਹਨ, ਉਹ ਕਰ ਲਵੋ (ਵਿਘਨ) ਮੈਂ ਤਾਂ ਤੁਹਾਨੂੰ ਯਾਦ ਕਰਵਾਇਆ ਹੈ।

**ਕਾਮਰੇਡ ਰਾਜ ਕੁਮਾਰ:** ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਜੇ ਮੇਰੇ ਨਾਲ ਬੈਠੇ ਧੰਨੋਵਾਲੀ ਸਾਹਿਬ ਇੰਟਰੱਪਸ਼ਨ ਕਰਨ ਤਾਂ ਕੁਝ ਗੱਲ ਹੋ ਸਕਦੀ ਹੈ ਪਰ ਜੇ ਚੇਅਰ ਵੱਲੋਂ ਹੀ ਇੰਟਰੱਪਸ਼ਨ ਹੋਣੀ ਸ਼ੁਰੂ ਹੋ ਜਾਵੇ ਤਾਂ ਫਿਰ ਕੀ ਬਣੇਗਾ?

ਚੇਅਰਮੈਨ ਸਾਹਿਬ, ਤੁਸੀਂ ਚੰਗੀ ਤਰ੍ਹਾਂ ਸਮਝਦੇ ਹੋ ਕਿ ਸਾਡੇ ਮੁਲਕ ਵਿਚ ਭਿੰਨ ਭਿੰਨ ਕਿਸਮ ਦੇ ਲੋਕ ਵਸਦੇ ਹਨ, ਭਿੰਨ ਭਿੰਨ ਕਿਸਮ ਦੇ ਇਥੇ ਕਲਚਰ ਹਨ, ਭਿੰਨ ਭਿੰਨ ਕਿਸਮ ਦੇ ਇਥੇ ਸਿਆਸੀ ਬੰਦੇ ਹਨ। ਇਸ ਲਈ ਸਾਨੂੰ ਇਸ ਮੁਲਕ ਦੇ ਅੰਦਰ ਇਸ ਤਰ੍ਹਾਂ ਨਾਲ ਵੇਖਣਾ ਚਾਹੀਦਾ ਹੈ ਕਿ ਇਸ ਮੁਲਕ ਦੇ ਅੰਦਰ ਯੂਨਿਟੀ ਇਨ ਡਾਈਵਰਸਿਟੀ ਦਾ ਅਸੂਲ ਕਾਇਮ ਰਹੇ।

ਚੇਅਰਮੈਨ ਸਾਹਿਬ, ਪਿਛਲੇ ਇਲੈਕਸ਼ਨਾਂ ਦੇ ਦਿਨਾਂ ਵਿਚ ਕਾਂਗਰਸ ਸਰਕਾਰ ਨੇ ਜਿਹੜੇ ਅਸੂਲਾਂ ਨੂੰ ਸਾਹਮਣੇ ਰਖ ਕੇ ਇਲੈਕਸ਼ਨ ਲੜੇ ਸਨ ਔਰ ਜਿਸ ਗਿਣਤੀ ਵਿਚ ਉਨ੍ਹਾਂ ਨੂੰ ਇਥੇ ਆਉਣਾ ਚਾਹੀਦਾ ਸੀ, ਮੈਂ ਮਹਿਸੂਸ ਕਰਦਾ ਹਾਂ ਕਿ ਉਹ ਉਸ ਜ਼ੋਰ ਨਾਲ ਪੰਜਾਬ ਵਿਚ ਨਹੀਂ ਆ ਸਕੇ। ਸੈਂਟਰ ਦੀਆਂ ਇਲੈਕਸ਼ਨਾਂ ਤੋਂ ਬਾਅਦ ਪੰਜਾਬ ਦੇ ਇਲੈਕਸ਼ਨਾਂ ਵਿਚ ਕਾਂਗਰਸ ਉਸ ਜ਼ੋਰ ਨਾਲ ਨਹੀਂ ਆ ਸਕੀ। ਸਿਰਫ ਇਹ ਕਹਿ ਦੇਣਾ ਕਿ ਸਾਡੇ 63 ਮੈਂਬਰ ਹਨ ਅਤੇ ਅਸੀਂ ਮੈਜਾਰਿਟੀ ਵਿਚ ਹਾਂ, ਇਹ ਕੋਈ ਗੱਲ ਨਹੀਂ। ਵੇਖਣਾ ਇਹ ਹੈ ਕਿ ਸਿਰਫ 4 ਮਹੀਨਿਆਂ ਦੇ ਵਕਫੇ ਵਿਚ ਕੇਵਲ ਇਕ ਪਾਰਟੀ 7% ਹੇਠ ਡਿੱਗ ਪੈਂਦੀ ਹੈ ਅਰਥਾਤ ਉਹ 52% ਵੋਟਾਂ ਲੈਣ ਤੋਂ ਬਾਅਦ ਹੁਣ 45% ਵੋਟਾਂ ਹੀ ਹਾਸਲ ਕਰ ਸਕੀ ਹੈ। ਇਹ ਕੋਈ ਮੈਜਾਰਿਟੀ ਨਹੀਂ ਕਹੀ ਜਾ ਸਕਦੀ। ਇਸ ਮੁਲਕ ਦੇ ਅੰਦਰ ਬਹੁਤ ਵਡੀਆਂ ਵੱਡੀਆਂ ਮਜਾਰਿਟੀਆਂ ਆਉਂਦੀਆਂ ਵੇਖੀਆਂ ਗਈਆਂ ਹਨ। ਕੇਵਲ ਨੂਮੈਰੀਕਲ ਤਾਦਾਦ ਦੀ ਮੈਜਾਰਿਟੀ ਕੋਈ ਵੱਡੀ ਚੀਜ਼ ਨਹੀਂ। ਬਹੁਤ ਵੱਡੀਆਂ ਵੱਡੀਆਂ ਮੈਜਾਰਿਟੀਆਂ ਇਸ ਸਦਨ ਦੇ ਅੰਦਰ ਆਈਆਂ ਅਤੇ ਫਿਰ ਹਾਲਾਤ ਦੇ ਥਪੇੜੇ ਖਾ ਕੇ ਇਕ ਮਾਈਨਾਰਿਟੀ ਵਿਚ ਤਬਦੀਲ ਹੁੰਦੀਆਂ ਜਾ ਰਹੀਆਂ ਹਨ। ਇਸ ਲਈ ਮੈਂ ਇਹ ਚਾਹੁੰਦਾ ਹਾਂ ਕਿ ਇਹ ਗੱਲ ਰਾਜਪਾਲ ਦੇ ਭਾਸ਼ਣ ਵਿਚ ਜ਼ਰੂਰ ਆਉਣੀ ਚਾਹੀਦੀ ਸੀ ਕਿ ਇਹ ਪਹਿਲੀ ਵਾਰ ਹੈ ਐਨੀ ਵੱਡੀ ਗਿਣਤੀ ਵਿਚ ਆਪੋਜ਼ੀਸ਼ਨ ਇਸ ਸਦਨ ਵਿਚ ਆਈ ਹੈ। ਇਸ ਦਾ ਮਤਲਬ ਇਹ ਹੈ ਕਿ ਉਹ ਪਾਰਟੀ ਜਿਸ ਦਾ ਮੈਂ ਜ਼ਿਕਰ ਕਰ ਰਿਹਾ ਹਾਂ, ਮੈਂ ਮਹਿਸੂਸ ਕਰਦਾ ਹਾਂ ਕਿ ਉਹ ਇਸ ਗੱਲ ਦਾ ਯਕੀਨ ਕਰ ਲਵੇ ਕਿ ਅਸੀਂ ਲੋਕਾਂ ਦਾ ਕਨਫੀਡੈਂਸ ਪ੍ਰਾਪਤ ਕੀਤਾ ਹੈ। ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਦਾ ਔਰ ਮੈਂ ਚਾਹੁੰਦਾ ਹਾਂ ਕਿ ਇਸ ਗੱਲ ਨੂੰ ਜ਼ਰੂਰ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਇਸ ਮੁਲਕ ਦੇ ਲੋਕ ਆਊਟਡੇਟਿਡ ਇਲੈਕਟੋਰਲ ਸਿਸਟਮ ਨੂੰ ਜਿਸ ਨਾਲ ਕਿ ਇਕ ਪਾਰਟੀ ਮਾਈਨਾਰਿਟੀ ਵਿਚ ਵੋਟਾਂ ਹਾਸਿਲ ਕਰਕੇ ਅਕਸਰੀਅਤ ਨੂੰ ਹਾਸਲ ਕਰਦੀ ਹੈ, ਨੂੰ ਕਾਲ ਫਾਰ ਕਰ ਰਹੀ ਹੈ ਕਿ ਇਸ ਇਲੈਕਟੋਰਲ ਸਿਸਟਮ ਦੇ ਸਟ੍ਰੱਕਚਰ ਵਿਚ ਤਬਦੀਲੀ ਲਿਆਂਦੀ ਜਾਵੇ। (ਆਪੋਜ਼ੀਸ਼ਨ ਵੱਲੋਂ ਤਾੜੀਆਂ)

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਬੜੀ ਖੁਸ਼ੀ ਹੁੰਦੀ ਅਗਰ ਰਾਜਪਾਲ ਸਾਹਿਬ ਦੇ ਭਾਸ਼ਣ ਵਿਚ ਇਸ ਗੱਲ ਦਾ ਪ੍ਰਗਟਾਵਾ ਕੀਤਾ ਜਾਂਦਾ ਕਿ ਇਹ ਜਿਹੜਾ ਇਲਕਟਰੋਲ ਸਿਸਟਮ ਹੈ, ਇਸ ਵਿਚ ਜ਼ਰੂਰ ਤਬਦੀਲੀ ਲਿਆਂਦੀ ਜਾਵੇਗੀ। ਚੇਅਰਮੈਨ ਸਾਹਿਬ, ਜਿਸ ਪਾਰਟੀ ਦੀ ਅਕਸਰੀਅਤ ਹੋਵੇ ਅਤੇ ਉਸ ਪਾਰਟੀ ਦੇ ਲੀਡਰ ਦਾ ਹੁਕਮ ਮੰਨਣਾ ਇਨ੍ਹਾਂ ਲਈ ਮੁਸ਼ਕਿਲ ਹੋਵੇ ਉਸ ਲਈ ਮੈਂ ਕੀ ਕਹਿ ਸਕਦਾ ਹਾਂ। ਇਸ ਗੱਲ ਨੂੰ ਤਾਂ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਲਿਆਂਦਾ ਹੈ ਕਿ ਲੋਕਾਂ ਨੇ ਇਨ੍ਹਾਂ ਇਲੈਕਸ਼ਨਾਂ ਦੇ ਦੌਰਾਨ ਕੀ ਦੱਸਿਆ ਹੈ। ਉਨ੍ਹਾਂ ਨੇ ਲਿਖਿਆ ਹੈ ਕਿ:

"The recent elections have shown that people have opted for political and administrative stability and dynamic socio-economic development with social justice."

ਇਸ ਲਈ ਇਸ ਮੁਲਕ ਅੰਦਰ ਇਸ ਵੇਲੇ ਇਸ ਗਲ ਦਾ ਅਹਿਸਾਸ ਕੀਤਾ ਜਾ ਰਿਹਾ ਹੈ ਕਿ ਮੁਲਕ ਦੀ ਭਲਾਈ ਸਟੇਬਲ ਗੌਰਮਿੰਟ ਕਾਇਮ ਕਰਨ ਵਿਚ ਹੀ ਹੈ। ਪਰ ਇਹ ਜੋ ਸਟੇਬਲ ਗੌਰਮਿੰਟ ਸਾਡੇ ਸਾਹਮਣੇ ਆਈ ਹੈ, ਇਹ ਕਿਸ ਕਿਸਮ ਦੀ ਸਟੇਬਲ ਗੌਰਮਿੰਟ ਹੈ। ਪੰਜਾਬ ਦੇ ਇਤਿਹਾਸ ਵਿਚ ਕਦੇ ਕਿਸੇ ਇਕੱਲੇ ਚੀਫ ਮਨਿਸਟਰ ਨੇ ਸੌਂਹ ਨਹੀਂ ਲਈ ਬਲਕਿ ਕੌਂਸਲ ਆਫ਼ ਮਨਿਸਟਰਜ਼ ਦੇ ਨਾਲ ਹੀ ਇਹ ਸੌਂਹ ਲੈਂਦੇ ਰਹੇ ਹਨ। ਪਰ ਇਸ ਸਰਕਾਰ ਦੇ ਕੌਂਸਲ ਆਫ਼ ਮਨਿਸਟਰਜ਼ ਬਾਅਦ ਵਿਚ ਬਣੇ। ਚੇਅਰਮੈਨ ਸਾਹਿਬ, ਇਨ੍ਹਾਂ ਦੀ ਪਾਰਟੀ ਦੇ 63 ਬੰਦੇ ਹਨ ਅਤੇ ਹਰ ਇਕ ਚਾਹੁੰਦਾ ਹੈ ਕਿ ਮੈਂ ਵੀ ਵਜ਼ੀਰ ਬਣ ਜਾਵਾਂ। ਕੀ, ਚੇਅਰਮੈਨ ਸਾਹਿਬ, ਅਸੀਂ ਇਸ ਨੂੰ ਸਟੇਬਲ ਗੌਰਮਿੰਟ ਕਹਾਂਗੇ ? (ਵਿਘਨ) (ਸ਼ੋਰ) ਇਸ ਵਿਚ ਸਟੇਬਿਲਿਟੀ ਵਾਲੀ ਕੋਈ ਗੱਲ ਨਹੀਂ। ਚੇਅਰਮੈਨ ਸਾਹਿਬ, ਜਿਸ ਦਿਨ ਤੋਂ ਸਰਦਾਰ ਦਰਬਾਰਾ ਸਿੰਘ ਜੀ ਨੇ ਹਕੂਮਤ ਦੀ ਵਾਗ ਡੋਰ ਸੰਭਾਲੀ ਅਤੇ ਜੋ ਬਿਆਨ ਪਹਿਲੇ ਦਿਨ ਦਿਤਾ, ਉਹ ਮੈਂ ਪੜ੍ਹਿਆ ਹੈ। ਮੈਂ, ਚੇਅਰਮੈਨ ਸਾਹਿਬ, ਇਸ ਐਡਰੈਸ ਨੂੰ ਚੰਗੀ ਤਰ੍ਹਾਂ ਪੜ੍ਹਨ ਦਾ ਯਤਨ ਕੀਤਾ ਹੈ ਕਿ ਕਿਤੇ ਉਸ ਬਿਆਨ ਦਾ ਜ਼ਿਕਰ ਹੋ ਜਾਵੇ, ਪਰ ਇਸ ਬਾਰੇ ਗਵਰਨਰ ਐਡਰੈਸ ਵਿਚ ਕੋਈ ਜ਼ਿਕਰ ਨਹੀਂ। ਮੈਨੂੰ ਇਸ ਗੱਲ ਦੀ ਅਸ਼ੋਰੈਂਸ ਸੀ ਕਿ ਹੁਣ 20 ਨੁਕਾਤੀ ਪ੍ਰੋਗਰਾਮ ਤੇ ਬੜੀ ਤੇਜ਼ੀ ਨਾਲ ਅਮਲ ਹੋਵੇਗਾ ਪਰ ਇਸ ਗਵਰਨਰ ਐਡਰੈਸ ਵਿਚ ਕਿਤੇ ਵੀ ਬੇਘਰ ਲੋਕਾਂ ਨੂੰ, ਬੇਜ਼ਮੀਨੇ ਲੋਕਾਂ ਨੂੰ, ਘਰ ਨਹੀਂ ਦਿੱਤੇ। ਚੇਅਰਮੈਨ ਸਾਹਿਬ, ਕੇਰੇਲਾ ਵਿਚ ਡੇਢ ਲੱਖ ਮਕਾਨ ਬਣਾ ਕੇ ਗਰੀਬਾਂ ਨੂੰ ਦੇ ਦਿਤੇ ਗਏ ਪਰ ਇਸ ਭਾਸ਼ਣ ਵਿਚ ਮੈਨੂੰ ਇਹ ਲੱਭਾ ਕਿ ਕਿਤੇ ਪਲਾਟ ਤੱਕ ਵੀ ਨਹੀਂ ਦਿਤੇ ਗਏ ਅਤੇ ਸਿਰਫ ਫਰਜ਼ੀ ਕੰਮ ਕੀਤਾ ਗਿਆ ਹੈ। ਮਾਰਜਿਨਲ ਫਾਰਮਰਜ਼ ਵਾਸਤੇ ਕੋਈ ਜ਼ਿਕਰ ਨਹੀਂ। (ਵਿਘਨ) (ਸ਼ੋਰ) ਮੈਂ ਬਿਲਕੁਲ ਇਤਫਾਕ ਕਰਦਾ ਹਾਂ ਕਿ ਪੰਜਾਬ ਦੇ ਲੋਕ ਸਫਰ ਕਰ ਰਹੇ ਹਨ। ਪੰਜਾਬ ਵਿਚ ਕਨਟੀਨਿਊਸ ਇਕਨਾਮਿਕ ਡਿਟੀਰਿਓਰੇਸ਼ਨ ਹੋ ਰਹੀ ਹੈ।। ਪੰਜਾਬ ਅੰਦਰ ਪਰਸਿਸਟੈਂਟ ਸ਼ਾਰਟੇਜ਼ ਹੋ ਰਹੀ ਹੈ। ਪੰਜਾਬ ਅੰਦਰ ਮਾਯੂਸੀ ਪੈਦਾ ਹੋਈ ਹੋਈ ਹੈ, ਪਰ ਇਸ ਦਾ ਜ਼ਿੰਮੇਵਾਰ ਕੌਣ ਹੈ? 30 ਮਹੀਨਿਆਂ ਦੇ ਅੰਦਰ ਇਕ ਸਟਾਪਗੈਪ ਅਰੇਂਜਮੈਂਟ ਸੀ। ਇਸ ਮੁਲਕ ਅੰਦਰ ਇਕ ਲਾਈਨ ਆਫ ਐਡਮਨਿਸਟਰੇਸ਼ਨ ਚਲੀ, ਲਾਈਨ ਆਫ ਡਿਵੈਲਪਮੈਂਟ ਚਲੀ। ਅੱਜ, ਚੇਅਰਮੈਨ ਸਾਹਿਬ, ਇਸ ਗੱਲ ਨੂੰ ਨਜ਼ਰ ਅੰਦਾਜ਼ ਕਰਨਾ ਚੰਗੀ ਗੱਲ ਨਹੀਂ। ਅਸਲੀਅਤ ਤੋਂ ਇਨਕਾਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਮੈਂ ਮਹਿਸੂਸ ਕਰਦਾ ਹਾਂ ਕਿ 30 ਸਾਲਾਂ ਦੇ ਅੰਦਰ ਕਾਂਗਰਸ ਪਾਰਟੀ ਵਿਚ ਮਤਭੇਦ ਪੈਦਾ ਹੋਏ। ਇਸ ਨਾਲ, ਚੇਅਰਮੈਨ ਸਾਹਿਬ, ਅਨਇਕਨਾਮਿਕ ਡਿਟੀਰਿਓਰੇਸ਼ਨ ਰਹੀ ਔਰ ਅੱਜ ਵੀ ਪਰਸਿਸਟੈਂਟ ਸ਼ਾਰਟੇਜ ਹੈ।

ਗਵਰਨਰ ਸਾਹਿਬ ਦੇ ਐਡਰੈਸ ਵਿਚ ਪੁਲਿਸ ਦਾ ਜ਼ਿਕਰ ਕੀਤਾ ਗਿਆ ਹੈ ਔਰ ਕਿਹਾ ਗਿਆ ਹੈ ਕਿ ਲਾਅ ਐਂਡ ਆਰਡਰ ਮੇਨਟੇਨ ਕਰਨ ਲਈ ਹਰ ਇਕ ਡਿਸਟ੍ਰਿਕਟ ਵਿਚ ਸਪੈਸ਼ਲ ਰਿਜ਼ਰਵ ਪੁਲਿਸ ਰੱਖੀ ਜਾਵੇਗੀ ਔਰ ਪੁਲਿਸ ਵਾਲਿਆਂ ਨੂੰ ਐਡੀਸ਼ਨਲ ਵਾਇਰਲੈਸ ਇਕਵਿਪਮੈਂਟ ਦਿਤੇ ਜਾਣਗੇ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਚੇਅਰਮੈਨ ਸਾਹਿਬ, ਸਿਰਫ ਇਨ੍ਹਾਂ ਗੱਲਾਂ ਕਰਕੇ ਹੀ ਲੋਕ ਪੁਲਿਸ ਦੇ ਖਿਲਾਫ ਨਹੀਂ ਹਨ। ਚੇਅਰਮੈਨ ਸਾਹਿਬ, ਤੁਸੀਂ ਅੱਜ ਦੀ ਅਖਬਾਰ ਪੜ੍ਹ ਲਉ ਜਾਂ ਅੱਜ ਤੋਂ 15 ਦਿਨ ਪਹਿਲਾਂ ਦੀਆਂ ਅਖਬਾਰਾਂ ਪੜ੍ਹ ਲਉ, ਤੁਹਾਨੂੰ ਪਤਾ ਚਲੇਗਾ ਕਿ ਸਾਰੇ ਅਖਬਾਰ ਪੁਲਿਸ ਦੀਆਂ ਜ਼ਿਆਦਤੀਆਂ ਨਾਲ ਭਰੇ ਹੁੰਦੇ ਹਨ। ਕੋਈ ਦਿਨ ਨਹੀਂ ਜਾਂਦਾ ਜਿਸ ਦਿਨ ਇਸ ਬਾਰੇ ਅਖਬਾਰ ਵਿਚ ਨਾ ਆਵੇ। (ਵਿਘਨ) (ਸ਼ੋਰ) ਚੇਅਰਮੈਨ ਸਾਹਿਬ, ਪੁਲਿਸ ਸਟੇਸ਼ਨ ਅੰਦਰ ਜਦੋਂ ਤਕ ਪੁਲਿਸ ਲੂਜ਼ ਕਰੈਕਟਰ ਦੀ ਬੈਠੀ ਹੈ ਉਦੋਂ ਤੱਕ ਕੋਈ ਸਰਕਾਰ ਲਾਅ ਐਂਡ ਆਰਡਰ ਦੀ ਹਾਲਤ ਨੂੰ ਠੀਕ ਨਹੀਂ ਕਰ ਸਕਦੀ। ਲੋਕ ਮਜਬੂਰ ਹੋ ਕੇ ਫਰਿਆਦ ਲਈ ਪੁਲਿਸ ਸਟੇਸ਼ਨ ਜਾਂਦੇ ਹਨ। ਸਾਡੀਆਂ ਭੈਣਾਂ ਅਤੇ ਲੜਕੀਆਂ ਮਜ਼ਬੂਰੀ ਨਾਲ ਪੁਲਿਸ ਸਟੇਸ਼ਨ ਜਾਕੇ ਆਪਣਾ ਦੁੱਖ ਰੋਂਦੀਆਂ ਹਨ, ਪਰ ਪੁਲਿਸ ਵਾਲੇ ਆਪਣੀ ਹਵਸ ਪੂਰੀ ਕਰਦੇ ਹਨ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਪੰਜਾਬ ਦੇ ਅੰਦਰ ਅੱਜ ਕੀ ਹੋ ਰਿਹਾ ਹੈ ਚੇਅਰਮੈਨ ਸਾਹਿਬ, ਅਹਿਮਦਗੜ੍ਹ ਵਿਚ ਲੋਕ ਪੁਲਿਸ ਸਟੇਸ਼ਨ ਵਿਚ ਕਣਕ ਦੀ ਚੋਰੀ ਲਈ ਰਿਪੋਰਟ ਦਰਜ ਲਿਖਵਾਉਣ ਗਏ ਅਤੇ ਇਸ ਤੋਂ ਪਹਿਲਾਂ ਟੈਲੀਫੂਨ ਤੇ ਰਿਪੋਰਟ ਕੀਤੀ ਗਈ। ਜਦੋਂ ਰਿਪੋਰਟ ਲਿਖੀ ਜਾਣ ਲਗੀ ਤਾਂ ਲੋਕਾਂ ਨੇ ਕਿਹਾ ਪਹਿਲਾਂ ਇਹ ਲਿਖੋ ਕਿ ਅਸੀਂ ਤੁਹਾਨੂੰ ਪਹਿਲਾਂ ਟੈਲੀਫੂਨ ਤੇ ਇਤਲਾਹ ਦਿਤੀ ਸੀ ਪਰ ਥਾਣੇਦਾਰ ਨਾ ਮੰਨਿਆ ਅਤੇ ,ਚੇਅਰਮੈਨ ਸਾਹਿਬ, ਥਾਣੇ ਵਿਚ ਲੋਕਾਂ ਨੂੰ ਰਾਈਫਲਾਂ ਨਾਲ ਕੁੱਟਿਆ ਗਿਆ ਔਰ ਲੋਕਾਂ ਨੂੰ ਜ਼ਖਮੀ ਕਰ ਦਿਤਾ ਗਿਆ। (ਸ਼ੇਮ, ਸ਼ੇਮ) ਅੱਜ ਵੀ ਉਥੇ ਲੋਕਾਂ ਤੇ ਝੂਠੇ ਕੇਸ ਬਣਾਏ ਜਾ ਰਹੇ ਹਨ। (ਵਿਘਨ) ਚੇਅਰਮੈਨ ਸਾਹਿਬ, ਪਾਕਿਸਤਾਨ ਤੋਂ ਇੱਕ ਬੰਦਾ ਆਪਣੇ ਰਿਸ਼ਤੇਦਾਰ ਨੂੰ ਮਿਲਣ ਲਈ ਇਥੇ ਆਇਆ ਅਤੇ ਪੁਲਿਸ ਉਸ ਨੂੰ ਵੀ ਕੁਟਣ ਲੱਗੀ। ਉਸ ਬੰਦੇ ਨੇ ਪੁਲਿਸ ਨੂੰ ਆਪਣਾ ਪਾਸਪੋਰਟ ਵੀ ਵਿਖਾਇਆ ਕਿ ਮੈਂ ਪਾਕਿਸਤਾਨ ਵਿਚੋਂ ਆਇਆ ਹਾਂ। ਜਦੋਂ ਇਹ ਬੰਦਾ ਪਾਕਿਸਤਾਨ ਜਾਵੇਗਾ ਤਾਂ ਉਥੇ ਜਾਕੇ ਹਿੰਦੁਸਤਾਨ ਬਾਰੇ ਕੀ ਕਹੇਗਾ ?

ਚੇਅਰਮੈਨ ਸਾਹਿਬ, ਪੰਜਾਬ ਅੰਦਰ ਔਰਤਾਂ ਦੀ ਬੇਪੱਤੀ ਬਾਰੇ ਅਸੀਂ ਵੇਖਦੇ ਹਾਂ ਕਿ ਪੁਲਿਸ ਖੁਦ ਥਾਣਿਆਂ ਅੰਦਰ ਬਜਾਏ ਉਨ੍ਹਾਂ ਦੀਆਂ ਸ਼ਿਕਾਇਤਾਂ ਤੇ ਗੌਰ ਕਰਨ ਦੇ ਉਨ੍ਹਾਂ ਨਾਲ ਬੁਰਾ ਸਲੂਕ ਕਰਦੀ ਹੈ। ਪੁਲਿਸ ਯੂਨੀਫਾਰਮ ਵਿਚ ਗਲਤ ਕੰਮ ਕਰਦੀ ਹੈ। ਜਸਟਿਸ ਮੁੱਲਾਂ ਨੇ ਠੀਕ ਕਿਹਾ ਹੈ ਕਿ ਕੀ ਪੁਲਿਸ ਯੂਨੀਫਾਰਮਜ਼ ਵਿਚ ਗੁੰਡੇ ਹਨ ? (ਵਿਘਨ) (ਸ਼ੋਰ)

ਪ੍ਰਤਾਪ ਸਟੀਲ ਰੋਲਿੰਗ ਮਿਲਜ਼ ਵਾਲਿਆਂ ਦੀ ਇਕ ਮਿੱਲ ਫਰੀਦਾਬਾਦ (ਹਰਿਆਣਾ) ਵਿਚ ਹੈ, ਜੋ ਕੁੱਝ ਉਨ੍ਹਾਂ ਨੇ ਉਥੇ ਕੀਤਾ ਉਹ ਇਥੇ ਵੀ ਕੀਤਾ। (ਵਿਘਨ) (ਸ਼ੋਰ)

**ਸ੍ਰੀ ਸੇਵਾ ਰਾਮ :** ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਮੇਰੇ ਦੋਸਤ ਨੇ ਪ੍ਰਤਾਪ ਸਟੀਲ ਰੋਲਿੰਗ ਮਿਲ ਦਾ ਜ਼ਿਕਰ ਕੀਤਾ, ਜਿਸ ਬਾਰੇ ਇਹ ਗੱਲ ਹੈ ਕਿ ਕਾਮਰੇਡ ਸਤਪਾਲ ਡਾਂਗ ਨੇ ਬਰਛੇ, ਤਲਵਾਰਾਂ ਨਾਲ ਪੁਲਿਸ ਅਤੇ ਮੈਨੇਜਮੈਂਟ ਤੇ ਹਮਲਾ ਕੀਤਾ। (ਸ਼ੇਮ, ਸ਼ੇਮ)

**ਸ੍ਰੀ ਸਭਾਪਤੀ :** ਰਾਜ ਕੁਮਾਰ ਜੀ ਤੁਸੀਂ ਜਾਰੀ ਰਖੋ।

**ਕਾਮਰੇਡ ਰਾਜ ਕੁਮਾਰ :** ਸ੍ਰੀ ਸੇਵਾ ਰਾਮ ਜੀ ਦੀ ਗੱਲ ਤੋਂ ਇਹ ਸਾਫ ਹੋ ਗਿਆ ਹੈ ਕਿ ਇਹ ਸਾਰੀਆਂ ਝੂਠੀਆਂ ਗੱਲਾਂ ਕਰਦੇ ਹਨ ਅਤੇ ਝੂਠੀਆਂ ਗਲਾਂ ਕਰਕੇ ਹੀ ਜਿਤ ਕੇ ਆਏ ਹਨ। ਪਰਤਾਪ ਸਟੀਲ ਰੋਲਿੰਗ ਮਿਲ ਵਿਚ ਮਜ਼ਦੂਰਾਂ ਤੇ ਫਾਇਰਿੰਗ ਕੀਤੀ ਗਈ ਉਨ੍ਹਾਂ ਵਰਕਰਾਂ ਤੇ ਤਸ਼ੱਦਦ ਕਰਨ ਲਈ ਬੰਦੇ ਫਰੀਦਾਬਾਦ ਤੋਂ ਲਿਆਂਦੇ ਗਏ। ਇਸ ਤੇ ਵਰਕਰਜ਼ ਨੂੰ ਜਦੋਂ ਪੁਲਿਸ ਨੂੰ

Original with;
Punjab Vidhan Sabha
Digitized by;
Panjab Digital Library

ਐਪਰੋਚ ਕੀਤਾ ਕਿ ਸਾਡੀ ਮੱਦਦ ਕਰੋ ਤਾਂ ਉਨ੍ਹਾਂ ਤੇ ਪੁਲਿਸ ਵਲੋਂ ਲਾਠੀ ਚਾਰਜ ਕੀਤਾ ਗਿਆ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਤੇ ਅਗਰ ਜੁਡੀਸ਼ਿਲ ਜਾਂਚ ਹੋ ਜਾਏ ਕਿ ਉਨ੍ਹਾਂ ਤੇ ਫਾਇਰਿੰਗ ਕਿਸ ਤਰ੍ਹਾਂ ਹੋਈ ਅਤੇ ਉਨ੍ਹਾਂ ਤੇ ਲਾਠੀਚਾਰਜ ਕਿਸ ਤਰ੍ਹਾਂ ਹੋਈ, ਇਸ ਚੀਜ਼ ਦੀ ਜੁਡੀਸ਼ਲ ਇੰਨਕੁਆਇਰੀ ਹੋਣ ਨਾਲ ਨਾ ਸਿਰਫ ਪੰਜਾਬ ਦੇ, ਅੰਮ੍ਰਿਤਸਰ ਦੇ ਬਲਕਿ ਹੋਰ ਥਾਵਾਂ ਤੇ ਮਜ਼ਦੂਰਾਂ ਦੀ ਸੰਤੁਸ਼ਟੀ ਹੋਵੇਗੀ। ਇਸ ਬਾਰੇ ਪਹਿਲਾਂ ਵੀ ਇਨ੍ਹਾਂ ਨੂੰ ਬੇਨਤੀ ਕੀਤੀ ਹੈ ਅਤੇ ਹੁਣ ਦੁਬਾਰਾ ਤੁਹਾਡੇ ਰਾਹੀਂ ਇਨ੍ਹਾਂ ਨੂੰ ਫਿਰ ਬੇਨਤੀ ਕਰ ਰਿਹਾ ਹਾਂ।

ਇਸ ਵੇਲੇ ਮੇਰੇ ਫਾਜ਼ਲ ਦੋਸਤ ਸਰਦਾਰ ਸੰਤੋਖ ਸਿੰਘ ਰੰਧਾਵਾ ਹਾਊਸ ਵਿਚ ਮੌਜੂਦ ਨਹੀਂ ਹਨ, ਇਨ੍ਹਾਂ ਨੇ ਡੈਮੋਕ੍ਰੇਟਿਕ ਡੀਸੈਂਟ੍ਰਾਲਾਈਜ਼ੇਸ਼ਨ ਜਿਹੜੀ ਕੀਤੀ ਸੀ ਅਖੌਤੀ ਤੌਰ ਤੇ ਉਸ ਨੂੰ ਮੁੜ ਬਹਾਲ ਕਰਨ ਦਾ ਐਲਾਨ ਕੀਤਾ ਕਿ ਪੰਚਾਇਤਾਂ, ਪੰਚਾਇਤ ਸੰਮਤੀਆਂ, ਅਤੇ ਜ਼ਿਲ੍ਹਾ ਪ੍ਰੀਸ਼ਦ ਇਨ੍ਹਾਂ ਦੀਆਂ ਚੋਣਾ ਜਿਥੇ ਜਿਥੇ ਨਹੀਂ ਹੋਈਆਂ ਉਥੇ ਉਥੇ ਕਰਾਈਆਂ ਜਾਣਗੀਆਂ। ਇਹ ਜੋ ਐਲਾਨ ਇਨ੍ਹਾਂ ਨੇ ਕੀਤਾ ਹੈ, ਇਹ ਬਹੁਤ ਅਛਾ ਐਲਾਨ ਹੈ। ਪਰ ਇਸ ਦੇ ਨਾਲ ਇਹ ਵੀ ਧਿਆਨ ਰਖਣਾ ਚਾਹੀਦਾ ਹੈ ਕਿ ਜਿਸ ਕਿਸਮ ਦੀਆਂ ਪੰਚਾਇਤ ਸੰਮਤੀਆਂ ਜਾਂ ਜ਼ਿਲਾ ਪ੍ਰੀਸ਼ਦ ਅੱਜ ਹਨ ਔਰ ਜੋ ਐਕਟ ਉਸ ਨੂੰ ਗਵਰਨ ਕਰਦਾ ਹੈ, ਉਸ ਅਨੁਸਾਰ ਲੋਕਾਂ ਦੇ ਨੁਮਾਇੰਦਿਆਂ ਦੀ ਬਜਾਏ ਬਿਊਰੋਕਰੇਸੀ ਦਾ ਹੱਥ ਉਪਰ ਹੈ। ਇਹ ਡਿਵੈਲਪਮੈਂਟ ਜਦੋਂ ਹੋਈ ਸੀ, ਉਦੋਂ ਵੀ ਡਿਵੈਲਪਮੈਂਟ ਮਨਿਸਟਰ ਸਰਦਾਰ ਸੰਤੋਖ ਸਿੰਘ ਰੰਧਾਵਾ ਹੀ ਸਨ। ਜਦੋਂ ਹੁਣ ਅਸੀਂ ਉਸ ਕੰਮ ਨੂੰ ਰੀਸਟੋਰ ਕਰਨ ਲਗੇ ਹਾਂ ਤਾਂ ਜੋ ਐਮਰਜੈਂਸੀ ਦੇ ਦੌਰਾਨ ਰਾਈਟਸ ਖੋਹੇ ਗਏ ਸਨ, ਉਨ੍ਹਾਂ ਨੂੰ ਵੀ ਰੀਸਟੋਰ ਕਰਨਾ ਚਾਹੀਦਾ ਹੈ। ਇਨ੍ਹਾਂ ਸੰਸਥਾਵਾਂ ਦੀ ਡਾਇਰੈਕਟ ਚੋਣ ਹੋਣੀ ਚਾਹੀਦੀ ਹੈ। ਉਸਦੇ ਅੰਦਰ ਜਿਹੜੇ ਅਫਸਰ ਹਨ, ਉਨ੍ਹਾਂ ਦਾ ਕੰਟ੍ਰੋਲ ਤੇ ਸੁਪਰਵੀਜ਼ਨ ਬੈਨੇਵੋਲੈਂਟ ਹੋਵੇ ਔਰ ਇੰਟਰਫੀਅਰ ਕਰਨ ਵਾਲਾ ਨਾ ਹੋਵੇ। ਜੇ ਇਨ੍ਹਾਂ ਪੰਚਾਇਤ ਸੰਮਤੀਆਂ ਔਰ ਜ਼ਿਲ੍ਹਾ ਪ੍ਰੀਸ਼ਦਾਂ ਵਿਚ ਲੋਕਾਂ ਦੇ ਚੁਣੇ ਹੋਏ ਨੁਮਾਂਇੰਦਿਆਂ ਵਲ ਧਿਆਨ ਨਾ ਦਿਤਾ ਗਿਆ ਤਾਂ ਇਹ ਅਦਾਰੇ ਇਕ ਤਰ੍ਹਾਂ ਨਾਲ ਕੰਡੇ ਬਣ ਜਾਣਗੇ। (ਵਿਘਨ)

**ਸ੍ਰੀ ਸਭਾਪਤੀ** : ਹੁਣ ਤੁਸੀਂ ਵਾਂਈਡ ਅਪ ਕਰੋ।

**ਕਾਮਰੇਡ ਰਾਜ ਕੁਮਾਰ** : ਜਿੰਨਾ ਮੈਂ ਅੱਜ ਬੋਲ ਸਕਿਆ ਅੱਜ ਬੋਲਾਂਗਾ ਔਰ ਬਾਕੀ ਲਈ ਫਿਰ ਬੋਲਾਂਗਾ। ਚੇਅਰਮੈਨ ਸਾਹਿਬ, ਇੱਕ ਗੱਲ ਦਾ ਜ਼ਿਕਰ ਮੈਂ ਕਰਨਾ ਚਾਹੁੰਦਾ ਹਾਂ ਜੇਕਰ ਇਸ ਭਾਸ਼ਣ ਵਿਚ ਉਸ ਦਾ ਜ਼ਿਕਰ ਹੁੰਦਾ ਤਾਂ ਠੀਕ ਹੁੰਦਾ । ਐਮਰਜੈਂਸੀ ਤੋਂ ਬਾਅਦ ਹੁਣ ਉਸ ਤੋਂ ਕੁਝ ਡਿਪਾਰਚਰ ਹੋਇਆ ਹੈ। ਬਰੀਫ ਸੈਸ਼ਨਜ਼, ਸਮਾਲ ਡਿਸਕਸ਼ਨ, ਇਹ ਨਹੀਂ ਹੋਣਾ ਚਾਹੀਦਾ ਹੈ। ਅਗਰ ਥੋੜ੍ਹੀ ਡਿਸਕਸ਼ਨ ਹੋਵੇਗੀ ਤਾਂ ਮੈਂਬਰਜ਼ ਮਾਯੂਸ ਹੋਣਗੇ। ਅਗਰ ਲੰਬੇ ਸੈਸ਼ਨਜ਼ ਕਰ ਦਿਤੇ ਜਾਣਗੇ ਤਾਂ ਬਾਹਰਲੇ ਲੋਕ ਅਛਾ ਫੀਲ ਕਰਨਗੇ ਕਿਉਂਕਿ ਲੋਕਾਂ ਨੂੰ ਬਾਹਰ ਪ੍ਰੋਟੈਕਸ਼ਨ ਦੇਣ ਵਾਸਤੇ ਇਥੇ ਲੰਬੇ ਸੈਸ਼ਨਜ਼ ਔਰ ਖੁਲ੍ਹੀ ਬਹਿਸ ਦੀ ਲੋੜ ਹੈ। ਜਿਹੜੀ ਗਲਤੀ ਉਸ ਵੇਲੇ ਹੋਈ ਸੀ ਉਸ ਬਾਰੇ ਗਵਰਨਰ ਭਾਸ਼ਣ ਵਿਚ ਕੋਈ ਨਿਸ਼ਾਨ ਤਕ ਨਹੀਂ ਮਿਲਦਾ ਹੈ। ਸਾਡੇ ਬੜਾ ਚਰਚਾ ਹੋਇਆ ਹੈ ਕਿ ਉਹ ਲਾਹਣਤ ਖਤਮ ਕਰ ਦਿੱਤੀ ਜਾਏ। ਲੈਜਿਸਲੇਟਿਵ ਕੌਂਸਲ ਖਤਮ ਕੀਤੀ ਗਈ ਸਫੇਦ ਹਾਥੀ ਸਮਝ ਕੇ, ਇਕ ਐਸਾ ਪੁਲੀਟੀਕਲ ਆਲਾ ਸਮਝਕੇ ਜਿਸ ਦੇ ਜ਼ਰੀਏ ਨਵੇਂ ਉਭਰ ਰਹੇ ਗੈਰ-ਸੰਤੁਸ਼ਟ ਪਾਲੇਟੀਸ਼ੀਅਨਜ਼ ਨੂੰ ਫੇਵਰ ਦੇਣੀ ਸੀ, ਉਨ੍ਹਾਂ ਨੂੰ ਔਹੁਦੇ ਦੇਣੇ ਸੀ, ਮਾਨੇਟਰੀ ਬੈਨੀਫਿਟ ਦੇਣੇ ਸੀ। ਇਨ੍ਹਾਂ ਗਲਾਂ ਨੂੰ ਧਿਆਨ ਵਿਚ ਰਖਿਆ ਗਿਆ ਜਦੋਂ ਇਹ ਕੌਂਸਲ ਖਤਮ ਕੀਤੀ ਗਈ। ਜਦੋਂ ਚੁਣੇ ਹੋਏ ਲੋਕਾਂ ਦੇ ਨੁਮਾਇੰਦੇ ਇਥੇ ਮੌਜੂਦ ਹਨ ਤਾਂ ਫਿਰ ਇਸ ਅਪਰ ਹਾਊਸ ਦੇ ਕ੍ਰੀਏਟ ਕਰਨ ਦੀ ਕੀ ਲੋੜ ਹੈ। ਇਹ ਕੌਂਸਲ ਤਾਂ ਲੈਜਿਸਲੇਟਿਵ ਕੰਮਾਂ ਦੇ ਰਾਹਾਂ ਵਿਚ ਰੋੜੇ ਅਟਕਾਉਣ ਵਾਲੀ ਗੱਲ ਹੈ। ਪੰਜਾਬ ਸਰਕਾਰ ਨੇ ਐਲਾਨ ਕੀਤਾ ਕਿ ਇਸ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਲੈਜਿਸਲੇਟਿਵ ਕੌਂਸਲ ਨੂੰ ਬਹਾਲ ਕਰਾਂਗੇ। ਇਸ ਐਲਾਨ ਨੂੰ ਵਾਪਸ ਲੈਣਾ ਚਾਹੀਦਾ ਹੈ ਕਿਉਂਕਿ ਇਹ ਪੰਜਾਬ ਦੇ ਲੋਕਾਂ ਦੇ ਹਿੱਤਾਂ ਵਿਚ ਨਹੀਂ ਹੈ। ਜਿਥੇ ਐਨਾ ਇਨਫਲੇਸ਼ਨ ਔਰ ਫਾਈਨੈਂਨਸ਼ੀਅਲ ਕਰਾਈਸਿਜ਼ ਹੋਣ ਉਥੇ ਕੀ ਅਸੀਂ ਕਿਸੇ ਕਿਸਮ ਦੀ ਅਯਾਸ਼ੀ ਕਰ ਸਕਦੇ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਗੌਰਮਿੰਟ ਇਸ ਮਾਮਲੇ ਤੇ ਆਪਣੀ ਪੁਜ਼ੀਸ਼ਨ ਵਾਜ਼ੇ ਕਰੇ।

ਚੇਅਰਮੈਨ ਸਾਹਿਬ, ਮੈਂ ਇੱਕ ਗੱਲ ਵਲ ਧਿਆਨ ਦਿਲਾਉਣਾ ਚਾਹੁੰਦਾ ਹਾਂ ਕਿ ਸਵੇਰੇ ਬਹੁਤ ਚਰਚਾ ਹੋਇਆ ਡਿਸਟ੍ਰੀਬਿਊਸ਼ਨ ਸਿਸਟਮ ਦਾ ਕਿ ਇਸ ਨੂੰ ਸਟ੍ਰੀਮਲਾਈਨ ਕਰਨਾ ਹੈ। ਦੁਕਾਨਾਂ ਬੰਦ ਹੋ ਗਈਆਂ ਸਨ, ਉਹ ਖੁਲ੍ਹ ਗਈਆਂ ਮੋਸਟ ਵੈਲਕਮ। ਅਸੀਂ ਇਹ ਵੀ ਮੰਗ ਕੀਤੀ ਸੀ ਕਿ ਦੁਕਾਨਾਂ ਜਿਹੜੀਆਂ ਖੁਲ੍ਹ ਗਈਆਂ ਹਨ ਉਹ ਬਹੁਤ ਥੋੜ੍ਹੀਆਂ ਹਨ। ਹਰ ਪਿੰਡ ਵਿਚ ਇਕ ਅਜਿਹੀ ਦੁਕਾਨ ਸਰਕਾਰ ਦੀ ਹੋਣੀ ਚਾਹੀਦੀ ਹੈ ਜਿਥੇ ਹਰ ਕਿਸਮ ਦੀ ਅਸੈਂਸ਼ਿਅਲ ਕਮੋਡਿਟੀ ਠੀਕ ਭਾਅ ਤੇ ਲੇ, ਇਸ ਬਾਰੇ ਇਸ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਹੈ। ਇਹ ਕਿਹਾ ਗਿਆ ਹੈ ਕਿ ਇਨ੍ਹਾਂ ਅਦਾਰਿਆਂ ਤੇ ਪੰਚਾਇਤ ਦਾ ਕੰਟ੍ਰੋਲ ਵਧਾਵਾਂਗੇ। ਇੱਕ ਸੋਹਣ ਸਿੰਘ ਆਦਮੀ ਹੈ ਜੋ ਕਿ ਮੇਰੇ ਮੁਕਾਬਲੇ ਤੇ ਖੜਾ ਹੋਇਆ ਸੀ। ਉਸਨੇ ਵੋਟਾਂ ਲੈਣ ਵਾਸਤੇ ਕਿਸੇ ਦੇ ਮੁੰਡੇ ਨੂੰ ਥਾਣੇਦਾਰ ਬਣਾਉਣ ਵਾਸਤੇ ਕਿਹਾ। ਉਹ ਐਗਰੀਕਲਚਰਲ ਸਰਵਿਸ ਸੁਸਾਇਟੀ ਦਾ ਡਾਇਰੈਕਟਰ ਸੀ। ਜਦੋਂ ਖਾਦ ਦੇ ਭਾਅ ਵਿਚ ਤੇਜ਼ੀ ਆਈ ਤਾਂ 350 ਬੋਰੀਆਂ ਉਥੋਂ ਚੁਕ ਕੇ ਘਰ ਲੈ ਗਿਆ। ਲੋਕ ਰੋਂਦੇ ਹੀ ਰਹਿ ਗਏ। ਜੇ ਇਨ੍ਹਾਂ ਦੁਕਾਨਾਂ ਦੇ ਅੰਦਰ ਇਹੋ ਜਿਹੇ ਪਬਲਕ ਦੇ ਨੁਮਾਇੰਦੇ ਲੈਣੇ ਹਨ ਤਾ ਨਾ ਦੁਕਾਨਾਂ ਬਚਣੀਆਂ ਹਨ ਔਰ ਨਾ ਹੀ ਲੋਕਾਂ ਨੇ ਬਚਣਾ ਹੈ। ਇਸ ਗਲ ਦਾ ਧਿਆਨ ਕਰੀਏ ਕਿ ਅਜਿਹੀਆਂ ਦੁਕਾਨਾਂ ਹਰ ਪੰਚਾਇਤ ਏਰੀਆ ਵਿਚ ਬਣ ਜਾਣ। ਇਨ੍ਹਾਂ ਦੇ ਉਤੇ ਵਾਚ ਡੌਗ ਕਮੇਟੀਆਂ ਬਣਾਈਆਂ ਜਾਣ ਜੋ ਕਿ ਇਨ੍ਹਾਂ ਤੇ ਬੈਨੇਵੋਲੈਂਟ ਕਿਸਮ ਦਾ ਕੰਟ੍ਰੋਲ ਐਕਸਰਸਾਈਜ਼ ਕਰਨ। ਉਸ ਕਮੇਟੀ ਵਿਚ ਰੂਲਿੰਗ ਪਾਰਟੀ ਦੇ ਆਪੋਜ਼ੀਸ਼ਨ ਪਾਰਟੀ ਦੇ ਨੁਮਾਇੰਦੇ ਹੋਣ ਅਤੇ ਹੋਰ ਵੀ ਭਦਰ ਪੁਰਸ਼ ਉਸ ਕਮੇਟੀ ਵਿਚ ਸ਼ਾਮਲ ਹੋਣ ਜੋ ਕਿਸੇ ਪਾਰਟੀ ਨਾਲ ਸਬੰਧ ਨਾ ਰਖਦੇ ਹੋਣ। ਅੱਜ ਕਲ ਪੁਜ਼ੀਸ਼ਨ ਇਹ ਹੈ ਕਿ ਜਦੋਂ ਲੋਕ 400 ਗਰਾਮ ਖੰਡ ਲੈਣ ਲਈ ਜਾਂਦੇ ਹਨ ਤਾਂ ਦੁਕਾਨਾਂ ਤੋਂ ਉਨ੍ਹਾਂ ਨੂੰ ਜਵਾਬ ਮਿਲਦਾ ਹੈ ਕਿ ਖੰਡ ਨਹੀਂ ਹੈ। ਪੰਜਾਬ ਨੇ 100% ਕੋਟਾ ਖੰਡ ਦਾ ਚੁੱਕ ਲਿਆ ਹੈ, ਜੇ ਚੁੱਕ ਲਿਆ ਹੈ ਤਾਂ ਫਿਰ ਦੁਕਾਨਾਂ ਤੇ ਕਿਉਂ ਨਹੀਂ ਪੁਜਾ। ਜਿਹੜੀ ਵਿਚਕਾਰਲੀ ਮਿਡਲ ਮਸ਼ੀਨਰੀ ਡਿਸਟ੍ਰੀਬਿਯੂਟ ਕਰਨ ਵਾਲੀ ਹੈ ਉਹ ਹੀ ਖੰਡ ਖਾ ਰਹੀ ਹੈ। ਵਾਚ ਡੌਗ ਕਮੇਟੀਆਂ ਬਣਨ ਨਾਲ ਡਿਸਟ੍ਰੀਬਿਯੂਨ ਸਿਸਟਮ ਤੇ ਨਿਗਾਹ ਰਖੀ ਜਾ ਸਕਦੀ ਹੈ। ਅਗੇ ਲੋਕਾਂ ਦੀਆਂ ਐਕਸਪੈਕਟੇਸ਼ਨਜ਼ ਬਹੁਤ ਵਧਾ ਦਿਤੀਆਂ ਜਾਣ ਔਰ ਮਗਰੋਂ ਉਹ ਪੂਰੀਆਂ ਨਾ ਕੀਤੀਆਂ ਜਾਣ ਤਾਂ ਮੁਲਕ ਅੰਦਰ ਬੁਰਾਈਆਂ ਆਉਂਦੀਆਂ ਹਨ। ਸਰਕਾਰ ਇਸ ਗੱਲ ਦਾ ਐਲਾਨ ਕਰੇ ਕਿ ਇਨ੍ਹਾਂ ਦੁਕਾਨਾਂ ਨੂੰ ਕਾਮਯਾਬ ਕਰਨ ਵਾਸਤੇ ਇਨ੍ਹਾਂ ਤੇ ਸੁਪਰਵੀਜ਼ਨ/ਕੰਟ੍ਰੋਲ ਜ਼ਰੂਰੀ ਹੈ। ਉਥੇ ਸਪਲਾਈ ਅਸ਼ਿਓਰਡ ਹੋਣੀ ਚਾਹੀਦੀ ਹੈ, ਉਸ ਤੇ ਫਿਜ਼ੀਕਲ ਕੰਟ੍ਰੋਲ ਹੋਣਾ ਚਾਹੀਦਾ ਹੈ। ਜਦੋਂ ਤਕ ਗੌਰਮਿੰਟ ਕੋਲ ਅਸ਼ਿਓਰਡ ਭੰਡਾਰ ਨਾ ਹੋਵੇ ਇਹ ਸਿਸਟਮ ਚਾਲੂ ਰਹਿ ਨਹੀਂ ਸਕਦਾ। ਸੋਰਸ ਉਤੇ ਜਿਥੇ ਅਸੈਂਸ਼ਿਅਲ ਕਮੋਡਿਟੀਜ਼ ਪ੍ਰੋਡਿਊਸ ਹੁੰਦੀਆਂ ਹਨ, ਉਥੇ ਕੰਟ੍ਰੋਲ ਕਰਨਾ ਚਾਹੀਦਾ ਹੈ। ਸਾਡਾ ਨੁਕਤਾਚੀਨੀ ਕਰਨ ਦਾ ਹੱਕ ਹੈ।

ਅਗਰ ਚੰਗੇ ਕੰਮ ਹੋਣਗੇ ਤਾਂ ਜ਼ਰੂਰ ਵਧਾਈ ਦਿਆਂਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਜਿਹੜਾ ਡਿਸਟਰੀਬਿਯੂਸ਼ਨ ਸਿਸਟਮ ਹੈ, ਉਸ ਨੂੰ ਠੀਕ ਕੀਤਾ ਜਾਵੇ। ਚੇਅਰਮੈਨ ਸਾਹਿਬ, ਮੈਂ ਵਰਕਿੰਗ ਕਲਾਸ ਬਾਰੇ ਇਸ ਐਡਰੈਸ ਵਿਚ ਦੇਖ ਰਿਹਾ ਸੀ, ਪਰ ਮੈਨੂੰ ਇਸ ਵਿਚੋਂ ਇਸ ਬਾਰੇ ਕੁਝ ਨਹੀਂ ਲੱਭਾ। ਇਹ ਪਤਾ ਲੱਗਾ ਹੈ ਕਿ 15 ਨਵੀਆਂ ਇੰਡਸਟਰੀਆਂ ਮਿਨੀਮਮ ਵੇਜਿਜ਼ ਐਕਟ ਦੇ ਪਰਵਿਊ ਵਿਚ ਲਿਆਂਦੀਆਂ ਹਨ ਜਿਥੇ ਕਿ ਮਿਨੀਮਮ ਵੇਜਿਜ਼ ਮੁਕੱਰਰ ਕੀਤੇ ਜਾਣੇ ਹਨ

Original with;
Punjab Vidhan Sabha
Digitized by;
Panjab Digital Library

ਪਰ ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪਹਿਲੇ ਮੁਕੱਰਰ ਹੋਈਆਂ ਹੋਈਆਂ ਹਨ, ਕੀ ਉਹ ਇੰਪਲੀਮੈਂਟ ਹੋ ਰਹੀਆਂ ਹਨ ਜਾਂ ਨਹੀਂ ; ਮੈਂ ਦੱਸਣਾ ਚਾਹੁੰਦਾ ਹਾਂ ਕਿ ਮਿਨੀਮਮ ਵੇਜਿਜ਼ ਭਾਂਵੇ ਐਗਰੀਕਲਚਰਲ ਲੇਬਰ ਵਾਸਤੇ ਹੈ ਭਾਵੇਂ ਉਹ ਮਿਨੀਮਮ ਵੇਜਿਜ਼ ਐਕਟ ਦੇ ਥੱਲੇ ਹੈ, ਇਨ੍ਹਾਂ ਦੀ ਮਸ਼ੀਨਰੀ ਐਨੀ ਇਨਐਡੀਕੁਏਟ ਔਰ ਇਨਐਫੀਸ਼ੈਂਟ ਹੈ ਕਿ ਇਸ ਦੀ ਇੰਪਲੀਮੈਂਟੇਸ਼ਨ ਕਦੇ ਠੀਕ ਨਹੀਂ ਹੋ ਸਕਦੀ....

**Mr. Chairman** : The House stands adjourned till 9.00 A.M. on Friday, the 4th July, 1980.

*1.30 P.M. | *The Sabha then* adjourned till 9.00 A.M. on Friday, the 4th July, 1980.*

43226/PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1980

Published under the authority of the Punjab Vidhan Sabha Secretariat and printed by the Controller, Government Press, U.T., Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*4th July, 1980*

Vol. I—No. 5

OFFICIAL REPORT

CONTENTS

*Friday, the 4th July,* 1980

| | Page |
|---|---|
| Starred Questions and Answers .. | (5) 1 |
| Written Answer to Starred Question Laid on the Table of the House under Rule 38 .. | (5) 19 |
| Points of order Reg. Cut in Power Supply in the State .. | (5) 20 |
| Personal Explanation by Sardar Ravi Inder Singh .. | (5) 21 |
| Statement by the Chief Minister Reg. Cut in Power Supply in the State .. | (5) 22 |
| Call Attention Notices under Rule 66 .. | (5) 24 |
| Papers Laid on the Table of the House .. | (5) 29 |
| Resumption of Discussion on Governor's Address . | (5) 30 |

Punjab Vidhan Sabha Secretariat, Chandigarh.

Price Rs. 20-50

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Friday, the 4th July,* 1980

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 a.m. of the Clock. Mr. Speaker (Shri Brij Bhushan Mehra) in the Chair.*

## STARRED QUESTIONS AND ANSWERS

### ਬਲਾਚੌਰ ਵਿਧਾਨ ਸਭਾ ਚੋਣ ਹਲਕੇ ਦੇ ਕੰਡੀ ਦੇ ਇਲਾਕੇ ਵਿਚ ਸੋਕੇ ਕਾਰਣ ਫਸਲਾਂ ਦਾ ਨੁਕਸਾਨ

*3. **ਮਾਸਟਰ ਦਲੀਪ ਚੰਦ** : ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਬਲਾਚੌਰ ਵਿਧਾਨ ਸਭਾ ਚੋਣ ਹਲਕੇ ਦੇ ਕੰਡੀ ਦੇ ਇਲਾਕੇ ਵਿਚ ਉਨ੍ਹਾਂ ਕਿਸਾਨਾਂ ਨੂੰ ਸਹਾਇਤਾ ਦੇਣ ਦਾ ਵਿਚਾਰ ਹੈ ਜਿਨ੍ਹਾਂ ਦੀਆਂ ਪਿਛਲੀਆਂ ਦੋ ਫਸਲਾਂ ਸੋਕੇ ਕਾਰਣ ਬਿਲਕੁਲ ਤਬਾਹ ਹੋ ਗਈਆਂ ਸਨ ?

**ਸਰਦਾਰ ਬੇਅੰਤ ਸਿੰਘ** : ਸੋਕੇ ਨਾਲ ਖਰੀਫ, 1979 ਵਿਚ ਫਸਲਾਂ ਨੂੰ ਨੁਕਸਾਨ ਦਾ ਮੁਆਵਜ਼ਾ ਸਰਕਾਰ ਨੇ ਪਹਿਲਾਂ ਹੀ ਮਨਜ਼ੂਰ ਕਰ ਦਿਤਾ ਹੈ। ਡੀ.ਸੀ. ਹੁਸ਼ਿਆਰਪੁਰ ਦੀ ਰਿਪੋਰਟ ਦੇ ਅਨੁਸਾਰ ਬਲਾਚੌਰ ਅਸੈਂਬਲੀ ਹਲਕੇ ਵਿਚ ਖਰੀਫ, 1979 ਵਿਚ ਸੋਕੇ ਨਾਲ ਕੋਈ ਬਹੁਤਾ ਨੁਕਸਾਨ ਨਹੀਂ ਹੋਇਆ ਇਸ ਲਈ ਇਸ ਹਲਕੇ ਲਈ ਮੁਆਵਜ਼ਾ ਨਹੀਂ ਦਿੱਤਾ ਗਿਆ। ਜਿਥੋਂ ਤੱਕ ਰੱਬੀ, 1980 ਵਿੱਚ ਸੋਕੇ ਨਾਲ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਦਾ ਸਬੰਧ ਹੈ, ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਲਾਚੌਰ ਦਾ ਕੰਡੀ ਇਲਾਕਾ ਪੰਜਾਬ ਦਾ ਸਭ ਤੋਂ ਬੈਕਵਰਡ ਇਲਾਕਾ ਹੈ। ਉਥੇ ਤਿੰਨ ਸਾਲਾਂ ਤੋਂ ਕੋਈ ਬਾਰਸ਼ ਨਹੀਂ ਹੋਈ। ਲੱਗਭੱਗ 125 ਪਿੰਡਾਂ ਵਿਚ ਤਿੰਨ ਸਾਲਾਂ ਵਿਚ ਕੋਈ ਫਸਲ ਨਹੀਂ ਹੋਈ ਹੈ ਕਿਉਂਕਿ ਇਸ ਇਲਾਕੇ ਵਿਚ ਸਿੰਜਾਈ ਦਾ ਕੋਈ ਸਾਧਨ ਨਹੀਂ ਹੈ। ਗਿਰਦਾਵਰੀਆਂ ਕਰਾਉਣ ਵਿਚ ਕੁਝ ਸਾਡੇ ਲੋਕਾਂ ਦੀ ਅਤੇ ਕੁਝ ਮਹਿਕਮੇ ਦੀ ਲਾਪਰਵਾਹੀ ਹੋਈ ਹੈ ਜਿਸਦੇ ਕਾਰਣ ਸਰਕਾਰ ਵੱਲੋਂ ਕੋਈ ਮੁਆਵਜ਼ਾ ਇਸ ਇਲਾਕੇ ਨੂੰ ਨਹੀਂ ਮਿਲਿਆ ਹੈ। ਮੈਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਇਲਾਕੇ ਵਿਚ ਖਾਣ ਦੀਆਂ ਜ਼ਰੂਰੀ ਵਸਤਾਂ ਅਤੇ ਚਾਰਾ ਆਦਿ ਦਾ ਪ੍ਰਬੰਧ ਸਸਤੇ ਭਾਅ ਤੇ ਕਰਨਗੇ ਅਤੇ ਸਬਸਿਡੀ ਦੇਣ ਦਾ ਪ੍ਰਬੰਧ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਸਾਲ 1979 ਵਿਚ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਵਲੋਂ ਰਿਪੋਰਟ ਆਈ ਸੀ ਕਿ ਕਿਥੇ ਕਿਥੇ ਨੁਕਸਾਨ ਜ਼ਿਆਦਾ ਹੋਇਆ ਹੈ। ਹੁਣ 1980 ਵਿਚ ਡੀ.ਸੀ. ਨੇ ਲਿਖਿਆ ਹੈ ਕਿ ਬਲਾਚੌਰ ਤਹਿਸੀਲ ਵਿਚ 94 ਪਿੰਡਾਂ ਦਾ ਨੁਕਸਾਨ ਹੋਇਆ ਹੈ। ਉਸ ਦੇ ਬਾਰੇ ਜੋ ਕੁਝ ਮੈਂਬਰ ਸਾਹਿਬ ਨੇ ਕਿਹਾ ਹੈ ਉਸ ਤੇ ਵਿਚਾਰ ਕਰਕੇ ਜ਼ਰੂਰ ਕੋਈ ਪ੍ਰਬੰਧ ਕਰਾਂਗੇ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਸੰਨ 1980 ਰਬੀ ਦੀ ਫਸਲ ਕੰਡੀ ਦੇ ਇਲਾਕੇ ਦੇ ਕਿਸੇ ਪਿੰਡ ਵਿਚ ਬਿਲਕੁਲ ਨਹੀਂ ਹੋਈ, ਮੈਂ ਮਨਿਸਟਰ ਸਾਹਿਬ ਤੋਂ ਪੁੱਛਦਾ ਹਾਂ ਕਿ ਕੀ ਮਹਿਕਮੇ ਦੇ ਕਰਮਚਾਰੀਆਂ ਨੂੰ ਇਹ ਹਦਾਇਤ ਕਰਨਗੇ ਤਾਕਿ ਫਸਲ ਖਰੀਫ ਸੰਨ 1979 ਦੀ ਤਰ੍ਹਾਂ ਲੋਕਾਂ ਨਾਲ ਹੁਣ ਜ਼ਿਆਦਤੀ ਨਾ ਹੋ ਸਕੇ ਅਤੇ ਲੋਕਾਂ ਨੂੰ ਰਬੀ, 1980 ਦੀ ਫਸਲ ਦੇ ਨੁਕਸਾਨ ਦਾ ਮੁਆਵਜ਼ਾ ਪੂਰਾ ਦੇਣ ਦਾ ਪ੍ਰਬੰਧ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਜ਼ਰੂਰ ਕਰਾਂਗੇ ਜੀ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਇਸ ਗੱਲ ਦੇ ਮੱਦੇ ਨਜ਼ਰ ਕਿ ਪਿਛਲੇ ਦੋ ਸਾਲਾਂ ਵਿਚ ਬਾਰਸ਼ ਬਹੁਤ ਕਮ ਹੋਈ ਹੈ, ਕੰਡੀ ਦੇ ਇਲਾਕੇ ਤੋਂ ਇਲਾਵਾ ਸਾਰੇ ਪੰਜਾਬ ਵਿਚ ਵੀ ਇਸ ਗਲ ਦਾ ਅਸਰ ਪਿਆ ਹੈ, ਕੀ ਇਸ ਗਲ ਨੂੰ ਮੁੱਖ ਰਖਦੇ ਹੋਏ ਸਾਰੇ ਪੰਜਾਬ ਦਾ ਮਨਿਸਟਰ ਸਾਹਿਬ ਸਰਵੇ ਕਰਵਾਉਣਗੇ ਕਿ ਜਿਥੇ ਜਿਥੇ ਗੜੇ ਪਏ ਹਨ ਜਾਂ ਜਿਥੇ ਜਿਥੇ ਸੋਕਾ ਪਿਆ ਅਤੇ ਜਿਥੇ ਪਟਵਾਰੀਆਂ ਦੀਆਂ ਰਿਪੋਰਟਾਂ ਨਾ ਦੇਣ ਬਾਰੇ ਇਸ ਸਬੰਧ ਵਿਚ ਸ਼ਿਕਾਇਤਾਂ ਹਨ, ਜਿਵੇਂ ਇਥੇ ਦਸਿਆ ਗਿਆ ਹੈ ਕਿ ਡੀ.ਸੀ. ਹੁਸ਼ਿਆਰਪੁਰ ਨੇ ਰਿਪੋਰਟ ਨਹੀਂ ਸੀ ਭੇਜੀ ਅਤੇ ਜਿਥੇ ਜਿਥੇ ਲੋਕਾਂ ਦਾ ਨੁਕਸਾਨ ਹੋਇਆ ਹੈ ਉਥੇ ਸਰਕਾਰ ਮੁਆਵਜ਼ਾ ਦੇਣ ਬਾਰੇ ਕੋਈ ਵਿਚਾਰ ਰਖਦੀ ਹੈ ?

**ਮੰਤਰੀ** : ਸਪੀਕਰ ਸਾਹਿਬ, ਪਹਿਲਾਂ ਇਹ ਰਿਲੀਫ ਨਹੀਂ ਸੀ ਦਿਤਾ ਜਾਂਦਾ, ਹੁਣ ਇਸ ਦੇ ਬਾਰੇ ਫੈਸਲਾ ਲਿਆ ਗਿਆ ਹੈ ਅਤੇ ਬਾਕਾਇਦਾ ਰਿਪੋਰਟਾਂ ਹੁਣ ਲਈਆਂ ਜਾਂਦੀਆਂ ਹਨ ਅਤੇ ਰਿਲੀਫ ਦੇਣ ਦਾ ਕੰਮ ਅਸੀਂ ਸ਼ੁਰੂ ਕੀਤਾ ਹੈ। ਇਹ ਰਿਲੀਫ ਇਸ ਸ਼ਰ੍ਹਾ ਨਾਲ ਦਿਤਾ ਜਾਂਦਾ ਹੈ ਕਿ ਜਿਥੇ ਖੜ੍ਹੀ ਫਸਲ ਦਾ ਨੁਕਸਾਨ 25% ਤੋਂ 50% ਤਕ ਹੋਵੇ ਉਥੇ 50 ਰੁਪਏ ਪਰ ਏਕੜ ਦੇ ਹਿਸਾਬ ਨਾਲ ਦਿੱਤੇ ਜਾਂਦੇ ਹਨ ਅਤੇ ਜਿਥੇ ਨੁਕਸਾਨ 50% ਤੋਂ 75% ਤਕ ਹੋਵੇ ਉਥੇ 100 ਰੁਪਏ ਅਤੇ ਜਿਥੇ 75% ਤੋਂ ਵਧ ਨੁਕਸਾਨ ਹੋਵੇ ਉਥੇ 150 ਰੁਪਏ ਪਰ ਏਕੜ ਦੇ ਹਿਸਾਬ ਨਾਲ ਦਿਤਾ ਜਾਂਦਾ ਹੈ। ਮੈਂ ਆਨਰੇਬਲ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਵਿਚ 18,51,000 ਰੁਪਏ, ਪਟਿਆਲੇ, ਵਿਚ 95,24,000 ਰੁਪਏ, ਰੋਪੜ ਵਿਚ 1,10,000 ਰੁਪਏ ਅਤੇ ਫਰੀਦਕੋਟ ਵਿਚ 21,15,000 ਰੁਪਏ ਦੇ ਫੰਡਜ਼ ਰਿਲੀਫ ਦੇ ਤੌਰ ਤੇ ਦਿਤੇ ਗਏ ਹਨ।

**ਸਰਦਾਰ ਦਲੀਪ ਸਿੰਘ ਪਾਂਧੀ** : ਮੈਂ ਗੜਿਆਂ ਦੇ ਬਾਰੇ ਵੀ ਅਰਜ਼ ਕੀਤੀ ਸੀ। ਗੜਿਆਂ ਦੇ ਬਾਰੇ ਕੋਈ ਗਲ ਨਹੀਂ ਦੱਸੀ ਗਈ। (ਵਿਘਨ)

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੋਕੇ ਜਾਂ ਗੜੇ-ਮਾਰ ਨਾਲ ਫਸਲਾਂ ਤਬਾਹ ਹੋ ਗਈਆਂ ਸਨ, ਕੀ ਉਨ੍ਹਾਂ ਲੋਕਾਂ ਦੇ ਮੁਆਵਜ਼ੇ ਦੇ ਕਲੇਮ ਅਜੇ ਪੈਂਡਿੰਗ ਹਨ ; ਜੇ ਹਨ ਤਾਂ ਕਿੰਨੇ ਹਨ ?

**ਮੰਤਰੀ** : ਸਪੀਕਰ ਸਾਹਿਬ, ਇਸ ਬਾਰੇ ਅਰਜ਼ ਹੈ ਕਿ ਇਹ ਗੜਿਆਂ ਦੇ ਬਾਰੇ ਵਿਚ ਸਵਾਲ ਨਹੀਂ ਹੈ, ਇਹ ਸਵਾਲ ਸੋਕੇ ਦੇ ਨਾਲ ਤੁਅੱਲਕ ਰਖਦਾ ਹੈ। ਇਹ ਨਵਾਂ ਸਵਾਲ ਦੇ ਦੇਣ ਮੈਂ ਪੂਰੀ ਡਿਟੇਲ ਦੱਸ ਦੇਵਾਂਗਾ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰਬੀ ਦੀ ਫਸਲ ਦਾ ਸੋਕੇ ਕਾਰਣ ਕਿੰਨਾ ਟੈਮਪ੍ਰੇਰੀ ਰਿਲੀਫ ਡੰਗਰਾਂ ਵਾਸਤੇ ਚਾਰੇ ਦਾ ਜਾਂ ਉਥੇ ਦੇ ਬੰਦਿਆਂ ਨੂੰ ਖਾਣ ਵਾਸਤੇ ਦਾਣਿਆਂ ਦਾ ਹੁਣ ਤੱਕ ਦਿਤਾ ਗਿਆ ਹੈ ?

**ਮੰਤਰੀ**: ਸਪੀਕਰ ਸਾਹਿਬ, ਜਿਥੇ ਜਿਥੇ ਸੋਕਾ ਪਿਆ ਹੈ ਉਥੇ 30 ਰੁਪਏ ਪਰ ਐਨੀਮਲ ਦੇ ਹਿਸਾਬ ਨਾਲ, ਜਿਸ ਆਦਮੀ ਦੇ ਵੱਧ ਤੋਂ ਵੱਧ 8 ਐਨੀਮਲ ਹੋਣ, ਉਸ ਨੂੰ ਪੈਸੇ ਦਿੱਤੇ ਗਏ ਹਨ।

Original with;
Punjab Vidhan Sabha
Digitized by;
Panjab Digital Library

**Cases of Dacoities, Thefts, Murders etc. in the Police Station Ghagga and Samana, District Patiala**

*11. **Comrade Baldev Singh Loomba**: Will the Chief Minister be pleased to state :—

(a) the number of cases of dacoities, thefts, way laying. murders and distillation of illicit liquor etc. detected in the areas falling within the jurisdiction of the Police Stations of Ghagga and Samana in District Patiala during the years, 1977, 1978, 1979 and 1980 (Upto 31st May);

(b) whether all the cases referred to in part (a) above have since been disposed of; if not, the reasons therefor?

**ਸਰਦਾਰ ਦਰਬਾਰਾ ਸਿੰਘ** : (ੳ, ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

**ਸੂਚੀ**

(ੳ) ਪਤਾ ਲਗੇ ਕੇਸਾਂ ਦੀ ਗਿਣਤੀ

| | 1977 | 1978 | 1979 | 1980 (31 ਮਈ, 1980 ਤੱਕ) |
|---|---|---|---|---|
| 1. ਡਾਕੇ | | | | |
| ਪੁਲਿਸ ਸਟੇਸ਼ਨ ਸਮਾਣਾ ਤੇ ਘੱਗਾ | ... | ... | ... | ... |
| 2. ਚੋਰੀਆਂ | | | | |
| ਸਮਾਣਾ | 4 | 8 | 7 | 1 |
| ਘੱਗਾ | 6 | 8 | 5 | ... |
| 3. ਰਾਹਜਨੀ | | | | |
| ਸਮਾਣਾ | ... | ... | 1 | ... |
| ਘੱਗਾ | ... | ... | ... | ... |
| 4. ਕਤਲ | | | | |
| ਸਮਾਣਾ | 2 | 3 | 3 | 1 |
| ਘੱਗਾ | 5 | 3 | 5 | 2 |
| 5. ਨਜਾਇਜ਼ ਸ਼ਰਾਬ | | | | |
| ਸਮਾਣਾ | 177 | 164 | 184 | 22 |
| ਘੱਗਾ | 169 | 172 | 166 | 40 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

## (ਅ) ਕੇਸਾਂ ਦੇ ਨਿਪਟਾਰੇ ਦਾ ਵੇਰਵਾ

ਕਚਹਿਰੀਆਂ ਵਿਚ ਜ਼ੇਰੇ ਸਮਇਤ ਕੇਸਾਂ ਦੀ ਪੈਰਵੀ ਕੀਤੀ ਜਾ ਰਹੀ ਹੈ ਅਤੇ ਕੋਸ਼ਿਸ਼ ਜਾਰੀ ਹੈ ਕਿ ਦੋਸ਼ੀ ਸਜ਼ਾ ਪਾਉਣ।

| | ਦਰਜ ਕੇਸ | ਸਜ਼ਾ ਯਾਫਤਾ ਕੇਸ | ਬਰੀ ਹੋਏ ਕੇਸ | ਜ਼ੇਰੇ ਸਮਾਇਤ ਕੇਸ |
|---|---|---|---|---|
| 1 | 2 | 3 | 4 | 5 |
| 1. ਡਾਕੇ | | | | |
| ਸਮਾਣਾ— | | | | |
| 1977 | ... | ... | ... | .. |
| 1978 | ... | ... | ... | ... |
| 1979 | ... | ... | ... | ... |
| 1980 | ... | ... | ... | ... |
| ਘੱਗਾ — | | | | |
| 1977 ਤੋਂ 1980 ਤੱਕ | ... | ... | ... | ... |
| 2. ਚੋਰੀਆਂ | | | | |
| ਸਮਾਣਾ — | | | | |
| 1977 | 4 | 3 | 1 | ... |
| 1978 | 8 | 2 | 1 | 5 |
| 1979 | 7 | ... | ... | 7 |
| 1980 | 1 | 1 | ... | ... |
| ਘੱਗਾ — | | | | |
| 1977 | 6 | 5 | ... | 1 |
| 1978 | 8 | 1 | 2 | 5 |
| 1979 | 5 | 2 | ... | 3 |
| 1980 | ... | ... | ... | ... |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 3. ਰਾਹਜ਼ਨੀ | | | | |
| ਸਮਾਣਾ— | | | | |
| 1977 | ... | ... | ... | ... |
| 1978 | .. | ... | ... | ... |
| 1979 | 1 | ... | ... | 1 |
| 1980 | ... | ... | .. | ... |
| ਘੱਗਾ— | | | | |
| 1977 ਤੋਂ 1980 ਤੱਕ | ... | ... | ... | ... |
| 4. ਕਤਲ | | | | |
| ਸਮਾਣਾ— | | | | |
| 1977 | 2 | 2 | ... | ... |
| 1978 | 3 | ... | 1 | 2 |
| 1979 | 3 | 1 | ... | 2 |
| 1980 | 1 | ... | ... | 1 |
| ਘੱਗਾ— | | | | |
| 1977 | 5 | 2 | 3 | ... |
| 1978 | 3 | ... | 1 | 2 |
| 1979 | 5 | ... | 3 | 2 |
| 1980 | 2 | ... | ... | 2 |
| 5. ਨਜਾਇਜ਼ ਸ਼ਰਾਬ | | | | |
| ਸਮਾਣਾ— | | | | |
| 1977 | 177 | 85 | 57 | 35 |
| 1978 | 164 | 71 | 55 | 38 |
| 1979 | 184 | 46 | 10 | 128 |
| 1980 | 22 | 16 | ... | 6 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| 1 | 2 | 3 | 4 | 5 |
|---|---|---|---|---|
| **ਘੱਗਾ—** | | | | |
| 1977 | 169 | 149 | 20 | ... |
| 1978 | 172 | 122 | 30 | 20 |
| 1979 | 166 | 112 | ... | 54 |
| 1980 | 40 | 30 | ... | 10 |

**ਕਾਮਰੇਡ ਬਲਦੇਵ ਸਿੰਘ ਲੁੰਬਾ**: ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਰਿਪੋਰਟ ਸਦਨ ਦੀ ਮੇਜ਼ ਤੇ ਰੱਖੀ ਹੈ ਜਿਸ ਦੇ ਵਿਚ ਦੱਸਿਆ ਗਿਆ ਹੈ ਕਿ ਪਿਛਲੇ ਸਾਢੇ ਤਿਨ ਸਾਲਾਂ ਵਿਚ ਸਮਾਣਾ ਤੇ ਘੱਗਾ ਵਿਚ ਕੋਈ ਡਾਕੇ ਦਾ ਕੇਸ ਨਹੀਂ ਹੋਇਆ ਔਰ ਚੋਰੀਆਂ ਦੇ ਬਾਰੇ ਵਿਚ ਦੱਸਿਆ ਗਿਆ ਹੈ ਕਿ ਸਮਾਣੇ ਵਿਚ ਇਹ 20 ਹੋਈਆਂ ਹਨ ਔਰ ਇਨ੍ਹਾਂ 20 ਚੋਰੀਆਂ ਵਿਚੋਂ ਦੱਸਿਆ ਗਿਆ ਹੈ ਕਿ 12 ਦਾ ਪਤਾ ਨਹੀਂ ਲਗਿਆ। ਇਸੇ ਤਰਾਂ ਘੱਗਾ ਵਿਚ 19 ਚੋਰੀਆਂ ਹੋਈਆਂ ਦੱਸੀਆਂ ਰਈਆਂ ਹਨ ਅਤੇ ਉਨਾਂ ਵਿਚੋਂ 9 ਚੋਰੀਆਂ ਦਾ ਦਸਿਆ ਗਿਆ ਹੈ ਕਿ ਪਤਾ ਹੀ ਨਹੀਂ ਲਗਿਆ ਕਿ ਚੋਰੀਆਂ ਹੋਈਆਂ ਹਨ ਕਿ ਨਹੀਂ। (ਵਿਘਨ) ਇਸੇ ਤਰਾਂ ਕਤਲਾਂ ਦੇ 9 ਕੇਸ ਦੱਸੇ ਹਨ ਅਤੇ ਉਨ੍ਹਾਂ 9 ਕੇਸਾਂ ਵਿਚੋਂ 5 ਦੇ ਬਾਰੇ ਦੱਸਿਆ ਹੈ ਕਿ ਪਤਾ ਹੀ ਨਹੀਂ ਲਗਿਆ ਕਿ ਕਾਤਲ ਕੌਣ ਹਨ ? ਮੈਂ ਸਵਾਲ ਇਹ ਪੁੱਛਣਾ ਚਾਹੁੰਦਾ ਹਾਂ ਮੁੱਖ ਮੰਤਰੀ ਜੀ ਤੋਂ ਜਿਹੜੇ ਕਿ ਹੋਮ ਮਨਿਸਟਰ ਵੀ ਰਹਿ ਚੁੱਕੇ ਹਨ ਕਿ ਉਨ੍ਹਾਂ ਨੂੰ ਪਤਾ ਹੋਣਾ ਹੈ ਕਿ ਥਾਣਿਆਂ ਵਿਚ ਲੋਕਾਂ ਨਾਲ ਕੀ ਵਾਪਰਦੀ ਹੈ ? ਚੋਰੀਆਂ ਤਾਂ ਬਹੁਤ ਸਾਰੀਆਂ ਹੁੰਦੀਆਂ ਹਨ ਪਰ ਲੋਕਾਂ ਦੇ ਕੇਸ ਦਰਜ ਹੀ ਨਹੀਂ ਕੀਤੇ ਜਾਂਦੇ। ਲੋਕ ਥਾਣਿਆਂ ਵਿਚੋਂ ਰੋਂਦੇ ਪਿੱਟਦੇ ਵਾਪਸ ਆ ਜਾਂਦੇ ਹਨ ਅਤੇ ਜਲਸੇ ਜਲੂਸ ਕਢਦੇ ਹਨ ਪਰ ਉਨ੍ਹਾਂ ਦੇ ਕੇਸਿਜ਼ ਦਰਜ ਨਹੀਂ ਕੀਤੇ ਜਾਂਦੇ। ਕੀ ਮੁੱਖ ਮੰਤਰੀ ਸਾਹਿਬ ਇਹ ਹਾਊਸ ਨੂੰ ਐਸ਼ੋਅਰ ਕਰਾਉਣਗੇ ਕਿ ਜੋ ਲੋਕ ਚੋਰੀਆਂ ਦੇ ਕੇਸ ਥਾਣਿਆਂ ਵਿਚ ਲੈ ਕੇ ਜਾਣ ਉਹ ਉਸੇ ਤਰੀਕੇ ਨਾਲ ਦਰਜ ਕੀਤੇ ਜਾਣ ? (ਵਿਘਨ)

**ਮੁੱਖ ਮੰਤਰੀ**: ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ 2 ਹਿੱਸਿਆਂ ਵਿਚ ਸਵਾਲ ਕੀਤਾ ਹੈ। ਇਕ ਹਿੱਸਾ ਇਹ ਹੈ ਕਿ ਪਿਛਲੇ ਸਾਢੇ ਤਿੰਨ ਸਾਲਾਂ ਵਿਚ ਚੋਰੀਆਂ, ਡਾਕੇ ਜਾਂ ਕਤਲ ਜਿਹੜੇ ਹੋਏ ਹਨ ਉਹ ਟਰੇਸ ਨਹੀਂ ਹੋਏ। ਇਕ ਗਲ ਤਾਂ ਇਹ ਸਾਡੀ ਮੰਨਣਗੇ ਕਿ ਇਕ ਮਹੀਨੇ ਵਿਚ ਸਭ ਕੁਝ ਨਹੀਂ ਹੋ ਸਕਦਾ। ਇਹ ਪੁਰਾਣੇ ਕੇਸਿਜ਼ ਹਨ। ਪਰ ਇਹ ਠੀਕ ਹੈ ਕਿ ਜਿਹੜੀ ਸਰਕਾਰ ਬਣਦੀ ਹੈ ਜ਼ਿੰਮੇਂਵਾਰੀ ਉਸ ਦੀ ਬਣ ਜਾਂਦੀ ਹੈ। ਭਾਵੇਂ ਇਹ ਪਿਛਲੀ ਸਰਕਾਰ ਵੇਲੇ ਦੇ ਕੇਸ ਹਨ ਅਤੇ ਟਰੇਸ ਨਹੀਂ ਹੋਏ ਪਰ ਜ਼ਿੰਮੇਂਵਾਰੀ ਹੁਣ ਸਾਡੇ ਤੇ ਆ ਜਾਂਦੀ ਹੈ ਕਿ ਇਨ੍ਹਾਂ ਨੂੰ ਟਰੇਸ ਕੀਤਾ ਜਾਵੇ, ਜਿਹੜੇ ਅਨਟਰੇਸਡ ਕੇਸਿਜ਼ ਹਨ ਉਨ੍ਹਾਂ ਵਲ ਧਿਆਨ ਦਿੱਤਾ ਜਾਵੇ।

ਦੂਸਰੀ ਗੱਲ ਜਿਹੜੀ ਇਨ੍ਹਾਂ ਨੇ ਕਹੀ ਹੈ ਉਹ ਇਹ ਹੈ ਕਿ ਜਿਹੜੇ ਚੋਰੀਆਂ ਦੇ ਜਾਂ ਹੋਰ ਕੇਸਿਜ਼ ਹਨ ਉਨ੍ਹਾਂ ਦੀ ਐਫ. ਆਈ. ਆਰ. ਨਹੀਂ ਲਿਖੀ ਜਾਂਦੀ ਹੈ। ਅਗਰ ਇਹ ਮੇਰੇ ਨੋਟਿਸ ਵਿਚ

Original with;
Punjab Vidhan Sabha
Digitized by;
Panjab Digital Library

ਲਿਆਉਣਗੇ ਤਾਂ ਲਾਜ਼ਮੀ ਤੌਰ ਤੇ ਜੋ ਆਦਮੀ ਇਸ ਦੇ ਲਈ ਜ਼ਿੰਮੇਂਵਾਰ ਹੈ ਉਸ ਤੇ ਐਕਸ਼ਨ ਲਵਾਂਗੇ। ਕਿਧਰੇ ਇਹ ਨਾ ਹੋਵੇ ਕਿ ਉਹ ਆਪ ਹੀ ਮੁੜ ਕੇ ਆ ਜਾਂਦੇ ਹੋਣ ਅਤੇ ਕਹਿ ਦੇਣ ਕਿ ਥਾਣੇ ਵਾਲੇ ਕੇਸ ਦਰਜ ਨਹੀਂ ਕਰਦੇ। ਉਹ ਲਿਖ ਕੇ ਦੇਣ ਅਤੇ ਜੇ ਕੋਈ ਥਾਣੇ ਵਿਚ ਲਿਖਤ ਨਹੀਂ ਲੈਂਦਾ ਜਾਂ ਕੇਸ ਰਜਿਸਟਰ ਨਹੀਂ ਕਰਦਾ ਤਾਂ ਫਿਰ ਉਹ ਸਰਕਾਰ ਕੋਲ ਆਉਣ ਤਾਂ ਮੁਨਾਸਿਬ ਤੇ ਯੋਗ ਕਾਰਵਾਈ ਜ਼ਰੂਰ ਕਿਤੀ ਜਾਵੇਗੀ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਇਹ ਬੜੀ ਚੰਗੀ ਗਲ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਅਸ਼ੋਰੈਂਸ ਦਿੱਤੀ ਹੈ ਕਿ ਮੈਂਬਰ ਸਾਹਿਬਾਨ ਕੋਈ ਗਲ ਦੱਸਣ ਉਸ ਉਤੇ ਐਕਸ਼ਨ ਹੋਵੇਗਾ। ਮੈਂ ਇਨ੍ਹਾਂ ਨੂੰ ਇਹ ਚੀਜ਼ ਦਸਣੀ ਚਾਹੁੰਦਾ ਹਾਂ ਕਿ ਪਾਤੜਾਂ ਵਿਚ ਗੋਲੀ ਚਲ ਰਹੀ ਸੀ ਅਤੇ ਦੂਜੇ ਧਿਰ ਵਾਲੇ ਥਾਣੇ ਵਿਚ ਗਏ। ਪਰ ਥਾਣੇਦਾਰ ਨੇ ਉਨ੍ਹਾਂ ਦੇ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਸਮਾਣਾ ਦੇ ਡੀ.ਐਸ.ਪੀ. ਨੂੰ ਟੈਲੀਫੂਨ ਕੀਤਾ। ਉਹ ਵਿਚਾਰਾ ਗੱਡੀ ਲੈ ਕੇ ਆਇਆ ਅਤੇ ਉਸ ਨੇ ਵੇਖਿਆ ਕਿ ਥਾਣੇਦਾਰ ਸ਼ਰਾਬ ਨਾਲ ਰੱਜਿਆ ਹੋਇਆ ਸੀ, ਉਸ ਦੇ ਮੋਟਰ ਸਾਈਕਲ ਕੋਲ ਦੇਸੀ ਸ਼ਰਾਬ ਦਾ ਪਊਆ ਪਿਆ ਹੋਇਆ ਸੀ। ਪਰ ਉਸ ਦੇ ਵਿਰੁੱਧ ਕੁਝ ਨਹੀਂ ਕੀਤਾ ਅਤੇ ਉਥੇ ਦਾ ਜਿਹੜਾ ਹਵਾਲਦਾਰ ਸੀ ਉਸ ਨੂੰ ਲਾਈਨ ਵਿਚ ਬਦਲ ਦਿੱਤਾ ਅਤੇ ਥਾਣੇਦਾਰ ਉਥੇ ਫਿਰ ਰਿਹਾ ਹੈ। ਕੀ ਮੁੱਖ ਮੰਤਰੀ ਸਾਹਿਬ ਇਸ ਗੱਲ ਦਾ ਪਤਾ ਕਰਾਉਣਗੇ ਅਤੇ ਥਾਣੇਦਾਰ ਦੇ ਖਿਲਾਫ਼ ਵੀ ਐਕਸ਼ਨ ਲੈਣਗੇ ?

**ਮੁੱਖ ਮੰਤਰੀ** : ਮੈਂ ਕਹਿੰਦਾ ਹਾਂ ਕਿ ਮੈਂਬਰ ਸਾਹਿਬ ਦੀ ਗਲ ਕਿਸੇ ਹੱਦ ਤੱਕ ਠੀਕ ਹੋਵੇਗੀ, ਮੈਂ ਜ਼ਰੂਰ ਇਨਕੁਆਇਰੀ ਕਰਾਂਗਾ। ਇਨ੍ਹਾਂ ਨੇ ਇਕ ਵਰਸ਼ਨ ਲਿਆ ਹੈ, ਦੂਸਰਾ ਵੀ ਲਵਾਂਗੇ ਅਤੇ ਦੋਨਾ ਵਰਸ਼ਨਾਂ ਨੂੰ ਵੇਖ ਕੇ ਜੋ ਵੀ ਐਕਸ਼ਨ ਲੋੜੀਂਦਾ ਹੋਇਆ, ਜ਼ਰੂਰ ਲਵਾਂਗੇ। ਇਸ ਚੀਜ਼ ਬਾਰੇ ਇਨ੍ਹਾਂ ਨੂੰ ਕਈ ਤੌਖਲਾ ਨਹੀਂ ਹੋਣਾ ਚਾਹੀਦਾ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਸਪੀਕਰ ਸਾਹਿਬ, ਇਕ ਤਾਂ ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਕਾਂਗਰਸੀ ਵਰਕਰਜ਼ ਕਿਸੇ ਨੂੰ ਕਤਲ ਕਰਨ ਦੀ ਧਮਕੀ ਦੇਣ ਜਾਂ ਕੁੱਟਣ ਮਾਰਣ ਤਾਂ ਕੀ ਉਨ੍ਹਾਂ ਦੇ ਖਿਲਾਫ਼ ਕੋਈ ਐਕਸ਼ਨ ਲਿਆ ਜਾਏਗਾ ?

ਦੂਸਰੇ 26 ਜੂਨ ਦੇ 'ਹਿੰਦ ਸਮਾਚਾਰ' ਵਿਚ ਇਹ ਖਬਰ ਆਈ ਹੈ :

"ਗੁੰਡਾਗਰਦੀ ਨਾ ਰੋਕੀ ਗਈ ਤੋ ਸਖਤ ਕਦਮ ਉਠਾਏਂਗੇ—ਉਮਰਾਨੰਗਲ

> ਅਕਾਲੀ ਲੀਡਰ ਔਰ ਸਾਬਕਾ ਵਜ਼ੀਰ ਮਾਲ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ, ਐਮ. ਐਲ. ਏ., ਨੇ ਆਜ ਏਕ ਇੰਟਰਵਿਊ ਮੇਂ ਬਤਾਇਆ ਕਿ 31 ਮਈ ਕੀ ਸ਼ਾਮ ਕੋ ਬਿਆਸ ਜੀ. ਟੀ. ਰੋਡ ਪਰ ਹਥਿਆਰਬੰਦ ਅਸ਼ਖ਼ਾਸ ਨੇ ਏਕ ਸ਼ਖ਼ਸ ਕੋ ਬੰਦੂਕ ਕੀ ਨੋਕ ਪਰ ਗਾੜੀ ਸੇ ਉਤਾਰਾ ਔਰ ਉਸ ਕੀ ਮਾਰਪੀਟ ਕੀ। ਅਗਰ ਉਸ ਵਕਤ ਦੂਸਰੇ ਲੋਗ ਬੀਚ ਬਚਾਓ ਨਾ ਕਰਤੇ ਤੋਂ ਉਸ ਕੀ ਜਾਨ ਕੋ ਖਤਰਾ ਥਾ । (ਵਿਘਨ) ਚੁਨਾਓ ਔਬਜ਼ਰਵਰ ਔਰ ਐਸ.ਡੀ.ਐਮ. ਨੇ ਜੱਥੇਦਾਰ ਉਮਰਾਨੰਗਲ ਕੋ ਬਤਾਇਆ ਕਿ ਬੰਦੂਕ ਧਾਰੀਓਂ ਕੇ ਖਿਲਾਫ਼ ਕੇਸ ਦਰਜ ਕਰ ਲੀਆ ਗਿਆ ਹੈ, ਲੇਕਿਨ ਪੁਲੀਸ ਕੀ ਤਰਫ਼ ਸੇ ਉਨ ਮੁਲਜ਼ਮੋਂ ਕੇ ਖਿਲਾਫ਼ ਕੋਈ ਕਾਰਵਾਈ ਨਹੀਂ ਕੀ ਗਈ। ਜੱਥੇਦਾਰ ਉਮਰਾਨੰਗਲ ਨੇ ਸਰਕਾਰ ਕੋ ਵਾਰਨਿੰਗ ਦੀ ਕਿ ਇਲਾਕਾ

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਜੀਵਨ ਸਿੰਘ ਉਮਰਾਨੰਗਲ]

ਮੇਂ ਬੜ ਰਹੀ ਗੁੰਡਾਗਰਦੀ ਕੀ ਵਜ੍ਹਾ ਸੇ ਲੋਗੋਂ ਮੇਂ ਦਹਿਸ਼ਤ ਫੈਲੀ ਹੂਈ ਹੈ। ਔਰ ਅਗਰ ਸਰਕਾਰ ਨੇ ਇਨਕੇ ਖਿਲਾਫ਼ ਕਾਰਵਾਈ ਨਾ ਕੀ ਤੋਂ ਵੋਹ ਕੋਈ ਸਖਤ ਕਦਮ ਉਠਾਨੇ ਪਰ ਮਜ਼ਬੂਰ ਹੋ ਜਾਏਂਗੇ ਔਰ ਇਸ ਕੀ ਤਮਾਮਤਰ ਜ਼ਿੰਮੇਵਾਰੀ ਜ਼ਿਲ੍ਹਾ ਹਕਾਮ ਔਰ ਸਰਕਾਰ ਪਰ ਹੋਗੀ "।

ਮੁੱਖ ਮੰਤਰੀ ਸਾਹਿਬ ਇਹ ਵੀ ਦੱਸਣ ਕਿ ਉਸ ਚੀਜ਼ ਦੇ ਬਾਰੇ ਕੋਈ ਕਾਰਵਾਈ ਹੋਈ ਹੈ ਜਾਂ ਨਹੀਂ; ਅਗਰ ਨਹੀਂ ਹੋਈ ਤਾਂ ਕਿਉਂ ਨਹੀਂ ਹੋਈ ਅੌਰ ਅਗਰ ਹੋਈ ਹੈ ਤਾਂ ਉਸਦਾ ਵੇਰਵਾ ਦੱਸ ਦੇਣ ?

**ਸ੍ਰੀ ਸਪੀਕਰ** : ਜੱਥੇਦਾਰ ਜੀ, ਇਹ ਕੁਐਸਚਨ ਆਵਰ ਹੈ ਅਤੇ ਸਪਲੀਮੈਂਟਰੀ ਬੜਾ ਬਰੀਫ ਔਰ ਪਰੀਸਾਈਜ਼ ਹੋਣਾ ਚਾਹੀਦਾ ਹੈ।

**ਮੁੱਖ ਮੰਤਰੀ** : ਮੇਰੀ ਅਰਜ਼ ਇਹ ਹੈ ਕਿ ਜੱਥੇਦਾਰ ਉਮਰਾਨੰਗਲ ਜੀ ਨੇ ਇਹ ਪੜ੍ਹ ਕੇ ਕਿਉਂ ਸੁਣਾਇਆ ਹੈ। ਉਹ ਸ਼ਾਖਸਾਤ ਰੂਪ ਵਿਚ ਦਿਖਾਈ ਦਿੰਦੇ ਹਨ। ਅਖਬਾਰ ਦੀ ਕਟਿੰਗ ਪੜ੍ਹਨ ਦੀ ਲੋੜ ਨਹੀਂ ਸੀ। ਜਿਹੜੀਆਂ ਗਲਾਂ ਅਖਬਾਰਾਂ ਵਿਚ ਆਉਂਦੀਆਂ ਹਨ ਕੀ ਉਹ ਸਾਰੀਆਂ ਹੀ ਸਹੀ ਮੰਨ ਲਿਆ ਕਰੀਏ ?

ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਗੱਲ ਅਖ਼ਬਾਰ ਰਾਹੀਂ ਲਿਆਂਦੀ ਹੈ, ਇਸ ਦੀ ਕੋਈ ਲੋੜ ਨਹੀਂ ਸੀ । ਇਹ ਵੈਸੇ ਹੀ ਦਸ ਦਿੰਦੇ ਐਜ਼ ਏ ਮੈਂਬਰ ਇਹ ਇਨ੍ਹਾਂ ਦਾ ਰਾਈਟ ਹੈ। ਕੋਈ ਗਲ ਵਾਪਰੇ ਜਾਂ ਵਾਪਰਨ ਵਾਲੀ ਹੋਵੇ ਇਹ ਸਾਡੇ ਨੋਟਿਸ ਵਿਚ ਲਿਆਉਣ। ਜਿਥੋਂ ਤਕ ਕਾਂਗਰਸੀ ਵਰਕਰਾਂ ਦੀ ਗਲ ਇਨ੍ਹਾਂ ਨੇ ਕੀਤੀ ਹੈ ਉਨ੍ਹਾਂ ਨੂੰ ਕੋਈ ਛੋਟ ਨਹੀਂ। ਭਾਵੇਂ ਕੋਈ ਕਾਂਗਰਸੀ ਹੋਵੇ, ਭਾਵੇਂ ਅਕਾਲੀ ਹੋਵੇ ਜਿਹੜਾ ਵੀ ਕਾਨੂੰਨ ਦੀ ਜ਼ਦ ਵਿਚ ਆਵੇਗਾ ਕਾਨੂੰਨ ਉਸ ਨੂੰ ਨਹੀਂ ਛੱਡੇਗਾ ਕਾਨੂੰਨ ਦੇ ਹੱਥ ਬੜੇ ਲੰਮੇ ਹਨ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਥਾਣੇ ਵਿਚ ਲਿਖਤੀ ਰਿਪੋਰਟ ਲੈਕੇ ਜਾਵੋ ਤਾਂ ਰਿਪੋਰਟ ਜ਼ਰੂਰ ਦਰਜ ਹੋਵੇਗੀ । ਮੈਂ ਅਰਜ਼ ਕਰਦਾ ਹਾਂ ਕਿ ਸੀ.ਆਰ.ਪੀ.ਸੀ. ਵਿਚ ਪ੍ਰੋਵੀਜ਼ਨ ਹੈ ਕਿ ਐਫ. ਆਈ. ਆਰ., ਹਰ ਆਦਮੀ ਥਾਣੇ ਵਿਚ ਜਾ ਕੇ ਜ਼ਬਾਨੀ ਮੂੰਹੋਂ ਬੋਲ ਕੇ ਦਰਜ ਕਰਵਾ ਸਕਦਾ ਹੈ ਔਰ ਇਹ ਸਾਡਾ ਰਿਵਾਜ ਵੀ ਹੈ ਅਤੇ ਲਿਖ ਕੇ ਦੇਣਾ ਕੋਈ ਜ਼ਰੂਰ ਨਹੀਂ। ਇਸ ਮਾਮਲੇ ਵਿਚ ਅਸੀਂ ਵੀ ਕੋਸ਼ਿਸ਼ ਕਰਦੇ ਰਹੇ ਹਾਂ ਪਰ ਸਿਰੇ ਨਹੀਂ ਚਾੜ੍ਹ ਸਕੇ ।

ਦੂਜੇ ਇਨ੍ਹਾਂ ਨੇ ਬਤੌਰ ਮੁੱਖ ਮੰਤਰੀ ਜਦੋਂ ਓਥ ਲਈ ਤਾਂ ਆਰਡਰ ਕਰ ਦਿਤੇ ਕਿ ਫੜ ਲਵੋ। ਲੋਰ੍ਹੇ ਦੀ ਸ਼ਰਾਬ ਫੜੀ ਗਈ (ਵਿਘਨ) ਮੈਂ ਕਹਿੰਦਾ ਹਾਂ ਕਿ ਉਸ ਦੀ ਜ਼ਰੂਰੀ ਤੌਰ ਤੇ ਰਿਪੋਰਟ ਲਿਖੀ ਜਾਵੇ ਅਤੇ ਬਾਕਾਇਦਾ ਤਹਿਕੀਕਾਤ ਹੋਵੇ, ਕੀ ਮੁੱਖ ਮੰਤਰੀ ਸਾਹਿਬ ਇਸ ਦੇ ਵਾਸਤੇ ਕੋਈ ਪ੍ਰਬੰਧ ਕਰਨਗੇ ?

**ਮੁੱਖ ਮੰਤਰੀ** : ਇਹ ਪੁਰਾਣੇ ਪਾਰਲੀਮੈਂਟੇਰੀਅਨ ਹਨ। ਮੈਂ ਇਹ ਗਲ ਕਹੀ ਸੀ ਕਿ ਜੇ ਕੋਈ ਐਫ. ਆਈ. ਆਰ. ਪੁਲੀਸ ਸਟੇਸ਼ਨ ਤੇ ਦਰਜ ਕਰਵਾਉਣ ਜਾਂਦਾ ਹੈ ਅਤੇ ਜੇਕਰ ਪੁਲੀਸ ਵਾਲੇ ਉਸਦੀ ਰਿਪੋਰਟ ਨਹੀਂ ਲਿਖਦੇ ਅਤੇ ਜ਼ਿਆਦਤੀ ਕਰਦੇ ਹਨ ਤਾਂ ਉਹ ਲਿਖਤੀ ਰੂਪ ਵਿਚ ਦੇ ਦੇਵੇ ਅਗਰ ਫਿਰ ਵੀ ਨਹੀਂ ਲਿਖਦੇ ਤਾਂ ਐਕਸ਼ਨ ਲਿਆ ਜਾਵੇਗਾ।

Original with;
Punjab Vidhan Sabha
Digitized by;
Panjab Digital Library

ਦੂਸਰਾ ਇਹ ਕਿ ਜਿੰਨੇ ਵੀ ਇਨ੍ਹਾਂ ਦੇ ਪੁਰਾਣੇ ਕੇਸ ਪਏ ਹਨ ਅਸੀਂ ਉਨ੍ਹਾਂ ਨੂੰ ਫੋਲਣ ਦੀ ਜ਼ਰੂਰ ਕੋਸ਼ਿਸ਼ ਕਰਾਂਗੇ। ਤੁਸੀਂ ਨਿਸ਼ਚਿੰਤ ਰਹੋ। ਜਿਹੜਾ ਸ਼ਰਾਬ ਬਾਰੇ ਕਿਹਾ ਹੈ ਉਹ ਠੀਕ ਹੈ, ਮਾੜੀ ਚੀਜ਼ ਹੈ, ਉਸ ਬਾਰੇ ਪੂਰੀ ਪੂਰੀ ਤਹਿਕੀਕਾਤ ਕੀਤੀ ਜਾਵੇਗੀ।

ਤੀਸਰੇ ਇਹ ਹੈ ਕਿ ਸਾਡੀ ਜ਼ਿਆਦਾ ਤੋਂ ਜ਼ਿਆਦਾ ਇਹ ਕੋਸ਼ਿਸ਼ ਹੈ ਕਿ ਪੰਜਾਬ ਵਿਚ ਜੋ ਗੁੰਡਾ ਗਰਦੀ ਕਰਦਾ ਹੈ ਜਾਂ ਬਦਮਾਸ਼ੀ ਕਰਦਾ ਹੈ ਜਾਂ ਖਰਾਬੀ ਕਰਦਾ ਹੈ ਉਨ੍ਹਾਂ ਸਾਰਿਆਂ ਬੰਦਿਆਂ ਨੂੰ ਉਸ ਸਥਾਨ ਤੇ ਪਹੁੰਚਾ ਦੇਈਏ ਜਿਥੇ ਉਹ ਡਿਜ਼ਰਵ ਕਰਦੇ ਹਨ। ਅਸੀਂ ਗੁੰਡਾਗਰਦੀ ਨੂੰ ਨਿੱਪ ਕਰਨਾ ਹੈ। ਇਸ ਲਈ ਅਸੀਂ ਸਾਰੇ ਡੀ.ਸੀਜ਼ ਅਤੇ ਐਸ. ਪੀਜ਼ ਨੂੰ ਕਿਹਾ ਹੈ ਕਿ ਗੁੰਡਿਆਂ ਔਰ ਬਦਮਾਸ਼ਾਂ ਨੂੰ ਆਪਣੇ ਸਥਾਨਾਂ ਤੇ ਭੇਜਣ ਤਾਕਿ ਆਮ ਸਿਵਲੀਅਨ ਨੂੰ ਕੋਈ ਦੁੱਖ ਤਕਲੀਫ਼ ਨਾ ਹੋਵੇ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਜੱਥੇਦਾਰ ਉਮਰਾਨੰਗਲ ਜੀ ਨੇ ਕਿਹਾ ਹੈ ਕਿ ਉਨ੍ਹਾਂ ਤੇ ਕੋਈ ਹਮਲਾ ਹੋਇਆ। ਮੈਂ ਕਹਿੰਦਾ ਹਾਂ ਕਿ ਜਥੇਦਾਰ ਉਮਰਾਨੰਗਲ ਜੀ ਦੀ ਪੈਟਰੋਨੇਜ ਥੱਲੇ ਗੁੰਡੇ ਪਲ ਰਹੇ ਹਨ। ਬਿਆਸ ਹਲਕੇ ਵਿਚ ਜੱਥੇਦਾਰ ਉਮਰਾਨੰਗਲ ਦੀ ਪੈਟਰੋਨੇਜ ਥਲੇ ਜਿਹੜੇ ਪੈਸੇ ਲੈ ਕੇ ਕਤਲ ਕਰਦੇ ਹਨ, ਪੈਸੇ ਲੈ ਕੇ ਜ਼ਮੀਨਾਂ ਤੇ ਕਬਜ਼ੇ ਕਰਦੇ ਹਨ, ਧਰਮਸਥਾਨਾਂ ਤੇ ਕਬਜ਼ੇ ਕਰਦੇ ਹਨ ਅਤੇ ਉਹ ਉਮਰਾਨੰਗਲ ਜੀ ਦੇ ਖਾਸ ਬੰਦੇ ਹਨ......

**ਸ੍ਰੀ ਸਪੀਕਰ** : ਚਤਰਥ ਜੀ, ਪਰਸਨਲ ਗੱਲ ਨਹੀਂ ਹੋਣੀ ਚਾਹੀਦੀ।

**ਸ੍ਰੀ ਜੋਗਿੰਦਰ ਪਾਲ ਪਾਂਡੇ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਚੀਫ਼ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਵਾਲ ਦੇ ਜਵਾਬ ਵਿੱਚ ਦਸਿਆ ਗਿਆ ਹੈ ਕਿ ਇਤਨੇ ਕੇਸ ਡਕੈ-ਤੀਆਂ ਦੇ ਅਤੇ ਨਜਾਇਜ਼ ਸ਼ਰਾਬ ਦੇ ਅਨਟਰੇਸਡ ਪਾਏ ਗਏ ਹਨ। ਇਹ ਅਨਟਰੇਸਡ ਇਸ ਕਰਕੇ ਪਾਏ ਗਏ ਹਨ ਕਿਉਂਕਿ ਉਸ ਵੇਲੇ ਦੀ ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਦੇ ਵਜ਼ੀਰ ਅਤੇ ਐਮ. ਐਲ. ਏ. ਉਨ੍ਹਾਂ ਕੇਸਾਂ ਨੂੰ ਰੁਕਵਾ ਦਿੰਦੇ ਸਨ। ਕੀ ਚੀਫ਼ ਮਨਿਸਟਰ ਸਾਹਿਬ ਉਸ ਦੀ ਇਨਕੁਆਇਰੀ ਕਰਕੇ ਉਨ੍ਹਾਂ ਬੰਦਿਆਂ ਦੇ ਨਾਂ ਦੱਸਣਗੇ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਿਹਾ ਸੀ ਕਿ ਜੋ ਪਿਛਲੀ ਸਰਕਾਰ ਦੇ ਕੰਮ ਪਏ ਹਨ ਭਾਵੇਂ ਉਹ ਕਿਤਨੇ ਹੀ ਨਿਕੰਮੇ ਹੋਣ, ਉਨ੍ਹਾਂ ਦੀ ਜ਼ਿੰਮੇਵਾਰੀ ਵੀ ਆਉਣ ਵਾਲੀ ਸਰਕਾਰ ਤੇ ਪੈ ਜਾਂਦੀ ਹੈ। ਪੁਰਾਣੇ ਕੇਸ ਬਹੁਤ ਜ਼ਿਆਦਾ ਹਨ। ਅਗਰ ਆਨਰੇਬਲ ਮੈਂਬਰ ਇਕੱਲੇ ਇਕੱਲੇ ਕੇਸ ਦਾ ਨਾਂ ਜਾਣਨਾਂ ਚਾਹੁਣਗੇ ਤਾਂ ਇਹ ਇਨਫਰਮੇਸ਼ਨ ਤਿਆਰ ਕਰਾਉਣ ਵਿਚ ਕਿ ਇਹ ਜਿਹੜੇ ਕੇਸ ਹਨ ਇਹ ਕਿਤਨੇ ਪੁਰਾਣੇ ਹਨ, ਕਿਤਨੀ ਦੇਰ ਦੇ ਅਨਟਰੇਸਡ ਪਏ ਹਨ, ਕਾਫੀ ਵਕਤ ਔਰ ਮਿਹਨਤ ਦਰਕਾਰ ਹੈ।

**ਸ੍ਰੀ ਜੋਗਿੰਦਰ ਪਾਲ ਪਾਂਡੇ** : ਕੀ ਇਹ ਜ਼ਿੰਮੇਵਾਰੀ ਇਸ ਸਰਕਾਰ ਤੇ ਨਹੀਂ ਆਉਂਦੀ ?

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿੱਚ ਇਕ ਐਫ. ਆਈ. ਆਰ. ਦਾ ਜ਼ਿਕਰ ਕਰਦਾ ਹਾਂ ਜਿਸ ਦਾ ਸਬੰਧ ਇਕ ਬਹੁਤ ਵੱਡੇ ਕਤਲ ਨਾਲ ਹੈ, ਬਾਬਾ ਨਿਰੰਕਾਰੀ ਦਾ ਕਤਲ ਉਸ ਕੇਸ ਦਾ ਇਕ ਵੱਡਾ ਮੁਲਜ਼ਮ ਨਾਨਕ ਨਿਵਾਸ ਦੇ ਅੰਦਰ ਬੈਠਾ ਹੈ ਔਰ ਟੌਹੜਾ ਸਾਹਿਬ ਨੇ ਬਿਠਾਇਆ ਹੋਇਆ ਹੈ। ਉਹ ਮੁਲਜ਼ਮ ਛੁਪਿਆ ਹੋਇਆ ਹੈ। ਜਿਹੜੇ ਉਸ ਮੁਲਜ਼ਮ ਨੂੰ ਛੁਪਾਉਣ ਵਿਚ ਮੱਦਦ ਕਰ ਰਹੇ ਹਨ ਕੀ ਉਨ੍ਹਾਂ ਦੇ ਅਗੇਂਸਟ ਵੀ ਕੇਸ ਦਰਜ ਕੀਤੇ ਜਾਣਗੇ ?

(ਕੋਈ ਉੱਤਰ ਨਹੀਂ ਆਇਆ)

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਜਿੰਦਰ ਸਿੰਘ ਥੇਰ੍ਹਾ** : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜੇ ਪੁਲਿਸ ਸਟੇਸ਼ਨ ਦਾ ਇਨਚਾਰਜ ਐਸ. ਐਚ. ਓ. ਜਾਂ ਕੋਈ ਹੋਰ ਅਫਸਰ ਐਫ. ਆਈ. ਆਰ. ਰਿਕਾਰਡ ਨਾ ਕਰੇ ਤਾਂ ਉਹ ਆਪ ਲਿੱਖ ਕੇ ਉਸ ਨੂੰ ਦੇਵੇ ਅਤੇ ਜੇ ਫਿਰ ਵੀ ਉਹ ਕੇਸ ਰਜਿਸਟਰ ਨਹੀਂ ਕਰਦਾ ਤਾਂ ਇਨ੍ਹਾਂ ਕੋਲ ਸ਼ਿਕਾਇਤ ਕਰੇ। ਇਸਦੇ ਨਾਲ ਤਾਂ ਲੀਗਲ ਕੰਪਲੀਕੇਸ਼ਨ ਹੋ ਜਾਵੇਗੀ। ਐਫ. ਆਈ. ਆਰ. ਤਾਂ ਇਮੀਜੀਏਟਲੀ ਰਿਕਾਰਡ ਹੋਣੀ ਹੁੰਦੀ ਹੈ ਅਤੇ ਪੁਲਿਸ ਸਟੇਸ਼ਨ ਦੇ ਇਨਚਾਰਜ ਨੂੰ ਕਰਨੀ ਹੁੰਦੀ ਹੈ। ਸੀ. ਆਰ. ਪੀ. ਸੀ. ਦੀ ਧਾਰਾ 154 ਦੇ ਵਿਚ ਇਹ ਪ੍ਰੋਵੀਜ਼ਨ ਹੈ ਕਿ ਐਸ. ਐਚ. ਓ. ਆਪ ਐਫ. ਆਈ. ਆਰ. ਰਿਕਾਰਡ ਕਰੇਗਾ ਅਤੇ ਉਸ ਤੋਂ ਬਾਅਦ ਆਪਣਾ ਨੋਟ ਵੀ ਦੇਵੇਗਾ। ਜੇ ਉਹ ਇਸ ਤਰ੍ਹਾਂ ਨਹੀਂ ਕਰਦਾ ਤਾਂ ਉਹ ਐਫ. ਆਈ. ਆਰ. ਲੀਗਲ ਟਰਮਜ਼ ਅਨੁਸਾਰ ਕੋਰਟ ਵਿਚ ਸਟੈਂਡ ਨਹੀਂ ਕਰ ਸਕਦੀ। ਦੂਸਰਾ ਇਹ ਕਿਹਾ ਗਿਆ ਹੈ ਕਿ ਜੇ ਐਸ. ਐਚ. ਓ. ਐਫ. ਆਈ. ਆਰ. ਰਿਕਾਰਡ ਨਹੀਂ ਕਰਦਾ ਤਾਂ ਉਹ ਉਸਨੂੰ ਲਿਖ ਕੇ ਦੇਵੇ। ਜੇ ਉਹ ਲਿਖ ਕੇ ਦੇਵੇਗਾ ਤਾਂ ਕਿਹੜੀ ਉਸਨੂੰ ਰਸੀਦ ਮਿਲਣੀ ਹੈ ? ਇਸ ਦੇ ਨਾਲ ਸਗੋਂ ਕੰਪਲੀ-ਕੇਸ਼ਨ ਹੋ ਜਾਵੇਗੀ। ਲਾਅ ਆਫ ਦੀ ਲੈਂਡ ਨੂੰ ਹੀ ਚੰਗੀ ਤਰ੍ਹਾਂ ਇੰਪਲੀਮੈਂਟ ਕਰਨਾ ਚਾਹੀਦਾ ਹੈ। ਜਿਹੜੀ ਚੀਫ ਮਨਿਸਟਰ ਨੇ ਇਹ ਇਨਸਟਰੱਕਸ਼ਨ ਦਿੱਤੀ ਹੈ ਇਹ ਤਾਂ ਲਾਅ ਆਫ ਦੀ ਲੈਂਡ ਨਾਲ ਕੰਟਰਾਡਿਕਸ਼ਨ ਹੈ। ਇਸ ਪ੍ਰੋਵੀਜ਼ਨ ਨੂੰ ਪੂਰੀ ਤਰ੍ਹਾਂ ਇੰਪਲੀਮੈਂਟ ਕਰਾਉਣਾ ਚਾਹੀਦਾ ਹੈ ਅਤੇ ਜੇ ਕੋਈ ਨਹੀਂ ਕਰਦਾ ਤਾਂ ਉਸ ਨੂੰ ਸਜ਼ਾ ਦੇਣੀ ਚਾਹੀਦੀ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਆਪਣੀ ਪਹਿਲੀ ਗੱਲ ਵਾਜ੍ਹਿਆ ਕਰਨਾ ਚਾਹੁੰਦਾ ਹਾਂ। ਮੈਂ ਤਾਂ ਇਹ ਕਿਹਾ ਹੈ ਕਿ ਇਹ ਐਸ. ਐਚ. ਓ. ਦੀ ਜ਼ਿੰਮੇਵਾਰੀ ਹੈ ਅਤੇ ਜੇ ਉਹ ਅਵੇਲੇਬਲ ਨਹੀਂ ਹੈ ਤਾਂ ਜਿਹੜਾ ਵੀ ਅਫਸਰ ਉਸ ਵੇਲੇ ਉਥੇ ਮੌਜੂਦ ਹੈ, ਉਸਦੀ ਇਹ ਜ਼ਿਮੇਵਾਰੀ ਹੈ ਕਿ ਉਹ ਐਫ. ਆਈ. ਆਰ. ਰਿਕਾਰਡ ਕਰੇ। ਅਗਰ ਉਹ ਰਿਕਾਰਡ ਨਹੀਂ ਕਰਦਾ ਤਾਂ ਕੇਸ ਨੂੰ ਜ਼ਿਆਦਾ ਮਜ਼ਬੂਤ ਕਰਨ ਵਾਸਤੇ ਹੀ ਇਹ ਕਿਹਾ ਗਿਆ ਹੈ ਕਿ ਉਹ ਲਿਖ ਕੇ ਭੇਜੇ। ਅਗਰ ਫਿਰ ਵੀ ਓਹ ਰਿਕਾਰਡ ਨਹੀਂ ਕਰਦਾ ਤਾਂ ਉਹ ਸਾਨੂੰ ਲਿਖ ਕੇ ਭੇਜੇ ਕੇ ਮੇਰੀ ਇਹ ਐਫ. ਆਈ. ਆਰ. ਰਿਕਾਰਡ ਨਹੀਂ ਕੀਤੀ ਗਈ ਅਤੇ ਮੇਰਾ ਇਹ ਕੇਸ ਹੈ। ਜੇ ਉਹ ਰਿਕਾਰਡ ਨਹੀਂ ਕਰੇਗਾ ਤਾਂ ਉਸਦੇ ਖਿਲਾਫ ਐਕਸ਼ਨ ਲਿਆ ਜਾਵੇਗਾ। ਇਹ ਇਨਸਟਰੱਕਸ਼ਨ ਤਾਂ ਸੇਫ ਸਾਈਡ ਵਾਸਤੇ ਕੀਤੀ ਗਈ ਹੈ। ਜੇ ਪੁਲਿਸ ਦਾ ਅਫਸਰ ਕਹੇ ਕਿ ਮੇਰੇ ਪਾਸ ਤਾਂ ਇਹ ਆਇਆ ਹੀ ਨਹੀਂ ਤਾਂ ਫਿਰ ਅਸੀਂ ਕੀ ਕਰ ਸਕਦੇ ਹਾਂ। ਐਸ. ਐਚ. ਓ. ਕਹੇਗਾ ਕਿ ਕੀ ਸਬੂਤ ਹੈ ਕਿ ਇਹ ਮੇਰੇ ਕੋਲ ਆਇਆ ਹੈ। ਬਾਕੀ ਜੇ ਇਹ ਚਾਹੁੰਦੇ ਹਨ ਕਿ ਇਸ ਤਰ੍ਹਾਂ ਨਾ ਕੀਤਾ ਜਾਵੇ ਤਾਂ ਠੀਕ ਹੈ। ਜੇ ਉਸਦੀ ਐਫ. ਆਈ. ਆਰ. ਰਿਕਾਰਡ ਨਹੀਂ ਕੀਤੀ ਜਾਂਦੀ ਤਾਂ ਉਹ ਸਾਡੇ ਕੋਲ ਆ ਜਾਵੇ।

**Mr. Speaker**: Next question.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਸਵਾਲ ਥੋੜ੍ਹੇ ਹਨ ਅਤੇ ਸਮਾਂ ਬਹੁਤ ਹੈ। ਸਾਨੂੰ ਵੀ ਟਾਈਮ ਦੇਣਾ ਚਾਹੀਦਾ ਹੈ। ਤੁਸੀਂ ਇਨ੍ਹਾਂ ਨੂੰ ਹੀ ਜ਼ਿਆਦਾ ਟਾਈਮ ਦਿਦੇ ਹੋ।

**ਸ੍ਰੀ ਸਪੀਕਰ** : ਮੈਂ ਬਹੁਤਾ ਟਾਈਮ ਆਪੋਜ਼ੀਸ਼ਨ ਵਾਲਿਆਂ ਨੂੰ ਹੀ ਦੇ ਰਿਹਾ ਹਾਂ। ਇਕ ਸੁਆਲ ਤੇ ਵੈਸੇ ਪੰਜ ਸਪਲੀਮੈਂਟਰੀਜ਼ ਅਲਾਊਡ ਹਨ ਲੇਕਿਨ ਮੈਂ 7 ਅਲਾਓ ਕੀਤੀਆਂ ਹਨ।

---

### Persons died after taking Excessive Liquor in the State

*16. **Master Babu Singh**: Will the Chief Minister be pleased to state :—

(a) the total number of persons who died after taking excessive liquor in the State district-wise during the period from 1st January, 1980 to 1st June, 1980;

Original with;
Punjab Vidhan Sabha
Digitized by;
Panjab Digital Library

(b) the steps taken by the Government to curb the tendency of drinking at public places in the State?

**ਸਰਦਾਰ ਦਰਬਾਰਾ ਸਿੰਘ (ੳ)** ਸਮਾਂ 1 ਜਨਵਰੀ, 1980 ਤੋਂ ਲੈਕੇ 1 ਜੂਨ, 1980 ਦੇ ਦੌਰਾਨ ਕੁੱਲ 6 ਆਦਮੀ ਮਰੇ ਹਨ। ਜ਼ਿਲ੍ਹਾਵਾਰ ਵੇਰਵਾ ਇਸ ਪ੍ਰਕਾਰ ਹੈ :—

| ਜ਼ਿਲ੍ਹੇ ਦਾ ਨਾਮ | | ਕੁੱਲ ਜਿੰਨੇ ਆਦਮੀ ਮਰੇ |
|---|---|---|
| 1. ਸੰਗਰੂਰ | ... | 2 |
| 2. ਹੁਸ਼ਿਆਰਪੁਰ | ... | 1 |
| 3. ਲੁਧਿਆਣਾ | ... | 2 |
| 4. ਪਟਿਆਲਾ | ... | 1 |

(ਅ) ਰਾਜ ਵਿਚ ਜਨਤਕ ਸਥਾਨਾਂ ਤੇ ਸ਼ਰਾਬ ਪੀਣ ਦੀ ਭੈੜੀ ਵਾਦੀ ਨੂੰ ਰੋਕਣ ਵਾਸਤੇ ਹਰ ਜ਼ਿਲ੍ਹੇ ਵਿਚ ਲੋਕਲ ਪੁਲਿਸ ਵਲੋਂ ਛਾਪੇ ਮਾਰੇ ਜਾਂਦੇ ਹਨ। ਪੁਲਿਸ ਅਧਿਕਾਰੀਆਂ ਵਲੋਂ ਗਸ਼ਤ ਕੀਤੀ ਜਾਂਦੀ ਹੈ। ਪੁਲਿਸ ਦੇ ਗਜ਼ਟੀ ਅਫਸਰਾਂ ਵਲੋਂ ਅਚਨਚੇਤ ਦੌਰੇ ਵੀ ਕੀਤੇ ਜਾਂਦੇ ਹਨ। ਜੇਕਰ ਕੋਈ ਆਦਮੀ ਅਜਿਹਾ ਕਰਦਾ ਫੜ੍ਹਿਆ ਜਾਂਦਾ ਹੈ ਤਾਂ ਕਾਨੂੰਨ ਦੇ ਤਹਿਤ ਲੋੜੀਂਦੀ ਕਾਰਵਾਈ ਕੀਤੀ ਜਾਂਦੀ ਹੈ।

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਥੋੜ੍ਹੇ ਜਿਹੇ ਮਹੀਨਿਆਂ ਵਿਚ 6 ਮੌਤਾਂ ਹੋਈਆਂ ਹਨ। ਇਹ ਇਕੱਲੇ ਅਕਸੈਸਿਵ ਡਰਿੰਕਿੰਗ ਨਾਲ ਨਹੀਂ ਹੋਈਆਂ ਬਲਕਿ ਘਟੀਆ ਕਿਸਮ ਦੀ ਸ਼ਰਾਬ ਤੇ ਸਟੀਕਨੀਆ ਵਗੈਰਾ ਪਾਉਣ ਕਰਕੇ ਅਤੇ ਦੋ ਨੰਬਰ ਦੀ ਸ਼ਰਾਬ ਤਿਆਰ ਕਰਨ ਕਰਕੇ ਹੀ ਹੋ ਸਕਦੀਆਂ ਹਨ। ਕੀ ਮੁੱਖ ਮੰਤਰੀ ਸਾਹਿਬ ਇਹ ਉਪਰਾਲਾ ਕਰਨਗੇ ਕਿ ਸ਼ਰਾਬ ਲੋਕਾਂ ਨੂੰ ਪਿਓਰ ਮਿਲੇ ?

**ਮੁੱਖ ਮੰਤਰੀ :** ਮੇਰਾ ਖਿਆਲ ਹੈ ਕਿ ਜ਼ਰੂਰ ਇਨ੍ਹਾਂ ਕੇਸਾਂ ਵਿਚ ਕੋਈ ਨਾ ਕੋਈ ਕੈਮੀਕਲ ਟੈਸਟ ਹੋਇਆ ਹੋਵੇਗਾ। ਜਿਸ ਆਦਮੀ ਦੇ ਅੰਦਰੋਂ ਸ਼ਰਾਬ ਨਿਕਲੀ ਹੈ, ਉਸ ਦੇ ਵਿਚ ਕਿਹੜਾ ਪੁਆਇਜ਼ਨਸ ਐਲੀਮੈਂਟ ਹੈ ਜਿਸ ਕਾਰਣ ਮੌਤ ਹੋਈ, ਇਹ ਜ਼ਰੂਰ ਵੇਖਿਆ ਗਿਆ ਹੋਵੇਗਾ।

**ਮਾਸਟਰ ਚੰਦ ਸਿੰਘ :** ਕੀ ਮੁੱਖ ਮੰਤਰੀ ਜੀ ਇਹ ਦੱਸਣਗੇ ਕਿ ਸ਼ਰਾਬ ਦੇ ਠੇਕੇ ਜਿਹੜੇ ਸਾਡੇ ਬੱਸ ਸਟੈਂਡਾਂ ਦੇ ਸਾਹਮਣੇ ਜਾਂ ਧਾਰਮਿਕ ਸਥਾਨਾਂ, ਜਿਵੇਂ ਮੰਦਰ,ਗੁਰਦਵਾਰਿਆਂ ਦੇ ਨੇੜੇ ਹਨ, ਉਥੇ ਠੇਕੇ ਵਾਲੇ ਆਪਣੇ ਰਿਕਾਰਡ ਵਜਾਉਂਦੇ ਹਨ ਜਿਸਦੇ ਨਾਲ ਪੀਸਫੁਲ ਅਟਮਾਸਫੀਅਰ ਖਰਾਬ ਹੁੰਦਾ ਹੈ, ਕੀ ਉਹ ਠੇਕੇ ਇਨ੍ਹਾਂ ਜਗਾਵਾਂ ਤੋਂ ਹਟਾਉਣ ਦਾ ਉਪਰਾਲਾ ਕਰਨਗੇ ?

**ਮੁੱਖ ਮੰਤਰੀ :** ਮੈਨੂੰ ਇਸ ਬਾਰੇ ਪੂਰਾ ਗਿਆਤ ਨਹੀਂ। ਵੈਸੇ ਇਨ੍ਹਾਂ ਦੀ ਗਲ, ਸਪੀਕਰ ਸਾਹਿਬ, ਠੀਕ ਹੈ। ਮੈਨੂੰ ਖੁਸ਼ੀ ਹੈ ਕਿ ਇਹ ਵੀ ਧਾਰਮਿਕ ਸਥਾਨਾਂ ਦਾ ਖਿਆਲ ਕਰਦੇ ਹਨ। ਇਸ ਲਈ ਕੋਸ਼ਿਸ਼ ਕੀਤੀ ਜਾਵੇਗੀ ਅਤੇ ਇਸ ਬੁਰਾਈ ਨੂੰ ਇਨ੍ਹਾਂ ਥਾਵਾਂ ਤੋਂ ਦੂਰ ਕੀਤਾ ਜਾਵੇਗਾ।'

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਛੇ ਮਹੀਨਿਆਂ ਵਿਚ ਸ਼ਰਾਬ ਨਾਲ 6 ਕਤਲ ਹੋਏ ਹਨ, ਇਹ ਜਿਹੜੀਆਂ ਮੌਤਾਂ ਹੋਈਆਂ ਹਨ ਕੀ ਇਸਦਾ ਕਾਰਣ ਇਹ ਤਾਂ ਨਹੀਂ ਕਿ ਠੇਕੇਦਾਰ ਅਜਿਹੀ ਸ਼ਰਾਬ ਕਿਸੇ ਹੋਰ ਥਾਂ ਰੱਖ ਕੇ ਪੁਲਿਸ ਨਾਲ ਮਿਲ ਕੇ ਵੇਚਦੇ ਹਨ ਅਤੇ ਸ਼ਰਾਬ ਵੀ ਘਟੀਆ ਕਿਸਮ ਦੀ ਵੇਚਦੇ ਹਨ, ਕੀ ਇਸ ਨੂੰ ਰੋਕਣ ਦਾ ਕੋਈ ਪ੍ਰਬੰਧ ਕਰਨਗੇ ?

**ਮੁੱਖ ਮੰਤਰੀ :** ਇਸਦਾ ਪ੍ਰਬੰਧ ਅਸੀਂ ਇਹ ਕੀਤਾ ਹੈ ਕਿ ਜਿਹੜੇ ਠੇਕੇ ਹਨ ਉਥੇ ਸ਼ਰਾਬ ਘਟ ਪਰਸੈਂਟੇਜ ਦੀ ਹੁੰਦੀ ਹੈ। ਇਹ ਘੱਟ ਪਰਸੈਂਟੇਜ ਦੀ ਇਸ ਲਈ ਹੁੰਦੀ ਹੈ ਤਾਂ ਕਿ ਲੋਕ ਹੋਸ਼ ਵਿਚ ਰਹਿ ਸਕਣ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ ]

ਪਰ ਜਿਹੜੇ ਹੋਸ਼ ਵਿਚ ਨਹੀਂ ਰਹਿਣਾ ਚਾਹੁੰਦੇ ਅਤੇ ਜ਼ਿਆਦਾ ਪੀਣਾ ਚਾਹੁੰਦੇ ਹਨ ਉਹ ਜ਼ਰੂਰ ਸਟੀਕ੍ਰਿਆ ਵਾਲੀ ਪੀਂਦੇ ਹਨ। ਇਹੋ ਜਿਹੀ ਸ਼ਰਾਬ ਪਿੰਡਾਂ ਵਿਚ ਜ਼ਿਆਦਾ ਨਿਕਲਦੀ ਹੈ। ਸਪੀਕਰ ਸਾਹਿਬ, ਇਹ ਵੀ ਇਸਦੀ ਰੋਕਥਾਮ ਵਾਸਤੇ ਸਾਡਾ ਸਾਥ ਦੇਣ।

**ਸਰਦਾਰ ਬਲਦੇਵ ਸਿੰਘ ਮਾਨ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੇ ਸਮੇਂ ਕਈ ਥਾਵਾਂ ਤੋਂ ਸ਼ਰਾਬ ਦੇ ਠੇਕੇ ਕੈਂਸਲ ਕਰ ਦਿੱਤੇ ਗਏ ਸਨ ਇਸ ਗੱਲ ਨੂੰ ਮੁੱਖ ਰਖਦੇ ਹੋਏ ਕਿ ਉਨ੍ਹਾਂ ਥਾਵਾਂ ਤੇ ਕੋਈ ਧਾਰਮਿਕ ਮਹੱਤਤਾ ਦਾ ਸਥਾਨ ਸੀ ਜਾਂ ਉਥੇ ਦੇ ਲੋਕ ਚਾਹੁੰਦੇ ਸਨ ਕਿ ਸ਼ਰਾਬ ਦੇ ਠੇਕੇ ਬੰਦ ਕੀਤੇ ਜਾਣ। ਮਿਸਾਲ ਦੇ ਤੌਰ ਤੇ ਮੇਰੇ ਹਲਕੇ ਵਿਚ ਇਕ ਪਿੰਡ ਘਨੌਰ ਜੱਟਾਂ ਹੈ। ਉਥੇ ਦੇ ਲੋਕਾਂ ਦੀ ਇਹ ਮੰਗ ਸੀ ਕਿ ਉਥੇ ਸ਼ਰਾਬ ਦਾ ਠੇਕਾ ਨਾ ਹੋਵੇ। ਪਰ, ਸਪੀਕਰ ਸਾਹਿਬ, ਉਥੇ ਕੀ ਹੋਇਆ ਕਿ ਪਿੰਡ ਤੋਂ ਬਾਹਰ ਚਾਰ ਚਾਰ ਖੋਖੇ ਲਗਾ ਦਿੱਤੇ ਗਏ ਔਰ ਸ਼ਰਾਬ ਦਾ ਠੇਕਾ ਬਣਾਇਆ ਗਿਆ। ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਮਾਮਲੇ ਦੀ ਇਨਕੁਆਇਰੀ ਕਰਵਾ ਕੇ ਉਸ ਠੇਕੇ ਨੂੰ ਬੰਦ ਕਰਨ ਦੇ ਹੁਕਮ ਕਰਨਗੇ ?

**ਮੁੱਖ ਮੰਤਰੀ :** ਮੈਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਉਥੇ ਇਸ ਤਰ੍ਹਾਂ ਖੋਖੇ ਬਾਹਰ ਲਗਵਾ ਦਿੱਤੇ ਗਏ ਹਨ। ਮੈਂ ਵੀ ਇਹ ਚਾਹੁੰਦਾ ਹਾਂ ਕਿ ਧਾਰਮਿਕ ਸੰਸਥਾਵਾਂ ਦੇ ਨੇੜੇ ਇਹ ਬੁਰਾਈ ਨਹੀਂ ਹੋਣੀ ਚਾਹੀਦੀ। ਇਸ ਵਿਚ ਤੁਹਾਨੂੰ ਵੀ ਕੋਆਪ੍ਰੇਟ ਕਰਨਾ ਚਾਹੀਦਾ ਹੈ ਔਰ ਤੁਹਾਨੂੰ ਇਹ ਮਸਲਾ ਉਸ ਵੇਲੇ ਸਰਕਾਰ ਦੇ ਨੋਟਿਸ ਵਿਚ ਲਿਆਉਣਾ ਚਾਹੀਦਾ ਸੀ ਜਦੋਂ ਕਿ ਪਿੰਡਾਂ ਵਿਚੋਂ ਹਟਾਕੇ ਬਾਹਰ ਖੋਖੇ ਰੱਖੇ ਗਏ ਸਨ।

**ਸਰਦਾਰ ਬਲਦੇਵ ਸਿੰਘ ਮਾਨ :** ਇਹ ਤਾਂ ਹੁਣ ਗਵਰਨਰ ਰੂਲ ਵਿਚ ਰੱਖੇ ਗਏ ਹਨ ਜੀ।

**ਮੁੱਖ ਮੰਤਰੀ :** ਅਗਰ ਗਵਰਨਰ ਰੂਲ ਵਿਚ ਵੀ ਰੱਖੇ ਗਏ ਹਨ ਤਾਂ ਵੀ ਪੜਤਾਲ ਕਰਵਾ ਲਵਾਂਗੇ ਕਿ ਉਹ ਕਿਸ ਤਰ੍ਹਾਂ ਬੈਠ ਗਏ ਹਨ ਕਿਉਂਕਿ ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ ਕਿ ਮੈਂ ਤਾਂ ਆਪ ਚਾਹੁੰਦਾ ਹਾਂ ਕਿ ਧਾਰਮਿਕ ਸਥਾਨਾਂ, ਗੁਰਧਾਮਾਂ ਔਰ ਮੁਤਬੱਰਕ ਸਥਾਨਾਂ ਦੇ ਨੇੜੇ ਕੋਈ ਐਸੀ ਬੁਰਾਈ ਨਾ ਹੋਵੇ। ਪਰ ਮੈਂ ਇਥੇ ਇਹ ਦੱਸ ਸਕਦਾ ਹਾਂ ਕਿ ਧਾਰਮਿਕ ਸਥਾਨਾਂ ਦੇ ਨੇੜੇ ਰਹਿਣ ਵਾਲੇ ਲੋਕ ਸ਼ਰਾਬ ਜ਼ਿਆਦਾ ਇਸਤੇਮਾਲ ਕਰਦੇ ਹਨ ਬਜਾਏ ਦੂਰ ਵਾਲੇ ਲੋਕਾਂ ਦੇ। ਪਰ, ਫਿਰ ਵੀ, ਤੁਹਾਡੀ ਗੱਲ ਵਿਚ ਵਜ਼ਨ ਹੈ। ਮੈਂ ਪੜਤਾਲ ਕਰਵਾ ਲਵਾਂਗਾ ਕਿ ਕਿਉਂ ਉਥੇ ਖੋਖੇ ਰੱਖੇ ਗਏ ਹਨ। ਪਰ ਜੇਕਰ ਪਿੰਡ ਵਾਲੇ ਹੀ ਉਥੋਂ ਸ਼ਰਾਬ ਲੈਣ ਆਉਂਦੇ ਹਨ ਤਾਂ ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਲਈ ਵੀ ਮਾੜੀ ਗੱਲ ਹੈ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਬੜੇ ਸਿਆਣੇ ਹਨ, ਜਵਾਬ ਵੀ ਠੀਕ ਦਿੰਦੇ ਹਨ। ਇਹ ਹੋਮ ਮਨਿਸਟਰ ਵੀ ਰਹੇ ਹਨ। ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਇਹ ਕੋਸ਼ਿਸ਼ ਕੀਤੀ ਸੀ ਕਿ ਬੱਸ ਅੱਡਿਆਂ ਤੇ, ਸਕੂਲਾਂ ਦੇ ਨੇੜੇ, ਧਾਰਮਿਕ ਸਥਾਨਾਂ ਦੇ ਨੇੜੇ ਠੇਕੇ ਨਾ ਰਹਿਣ ਪਰ ਐਕਸਾਈਜ਼ ਡਿਪਾਰਟਮੈਂਟ ਵਾਲੇ ਇਸ ਤਰ੍ਹਾਂ ਨਹੀਂ ਕਰਦੇ। ਇਕ ਪਿੰਡ ਕਾਨਪੁਰਾ, ਪਟਿਆਲਾ ਡਿਸਟ੍ਰਿਕਟ ਵਿਚ ਹੈ। ਰੂਲ ਇਹ ਹੈ ਕਿ ਜੇਕਰ ਪੰਚਾਇਤ ਰੈਜ਼ੋਲਿਊਸ਼ਨ ਕਰੇ ਤਾਂ ਉਥੇ ਸ਼ਰਾਬ ਦਾ ਠੇਕਾ ਖੁਲ੍ਹਦਾ ਹੈ। ਪਰ ਉਥੇ ਵੈਸੇ ਹੀ ਖੋਲ੍ਹ ਦਿੱਤਾ ਗਿਆ ਹੈ। ਇਹ ਗੱਲ ਸੀ. ਐਮ. ਸਾਹਿਬ ਨੂੰ ਵੀ ਪਤਾ ਹੈ ਕਿ ਪਟਿਆਲੇ ਔਰ ਫਗਵਾੜੇ ਵਿਚ ਕੱਲ੍ਹ ਪਰਸੋਂ ਬਹੁਤ ਮੌਤਾਂ ਹੋਈਆਂ ਹਨ ਔਰ ਉਹ ਸ਼ਰਾਬ ਕਰਕੇ ਹੋਈਆਂ ਹਨ। ਪੁਲਿਸ ਦੇ ਕਰਮਚਾਰੀ ਪਟਿਆਲੇ ਦੇ ਇਕ ਹੋਟਲ ਵਿਚ ਬੈਠ ਕੇ ਇਸ ਨੂੰ ਇਸਤੇਮਾਲ ਕਰ ਰਹੇ ਸਨ। (ਵਿਘਨ) ਮੈਂ, ਇਸ ਲਈ, ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਡੇਸਾਈ ਪਾਲਿਸੀ ਤੇ ਚਲਕੇ ਸ਼ਰਾਬ ਦੇ ਠੇਕਿਆਂ ਨੂੰ ਬਿਲਕੁਲ ਹੀ ਬੰਦ ਕਰਨਗੇ ? ਜੇਕਰ ਸ਼ਰਾਬ ਵਿਕੇਗੀ ਨਹੀਂ, ਸਰਕਾਰ ਵੇਚੇਗੀ ਨਹੀਂ ਤਾਂ ਕੋਈ ਮਰੇਗਾ ਵੀ ਨਹੀਂ। (ਹਾਸਾ) ਕੀ ਇਹ ਕੋਈ ਇਸ ਤਰ੍ਹਾਂ ਦਾ ਪ੍ਰਬੰਧ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਨ੍ਹਾਂ (ਵਿਰੋਧੀ ਧਿਰ ਵੱਲ ਇਸ਼ਾਰਾ) ਨੂੰ ਬੜਾ ਸਮਾਂ ਮਿਲਿਆ ਹੈ, ਉਦੋਂ ਇਨ੍ਹਾਂ ਨੂੰ ਸ਼ਰਾਬ ਬੰਦ ਕਰ ਦੇਣੀ ਚਾਹੀਦੀ ਸੀ। ਇਨ੍ਹਾਂ ਨੂੰ ਚਾਹੀਦਾ ਇਹ ਸੀ ਕਿ ਕਮ-ਅਜ਼-ਕਮ ਪਿਛਲੇ ਢਾਈ ਪੌਣੇ ਤਿੰਨ ਸਾਲਾਂ ਵਿਚ ਇਸ ਬਾਰੇ ਕੋਈ ਰੂਪ ਰੇਖਾ ਹੀ ਬਣਾ ਦਿੰਦੇ ਕਿ ਅਸੀਂ ਇਸ ਢੰਗ ਨਾਲ ਇਤਨੇ ਸਾਲਾਂ ਵਿਚ ਸ਼ਰਾਬ ਬਿਲਕੁਲ ਬੰਦ ਕਰ ਦੇਣੀ ਹੈ। ਅਸੀਂ ਸਾਰੇ ਹੀ ਕਹਿੰਦੇ ਹਾਂ ਕਿ ਸ਼ਰਾਬ ਬੰਦ ਕਰ ਦੇਣੀ ਚਾਹੀਦੀ ਹੈ ਪਰ ਫੌਜਾਂ ਜਿਹੜੀਆਂ ਹਨ ਉਹ ਕੀ ਕੁਝ ਕੰਮ ਕਰਦੀਆਂ ਹਨ ਉਸ ਬਾਰੇ ਤੁਹਾਨੂੰ ਵੀ ਪਤਾ ਹੈ (ਹਾਸਾ) ਮੈਂ, ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਗਲ ਕੀਤੀ ਹੈ ਇਹ ਬਹੁਤ ਚੰਗੀ ਹੈ। ਮੈਂ ਤਾਂ ਵੈਸੇ ਹੀ ਸ਼ਰਾਬ ਦੇ ਖਿਲਾਫ ਹਾਂ। ਜਿਸ ਤਰ੍ਹਾਂ ਆਖਿਆ ਗਿਆ ਹੈ ਕਿ ਫਾਇਨਾਂਸ਼ੀਅਲ ਆਸਪੈਕਟ ਵੀ ਪਿਛਲੀ ਸਰਕਾਰ ਨੇ ਸੋਚਿਆ ਹੋਣਾ ਹੈ ਔਰ ਇਸ ਸਾਰੀ ਚੀਜ਼ ਨੂੰ ਮੁੱਖ ਰੱਖ ਕੇ ਹੀ ਠੇਕਿਆਂ ਨੂੰ ਚਾਲੂ ਰਖਿਆ ਹੈ, ਇਹ ਵੀ ਤੁਹਾਡੀ ਗੱਲ ਠੀਕ ਹੈ। ਸਾਨੂੰ ਤਾਂ ਇਸ ਗੱਲ ਦੀ ਸ਼ਰਮਿੰਦਗੀ ਆਉਂਦੀ ਹੈ ਕਿ ਖਾਸ ਕਰਕੇ ਇਕ ਦੋ ਜ਼ਿਲਿਆਂ ਵਿਚ ਤਾਂ ਸ਼ਰਾਬ ਘਰ ਘਰ ਨਿਕਲਦੀ ਹੈ। ਮੈਂ ਸਮਝਦਾ ਹਾਂ ਕਿ ਇਹ ਬਹੁਤ ਮਾੜੀ ਗੱਲ ਹੈ। ਅਸੀਂ ਇਸ ਨੂੰ ਵੀ ਰੋਕਣਾ ਹੈ। (ਸ੍ਰੀ ਓਮ ਪ੍ਰਕਾਸ਼ ਗੁਪਤਾ ਵੱਲੋਂ, ਬੈਠੇ ਬੈਠੇ ਵਿਘਨ) ਪਲੀਜ਼, ਮੈਂ ਕੁਝ ਨਹੀਂ ਕਹਿੰਦਾ।

ਤੇ, ਸਪੀਕਰ ਸਾਹਿਬ, ਮੇਰਾ ਦੂਜਾ ਕੰਮ ਇਹ ਹੈ ਕਿ ਜੋ ਸਮੱਗਲਰ ਹੈ ਅਫ਼ੀਮ ਦਾ ਮੈਂ ਉਸ ਨੂੰ ਜ਼ਰੂਰ ਅੰਦਰ ਦੇਣਾ ਹੈ ਭਾਵੇਂ ਕੁਝ ਵੀ ਹੋ ਜਾਵੇ। (ਥੰਪਿੰਗ)

**ਸਰਦਾਰ ਪਿਰਥੀਪਾਲ ਸਿੰਘ** : ਸਪੀਕਰ ਸਾਹਿਬ, ਇਹ ਗੱਲ ਤਾਂ ਬੜੀ ਆਉਂਦੀ ਹੈ ਕਿ ਧਾਰਮਿਕ ਸਥਾਨਾਂ ਤੇ ਸ਼ਰਾਬ ਦੇ ਠੇਕੇ ਨਹੀਂ ਰਹਿਣਗੇ। ਪਰ, ਸਪੀਕਰ ਸਾਹਿਬ, ਜਿਹੜੇ ਧਾਰਮਿਕ ਸਥਾਨ ਹਨ ਉਨ੍ਹਾਂ ਦੇ ਅੰਦਰ ਅਫੀਮ ਵਿਕਦੀ ਹੈ। ਇਸ ਲਈ, ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਗੱਲ ਦਾ ਪ੍ਰਬੰਧ ਕਰੇਗੀ ਕਿ ਧਾਰਮਿਕ ਸਥਾਨਾਂ ਅੰਦਰ ਅਫੀਮ ਦੀ ਵਿੱਕਰੀ ਨਾ ਹੋਵੇ ?

**ਮੁੱਖ ਮੰਤਰੀ** : ਇਸ ਬਾਰੇ ਮੈਨੂੰ ਕੋਈ ਇਨਫਰਮੇਸ਼ਨ ਨਹੀਂ ਹੈ। ਨਾ ਹੀ ਮੈਂ ਆਫ-ਹੈਂਡ ਇਸ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ (ਥੰਪਿੰਗ) ਜੇਕਰ ਕੋਈ ਵਾਕਿਆ ਮੇਰੇ ਨੋਟਿਸ ਵਿਚ ਆਵੇਗਾ ਤਾਂ ਮੈਂ ਉਸ ਧਾਰਮਿਕ ਸਥਾਨ ਦੇ ਪ੍ਰਬੰਧਕਾਂ ਨੂੰ ਜ਼ਰੂਰ ਇਹ ਬੇਨਤੀ ਕਰਾਂਗਾ ਕਿ ਇਸ ਮਾੜੇ ਆਦਮੀ ਨੂੰ ਉਹ ਧਾਰਮਿਕ ਸਥਾਨ ਵਿਚ ਨਾ ਜਾਣ ਦੇਣ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੁਝ ਡਾਕਟਰਜ਼ ਐਵੇਂ ਹੀ ਬਣੇ ਬੈਠੇ ਹਨ ਜਿਹੜੇ ਕਿ ਕੁਆਲੀਫਾਈਡ ਨਹੀਂ ਹਨ, ਉਨ੍ਹਾਂ ਨੇ ਐਵੇਂ ਹੀ ਆਰ. ਐਮ. ਪੀ. ਦਾ ਫੱਟਾ ਲਗਾਇਆ ਹੋਇਆ ਹੁੰਦਾ ਹੈ। ਅਸਲ ਵਿਚ ਉਹ ਜ਼ਹਿਰੀਲੀਆਂ ਗੋਲੀਆਂ ਘੋਲ ਘੋਲ ਕੇ ਲੋਕਾਂ ਨੂੰ ਪਿਲਾਈ ਜਾਂਦੇ ਹਨ ਜਿਸ ਨਾਲ ਲੋਕਾਂ ਦਾ ਨੁਕਸਾਨ ਹੁੰਦਾ ਹੈ। ਕੀ ਸਰਕਾਰ ਇਸ ਗਲ ਦੀ ਇਨਕੁਆਇਰੀ ਕਰਵਾ ਕੇ ਇਸ ਚੀਜ਼ ਨੂੰ ਬੰਦ ਕਰੇਗੀ ਔਰ ਜਿਹੜੇ ਇਸ ਤਰ੍ਹਾਂ ਦੇ ਜਾਹਲੀ ਡਾਕਟਰ ਬਣੇ ਬੈਠੇ ਹਨ ਔਰ ਜ਼ਹਿਰੀਲੀਆਂ ਗੋਲੀਆਂ ਵੇਚਦੇ ਹਨ ਉਨ੍ਹਾਂ ਨੂੰ ਫੜਕੇ ਸਜ਼ਾ ਦੇਵੇਗੀ ?

**ਮੁੱਖ ਮੰਤਰੀ** : ਕੋਈ ਸਾਹਮਣੇ ਇਹ ਗੱਲ ਲਿਆਵੇ, ਕੋਈ ਸਾਡੇ ਪਾਸ ਸ਼ਿਕਾਇਤ ਹੋਵੇ ਤਾਂ ਜ਼ਰੂਰ ਕਾਰਵਾਈ ਕੀਤੀ ਜਾਵੇਗੀ।

**ਸਰਦਾਰ ਤਾਰਾ ਸਿੰਘ ਲਾਇਲਪੁਰੀ** : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਮਾੜੀ ਸ਼ਰਾਬ ਪੀਣ ਕਰਕੇ ਕਈ ਆਦਮੀ ਮਰ ਗਏ ਹਨ। ਅਸਲ ਗੱਲ ਇਹ ਹੈ ਕਿ ਸਰਕਾਰ ਜਿਹੜੀ ਸ਼ਰਾਬ ਵੇਚਦੀ ਹੈ ਓਹ ਬਹੁਤ ਮਹਿੰਗੀ ਮਿਲਦੀ ਹੈ, ਇਸ ਲਈ ਗਰੀਬ ਲੋਕ ਉਸ ਨੂੰ ਖਰੀਦ ਨਹੀਂ ਸਕਦੇ ਔਰ ਉਹ ਆਪਣੀ ਕੱਢ ਕੇ ਪੀਂਦੇ ਹਨ। ਉਹ ਸ਼ਰਾਬ ਠੀਕ ਨਾ ਹੋਣ ਕਰਕੇ ਨੁਕਸਾਨ ਹੁੰਦਾ ਹੈ। ਸ਼ਰਾਬ ਦੇ ਰੇਟ ਘੱਟ ਕਰਨੇ ਚਾਹੀਦੇ ਹਨ। ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਇਹ ਪੁੱਛਦਾ ਹਾਂ ਕਿ ਕੀ ਇਹ ਇਸਦੇ ਰੇਟ ਘੱਟ ਕਰਨਗੇ ਤਾਕਿ ਲੋਕ ਸਰਕਾਰੀ ਸ਼ਰਾਬ ਪੀ ਲਿਆ ਕਰਨ ? ਹਾਸਾ)

Original with;
Punjab Vidhan Sabha
Digitized by;
Panjab Digital Library

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਸਪੀਕਰ ਸਾਹਿਬ, ਇਹ ਸ਼ਰਾਬ ਬੰਦ ਨਹੀਂ ਹੋਣੀ ਭਾਵੇਂ ਅਸੀਂ ਸਾਰੇ ਕਹੀ ਜਾਈਏ ਕਿ ਇਹ ਬੰਦ ਹੋਣੀ ਚਾਹੀਦੀ ਹੈ। ਮੈਂ ਵੀ ਸ਼ਰਾਬ ਦੇ ਖਿਲਾਫ ਹਾਂ ਪਰ ਇਹ ਬੰਦ ਨਹੀਂ ਜੇ ਹੋਣੀ। ਇਸ ਲਈ ਜੇਕਰ ਲੋਕਾਂ ਨੂੰ ਘਰ ਸ਼ਰਾਬ ਕੱਢਣ ਦੀ ਖੁਲ੍ਹ ਦਿਤੀ ਜਾਵੇ ਤਾਂ ਕਿ ਉਹ ਵਧੀਆ ਕਿਸਮ ਦੀ ਸ਼ਰਾਬ ਕੱਢ ਕੇ ਪੀਣ ਔਰ ਇਸ ਨਾਲ ਉਨ੍ਹਾਂ ਦਾ ਨੁਕਸਾਨ ਨਾ ਹੋਵੇ। (ਹਾਸਾ) (ਥੰਪਿੰਗ) (ਆਵਾਜ਼ਾਂ : ਵੈਰੀ ਗੁੱਡ, ਵੈਰੀ ਗੁੱਡ) ਸਪੀਕਰ ਸਾਹਿਬ, ਇਸ ਤਰ੍ਹਾਂ ਸਰਕਾਰ ਵੀ ਸ਼ਰਾਬ ਟੈਕਸ ਲਾ ਕੇ ਰੈਵੇਨਿਊ ਪੂਰਾ ਕਰ ਸਕੇਗੀ ਔਰ ਲੋਕ ਵੀ ਆਪਣੀ ਮਰਜ਼ੀ ਨਾਲ ਸੰਗਤਰੇ ਵਗੈਰਾ ਪਾ ਕੇ ਵਧੀਆ ਕਿਸਮ ਦੀ ਸ਼ਰਾਬ ਕੱਢਕੇ ਪੀਣਗੇ। ਕੀ ਇਸ ਤਰ੍ਹਾਂ ਦੀ ਖੁੱਲ੍ਹ ਦੇਣ ਨੂੰ ਸਰਕਾਰ ਤਿਆਰ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਸਰਦਾਰ ਜੀਵਨ ਸਿੰਘ ਉਮਰਾਨੰਗਲ ਜੀ ਨੇ ਆਪਣੇ ਬਿਆਨ ਵਿਚ ਇਹ ਗੱਲ ਕਹੀ ਹੈ ਕਿ ਇਸ ਤਰ੍ਹਾਂ ਇਹ ਸ਼ਰਾਬ ਬੰਦ ਨਹੀਂ ਹੋਣੀ, ਇਸ ਨੂੰ ਕੱਢਣ ਲਈ ਲੋਕਾਂ ਨੂੰ ਖੁਲ੍ਹ ਦੇ ਦਿਓ, ਜਿਹੜੀ ਮਰਜ਼ੀ ਹੋਵੇ, ਜਿਤਨੀ ਮਰਜ਼ੀ ਹੋਵੇ ਕੋਈ ਕੱਢੇ ਤੇ ਪੀਵੇ। ਅਗਰ ਇਹ ਗੱਲ ਇਨ੍ਹਾਂ ਦੇ ਸਿੱਖੀ ਅਸੂਲਾਂ ਵਿਚ ਆਉਂਦੀ ਹੈ ਤਾਂ ਮੈਂ ਇਹ ਗੱਲ ਜ਼ਰੂਰ ਕਰ ਦੇਵਾਂਗਾ (ਹਾਸਾ) (ਥੰਪਿੰਗ)

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਸਪੀਕਰ ਸਾਹਿਬ, ਸਿੱਖ ਇਧਰ ਵੀ ਬੈਠੇ ਹਨ, ਅਤੇ ਸਿੱਖ ਇਨਾਂ ਵਾਲੇ ਪਾਸੇ ਵੀ ਬੈਠੇ ਹਨ। ਮੈਂ ਸਿੱਖੀ ਅਸੂਲਾਂ ਦੀ ਗਲ ਨਹੀਂ ਕਰਦਾ ਸ਼ਰਾਬ ਪੀਣ ਵਾਲੇ ਲੋਕਾਂ ਦੀ ਗਲ ਕਰਦਾ ਹਾਂ। ਮੈਂ ਕਹਿੰਦਾ ਹਾਂ ਕਿ ਇਹ ਜਦੋਂ ਬੰਦ ਹੋਣੀ ਹੀ ਨਹੀਂ ਹੈ ਤਾਂ ਫਿਰ ਲੋਕਾਂ ਨੂੰ ਖੁਲ੍ਹ ਦੇ ਦਿਓ।

**ਸ੍ਰੀ ਸਪੀਕਰ** : ਉਮਰਾਨੰਗਲ ਸਾਹਿਬ, ਮੈਨੂੰ ਬੜਾ ਅਫਸੋਸ ਹੈ ਕਿ ਪ੍ਰੋਫੈਸਰ ਬਲਵੰਤ ਸਿਘ ਹੋਰੀਂ ਸਪਲੀਮੈਂਟਰੀ ਕਰਨ ਲਈ ਕਦੋਂ ਦੇ ਖੜ੍ਹੇ ਹਨ। ਇਸ ਲਈ ਹੁਣ ਤੁਸੀਂ ਬੈਠ ਜਾਓ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਠੇਕਿਆਂ ਨੂੰ ਬੰਦ ਕਰਵਾਉਣ ਵਾਸਤੇ ਦਰਖਾਸਤ ਦੇਣੀ ਪੈਂਦੀ ਹੈ। ਉਹ ਦਰਖਾਸਤ ਅਕਤੂਬਰ ਦੇ ਮਹੀਨੇ ਤੱਕ ਹੀ ਦੇਣੀ ਹੁੰਦੀ ਹੈ ਪਰ ਜਿਹੜੇ ਚਲਾਕ ਠੇਕੇਦਾਰ ਹੁੰਦੇ ਹਨ ਉਹ ਐਕਸਾਈਜ਼ ਮਹਿਕਮੇਂ ਦੇ ਕਰਮਚਾਰੀਆਂ ਨਾਲ ਰਲ ਮਿਲ ਕੇ ਇਸ ਡੇਟ ਤੋਂ ਪਿਛੋਂ ਉਥੇ ਹੀ ਠੇਕਾ ਲੈ ਲੈਂਦੇ ਹਨ ਔਰ ਫਿਰ ਅਸੀਂ ਕੁਝ ਕਰ ਨਹੀਂ ਸਕਦੇ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਡੇਟ ਵਿਚ ਢਿੱਲ ਦੇਣ ਨੂੰ ਤਿਆਰ ਹੈ ਤਾਕਿ ਉਸ ਤੋਂ ਬਾਅਦ ਵੀ ਠੇਕਾ ਬੰਦ ਕਰਵਾਉਣ ਵਾਸਤੇ ਦਰਖਾਸਤ ਦਿੱਤੀ ਜਾ ਸਕੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਹੜੀ ਡੇਟ ਹੈ ਉਸ ਦਾ ਮੈਨੂੰ ਪਤਾ ਨਹੀਂ। ਇਸ ਦਾ ਜਵਾਬ ਮੈਂ ਹੁਣੇ ਨਹੀਂ ਦੇ ਸਕਦਾ। ਬਾਅਦ ਵਿਚ ਦੇਖ ਕੇ ਦਸ ਸਕਦਾ ਹਾਂ।

**ਸ੍ਰੀ ਚਮਨ ਲਾਲ** : ਸਪੀਕਰ ਸਾਹਿਬ, ਅਕਾਲੀ ਸਰਕਾਰ ਦੇ ਵਕਤ ਨਿਹੰਗਾਂ ਨੇ ਨਜਾਇਜ਼ ਤਰੀਕੇ ਨਾਲ ਜ਼ਮੀਨਾਂ ਤੇ ਕਬਜ਼ਾ ਕੀਤਾ ਅਤੇ ਉਥੇ ਨਜਾਇਜ਼ ਸ਼ਰਾਬ ਬਣਾਉਂਦੇ ਰਹੇ ਹਨ (ਵਿਘਨ) ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਹਾਂ ਕਿ ਉਥੇ ਉਨ੍ਹਾਂ ਨਿਹੰਗਾਂ ਨੇ ਨਜਾਇਜ਼ ਅਸਲਾ ਵੀ ਰੱਖਿਆ ਪਰ ਪੁਲਿਸ ਕੁਝ ਨਹੀਂ ਕਰਦੀ ਰਹੀ.........(ਵਿਘਨ)

(ਇਸ ਵੇਲੇ ਆਪੋਜੀਸ਼ਨ ਪੇਾਰਟੀ ਦੇ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋਕੇ ਬਗੈਰ ਪਰਮਿਸ਼ਨ ਦੇ ਬੋਲ ਰਹੇ ਸਨ ਪਰ ਸਦਨ ਵਿਚ ਸ਼ੋਰ ਪੈਣ ਕਾਰਣ ਕੁਝ ਸੁਣਾਈ ਨਹੀਂ ਦਿਤਾ।)

**ਸ੍ਰੀ ਸਪੀਕਰ** : ਤੁਸੀਂ ਉਨ੍ਹਾਂ ਨੂੰ ਬੋਲ ਲੈਣ ਦਿਓ। ਮੈਨੂੰ ਦੁੱਖ ਹੈ ਕਿ ਮੈਂ ਟਰੇਜ਼ਰੀ ਬੈਂਚਿਜ਼ ਨਾਲੋਂ ਇਧਰ ਜ਼ਿਆਦਾ ਟਾਈਮ ਦੇ ਰਿਹਾ ਹਾਂ। (ਵਿਘਨ) ਮੇਰੀ ਗਲ ਤਾਂ ਸੁਣ ਲਓ। ਤੁਹਾਨੂੰ ਜ਼ਰੂਰ ਟਾਈਮ ਮਿਲੇਗਾ। (ਵਿਘਨ) ਸ੍ਰੀ ਚਮਨ ਲਾਲ ਜੀ ਨੂੰ ਬੋਲ ਲੈਣ ਦਿਓ ਉਸ ਤੋਂ ਬਾਅਦ ਤੁਸੀਂ ਕਹਿ ਲੈਣਾ।

Original with;
Punjab Vidhan Sabha
Digitized by;
Panjab Digital Library

**ਸ੍ਰੀ ਚਮਨ ਲਾਲ :** ਮੈਂ ਇਹ ਕਹਿ ਰਿਹਾ ਸੀ ਕਿ ਜਿਹੜੀ ਅਕਾਲੀ ਸਰਕਾਰ ਦੇ ਵੇਲੇ ਨਿਹੰਗ, ਨਜਾਇਜ਼ ਤਰੀਕੇ ਨਾਲ ਜ਼ਮੀਨ ਤੇ ਕਬਜ਼ਾ ਕਰਕੇ, ਉਥੇ ਆਪਣਾ ਅਸਲਾ ਆਦਿ ਲੈ ਗਏ ਅਤੇ ਸ਼ਰਾਬ ਕਢਦੇ ਰਹੇ ਹਨ ਕੀ ਉਸ ਨੂੰ ਚੀਫ ਮਨਿਸਟਰ ਸਾਹਿਬ ਚੈੱਕ ਕਰਨਗੇ ? ਉਥੇ ਉਨ੍ਹਾਂ ਦੇ ਡਰ ਦੇ ਮਾਰੇ ਪੁਲਿਸ ਵੀ ਨਹੀਂ ਜਾਂਦੀ । (ਵਿਘਨ)

(ਕੋਈ ਉੱਤਰ ਨਹੀਂ ਆਇਆ ।)

(ਇਸ ਵੇਲੇ ਅਕਾਲੀ ਪਾਰਟੀ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋਕੇ ਸ੍ਰੀ ਚਮਨ ਲਾਲ ਜੀ ਵਲ ਇਸ਼ਾਰਾ ਕਰਕੇ ਕੁਝ ਬੋਲ ਰਹੇ ਸਨ, ਜਿਸ ਕਾਰਣ ਹਾਊਸ ਵਿਚ ਕਾਫੀ ਸ਼ੋਰ ਸੀ ਅਤੇ ਕੁਝ ਸਾਫ ਸੁਣਾਈ ਨਹੀਂ ਦਿਤਾ ।)

**ਸ੍ਰੀ ਸਪੀਕਰ :** ਤੁਸੀਂ ਬੈਠੋ । ਮਜੀਠਾ ਸਾਹਿਬ ਨੂੰ ਬੋਲ ਲੈਣ ਦਿਓ ।

**ਵੈਦ ਕਰਤਾਰ ਸਿੰਘ :** ਸਪੀਕਰ ਸਾਹਿਬ, ਤੁਸੀਂ ਮੈਨੂੰ ਟਾਈਮ ਨਹੀਂ ਦਿੰਦੇ । ਸ੍ਰੀ ਚਮਨ ਲਾਲ ਗਲਤ ਗੱਲਾਂ ਕਹਿ ਗਏ ਹਨ । ਤੁਸੀਂ ਉਨ੍ਹਾਂ ਨੂੰ ਨਹੀਂ ਰੋਕਿਆ । (ਵਿਘਨ) ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸ੍ਰੀ ਚਮਨ ਲਾਲ ਗਲਤ ਗਲਾਂ ਕਰਕੇ ਹਾਊਸ ਨੂੰ ਗੁਮਰਾਹ ਕਰ ਰਹੇ ਹਨ ।

(ਇਸ ਵੇਲੇ ਅਕਾਲੀ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਖੜ੍ਹੇ ਹੋਕੇ ਬਗੈਰ ਪਰਮਿਸ਼ਨ ਦੇ ਬੋਲ ਰਹੇ ਸਨ ਪਰ ਸਦਨ ਵਿਚ ਸ਼ੋਰ ਪੈਣ ਕਾਰਣ ਕੁਝ ਸੁਣਾਈ ਨਹੀਂ ਦਿੱਤਾ ।)

**ਸ੍ਰੀ ਸਪੀਕਰ :** ਤੁਸੀਂ ਬੈਠ ਜਾਓ । ਮੈਂ, ਮਜੀਠਾ ਸਾਹਿਬ ਦਾ ਨਾਂ ਲਿਆ ਹੈ, ਪਹਿਲੇ ਉਨ੍ਹਾਂ ਨੂੰ ਬੋਲ ਲੈਣ ਦਿਓ ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ :** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਵਿਚ ਬੜੇ ਲਾਰਜ ਸਕੇਲ ਤੇ ਅਫੀਮ ਦੀ ਸਮੱਗਲਿੰਗ ਹੁੰਦੀ ਹੈ ਅਤੇ ਉਹ ਇਸ ਤਰ੍ਹਾਂ ਚਲਦੀ ਹੈ ਜਿਵੇਂ ਕਿ ਬੈਂਕਾਂ ਵਿਚ ਲਿਮਿਟ ਮੁਕੱਰਰ ਕੀਤੀ ਹੁੰਦੀ ਹੈ । ਉਸੇ ਤਰ੍ਹਾਂ ਇਥੇ ਵੀ ਅਫੀਮ ਦੀ ਲਿਮਿਟ ਮੁਕੱਰਰ ਹੈ । ਕਿਸੇ ਨੂੰ 10 ਹਜ਼ਾਰ ਦੀ ਅਫੀਮ ਦੀ ਲਿਮਿਟ ਮੁਕੱਰਰ ਹੈ ਅਤੇ ਕਿਸੇ ਨੂੰ 20 ਹਜ਼ਾਰ ਦੀ । ਇਥੇ ਹੀ ਬਸ ਨਹੀਂ, ਅਫੀਮ ਦੀ ਏਜੰਸੀ ਰੱਖਣ ਵਾਲੇ ਨੂੰ ਮੋਟਰ ਸਾਈਕਲ ਤਕ ਪਰੋਵਾਈਡ ਕੀਤੇ ਜਾਂਦੇ ਹਨ ਅਤੇ ਬਕਾਇਦਾ ਜਿਸ ਤਰ੍ਹਾਂ ਬੈਂਕਾਂ ਦੀ ਉਗਰਾਹੀ ਹੁੰਦੀ ਹੈ ਉਸੇ ਤਰ੍ਹਾਂ ਇਥੇ ਵੀ ਉਗਰਾਹੀ ਕੀਤੀ ਜਾਂਦੀ ਹੈ । ਕੀ ਚੀਫ ਮਨਿਸਟਰ ਸਾਹਿਬ ਨੂੰ ਇਸ ਦਾ ਇਲਮ ਹੈ, ਜੇ ਨਹੀਂ ਤਾਂ ਕੀ ਉਹ ਇਸ ਦੀ ਇਨਕੁਆਇਰੀ ਕਰਕੇ ਉਨ੍ਹਾਂ ਦੇ ਖਿਆਫ ਐਕਸ਼ਨ ਲੈਣਗੇ ? ਵੱਡੇ ਵੱਡੇ ਮਨਾਪਲਿਸਟਾਂ ਨੇ ਇਹ ਧੰਦਾ ਸ਼ੁਰੂ ਕੀਤਾ ਹੋਇਆ ਹੈ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਮਜੀਠਾ ਸਾਹਿਬ ਨੇ ਜੋ ਸਵਾਲ ਉਠਾਇਆ ਹੈ ਉਹ ਠੀਕ ਹੈ । ਇਹ ਹੋ ਸਕਦਾ ਹੈ ਕਿ ਉਧਰੋਂ ਜ਼ਿਆਦਾ ਇੰਪੋਰਟ ਹੁੰਦੀ ਹੋਈ ਹੋਵੇ ਪਰ ਇਹ ਸਮੱਗਲਿੰਗ ਹੋਰ ਵੀ ਕਈ ਜ਼ਿਲ੍ਹਿਆਂ ਵਿਚ ਹੁੰਦੀ ਹੈ । (ਵਿਘਨ) ਮੈਂ ਨਾਂ ਨਹੀਂ ਲੈਣਾ ਚਾਹੁੰਦਾ । ਜੇ ਕਹੋ ਤਾਂ ਮੈਂ ਦਸ ਦਿਆਂਗਾ । ਮੈਂ ਜ਼ਰਾ ਰਿਸਟਰੇਂਟ ਨਾਲ ਚਲਣ ਵਾਲਾ ਹਾਂ । (ਵਿਘਨ) ਮੈਨੂੰ ਇੰਜ ਲਗਦਾ ਹੈ ਕਿ ਤੁਸੀਂ ਕਿਸੇ ਖਾਸ ਆਦਮੀ ਦੇ ਖਿਲਾਫ਼ ਬੋਲ ਰਹੇ ਹੋ । ਤੁਹਾਡਾ ਮੰਤਵ ਤਾਂ ਇਹੀ ਲਗਦਾ ਹੈ । ਸਪੀਕਰ ਸਾਹਿਬ, ਮੈਂ ਸਿਰਫ ਐਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਸਮਗਲਿੰਗ ਨੂੰ ਰੋਕਣ ਵਾਸਤੇ ਮੈਂ ਕੋਈ ਸ਼ਕਲ ਵੇਖ ਕੇ ਜਾਂ ਪਾਰਟੀ ਵੇਖ ਕੇ ਫੈਸਲਾ ਨਹੀਂ ਕਰਨਾ । (ਇਕ ਆਵਾਜ਼ : ਇਮਾਨਦਾਰੀ ਨਾਲ ਕਰੋ ।) ਇਮਾਨਦਾਰੀ ਤਾਂ ਜਿਹੜੀ ਅੱਗੇ ਰਹੀ ਹੈ ਉਹ ਸਭ ਨੂੰ ਪਤਾ ਹੈ । ਪਰ ਇਹ ਇਮਾਨਦਾਰੀ ਹੁਣ ਜ਼ਰੂਰ ਆਵੇਗੀ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮੈਂ ਇਹ ਅਰਜ਼ ਕਰਦਾ ਹਾਂ ਕਿ ਕੋਈ ਵੀ ਆਦਮੀ ਜਿਹੜਾ ਇਸ ਵਿਚ ਡੀਲ ਕਰਦਾ ਹੈ ਭਾਵੇਂ ਉਹ ਕਾਂਗਰਸੀ ਹੈ, ਭਾਵੇਂ ਅਕਾਲੀ ਹੈ ਜਾਂ ਜਨ ਸੰਘੀ ਹੈ ਉਸ ਨਾਲ ਲਿਹਾਜ਼ ਨਹੀਂ ਕੀਤਾ ਜਾਵੇਗਾ। (ਇਕ ਆਵਾਜ਼ : ਸਵਾਲ ਦਾ ਜਵਾਬ ਨਹੀਂ ਆਇਆ।) ਮੇਰੀ ਅਰਜ਼ ਇਹ ਹੈ ਕਿ ਮੈਂ ਪਿੱਛੇ ਐਸ. ਪੀਜ਼. ਅਤੇ ਡੀ ਐਸ. ਪੀਜ਼ ਨੂੰ ਬੁਲਾ ਕੇ ਇਹ ਹਦਾਇਤ ਕੀਤੀ ਹੈ ਕਿ ਪਹਿਲੇ ਤਾਂ ਸ਼ਹਿਰਾਂ ਅਤੇ ਕਸਬਿਆਂ ਵਿਚੋਂ ਗੁੰਡਾ ਗਰਦੀ ਬਿਲਕੁਲ ਖ਼ਤਮ ਕਰ ਦਿਓ। ਜਿਹੜੇ ਮਾੜੇ ਆਦਮੀ ਹਨ, ਗੁੰਡਾ ਗਰਦੀ ਕਰਦੇ ਹਨ, ਜਾਂ ਹੋਰ ਕੋਈ ਇਸ ਤਰ੍ਹਾਂ ਦੇ ਕੰਮ ਕਰਦੇ ਹਨ ਉਨ੍ਹਾਂ ਨੂੰ ਪਕੜੋ। ਮੈਂ ਇਸ ਸਬੰਧ ਵਿਚ ਗਵਰਨਰ ਐਡਰੈਸ ਤੇ ਜਿਸ ਵੇਲੇ ਬੋਲਾਂਗਾ ਉਸ ਵੇਲੇ ਪੂਰੀ ਡੀਟੇਲ ਨਾਲ ਦਸਾਂਗਾ। ਇਸ ਲਈ, ਮੈਂ ਇਹ ਕਹਿੰਦਾ ਹਾਂ ਕਿ ਪਹਿਲੇ ਮੈਨੂੰ ਇਕ ਮੰਜ਼ਿਲ ਪੂਰੀ ਕਰ ਲੈਣ ਦਿਓ। ਫਿਰ, ਮੈਂ ਅੰਮ੍ਰਿਤਸਰ ਅਤੇ ਹੋਰ ਜ਼ਿਲ੍ਹਿਆਂ ਨੂੰ ਵੀ ਹੱਥ ਪਾਵਾਂਗਾ। ਮੈਨੂੰ ਇਹ ਖੁਸ਼ੀ ਹੈ ਕਿ ਹੁਣ ਤੱਕ ਅਸੀਂ ਜਿਹੜੇ ਵੀ ਬੰਦੇ ਫੜੇ ਹਨ, ਮੇਰੇ ਕੋਲ ਕੋਈ ਮੈਂਬਰ ਉਨ੍ਹਾਂ ਦੀ ਸਿਫਾਰਸ਼ ਲੈ ਕੇ ਨਹੀਂ ਆਇਆ ਕਿ ਇਸ ਨੂੰ ਨਾ ਫੜੋ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਅਸੀਂ ਗਲਤ ਆਦਮੀਆਂ ਨੂੰ ਹੀ ਫੜਾਂਗੇ ਅਤੇ ਉਨ੍ਹਾਂ ਨੂੰ ਸਜ਼ਾ ਦੇਵਾਂਗੇ, ਛੱਡਾਂਗੇ ਨਹੀਂ।

(ਇਸ ਵੇਲੇ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਸਨ ਪਰ ਸ੍ਰੀ ਸਪੀਕਰ ਨੇ ਸਰਦਾਰ ਗੁਰਦਰਸ਼ਨ ਸਿੰਘ ਨੂੰ ਬੋਲਣ ਲਈ ਕਿਹਾ।)

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਸਪੀਕਰ ਸਾਹਿਬ, ਸਾਨੂੰ ਵੀ ਬੋਲ ਲੈਣ ਦਿਓ। ਮੈਂ ਕਈ ਵਾਰ ਖੜ੍ਹਾ ਹੋਇਆ ਹਾਂ।

**ਸ੍ਰੀ ਸਪੀਕਰ** : ਸਰਦਾਰ ਗੁਰਦਰਸ਼ਨ ਸਿੰਘ, ਜੀ, ਤੁਸੀਂ ਇਨ੍ਹਾਂ ਤੋਂ ਬਾਅਦ ਕਹਿ ਲੈਣਾ।

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਸਪੀਕਰ ਸਾਹਿਬ, ਸਵਾਲ ਇਹ ਸ਼ੁਰੂ ਹੋਇਆ ਸੀ ਕਿ ਸ਼ਰਾਬ ਗਲਤ ਪੀਣ ਨਾਲ ਲੋਕਾਂ ਦੀਆਂ ਮੌਤਾਂ ਹੋ ਗਈਆਂ ਹਨ। ਇਹ ਜਿਹੜੀ ਸ਼ਰਾਬ ਹੈ ਇਸ ਦਾ ਸਾਡੇ ਸਮਾਜ ਨਾਲ ਤੁਅੱਲਕ ਹੈ। ਪੰਜਾਬ ਵਿਚ ਸ਼ਰਾਬ ਬਹੁਤ ਜ਼ਿਆਦਾ ਬਣਦੀ ਹੈ। ਇਹ ਤਾਂ ਇਥੇ ਕਾਟੇਜ ਇੰਡਸਟਰੀ ਦੀ ਤਰ੍ਹਾਂ ਹੀ ਬਣੀ ਹੋਈ ਹੈ। ਇਸ ਨੂੰ ਰੋਕਣ ਵਾਸਤੇ ਕਈ ਕੁਝ ਕਹੀ ਜਾਵੇ ਪਰ ਇਸ ਤੇ ਕੋਈ ਪਾਬੰਦੀ ਨਹੀਂ ਲਾ ਸਕਿਆ। ਚਾਹੇ ਜਿੰਨੀਆਂ ਵੀ ਹਕੂਮਤ ਆਈਆਂ ਹਨ। ਇਥੋਂ ਤੱਕ ਕਿ 1861 ਵਿਚ ਵੀ ਇਹ ਕਿਹਾ ਗਿਆ ਸੀ ਕਿ ਪੰਜਾਬ ਵਿਚ ਸਪਿਰਟ ਬਹੁਤ ਬਣਦੀ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਨੂੰ ਅੱਜ ਤਕ ਕੋਈ ਨਹੀਂ ਰੋਕ ਸਕਿਆ। ਇਸ ਨੂੰ ਬੰਦ ਕਰਨ ਵਾਸਤੇ ਪੁਲਿਸ ਵਾਲੇ ਘਰਾਂ ਵਿਚ ਜਾਂਦੇ ਹਨ, ਔਰਤਾਂ ਦੀ ਬੇਇਜ਼ਤੀ ਕਰਦੇ ਹਨ ਪਰ ਸ਼ਰਾਬ ਬੰਦ ਨਹੀਂ ਹੁੰਦੀ। ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁਲਿਸ ਅਫ਼ਸਰ ਹੋਣ ਦੇ ਨਾਤੇ ਦਸਣਾ ਚਾਹੁੰਦਾ ਹਾਂ ਕਿ ਇਹ ਬੰਦ ਨਹੀਂ ਹੋ ਸਕਦੀ। (ਵਿਘਨ) ਮੈਂ ਤਾਂ ਸੀ. ਐਮ. ਸਾਹਿਬ ਨੂੰ ਬੇਨਤੀ ਕਰ ਰਿਹਾ ਹਾਂ। ਤੁਸੀਂ ਸੁਣ ਲਓ। ਇਸ ਨੂੰ ਬੰਦ ਕਰਨ ਵਾਸਤੇ ਸਾਰੀਆਂ ਪਾਰਟੀਆਂ ਦੀ ਮਿਲ ਕੇ ਇਕ ਮੀਟਿੰਗ ਹੋਣੀ ਚਾਹੀਦੀ ਹੈ ਅਤੇ ਉਸ ਵਿਚ ਉਨ੍ਹਾਂ ਦੇ ਸੁਝਾਅ ਲਏ ਜਾਣੇ ਚਾਹੀਦੇ ਹਨ। (ਵਿਘਨ) ਅਸੀਂ ਆਪਣੀ ਗਲਤੀ ਮੰਨਦੇ ਹਾਂ ਕਿ ਅਸੀਂ ਆਪਣੀ ਹਕੂਮਤ ਵੇਲੇ ਵੀ ਇਸ ਤੇ ਪਾਬੰਦੀ ਨਹੀਂ ਲਗਾ ਸਕੇ ਪਰ ਮੈਂ ਹੁਣ ਇਸ ਸਰਕਾਰ ਨੂੰ ਸੁਝਾਅ ਦਿੰਦਾ ਹਾਂ ਕਿ ਚਾਹੇ ਤੁਸੀਂ ਪੰਜਾਬ ਦੇ ਸਾਰੇ ਲੋਕ ਪੁਲਿਸ ਵਿਚ ਕਨਵਰਟ ਕਰ ਦਿਓ ਫਿਰ ਵੀ ਇਹ ਸ਼ਰਾਬ ਬਣਨੀ ਰੁਕ ਨਹੀਂ ਸਕਣੀ। ਇਸ ਲਈ ਤੁਹਾਨੂੰ ਸਾਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਬੁਲਾ ਕੇ ਮੀਟਿੰਗ ਕਰਨੀ ਚਾਹੀਦੀ ਹੈ ਜੇ ਤੁਸੀਂ ਇਸ ਚੀਜ਼ ਨੂੰ ਖ਼ਤਮ ਕਰਨ ਦਾ ਕੋਈ ਇਰਾਦਾ ਰਖਦੇ ਹੋ।

(ਕੋਈ ਉੱਤਰ ਨਹੀਂ ਆਇਆ।)

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ)

**(ਵਿਘਨ) (ਸ਼ੋਰ)**

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ:** ਤੁਸੀਂ ਸਾਰੇ ਬੈਠ ਜਾਓ । ਤਿੰਨ ਸਵਾਲ ਅਜੇ ਹੋਰ ਡਿਸਪੋਜ਼ ਆਫ਼ ਕਰਨੇ ਹਨ (ਵਿਘਨ) Next question please.

---

**Construction of a New Building for 50 Bed Hospital at Sultanpur Lodhi Sub-Division Head-quarters**

*26. **Sardar Atma Singh:** Will the Chief Minister be pleased to State :—

(a) the steps so far taken for the construction of a new building for the 50 bed hospital at Sultanpur Lodhi Sub Division Head-quarters;

(b) the time by which the said building is likely to be completed and the hospital is likely to start functioning;

(c) the amount required for the repairs of the present building of the hospital and maintenance of X-Ray plant and the steps being taken to provide for the same?

**Sardar Darbara Singh** (a) Land has been acquired and estimates for the building have been prepared by the Public Works Department.

(b) Not yet decided.

(c) A sum of Rs. 25,000 for repair of the present hospital building will be spent during the current year. As regards the X-Ray plant, a sum of Rs. 5,980 has been sanctioned for repairs which will be undertaken shortly by the manufacturers of the X-Ray Plant.

**ਸਰਦਾਰ ਆਤਮਾ ਸਿੰਘ:** ਸਪੀਕਰ ਸਾਹਿਬ, ਦੋ ਦਿਨ ਹੋਏ ਇਕ ਮੈਂਬਰ ਦੇ ਸਵਾਲ ਦਾ ਜਵਾਬ ਅੰਗਰੇਜ਼ੀ ਵਿਚ ਦਿਤਾ ਗਿਆ ਸੀ ਕਿਉਂ ਕਿ ਅੰਗਰੇਜ਼ੀ ਵਿਚ ਸਵਾਲ ਮੈਂਬਰ ਨੇ ਪੁੱਛਿਆ ਸੀ। ਪਰ ਆਪ ਨੇ ਕਿਹਾ ਸੀ ਕਿ ਜੇਕਰ ਅੰਗਰੇਜ਼ੀ ਵਿਚ ਸਵਾਲ ਪੁੱਛੋਗੇ ਤਾਂ ਅੰਗਰੇਜ਼ੀ ਵਿਚ ਜਵਾਬ ਮਿਲੇਗਾ ਅਤੇ ਜੇਕਰ ਪੰਜਾਬੀ ਵਿਚ ਸਵਾਲ ਪੁੱਛੋਗੇ ਤਾਂ ਪੰਜਾਬੀ ਵਿਚ ਜਵਾਬ ਮਿਲੇਗਾ। ਮੈਂ ਪੰਜਾਬੀ ਵਿਚ ਸਵਾਲ ਦਿਤਾ ਸੀ ਪਰ ਜਵਾਬ ਅੰਗਰੇਜ਼ੀ ਵਿਚ ਦਿਤਾ ਗਿਆ ਹੈ । ਕ੍ਰਿਪਾ ਕਰਕੇ ਮੁੱਖ ਮੰਤਰੀ ਜੀ ਮੈਨੂੰ ਪੰਜਾਬੀ ਵਿਚ ਜਵਾਬ ਦੇਣ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਮੈਂ ਪੰਜਾਬੀ ਵਿਚ ਪੜ੍ਹ ਦਿੰਦਾ ਹਾਂ :—

(ੳ) ਜ਼ਮੀਨ ਐਕੁਆਇਰ ਕਰ ਲਈ ਗਈ ਹੈ ਅਤੇ ਲੋਕ ਨਿਰਮਾਣ ਵਿਭਾਗ ਵਲੋਂ ਬਿਲਡਿਗ ਦਾ ਐਸਟੀਮੇਟ ਤਿਆਰ ਕਰ ਲਿਆ ਗਿਆ ਹੈ ।

(ਅ) ਅਜੇ ਫੈਸਲਾ ਨਹੀਂ ਕੀਤਾ ਗਿਆ।

(ੲ) ਵਰਤਮਾਨ ਸਾਲ ਵਿਚ ਹੰਸਪਤਾਲ ਦੀ ਬਿਲਡਿੰਗ ਦੀ ਮੁਰੰਮਤ ਤੇ 25,000 ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ । ਜਿਥੋਂ ਤੱਕ ਐਕਸਰੇ ਪਲਾਂਟ ਦਾ ਸਬੰਧ ਹੈ, 5,980 ਰੁਪਏ ਦੀ ਰਕਮ ਇਸ ਦੀ ਮੁਰੰਮਤ ਲਈ ਸੈਂਕਸ਼ਨ ਕੀਤੀ ਗਈ ਹੈ ਜੋ ਕਿ ਐਕਸਰੇ ਪਲਾਂਟ ਦੇ ਮੈਨੂਫੈਕਚਰਰਾਂ ਵਲੋਂ ਜਲਦੀ ਹੀ ਅੰਡਰਟੇਕ ਕੀਤੀ ਜਾਵੇਗੀ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਆਤਮਾ ਸਿੰਘ** : ਮੁੱਖ ਮੰਤਰੀ ਜੀ ਨੇ ਫਰਮਾਇਆ ਹੈ ਕਿ ਅਜੇ ਤਕ ਇਸ ਗੱਲ ਦਾ ਫੈਸਲਾ ਨਹੀਂ ਕੀਤਾ ਗਿਆ ਕਿ ਹਸਪਤਾਲ ਕਦੋਂ ਬਣੇਗਾ ਔਰ ਕਦੋਂ ਕੰਮ ਸ਼ੁਰੂ ਹੋਵੇਗਾ । ਐਸਟੀਮੇਟ ਬਣ ਗਿਆ ਹੈ ਅਤੇ ਲੈਂਡ ਐਕੁਆਇਰ ਹੋ ਗਈ ਹੈ । ਪੰਜਾਬ ਦੀ ਪਿਛਲੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਹਰ ਸਬ ਡਵੀਜ਼ਨ ਵਿਚ 50 ਬਿਸਤਰਿਆਂ ਦਾ ਹਸਪਤਾਲ ਬਣਾਇਆ ਜਾਵੇਗਾ। ਸੁਲਤਾਨ ਪੁਰ ਲੋਧੀ ਦਾ ਇਲਾਕਾ ਫਲੈਡ ਇਫੈਕਟਿਡ ਹੈ। ਕੀ ਉਥੇ 50 ਬਿਸਤਰਿਆਂ ਦਾ ਹਸਪਤਾਲ ਬਣਾਉਣ ਲਈ ਪਰਾਇਰਟਰੀ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਸਾਲ ਮੁਰੰਮਤ ਵਾਸਤੇ ਪੈਸੇ ਰੱਖੇ ਗਏ ਹਨ ਬਾਕੀ ਜੇ ਪੈਸੇ ਦੀ ਥੁੜ ਨਾ ਹੋਈ ਤਾਂ ਇਸ ਨੂੰ ਜ਼ਰੂਰ ਪਹਿਲੇ ਦਰਜੇ ਵਿਚ ਰਖਿਆ ਜਾਵੇਗਾ।

**ਸਰਦਾਰ ਬਲਵੰਤ ਸਿੰਘ** : ਸਪੀਕਰ ਸਾਹਿਬ, ਪਿਛਲੀ ਸਰਕਾਰ ਦੀਆਂ ਡਿਵੈਲਪਮੈਂਟ ਦੀਆਂ ਸਕੀਮਾਂ ਦੇ ਸਿਲ ਸਿਲੇ ਵਿਚ ਕੁਮਿਟਮੈਂਟਸ ਸਨ ਅਤੇ ਇਨ੍ਹਾਂ ਬਾਰੇ ਪਲਾਨ ਵੀ ਤਿਆਰ ਹੋ ਗਈ ਸੀ। ਕੀ ਇਹ ਮੌਜਦਾ ਸਰਕਾਰ ਉਨ੍ਹਾਂ ਕੁਮਿਟਮੈਂਟਸ ਨੂੰ ਪੂਰਿਆਂ ਕਰੇਗੀ ਜਾਂ ਨਹੀਂ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਹੜੀਆਂ ਵਾਜਬ ਹੋਈਆਂ, ਉਨ੍ਹਾਂ ਵਲ ਜ਼ਰੂਰ ਧਿਆਨ ਦੇਵਾਂਗੇ ।

**ਸਰਦਾਰ ਉਜਾਗਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਮੁੱਖ ਮੰਤਰੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਜਦੋਂ ਸਰਦਾਰ ਗੁਰਮੀਤ ਸਿੰਘ ਦੀ ਮ੍ਰਿਤੂ ਦੇ ਭੋਗ ਤੇ ਮੁਕਤਸਰ ਗਏ ਸਨ ਤਾਂ ਉਥੇ ਉਹ ਵਾਅਦਾ ਕਰ ਕੇ ਆਏ ਸਨ ਕਿ ਇਕ ਹਸਪਤਾਲ ਬਣਾਇਆ ਜਾਵੇਗਾ । ਕੀ ਮੁੱਖ ਮੰਤਰੀ ਜੀ ਪਿਛਲੇ ਮੁੱਖ ਮੰਤਰੀ ਦਾ ਇਹ ਵਾਅਦਾ ਹਸਪਤਾਲ ਬਣਾਉਣ ਦਾ ਪੂਰਾ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਨੂੰ ਪਤਾ ਨਹੀਂ ਸਾਡੇ ਰਿਕਾਰਡ ਤੇ ਕੀ ਹੈ, ਮੈਂ ਦੇਖ ਕੇ ਦਸ ਸਕਦਾ ਹਾਂ ਔਰ ਉਸ ਦੇ ਮੁਤਾਬਿਕ ਹੀ ਜਵਾਬ ਦੇ ਸਕਦਾ ਹਾਂ ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਪਿਛੇ ਜਦੋਂ ਪੰਜਾਬ ਵਿਚ ਕਾਂਗਰਸ ਸਰਕਾਰ ਸੀ ਤਾਂ ਉਸ ਨੇ ਜਲੰਧਰ ਵਿਚ 200 ਬਿਸਤਰਿਆਂ ਦੇ ਹਸਪਤਾਲ ਨੂੰ 400 ਬਿਸਤਰਿਆਂ ਦਾ ਹਸਪਤਾਲ ਕਰਨ ਦਾ ਫੈਸਲਾ ਕੀਤਾ ਸੀ ਪਰ ਅਕਾਲੀ ਸਰਕਾਰ ਨੇ ਉਸ ਕੰਮ ਨੂੰ ਬੰਦ ਕਰ ਦਿਤਾ । ਕੀ ਹੁਣ ਮੁੱਖ ਮੰਤਰੀ ਜੀ ਮੁੜ ਇਸ ਗੱਲ ਤੇ ਵਿਚਾਰ ਕਰਨਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ। ਇਹ ਇਨਫਰਮੇਸ਼ਨ ਮਹਿਕਮੇਂ ਤੋਂ ਲੈ ਕੇ ਹੀ ਮੈਂ ਦਸ ਸਕਦਾ ਹਾਂ ਕਿ ਆਇਆ ਇਸ ਗਲ ਦਾ ਪ੍ਰਬੰਧ ਕਰਨ ਵਾਸਤੇ ਕਿਸੇ ਨੇ ਕਿਹਾ ਸੀ ਜਾਂ ਨਹੀਂ ਕਿਹਾ ਸੀ।

**Construction of Patran Bridge over River Ghaggar to Link Villages Badshahpur and Patran in Block Samana**

*12. **Comrade Baldev Singh Loomba** Will the Chief Minister be pleased to state whether the Government have taken any decision to construct a bridge over River Ghaggar in order to link villages Badshahpur and Patran in Block Samana, District Patiala; if so, the time by which the construction of the said bridge is likely to be taken in hand?

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਬਾਰਾ ਸਿੰਘ** : ਨਹੀਂ ਜੀ ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ 'ਨਹੀਂ ਜੀ' ਕਹਿ ਦਿਤਾ ਹੈ । ਡੇਢ ਸਾਲ ਹੋ ਗਿਆ ਹੈ ਬਾਦਲ ਸਾਹਿਬ ਨੇ ਉਸ ਪੁਲ ਦਾ ਨੀਂਹ ਪੱਥਰ ਰਖਿਆ ਸੀ । ਉਥੇ ਸਾਮਾਨ ਵੀ ਅੱਧ ਪਚੱਧ ਪਹੁੰਚ ਗਿਆ ਸੀ ਅਤੇ ਠੇਕੇ ਦਾ ਇੰਤਜ਼ਾਮ ਹੋ ਗਿਆ ਸੀ ਪਰ ਮੁੱਖ ਮੰਤਰੀ ਜੀ ਨੇ ਹੁਣ ਕਿਹਾ ਹੈ ਕਿ ਸੈਂਕਸ਼ਨ ਨਹੀਂ ਹੋਈ ?

**ਮੁੱਖ ਮੰਤਰੀ** : ਮੈਨੂੰ ਪਤਾ ਨਹੀਂ ਕਿ ਉਥੇ ਸਾਮਾਨ ਹੈ ਜਾਂ ਨਹੀਂ, ਪਿਛਲੇ ਸੀ. ਐਮ. ਸਾਹਿਬ ਨੇ ਉਥੇ ਪੁਲ ਬਣਾਉਣ ਵਾਸਤੇ ਕਿਹਾ ਸੀ ਜਾਂ ਨਹੀਂ ਕਿਹਾ ਸੀ। ਅਗਰ ਕਿਹਾ ਤਾਂ ਕੀ ਪਾਤੜਾਂ ਮਾਰਕਿਟ ਕਮੇਟੀ ਪੈਸਾ ਜਮ੍ਹਾਂ ਕਰਾਏ। ਪਰ ਪਾਤੜਾਂ ਮਾਰਕਿਟ ਕਮੇਟੀ ਨੇ ਪੈਸਾ ਜਮ੍ਹਾਂ ਨਹੀ ਕਰਾਇਆ । ਇਸ ਕਰ ਕੇ ਫੰਡਜ਼ ਨਾ ਮਿਲਣ ਕਰ ਕੇ ਇਹ ਪੁਲ ਬਣ ਨਹੀਂ ਸਕਿਆ । ਪਰ ਜੇਕਰ ਹੁਣ ਫੰਡਜ਼ ਦੀ ਅਵੇਲੇਬਿਲਿਟੀ ਹੋਈ ਤਾਂ ਇਸ ਵੱਲ ਜ਼ਰੂਰ ਧਿਆਨ ਦੇਵਾਂਗੇ ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜਵਾਬ ਵਿਚ ਕਿਹਾ ਹੈ ਕਿ ਕੋਈ ਮਨਜ਼ੂਰੀ ਨਹੀਂ ਹੋਈ।

**ਮੁਖ ਮੰਤਰੀ** : ਸਪੀਕਰ ਸਾਹਿਬ, ਡਿਕਲੇਰੇਸ਼ਨ ਕਿਹਾ ਹੈ ਮਨਜ਼ੂਰੀ ਨਹੀਂ ਕਿਹਾ ।

**ਕਾਮਰੇਡ ਬਲਦੇਵ ਸਿਘ ਲੂੰਬਾ** : ਸਪੀਕਰ ਸਾਹਿਬ, ਮੁੱਖ ਮਤਰੀ ਜੀ ਨੇ ਕਿਹਾ ਹੈ ਕਿ ਪੈਸੇ ਜਮ੍ਹਾਂ ਨਹੀ ਕਰਾਏ ਔਰ ਜੇ ਪੈਸੇ ਜਮ੍ਹਾਂ ਕਰਾ ਦਿਦੇ ਤਾਂ ਹੀ ਪੁੱਲ ਬਣਨਾ ਸੀ। ਮੈਂ ਮੁੱਖ ਮੰਤਰੀ ਜੀ ਨੂੰ ਦਸਣਾ ਚਾਹੁੰਦਾ ਹਾਂ ਕਿ ਪਾਤੜਾਂ ਮਾਰਕਿਟ ਕਮੇਟੀ ਚਾਰ ਲੱਖ ਰੁਪਿਆ ਜਮ੍ਹਾਂ ਕਰਾ ਚੁੱਕੀ ਹੈ ਪਰ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਰੁਪਿਆ ਜਮ੍ਹਾਂ ਨਹੀਂ ਕਰਾਇਆ । ਸਪੀਕਰ ਸਾਹਿਬ, ਇਸ ਦੀ ਪੜਤਾਲ ਹੋਣੀ ਚਾਹੀਦੀ ਹੈ। ਕੀ ਮੁੱਖ ਮੰਤਰੀ ਜੀ ਇਸ ਦੀ ਪੜਤਾਲ ਕਰਵਾਉਣ ਲਈ ਤਿਆਰ ਹਨ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਦੀ ਪੜਤਾਲ ਜ਼ਰੂਰ ਕਰਵਾਂਵਾਂਗਾ। ਮਾਰਕਿਟ ਕਮੇਟੀ ਦਾ ਪੈਸਾ ਫਰੀਜ਼ ਹੋ ਗਿਆ ਹੈ। ਕਮਿਸ਼ਨ 2 ਫੀ ਸਦੀ ਤੋਂ 3 ਫੀ ਸਦੀ ਮਾਰਕਿਟ ਕਮੇਟੀਆਂ ਨੇ ਕੀਤਾ ਸੀ । ਸੁਪਰੀਮ ਕੋਰਟ ਨੇ ਉਹ ਸਟੱਰਕ ਡਾਊਨ ਕਰ ਦਿਤਾ ਅਤੇ ਕਿਹਾ ਕਿ ਮਾਰਕਿਟ ਕਮੇਟੀਆਂ ਇਨ੍ਹਾਂ ਚੀਜ਼ਾਂ ਤੇ ਖਰਚ ਕਰ ਸਕਦੀਆਂ ਹਨ ਇਹ ਇਸ ਦੀ ਲਪੇਟ ਵਿਚ ਨਹੀਂ ਆਉਂਦਾ। ਉਨ੍ਹਾਂ ਨੇ ਹੋਰ ਨੀਤੀ ਨਿਰਧਾਰਤ ਕਰ ਦਿਤੀ । ਐਸੇ, ਸਪੀਕਰ ਸਾਹਿਬ, ਤੋਖਲੇ ਹਨ। ਜੇ ਕਮਿਸ਼ਨ 1 ਫੀ ਸਦੀ ਹੋਵੇ ਤਾਂ 9 ਕਰੋੜ ਰੁਪਿਆ ਬਣਦਾ ਹੈ, ਜੇ 2 ਫੀ ਸਦੀ ਹੋਵੇ ਤਾਂ 18 ਕਰੋੜ ਰੁਪਿਆ ਬਣਦਾ ਹੈ ਅਤੇ ਜੇ 3 ਫੀ ਸਦੀ ਹੋਵੇ ਤਾਂ 27 ਕਰੋੜ ਰੁਪਿਆ ਬਣਦਾ ਹੈ । ਇਹ ਪੈਸਾ ਫਰੀਜ਼ ਹੋ ਗਿਆ ਹੈ ।

**Mr. Speaker:** Question Hour is over. The remaining question shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly):

## WRITTEN ANSWER TO STARRED QUESTION LAID ON THE TABLE OF THE HOUSE UNDER RULE 38

### Starred Question No. 17*

Extension was asked for in respect of Starred Question No. 17

*For Starred Question No. 17 and reply thereto, please see Debate dated 15th July, 1980.

Original with;
Punjab Vidhan Sabha
Digitized by;
Panjab Digital Library

**Mr. Speaker:** Comrade Darshan Singh Jhabal may please read out his Call Attention Notice.

## POINTS OF ORDER REG. CUT IN POWER SUPPLY IN THE STATE

**ਕਾਮਰੇਡ ਕੁਲਵੰਤ ਸਿੰਘ :** ** ** **

**ਸ੍ਰੀ ਸਪੀਕਰ :** ਜੋ ਕੁਝ ਮੇਰੀ ਇਜਾਜ਼ਤ ਤੋਂ ਬਗੈਰ ਕਿਹਾ ਜਾ ਰਿਹਾ ਹੈ ਉਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣੇ ।

**ਕੁਝ ਆਵਾਜ਼ਾਂ :** ਜ਼ੀਰੋ ਆਵਰ ਤੇ ਬੋਲ ਸਕਦੇ ਹਾਂ ਜੀ (ਵਿਘਨ)

**ਸਰਦਾਰ ਦਲੀਪ ਸਿੰਘ ਪਾਂਧੀ :** ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਜ਼ੀਰੋ ਆਵਰ ਤੇ ਇੰਪਾਰਟੈਂਟ ਮਸਲੇ ਰਖੇ ਜਾ ਸਕਦੇ ਹਨ । ਤੁਸੀਂ 9-10 ਮਿੰਟ ਸੁਣ ਕੇ ਅਗਲੀ ਕਾਰਵਾਈ ਚਲਾ ਸਕਦੇ ਹੋ । ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਬਿਜਲੀ ਤੇ ਕੱਟ ਨਹੀਂ ਲਗੇਗੀ ਪਰ ਅਜ ਬਿਜਲੀ ਬੋਰਡ ਨੇ ਕੱਟ ਲਗਾ ਦਿਤੀ ਹੈ । ਕਲ੍ਹ ਸੀ. ਐਮ. ਸਾਹਿਬ ਨੇ ਵਾਜ਼ੇ ਤੌਰ ਤੇ ਕਿਹਾ ਸੀ ਕਿ ਕੱਟ ਬਿਜਲੀ ਤੇ ਨਹੀਂ ਲਗੇਗੀ । ਬਿਜਲੀ ਬੋਰਡ ਅਟਾਨੋਮਸ ਬਾਡੀ ਹੈ, ਜੇ ਇਸ ਤਰ੍ਹਾਂ ਬਿਜਲੀ ਤੇ ਕੱਟ ਲਗਦੀ ਰਹੀ ਤਾਂ ਪੰਜਾਬ ਦੇ ਲੋਕ ਕੀ ਕਰਨਗੇ । ਲਾਅ ਐਂਡ ਆਰਡਰ ਦੀ ਹਾਲਤ ਇਹ ਹੈ ਕਿ ਬਰਨਾਲੇ ਦੀ ਇਕ ਨਿਊਜ਼ ਆਈ ਹੈ ਕਿ ਹਸਪਤਾਲ ਵਿਚ ਡਾਕਟਰ ਨੇ ਕਿਸੇ ਨੂੰ ਮਰਿਆ ਹੋਇਆ ਡਿਕਲੇਅਰ ਕਰ ਦਿਤਾ ਪਰ ਜਦੋਂ ਉਸ ਨੂੰ ਦਫਨਾਉਣ ਲਈ ਗਏ ਤਾਂ ਉਹ ਜੀਉਂਦਾ ਨਿਕਲਿਆ। ਇਹ ਮਸਲੇ ਜਨਾਬ ਦੀ ਇਜਾਜ਼ਤ ਨਾਲ ਇਥੇ ਟੇਕ ਅਪ ਕਰ ਸਕਦੇ ਹਾਂ । ਬੱਸਾਂ ਨਹੀਂ ਮਿਲ ਰਹੀਆਂ । ਲੋਕ ਬੱਸਾਂ ਦੀਆਂ ਛੱਤਾਂ ਤੇ ਬੈਠ ਕੇ ਸਫਰ ਕਰਦੇ ਹਨ।

**ਮਾਸਟਰ ਚੰਦ ਸਿੰਘ :** ਆਨ ਏ ਪੁਅ ਇੰਟ ਆਫ਼ ਆਰਡਰ, ਸਰ। ਜਿਹੜੀ ਬਿਜਲੀ ਦੀ ਕੱਟ ਲਗੀ ਹੈ, ਉਸ ਬਾਰੇ ਕਿਸਾਨਾਂ ਵਿਚ ਹਾਹਾ ਕਾਰ ਮਚੀ ਹੋਈ ਹੈ ਕਿਉਂਕਿ ਝੋਨੇ ਦੀ ਬਿਜਾਈ ਦਾ ਮੌਕਾ ਹੈ। ਲੋਕਾਂ ਨੇ ਪਾਣੀ ਲਗਾ ਕੇ, ਆਪਣੀ ਜ਼ਮੀਨ ਵਿਚ ਪਾਣੀ ਖੜ੍ਹਾ ਕਰ ਕੇ ਫਿਰ ਝੋਨਾ ਲਾਉਣਾ ਹੈ ਪਰ ਬਿਜਲੀ ਮਿਲਦੀ ਨਹੀਂ । ਕਦੀ ਦੋ ਘੰਟੇ ਆ ਜਾਂਦੀ ਹੈ ਅਤੇ ਫਿਰ ਚਲੀ ਜਾਂਦੀ ਹੈ । ਇਸ ਤਰ੍ਹਾਂ ਨਾਲ ਕਿਸਾਨ ਨੂੰ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਜੇਕਰ ਲਗਾਤਾਰ ਬਿਜਲੀ ਮਿਲਦੀ ਰਹੇ ਤਾਂ ਝੋਨੇ ਦੀ ਫਸਲ ਵੱਧ ਹੋ ਸਕਦੀ ਹੈ ਅਤੇ ਫਸਲ ਉਗਾਉਣ ਦਾ ਟੀਚਾ ਵੀ ਪੂਰਾ ਹੋ ਸਕਦਾ ਹੈ। ਸਪੀਕਰ ਸਾਹਿਬ, ਬਿਜਲੀ ਤੇ ਕੱਟ ਲਗਣ ਕਾਰਣ ਕਿਸਾਨਾਂ ਵਿਚ ਬੇਚੈਨੀ ਫੈਲੀ ਹੋਈ ਹੈ । ਸੀ. ਐਮ. ਸਾਹਿਬ ਕਲ੍ਹ ਕਹਿ ਚੁੱਕੇ ਹਨ ਕਿ ਕੱਟ ਨਹੀਂ ਲਗੇਗੀ । ਇਸ ਲਈ ਇਨ੍ਹਾਂ ਨੂੰ ਹਾਉਸ ਵਿਚ ਬਿਜਲੀ ਤੇ ਕੱਟ ਖਤਮ ਕਰਨ ਲਈ ਆਪਣਾ ਬਿਆਨ ਦੇਣਾ ਚਾਹੀਦਾ ਹੈ ਤਾਂ ਕਿ ਕਿਸਾਨਾਂ ਵਿਚ ਫੈਲੀ ਬੇਚੈਨੀ ਖਤਮ ਹੋ ਸਕੇ।

**ਕਾਮਰੇਡ ਰਾਜ ਕੁਮਾਰ :** ਆਨ ਏ ਪੁਆਇੰਟ ਆਫ ਆਰਡਰ, ਸਰ। ਜਿਹੜਾ ਸਵਾਲ ਇਥੇ ਉਠਾਇਆ ਗਿਆ ਹੈ ਸ਼ਾਇਦ ਇਸ ਸ਼ਿੱਦਤ ਨਾਲ ਇਹ ਨਾ ਉਠਦਾ । ਸਪੀਕਰ ਸਾਹਿਬ, ਕੱਲ੍ਹ ਤੁਸੀਂ ਇਥੇ ਸਦਨ ਵਿਚ ਮੌਜੂਦ ਨਹੀਂ ਸੀ । ਤੁਹਾਡੇ ਮਗਰੋਂ ਕਲ੍ਹ ਇਥੇ ਹਾਊਸ ਵਿਚ ਅਸ਼ੋਰੇਂਸ ਦਿਤੀ ਗਈ ਸੀ ਕਿ ਬਿਜਲੀ ਤੇ ਕੋਈ ਕੱਟ ਪਾਸੀਬਲੀ ਨਹੀਂ ਹੋਏਗੀ । ਅੱਜ ਤਕਰੀਬਨ ਸਾਰੀਆਂ ਅਖਬਾਰਾਂ ਵਿਚ ਇਹ ਖਬਰ ਆਈ ਹੈ ਕਿ 5 ਘੰਟੇ ਕੱਟ ਸ਼ਹਿਰਾਂ ਵਿਚ ਬਿਜਲੀ ਤੇ ਲਗਾ ਦਿਤੀ ਹੈ। ਪਿੰਡਾਂ ਵਿਚ 8 ਘੰਟੇ ਬਿਜਲੀ ਦਿੱਤੀ ਜਾ ਰਹੀ ਹੈ। ਸੋਇੰਗ ਸੀਜ਼ਨ ਹੈ। ਸਪੀਕਰ ਸਾਹਿਬ, ਤੁਹਾਡੇ ਆਪਣੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਜ਼ਿਲ੍ਹੇ ਵਿਚ ਅਤੇ ਗਵਾਂਢੀ ਜ਼ਿਲ੍ਹੇ ਗੁਰਦਾਸਪੁਰ ਵਿਚ 7 ਮਹੀਨਿਆਂ ਤੋਂ ਇਕ ਹਜ਼ਾਰ ਵਰਕਰਜ਼ ਧਾਰੀਵਾਲ ਵਿਖੇ ਬਿਜਲੀ ਦੀ ਕੱਟ ਕਰ ਕੇ ਲੇਅ ਆਫ ਤੇ ਹਨ। ਕੋਲਾ ਵੀ ਠੀਕ ਤਰ੍ਹਾਂ ਨਾਲ ਸਪਲਾਈ ਨਹੀਂ ਹੋ ਰਿਹਾ ਹੈ ਇਹ ਜੋ ਬਿਜਲੀ ਦਾ ਘਾਟਾ ਪਿਆ ਹੈ ਇਹ ਇਕੱਲੇ ਭਾਖੜਾ ਕਰ ਕੇ ਨਹੀਂ ਪਿਆ ਬਲਕਿ ਬਠਿੰਡਾ ਥਰਮਲ ਪਲਾਂਟ ਦੇ ਚਾਰ ਯੂਨਿਟਸ ਵਿਚੋਂ ਸਿਰਫ ਦੋ ਯੂਨਿਟਸ ਹੀ ਚਲ ਰਹੇ ਹਨ। ਅਗਰ ਕੋਲਾ ਸਪਲਾਈ ਨਾ ਹੋਇਆ ਤਾਂ ਇਹ ਦੋ ਯੂਨਿਟਸ ਵੀ ਨਹੀਂ ਚਲਣੇਂ। ਪੰਜਾਬ ਵਿਚ ਇਹ ਗਲ ਬੜੀ ਦੇਰ ਤੋਂ ਚਲ ਰਹੀ ਹੈ। ਜਦੋਂ ਤਕ ਇਸ ਦਾ ਪਰਮਾਨੈਂਟ ਇਲਾਜ ਨਹੀਂ ਕਰੋਗੇ ਉਦੋਂ ਤਕ ਇਸ ਮੁਸ਼ਕਿਲ ਦਾ ਹੱਲ ਨਹੀਂ ਨਿਕਲਣਾ। ਇਥੇ ਅਟਾਮਿਕ ਪਾਵਰ ਪਲਾਂਟ ਲਗਾਉਣ ਵਾਸਤੇ ਇੰਤਜ਼ਾਮ ਕਰਨਾ ਚਾਹੀਦਾ ਹੈ। ਨਹੀਂ ਤਾਂ ਹਰ ਸਾਲ ਪੰਜਾਬ ਵਿਚ ਇਹੀ ਹੋਏਗਾ। ਮੈਂ ਸੀ. ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਸਬੰਧੀ ਜ਼ਰੂਰ ਬਿਆਨ ਦੇਣ।

**ਮਾਲ ਮੰਤਰੀ** (ਸਰਦਾਰ ਬੇਅਤ ਸਿੰਘ): ਸਪੀਕਰ ਸਾਹਿਬ, ਤੁਸੀਂ ਆਪਣੇ ਪਰੇਡੀਸੈਸਰ, ਸਰਦਾਰ ਰਵੀ ਇੰਦਰ ਸਿੰਘ ਦੀ ਰੂਲਿੰਗ ਕਢਵਾ ਕੇ ਦੇਖ ਲਓ। ਉਨ੍ਹਾਂ ਨੇ ਜ਼ੀਰੋ ਆਵਰ ਵਿਚ ਕਦੇ ਵੀ ਡਿਸਕਸ਼ਨ ਕਰਨ ਦੀ ਇਜਾਜ਼ਤ ਨਹੀਂ ਦਿਤੀ। ਇਹ ਹਾਊਸ ਦਾ ਕੀਮਤੀ ਸਮਾਂ ਹੈ ਅਤੇ ਇਸ ਨੂੰ ਜ਼ਾਇਆ ਨਹੀਂ ਕਰਨਾ ਚਾਹੀਦਾ ਹੈ। ਮੈਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਗਵਰਨਰ ਐਡਰੈਸ ਤੇ ਬਹਿਸ ਹੋ ਰਹੀ ਹੈ। ਇਹ ਸਾਰੀਆਂ ਗਲਾਂ ਆਪਣੀ ਸਪੀਚ ਦੇ ਦੌਰਾਨ ਇਹ ਕਹਿ ਸਕਦੇ ਹਨ। ਤੁਸੀਂ ਕਾਲ ਅਟੈਨਸ਼ਨ ਮੋਸ਼ਨ ਕਾਲ ਅਪਾਨ ਕਰ ਲਈ ਹੈ ਅਤੇ ਕਾਮਰੇਡ ਦਰਸ਼ਨ ਸਿੰਘ ਝਬਾਲ ਪੜ੍ਹਨ ਲਈ ਖੜ੍ਹੇ ਵੀ ਹੋ ਚੁੱਕੇ ਹਨ। ਇਸ ਲਈ ਹੁਣ ਇਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਜ਼ੀਰੋ ਆਵਰ ਵਿਚ, ਸਰਦਾਰ ਰਵੀ ਇੰਦਰ ਸਿੰਘ ਜੀ ਜਦੋਂ ਸਪੀਕਰ ਸਨ, ਤਾਂ ਕਦੇ ਡਿਸਕਸ਼ਨ ਨਹੀਂ ਹੋਈ। ਹੁਣ ਅਗਲੀ ਕਾਰਵਾਈ ਚਲਣੀ ਚਾਹੀਦੀ ਹੈ।

**ਸ੍ਰੀ ਸਪੀਕਰ**: ਝੋਨੇ ਦੀ ਸੋਇੰਗ ਸੀਜ਼ਨ ਦਾ ਮਾਮਲਾ ਸੀ। ਇਹ ਇਨ੍ਹਾਂ ਨੂੰ ਪੁਆਇੰਟ ਰੇਜ਼ ਕਰਨਾ ਚਾਹੀਦਾ ਸੀ। ਅੱਜ ਕਿਸਾਨਾਂ ਨੂੰ ਬਿਜਲੀ ਦੀ ਜ਼ਿਆਦਾ ਜ਼ਰੂਰਤ ਹੈ। ਇਸ ਦੇ ਮੁਤੱਲਕ ਇਹ ਪੁਆਇੰਟ ਵਾਕਿਆ ਹੀ ਅਰਜੈਂਟ ਹੈ। (ਥੰਪਿੰਗ) ਸਭ ਨੂੰ ਪਤਾ ਹੈ ਕਿ ਬਿਜਲੀ ਦਾ ਸੰਕਟ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਹੈ। ਸੰਕਟ ਵਿਚ ਰਹਿੰਦੇ ਹੋਏ ਬਿਜਲੀ ਜੋ ਇਸ ਵੇਲੇ ਅਵੇਲੇਬਲ ਹੈ ਉਸ ਦਾ ਕਿਸ ਤਰ੍ਹਾਂ ਨਾਲ ਯੂਜ਼ ਕਰ ਸਕਦੇ ਹਾਂ, ਇਸ ਬਾਰੇ ਸੀ. ਐਮ. ਸਾਹਿਬ ਬਿਆਨ ਦੇਣਗੇ।

------

## PERSONAL EXPLANATION BY SARDAR RAVI INDER SINGH

**ਸਰਦਾਰ ਰਵੀ ਇੰਦਰ ਸਿੰਘ**: ਆਨ ਏ ਪੁਆਇਟ ਆਫ਼ ਪਰਸਨਲ ਐਕਸਪਲੇਨੇਸ਼ਨ, ਸਰ। ਇਥੇ ਮੇਰਾ ਨਾਉਂ ਲਿਆ ਗਿਆ ਹੈ (ਵਿਘਨ) ਮੈਂ ਬਿਜਲੀ ਦੇ ਮੁਤੱਅਲਕ ਨਹੀਂ ਗਲ ਕਰਨਾ ਚਾਹੁੰਦਾ। ਸਰਦਾਰ ਬੇਅੰਤ ਸਿੰਘ ਨੇ ਮੇਰਾ ਜ਼ਿਕਰ ਕੀਤਾ ਹੈ। While I was occupying the august position in which you are today, ਸ਼ਾਇਦ ਮੈਂ ਇਹੋ ਜਿਹਾ ਪ੍ਰੈਸੀਡੈਂਟ ਸੈਟ ਕਰਨ ਦੀ ਇਜਾਜ਼ਤ ਨਹੀਂ ਦਿਤੀ। ਪਰ ਜੇ ਤੁਸੀਂ ਐਸੀ ਹਾਲਤ ਦੇਖੋ ਜਿਸ ਵਿਚ ਕਿ ਇਕ ਮੈਟਰ ਆਫ ਪ੍ਰਿਵਿਲਿਜ ਇਸ ਹਾਊਸ ਦਾ ਇਨਵਾਲਵਡ ਹੋਵੇ। (ਵਿਘਨ) ਤੁਸੀਂ ਮਾਸਟਰ ਬਾਬੂ ਸਿੰਘ ਦੀ ਮੋਸ਼ਨ ਅਲਾਓ ਕੀਤੀ ਹੈ ਤਾਂ ਇਹ ਪ੍ਰਿਵਿਲਜ ਟੁਟਦੀ ਹੈ। ਜੇ [illegible] ਐਸੀ ਉਲੰਘਣਾ ਹੁੰਦੀ ਹੈ (ਵਿਘਨ)। ਮੈਂ ਸਰਦਾਰ ਬੇਅੰਤ ਸਿੰਘ ਨੂੰ ਕਹਾਂਗਾ ਕਿ ਜਦ ਮੈਂ ਇਸ ਸਪੀਕਰ ਦੀ ਕੁਰਸੀ ਤੇ ਸੀ ਤਾਂ ਕਦੇ ਐਸਾ ਨਹੀਂ ਹੋਇਆ ਕਿ ਕੋਈ ਮਨਿਸਟਰ ਮੈਨੂੰ ਕੁਰੈਕਟ ਕਰੇ ਅਤੇ ਕਹੇ ਕਿ ਮੇਰੀ ਰੂਲਿੰਗ ਗਲਤ ਹੈ। (ਥੰਪਿੰਗ) ਮੈਂ ਬੇਨਤੀ ਕਰਾਂਗਾ ਕਿ ਇਸ ਕੁਰਸੀ ਦੇ ਉਤੇ ਇਹ ਬੜੀ

Original with;
Punjab Vidhan Sabha
Digitized by;
Panjab Digital Library

[ ਸਰਦਾਰ ਰਵੀਇੰਦਰ ਸਿੰਘ ]

ਐਸਪਰਸ਼ਨ ਹੈ । ਮੈਂ ਆਪਣੇ ਦੋਸਤ ਸਰਦਾਰ ਬੇਅੰਤ ਸਿੰਘ ਦੀ ਇੱਜ਼ਤ ਕਰਦਾ ਹਾਂ । ਲੇਕਿਨ ਜੇ ਅਜਿਹੀਆਂ ਗੱਲਾਂ ਕਰ ਕੇ ਮਨਿਸਟਰ ਹੀ ਇਸ ਹਾਊਸ ਦੀ ਮਹਾਨ ਪਵਿੱਤਰਤਾ ਦੀ ਉਲੰਘਣਾ ਕਰੇ ਤਾਂ ਫਿਰ ਖੈਰ ਹੀ ਹੋਵੇ । (ਵਿਘਨ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ । )

**ਸ਼੍ਰੀ ਸਪੀਕਰ** : ਉਨ੍ਹਾਂ ਨੇ ਆਪਣੀ ਰਾਏ ਦਿਤੀ ਹੈ । (ਵਿਘਨ) ਮੈਂ ਉਸ ਨੂੰ ਠੀਕ ਨਹੀਂ ਸਮਝਦਾ । (ਵਿਘਨ) ਮੈਂ ਸਮਝਦਾ ਹਾਂ ਕਿ ਇਹ ਇੰਪਾਰਟੈਂਟ ਮੈਟਰ ਹੈ ।

(ਇਸ ਸਮੇਂ ਮਾਲ ਮੰਤਰੀ ਜੀ ਬੋਲਣ ਲਈ ਖੜ੍ਹੇ ਹੋਏ । )

ਸਰਦਾਰ ਬੇਅੰਤ ਸਿੰਘ ਜੀ, ਤੁਸੀਂ ਬੈਠੋ । ਚੀਫ਼ ਮਨਿਸਟਰ ਸਾਹਿਬ ਜਵਾਬ ਦੇਣਗੇ । (ਵਿਘਨ) ਬਿਜਲੀ ਦੇ ਬਾਰੇ ਚਾਰ ਪੰਜ ਮੈਂਬਰਾਂ ਨੇ ਕਿਹਾ ਹੈ । (ਵਿਘਨ) ਚੀਫ਼ ਮਸਿਟਰ ਸਾਹਿਬ ਦਾ ਜਵਾਬ ਸੁਣ ਲੈਣ ਦਿਓ । (ਵਿਘਨ)

------

**Statement by the Chief Minister regarding cut in Power Supply in the State**

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਮੈਂ ਅਰਜ਼ ਕਰਾਂ ਕਿ ਮਾਸਟਰ ਬਾਬੂ ਸਿੰਘ ਨੂੰ ਇਸ ਗਲ ਦਾ ਭੁਲੇਖਾ ਨਾ ਹੋਵੇ। ਮੈਂ ਕਿਹਾ ਸੀ ਕਿ 10-12 ਘੰਟੇ ਬਿਜਲੀ ਹਰ ਰੋਜ਼ ਰੈਗੂਲੇਟ ਕਰ ਕੇ ਦਿਤੀ ਜਾਵੇਗੀ । (ਵਿਘਨ) ਆਸ ਹੈ ਕਿ ਬਾਰਸ਼ਾਂ ਪੈਣ ਨਾਲ ਪਾਣੀ ਰੈਜ਼ਰਵਾਇਰ ਵਿਚ ਆ ਜਾਵੇਗਾ । ਔਰ ਸਾਡੀ ਕੋਸ਼ਿਸ਼ ਇਹ ਹੈ ਕਿ ਜਿਹੜਾ ਇਕ ਸਿੱਕ ਯੂਨਿਟ ਹੈ ਬਠਿੰਡਾ ਥਰਮਲ ਪਲਾਂਟ ਦਾ ਉਸ ਨੂੰ ਇਸ ਮਹੀਨੇ ਦੇ ਅੱਧ ਤੱਕ ਚਾਲੂ ਕਰ ਕੇ ਉਸ ਤੋਂ ਵੀ ਬਿਜਲੀ ਲਈ ਜਾਵੇ। ਮੇਰਾ ਬਿਆਨ ਸਿਰਫ ਇਤਨਾ ਸੀ। ਸਾਡੀ ਕੋਸ਼ਿਸ਼ ਇਹ ਹੈ ਕਿ ਪਾਵਰ ਕੱਟ ਰਡਿਊਸ ਕੀਤੀ ਜਾਵੇ । ਇਸ ਬਾਰੇ ਪੂਰੀ ਕੋਸ਼ਿਸ਼ ਹੈ ਕਿ ਕੱਟ ਘੱਟ ਤੋਂ ਘੱਟ ਕੀਤੀ ਜਾਵੇ ।

**Comrade Raj Kumar** : Already, there is cut in electricity. (*Interruption*)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ । )

**ਸ਼੍ਰੀ ਸਪੀਕਰ** : ਮੈਂ ਕਿਹਾ ਸੀ ਕਿ ਬਿਜਲੀ ਦੀ ਘਾਟ ਹੈ, ਇਸ ਲਈ ਬਿਜਲੀ ਦੀ ਕੱਟ ਨੂੰ ਕਿਸ ਤਰ੍ਹਾਂ ਰੈਗੂਲੇਟ ਕੀਤਾ ਜਾਵੇ ...................... (ਵਿਘਨ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ। )

ਕਾਲ ਅਟੈਨਸ਼ਨ ਮੋਸ਼ਨ ਨੰ: 20 ਵਲੋਂ ਕਾਮਰੇਡ ਦਰਸ਼ਨ ਸਿੰਘ ਝਬਾਲ।

**ਮਾਸਟਰ ਬਾਬੂ ਸਿੰਘ** : ਚੀਫ਼ ਮਸਿਟਰ ਸਾਹਿਬ ਦਾ ਕੱਲ੍ਹ ਬਿਆਨ ਆਇਆ ਸੀ। ਉਸ ਨੂੰ ਪੜ੍ਹ ਕੇ ਦੇਖ ਲਵੋ, ਉਨ੍ਹਾਂ ਨੇ ਕਿਹਾ ਸੀ ਕਿ ਕੋਈ ਕੱਟ ਨਹੀਂ ਲਗੇਗੀ । (ਵਿਘਨ)

**Chief Minister (Sardar Darbara Singh)** Sir, I made a statement in this House that the power which is being given at present for 10 or 12 hours a day will be regulated and I also said that we will try to reduce the cut which is at present in force. (*Interruption*) ਗੱਲ ਹੋ ਗਈ ਹੈ, ਹੁਣ ਕਾਲ ਅਟੈਨਸ਼ਨ ਮੋਸ਼ਨਾਂ ਲਈਆਂ ਜਾਣ

**Sardar Ravi Inder Singh:** ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਵੈਲਿਡ ਨਹੀਂ ਹੈ। ਕੋਈ ਡਿਸਕੱਸ਼ਨ ਨਹੀਂ ਹੋਈ, ਕੋਈ ਮੋਸ਼ਨ ਨਹੀਂ ਸੀ। (ਵਿਘਨ)

ਸਰਦਾਰ ਰਵੀ ਇੰਦਰ ਸਿੰਘ : ਤੁਸੀਂ ਆਪ ਡਿਸਕਸ਼ਨ ਪਰਮਿੱਟ ਕੀਤੀ ਹੈ। ਤੁਸੀਂ ਚੀਫ਼ ਮਨਿਸਟਰ ਸਾਹਿਬ ਤੋਂ ਸਟੇਟਮੈਂਟ ਵੀ ਦਿਵਾਈ ਹੈ। (ਵਿਘਨ)

ਸ੍ਰੀ ਸਪੀਕਰ : ਬਿਜਲੀ ਦੇ ਸੰਕਟ ਦਾ ਸਵਾਲ ਸੀ, ਝੋਨੇ ਦੀ ਬਿਜਾਈ ਦੀ ਗਲ ਸੀ। ਮਾਸਟਰ ਬਾਬੂ ਸਿੰਘ ਨੇ ਗੱਲ ਕੀਤੀ ਸੀ। (ਵਿਘਨ) ਗੱਲ ਹੋ ਗਈ ਹੈ, ਚੀਫ਼ ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ। (ਵਿਘਨ)

**Sardar Ravi Inder Singh** : Sir, he raised a matter of privilege on this issue. I would like you to please check up the record.

ਇਹ ਗਲਤ ਗਲ ਕੀਤੀ ਗਈ ਹੈ। (ਵਿਘਨ) ਮਾਸਟਰ ਬਾਬੂ ਸਿੰਘ ਨੇ ਕਿਹਾ ਸੀ ਕਿ ਚੀਫ਼ ਮਨਿਸਟਰ ਨੇ ਕਲ੍ਹ ਸਟੇਟਮੈਂਟ ਦਿਤੀ ਸੀ ਪਰ ਉਸ ਸਟੇਟਮੈਂਟ ਦੇ ਉਲਟ ਬਿਜਲੀ ਬੋਰਡ ਨੇ ਕਾਰਵਾਈ ਕੀਤੀ ਹੈ। (ਵਿਘਨ) ਫਿਰ ਇਥੇ ਹਾਊਸ ਦੇ ਰੂਲਜ਼ ਦੀ ਉਲੰਘਣਾ ਕੀਤੀ ਗਈ। (ਵਿਘਨ) Sir, I want your ruling on this issue. ਸਪੀਕਰ ਸਾਹਿਬ, ਸਾਨੂੰ ਇਸ ਗਲ ਦਾ ਬੜਾ ਅਫ਼ਸੋਸ ਹੈ ਕਿ ਆਪੋਜ਼ੀਸ਼ਨ ਪਾਰਟੀ ਦੇ ਇਕ ਮੈਂਬਰ ਨੂੰ ਵੀ ਬੋਲਣ ਨਹੀਂ ਦਿੱਤਾ ਅਤੇ ਤੁਸੀਂ ਡਿਸਕਸ਼ਨ ਨੂੰ ਵਾਈਂਡ ਅੱਪ ਕਰ ਦਿਤਾ। ਇਹ ਗਲਤ ਗੱਲ ਹੈ। ਮੈਂ ਬੇਨਤੀ ਕਰਾਂਗਾ ਕਿ ਤੁਸੀਂ ਹਾਊਸ ਦਾ ਰਿਕਾਰਡ ਚੈੱਕ ਕਰ ਲਵੋ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਸੀ. ਐਮ. ਸਾਹਿਬ ਨੇ ਜਵਾਬ ਦੇ ਦਿਤਾ ਹੈ ਅਤੇ ਗਲ ਖਤਮ ਹੋ ਗਈ ਹੈ। (ਵਿਘਨ)

ਸ੍ਰੀ ਗੋਪਾਲ ਕ੍ਰਿਸ਼ਨ ਚਤਰਥ : ਪੁਆਇੰਟ ਆਫ਼ ਆਰਡਰ, ਸਰ। ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਰਦਾਰ ਰਵੀ ਇੰਦਰ ਸਿੰਘ ਸਪੀਕਰ ਰਹਿ ਚੁੱਕੇ ਹਨ। ਅਗਰ ਉਹ ਹਾਊਸ ਵਿਚ ਬੈਠ ਕੇ ਇਹ ਕਹਿਣ ਕਿ "You must", it amounts to the contempt of the House.

**Sardar Ravi Inder Singh** : Sir, I would request that this issue should be taken up as a matter of privilege and let us discuss it.

ਸਰਦਾਰ ਹਰਚੰਦ ਸਿੰਘ ਬਰਾੜ : ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਗਵਰਨਰੀ ਰਾਜ ਵੇਲੇ ਜਿਹੜੇ ਮੋਘੇ ਬੰਦ ਕਰ ਦਿਤੇ ਗਏ ਸਨ ਕੀ ਇਹ ਸਰਕਾਰ ਉਨ੍ਹਾਂ ਮੋਘਿਆਂ ਨੂੰ ਚਲਾਏਗੀ ? (ਵਿਘਨ)

ਸ੍ਰੀ ਸਪੀਕਰ : ਸਰਦਾਰ ਰਵੀ ਇੰਦਰ ਸਿੰਘ ਨੇ ਇਕ ਮਸਲਾ ਰੇਜ਼ ਕੀਤਾ ਹੈ। ਬਿਜਲੀ ਦੀ ਘਾਟ ਕਰ ਕੇ, ਝੋਨੇ ਲਾਉਣ ਲਈ ਬਿਜਲੀ ਦੇ ਟਾਈਮ ਨੂੰ ਕੁਝ ਰੈਗੂਲੇਟ ਕਰਨ ਦੀ ਗੱਲ ਸੀ। ਮਾਸਟਰ ਬਾਬੂ ਸਿੰਘ ਜੀ ਨੇ ਇਕ ਗੱਲ ਕਹੀ ਸੀ ਔਰ ਚੀਫ਼ ਮਨਿਸਟਰ ਸਾਹਿਬ ਨੇ ਉਸ ਦਾ ਜਵਾਬ ਦੇ ਦਿੱਤਾ ਕਿ ਮੈਂ ਆਪਣੀ ਸਟੇਟਮੈਂਟ ਇਹ ਦਿੱਤੀ ਸੀ ਕਿ ਜਿਸ ਤਰ੍ਹਾਂ ਵੀ ਹੋ ਸਕੇਗਾ ਅਸੀਂ 12 ਘੰਟੇ ਬਿਜਲੀ ਦੀ ਸਪਲਾਈ ਰੈਗੂਲੇਟ ਕਰਾਂਗੇ। ਇਹ ਤਾਂ ਨਾ ਕੋਈ ਪ੍ਰਿਵਿਲਿਜ ਮੋਸ਼ਨ ਹੈ ਅਤੇ ਨਾ ਕੋਈ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਹੋਰ ਮੋਸ਼ਨ ਹੈ। ਇਸ ਲਈ ਇਸ ਉਤੇ ਕੋਈ ਰੂਲਿੰਗ ਦੇਣ ਦੀ ਲੋੜ ਮੈਂ ਨਹੀਂ ਸਮਝਦਾ। ਜੋ ਮਾਮਲਾ ਇਥੇ ਰੇਜ਼ ਕੀਤਾ ਗਿਆ ਸੀ ਉਸ ਦਾ ਜ਼ਵਾਬ ਦੇ ਦਿਤਾ ਗਿਆ ਹੈ। ਫਿਰ ਵੀ ਜੇ ਸਰਦਾਰ ਰਵੀਇੰਦਰ ਸਿੰਘ ਚਾਹੁੰਣ ਤਾਂ ਉਹ ਲਿਖ ਕੇ ਮੈਨੂੰ ਭੇਜ ਦੇਣ, ਮੈਂ ਉਸ ਦਾ ਜਵਾਬ ਦੇ ਦੇਵਾਂਗਾ। (ਵਿਘਨ) ਕਾਲ ਅਟੈਨਸ਼ਨਜ਼। ਕਾਮਰੇਡ ਦਰਸ਼ਨ ਸਿੰਘ ਝਬਾਲ।

---

## CALL ATTENTION NOTICES UNDER RULE 66

(ਕ੍ਰਮ ਨੰ: 20)

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ।, ਅਰਥਾਤ ਕਿ ਹਰ ਸਾਲ ਝੋਨੇ ਦੀ ਫਸਲ ਸਮੇਂ ਰੈਕਲੇਮੇਸ਼ਨ ਤੇ ਪਾਣੀ ਲਈ ਆਰਜ਼ੀ ਮੋਘੇ ਦਿਤੇ ਜਾਂਦੇ ਹਨ। ਇਸ ਸਾਲ ਅਜੇ ਤੱਕ ਆਰਜ਼ੀ ਮੋਘੇ ਨਹੀਂ ਲਾਏ ਗਏ। ਝੋਨੇ ਦੀ ਫਸਲ ਬਹੁਤ ਪਛੜ ਗਈ ਹੈ ਤੇ ਪਿਛਲੇ ਸਾਲ ਨਾਲੋਂ ਝੋਨੇ ਦੀ ਫਸਲ ਘੱਟ ਹੋਵੇਗੀ। ਅੰਮ੍ਰਿਤਸਰ ਜ਼ਿਲ੍ਹੇ ਵਿਚ ਜ਼ਿਆਦਾ ਝੋਨਾ ਲਾਇਆ ਜਾਂਦਾ ਹੈ। ਇਸ ਕਦਮ ਨਾਲ ਝੋਨੇ ਦੀ ਫਸਲ ਤੇ ਭਾਰੀ ਅਸਰ ਪਵੇਗਾ। ਆਰਜ਼ੀ ਮੋਘੇ ਨਾ ਦੇਣ ਕਾਰਨ ਕਿਸਾਨਾਂ ਵਿਚ ਭਾਰੀ ਬੇਚੈਨੀ। ਹੈ। ਸਬੰਧਤ ਮੰਤਰੀ ਜਵਾਬ ਦੇਣ ਦੀ ਕ੍ਰਿਪਾਲਤਾ ਕਰਨ।

**ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ)** : ਸਪੀਕਰ ਸਾਹਿਬ, ਦਰਿਆਵਾਂ ਵਿਚ ਸਪਲਾਈ ਨੂੰ ਮੁੱਖ ਰਖਦੇ ਹੋਏ ਹਰ ਸਾਲ ਸਰਕਾਰ ਕੋਲੋਂ ਆਰਜ਼ੀ ਮੋਘੇ ਦੇਣ ਬਾਰੇ ਪਾਲਿਸੀ ਮਨਜ਼ੂਰ ਕਰਵਾਈ ਜਾਂਦੀ ਹੈ। ਪਿਛਲੇ ਸਾਲ ਦਰਿਆਵਾਂ ਵਿਚ ਪਾਣੀ ਦੀ ਸਪਲਾਈ ਠੀਕ ਹੋਣ ਕਾਰਨ ਯੂ.ਬੀ. ਡੀ.ਸੀ. ਸਿਸਟਮ ਅਤੇ ਹੋਰਨਾਂ ਥਾਵਾਂ ਤੇ ਆਰਜ਼ੀ ਮੋਘੇ ਦਿਤੇ ਗਏ ਸਨ। ਇਹ ਮੋਘੇ ਏ.ਐਲ.ਆਰ.ਓ. ਨਿਗਰਾਨ ਇੰਜਨੀਅਰ ਦੀ ਸਿਫਾਰਸ਼ ਤੇ ਦਿਤੇ ਜਾਂਦੇ ਹਨ ਜੋ ਕਿ ਪਹਿਲੀ ਜੂਨ ਜਾਂ ਬਾਰਸ਼ਾਂ ਸ਼ੁਰੂ ਹੋਣ ਤੇ ਅਤੇ ਪਾਣੀ ਦੀ ਹੋਂਦ ਵਜੋਂ ਦਿੱਤੇ ਜਾਂਦੇ ਹਨ।

ਸਾਲ 1980 ਲਈ ਹੋਣ ਵਾਲੀ ਪਾਣੀ ਦੀ ਉਪਲੱਬਧਤਾ ਬਾਰੇ ਜਾਇਜ਼ਾ ਲਿਆ ਗਿਆ ਅਤੇ ਇਹ ਵੇਖਿਆ ਗਿਆ ਕਿ ਪਿਛਲੇ ਸਾਲ ਦੀ ਮੰਗ ਦਾ ਸਿਰਫ 60-70% ਪਾਣੀ ਹੀ ਇਸ ਸਾਲ ਉਪਲੱਬਧ ਹੋਵੇਗਾ। ਬਰਸਾਤ ਵਿਚ ਫਾਲਤੂ ਪਾਣੀ, ਜੋ ਦਰਿਆਵਾਂ ਵਿਚੋਂ ਮਿਲ ਜਾਂਦਾ ਸੀ, ਨੂੰ ਵਰਤੋਂ ਵਿਚ ਲਿਆਉਣ ਵਾਸਤੇ ਸਾਲ 1962/65 ਵਿਚ ਆਰਜ਼ੀ ਮੋਘਿਆਂ ਰਾਹੀਂ ਫਾਲਤੂ ਪਾਣੀ ਦੀ ਵਰਤੋਂ ਦੀ ਤਜਵੀਜ਼ ਬਣਾਈ ਗਈ ਸੀ। ਬਿਆਸ ਤੇ ਸਤਲੁਜ ਦਰਿਆਵਾਂ ਦੇ ਪਾਣੀ ਨੂੰ ਜਮ੍ਹਾਂ ਕਰਨ ਲਈ ਡੈਮਾਂ ਦੀ ਉਸਾਰੀ ਕਰਨ ਉਪਰੰਤ ਨਹਿਰਾਂ ਨੂੰ ਪਾਣੀ ਤਰਤੀਬ ਅਨੁਸਾਰ ਦਿਤਾ ਜਾਂਦਾ ਹੈ। ਮੋਘਿਆਂ ਨੂੰ ਪਾਣੀ ਦੇਣ ਦਾ ਪੈਟਰਨ ਵੀ ਬਦਲ ਗਿਆ ਹੈ। ਰਾਵੀ ਦਰਿਆ ਦਾ ਵਾਧੂ ਪਾਣੀ ਵੀ ਮਾਧੋਪੁਰ ਬਿਆਸ ਲਿੰਕ ਰਾਹੀਂ ਸਤਲੁਜ ਦਰਿਆ ਵਿਚ ਪਾ ਕੇ ਹਰੀਕੇ ਤੋਂ ਨਿਕਲਣ ਵਾਲੀਆਂ ਨਹਿਰਾਂ ਤੇ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਉਤਨਾ ਹੀ ਪਾਣੀ ਪੋਂਗ ਰੇਜ਼ਰਵਾਇਰ ਵਿਚ ਜਮ੍ਹਾਂ ਕਰ ਲਿਆ ਜਾਂਦਾ ਹੈ। ਸਾਲ 1980 ਦੌਰਾਨ ਦਰਿਆਵਾਂ ਤੋਂ ਪਾਣੀ ਦੀ ਘਾਟ ਨੂੰ ਮੁੱਖ ਰਖਦੇ ਹੋਏ ਇਹ ਫੈਸਲਾ ਕੀਤਾ ਗਿਆ ਸੀ ਕਿ ਸਾਰੇ ਸਿਸਟਮਾਂ ਉਤੇ ਕੇਵਲ ਉਨਾਂ ਰੈਕਲੇਮੇਸ਼ਨ ਮੋਘਿਆਂ ਨੂੰ, ਜਿਨ੍ਹਾਂ ਨੂੰ ਲਗੇ ਤਿੰਨ ਸਾਲ ਤੋਂ ਘੱਟ ਸਮਾਂ ਹੋਇਆ ਹੈ, ਹੀ ਪਾਣੀ ਦਿਤਾ ਜਾਵੇਗਾ। ਇਹ ਪਾਣੀ ਪਹਿਲੀ ਜੂਨ ਜਾਂ ਮੌਨਸੂਨ ਦੇ ਸ਼ੁਰੂ ਹੋਣ ਤੇ ਅਤੇ ਵਾਧੂ ਪਾਣੀ ਦੀ ਹੋਂਦ ਨੂੰ ਮੁੱਖ ਰਖਦੇ ਹੋਏ ਦਿਤਾ ਜਾਵੇਗਾ।

10.46 ਸਵੇਰੇ

ਸਰਕਾਰ ਨੇ ਇਸ ਮਾਮਲੇ ਤੇ ਦੁਬਾਰਾ ਵਿਚਾਰ ਕੀਤਾ ਹੈ। (ਇਸ ਸਮੇਂ ਸ੍ਰੀ ਯਸ਼,, ਮੈਂਬਰ ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

ਇਸ ਤੱਥ ਨੂੰ ਮੁੱਖ ਰਖਦੇ ਹੋਏ ਕਿ ਜਿਹੜੇ ਕਿਸਾਨ ਕਈ ਸਾਲਾਂ ਤੋਂ ਇਨ੍ਹਾਂ ਮੋਘਿਆਂ ਦਾ ਲਾਭ ਲੈ ਰਹੇ ਹਨ, ਉਨਾਂ ਨੂੰ ਸਮੇਂ ਸਿਰ ਸੂਚਿਤ ਨਾ ਕਰਨ ਕਾਰਨ, ਇਹ ਫੈਸਲਾ ਕੀਤਾ ਗਿਆ ਹੈ , ਕਿ ਪਿਛਲੇ ਸਾਲ ਵਾਂਗ ਹੀ ਮੋਘੇ ਦਿੱਤੇ ਜਾਣ ਅਤੇ ਵੱਖ ਵੱਖ ਨਹਿਰਾਂ ਉਪਰ ਰੋਟੇਸ਼ਨ ਸਿਸਟਮ ਅਪਣਾਇਆ ਜਾਵੇ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਚੇਅਰਮੈਨ ਸਾਹਿਬ, ਕਿਸਾਨ ਤਿੰਨ ਤਰੀਕਿਆਂ ਨਾਲ ਪਾਣੀ ਲਾਉਂਦਾ ਹੈ, ਇਕ ਲਿਫਟ ਇਰੀਗੇਸ਼ਨ ਰਾਹੀਂ, ਦੂਸਰਾ ਟਿਊਬਵੈਲਾਂ ਰਾਹੀਂ ਅਤੇ ਤੀਸਰਾ ਨਹਿਰੀ ਪਾਣੀ ਰਾਹੀਂ । ਡੀਜ਼ਲ ਦੇ ਬਾਰੇ ਇਥੇ ਜਵਾਬ ਦਿਤਾ ਗਿਆ ਹੈ ਕਿ ਅਸੀਂ ਖੇਤੀਬਾੜੀ ਵਾਸਤੇ 75 ਫੀ ਸਦੀ ਡੀਜ਼ਲ ਕਰ ਦਿੱਤਾ ਹੈ। ਜਿਹੜਾ ਕਿ ਬਿਲਕੁਲ ਗਲਤ ਜਵਾਬ ਦਿੱਤਾ ਗਿਆ ਹੈ। ਬਲੈਕ ਵਿਚ ਭਾਵੇਂ ਕਿਸਾਨ ਨੇ 75% ਡੀਜ਼ਲ ਲੈ ਲਿਆ ਹੋਵੇ ਪਰ ਆਮ ਕਿਸਾਨ ਨੂੰ ਇਹ ਨਹੀਂ ਮਿਲਿਆ । ਇਹ ਵੀ ਇਕ ਘਾਟ ਹੈ ਜਿਸ ਕਰਕੇ ਕਿਸਾਨ ਆਪਣਾ ਪੂਰਾ ਪਾਣੀ ਨਹੀਂ ਲਾ ਸਕਦਾ। ਦੂਸਰਾ ਟਿਊਬਵੈਲਾਂ ਰਾਹੀਂ ਵੀ ਉਸ ਨੂੰ ਬੜੀ ਔਖ ਹੈ , ਕਿਉਂਕਿ ਬਿਜਲੀ ਬਹੁਤ ਘੱਟ ਮਿਲਦੀ ਹੈ ਅਤੇ ਹੁਣ ਤਾਂ ਹੋਰ ਵੀ ਕੱਟ ਲਗ ਗਈ ਹੈ ਜਿਸ ਦਾ ਅਸਰ ਝੋਨੇ ਦੀ ਫਸਲ ਤੇ ਪੈਣਾ ਹੈ । ਜਿਥੋਂ ਤਕ ਨਹਿਰੀ ਪਾਣੀ ਦਾ ਸਵਾਲ ਹੈ, ਨਹਿਰ ਦੇ ਮੋਘੇ ਹਰ ਸਾਲ ਲਾਏ ਜਾਂਦੇ ਹਨ, ਇਹ ਨਹੀਂ ਕਿ ਸਿਰਫ ਪਿਛਲੇ ਸਾਲ ਹੀ ਲਾਏ ਹਨ, ਇਹ ਹਰ ਸਾਲ ਲਾਏ ਜਾਂਦੇ ਹਨ। ਮੈਨੂੰ ਪਤਾ ਲਗਿਆ ਹੈ ਕਿ ਇਸ ਸਾਲ ਇਹ ਹਾਲੀਂ ਤੱਕ ਨਹੀਂ ਲਾਏ ਗਏ। ਅਸਰ ਰਸੂਖ ਵਾਲਿਆਂ ਨੇ ਰਿਸ਼ਵਤਾਂ ਦੇ ਕੇ ਭਾਵੇਂ ਹੁਣ ਵੀ ਲਵਾ ਲਏ ਹੋਣ ਪਰ ਆਮ ਕਿਸਾਨ ਨੂੰ ਇਸ ਦੀ ਇਜਾਜ਼ਤ ਨਹੀਂ ਦਿਤੀ ਗਈ। ਕੀ ਚੀਫ ਮਨਿਸਟਰ ਸਾਹਿਬ ਕੋਈ ਇਸ ਤਰਾਂ ਦਾ ਪ੍ਰਬੰਧ ਕਰਨਗੇ ਕਿ ਹਰ ਸਾਲ ਸਮੇਂ ਸਿਰ ਇਜਾਜ਼ਤ ਦੇ ਕੇ ਜਾਂ ਆਰਡਰ ਕਰਕੇ ਸਮੇਂ ਸਿਰ ਕੰਮ ਹੋਵੇ ਅਤੇ ਕਿਸਾਨਾਂ ਨੂੰ ਕੋਈ ਔਖ ਨਾ ਹੋਵੇ।

ਦੂਸਰਾ, ਮੈਂ ਮੁੱਖ ਮੰਤਰੀ ਸਾਹਿਬ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਨੁਕਸਾਨ ਹੋਇਆ ਹੈ ਉਸ ਲਈ ਕੀ ਰਿਆਇਤ ਦਿੱਤੀ ਗਈ ਹੈ ? ਇਨਾਂ ਨੇ ਰਕਲੇਮੇਸ਼ਨ ਦੀ ਗਲ ਕੀਤੀ ਹੈ ਕਿ ਰੈਕਲੇਮੇਸ਼ਨ ਮੋਘਿਆਂ ਨੂੰ ਜਿਨ੍ਹਾਂ ਨੂੰ ਲਗੇ ਤਿੰਨ ਸਾਲ ਤੋਂ ਘੱਟ ਸਮਾਂ ਹੋਇਆ ਹੈ ਉਨ੍ਹਾਂ ਨੂੰ ਹੀ ਪਾਣੀ ਦਿਤਾ ਜਾਵੇਗਾ। ਮੇਰੀ ਅਰਜ਼ ਹੈ ਕਿ ਤਿੰਨ ਸਾਲਾਂ ਵਿਚ ਕਦੇ ਵੀ ਕੋਈ ਕੱਲਰ ਨਹੀਂ ਮਾਰਿਆ । (ਵਿਘਨ) ਮੈਂ ਸਵਾਲ ਪੁੱਛਣਾ ਚਾਹੁੰਦਾ ਹਾਂ ਚੀਫ ਮਨਿਸਟਰ ਸਾਹਿਬ ਤੋਂ ਕਿ ਇਸ ਦੇ ਲਈ ਕੋਈ ਠੋਸ ਤਜ਼ਵੀਜ਼ ਕਰਨਗੇ ਤਾਂ ਕਿ ਕਿਸਾਨ ਨੂੰ ਨੁਕਸਾਨ ਨਾ ਹੋਵੇ ਔਰ ਜਿਹੜਾ ਕਿਸਾਨ ਨੂੰ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਕੋਈ ਮੁਆਵਜ਼ਾ ਜਾਂ ਇਸ ਤਰਾਂ ਦੀ ਕੋਈ ਸਹੂਲਤ ਦੇਣ ਵਾਸਤੇ ਕੋਈ ਹੁਕਮ ਕਰਨਗੇ ?

**ਮੁੱਖ ਮੰਤਰੀ** : ਚੇਅਰਮੈਨ ਸਾਹਿਬ, ਇਹ ਸਵਾਲ ਤਾਂ ਇਸ ਦੇ ਵਿਚੋਂ ਨਹੀਂ ਉਠਦਾ ਲੇਕਿਨ ਮੈਂ ਮਾਨਯੋਗ ਮੈਂਬਰ ਦੀ ਗਲ ਦਾ ਜਵਾਬ ਦੇਣਾ ਚਾਹੁੰਦਾ ਹਾਂ ਕਿ ਅੱਗੇ ਜੋ ਕੁਝ ਪਿਛੇ ਹੋਇਆ ਸੀ, ਜੋ ਸਿਸਟਮ ਇਵੌਲਵ ਕੀਤਾ ਗਿਆ ਸੀ ਉਸ ਦੇ ਮੁਤਾਬਿਕ ਜੋ ਸਿਸਟਮ ਬਣਾਇਆ ਗਿਆ ਸੀ ਅਸੀਂ ਉਸ ਤੋਂ ਦੂਰ ਨਹੀਂ ਗਏ। ਜਿਹੜੇ ਸੂਟਸ ਹਨ ਜਾਂ ਆਰਜ਼ੀ ਮੋਘੇ ਜਿਹੜੇ ਹਨ ਉਹ ਦਿਤੇ ਜਾਣਗੇ , ਜੋ ਫੈਸਲਾ ਪਹਿਲਾਂ ਸੀ ਇਹੀ ਫੈਸਲਾ ਸਾਡਾ ਹੈ ਤਾਂ ਕਿ ਲੋਕੀਂ ਝੋਨਾਂ ਬੀਜਣ ਲਈ ਪਾਣੀ ਇਸਤੇਮਾਲ ਕਰ ਸਕਣ (ਵਿਘਨ) ਇਸ ਲਈ ਮੈਂ ਆਪ ਨੂੰ ਅਰਜ਼ ਕਰਨੀ ਚਾਹੰਦਾ ਹਾਂ ਕਿ ਪਾਣੀ ਦੀ ਥੁੜ੍ਹ ਕਰਕੇ ਇਹ ਜਿਹੜਾ ਪ੍ਰਬੰਧ ਸੀ ਇਹ ਰੈਗੂਲੇਟ ਥੋੜ੍ਹਾ ਜਿਹਾ ਕਰਨ ਵਾਲਾ ਸੀ, ਅਸੀਂ ਇਸ ਨੂੰ ਰੈਗੂਲੇਟ ਕੀਤਾ ਹੈ। ਲੇਕਿਨ ਪਾਣੀ ਤੋਂ ਕਿਸਾਨ ਨੂੰ ਵਾਂਝਿਆ ਨਹੀਂ ਰਖਿਆ ਜਾਵੇਗਾ ਅਤੇ ਜੋ ਪਿਛਲੇ ਸਾਲ ਸਿਸਟਮ ਸੀ ਉਹੀ ਰਖਿਆ ਜਾਵੇਗਾ।

Original with;
Punjab Vidhan Sabha
Digitized by;
Panjab Digital Library

(*Serial No.* 21)

**Sardar Surjit Singh Barnala**
**Sardar Baldev Singh Mann:** } Sir, I beg to draw the attention of the
**Jathedar Gurbachan Singh:**
Government towards a matter of urgent public importance namely, the recovery of instalments of the cost of construction of Pakka water courses from the land owners in District Sangrur. The Government had agreed to remit half of the cost but now the entire amount is being realised. These water courses were not constructed at the request of the land owners. The recovery is being made even regarding the land which does not receive any canal water and even of abadi land. People are being harassed for making recovery and there is a lot of resentment in the public. The concerned Minister may please make a statement.

**Chief Minister (Sardar Darbara Singh)** Sir, the lining of water courses was taken up by the Punjab State Tubewell Corporation in the year 1975, with the intention of reducing the seepage losses through them. These kacha water courses are owned and constructed by the shareholders of the outlet for leading water from the outlet (where the Government delivers the individual's share of water) to their fields and hence their lining provides benefit directly to the share holders. The work of lining watercourses is being executed by Punjab State tubewell Corporation under the Northern India Canal and Drainage Act, section 30 of which empowers the Divisional Canal Officers to prepare a scheme, on his own or on application from the shareholders for the lining of any water course and execute it in the fields after giving hearing to the shareholders.

The cost of the works executed by the Divisional Canal Officers under section 30 of the Northern India Canal and Drainage Act is to be recovered from the shareholders as arrears of land revenue, in proportion to the Culturable Commanded Area under the scheme. Thus the demand for the recovery of the cost from an individual is worked out according to his area included in the culturable Commanded Area of the Chak of the outlet. In case of such shareholders who had not been receiving the canal water, they are required under the law to approach the Divisional Canal Officer of the Irrigation Department to have their area excluded from the Culturable Commanded Area of the chak.

In 1978-79 it was decided by the Government to subsidise the work of lining by 25% for works carried out after April, 1978. The funds for subsidy were to be provided from the Marketing Committees and the Marketing Board. A sum of Rs. 298.42 lacs was advanced by the Marketing Board and various Marketing Committees to the Soil Conservation Department and the Punjab State Tubewell Corporation for this purpose. Because of a decision of the Supreme Court in May, 1979, a subsidy from these funds had to be discontinued. A demand to give 50 % subsidy was taken in case of a few villages of Muktsar Tehsil but this demand could not be implemented as Municipal Committee could not give funds. The matter regarding 50% subsidy on the work of lining of water courses from Government funds is under consideration of the Government.

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਚੇਅਰਮੈਨ ਸਾਹਿਬ ਜੋ ਕੁਝ ਚੀਫ ਮਨਿਸਟਰ, ਸਾਹਿਬ ਨੇ ਜਵਾਬ ਦਿਤਾ ਹੈ ਉਸ ਤੋਂ ਇਹ ਤਾਂ ਇਸ਼ਾਰਾ ਹੈ ਕਿ 25% ਸਬਸਿਡੀ ਦੇਣੀ ਮੁਨਾਸਿਬ ਸਮਝੀ ਗਈ ਸੀ। ਔਰ ਕੁਝ ਰਕਮ ਦੇ ਦਿਤੀ ਗਈ ਸੀ। ਇਹ ਵੀ ਕਿਹਾ ਗਿਆ ਹੈ ਕਿ 50% ਖਰਚ ਦੇਣ ਵਾਸਤੇ

Original with;
Punjab Vidhan Sabha
Digitized by;
Panjab Digital Library

ਮਾਮਲਾ ਜ਼ੇਰੇ ਗੌਰ ਹੈ। ਮੇਰਾ ਖਿਆਲ ਹੈ ਕਿ ਇਸ ਗਲ ਵਾਸਤੇ ਇਕ ਕਮੇਟੀ ਬਣੀ ਸੀ ਕਿ ਉਹ ਰਿਸੋਰਸਿਜ਼ ਤਲਾਸ਼ ਕਰੇ ਕਿ ਪੈਸੇ ਕਿਥੋਂ ਦਿਤੇ ਜਾ ਸਕਦੇ ਹਨ। ਇਹ ਚੀਜ਼ ਪਹਿਲੀ ਸਰਕਾਰ ਤਾਂ ਜ਼ਰੂਰੀ ਮਹਿਸੂਸ ਕਰਦੀ ਸੀ ਕਿ ਸਾਰੀ ਕੀਮਤ ਪੱਕੇ ਖਾਲਿਆਂ ਦੀ ਕਿਸਾਨ ਨੂੰ ਦੇਣੀ ਮੁਸ਼ਕਿਲ ਹੈ। ਇਸ ਲਈ 25% ਪਹਿਲਾਂ ਅਤੇ 25% ਬਾਅਦ ਵਿਚ ਸਰਕਾਰ ਦੇਵੇ ਅਤੇ ਬਾਕੀ ਅੱਧੀ ਰਕਮ ਕਿਸਾਨ ਦੇਵੇ। ਪਹਿਲੀ ਸਰਕਾਰ ਦੀ ਇਸ ਮਨਸ਼ਾ ਤੇ ਮੈਂ ਸਮਝਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਬਿਆਨ ਦੇਣ ਅਤੇ ਉਨ੍ਹਾਂ ਦਾ 50% ਖਰਚੇ ਦਾ ਬੋਝ ਸਰਕਾਰ ਖੁਦ ਬਰਦਾਸ਼ਤ ਕਰੇ।

ਇਕ ਜ਼ਰੂਰੀ ਮਸਲਾ ਇਹ ਹੈ ਕਿ ਵਸੂਲੀ ਵਾਸਤੇ ਕਈ ਜਗਾਂ ਵਾਰੰਟ ਜਾਰੀ ਹੋ ਗਏ ਹਨ ਔਰ ਉਹ ਉਨ੍ਹਾਂ ਕਿਸਾਨਾਂ ਦੇ ਵੀ ਹਨ ਜਿਨਾਂ ਦੀਆਂ ਜ਼ਮੀਨਾਂ ਨੂੰ ਪਾਣੀ ਲਗਦਾ ਹੀ ਨਹੀਂ। ਚੀਫ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਉਹ ਨਹਿਰ ਦੀ ਅਥਾਰਟੀ ਕੋਲ ਜਾਣ ਅਤੇ ਉਨ੍ਹਾਂ ਨੂੰ ਕਹਿਣ ਕਿ ਉਨ੍ਹਾਂ ਦਾ ਏਰੀਆ ਕਮਾਂਡਿਡ ਏਰੀਆ ਵਿਚੋਂ ਕੱਢ ਦਿਤਾ ਜਾਏ। ਪੈਸੇ ਤਾਂ ਉਨਾਂ ਤੋਂ ਵਸੂਲ ਕੀਤੇ ਜਾਣੇ ਚਾਹੀਦੇ ਹਨ ਜਿਨਾਂ ਨੂੰ ਲਾਭ ਹੋ ਰਿਹਾ ਹੈ ਔਰ ਜਿਹੜੇ ਪਾਣੀ ਲਗਾ ਰਹੇ ਹਨ। ਦੂਸਰਿਆਂ ਤੋਂ ਪੈਸੇ ਵਸੂਲ ਨਹੀਂ ਹੋਣੇ ਚਾਹੀਦੇ। ਕੁਝ ਐਸੇ ਲੋਕਾਂ ਨੂੰ ਵਾਰੰਟ ਚਲੇ ਗਏ ਹਨ ਜਿਨ੍ਹਾਂ ਦੀਆਂ ਜ਼ਮੀਨਾਂ ਆਬਾਦੀ ਵਿਚ ਹਨ ਔਰ ਉਹ ਸ਼ਾਇਦ ਉਥੇ ਮਕਾਨ ਬਣਾਉਣ ਦੀ ਸੋਚ ਰਹੇ ਹਨ। ਇਸ ਕਰਕੇ ਚੀਫ਼ ਮਨਿਸਟਰ ਸਾਹਿਬ ਇਸ ਗਲ ਦਾ ਆਸ਼ਵਾਸ਼ਨ ਦੇਣ ਕਿ ਕਿਸਾਨਾਂ ਨੂੰ 50% ਦੀ ਛੋਟ ਦੇਣਗੇ ਅਤੇ ਉਨ੍ਹਾਂ ਲੋਕਾਂ ਦੇ ਵਾਰੰਟ ਫੌਰਨ ਕੈਂਸਲ ਕਰਨਗੇ ਜਿਨ੍ਹਾਂ ਦੀਆਂ ਜ਼ਮੀਨਾਂ ਨੂੰ ਪਾਣੀ ਨਹੀਂ ਮਿਲਦਾ ਅਤੇ ਜਿਨ੍ਹਾਂ ਦੀਆਂ ਜ਼ਮੀਨਾਂ ਆਬਾਦੀ ਵਿਚ ਆਉਂਦੀਆਂ ਹਨ। ਕੀ ਲੋਕਾਂ ਨਾਲ ਜਿਹੜੀ ਹੈਰਾਸਮੈਂਟ ਕੀਤੀ ਜਾ ਰਹੀ ਹੈ ਉਸ ਤੋਂ ਉਨ੍ਹਾਂ ਨੂੰ ਛੁਟਕਾਰਾ ਦਿਵਾਉਣਗੇ ?

**ਮੁੱਖ ਮੰਤਰੀ :** ਮਾਨਯੋਗ ਮੈਂਬਰ ਸਰਦਾਰ ਸੁਰਜੀਤ ਸਿੰਘ ਨੇ ਸੁਆਲ ਕੀਤਾ ਹੈ ਕਿ ਹੈਰਾਸਮੈਂਟ ਬਹੁਤ ਹੈ। ਹੈਰਾਸਮੈਂਟ ਬਾਰੇ ਤਾਂ ਸੋਚਿਆ ਜਾ ਸਕਦਾ ਹੈ, ਪਰ ਜੋ ਕ੍ਰਾਇਦਾ ਕਾਨੂੰਨ ਹੈ ਉਸ ਦੀ ਵਰਤੋਂ ਤਾਂ ਜ਼ਰੂਰ ਕਰਨੀ ਚਾਹੀਦੀ ਹੈ। ਕਿਸਾਨ ਨੂੰ ਇਹ ਹੱਕ ਹਾਸਲ ਹੈ ਕਿ ਉਹ ਚੱਕ ਬੰਦੀ ਵੇਲੇ ਜਿਸ ਵੇਲੇ ਪਾਣੀ ਉਥੋਂ ਜਾਣਾ ਹੈ, ਉਹ ਕਹਿ ਸਕਦਾ ਹੈ ਕਿ ਮੈਂ ਪਾਣੀ ਨਹੀਂ ਲੈਣਾ, ਇਸ ਲਈ ਲਾਇਨਿੰਗ ਦਾ ਖਰਚਾ ਮੇਰੇ ਤੇ ਨਾ ਪਾਇਆ ਜਾਏ। ਇਹ ਉਸ ਨੂੰ ਅਧਿਕਾਰ ਹੈ, ਪਰ ਉਸਨੇ ਇਹ ਨਹੀਂ ਕਿਹਾ। ਇਹ ਸਮੂਹਿਕ ਕੰਮ ਹੈ, ਇਸ ਲਈ ਪਾਣੀ ਦਿਤਾ ਜਾਂਦਾ ਹੈ। ਜੇ ਕਰ ਉਹ ਨਜ਼ਦੀਕ ਦੇ ਐਸ.ਡੀ.ਓ. ਨੂੰ ਲਿਖ ਕੇ ਦੇਵੇ ਕਿ ਉਸ ਨੂੰ ਪਾਣੀ ਨਹੀਂ ਚਾਹੀਦਾ ਤਾਂ ਖਰਚਾ ਉਸਤੇ ਨਹੀਂ ਪਾਇਆ ਜਾਵੇਗਾ।

ਜਿਥੋਂ ਤਕ ਇਸ ਗਲ ਦਾ ਤੁਅੱਲਕ ਹੈ ਕਿ ਕੋਈ ਕਮੇਟੀ ਬਣੀ ਸੀ, ਸ਼ਾਇਦ ਕੋਈ ਕਮੇਟੀ ਬਣੀ ਵੀ ਹਵੇ ਪਰ ਉਸ ਦੇ ਨਤੀਜੇ ਕੋਈ ਨਹੀਂ ਨਿਕਲੇ, ਕੋਈ ਫੈਸਲਾ ਉਸ ਨੇ ਕੀਤਾ ਹੋਵੇ ਐਸੀ ਕੋਈ ਚੀਜ਼ ਨਹੀਂ। ਮਾਰਕੀਟ ਕਮੇਟੀ ਤੋਂ ਉਸ ਖਰਚੇ ਵਾਸਤੇ ਪੈਸੇ ਲੈਣ ਦੀ ਗਲ ਸਿਰੇ ਨਹੀਂ ਚੜ੍ਹ ਸਕੀ। ਪਿਛਲੀ ਸਰਕਾਰ ਨੇ ਕੁਝ ਪੈਸਾ ਲਿਆ ਅਤੇ ਇਨਸਟਾਲਮੈਂਟਸ ਵਿਚ ਕਟੌਤੀ ਕੀਤੀ ਗਈ। ਇਸ ਪਾਸੇ ਸੋਚਿਆ ਜਾ ਸਕਦਾ ਹੈ, ਇਹ ਵੀ ਮੈਂ ਆਫ਼ ਹੈਂਡ ਕਹਿਣ ਨੂੰ ਤਿਆਰ ਨਹੀਂ, ਇਹ ਚੀਜ਼ ਵਿਚਾਰ ਗੋਚਰੇ ਹੈ। ਬਾਕੀ 50 ਸਬਸਿਡੀ ਦੇਣ ਬਾਰੇ ਮੈਂ ਕਿਸੇ ਹੋਰ ਵੇਲੇ ਵਿਚਾਰ ਦੇ ਸਕਾਂਗਾ ਤਾਂ ਕਿ ਪਹਿਲਾਂ ਮੈਂ ਸਾਰੀ ਚੀਜ਼ ਨੂੰ ਘੋਖ ਲਵਾਂ।

ਜਿਥੋਂ ਤਕ ਤੁਅੱਲਕ ਹੈ ਮਾਰਕਿਟ ਕਮੇਟੀਆਂ ਔਰ ਮਾਰਕਿਟਿੰਗ ਬੋਰਡ ਦੇ ਪੈਸੇ ਦਾ, ਉਨ੍ਹਾਂ ਨੇ ਪੈਸੇ ਅਡਵਾਂਸ ਕੀਤੇ ਸੀ। ਉਹ ਪੈਸਾ, ਬਦਕਿਸਮਤੀ ਹੈ ਕਿ ਸੁਪਰੀਮ ਕੋਰਟ ਨੇ ਕੱਟ ਕਰ ਦਿਤਾ ਔਰ ਉਸ ਨੇ ਸਾਰਾ ਪੈਸਾ ਉਨ੍ਹਾਂ ਦਾ ਫਰੀਜ਼ ਕਰ ਦਿਤਾ ਔਰ ਕਿਹਾ ਕਿ ਇਸ ਕੰਮ ਲਈ ਇਸ ਦੀ ਵਰਤੋਂ ਨਹੀਂ ਕਰ ਸਕਦੇ। ਉਨ੍ਹਾਂ ਨੇ ਇਸ ਪੈਸੇ ਦੀ ਵਰਤੋਂ ਲਈ ਸਪੈਸਿਫਿਕ ਕੰਮ ਦਸ ਦਿਤੇ ਹਨ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤ੍ਰੀ]

ਜਿਨ੍ਹਾਂ ਤੇ ਉਹ ਵਰਤਿਆ ਜਾ ਸਕਦਾ ਹੈ ਹੋਰ ਕਿਤੇ ਖਰਚ ਨਹੀਂ ਕਰ ਸਕਦੇ । ਇਸ ਲਈ ਫਾਇਨਾਂਸ ਦੀ ਜਿਹੜੀ ਮੁਸ਼ਕਲ ਹੈ ਉਸ ਨੂੰ ਅਬੂਰ ਕਰਨ ਵਾਸਤੇ ਮਹਿਕਮੇ ਨਾਲ ਗਲ ਕਰਕੇ ਹੀ ਦਸਿਆ ਜਾ ਸਕਦਾ ਹੈ ।

ਜਿਹੜੇ ਪਿੰਡ ਆਬਾਦੀ ਵਿਚ ਆ ਗਏ ਹਨ ਉਨ੍ਹਾਂ ਬਾਰੇ ਮੈਂ ਲਾਜ਼ਮਨ ਹਦਾਇਤਾਂ ਕਰ ਦਿਆਂਗਾ ਕਿ ਆਬਾਦੀ ਵਿਚ ਆਈਆਂ ਹੋਈਆਂ ਜ਼ਮੀਨਾਂ ਤੇ ਜਿਨ੍ਹਾਂ ਦੀ ਆਬਪਾਸ਼ੀ ਨਹੀਂ ਹੁੰਦੀ ਉਨ੍ਹਾਂ ਨੂੰ ਮੁਸਤਸ਼ਨਾ ਕਰਾਰ ਦਿਤਾ ਜਾਏ।

**ਸਰਦਾਰ ਬਲਦੇਵ ਸਿੰਘ ਮਾਨ :** ਚੇਅਰਮੈਨ ਸਾਹਿਬ, ਇਸ ਗਲ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਪੰਜਾਬ ਦੇ ਕਿਸਾਨ ਨੇ ਹਿੰਦੁਸਤਾਨ ਦੇ ਅਨਾਜ ਦੇ ਭੰਡਾਰ ਨੂੰ ਭਰਨ ਵਿਚ ਬਹੁਤ ਹਿੱਸਾ ਪਾਇਆ ਹੈ। ਉਸ ਨੂੰ ਅਗਰ ਇਸ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਕਰਨਾ ਪਏ ਤਾਂ ਕਿੰਨੀ ਮਾੜੀ ਗੱਲ ਹੋਵੇਗੀ। ਸੀ. ਐਮ. ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪੈਸੇ ਦੇਣੇ ਚਾਹੀਦੇ ਹਨ। ਮੈਂ ਕਹਿੰਦਾ ਹਾਂ ਕਿ ਜਿਹੜੇ ਪਿੰਡਾਂ ਦੇ ਲੋਕਾਂ ਨੇ ਲਿਖ ਕੇ ਦਿਤਾ ਹੈ ਕਿ ਅਸੀਂ ਪੱਕੇ ਖਾਲੇ ਨਹੀਂ ਬਣਵਾਉਣੇ ਪਰ ਉਥੇ ਸਰਕਾਰ ਨੇ ਆਪਣੀ ਮਰਜ਼ੀ ਨਾਲ ਬਣਵਾਏ ਅਤੇ ਉਨ੍ਹਾਂ ਨੂੰ ਕਿਸ਼ਤਾਂ ਆ ਗਈਆਂ । ਕਈ ਐਸੇ ਪਿੰਡ ਹਨ ਜਿਨ੍ਹਾਂ ਵਿਚ ਕਈ ਜਗ੍ਹਾਂ 7 , 7 ਫੁੱਟ ਉੱਚੇ ਟਿੱਬੇ ਹਨ ਔਰ ਇਹ ਚੀਜ਼ ਚੱਕਬੰਦੀ ਵਿਚ ਹੈ ਔਰ 2, 2 ਕਿਲੋ ਮੀਟਰ ਤੱਕ ਖਾਲੇ ਪਿਛੇ ਰਹਿ ਗਏ ਹਨ ਪਰ ਉਨ੍ਹਾਂ ਦੇ ਨਾਮ ਵੀ ਦਰਜ ਕਰ ਲਿਤੇ ਗਏ ਹਨ। ਇਕ ਪਿੰਡ ਬਲਦ ਖੁਰਦ ਹੈ ਉਹ ਪਿੰਡ ਵੀ ਇਸ ਕੰਮ ਲਈ ਚੱਕਬੰਦੀ ਵਿੱਚ ਐਡ ਕਰ ਲਿਆ ਗਿਆ ਹੈ। ਇਸੇ ਤਰ੍ਹਾਂ ਇਕ ਪਿੰਡ ਹਰੀਗੜ੍ਹ ਹੈ, ਖਾਲ ਅਜੇ ਉਥੇ ਬਣਾਈ ਹੀ ਨਹੀਂ ਗਈ ਪਰ ਉਨ੍ਹਾਂ ਨੂੰ ਕਿਸ਼ਤ ਆ ਗਈ ਹੈ। ਡਿਸਟ੍ਰਿਕਟ ਫਰੀਦਕੋਟ ਵਿਚ ਸਿਖਵਾਲਾ ਪਿੰਡ ਹੈ ਉਸ ਨੂੰ ਵੀ ਐਡ ਕਰ ਲਿਆ ਗਿਆ ਹੈ ਪਰ ਖਾਲੇ ਉਥੇ ਬਣੇ ਨਹੀਂ । ਮੈਂ ਸੀ. ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਖਾਲੇ ਲੋਕਾਂ ਨੇ ਆਪਣੀ ਮਰਜ਼ੀ ਨਾਲ ਨਹੀਂ ਬਣਵਾਏ ਕੀ ਉਨ੍ਹਾਂ ਦੇ ਕੇਸ ਵਿਚ ਗੌਰ ਕਰਨਗੇ ਔਰ ਜੇਕਰ ਸਰਕਾਰ ਨੇ ਆਪਣੀ ਮਰਜ਼ੀ ਨਾਲ ਖਾਲੇ ਬਣਵਾਏ ਹਨ ਤਾਂ ਉਨ੍ਹਾਂ ਅਫ਼ਸਰਾਂ ਨੂੰ ਸਜ਼ਾ ਦੇਣਗੇ ਜਿਨ੍ਹਾਂ ਨੇ ਕੁਤਾਹੀ ਕੀਤੀ ਹੈ ? ਇਸ ਤੋਂ ਇਲਾਵਾ ਮੈਂ ਦੱਸਦਾ ਹਾਂ ਕਿ ਇਤਨਾ ਖਰਚ ਖਾਲਿਆਂ ਦੀ ਕਨਸਟਰੱਕਸ਼ਨ ਦਾ ਨਹੀਂ ਜਿਨ੍ਹਾ ਕਿ ਐਡਮਿਨਸਟਰੇਸ਼ਨ ਦਾ ਹੈ। ਕਿਸਾਨ ਤੇ ਭਾਰ ਕਾਸਟ ਆਫ ਕਨਸਟਰਕਸ਼ਨ ਦਾ ਪੈਣਾ ਚਾਹੀਦਾ ਹੈ ਨਾ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਅਤੇ ਦੂਜੀ ਲੁੱਟ ਖਸੁੱਟ ਦਾ। ਇਹ ਖਰਚਾ ਸਰਕਾਰ ਨੂੰ ਖੁਦ ਬੀਅਰ ਕਰਨਾ ਚਾਹੀਦਾ ਹੈ। ਕਾਸਟ ਆਫ਼ ਕਨਸਟਰਕਸ਼ਨ ਦਾ ਖਰਚਾ ਪਰ ਏਕੜ 350 ਰੁਪਏ ਹੈ ਅਤੇ ਐਡਮਨਿਸਟਰੇਸ਼ਨ ਤੇ ਖਰਚਾ 450 ਰੁਪਏ ਹੈ। ਲੋਕਾਂ ਨੂੰ ਇਸ ਤਰ੍ਹਾਂ ਤੰਗ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਤੋਂ ਲੈਂਡ ਰੇਵਨਿਊ ਨਹੀਂ ਲਿਆ ਜਾਂਦਾ। ਉਹ ਕਹਿੰਦੇ ਹਨ ਕਿ ਪਹਿਲਾਂ ਖਾਲਿਆਂ ਦੇ ਪੈਸੇ ਜਮ੍ਹਾਂ ਕਰਾਵੋ। ਅਗਰ ਕੋਈ ਰਜਿਸਟਰੀ ਲੈਣ ਜਾਂਦਾ ਹੈ ਤਾਂ ਕਹਿੰਦੇ ਹਨ ਕਿ ਪਹਿਲਾਂ ਖਾਲਿਆਂ ਦੇ ਪੈਸੇ ਜਮ੍ਹਾਂ ਕਰਾ ਦਿਓ।

ਕੀ ਚੀਫ ਮਨਿਸਟਰ ਸਾਹਿਬ ਇਨ੍ਹਾਂ ਗੱਲਾਂ ਨੂੰ ਰੋਕਣ ਦਾ ਵਿਸ਼ਵਾਸ਼ ਦਿਵਾਉਣਗੇ ਅਤੇ ਉਨ੍ਹਾਂ ਲੋਕਾਂ ਨਾਲ ਇਸ ਤਰ੍ਹਾਂ ਦਾ ਧੱਕਾ ਨਹੀਂ ਹੋਵੇਗਾ ? ਕੀ ਇਸ ਰਿਕਵਰੀ ਨੂੰ ਫਿਲਹਾਲ ਸਸਪੈਂਡ ਕਰਨਗੇ ਅਤੇ ਇਸ ਚੀਜ਼ ਦੀ ਇਨਕੁਆਇਰੀ ਕਰਾਉਣਗੇ ?

**ਮੁੱਖ ਮੰਤਰੀ :** ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਦੀ ਗਿਆਤ ਵਾਸਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਖਾਲੇ ਪੱਕੇ ਕਰਨ ਦੀ ਗੱਲ ਹੈ, ਇਹ ਜਾਂ ਤਾਂ ਗੌਰਮਿੰਟ ਆਪ ਕਰ ਸਕਦੀ ਹੈ ਜਾਂ ਉਹ ਅਫਸਰ ਆਪ ਕਰ ਸਕਦੇ ਹਨ। ਇਕ ਡੇਪੂਟੇਸ਼ਨ ਮੇਰੇ ਪਾਸ ਆਇਆ ਸੀ। ਪਰ ਇਹ ਆਇਆ ਉਦੋਂ ਸੀ ਜਦੋਂ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਦਾ ਕੇਸ ਹਾਈ ਕੋਰਟ ਵਿਚ ਰਿਜੈਕਟ ਹੋ ਚੁੱਕਾ ਸੀ। ਉਹ ਕਹਿੰਦੇ ਸਨ ਕਿ ਅਸੀਂ ਨਹੀਂ ਚਾਹੁੰਦੇ ਕਿ ਖਾਲੇ ਪੱਕੇ ਹੋਣ। ਲੇਕਿਨ ਉਨ੍ਹਾਂ ਦਾ ਕੇਸ ਹਾਈ ਕੋਰਟ ਵਿਚ ਇਸ ਬਿਨਾ ਤੇ ਰਿਜੈਕਟ ਹੋਇਆ ਹੈ ਕਿ ਇਹ ਗੌਰਮਿੰਟ ਕੋਲ ਜਾ ਕੇ ਗੱਲ ਕਰਨ ਕਿਉਂਕਿ ਗੌਰਮਿੰਟ ਨੇ ਉਨ੍ਹਾਂ ਦੀ ਸਹੂਲਤ ਵਾਸਤੇ ਹੀ ਇਹ ਕੰਮ ਕੀਤਾ ਹੈ। ਸਵਾਲ ਇਹ ਹੈ ਕਿ ਕਈ ਜਗ੍ਹਾਂ ਖਾਲੇ ਗਲਤ ਜਗ੍ਹਾਂ ਤੇ ਬਣਾਏ ਗਏ ਹਨ ਕਈਆਂ ਦੀ ਸ਼ਿਕਾਇਤ ਹੈ ਕਿ ਉਥੇ ਪਾਣੀ ਨਹੀਂ ਚੜ੍ਹਦਾ ਜਾਂ ਉਨ੍ਹਾਂ ਨੂੰ ਪਾਣੀ ਦੀ ਜ਼ਰੂਰਤ ਨਹੀਂ। ਇਨ੍ਹਾਂ ਕੇਸਾਂ ਵਿਚ ਐਕਸ਼ਨ ਲੈਣ ਦੀ ਗੱਲ ਤਾਂ ਤਬ ਆਵੇ ਜੇ ਕੋਈ ਪ੍ਰਾਪਰ ਕੋਰਸ ਉਨ੍ਹਾਂ ਲੋਕਾਂ ਨੇ ਅਡਾਪਟ ਕੀਤਾ ਹੋਵੇ।

**ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ** : ਚੇਅਰਮੈਨ ਸਾਹਿਬ, ਸਾਡੇ ਕੋਲ ਜਵਾਬ ਆਇਆ ਹੈ ਕਿ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ, ਸੀ. ਐਮ. ਸਾਹਿਬ, ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਹੈ ਕਿ ਜੇ ਕੋਈ ਪਾਣੀ ਨਹੀਂ ਲੈਣਾ ਚਾਹੁੰਦਾ ਉਥੇ ਅਸੀਂ ਬੋਝ ਨਹੀਂ ਪਾਵਾਂਗੇ। ਮੈਂ ਖੁਦ ਡਿਪਟੀ ਕਮਿਸ਼ਨਰ, ਸੰਗਰੂਰ ਨੂੰ ਦਰਖਾਸਤ ਦਿਤੀ ਹੈ। ਜਦੋਂ ਸਾਡੀ ਸਰਕਾਰ ਸੀ ਉਦੋਂ ਵੀ ਰੈਸਟ ਹਾਊਸ ਵਿਚ ਮੀਟਿੰਗ ਹੋਈ ਸੀ ਤਾਂ ਮੈਂ ਰੌਲਾ ਪਾਇਆ ਸੀ। ਉਦੋਂ ਫੈਸਲਾ ਹੋਇਆ ਸੀ ਕਿ ਜਿਥੇ ਖਾਲਿਆਂ ਦੀ ਲੋੜ ਨਹੀਂ ਉਥੇ ਕਿਉਂ ਇੱਟਾਂ ਤੇ ਰੇਤ ਦੇ ਗਰੇ ਲਾਏ ਜਾਂਦੇ ਹਨ। ਮੇਰੇ ਆਪਣੇ ਖੇਤ ਦੇ ਨੇੜੇ ਇਟਾਂ ਦੇ ਗਰੇ ਲਾਏ ਗਏ, ਅਸੀਂ ਬੇਨਤੀ ਕੀਤੀ ਕਿ ਇਥੇ ਖਾਲਿਆਂ ਦੀ ਲੋੜ ਨਹੀਂ। ਬਠਿੰਡੇ ਦੇ ਇਲਾਕੇ ਵਿਚ ਇਸਦੀ ਬੜੀ ਲੋੜ ਹੈ, ਉਥੇ ਜਾ ਕੇ ਖਾਲੇ ਪੱਕੇ ਕੀਤੇ ਜਾਣ। ਅਜੇ ਮੇਰੇ ਖੇਤ ਤੋਂ 3 ਫਰਲਾਂਗ ਤੇ ਖਾਲਾ ਖੜ੍ਹਾ ਹੈ, ਪਰ ਮੈਨੂੰ ਮਾਮਲਾ ਆ ਗਿਆ ਹੈ। ਕਈ ਖਾਲੇ ਢਹਿ ਗਏ ਹਨ ਕਿਉਂਕਿ ਠੇਕੇ ਦਾਰਾਂ ਨੇ ਸੀਮਿੰਟ ਵੇਚ ਦਿਤਾ ਹੈ ਅਸੀਂ ਪਿਛਲੀ ਸਰਕਾਰ ਨੂੰ ਵੀ ਪਿੱਟਦੇ ਰਹੇ ਕਿ ਜਿਥੇ ਲੋੜ ਹੈ ਉਥੇ ਬਣਾਉਣ। ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਖਾਲੇ ਢਹਿ ਗਏ ਹਨ ਕੀ ਉਨ੍ਹਾਂ ਦੀ ਇਨਕੁਆਇਰੀ ਕਰਾਉਣਗੇ? ਮੇਰੇ ਹਲਕੇ ਵਿਚ ਰੱਤਾ ਖੇੜਾ ਪਿੰਡ ਹੈ। ਉਥੇ ਚੈਨਲ ਨੀਵੀਂ ਹੈ ਅਤੇ ਖੇਤ ਦਾ ਖਾਲਾ ਉੱਚਾ ਹੈ। ਇਸ ਲਈ ਪਾਣੀ ਨਹੀਂ ਆ ਰਿਹਾ। ਕੀ ਇਸ ਦੀ ਵੀ ਇਨਕੁਆਇਰੀ ਕਰਾਉਣਗੇ? ਕੀ ਅਜਿਹੇ ਘਪਲਿਆਂ ਦਾ ਸੁਧਾਰ ਕਰਨਗੇ?

**ਮੁੱਖ ਮੰਤਰੀ** : ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਨੇ ਇਹ ਤੌਖਲਾ ਜ਼ਾਹਿਰ ਕੀਤਾ ਹੈ ਕਿ ਕਈ ਥਾਵਾਂ ਤੇ ਖਾਲੇ ਪਹੁੰਚੇ ਨਹੀਂ ਪਰ ਪੈਸੇ ਦੀਆਂ ਲੈਣਦਾਰੀਆਂ ਸ਼ੁਰੂ ਹੋ ਗਈਆਂ ਹਨ। ਉਨ੍ਹਾਂ ਨੇ ਆਪਣੇ ਖੇਤ ਦੀ ਗੱਲ ਵੀ ਕੀਤੀ ਹੈ। ਇਸ ਨੂੰ ਵੇਖ ਲਵਾਂਗੇ ਬਾਕੀ ਇਨ੍ਹਾਂ ਨੇ ਕਿਹਾ ਹੈ ਕਿ ਖਾਲੇ ਢਹਿ ਗਏ ਹਨ ਇਹ ਤਾਂ ਜਿਨ੍ਹਾਂ ਨੇ ਪਿਛੇ ਬਣਾਏ ਹਨ ਉਨ੍ਹਾਂ ਨੂੰ ਪਤਾ ਹੋਣਾ ਹੈ ਕਿ ਸੀਮਿੰਟ ਕਿਥੇ ਗਿਆ। ਅਸੀਂ ਤਾਂ ਹੁਣ ਵੇਖਾਂਗੇ ਕਿ ਸੀਮਿੰਟ ਕਿਸ ਨੇ ਖਾਧਾ ਹੈ। ਸਾਨੂੰ ਤਾਂ ਸਪੁਰਦਦਾਰੀ ਹੀ ਹੋਈ ਹੈ।

---

## PAPERS LAID ON THE TABLE OF THE HOUSE

**Revenue Minister (Sardar Beant Singh)** Sir, I beg to lay on the Table the Audit Reports of the Punjab Financial Corporation for the years 1973-74 1975-76, 1976-77 and 1977-78, as required under section 37(7) of the State Financial Corporation Act, 1951.

I also beg to lay on the Table the Punjab Agricultural Produce Markets (Amendment) Ordinance, 1980 (Punjab Ordinance No. 5 of 1980), as required under Article 213(2) (a)of the Constitution of India

Original with;
Punjab Vidhan Sabha
Digitized by;
Panjab Digital Library

## RESUMPTION OF DISCUSSION ON GOVERNOR'S ADDRESS

**Mr. Chairman:** Now the House will resume discussion on* Motion of Thanks on the Governor's Address moved by Sardar Birdevinder Singh and seconded by Sardar Surinder Singh Kairon . Comrade Raj Kumar was on his legs when the House adjourned on 3rd July, 1980. He will please resume his speech.

(ਇਸ ਸਮੇਂ ਮਾਸਟਰ ਚੰਦ ਸਿੰਘ ਖੜ੍ਹੇ ਹੋਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ) ·

**ਸ੍ਰੀ ਸਭਾਪਤੀ :** ਮਾਸਟਰ ਜੀ, ਅੱਗੇ ਪੁਆਇੰਟ ਆਫ ਆਰਡਰਾਂ ਵਿਚ ਕਾਫੀ ਵਕਤ ਲੱਗ ਗਿਆ ਹੈ ਇਹ ਟਾਈਮ ਤੁਹਾਡੇ ਟਾਈਮ ਵਿਚੋਂ ਕੱਟ ਲਵਾਂਗੇ।

**ਮਾਸਟਰ ਚੰਦ ਸਿੰਘ :** ਮੈਂ ਤਾਂ ਚੇਅਰਮੈਨ ਸਾਹਿਬ, ਟਾਈਮ ਲੈਣ ਲਈ ਖੜ੍ਹਾ ਹੋਇਆ ਹਾਂ।

**ਸ੍ਰੀ ਸਭਾਪਤੀ :** ਤੁਹਾਨੂੰ ਬਾਅਦ ਵਿਚ ਟਾਇਮ ਦੇਵਾਂਗ। ਪਹਿਲਾਂ ਕਾਮਰੇਡ ਰਾਜ ਕੁਮਾਰ ਜੀ ਨੇ ਬੋਲਣਾ ਹੈ। ਰਾਜ ਕੁਮਾਰ ਜੀ , ਤੁਸੀ ਪਹਿਲਾਂ 34 ਮਿੰਟ ਬੋਲ ਚੁੱਕੇ ਹੋ। ਹੋਰ ਕਿੰਨਾਂ ਸਮਾਂ ਲਵੋਗੇ ?

**ਕਾਮਰੇਡ ਰਾਜ ਕੁਮਾਰ (ਧਾਰੀਵਾਲ) :** ਮੈਂ ਅੱਜ ਸਵੇਰੇ ਲਿਖ ਕੇ ਭੇਜਿਆ ਹੈ ਕਿ ਮੇਰੀ ਪਾਰਟੀ ਵੱਲੋਂ ਤਿੰਨ ਆਦਮੀ ਬੋਲਣਗੇ। ਮੈਨੂੰ ਦੱਸਿਆ ਨਹੀਂ ਗਿਆ ਕਿ ਕਿਤਨਾ ਟਾਈਮ ਮੇਰੀ ਪਾਰਟੀ ਨੂੰ ਮਿਲਣਾ ਹੈ ।

**ਸ੍ਰੀ ਸਭਾਪਤੀ :** ਠੀਕ ਹੈ, ਤੁਸੀਂ ਬੋਲਣਾ ਸ਼ੁਰੂ ਕਰੋ।

**ਕਾਮਰੇਡ ਰਾਜਕੁਮਾਰ :** ਚੇਅਰਮੈਨ ਸਾਹਿਬ, ਮੈਂ ਜਲਦੀ ਹੀ ਸਮਾਪਤ ਕਰਨ ਦੀ ਕੋਸ਼ਿਸ਼ ਕਰਾਂਗਾ । ਮੈਂ ਕੱਲ ਬੇਨਤੀ ਕੀਤੀ ਸੀ। ਇਸ ਹਾਊਸ ਵਿਚ, ਕਿ ਸਾਡੇ ਮੁਲਕ ਦੇ ਅੰਦਰ ਜਿਸ ਚੀਜ਼ ਦਾ ਜ਼ਿਆਦਾ ਧਿਆਨ ਰਖਣ ਦੀ ਲੋੜ ਹੈ ਉਹ ਇਹ ਹੈ ਕਿ ਅਸੀਂ ਕੋਸ਼ਿਸ਼ ਕਰੀਏ to allow every flower to bloom and every thought to contend. ਜੇ ਇਸ ਗਲ ਦੀ ਥਾਂ ਇਹ ਆ ਜਾਏ ਕਿ ਵਨ ਪਾਰਟੀ ਐਂਡ ਵਨ ਲੀਡਰ ਤਾਂ ਇਸ ਦੇ ਵਿਚ ਬਹੁਤ ਡੇਂਜਰਜ਼ ਹਨ। ਸ਼ਾਇਦ ਇਨ੍ਹਾਂ ਡੇਂਜਰਜ਼ ਦਾ ਇਫੈਕਟ ਕਿਸੇ ਨੂੰ ਪਹਿਲਾਂ ਨਾ ਹੋਇਆ ਹੋਵੇ ਲੇਕਿਨ ਕਲ ਜਿਸ ਕਿਸਮ ਦਾ ਐਕਸਪਰੈਸ਼ਨ ਇਸ ਹਾਊਸ ਵਿਚ ਹੋਇਆ ਹੈ, ਤੁਸੀਂ ਉਸ ਤੋਂ ਅੰਦਾਜ਼ਾ ਲਗਾ ਸਕਦੇ ਹੋ ਕਿ ਪੰਜਾਬ ਨਾਲ ਬੜਾ ਧੱਕਾ ਹੋਇਆ ਹੈ। ਜਦੋਂ ਨਹਿਰੀ ਪਾਣੀ ਦੀ ਤਕਸੀਮ ਬਾਰੇ ਅਵਾਰਡ ਆਇਆ ਸੀ ਤਾਂ ਇਸ ਧੱਕੇ ਨੂੰ ਸਾਰੇ ਪੰਜਾਬ ਨੇ ਐਕਸਪ੍ਰੈਸ ਕੀਤਾ ਸੀ। ਪਰ ਇਹ ਕਿਸ ਗੱਲ ਦਾ ਨਤੀਜਾ ਸੀ। ਸੈਂਟਰ ਦੀ ਤਰਫੋਂ ਸੂਬੇ ਵਿਚ ਕਨਫਾਰਮਿਸਟ ਲੀਡਰ ਹੋਵੇ, ਅਤੇ ਉਹ ਕਨਫਾਰਮਿਸਟ ਹਕੂਮਤ ਹੀ ਬਣਾਵੇ ਜੋ ਸੈਂਟਰ ਵਾਲੇ ਕਹਿਣ ਉਹੀ ਹੋ ਜਾਵੇ। ਸ਼ਾਇਦ ਇਸ ਗਲ ਦਾ ਹੀ ਨਤੀਜਾ ਸੀ ਕਿ ਉਸ ਵੇਲੇ ਦੇ ਮੁੱਖ ਮੰਤਰੀ, ਪੰਜਾਬ ਨੇ ਜਿਸ ਕਿਸਮ ਦਾ ਫੈਸਲਾ ਪਾਣੀ ਦੇ ਮੁਤਅੱਲਕ ਕੀਤਾ ਅਜ ਉਸ ਦਾ ਇਤਨੇ ਕਰੜੇ ਸ਼ਬਦਾਂ ਵਿਚੋਂ ਪ੍ਰਗਟਾਵਾ ਹੁੰਦਾ ਹੈ। ਇਹ ਠੀਕ ਹੈ ਕਿ ਉਸ ਵੇਲੇ ਪੰਜਾਬ ਦੇ ਨਾਲ ਧੱਕਾ ਹੋਇਆ ਸੀ। ਪਰ ਅੱਜ ਹਾਲਤ ਸੁਖਾਵੇ ਹਨ। ਉਸ ਧੱਕੇ ਨੂੰ ਠੀਕ ਕੀਤਾ ਜਾ ਸਕਦਾ ਹੈ । ਸੈਂਟਰ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਹੈ। ਪੰਜਾਬ ਵਿਚ ਵੀ ਕਾਂਗਰਸ ਪਾਰਟੀ ਦੀ ਸਰਕਾਰ ਹੈ

---

*"That the Members of this House assembled in this Session are deeply grateful to the Governor for the Address which he has been pleased to deliver to the House on 2nd July, 1980."

Original with;
Punjab Vidhan Sabha
Digitized by;
Panjab Digital Library

ਅਤੇ ਹਰਿਆਣੇ ਵਿਚ ਵੀ ਕਾਂਗਰਸ ਪਾਰਟੀ ਦੀ ਸਰਕਾਰ ਹੈ। ਕੋਈ ਵਜਾ ਨਹੀਂ ਕਿ ਜਿਹੜਾ ਧਕਾ ਅੱਗੇ ਹੋਇਆ ਸੀ ਪਾਣੀ ਦੀ ਤਕਸੀਮ ਵਿਚ ਉਸ ਧੱਕੇ ਨੂੰ ਦੂਰ ਕਾਰਨ ਦੇ ਰਸਤੇ ਵਿਚ ਕੋਈ ਰੁਕਾਵਟ ਹੋਵੇ। ਮੈਂ ਨਹੀਂ ਸਮਝਦਾ ਕਿ ਇਸ ਕਿਸਮ ਦੇ ਕੇਸ ਵਿੱਚ ਸਾਡੇ ਆਪਣੇ ਭਰਾਵਾਂ ਦਾ ਲਹੂ ਡੁੱਲੇ। ਸਾਨੂੰ ਆਪਣਾ ਲਹੂ ਡੋਲਣ ਲਈ ਬੜੇ ਮੌਕੇ ਮਿਲਣੇ ਹਨ। ਇਸ ਮੁਲਕ ਦੀ ਅਜ਼ਾਦੀ ਨੂੰ ਬਚਾਉਣ ਲਈ ਜਮਹੂਰੀਅਤ ਦੇ ਰਸਤੇ ਵਿਚ ਜਿਹੜੀਆਂ ਰੁਕਾਵਟਾਂ ਆਉਂਦੀਆਂ ਹਨ ਉਨ੍ਹਾਂ ਨੂੰ ਦੂਰ ਕਰਨ ਦੇ ਮੌਕੇ ਆਉਣੇ ਹਨ। ਸੈਂਟਰ ਗੌਰਮਿੰਟ ਦੀ, ਪੰਜਾਬ ਗੌਰਮਿੰਟ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਵੇਖੇ ਕਿ ਸਾਡੇ ਤੁਅਲਕਾਤ ਨੂੰ ਵਿਗਾੜਿਆ ਨਾ ਜਾਵੇ ਬਲ ਕਿ ਸਾਡੇ ਇਖਤਲਾਫਾਤ ਨੂੰ ਵਿਚ ਪੈ ਕੇ ਇਸ ਢੰਗ ਨਾਲ ਸੁਲਝਾਇਆ ਜਾਵੇ ਕਿ ਇਸ ਕਿਸਮ ਦਾ ਮਾਹੌਲ ਪੈਦਾ ਹੀ ਨਾ ਹੋਵੇ।

ਚੇਅਰਮੈਨ ਸਾਹਿਬ, ਮੈਂ ਹੁਣ ਤੁਹਾਡੇ ਸਾਹਮਣੇ ਇੰਡਸਟਰੀ ਦੇ ਬਾਰੇ ਕੁਝ ਵਿਚਾਰ ਰਖਾਂਗਾ। ਰਾਜਪਾਲ ਸਾਹਿਬ ਦਾ ਭਾਸ਼ਣ ਪਿਛਲੇ ਕੀਤੇ ਹੋਏ ਫੈਸਲਿਆਂ ਨੂੰ ਐਕਸਪੀਡਾਈਟ ਕਰਨ ਤੋਂ ਇਲਾਵਾ ਹੋਰ ਕਿਸੇ ਨਵੀਂ ਪਾਲਿਸੀ ਦਾ ਦਰਸ਼ਨ ਨਹੀਂ ਕਰਾਉਂਦਾ। ਅਗਰ ਪਿੱਛੇ ਕੀਤੇ ਹੋਏ ਕੰਮਾਂ ਨੂੰ ਐਕਸਪੀਡਾਈਟ ਹੀ ਕਰਨਾ ਹੈ ਅਤੇ ਉਹ ਵੀ ਉਨਾਂ ਕੰਮਾਂ ਨੂੰ ਜਿਹੜੇ ਕਿ ਸਿਰਫ ਕਾਗਜ਼ੀ ਫੈਸਲੇ ਹਨ, ਤਾਂ ਆਉਣ ਵਾਲੇ ਸਾਲਾਂ ਵਿਚ ਅਸੀਂ ਕੀ ਉਮੀਦ ਕਰਾਂਗੇ।

ਚੇਅਰਮੈਨ ਸਾਹਿਬ, ਇਹ ਪੰਜਾਬ ਦੀ ਬਦਕਿਸਮਤੀ ਹੈ ਕਿ ਜਿਹੜਾ ਇਸ ਦਾ ਟੋਟਲ ਰੈਵੇਨਿਊ ਬੈਂਕ ਵਿਚ ਡਿਪਾਜ਼ਿਟਸ ਦੇ ਤੌਰ ਤੇ ਪਿਆ ਹੈ ਉਸ ਵਿਚੋਂ ਕੇਵਲ 19 ਫੀ ਸਦੀ ਹੀ ਪੰਜਾਬ ਵਿਚ ਅਜੇ ਤੱਕ ਇਸਤੇਮਾਲ ਹੋਇਆ ਹੈ। ਬਾਕੀ ਸਾਰਾ ਪੈਸਾ ਦੂਸਰੇ ਸੂਬਿਆਂ ਵਿਚ ਇਸਤੇਮਾਲ ਹੋਇਆ ਹੈ। ਮੈਨੂੰ ਇਸ ਗਲ ਦਾ ਕੋਈ ਇਤਰਾਜ਼ ਨਹੀਂ ਕਿ ਇਸ ਪੰਜਾਬ ਦੀ ਦੌਲਤ ਦੂਸਰਿਆਂ ਸੂਬਿਆਂ ਵਿਚ ਇਸਤੇਮਾਲ ਹੋ ਰਹੀ ਹੈ। ਅਸੀਂ ਇਕੱਠੇ ਰਹਿਣਾ ਹੈ। ਲੇਕਿਨ ਇਸ ਦਾ ਇਹ ਵੀ ਮਤਲਬ ਨਹੀਂ ਕਿ ਪੰਜਾਬ ਨਾਲ ਜਿਹੜੀ ਬੜੇ ਅਰਸੇ ਤੋਂ ਡਿਸਕਰੀਮੀਨੇਸ਼ਨ ਚਲੀ ਆ ਰਹੀ ਹੈ ਉਹ ਜਾਰੀ ਰਹੇ।

ਚੇਅਰਮੈਨ ਸਾਹਿਬ, ਇਹ ਡਿਸਕਰੀਮੀਨਸ਼ਨ ਕਿਉਂ ਪੈਦਾ ਹੁੰਦੀ ਹੈ? ਇਸ ਵਿਚਾਰ ਨੂੰ ਜਿਤਨਾ ਚਿਰ ਤੱਕ ਛਡਿਆ ਨਹੀਂ ਜਾਂਦਾ ਕਿ ਇਕ ਪਾਰਟੀ ਔਰ ਇਕ ਲੀਡਰ ਹੋਵੇ, ਇਸ ਕਿਸਮ ਦੀਆਂ ਨੀਤੀਆਂ ਉਤਨੀ ਦੇਰ ਚਲਣਗੀਆਂ। ਚੇਅਰਮੈਨ ਸਾਹਿਬ, ਕਲ ਦੀ ਟਰਿਬਿਊਨ ਵਿਚ ਇਕ ਬਹੁਤ ਇੰਪਾਰਟੈਂਟ ਲੇਖ ਸੀ। ਉਸ ਨੇ ਅਸਲ ਹਾਲਾਤ ਦੇ ਦਰਸ਼ਨ ਕਰਵਾਏ ਹਨ ਔਰ ਜਿਨਾਂ ਅਫ਼ਸਰਾਂ ਨੇ ਭਾਸ਼ਣ ਤਿਆਰ ਕਰਵਾਇਆ ਸੀ ਇਹ ਗੱਲ ਉਨ੍ਹਾਂ ਦੇ ਨੋਟਿਸ ਵਿਚ ਹੋਣੀ ਚਾਹੀਦੀ ਹੈ। ਚੇਅਰਮੈਨ ਸਾਹਿਬ, ਪੰਜਾਬ ਵਿਚ ਸਭ ਸੂਬਿਆਂ ਤੋਂ ਵੱਧ ਸਕੂਟਰ ਹਨ, ਸੱਭ ਤੋਂ ਵੱਧ ਟੈਕਸੀਆਂ ਹਨ ਅਤੇ ਸਭ ਤੋਂ ਵੱਧ ਸਕਿੱਲਡ ਲੇਬਰ ਹੈ। ਪੰਜਾਬ ਦੇ ਅੰਦਰ ਸੇਵਿੰਗਜ਼ ਦਾ ਰੇਟ ਸਾਰਿਆਂ ਸੂਬਿਆਂ ਤੋਂ ਵੱਧ ਹੈ। ਪਰ ਪੰਜਾਬ ਵਿਚ ਇੰਡਸਟਰੀਅਲਾਈਜ਼ੇਸ਼ਨ ਕਰਨ ਵਾਸਤੇ ਕੋਈ ਗੱਲ ਇਸ ਭਾਸ਼ਣ ਵਿਚ ਨਹੀਂ ਹੈ। ਪੰਜਾਬ ਵਿਚ ਕੇਵਲ ਐਗਰੋਇੰਡਸਟਰੀਜ਼ ਹੀ ਨਹੀਂ ਹਨ ਹੋਰ ਇੰਡਸਟਰੀਜ਼ ਵੀ ਹਨ। ਇਹ ਬਿਲਕੁਲ ਠੀਕ ਗੱਲ ਹੈ ਕਿ ਅੱਜ ਪੰਜਾਬ ਬਿਲਕੁਲ ਐਸੀ ਸਤਾਹ ਤੇ ਪਹੁੰਚ ਚੁੱਕਾ ਹੈ ਕਿ ਪੰਜਾਬ ਦੀ 80 ਫੀ ਸਦੀ ਮਜ਼ੀਦ ਜ਼ਮੀਨ ਨੂੰ ਵਾਹੀ ਥੱਲੇ ਲਿਆਂਦਾ ਜਾ ਚੁੱਕਿਆ ਹੈ। ਇਸ ਤੋਂ ਅੱਗੇ ਹੁਣ ਰਸਤਾ ਇਸ ਪਾਸੇ ਬੰਦ ਹੈ। ਤੁਸੀਂ ਹੁਣ ਕੀ ਕਰੋਗੇ? ਅਨਇੰਪਲਾਇਡ ਲੇਬਰ ਦੀ ਸਮੱਸਿਆ ਨੂੰ ਹੱਲ ਕਰਨ ਵਾਸਤੇ ਅਗਰ ਸੀਰੀਅਸਲੀ ਇੰਡਸਟਰੀਅਲਾਈਜ਼ੇਸ਼ਨ ਵਾਸਤੇ ਨਹੀਂ ਸੋਚੋਗੇ ਤਾਂ ਨਤੀਜੇ ਸਾੜੇ ਨਿਕਲਗੇ। ਨਤੀਜੇ ਇਹ ਹੋਣਗੇ ਕਿ ਸਕਿੱਲਡ ਲੇਬਰ ਔਰ ਅਨਸਕਿਲਡ ਲੇਬਰ ਵਿਚ ਅਨਰੈਸਟ ਵਧੇਗੀ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਸ ਪਾਸੇ ਸੋਚਿਆ ਜਾਵੇਗਾ। ਪਬਲਿਕ ਸੈਕਟਰ ਨੂੰ ਮਜ਼ਬੂਤ ਕੀਤਾ ਜਾਵੇ। ਇਸ ਤਰ੍ਹਾਂ ਦੀ ਕੋਈ ਗੱਲ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਵੀ ਕਿਤੇ ਨਹੀਂ ਆਈ। ਇਸ ਤਰ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਕਿ ਅਸੀਂ ਪਬਲਿਕ ਸੈਕਟਰ ਦੇ ਵਿਚ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਕੋਈ ਚੀਜ਼ ਲਿਆਂਵਾਂਗੇ। ਪਿਛਲੇ ਦਿਨਾਂ ਵਿਚ ਜੁਆਇੰਟ ਸੈਕਟਰ ਫਲੋਟ ਕੀਤਾ ਗਿਆ ਪਰ, ਚੇਅਰਮੈਨ ਸਾਹਿਬ, ਵੇਖਿਆ ਇਹ ਗਿਆ ਹੈ ਕਿ ਇਹ ਜੁਆਇੰਟ ਸੈਕਟਰ ਬੁਰੀ ਤਰ੍ਹਾਂ ਨਾਲ ਸਰਕਾਰੀ ਖਜ਼ਾਨੇ ਨੂੰ ਪਲੰਡਰ ਕਰ ਰਿਹਾ ਹੈ। ਇਸ ਪਾਸੇ ਵੱਲ ਫੌਰੀ ਤੌਰ ਤੇ ਸੋਚਣਾ ਚਾਹੀਦਾ ਹੈ। ਅਨਸਕਰੁਪੱਲਸ ਆਦਮੀ ਇਸ ਵਿਚ ਆ ਕੇ ਖਜ਼ਾਨੇ ਨੂੰ ਪਲੰਡਰ ਕਰਦੇ ਹਨ। ਇਸ ਲਈ ਜੁਆਇੰਟ ਸੈਕਟਰ ਬੰਦ ਹੋਣਾ ਚਾਹੀਦਾ ਹੈ। ਪਬਲਿਕ ਸੈਕਟਰ ਵਿਚ ਵਾਧਾ ਕੀਤਾ ਜਾਵੇ ਅਤੇ ਕੀ ਇਸ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਪਰ ਇਸ ਭਾਸ਼ਣ ਵਿਚ ਐਸੀ ਕੋਈ ਚੀਜ਼ ਨਹੀਂ ਹੈ।

ਚੇਅਰਮੈਨ ਸਾਹਿਬ, ਟਰਾਂਸਪੋਰਟ ਨੈਸ਼ਨੇਲਾਈਜ਼ੇਸ਼ਨ ਦਾ ਸਵਾਲ ਆਉਂਦਾ ਰਿਹਾ ਹੈ। ਪਰ ਇਸ ਬਾਰੇ ਵੀ ਇਹ ਭਾਸ਼ਣ ਖਾਮੋਸ਼ ਹੈ। ਭਾਸ਼ਣ ਸ਼ਾਇਦ ਇਸ ਕਰਕੇ ਖਾਮੋਸ਼ ਹੈ ਕਿ ਸਰਕਾਰ ਨੇ ਸ਼ਾਇਦ ਕੋਈ ਟਰਾਂਸਪੋਟਰਾਂ ਨਾਲ ਕੁਮਿੱਟਮੈਂਟ ਕੀਤੀ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਸ ਮਸਲੇ ਤੇ ਸਰਕਾਰ ਦਾ ਵਿਚਾਰ ਹੈ ਉਹ ਵੀ ਸਾਹਮਣੇ ਆਉਣਾ ਚਾਹੀਦਾ ਹੈ ਵਰਨਾ ਜੋ ਹਾਲਾਤ ਅਨਇੰਪਲਾਇਮੈਂਟ ਦੇ ਹਨ ਉਨ੍ਹਾਂ ਨੂੰ ਇਹ ਠੀਕ ਨਹੀਂ ਕਰ ਸਕਣਗੇ। ਚੇਅਰਮੈਨ ਸਾਹਿਬ, ਅਸੀਂ ਹੁਣ ਇਸ ਹੱਦ ਤੇ ਆਏ ਹਾਂ ਕਿ ਲੁਧਿਆਣਾ ਦੀ ਅਤੇ ਬਟਾਲਾ ਦੀ ਛੋਟੀ ਇੰਡਸਟਰੀ ਬਿਲਕੁਲ ਅੱਗੇ ਨਹੀਂ ਵੱਧ ਸਕਦੀ। ਇਸ ਲਈ ਇਹ ਇੰਡਸਟਰੀ ਡਿਮਾਂਡ ਕਰਦੀ ਹੈ ਕਿ ਸਾਡੀ ਐਡਵਾਂਸ ਟੈਕਨਾਲੋਜੀ ਹੋਵੇ ਸਾਡੇ ਸਾਇੰਟੇਫਿਕ ਟੈਕਨੀਕ ਹੋਣ ਔਰ ਐਡਵਾਂਸ ਮੈਨੇਜਮੈਂਟ ਦੇ ਤਰੀਕੇ ਹੋਣ। We should see to it that relations of production in all round growth and augmentation of the forces of production assured.

ਪੰਜਾਬ ਅੰਦਰ ਇਸ ਚੀਜ਼ ਦੀ ਜ਼ਰੂਰਤ ਹੈ।

ਚੇਅਰਮੈਨ ਸਾਹਿਬ, ਫਿਰ ਮਿਨੀਮਮ ਵੇਜਿਜ਼ ਐਕਟ ਦੀ ਗੱਲ ਆਈ ਹੈ। ਇਸ ਐਕਟ ਥਲੇ 15 ਇੰਡਸਟਰੀਆਂ ਲਾਈਆਂ ਜਾਣਗੀਆਂ। ਪਰ ਮੈਂ ਇਹ ਕਹਿੰਦਾ ਹਾਂ ਕਿ ਮਿਨੀਮਮ ਵੇਜ਼ ਇਸ ਵੇਲੇ ਕੀ ਹੈ? 225 ਰੁਪਏ ਮਹੀਨਾ ਮਿਨੀਮਮ ਵੇਜ਼ ਹੈ। ਚੇਅਰਮੈਨ ਸਾਹਿਬ, ਤੁਸੀਂ ਜ਼ਰਾ ਖਿਆਲ ਕਰੋ ਕਿ 225 ਰੁਪਏ ਨਾਲ ਇਨ੍ਹਾਂ ਇਨਫਲੇਸ਼ਨਰੀ ਹਾਲਾਤ ਵਿਚ ਇਕ ਪਰਿਵਾਰ ਕਿਸ ਤਰ੍ਹਾਂ ਗੁਜ਼ਾਰਾ ਕਰ ਸਕਦਾ ਹੈ। ਸਾਡੇ ਪੰਜਾਬ ਵਿਚ ਇੰਪਾਰਟੈਂਟ ਪ੍ਰੋਡੈਕਟਿਵ ਫੋਰਸ ਜੋ ਸਕਿੱਲਡ ਲੇਬਰ ਦੀ ਹੈ ਪਰ ਉਸ ਵਲ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ। ਇਸ ਵੇਲੇ ਕੀ ਹੋ ਰਿਹਾ ਹੈ? ਹਜ਼ਾਰਾਂ ਦੀ ਗਿਣਤੀ ਵਿਚ ਕੇਸ ਪੰਜਾਬ ਦੇ ਇੰਡਸਟਰੀਅਲ ਟ੍ਰਿਬਿਊਨਲ ਦੇ ਪਾਸ ਪਏ ਹਨ। ਸਰਕਾਰ ਨੇ ਲੇਬਰ ਕੋਰਟਸ ਲੁਧਿਆਣਾ ਔਰ ਅੰਮ੍ਰਿਤਸਰ ਵਿਚ ਖੋਲ੍ਹ ਦਿਤੀਆਂ ਹਨ ਪਰ ਉਨ੍ਹਾਂ ਦੇ ਪ੍ਰੀਜ਼ਾਇਡਿੰਗ ਅਫ਼ਸਰ ਜਿਹੜੇ ਹਨ ਉਨ੍ਹਾਂ ਨੂੰ ਵੀ ਲੇਬਰ ਦਾ ਕੋਈ ਧਿਆਨ ਨਹੀਂ ਹੈ। ਇਸ ਲਈ ਜੋ ਉਨ੍ਹਾਂ ਵਰਕਰਾਂ ਦੇ ਮਸਲੇ ਹਨ ਉਹ ਹੱਲ ਨਹੀਂ ਹੋ ਰਹੇ। ਮੈਨੂੰ ਅੱਜ ਹੀ ਲੇਬਰ ਮਹਿਕਮੇ ਦੇ ਕਿਸੇ ਅਧਿਕਾਰੀ ਨੇ ਦਸਿਆ ਹੈ ਕਿ ਉਹ ਸਿਲੈਕਟਿਵ ਰੈਫਰੈਂਸ ਹੀ ਕਰਨਗੇ। ਹੁਣ ਕੀ ਹੋਇਆ ਕਰੇਗਾ? ਚੇਅਰਮੈਨ ਸਾਹਿਬ, ਸਿਲੈਕਟਿਵ ਰੈਫਰੈਂਸ ਹੋਇਆ ਕਰੇਗਾ। ਜਦੋਂ ਕਿਤੇ ਡਿਸਪਿਊਟ ਹੋਇਆ ਅਤੇ ਜ਼ਿਆਦਾ ਸ਼ੋਰ ਸ਼ਰਾਬਾ ਹੋਇਆ ਤਾਂ ਸਿਲੈਕਟਿਵ ਰੈਫਰੇਨਸ ਕਰ ਦਿੱਤਾ। ਚੇਅਰਮੈਨ ਸਾਹਿਬ, ਪਰਤਾਪ ਸਟੀਲ ਰੋਲਿੰਗ ਮਿਲ, ਫਰੀਦਾਬਾਦ ਵਿਚ ਕੀ ਹੋਇਆ? ਮਜ਼ਦੂਰਾਂ ਨੂੰ ਮਾਲਕਾਂ ਨੇ ਪੁਲਿਸ ਫੋਰਸ ਵਰਤ ਕੇ, ਆਪਣੇ ਗੁੰਡਿਆਂ ਨੂੰ ਵਰਤ ਕੇ ਮਾਰਿਆ ਕੁੱਟਿਆ। ਇਸੇ ਤਰ੍ਹਾਂ ਹੀ ਸਟੀਲ ਰੋਲਿੰਗ ਮਿਲਜ਼ ਧਾਰੀਵਾਲ ਦੇ ਮਾਲਕਾਂ ਨੇ ਗੌਰਮਿੰਟ ਦੇ ਨੁਮਾਇੰਦੇ ਦੇ ਨਾਲ ਬੈਠ ਕੇ ਫੈਸਲਾ ਕਰ ਦਿਤਾ ਕਿ ਲਾਕਆਊਟ ਨਹੀਂ ਹੋਵੇਗਾ। ਪਰ ਅੱਜ ਅਖਬਾਰ ਵਿਚ ਇਹ ਗਲ ਛਪੀ ਹੈ ਕਿ ਮਾਲਕ ਲਾਕਆਊਟ ਛੱਡਣ ਤੋਂ ਇਨਕਾਰੀ ਹੈ। ਇਕ ਸੈਕਸ਼ਨ ਦਾ ਲਾਕਆਊਟ ਖੋਲ੍ਹ ਲਿਆ ਹੈ, ਸਾਰਾ ਨਹੀਂ। ਸੋ ਇਸ ਤਰ੍ਹਾਂ ਪ੍ਰੋਡਕਸ਼ਨ ਤੇ ਅਸਰ ਪੈਂਦਾ ਹੈ, ਪ੍ਰੋਡਕਸ਼ਨ ਫੋਰਸ ਤੇ ਅਸਰ ਪੈਂਦਾ ਹੈ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਪ੍ਰੋਡਕਸ਼ਨ ਫੋਰਸ ਔਰ ਪ੍ਰੋਡਕਸ਼ਨ ਦੇ ਰਿਲੇਸ਼ਨਸ਼ਿਪ ਨੂੰ ਠੀਕ ਕਰਨ ਵਾਸਤੇ ਪੰਜਾਬ ਦੇ ਰਾਜਪਾਲ ਦੇ ਭਾਸ਼ਣ ਵਿਚ ਕਤੱਈ ਕੋਈ ਜ਼ਿਕਰ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਈ. ਐਸ. ਆਈ. ਸਕੀਮ ਦੇ ਥੱਲੇ ਇੰਪਲਾਈਜ਼ ਦੇ ਪੈਸੇ ਕੱਟੇ ਜਾਂਦੇ ਹਨ ਪਰ ਉਨ੍ਹਾਂ ਨੂੰ ਦਵਾਈ ਨਹੀਂ ਮਿਲਦੀ, ਉਨ੍ਹਾਂ ਦਾ ਠੀਕ ਤਰੀਕੇ ਨਾਲ ਇਲਾਜ ਨਹੀਂ ਕੀਤਾ ਜਾਂਦਾ। ਮਾਲਕਾਂ ਦੇ ਦਬਾ ਹੇਠ ਆ ਕੇ ਵਰਕਰ ਮੰਨ ਜਾਂਦੇ ਹਨ, ਉਹ ਕੰਟਰੀਬਿਊਸ਼ਨ ਦੇਈ ਜਾਂਦੇ ਹਨ, ਲੇਕਿਨ ਉਨ੍ਹਾਂ ਦਾ ਠੀਕ ਤਰ੍ਹਾਂ ਨਾਲ ਇਲਾਜ ਨਹੀਂ ਹੁੰਦਾ। ਫਿਰ, ਚੇਅਰਮੈਨ ਸਾਹਿਬ, ਪ੍ਰਾਵੀਡੈਂਟ ਫੰਡ ਹੈ। ਉਸ ਵਿਚ ਮਾਲਕ ਆਪਣਾ ਹਿੱਸਾ ਦਿੰਦੇ ਹਨ ਔਰ ਮਜ਼ਦੂਰ ਆਪਣਾ ਹਿੱਸਾ ਦਿੰਦੇ ਹਨ। ਪਰ ਉਸ ਵਿਚ ਵੀ ਇਹ ਕੰਡੀਸ਼ਨ ਹੈ ਕਿ ਜੇਕਰ 15 ਹਜ਼ਾਰ ਤੋਂ ਵੱਧ ਪ੍ਰਾਵੀਡੈਂਟ ਫੰਡ ਦੇ ਪੈਸੇ ਹੋਣ ਅਤੇ ਮਾਲਕ ਉਹ ਜਮ੍ਹਾਂ ਨਾ ਕਰਵਾਏ ਤਾਂ ਉਸ ਦੀ ਪ੍ਰਾਸੀਕਿਊਸ਼ਨ ਹੋ ਜਾਂਦੀ ਹੈ। ਪਰ ਇਸ ਪਾਸੇ ਵੀ ਵੇਖ ਲਵੋ ਕਿ ਨਾ ਕਾਨੂੰਨ ਹੀ ਕੁਝ ਕਰਦਾ ਹੈ, ਨਾ ਸਰਕਾਰ ਕੁਝ ਕਰਨ ਨੂੰ ਤਿਆਰ ਹੈ। ਇਸ ਕਰਕੇ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹਵਾਂਗਾ ਕਿ ਪਰਤਾਪ ਸਟੀਲ ਰੋਲਿੰਗ ਮਿਲ ਅਤੇ ਜਿਨਿਗ ਮਿਲ ਵਿਚ ਜੋ ਕੁਝ ਹੋਇਆ ਹੈ ਉਸ ਦੀ ਇਨਕੁਆਇਰੀ ਹੋਵੇ। ਟਾਂਗਾਂਵਾਂ ਵਿਚ ਜੋ ਹੋਇਆ ਹੈ, ਉਸ ਦੀ ਜੁਡੀਸ਼ੀਅਲ ਇਨਕੁਆਇਰੀ ਹੋਵੇ। ਸੰਧਵਾਂ ਦੀ ਮਿਲ ਵਿਚ ਫਾਇਰਿੰਗ ਹੋਈ, ਉਸ ਦੀ ਜੁਡੀਸ਼ੀਅਲ ਇਨਕੁਆਇਰੀ ਹੋਵੇ। ਉਥੇ ਵਰਕਰਜ਼ ਦਾ ਕੀ ਹਾਲ ਹੈ, ਇਸ ਵੱਲ ਸਰਕਾਰ ਧਿਆਨ ਦੇਵੇ। ਰਾਜਪੁਰੇ ਦੀ ਕੇਬਲ ਫੈਕਟਰੀ ਦੇ ਅੰਦਰ ਜੋ ਕੁਝ ਹੋਇਆ ਹੈ। ਉਸ ਬਾਰੇ ਮੇਰੇ ਦੋਸਤਾਂ ਨੇ (ਸੀ.ਪੀ.ਐਮ ਵੱਲ ਇਸ਼ਾਰਾ) ਕਲ ਵਾਕਆਊਟ ਕੀਤਾ ਸੀ। ਜੇਕਰ, ਚੇਅਰਮੈਨ ਸਾਹਿਬ, ਸੰਜੀਦਗੀ ਨਾਲ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਕਿਸ ਇਨਤਹਾ ਤੱਕ ਵਰਕਰਜ਼ ਨਾਲ ਬੇਇਨਸਾਫੀ ਹੋ ਰਹੀ ਹੈ। ਮੈਂ ਕਹਿੰਦਾ ਹਾਂ ਕਿ ਇਸ ਦੀ ਇਨਕੁਆਇਰੀ ਹੋਵੇ। ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਇੰਪਲਾਈਜ਼ ਵਾਸਤੇ ਜੋ ਕੁਝ ਇਸ ਭਾਸ਼ਣ ਵਿਚ ਲਿਖਿਆ ਗਿਆ ਹੈ ਉਹ ਵੀ ਤੁਹਾਡੇ ਸਾਹਮਣੇ ਹੈ। ਝਗੜੇ ਦਾ ਸੱਭ ਤੋਂ ਵੱਡਾ ਡੋਮੀਨੈਂਟ ਫੈਕਟਰ ਇਹ ਹੈ ਕਿ ਇਹ ਸਰਕਾਰ ਉਸ ਕਨਸੈਪਸ਼ਨ ਨੂੰ ਮੰਨਣ ਤੋਂ ਇਨਕਾਰੀ ਹੈ। ਸਾਨੂੰ ਪਤਾ ਹੈ ਕਿ ਜਦੋਂ ਵੀ ਸਰਕਾਰ ਦਾ ਕੋਈ ਕੰਮ ਕਰਨ ਦਾ ਇਰਾਦਾ ਨਾ ਹੋਵੇ ਤਾਂ ਉਸ ਮਾਮਲੇ ਨੂੰ ਉਹ ਕਮੇਟੀ ਦੇ ਹਵਾਲੇ ਕਰ ਦਿੰਦੀ ਹੈ। ਕਿਉਂਕਿ ਨਾ ਕਮੇਟੀ ਬੈਠਣੀ ਹੈ ਅਤੇ ਨਾ ਕੋਈ ਛੇਤੀ ਫੈਸਲਾ ਹੋਣਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਪਲਾਈਜ਼ ਦੇ ਮਾਮਲੇ ਤੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰਕੇ ਛੇਤੀ ਫੈਸਲਾ ਕਰੇ। ਜਿਨ੍ਹਾਂ ਇੰਪਲਾਈਜ਼ ਨੂੰ ਪਿਛੇ ਜਿਹੇ ਵਿਕਟੇਮਾਈਜ਼ ਕੀਤਾ ਗਿਆ ਸੀ ਉਨ੍ਹਾਂ ਦੇ ਕੇਸਿਜ਼ ਠੀਕ ਕੀਤੇ ਜਾਣ। ਔਰ ਜਿਨ੍ਹਾਂ ਲੋਕਾਂ ਨੇ ਹੜਤਾਲ ਨਹੀਂ ਕੀਤੀ ਸੀ ਉਨ੍ਹਾਂ ਨੂੰ ਬੋਨਸ ਵਜੋਂ ਇਕ ਇਨਕਰੀਮੈਂਟ ਦਿਤੀ ਗਈ ਸੀ ਪਰ ਦੂਸਰਿਆਂ ਨੂੰ ਨਹੀਂ ਦਿੱਤੀ ਗਈ ਸੀ। ਇਸ ਤਰ੍ਹਾਂ ਦਾ ਡਿਫੈਕਟਿਵ ਡਿਸੀਜ਼ਨ ਖਤਮ ਕੀਤਾ ਜਾਵੇ ਔਰ ਵੈਲਫੇਅਰ ਡਿਸੀਜ਼ਨ ਲਿਆ ਜਾਵੇ। ਜਿਨ੍ਹਾਂ ਦੇ ਨਾਲ ਧੱਕਾ ਹੋਇਆ ਹੈ ਉਹ ਠੀਕ ਕੀਤਾ ਜਾਵੇ।

ਚੇਅਰਮੈਨ ਸਾਹਿਬ, ਕਲ ਸਾਡੇ ਸਾਹਮਣੇ ਪ੍ਰਾਈਵੇਟ ਟੀਚਰਜ਼ ਦਾ ਮਸਲਾ ਆਇਆ ਸੀ and the Government replied that the matter is under its active consideration. ਚੇਅਰਮੈਨ ਸਾਹਿਬ, ਸਾਡੇ ਚੀਫ ਮਨਿਸਟਰ ਸਾਹਿਬ ਉਸ ਵੇਲੇ ਕਾਂਗਰਸ ਪਾਰਟੀ ਦੇ ਪ੍ਰਧਾਨ ਹੁੰਦੇ ਸਨ। 8 ਫਰਵਰੀ 1978 ਨੂੰ ਜਿਨ੍ਹਾਂ ਨੇ ਹੜਤਾਲ ਕੀਤੀ ਸੀ ਉਨ੍ਹਾਂ ਨੂੰ ਸਰਕਾਰ ਨੇ ਵਿਕਟੇਮਾਈਜ਼ ਕੀਤਾ। ਉਸ ਵੇਲੇ ਸਰਦਾਰ ਦਰਬਾਰਾ ਸਿੰਘ ਹੋਰਾਂ ਨੇ ਸਰਕਾਰ ਦੀ ਨੀਤੀ ਦੇ ਖਿਲਾਫ ਇਕ ਚਿੱਠੀ ਲਿਖੀ ਸੀ ਕਿ ਇਸ ਤਰ੍ਹਾਂ ਸਰਕਾਰ ਨੂੰ ਇੰਪਲਾਈਜ਼ ਨੂੰ ਵਿਕਟੇਮਾਈਜ਼ ਨਹੀਂ ਕਰਨਾ ਚਾਹੀਦਾ। ਮੈਂ ਇਹ ਡਿਮਾਂਡ ਕਰਾਂਗਾ ਕਿ ਉਨ੍ਹਾਂ ਉਸ ਵੇਲੇ ਜੋ ਵਾਇਦਾ ਕੀਤਾ ਸੀ ਉਸ ਨੂੰ ਪੂਰਾ ਕਰਨ, ਜਿਨ੍ਹਾਂ ਨੂੰ ਸਸਪੈਂਡ ਕੀਤਾ ਗਿਆ ਸੀ ਉਨ੍ਹਾਂ ਨੂੰ ਰੀਇੰਸਟੇਟ ਕਰਨ ਜਿਨ੍ਹਾਂ ਦੀ ਇਸ ਕਾਰਣ ਤਰੱਕੀ ਨਹੀਂ ਸੀ ਹੋਈ ਉਨ੍ਹਾਂ ਨੂੰ ਤਰੱਕੀ ਦੇਣ।

ਫਿਰ, ਚੇਅਰਮੈਨ ਸਾਹਿਬ, ਹਾਊਸ ਰੈਂਟ ਦਾ ਸਵਾਲ ਹੈ। ਅਨਜਸਟੀਫਿਏਬਲ ਤਰੀਕੇ ਦੇ ਨਾਲ ਹਾਊਸ ਰੈਂਟ ਦਿਤਾ ਜਾ ਰਿਹਾ ਹੈ। ਕਈਆਂ ਨੂੰ ਹਾਊਸ ਰੈਂਟ ਨਹੀਂ ਦਿਤਾ ਜਾਂਦਾ। ਇਸ ਲਈ ਇਸ ਵੱਲ ਵੀ ਧਿਆਨ ਕੀਤਾ ਜਾਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਤਕਰੀਬਨ 10 ਹਜ਼ਾਰ ਗਰੀਬ ਇੰਪਲਾਈਜ਼ ਜਿਹੜੇ ਕਿ ਖਰੜ, ਰਾਜਪੁਰਾ ਅਤੇ ਸਰਹਿੰਦ ਵਿਚ ਰਹਿੰਦੇ ਹਨ, ਦਾ ਸੀ.ਏ. ਬੰਦ ਪਿਆ ਹੈ। ਮੈਂ ਕਹਿੰਦਾ ਹਾਂ ਕਿ ਇਹ ਅਲਾਊਂਸ ਉਨ੍ਹਾਂ ਨੂੰ ਜ਼ਰੂਰ ਮਿਲਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਜਲਦੀ ਦਿੱਤਾ ਜਾਵੇ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਇਸ ਤੋਂ ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਐਗਰੀਕਲਚਰਲ ਲੇਬਰਜ਼ ਸਾਡੀ ਦੇਸ਼ ਦੀ ਬਹੁਤ ਵੱਡੀ ਫੋਰਸ ਹੈ। ਭਾਵੇਂ ਇਸ ਦੇ ਵੇਜਿਜ਼ ਦੇ ਰੇਟ ਮਿਨੀਮਮ ਹਨ ਪਰ ਜਿਹੜੇ ਵੀ ਰੇਟ ਮੁਕਰਰ ਕੀਤੇ ਹੋਏ ਹਨ ਉਹ ਵੀ ਉਨ੍ਹਾਂ ਨੂੰ ਨਹੀਂ ਮਿਲ ਰਹੇ। ਮੈਂ ਇਹ ਅਰਜ਼ ਕਰਦਾ ਹਾਂ ਕਿ ਇਨ੍ਹਾਂ ਰੇਟਸ ਨੂੰ ਇੰਪਲੀਮੈਂਟ ਕਰਨ ਵਾਸਤੇ ਕੋਈ ਨਾ ਕੋਈ ਮਸ਼ੀਨਰੀ ਹੋਣੀ ਚਾਹੀਦੀ ਹੈ। ਬਗੈਰ ਮਸ਼ੀਨਰੀ ਦੇ ਭਾਵੇਂ ਤੁਸੀਂ ਜਿੰਨੇ ਮਰਜ਼ੀ ਆਏ ਬਿਲ ਲਿਆਈ ਜਾਓ ਪਰ ਉਨ੍ਹਾਂ ਦਾ ਭਲਾ ਨਹੀਂ ਹੋ ਸਕਦਾ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅੱਜ ਐਗਰੀਕਲਚਰ ਮੈਕੇਨਾਈਜ਼ਡ ਹੋ ਰਹੀ ਹੈ ਔਰ ਜਿਥੇ ਇਸ ਦਾ ਫਾਇਦਾ ਹੋਇਆ ਹੈ ਉਥੇ ਇਸ ਨਾਲ ਐਕਸੀਡੈਂਟਸ ਵੀ ਬਹੁਤ ਹੁੰਦੇ ਹਨ ਅਤੇ ਕਈ ਐਗਰੀਕਲਚਰਲ ਲੇਬਰਜ਼ ਡਿਸਏਬਲ ਹੋ ਜਾਂਦੇ ਹਨ। ਐਕਸੀਡੈਂਟਸ ਨਾਲ ਕਈ ਮਜ਼ਦੂਰ ਅੰਗਹੀਣ ਹੋ ਜਾਂਦੇ ਹਨ ਅਤੇ ਉਹ ਬੇਕਾਰ ਹੋ ਜਾਂਦੇ ਹਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਵਾਸਤੇ ਸਰਕਾਰ ਨੂੰ ਆਪਣੇ ਖ਼ਜ਼ਾਨੇ ਵਿਚੋਂ ਕੰਪਨਸੇਸ਼ਨ ਦੇਣਾ ਚਾਹੀਦਾ ਹੈ ਤਾਂ ਹੀ ਉਨ੍ਹਾਂ ਦਾ ਭਲਾ ਹੋ ਸਕਦਾ ਹੈ।

ਚੇਅਰਮੈਨ ਸਹਿਬ, ਕੱਲ੍ਹ ਇਥੇ ਖਾਦ ਦਾ ਜ਼ਿਕਰ ਕੀਤਾ ਗਿਆ ਸੀ। ਇਹ ਕਹਿੰਦੇ ਹਨ ਕਿ ਖਾਦ ਦੀ ਕਮੀ ਦਾ ਕਾਰਣ ਅਸਾਮ ਹੈ, ਮੈਂ ਵੀ ਕਹਿੰਦਾ ਹਾਂ ਕਿ ਅਸਾਮ ਵਿਚ ਜੋ ਗੜਬੜੀ ਹੋ ਰਹੀ ਹੈ ਉਸ ਨਾਲ ਕਮੀ ਹੋਈ ਹੈ ਜਿਸ ਕਾਰਣ ਅੱਜ 4 ਰੀਫਾਈਨਰੀਜ਼ ਬੰਦ ਪਈਆਂ ਹਨ, ਔਰ ਨਾਪਥਾ ਤਿਆਰ ਨਹੀਂ ਹੋ ਰਿਹਾ। ਨਾਪਥਾ ਐਗਰੀਕਲਚਰਲ ਪਰੋਡਕਸ਼ਨ ਪਰੋਸੈਸ ਵਿਚ ਬਹੁਤ ਜ਼ਰੂਰੀ ਹੈ। ਇਸ ਲਈ ਜਦੋਂ ਤਕ ਅਸਾਮ ਦਾ ਮਸਲਾ ਹਲ ਨਹੀਂ ਹੋ ਜਾਂਦਾ ਖਾਦ ਦੀ ਸ਼ਾਰਟੇਜ ਖ਼ਤਮ ਨਹੀਂ ਹੋ ਸਕਦੀ। ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਜਿਹੜੀ ਅੱਜ ਖਾਦ ਦੀ ਬਲੈਕ ਹੋ ਰਹੀ ਹੈ ਇਸ ਨੂੰ ਰੋਕਣ ਲਈ ਸਰਕਾਰ ਨੂੰ ਜ਼ਰੂਰ ਪ੍ਰਬੰਧ ਕਰਨਾ ਚਾਹੀਦਾ ਹੈ। ਖਾਦ ਦੀਆਂ ਕੀਮਤਾਂ ਵੱਧਣ ਔਰ ਡੀਜ਼ਲ ਨਾ ਮਿਲਣ ਕਰਕੇ ਸਾਡੀ ਐਗਰੀਕਲਚਰਲ ਪਰੋਡਕਸ਼ਨ ਤੇ ਜੋ ਫ਼ਰਕ ਪਿਆ ਹੈ ਉਸ ਬਾਰੇ ਤੁਸੀਂ ਸਾਰੇ ਜਾਣਦੇ ਹੋ। ਪਿਛੇ ਕਈ ਦਿਨਾਂ ਤੋਂ ਟ੍ਰਿਬਿਊਨ ਅਖਬਾਰ ਵਿਚ ਆਉਂਦਾ ਰਿਹਾ ਹੈ। ਡੀਜ਼ਲ ਔਰ ਖਾਦ ਦੇ ਭਾਅ ਵੱਧਣ ਨਾਲ ਮਾਰਜਿਨਲ ਔਰ ਗਰੀਬ ਫਾਰਮਰਜ਼ ਤੇ ਬਹੁਤ ਜ਼ਿਆਦਾ ਅਸਰ ਪਿਆ ਹੈ। ਇਸ ਦੇ ਨਾਲ ਹੀ ਫੂਡ ਕਾਰਪੋਰੇਸ਼ਨ ਨੇ ਇਹ ਫੈਸਲਾ ਕਰ ਦਿੱਤਾ ਹੈ ਕਿ ਉਨ੍ਹਾਂ ਨੇ ਇਸ ਵਾਰੀ ਮੰਡੀ ਵਿੱਚ ਨਹੀਂ ਜਾਣਾ। ਇਸ ਦਾ ਮਤਲਬ ਇਹ ਹੈ ਕਿ ਮਾਰ-ਕੀਟ ਵਿਚ ਜਿਹੜੇ ਆੜ੍ਹਤੀਏ ਹਨ ਉਹ ਸੋਕੇ ਆਦਿ ਦੇ ਨਾਂ ਤੇ ਜਿਹੜੀ ਅਸਲ ਮਿਨੀਮਮ ਫਿਕਸਡ ਪ੍ਰਾਈਸ ਹੈ ਉਹ ਵੀ ਕਿਸਾਨਾਂ ਨੂੰ ਨਹੀਂ ਦੇਣਗੇ। ਇਸ ਦਾ ਕਿਸਾਨਾਂ ਤੇ ਬਹੁਤ ਜ਼ਿਆਦਾ ਅਸਰ ਪਿਆ ਹੈ। ਜੇ ਤੁਸੀਂ ਕਿਸਾਨਾਂ ਨੂੰ ਇਨਸੈਂਟਿਵ ਨਾ ਦਿਓਗੇ ਤਾਂ ਇਹ ਹਾਲਤ ਹੋਰ ਮਾੜੀ ਹੋ ਜਾਵੇ-ਗੀ। ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੱਲ੍ਹ ਇਥੇ ਸੋਕੇ ਦੇ ਬਾਰੇ ਸਵਾਲ ਉਠਾਇਆ ਗਿਆ ਸੀ। ਇਸ ਸਬੰਧ ਵਿਚ ਸਰਕਾਰ ਨੂੰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦ ਤਕ ਤੁਸੀਂ ਪੰਜਾਬ ਦੇ ਅੰਦਰ ਕੇਰਲਾ ਦੀ ਤਰ੍ਹਾਂ ਕਰਾਪ ਇਨਸ਼ੋਰੈਂਸ ਦੀ ਸਕੀਮ ਲਾਗੂ ਨਹੀਂ ਕਰੋਗੇ ਤਦ ਤੱਕ ਉਨ੍ਹਾਂ ਦਾ ਭਲਾ ਨਹੀਂ ਹੋ ਸਕੇਗਾ। ਇਸ ਦੇ ਵਾਸਤੇ ਜਿਹੜਾ ਪ੍ਰੀਮੀਅਮ ਵਗੈਰਾ ਦੇਣਾ ਹੈ ਉਹ ਸਰਕਾਰ ਆਪਣੇ ਖਜ਼ਾਨੇ ਵਿਚੋਂ ਦੇਵੇ ਤਾਂ ਹੀ ਗਰੀਬ ਔਰ ਮਾਰਜਿਨਲ ਕਿਸਾਨਾਂ ਦਾ ਬਚਾ ਹੋ ਸਕਦਾ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਹ ਸਕੀਮ ਜ਼ਰੂਰ ਲਾਗੂ ਕਰਨੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

ਬਾਕੀ, ਚੇਅਰਮੈਨ ਸਾਹਿਬ, ਮੈਂ ਹੁਣ ਲੈਂਡ ਰੀਫਾਰਮਜ਼ ਦੇ ਬਾਰੇ ਵੀ ਥੋੜ੍ਹੀ ਜਿਹੀ ਅਰਜ਼ ਕਰਨੀ ਚਾਹੁੰਦਾ ਹਾਂ। ਜਿਹੜੇ ਲੋਕ ਕਈ ਸਾਲਾਂ ਤੋਂ ਆਪਣੀਆਂ ਜ਼ਮੀਨਾਂ ਤੇ ਬੈਠੇ ਹਨ ਅਤੇ ਉਥੇ ਵਾਹੀ ਕਰ ਰਹੇ ਹਨ ਇਹ ਜ਼ਮੀਨਾਂ ਉਨ੍ਹਾਂ ਨੂੰ ਜ਼ਰੂਰ ਮਿਲਣੀਆਂ ਚਾਹੀਦੀਆਂ ਹਨ। ਪਰ ਇਸ ਦੇ ਬਾਰੇ ਵਿਚ ਗਵਰਨਰ ਐਡਰਸ ਬਿਲਕੁਲ ਖਾਮੋਸ਼ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਇਸ ਪਾਸੇ ਧਿਆਨ ਦੇਵੇ।

**Mr. Chairman** : Please wind up.

**ਕਾਮਰੇਡ ਰਾਜ ਕੁਮਾਰ** : ਮੈਂ ਸਿਰਫ਼ ਇਕ ਗੱਲ ਕਹਿਕੇ ਖ਼ਤਮ ਕਰਦਾ ਹਾਂ। ਐਜੂਕੇਸ਼ਨ ਦੇ ਮਾਮਲੇ ਵਿਚ ਕਈ ਗੱਲਾਂ ਕੀਤੀਆਂ ਗਈਆਂ ਹਨ ਅਤੇ ਕਈ ਤਜੱਰਬੇ ਕੀਤੇ ਗਏ ਹਨ। ਪਰ ਮੈਂ ਇਹ ਦਸਦਾ ਹਾਂ ਕਿ ਜਦੋਂ ਤਕ ਤੁਸੀਂ ਵੋਕੇਸ਼ਨੇਲਾਈਜ਼ੇਸ਼ਨ ਆਫ਼ ਐਜੂਕੇਸ਼ਨ ਨਹੀਂ ਕਰਦੇ ਉਸ ਵਾਸਤੇ ਇਨਫਰਾ-ਸਟ੍ਰੱਕਚਰ ਤਿਆਰ ਨਹੀਂ ਕਰਦੇ, ਜਦੋਂ ਤਕ ਕੰਬੀਨੇਸ਼ਨ ਆਫ਼ ਸਬਜੈਕਟਸ ਅਤੇ ਫਾਈ-ਨੈਂਸਿਜ਼ ਲਈ ਪ੍ਰਾਪਰ ਪਾਲਿਸੀ ਤਿਆਰ ਨਹੀਂ ਕਰਦੇ, ਉਦੋਂ ਤਕ ਤੁਸੀਂ ਜਿੰਨੀਆਂ ਮਰਜ਼ੀ ਸਕੀਮਾਂ ਬਣਾਈ ਜਾਓ, ਉਨ੍ਹਾਂ ਦਾ ਕੋਈ ਫਾਇਦਾ ਨਹੀਂ ਹੋ ਸਕਦਾ। ਐਗਜ਼ਾਮੀਨੇਸ਼ਨ ਦੀ ਕੋਈ ਪ੍ਰਾਪਰ ਪਾਲਿਸੀ ਨਹੀਂ। ਇਸ ਲਈ ਮੈਂ ਇਹ ਸੁਝਾਓ ਦੇਵਾਂਗਾ ਕਿ ਇਸ ਵਾਸਤੇ ਸਰਕਾਰ ਨੂੰ ਹਾਊਸ ਦੇ ਮੈਂਬਰਾਂ ਦੀ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਇਸ ਤੇ ਵਿਚਾਰ ਕਰਕੇ ਆਪਣੀ ਰਾਏ ਦੇਵੇ। ਉਸ ਤੋਂ ਬਾਅਦ ਹੀ ਨਵੇਂ ਐਡਵੈਂਚਰ ਸ਼ੁਰੂ ਕਰੋ, ਐਵੇਂ ਕੱਚੀ ਹੱਥੀਂ ਵੋਕੇਸ਼ਨੇਲਾਈਜ਼ੇਸ਼ਨ ਆਫ਼ ਐਜੂਕੇਸ਼ਨ ਲਈ ਸਕੀਮਾਂ ਬਣਾਉਣ ਦਾ ਕੋਈ ਫਾਇਦਾ ਨਹੀਂ। ਇਸ ਕੰਮ ਨੂੰ ਪੱਕੀ ਹੱਥੀਂ ਕਰੋ ਅਤੇ ਮਜ਼ਬੂਤ ਕਦਮ ਚੁੱਕੋ ਤਾਂ ਹੀ ਇਸ ਦਾ ਕੁਝ ਅਸਰ ਹੋ ਸਕਦਾ ਹੈ।

ਬਾਕੀ ਮੈਂ ਸਮਝਦਾ ਹਾਂ ਕਿ ਐਡਲਟ ਐਜੂਕੇਸ਼ਨ ਬਿਲਕੁਲ ਨੈਗਲੈਕਟਿਡ ਹੈ, ਪ੍ਰਾਇਮਰੀ ਐਜੂਕੇਸ਼ਨ ਬਿਲਕੁਲ ਨੈਗਲੈਕਟਿਡ ਹੈ। ਸਕੂਲ ਬਣਾਉਣ ਦੀ ਕੋਈ ਪਾਲਿਸੀ ਨਹੀਂ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਨ੍ਹਾਂ ਗਲਾਂ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਇਹ ਚੀਜ਼ਾਂ ਐਜੂਕੇਸ਼ਨ ਨੂੰ ਖਰਾਬ ਕਰਨ ਵਾਲੀਆਂ ਹਨ, ਇਨ੍ਹਾਂ ਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਇਹ ਪਾਲਿਸੀਆਂ ਬਣਾਵੇ ਤਾਂ ਹੀ ਐਜੂਕੇਸ਼ਨ ਦੀ ਕੁਝ ਤਰੱਕੀ ਹੋ ਸਕਦੀ ਹੈ। ਫਿਰ ਮੈਂ ਇਕ ਗਲ ਟ੍ਰਾਂਸਫਰਜ਼ ਦੇ ਬਾਰੇ ਵੀ ਜ਼ਰੂਰ ਕਹਿਣੀ ਚਾਹੁੰਦਾ ਹਾਂ। ਸਰਕਾਰ ਦੀ ਟਰਾਂਸਫਰਜ਼ ਬਾਰੇ ਕੋਈ ਪਾਲਿਸੀ ਨਹੀਂ, ਜਦ ਮਰਜ਼ੀ ਆਏ ਕਿਸੇ ਨੂੰ ਟਰਾਂਸਫਰ ਕਰ ਦਿਓ। ਮੈਂ ਕਹਿੰਦਾ ਹਾਂ ਕਿ ਜਦੋਂ ਇਕ ਟੀਚਰ ਦੀ ਪੋਸਟਿੰਗ ਕਰਨੀ ਹੋਵੇ ਤਾਂ ਉਸ ਦੀ ਟਰਾਂਸਫਰ ਬਾਰੇ ਰਾਏ ਲੈ ਲੈਣੀ ਚਾਹੀਦੀ ਹੈ ਅਤੇ ਉਸ ਮੁਤਾਬਕ ਹੀ ਡਿਸੀਜ਼ਨ ਕਰਨਾ ਚਾਹੀਦਾ ਹੈ। ਉਸ ਤੋਂ ਬਾਅਦ ਟਰਾਂਸਫਰਜ਼ ਬਹੁਤ ਮਿਨੀਮਮ ਹੋਣੀਆਂ ਚਾਹੀਦੀਆਂ ਹਨ। ਜੇ ਬਹੁਤ ਜ਼ਰੂਰੀ ਹੋਵੇ ਤਾਂ ਹੀ ਉਹ ਟਰਾਂਸਫਰ ਕਰਨੀ ਚਾਹੀਦੀ ਹੈ। ਬਗੈਰ ਕਿਸੇ ਮਜ਼ਬੂਰੀ ਦੇ ਕਿਸੇ ਪੁਲਿਟੀਕਲ ਪਰਪਜ਼ ਵਾਸਤੇ ਜਾਂ ਅਜਿਹੀਆਂ ਹੋਰ ਗਲਾਂ ਵਾਸਤੇ ਇਹ ਟਰਾਂਸਫਰਾਂ ਨਹੀਂ ਹੋਣੀਆਂ ਚਾਹੀਦੀਆਂ। ਇਹ ਆਮ ਟਰਾਂਸਫ਼ਰਾਂ ਜ਼ਰੂਰ ਬੰਦ ਹੋਣੀਆਂ ਚਾਹੀਦੀਆਂ ਹਨ। ਐਨਾ ਕਹਿ ਕੇ ਮੈਂ ਆਪ ਦਾ ਧੰਨਵਾਦ ਕਰਦਾ ਹੈ ਅਤੇ ਬੈਠਦਾ ਹਾਂ।

**ਸ਼੍ਰੀ ਵਿਨੋਦ ਸ਼ਰਮਾ** (ਬਨੂੜ) : ਚੇਅਰਮੈਨ ਸਾਹਿਬ, ਜੋ ਭਾਸ਼ਣ ਸਾਡੇ ਗਵਰਨਰ ਸਾਹਿਬ ਨੇ ਇਥੇ ਪੜ੍ਹਿਆ ਹੈ ਉਹ ਪੰਜਾਬ ਦੇ ਲੋਕਾਂ ਦੀਆਂ ਇਛਾਵਾਂ ਦਾ ਸਬੂਤ ਹੈ। ਮੈਂ ਇਸ ਗਲ ਤੇ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਕਲ੍ਹ ਬਾਦਲ ਸਾਹਿਬ ਨੇ ਵੀ 'ਦੇਰ ਆਏ ਦਰੁਸਤ ਆਏ' ਵਾਲੀ ਗਲ ਕਰਕੇ ਇਹ ਕਿਹਾ ਕਿ ਇਸ ਭਾਸ਼ਣ ਵਿਚ 20 ਨੁਕਾਤੀ ਪ੍ਰੋਗਰਾਮ ਦਾ ਕੋਈ ਜ਼ਿਕਰ ਨਹੀਂ। ਮੈਨੂੰ ਇਹ ਖੁਸ਼ੀ ਹੈ ਕਿ ਬਾਦਲ ਸਾਹਿਬ ਨੇ ਇਹ ਮੰਨਿਆ ਹੈ ਕਿ ਬਗੈਰ 20 ਨੁਕਾਤੀ ਪ੍ਰੋਗਰਾਮ ਦੇ ਦੇਸ਼ ਦਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਨੋਦ ਸ਼ਰਮਾ]

ਭਲਾ ਨਹੀਂ ਹੋ ਸਕਦਾ। ਇਸ ਸਬੰਧ ਵਿਚ ਮੈਂ ਦਸਦਾ ਹਾਂ ਕਿ ਇਸ ਭਾਸ਼ਣ ਵਿਚ 20 ਨੁਕਾਤੀ ਪ੍ਰੋਗਰਾਮਾਂ ਬਾਰੇ ਸਰਕਾਰ ਭੁਲ ਨਹੀਂ ਗਈ ਬਲਕਿ ਜਿੰਨੀਆਂ ਵੀ ਗਲਾਂ ਇਸ ਭਾਸ਼ਣ ਵਿਚ ਕਹੀਆਂ ਗਈਆਂ ਹਨ ਉਹ ਸਾਰੀਆਂ ਹੀ 20 ਨੁਕਾਤੀ ਪ੍ਰੋਗਰਾਮ ਨੂੰ ਅਤੇ ਪਾਰਟੀ ਦੇ ਮੈਨੀਫੈਸਟੋ ਨੂੰ ਸਾਹਮਣੇ ਰੱਖ ਕੇ ਹੀ ਕਹੀਆਂ ਗਈਆਂ ਹਨ। 20 ਨੁਕਾਤੀ ਪ੍ਰੋਗਰਾਮ ਅਤੇ ਪਾਰਟੀ ਦੇ ਮੈਨੀਫੈਸਟੋ ਦੀ ਭਾਵਨਾ ਨੂੰ ਸਾਹਮਣੇ ਰੱਖਕੇ ਹੀ ਇਹ ਭਾਸ਼ਣ ਗਵਰਨਰ ਸਾਹਿਬ ਨੇ ਇਥੇ ਪੇਸ਼ ਕੀਤਾ ਹੈ। ਪਿਛਲੀ ਲੋਕ ਸਭਾ ਦੀਆਂ ਮਧਵਰਤੀ ਚੋਣਾਂ ਦੇ ਵਿਚ ਕਾਂਗਰਸ ਨੇ 2/3 ਮੈਜਾਰਿਟੀ ਨਾਲ ਜਿੱਤ ਪ੍ਰਾਪਤ ਕੀਤੀ ਹੈ ਔਰ ਉਸ ਤੋਂ ਬਾਅਦ ਕਈ ਆਪੋਜ਼ੀਸ਼ਨ ਦੇ ਨੇਤਾਵਾਂ ਨੇ ਵੀ, ਜਿਹੜੇ ਐਮਰਜੰਸੀ ਤੇ ਸਵਾਲ ਉਠਾਉਂਦੇ ਸਨ ਉਨ੍ਹਾਂ ਨੇ ਵੀ ਕਾਂਗਰਸ ਦੀਆਂ ਨੀਤੀਆਂ ਵਿਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ। ਉਸ ਤੋਂ ਬਾਅਦ ਤੁਸੀਂ ਵੇਖੋ ਲੋਕਾਂ ਨੇ ਕਿਵੇਂ ਆਪੋਜ਼ੀਸ਼ਨ ਦੀਆਂ ਖੋਖਲੀਆਂ ਗੱਲਾਂ ਨੂੰ ਪਛਾਣ ਲਿਆ ਅਤੇ ਕਿਵੇਂ ਇਨ੍ਹਾਂ ਨੂੰ ਰਿਜੈਕਟ ਕੀਤਾ ਹੈ। ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਪਾਰਟੀ, ਵਰਗੀ ਸੰਜੇ ਗਾਂਧੀ ਦੀ ਪਾਰਟੀ ਨੇ ਜਿਥੇ ਲੋਕ ਸਭਾ ਦੀਆਂ ਚੋਣਾਂ ਵਿਚ 2/3 ਮੈਜਾਰਿਟੀ ਨਾਲ ਜਿੱਤ ਪ੍ਰਾਪਤ ਕੀਤੀ ਉਥੇ ਉਸ ਤੋਂ ਬਾਅਦ ਜਿਹੜੀਆਂ 9 ਸਟੇਟਾਂ ਵਿਚ ਇਲੈਕਸ਼ਨਾਂ ਹੋਈਆਂ ਅਤੇ ਨਾਲ ਹੀ ਪੰਜਾਬ ਵਿਚ ਹੋਈਆਂ, ਇਨ੍ਹਾਂ ਵਿਚ ਵੀ ਕਾਂਗਰਸ ਪਾਰਟੀ ਨੇ ਬਹੁਮੱਤ ਪ੍ਰਾਪਤ ਕੀਤਾ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਡਿਸਮਿਸਲ ਆਫ ਗੌਰਮਿੰਟ ਗਲਤ ਸੀ। ਮੈਂ ਬਾਦਲ ਸਾਹਿਬ ਨੂੰ ਕਹਿੰਦਾ ਹਾਂ ਕਿ ਉਹ ਖੁਦ ਕੈਬਨਿਟ ਵਿਚ ਹਾਜ਼ਰ ਸੀ ਅਤੇ ਉਨ੍ਹਾਂ 1977 ਵਿਚ ਪੰਜਾਬ ਅਤੇ ਹੋਰ 8 ਸਟੇਟਾਂ ਦੀਆਂ ਗੌਰਮਿੰਟਾਂ ਤੋੜਨ ਦਾ ਫੈਸਲਾ ਕੀਤਾ ਸੀ। ਮੈਂ ਪੰਜਾਬ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਅਤੇ ਪੰਜਾਬ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ। ਪੰਜਾਬ ਦੇ ਲੋਕਾਂ ਦੀ ਭਾਵਨਾਂ ਨੂੰ ਦੇਖਦੇ ਹੋਏ ਅਤੇ ਪੰਜਾਬ ਦੇ ਗਰੀਬ ਲੋਕਾਂ ਦੀਆਂ ਤਕਲੀਫਾਂ ਨੂੰ ਦੇਖਦੇ ਹੋਏ, ਸਰਕਾਰ ਨੇ ਇਹ ਸਟੈਪਸ ਲਿਤੇ ਹਨ ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਰਾਹਤ ਮਿਲੀ ਹੈ।

ਚੇਅਰਮੈਨ ਸਾਹਿਬ, ਪੁਲਿਸ ਵਿਚ ਐਜੀਟੇਸ਼ਨ ਹੋਈ। ਇਸ ਤੋਂ ਇਲਾਵਾ ਐਸ.ਪੀ., ਡੀ.ਆਈ.ਜੀ. ਅਤੇ ਆਈ.ਜੀ. ਦੀ ਵਰਕਿੰਗ ਵਿਚ ਪਹਿਲਾਂ ਅਕਾਲੀ ਪਾਰਟੀ ਇੰਟਰਫੀਅਰੈਂਸ ਕਰਦੀ ਰਹੀ। ਜਦੋਂ ਵੀ ਕਤਲ ਹੋ ਜਾਂਦਾ ਸੀ ਤਾਂ ਇਨ੍ਹਾਂ ਜੱਥੇਦਾਰਾਂ ਨੇ ਪੁਲਿਸ ਨੂੰ ਇੰਸਟਰਕਸ਼ਨਾਂ ਦਿੱਤੀਆਂ ਹੋਈਆਂ ਸਨ ਕਿ ਸਾਨੂੰ ਪੁਛਕੇ ਰਿਪੋਰਟ ਦਰਜ ਕਰਨੀ ਹੈ ਔਰ ਜੇਕਰ ਇਸ ਤਰ੍ਹਾਂ ਨਹੀਂ ਕਰੋਗੇ ਤਾਂ ਤੁਹਾਨੂੰ ਬਦਲ ਦਿੱਤਾ ਜਾਵੇਗਾ। ਇਮਾਨਦਾਰ ਪੁਲਿਸ ਅਫ਼ਸਰਾਂ ਨੇ ਅਫੀਮ ਦੇ ਕੇਸਾਂ ਨੂੰ ਪਕੜਿਆ ਅਤੇ ਸਰਕਾਰ ਦੇ ਨੋਟਿਸ ਵਿਚ ਲਿਆਂਦਾ ਪਰ ਅਕਾਲੀਆਂ ਦੀ ਆਪਸ ਵਿਚ ਲੜਾਈ ਕਰਕੇ ਇੱਕ ਪਾਰਟੀ ਚਾਹੁੰਦੀ ਸੀ ਕਿ ਇਹ ਕੇਸ ਰਜਿਸਟਰ ਹੋਵੇ ਤੇ ਦੂਜੀ ਪਾਰਟੀ ਚਾਹੁੰਦੀ ਸੀ ਕਿ ਇਹ ਕੇਸ ਰਜਿਸਟਰ ਨਾ ਹੋਵੇ। ਇਸ ਲਈ, ਚੇਅਰਮੈਨ ਸਾਹਿਬ, ਇਮਾਨਦਾਰ ਪੁਲਿਸ ਅਫ਼ਸਰ ਚੱਕੀ ਵਾਂਗ ਪਿਸੇ ਗਏ। ਉਹ ਇਮਾਨਦਾਰ ਅਫ਼ਸਰ ਚਾਹੁੰਦੇ ਸਨ ਕਿ ਪੰਜਾਬ ਦੀ ਤਰੱਕੀ ਹੋਵੇ ਅਤੇ ਪੰਜਾਬ ਦੀ ਸੇਵਾ ਕੀਤੀ ਜਾਵੇ। (ਵਿਘਨ) ਚੇਅਰਮੈਨ ਸਾਹਿਬ, ਬਾਦਲ ਸਾਹਿਬ ਨੇ ਕਿਹਾ ਕਿ ਅਗੇ ਨਾਲੋਂ 10 ਕਤਲ ਜ਼ਿਆਦਾ ਹੋ ਗਏ। ਮੈਂ, ਚੇਅਰਮੈਨ ਸਾਹਿਬ, ਕਹਿੰਦਾ ਹਾਂ ਕਿ 10 ਕਤਲ ਜ਼ਿਆਦਾ ਹੋ ਗਏ ਜਾਂ 10 ਕਤਲ ਘੱਟ ਹੋ ਗਏ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। (ਵਿਘਨ) (ਸ਼ੋਰ) ਪੰਜਾਬ ਦੇ ਲੋਕ ਇਹ ਨਹੀਂ ਚਾਹੁੰਦੇ, ਚਾਹੇ ਕਿਸੇ ਦੀ ਸਰਕਾਰ ਹੋਵੇ, ਕਿ ਜੋ ਗਲਤ ਕੰਮ ਹੋਏ ਹਨ, ਉਹ ਸਾਹਮਣੇ ਨਾ ਲਿਆਂਦੇ ਜਾਣ। ਅੱਜ ਇਹ ਅਸਾਮ ਅਤੇ ਨਾਰਦਰਨ ਸਟੇਟਾਂ ਦੀਆਂ ਗੱਲਾਂ ਕਰਦੇ ਹਨ। ਪਰ ਪੰਜਾਬ ਦੀ ਪਹਿਲੀ ਅਕਾਲੀ ਸਰਕਾਰ ਨੇ ਪੰਜਾਬ ਨੂੰ ਵੰਡਣ ਦੀ ਕੋਸ਼ਿਸ਼ ਕੀਤੀ। ਮੈਨੂੰ ਸ਼ਰਮ ਆਉਂਦੀ ਹੈ, ਜੋ ਉਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਅਜਿਹੀਆਂ ਗੱਲਾਂ ਕਰਦੇ ਰਹੇ ਹਨ। ਚੇਅਰਮੈਨ ਸਾਹਿਬ, ਇਹ ਠੀਕ ਹੈ ਕਿ ਹਰ ਇੱਕ ਨੂੰ ਧਰਮ ਦੇ ਪਰਚਾਰ ਕਰਨ ਦਾ ਹੱਕ ਹੈ। ਪਰ ਅਕਾਲੀਆਂ ਨੂੰ ਸ਼ਰਮ ਨਹੀਂ ਆਉਂਦੀ

Original with;
Punjab Vidhan Sabha
Digitized by;
Panjab Digital Library

ਕਿ ਮੇਰੇ ਹਲਕੇ ਬਨੂੜ ਵਿਚ ਇੱਕ ਪਿੰਡ ਨੂੰ ਜਦੋਂ ਫੋਕਲ ਪੁਆਇੰਟ ਲਈ ਚੁਣਿਆ ਜਾਣਾ ਸੀ ਤਾਂ ਉਥੇ ਲੋਕਾਂ ਨੂੰ ਮਜ਼ਬੂਰ ਕੀਤਾ ਗਿਆ ਕਿ ਤੁਸੀਂ ਅੰਮ੍ਰਿਤ ਛੱਕੋ ਤਾਂ ਫੋਕਲ ਪੁਆਇੰਟ ਦਿੱਤਾ ਜਾਵੇਗਾ। (ਸ਼ੇਮ, ਸ਼ੇਮ) ਇਸ ਤਰ੍ਹਾਂ ਇਹ ਅਕਾਲੀ ਆਪਣੇ ਧਰਮ ਦਾ ਪਰਚਾਰ ਕਰਦੇ ਰਹੇ ਹਨ। ਚੇਅਰਮੈਨ ਸਾਹਿਬ, ਹਿੰਦੁਸਤਾਨ ਦੇ ਵਿਧਾਨ ਵਿਚ ਇਹ ਹੱਕ ਹੈ ਕਿ ਹਰ ਇੱਕ ਆਪਣੇ ਧਰਮ ਦਾ ਪਰਚਾਰ ਕਰ ਸਕਦਾ ਹੈ ਪਰ ਕਿਸੇ ਨੂੰ ਜ਼ਬਰਦਸਤੀ ਅੰਮ੍ਰਿਤ ਨਹੀਂ ਛਕਾਇਆ ਜਾ ਸਕਦਾ।

ਚੇਅਰਮੈਨ ਸਾਹਿਬ, ਬਾਦਲ ਸਾਹਿਬ ਨੇ ਇਹ ਕਿਹਾ ਸੀ ਕਿ ਸਰਦਾਰ ਦਰਬਾਰਾ ਸਿੰਘ ਬਾਰ ਬਾਰ ਦਿੱਲੀ ਜਾਂਦੇ ਨੇ ਅਤੇ ਹਰ ਗੱਲ ਦਿਲੀਓਂ ਪੁਛਕੇ ਆਉਂਦੇ ਨੇ। ਪਰ ਮੈਂ ਕਹਿੰਦਾ ਹਾਂ ਕਿ ਅਕਾਲੀ ਪਾਰਟੀ ਦੇ ਨੌਂ ਐਮ. ਪੀ. ਇਹ ਫੈਸਲਾ ਨਹੀਂ ਕਰ ਸਕੇ ਸਨ ਕਿ ਅਸੀਂ ਸ੍ਰੀ ਚਰਨ ਸਿੰਘ ਦਾ ਸਾਥ ਦੇਣਾ ਹੈ ਜਾਂ ਜਨਤਾ ਪਾਰਟੀ ਦਾ ਸਾਥ ਦੇਣਾ ਹੈ। ਅਖੀਰ ਵਿਚ ਰਾਸ਼ਟਰਪਤੀ ਨੂੰ ਮਜਬੂਰ ਹੋ ਕੇ ਕਹਿਣਾ ਪਿਆ ਕਿ ਮੇਰਾ ਵਿਸ਼ਵਾਸ ਇਨ੍ਹਾਂ ਨੌਂ ਐਮ.ਪੀਜ਼ ਵਿਚ ਹੈ ਨਹੀਂ ਕਿ ਇਹ ਕਿਧਰ ਹਨ, ਕਿਉਂਕਿ ਉਨ੍ਹਾਂ ਨੌਂ ਐਮ.ਪੀਜ਼ ਨੇ ਦੋਵਾਂ ਪਾਸੇ ਦਸਤਖਤ ਕਰਕੇ ਦੇ ਦਿਤੇ ਸਨ। ਬਾਦਲ ਸਾਹਿਬ ਨੇ ਇਹ ਵੀ ਕਿਹਾ ਕਿ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਦੀਆਂ ਸਰਕਾਰਾਂ ਇਸ ਲਈ ਨਹੀਂ ਤੋੜੀਆਂ ਗਈਆਂ ਕਿਉਂਕਿ ਉਹ ਅੱਜ ਕਾਂਗਰਸ ਨਾਲ ਮਿਲ ਗਏ ਹਨ। ਮੈਂ, ਚੇਅਰਮੈਨ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਅਕਾਲੀ ਵੀ ਕਹਿੰਦੇ ਸਨ ਕਿ ਸਾਨੂੰ ਤੁਸੀਂ ਨਾਲ ਮਿਲਾ ਲਵੋ ਪਰ ਅਸੀਂ ਜਵਾਬ ਦੇ ਦਿਤਾ ਕਿਉਂਕਿ ਇਨ੍ਹਾਂ ਦੀ ਪਾਰਟੀ ਇਕ ਫੈਨੇਟਿਕ ਅਤੇ ਕਮਿਊਨਲ ਪਾਰਟੀ ਹੈ।

**ਵੈਦ ਕਰਤਾਰ ਸਿੰਘ** : ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਉਨ੍ਹਾਂ ਨੇ** ਬੋਲਣ ਦਾ ਲੱਕ ਬੰਨਿਆ ਹੋਇਆ ਹੈ। (ਵਿਘਨ) (ਸ਼ੋਰ)

**ਸ੍ਰੀ ਸਭਾਪਤੀ** : ਇਹ ** ਦਾ ਲਫ਼ਜ਼ ਤੁਸੀਂ ਵਾਪਸ ਲੈ ਲਵੋ ਨਹੀਂ ਤਾਂ ਮੈਂ ਐਕਸਪੰਜ ਕਰ ਦਿੰਦਾ ਹਾਂ। ਕਿਉਂਕਿ ** ਦਾ ਲਫ਼ਜ਼ ਅਨਪਾਰਲੀਮੈਂਟਰੀ ਹੈ। ਹੁਣ ਤੁਸੀਂ ਦਸੋ ** ਦਾ ਲਫ਼ਜ਼ ਵਾਪਸ ਲੈਂਦੇ ਹੋ ਜਾਂ ਨਹੀਂ ?

**ਵੈਦ ਕਰਤਾਰ ਸਿੰਘ** : ** ** ** (ਵਿਘਨ) (ਸ਼ੋਰ)।

**ਸ੍ਰੀ ਸਭਾਪਤੀ** : ** ਦਾ ਲਫ਼ਜ਼ ਐਕਸਪੰਜ ਕਰ ਦਿੱਤਾ ਜਾਵੇ ! (ਵਿਘਨ)

**ਵੈਦ ਕਰਤਾਰ ਸਿੰਘ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਦੇਵ ਸਿੰਘ ਖਿਆਲਾ** : ਚੇਅਰਮੈਨ ਸਾਹਿਬ, ਇੰਦਰਾ ਗਾਂਧੀ ਦਾ ਨਾਉਂ ਲੈ ਕੇ ਸ਼ਰਮਾ ਜੀ ਕਾਂਗਰਸ ਦੀਆਂ ਸਿਫ਼ਤਾਂ ਕਰ ਰਹੇ ਹਨ। ਇਹ ਸ਼ਰਮਾਂ ਜੀ ਜਿਹੜੀਆਂ ਗੱਲਾਂ ਕਰ ਰਹੇ ਹਨ ਇਹ ਹਿੰਦੁਸਤਾਨ ਦੀ ਸਰਕਾਰ ਨਾਲ ਤੁਅੱਲਕ ਰਖਦੀਆਂ ਹਨ। (ਵਿਘਨ) ਇਨ੍ਹਾਂ ਗੱਲਾਂ ਦਾ ਪੰਜਾਬ ਨਾਲ ਕੋਈ ਤੁਅੱਲਕ ਨਹੀਂ। (ਵਿਘਨ) (ਸ਼ੋਰ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਪਾਤੀ** : ਸ੍ਰੀ ਸ਼ਰਮਾ ਜੀ, ਤੁਸੀਂ ਬੋਲੋ।

ਸ੍ਰੀ ਵਿਨੋਦ ਸ਼ਰਮਾ : ਚੇਅਰਮੈਨ ਸਾਹਿਬ, ਗਵਰਨਰਜ਼ ਐਡਰੈਸ ਵਿਚ ਲਿਖਿਆ ਹੈ ਕਿ

"Over and above this the political squabbles, communal tension and increasing disregard for democratic ethics had created alarm, disgust and a feeling of gloom amongst the people......"

ਚੇਅਰਮੈਨ ਸਾਹਿਬ, ਅਕਾਲੀਆਂ ਦੀ ਲੜਾਈ ਨਾਲ ਪੰਜਾਬ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ। ਅਕਾਲੀ ਸਿਰਫ ਇਹ ਚਾਹੁੰਦੇ ਸਨ ਕਿ ਕਿਸੇ ਤਰਾਂ ਨਾਲ ਵੀ ਆਪਣੀ ਕੁਰਸੀ ਨੂੰ ਬਚਾ ਲਿਆ ਜਾਵੇ। ਵਿਰੋਧੀ ਪਾਰਟੀ ਦੇ ਨੇਤਾ ਨੇ ਕਿਹਾ ਹੈ ਕਿ ਅਸੀਂ ਹਰੀਜਨਾਂ ਦੀ ਭਲਾਈ ਲਈ ਪਿਛਲੇ ਤਿੰਨ ਸਾਲਾਂ ਤੋਂ ਕੰਮ ਕਰਦੇ ਰਹੇ ਹਾਂ ਪਰ ਉਹ ਕੰਮ ਕਿਧਰੇ ਨਜ਼ਰ ਨਹੀਂ ਆਉਂਦੇ।

ਚੇਅਰਮੈਨ ਸਾਹਿਬ, ਮੈਂ ਆਪਣੀਆਂ ਅੱਖਾਂ ਨਾਲ ਦੇਖਿਆ ਹੈ ਕਿ ਜਿਥੇ ਹਰੀਜਨਾਂ ਦੀਆਂ ਧਰਮਸ਼ਾਲਾਵਾਂ ਬਣੀਆਂ ਹਨ, ਉਥੋਂ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਇਹ ਇੱਟਾਂ ਵੀ ਚੁੱਕ ਕੇ ਲੈ ਗਏ। ਇਨ੍ਹਾਂ ਧਰਮਸ਼ਾਲਾਵਾਂ ਵਾਸਤੇ ਇੱਕ ਪੈਸੇ ਦਾ ਕੰਮ ਨਹੀਂ ਹੋਇਆ। ਅੱਜ ਹਰੀਜਨਾਂ ਦੇ ਇਹ ਬੜੇ ਮੱਦਦਗਾਰ ਬਣਦੇ ਹਨ।

In this connection, I read out from the magazine 'Surya' of June, 1979.

"Punjab Minister's Son.

M/s National Fertiliser Corporation wanted to appoint some dealers in Punjab and it was decided by the Government of Punjab to only appoint people belonging to the backward and Scheduled castes. Accordingly, a Committee was formed called BACKFINCO (Backward class Land Development Financial Corporation) which was to recommend names to the Government after seeing whether the applicant was genuinely from a scheduled caste or not, Whom did the Committee give the dealership of district Amritsar first ? Jaswant Singh, the son of revenue Minister Jiwan Singh Umranagal. This gentelman besides being from a non scheduled caste, owns large chunk of land in village Umranagal, district Amritsar...."

ਇਨਾਂ ਲੋਕਾਂ ਨੇ ਹਰੀਜਨਾਂ ਦੇ ਨਾਉਂ ਤੇ ਕਮੇਟੀ ਬਣਾਈ ਜਿਸ ਵਿਚ ਸਾਡੇ ਸਾਬਕਾ ਮਨਿਸਟਰ ਦੇ ਲੜਕੇ, ਜੋ ਕਿ ਸ਼ਡਿਊਲਡ ਕਾਸਟ ਨਹੀਂ ਸਨ, ਉਨ੍ਹਾਂ ਨੂੰ ਖਾਦ ਦੀ ਏਜੰਸੀ ਅੰਮ੍ਰਿਤਸਰ ਵਿਖੇ ਦਿੱਤੀ ਗਈ।

ਮਾਸਟਰ ਬਾਬੂ ਸਿੰਘ : ** ** ** ।

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਵਿਨੋਦ ਸ਼ਰਮਾ** : ਚੇਅਰਮੈਨ ਸਾਹਿਬ, ਜਿਹੜੀਆਂ ਸਮੱਸਿਆਵਾਂ ਪੰਜਾਬ ਦੇ ਵਿਚ ਨੌਜਵਾਨਾਂ ਦੀਆਂ ਹਨ, ਮੈਨੂੰ ਖੁਸ਼ੀ ਹੈ ਕਿ ਇਨ੍ਹਾਂ ਸਮੱਸਿਆਵਾਂ ਨੂੰ ਇਸ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਸਾਹਮਣੇ ਰਖਿਆ ਗਿਆ ਹੈ। ਪਿੰਡਾਂ ਵਿਚ ਇੰਡਸਟਰੀਜ਼ ਲਗਾਉਣ ਦਾ ਵਾਇਦਾ ਕੀਤਾ ਗਿਆ ਹੈ। ਇਸ ਐਡਰੈਸ ਵਿਚ ਕਿਹਾ ਗਿਆ ਹੈ ਕਿ ਉਹ ਨੌਜਵਾਨ ਜੋ ਪੜ੍ਹੇ ਲਿਖੇ ਹਨ ਅਤੇ ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ, ਉਨ੍ਹਾਂ ਲਈ ਰੁਜ਼ਗਾਰ ਵਾਸਤੇ ਸਾਧਨ ਮੁਹੱਈਆ ਕੀਤੇ ਜਾਣਗੇ। ਇਸ ਤਰਾਂ ਜਿਹੜੇ ਅਨਪੜ੍ਹ ਨੌਜਵਾਨ ਹਨ ਔਰ ਦਸਤਕਾਰੀ ਦਾ ਕੰਮ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਵੀ ਅਜਿਹੇ ਸਾਧਨ ਮੁਹੱਈਆ ਕੀਤੇ ਜਾਣਗੇ। ਇਸ ਸਬੰਧੀ ਮੇਰਾ ਸੁਝਾਵ ਹੈ ਕਿ ਜਿਹੜੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਨੌਕਰੀਆਂ ਨਹੀਂ ਮਿਲੀਆਂ ਉਨ੍ਹਾਂ ਨੂੰ ਬੇਕਾਰੀ ਭੱਤਾ ਦਿੱਤਾ ਜਾਏ ਤਾਂਕਿ ਜਿੰਨਾ ਚਿਰ ਕੋਈ ਕੰਮ ਨਹੀਂ ਮਿਲਦਾ ਉਨ੍ਹਾਂ ਚਿਰ ਉਹ ਆਪਣਾ ਗੁਜ਼ਾਰਾ ਕਰ ਸਕਣ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਜਿਥੋਂ ਤਕ 20 ਨੁਕਾਤੀ ਪ੍ਰੋਗਰਾਮ ਦਾ ਤੁਅੱਲਕ ਹੈ, ਮੈਂ ਚੇਅਰਮੈਨ ਸਾਹਿਬ, ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਐਡਰੈਸ ਦੇ ਸਫਾ 26 ਤੇ ਲਿਖਿਆ ਹੋਇਆ ਹੈ ਕਿ ਗਰੀਬਾਂ ਅਤੇ ਹਰੀਜਨਾਂ ਦੀ ਅਪਲਿਫਟ ਵਾਸਤੇ 150 ਕਰੋੜ ਰੁਪਏ ਰਖੇ ਗਏ ਹਨ। ਪਿਛਲੇ ਤਿੰਨ ਸਾਲਾਂ ਵਿਚ ਇਸ ਪਾਸੇ ਵਲ ਕੋਈ ਖਾਤਰਖਵਾਹ ਕੰਮ ਨਹੀਂ ਕੀਤਾ ਗਿਆ। ਉਹ ਜ਼ਮੀਨਾਂ ਜੋ ਕਿ ਲੈਂਡਲੈਸ ਲੇਬਰਰਜ਼ ਨੂੰ ਪਿਛਲੇ ਤਿੰਨ ਸਾਲਾਂ ਵਿਚ ਨਹੀਂ ਦਿੱਤੀਆਂ ਗਈਆਂ ਔਰ ਜੋ ਕਿ ਪਿਛਲੇ ਤਿੰਨਾਂ ਸਾਲਾਂ ਵਿਚ ਉਨ੍ਹਾਂ ਤੋਂ ਖੋਹ ਲਈਆਂ ਗਈਆਂ ਸਨ, ਉਹ ਜ਼ਮੀਨਾਂ ਉਨ੍ਹਾਂ ਨੂੰ ਦਿਲਾਈਆਂ ਜਾਣਗੀਆਂ (ਵਿਘਨ)।

ਚੇਅਰਮੈਨ ਸਾਹਿਬ, ਅੰਤ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰੀਕੇ ਨਾਲ ਸਰਕਾਰ ਪਿਛਲੇ ਤਿੰਨ ਸਾਲਾਂ ਵਿਚ ਕੰਮ ਕਰਦੀ ਰਹੀ ਹੈ, ਜਿਸ ਤਰੀਕੇ ਨਾਲ ਇਨ੍ਹਾਂ ਨੇ ਜ਼ਾਤ ਪਾਤ ਦੇ ਨਾਉਂ ਤੇ ਭਰਾਵਾਂ ਨੂੰ ਆਪਸ ਵਿਚ ਵੰਡਣ ਦੀ ਕੋਸ਼ਿਸ਼ ਕੀਤੀ, ਜਿਸ ਤਰੀਕੇ ਨਾਲ ਇਨ੍ਹਾਂ ਨੇ ਪਾਲੇਟਿਕਸ ਨੂੰ ਧਾਰਮਿਕ ਸਥਾਨਾਂ ਵਿਚ ਵਾੜਿਆ ਹੈ, ਜਿਸ ਤਰੀਕੇ ਨਾਲ ਇਨਾਂ ਨੇ ਜਾਲੰਧਰ ਵਿਚ ਇੰਟਰਫੀਅਰੱਸ ਕੀਤੀ, ਜਿਸ ਤਰੀਕੇ ਨਾਲ ਇਨਾਂ ਨੇ ਪੰਜਾਬ ਦੇ ਭੋਲੇ ਭਾਲੇ ਲੋਕਾਂ ਨੂੰ ਆਪਸ ਵਿਚ ਲੜਾਇਆ ਜਿਹੜੇ ਕਿ ਪਹਿਲਾਂ ਭਰਾਵਾਂ ਵਾਂਗ ਰਹਿ ਰਹੇ ਸਨ, ਇਨ੍ਹਾਂ ਸਾਰੀਆਂ ਚੀਜ਼ਾਂ ਬਾਰੇ ਪੰਜਾਬ ਦੇ ਲੋਕ ਜਾਣਦੇ ਹਨ। ਇਥੇ ਦੇ ਲੋਕ ਇਹ ਵੀ ਜਾਣਦੇ ਹਨ ਕਿ ਹੁਣ ਉਨ੍ਹਾਂ ਦੀ ਆਪਣੀ ਸਰਕਾਰ ਆਈ ਹੈ ਅਤੇ ਸੈਕੂਲਰ ਸਰਕਾਰ ਆਈ ਹੈ ਜਿਸ ਤੇ ਅਸੀਂ ਮਾਣ ਕਰ ਸਕਦੇ ਹਾਂ। ਇਸ ਸਰਕਾਰ ਨੇ ਲੋਕਾਂ ਨਾਲ ਕੋਈ ਵਿਤਕਰਾ ਨਹੀਂ ਕਰਨਾ ਔਰ ਲੋਕਾਂ ਨੇ ਇਹ ਚੰਗੀ ਸਰਕਾਰ ਦਿੱਤੀ ਹੈ।

ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ ਔਰ ਗਵਰਨਰ ਐਡਰੈਸ ਤੇ ਧੰਨਵਾਦ ਦੇ ਮਤੇ ਦੀ ਮੈਂ ਸਪੋਰਟ ਕਰਦਾ ਹਾਂ ਅਤੇ ਆਪਣੀ ਸੀਟ ਲੈਂਦਾ ਹਾਂ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ.ਸੀ.) : ਚੇਅਰਮੈਨ ਸਾਹਿਬ, ਜਿਹੜਾ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਉਹ ਹਕੀਕਤ ਦੇ ਐਨਾ ਉਲਟ ਰਸਮੀ ਭਾਸ਼ਣ ਹੈ ਕਿ ਲੋਕਾਂ ਦੀ ਆਵਾਜ਼ ਨਾਲ ਮੇਲ ਨਹੀਂ ਖਾਂਦਾ ਅਤੇ ਲਗਦਾ ਹੈ ਕਿ ਇਹ ਕਿਸੇ ਕਲਰਕ ਤੋਂ ਤਿਆਰ ਕਰਾਕੇ ਪੇਸ਼ ਕੀਤਾ ਗਿਆ ਹੈ (ਵਿਘਨ) ਕਈ ਗਲਾਂ ਨੂੰ ਗਵਰਨਰ ਸਾਹਿਬ ਨੇ ਟੱਚ ਤਕ ਨਹੀਂ ਕੀਤਾ ਅਤੇ ਉਨ੍ਹਾਂ ਵਿਚੋਂ ਕੁਝ ਬਾਰੇ ਮੈਂ ਇਥੇ ਜ਼ਿਕਰ ਕਰਾਂਗਾ।

ਚੇਅਰਮੈਨ ਸਾਹਿਬ, ਜ਼ਮੀਨੀ ਸੁਧਾਰ ਦੀਆਂ ਗਲਾਂ ਨੂੰ ਬਿਲਕੁਲ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ ਬਾਰੇ ਕੋਈ ਗੱਲ ਨਹੀਂ ਕੀਤੀ ਗਈ ਹਾਲਾਂਕਿ ਇਨ੍ਹਾਂ ਦੀ ਪੁਰਾਣੀ ਸਰਕਾਰ ਵੇਲੇ, 1972 ਵੇਲੇ, ਜ਼ਮੀਨੀ ਸੁਧਾਰ ਐਕਟ ਬਣਿਆ ਸੀ ਅਤੇ ਉਸ ਵਿਚ ਬਹੁਤ ਕਮੀਆਂ ਸਨ। ਉਸ ਵੇਲੇ ਕਿਹਾ ਸੀ ਕਿ 1 ਲੱਖ ਏਕੜ ਜ਼ਮੀਨ ਕੱਢਕੇ ਗਰੀਬਾਂ ਵਿਚ ਇਹ ਵੰਡਣਗੇ। ਅਸੀਂ ਸਪੱਸ਼ਟ ਕਹਿੰਦੇ ਸੀ ਕਿ ਇਸ ਵਿਚ ਬੜੀਆਂ ਕਮੀਆਂ ਹਨ, ਬੜੇ ਮਘੋਰੇ ਹਨ। ਪਰ ਅੱਜ ਲੋੜ ਹੈ ਜ਼ਮੀਨੀ ਸੁਧਾਰ ਵਿਚ ਤਿੱਖੀਆਂ ਤਬਦੀਲੀਆਂ ਕਰਕੇ ਹਕੀਕੀ ਸੁਧਾਰ ਕੀਤੇ ਜਾਣ ਤਾਕਿ ਗਰੀਬਾਂ ਨੂੰ ਕੁਝ ਲੱਭ ਸਕੇ। ਤੁਹਾਡੇ ਅੰਕੜਿਆਂ ਮੁਤਾਬਕ ਇੱਕ ਲੱਖ ਏਕੜ ਵਿਚੋਂ 98 ਹਜ਼ਾਰ ਏਕੜ ਦੇ ਲਗਭਗ ਜ਼ਮੀਨ ਅਜੇ ਤੱਕ ਵੰਡਣੀ ਰਹਿੰਦੀ ਹੈ। ਬਾਕੀ ਦੇ ਕੇਸਿਜ਼ ਹਾਈ ਕੋਰਟ ਔਰ ਸੁਪਰੀਮ ਕੋਰਟ ਵਿਚ ਲਮਕਦੇ ਪਏ ਹਨ ਅਤੇ ਉਨ੍ਹਾਂ ਦਾ ਅਜੇ ਕੋਈ ਨਿਪਟਾਰਾ ਨਹੀਂ ਹੋਇਆ। ਦੂਸਰੇ ਪਾਸੇ ਇਨ੍ਹਾਂ ਦੀ ਸਰਕਾਰ ਵਿਚ ਬੜੇ ਬੜੇ ਜਾਗੀਰਦਾਰ ਬੈਠੇ ਹਨ ਅਤੇ ਉਹ ਇਹ ਨਹੀਂ ਚਾਹੁੰਦੇ ਕਿ ਜ਼ਮੀਨੀ ਸੁਧਾਰ ਕੀਤੇ ਜਾਣ। ਪਰ ਮੈਂ ਜ਼ਮੀਨੀ ਸੁਧਾਰ ਬਾਰੇ ਦਸਣਾ ਚਾਹੁੰਦਾ ਹਾਂ ਕਿ ਪਛਮੀ ਬੰਗਾਲ ਵਿਚ, ਜਿਹੜੀ ਕਿ ਮਿਹਨਤ ਕਰਨ ਵਾਲੇ ਲੋਕਾਂ ਦੀ ਸਰਕਾਰ ਹੈ, 1977-78 ਤਕ ਉਨ੍ਹਾਂ ਨੇ 12 ਲੱਖ 45 ਹਜ਼ਾਰ ਏਕੜ ਜ਼ਮੀਨ ਵੰਡ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਦਿੱਤੀ ਸੀ ਅਤੇ ਕੁਲ ਜ਼ਮੀਨ 28 ਲੱਖ ਏਕੜ ਉਨ੍ਹਾਂ ਨੇ ਲੈਣੀ ਹੈ। ਇੱਕ ਮਹੀਨੇ ਵਿਚ 45,000 ਏਕੜ ਔਸਤਨ ਜ਼ਮੀਨ ਆਪਣੇ ਕਬਜ਼ੇ ਵਿਚ ਲੈ ਕੇ ਗਰੀਬਾਂ ਵਿਚ ਵੰਡ ਰਹੇ ਹਨ ਜਿਹੜੇ ਕੇਸਿਜ਼ ਕੋਰਟਾਂ ਵਿਚ ਲਮਕ ਰਹੇ ਹਨ, ਉਨ੍ਹਾਂ ਕੇਸਾਂ ਲਈ ਉਥੇ ਇੱਕ ਬੋਰਡ ਬਣਾਇਆ ਗਿਆ ਹੈ। ਉਹ ਬੋਰਡ ਆਪ ਹੀ ਉਨ੍ਹਾਂ ਦੇ ਕੇਸਿਜ਼ ਕੋਰਟਾਂ ਵਿਚ ਲੜਦਾ ਹੈ। ਉਥੇ ਗਰੀਬ ਲੋਕਾਂ ਨੂੰ ਕੋਰਟਾਂ ਵਿਚ ਜਾਣ ਦੀ ਲੋੜ ਨਹੀਂ ਹੈ। ਇਸੇ ਤਰ੍ਹਾਂ ਹੀ, ਚੇਅਰਮੈਨ ਸਾਹਿਬ, ਮੈਂ ਆਪ ਰਾਹੀਂ ਇਨ੍ਹਾਂ ਨੂੰ ਦਰ-ਖ਼ਾਸਤ ਕਰਾਂਗਾ ਕਿ ਇਥੇ ਵੀ ਜਿਹੜੇ ਕੇਸਿਜ਼ ਕੋਰਟਾਂ ਵਿਚ ਲਮਕ ਰਹੇ ਹਨ ਉਨ੍ਹਾਂ ਦੇ ਲੜਣ ਲਈ ਇੱਕ ਬੋਰਡ ਬਣਾਉਣਾ ਚਾਹੀਦਾ ਹੈ ਤਾਂਕਿ ਇਨ੍ਹਾਂ ਪੈਂਡਿੰਗ ਕੇਸਾਂ ਦਾ ਛੇਤੀ ਨਿਪਟਾਰਾ ਹੋ ਸਕੇ। ਇਥੇ 5 ਏਕੜ ਫੀ ਪਰਿਵਾਰ ਦੇ ਹਿਸਾਬ ਨਾਲ ਇਹ 1 ਲੱਖ ਏਕੜ ਜ਼ਮੀਨ ਵੰਡਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਭਾਸ਼ਣ ਵਿਚ ਸਿੱਕੇ ਦੇ ਫੈਲਾਉ ਬਾਰੇ ਗਲ ਕੀਤੀ ਗਈ ਹੈ। ਪਿਛਲੇ ਤਿੰਨ ਸਾਲਾਂ ਦੀਆਂ ਸਰਕਾਰਾਂ, ਇਥੇ ਦੀ ਜਨਤਾ ਅਕਾਲੀ ਸਰਕਾਰ ਜਾਂ ਸੈਂਟਰ ਦੀ ਸਰਕਾਰ ਹੀ ਕੇਵਲ ਇਸ ਲਈ ਜ਼ਿੰਮੇਵਾਰ ਹੈ, ਇਸ ਦੇ ਨਾਲ ਮੈਂ ਮੁਤਫਿਕ ਨਹੀਂ ਹਾਂ। ਇਸ ਸਿੱਕੇ ਦੇ ਫੈਲਾਉ ਲਈ ਪਿਛੇ 30 ਸਾਲਾਂ ਤੋਂ ਚਲ ਰਹੀ ਕਾਂਗਰਸ ਸਰਕਾਰ ਦੀਆਂ ਗਲਤ ਨੀਤੀਆਂ ਹੀ ਜ਼ਿੰਮੇਵਾਰ ਹਨ। ਜਾਗੀਰਦਾਰਾਂ, ਸਰਮਾਏਦਾਰਾਂ ਦੀ ਸਰਕਾਰ ਹੋਣ ਕਰਕੇ ਹਿੰਦ ਵਿਚ ਜੋ ਅਮੀਰ ਸਨ ਉਹ ਜ਼ਿਆਦਾ ਅਮੀਰ ਹੋ ਗਏ ਹਨ ਔਰ ਜੋ ਗਰੀਬ ਹਨ ਉਹ ਜ਼ਿਆਦਾ ਗਰੀਬ ਹੋ ਗਏ ਹਨ। ਜਦੋ ਮੁਲਕ ਆਜ਼ਾਦ ਹੋਇਆ ਸੀ ਅਮੀਰ ਗਰੀਬ ਦੀ 40:72 ਦੀ ਰੇਸ਼ੋ ਸੀ ਪਰ ਅੱਜ 72% ਤੋਂ ਵੀ ਗਰੀਬ ਵੱਧ ਗਏ ਹਨ। ਇਨ੍ਹਾਂ 72% ਵਿਚੋ 60% ਲੋਕ ਉਹ ਹਨ ਜੋ ਬੀਲੋਅ ਪਾਵਰਟੀ ਲਾਈਨ ਤੇ ਹਨ। ਉਨ੍ਹਾਂ ਨੂੰ ਤਾਂ ਆਪਣੀ ਰੋਟੀ ਖਾਣ ਦਾ ਫਿਕਰ ਹੀ ਰਹਿੰਦਾ ਹੈ। ਇਨ੍ਹਾਂ ਗਰੀਬਾਂ ਦੀ ਗਰੀਬੀ ਦਾ ਕਾਰਣ ਕੇਂਦਰ ਵਿਚ 30 ਸਾਲ ਰਹੀ। ਸਰਕਾਰ ਦੀਆਂ ਗਲਤ ਨੀਤੀਆਂ ਹਨ ਪਿਛੇ ਇਥੇ ਤਿੰਨ ਸਾਲ ਰਹੀ ਅਕਾਲੀ-ਜਨਤਾ ਸਰਕਾਰ ਨੇ ਵੀ ਇਸ ਵਿਚ ਕੁਝ ਹਿੱਸਾ ਪਾਇਆ ਹੈ। ਗਵਰਨਰ ਸਾਹਿਬ ਦੇ ਭਾਸ਼ਣ ਵਿਚ ਇਸ ਗਲ ਦਾ ਜ਼ਿਕਰ ਹੈ ਕਿ 1977 ਵਿਚ 220 ਪ੍ਰਾਈਸ ਇੰਡੈਕਸ ਸੀ ਅਤੇ 1980 ਵਿਚ 257 ਪ੍ਰਾਈਸ ਇੰਡੈਕਸ ਸੀ। ਪਰ ਇਹ ਦਸਣ ਦੀ ਉਨ੍ਹਾਂ ਨੇ ਕੋਸ਼ਿਸ਼ ਨਹੀਂ ਕੀਤੀ ਕਿ ਪਰ ਕੈਪੀਟਾ ਇਨਕਮ ਕਿੰਨੀ ਹੈ। ਕੀਮਤਾਂ ਹਰ ਚੀਜ਼ਾਂ ਦੀਆਂ ਚੜ੍ਹ ਰਹੀਆਂ ਹਨ। ਇਸ ਬਾਰੇ ਮੈਂ ਅੰਕੜੇ ਪੇਸ਼ ਕਰਕੇ ਦਸਦਾ ਹਾਂ। ਕੀਮਤਾਂ ਹੋਲਸੇਲ ਕਿਸ ਤਰ੍ਹਾਂ ਨਾਲ ਲਗਾਤਾਰ ਚੜ੍ਹਦੀਆਂ ਜਾ ਰਹੀਆਂ ਹਨ। ਜੇ 1970 ਦਾ ਅਧਾਰ ਮੰਨ ਲਈਏ ਤਾਂ

1970 ਵਿੱਚ 100 ਪ੍ਰਤੀਸ਼ਤ,
1971-72 ਵਿੱਚ 108.2",
1973-74 ਵਿੱਚ 158",
1976-77 ਵਿੱਚ 168",

ਪ੍ਰਾਈਸ ਇੰਡੈਕਸ ਹੋ ਗਿਆ ਅਤੇ ਹੁਣ ਇਹ 182 ਹੋ ਗਿਆ ਹੈ। 1970 ਤੋਂ ਲੈ ਕੇ 1980 ਤੱਕ 10 ਸਾਲਾਂ ਵਿਚ 82 ਪਆਇੰਟ ਮਹਿੰਗਾਈ ਚੜ੍ਹ ਗਈ ਹੈ। ਚੇਅਰਮੈਨ ਸਾਹਿਬ, ਇਸ ਮਹਿੰਗਾਈ ਵਿਚ ਗਰੀਬਾਂ ਦਾ ਜਿਉਣਾ ਦੂਬਰ ਹੋ ਗਿਆ ਹੈ। ਲੋਕਾਂ ਨੂੰ ਚੀਜ਼ਾਂ ਨਹੀਂ ਮਿਲ ਰਹੀਆਂ। ਪਿਛਲੇ ਇਕ ਸਾਲ ਦੇ ਸਮੇਂ ਵਿਚ ਕੀਮਤਾਂ ਦੀਆਂ ਚੀਜ਼ਾਂ ਬਹੁਤ ਚੜ੍ਹ ਗਈਆਂ ਹਨ। ਰੋਜ਼ ਵਰਤੋਂ ਦੀਆਂ ਚੀਜ਼ਾਂ ਲੋਕਾਂ ਨੂੰ ਨਹੀ ਮਿਲ ਰਹੀਆਂ। ਮੂੰਗੀ ਪਹਿਲੇ 2 ਰੁਪਏ ਕਿਲੋ ਹੁੰਦੀ ਸੀ ਪਰ ਹੁਣ ਉਸ ਦਾ ਭਾਅ ਸਾਢੇ 4 ਰੁਪਏ ਕਿਲੋ ਹੋ ਗਿਆ ਹੈ। ਮਾਂਹ ਦੇ ਭਾਅ ਉਤੇ ਚੜ੍ਹ ਗਏ ਹਨ। ਲੂਣ, ਮਿਰਚ ਅਤੇ ਮਸਾਲੇ ਦੇ ਭਾਅ ਬਹੁਤ ਵਧ ਗਏ ਹਨ। ਗਰੀਬ ਜੋ ਕਿ ਗੁੜ ਵਰਤਦਾ ਹੈ, ਉਸ

Original with;
Punjab Vidhan Sabha
Digitized by;
Panjab Digital Library

ਗਰੀਬ ਨੂੰ ਗੁੜ ਲੈਣਾ ਵੀ ਮੁਸ਼ਕਲ ਹੋ ਗਿਆ ਹੈ। ਗੁੜ ਬਹੁਤ ਮਹਿੰਗਾ ਹੋ ਗਿਆ ਹੈ। ਪਿਛਲੇ ਇਕ ਸਾਲ ਅੱਧ ਮਾਰਚ, 79 ਤੋਂ ਅੱਧ ਮਾਰਚ, 80 ਤਕ ਗੁੜ ਦੇ ਭਾਅ ਵਿਚ 89% ਵਾਧਾ ਹੋਇਆ ਹੈ। 22 ਰੁਪਏ ਪੰਜਸੇਰੀ ਗੁੜ ਵਿਕ ਰਿਹਾ ਹੈ। ਕਿਵੇਂ ਗਰੀਬ ਇਤਨਾ ਮਹਿੰਗਾ ਗੁੜ ਖਰੀਦੇਗਾ ਅਤੇ ਗੁੜ ਦੀ ਚਾਹ ਪੀਵੇਗਾ ? ਇਤਨੀ ਮਹਿੰਗਾਈ ਵਿਚ ਗਰੀਬਾਂ ਦਾ ਜਿਊਣਾ ਦੂਬਰ ਹੋ ਗਿਆ ਹੈ। ਇਸੇ ਇਕ ਸਾਲ ਵਿਚ ਖੰਡ ਦੀ ਕੀਮਤ ਵਿਚ 31% ਵਾਧਾ ਹੋਇਆ ਹੈ, ਤੇਲ ਅਤੇ ਬੀਜਾਂ ਵਿਚ 30% ਵਾਧਾ ਹੋਇਆ ਹੈ ਅਤੇ ਮੂੰਗਫਲੀ ਦੇ ਘਿਓ ਵਿਚ 34% ਵਾਧਾ ਹੋਇਆ ਹੈ। ਇਤਨੀਆਂ ਮਹਿੰਗੀਆਂ ਚੀਜ਼ਾਂ ਗਰੀਬ ਕਿਵੇਂ ਖਰੀਦ ਸਕਦਾ ਹੈ। ਕੋਲੇ ਦੀ ਕੀਮਤ ਵਿਚ 55% ਵਾਧਾ ਹੋਇਆ ਹੈ। ਮਹਿੰਗਾਈ ਇਤਨੀ ਵੱਧ ਗਈ ਹੈ ਕਿ ਗਰੀਬ ਲੋਕਾਂ ਨੂੰ ਰੋਟੀ ਕਮਾਉਣੀ ਬੜੀ ਮੁਸ਼ਕਿਲ ਹੋ ਗਈ ਹੈ। ਗਰੀਬ ਲੋਕਾਂ ਦਾ ਜੀਊਣਾ ਦੂਬਰ ਹੋ ਗਿਆ ਹੈ। ਪਰ ਇਸ ਮਹਿੰਗਾਈ ਦਾ ਗਵਰਨਰ ਦੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। 60% ਲੋਕ ਬੀਲੋ ਪਾਵਰਟੀ ਲਾਈਨ ਰਹਿੰਦੇ ਹਨ ਪਰ ਇਸ ਗਲ ਦਾ ਗਵਰਨਰ ਦੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਹੈ। ਕੋਈ ਜ਼ਿਕਰ ਨਹੀਂ ਕੀਤਾ ਗਿਆ ਕਿ ਮਹਿੰਗਾਈ ਨੂੰ ਕਿਵੇਂ ਰੋਕਿਆ ਜਾਵੇਗਾ। ਇਸ ਲਈ ਮੈਂ ਇਸ ਗਵਰਨਰ ਦੇ ਐਡਰੈਸ ਨੂੰ ਥੋਥਾ ਅਤੇ ਫੋਕਾ ਐਡਰੈਸ ਕਹਾਂਗਾ।

ਚੇਅਰਮੈਨ ਸਾਹਿਬ, ਲਾਅ ਐਂਡ ਆਰਡਰ ਦੇ ਬਾਰੇ ਮੈਂ ਤੁਹਾਡੇ ਸਾਹਮਣੇ ਕੁਝ ਮਿਸਾਲਾਂ ਦੇਣੀਆਂ ਚਾਹੁੰਦਾ ਹਾਂ। ਇਨ੍ਹਾਂ ਨੇ ਅਫ਼ਸਰਾਂ ਉਪਰ ਟੇਕ ਰਖੀ ਹੈ। ਇਹ ਤਾਨਾਸ਼ਾਹੀ ਟਰੈਂਡ ਹਨ। ਇਹ ਕਹਿੰਦੇ ਹਨ ਕਿ ਜਿਹੜੇ ਅਫ਼ਸਰ ਇਮਾਨਦਾਰ ਹੋਣਗੇ ਉਨ੍ਹਾਂ ਨੂੰ ਉਪਰ ਲਾ ਦਿਓ, ਉਹ ਲੋਕਾਂ ਦੀ ਰਾਖੀ ਕਰਨਗੇ। ਚੇਅਰਮੈਨ ਸਾਹਿਬ, ਇਸ ਤਰ੍ਹਾਂ ਉਹ ਲੋਕਾਂ ਦੀ ਰਾਖੀ ਨਹੀਂ ਕਰਨਗੇ ਸਗੋਂ ਉਹ ਲੋਕਾਂ ਦੀ ਜਾਨ ਲੈਣਗੇ। ਗੁੰਡੇ ਅਤੇ ਬਦਮਾਸ਼ ਇਨ੍ਹਾਂ ਦੇ ਯਾਰ ਹਨ। ਮੈਂ ਦਸਦਾ ਹਾਂ ਕਿ ਗੁੰਡਿਆਂ ਨੇ ਅਹਿਮਦਗੜ੍ਹ ਵਿਚ ਮਿਊਂਸਪਲ ਕਮੇਟੀ ਦੇ ਚੇਅਰਮੈਨ ਨੂੰ ਕੁੱਟਿਆ। ਉਹ ਹਸਪਤਾਲ ਵਿਚ ਮਰਨ ਵਾਲਾ ਪਿਆ ਹੈ। ਬਾਘਾਪੁਰਾਣਾ ਦਾ ਇਕ ਕੇਸ ਹੈ। ਉਥੇ ਲਾਲ ਸਿੰਘ ਨੂੰ ਮਾਰ ਦਿਤਾ ਗਿਆ। ਰਾਜਪੁਰੇ ਬਾਰੇ ਮੈਂ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ। 29 ਤਾਰੀਖ ਨੂੰ ਨਿਹੱਥੇ ਮਜ਼ਦੂਰਾਂ ਤੇ ਗੋਲੀ ਚਲਾਈ ਗਈ। ਉਹ ਮਜ਼ਦੂਰ ਮੀਟਿੰਗ ਕਰਕੇ ਘਰਾਂ ਨੂੰ ਵਾਪਿਸ ਜਾ ਰਹੇ ਸਨ। ਪਰ ਉਨ੍ਹਾਂ ਉਤੇ ਗੋਲੀ ਚਲਾਈ ਗਈ। ਇਸ ਤਰ੍ਹਾਂ ਦੀ ਹਾਲਤ ਸਾਡੇ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਬਣੀ ਹੋਈ ਹੈ। ਧੂਰੀ ਵਿਚ ਇਕ ਨੌਜਵਾਨ ਔਰਤ ਬੱਸ ਚੜ੍ਹਨ ਗਈ ਤਾਂ ਉਸ ਦੀ ਬੱਸ ਲੰਘ ਗਈ। ਫਿਰ ਉਸ ਔਰਤ ਨੂੰ ਰੇਲਵੇ ਸਟੇਸ਼ਨ ਤੇ ਜਾਣਾ ਪਿਆ। ਪਰ ਉਥੇ ਪੁਲਿਸ ਵਾਲਿਆਂ ਨੇ ਉਸ ਨਾਲ ਬਦਚਲਣੀ ਕੀਤੀ। ਗੁੰਡੇ ਅਤੇ ਬਦਮਾਸ਼ ਪੁਲਿਸ ਨਾਲ ਮਿਲੇ ਹੋਏ ਹਨ। ਇਸ ਤੇ ਸੀ. ਪੀ. ਆਈ. ਅਤੇ ਸੀ. ਪੀ. ਐਮ. ਦੇ ਵਰਕਰਾਂ ਨੇ ਬਹੁਤ ਵੱਡਾ ਜਲੂਸ ਕੱਢਿਆ। ਫਿਰ ਜਾਕੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਮਿਊਂਸਪਲ ਕਮਿਸ਼ਨਰ ਨੂੰ ਕੋਟਕਪੂਰੇ ਤੋਂ ਜਾ ਕੇ ਗ੍ਰਿਫਤਾਰ ਕੀਤਾ ਗਿਆ। ਜੋ ਕਾਂਗਰਸੀ ਹੈ।

**ਸ੍ਰੀ ਸਭਾਪਤੀ :** ਤੁਸੀਂ ਹੋਰ ਕਿੰਨੇ ਮਿੰਟ ਬੋਲੋਗੇ?

**ਮਾਸਟਰ ਚੰਦ ਸਿੰਘ :** ਮੈਂ ਤਾਂ ਹਾਲਾਂ ਸ਼ੁਰੂ ਹੀ ਕੀਤਾ ਹੈ।

**ਸ੍ਰੀ ਸਭਾਪਤੀ :** ਤੁਸੀਂ 5 ਮਿੰਟ ਹੋਰ ਬੋਲ ਲਵੋ।

**ਮਾਸਟਰ ਚੰਦ ਸਿੰਘ :** ਮੈਂ ਹਾਲਾਂ ਬਹੁਤ ਬੋਲਣਾ ਹੈ।

ਧੂਰੀ ਵਿਚ ਗਰੀਬ ਲੋਕਾਂ ਵਿਚ ਹਾਹਾਕਾਰ ਮੱਚੀ ਹੋਈ ਹੈ। ਉਥੇ ਗੁੰਡਿਆਂ ਨੇ ਪੁਲਿਸ ਦੀ ਮੱਦਦ ਨਾਲ ਉਨ੍ਹਾਂ ਗਰੀਬ ਲੋਕਾਂ ਦੇ ਘਰਾਂ ਤੇ ਜ਼ਬਰਦਸਤੀ ਕਬਜ਼ਾ ਕੀਤਾ। ਉਨ੍ਹਾਂ ਦੀਆਂ ਝੁੱਗੀਆਂ ਨੂੰ ਉਜਾੜਨ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਦੀ ਕੋਸ਼ਿਸ਼ ਕਰਦੇ ਹਨ। ਗਰੀਬ ਲੋਕਾਂ ਦਾ ਜਿਉਣਾ ਦੂਬਰ ਹੋ ਗਿਆ ਹੈ। ਇਥੇ ਸੀ. ਐਮ. ਸਾਹਿਬ ਕਹਿੰਦੇ ਹਨ ਕਿ ਪੁਲਿਸ ਗਰੀਬਾਂ ਦੀ ਰਾਖੀ ਕਰਦੀ ਹੈ ਪਰ ਮੈਂ ਕਹਿੰਦਾ ਹਾਂ ਕਿ ਪੁਲਿਸ ਗੁੰਡਿਆਂ ਦੀ ਮੱਦਦ ਕਰਦੀ ਹੈ। ਗਰੀਬ ਲੋਕਾਂ ਦਾ ਜਿਉਣਾ ਮੁਸ਼ਕਲ ਕੀਤਾ ਹੋਇਆ ਹੈ। ਬਰਨਾਲੇ ਦੀ ਇਕ ਲੜਕੀ ਮੀਰਾਂ ਨੂੰ ਅਗਵਾ ਕੀਤਾ ਗਿਆ। ਉਸ ਦਾ ਕਤਲ ਹੋ ਗਿਆ। ਇਸ ਤਰ੍ਹਾਂ ਦਾ ਇਨ੍ਹਾਂ ਦਾ ਲਾਅ ਐਂਡ ਆਰਡਰ ਹੈ। ਚੇਅਰਮੈਨ ਸਾਹਿਬ, ਪਟਿਆਲੇ ਵਿਚ ਗਰੀਬ ਲੋਕਾਂ ਦੀ ਕਾਲੋਨੀ ਹੈ। ਪੁਲਿਸ ਦੀ ਮੱਦਦ ਨਾਲ ਗੁੰਡਿਆਂ ਨੇ ਉਨ੍ਹਾਂ ਗਰੀਬਾਂ ਤੇ ਹਮਲਾ ਕੀਤਾ। ਬਟਾਲਾ ਵਿਚ ਗੁੰਡਿਆਂ ਨੇ ਪੁਲਿਸ ਦੀ ਮੱਦਦ ਨਾਲ ਗਰੀਬ ਲੋਕਾਂ ਦੇ ਘਰਾਂ ਵਿਚ ਜਾ ਕੇ ਉਨ੍ਹਾਂ ਨੂੰ ਮਾਰਿਆ ਅਤੇ ਉਨ੍ਹਾਂ ਦੇ ਘਰ ਢਾਹ ਦਿਤੇ। ਉਨ੍ਹਾਂ ਲੋਕਾਂ ਨੂੰ ਜੋ ਮਾਲਕ ਮਕਾਨ ਸਨ, ਮੁਰਗੀਖਾਨੇ ਵਿਚ ਬੰਦ ਕਰ ਦਿਤਾ। ਇਹ ਇਨ੍ਹਾਂ ਦੇ ਲਾਅ ਐਂਡ ਆਰਡਰ ਦੀ ਹਾਲਤ ਹੈ। ਸਰਕਾਰ ਨੂੰ ਗਰੀਬ ਲੋਕਾਂ ਦੀ ਰਾਖੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਗੱਲ ਦਾ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਹੈ। ਸਰਦਾਰ ਦਰਬਾਰਾ ਸਿੰਘ ਨੇ ਪੰਮੀ ਸਮਗਲਰ ਨੂੰ ਗ੍ਰਿਫਤਾਰ ਕੀਤਾ ਸੀ। ਉਸ ਬਾਰੇ ਅਖਬਾਰਾਂ ਵਿਚ ਬੜੀ ਚਰਚਾ ਹੈ ਕਿ ਉਸ ਨੇ ਕੇਂਦਰੀ ਗ੍ਰਿਹ ਮੰਤਰੀ ਨਾਲ ਕਾਰ ਵਿਚ ਸਫਰ ਕੀਤਾ ਅਤੇ ਕਾਂਗਰਸ ਪਾਰਟੀ ਦੇ ਡਿਪਟੀ ਲੀਡਰ ਰਾਣਾ ਮੋਤੀ ਸਿੰਘ ਦੇ ਘਰ ਕਾਰ ਵਿਚ ਗਏ। ਇਹ ਸਮੱਗਲਰਾਂ ਨਾਲ ਰਲੇ ਮਿਲੇ ਹੋਏ ਹਨ। ਮੈਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਇਹ ਉਨ੍ਹਾਂ ਨੂੰ ਨੱਥ ਪਾਉਣ। ਗਵਰਨਰ ਸਾਹਿਬ ਦੇ ਐਡਰੈਸ ਵਿਚ ਸਮੱਗਲਰਾਂ ਨੂੰ ਨੱਥ ਪਾਉਣ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਹਰੀਜਨਾਂ ਵਿਚ ਹਾਹਾਕਾਰ ਮਚੀ ਹੋਈ ਹੈ, ਉਨ੍ਹਾਂ ਉਤੇ ਬੜੇ ਜ਼ੁਲਮ ਹੋ ਰਹੇ ਹਨ। ਇਸ ਬਾਰੇ ਵੀ ਗਵਰਨਰ ਐਡਰੈਸ ਵਿਚ ਕੁਝ ਨਹੀਂ ਕਿਹਾ ਗਿਆ। ਹਰੀਜਨਾਂ ਨੂੰ ਪਲਾਟ ਦੇਣ ਬਾਰੇ ਕੋਈ ਗੱਲ ਨਹੀਂ ਕਹੀ ਗਈ। ਜ਼ਿਲ੍ਹਾ ਜਲੰਧਰ ਵਿਚ ਕੁਲਾਹਾ ਵਿਖੇ ਹਰੀਜਨ ਪਰਿਵਾਰ ਦੀ ਦਿਨ ਦਿਹਾੜੇ ਲੁਟ ਮਾਰ ਕੀਤੀ। ਪਿੰਡ ਸੋਹੀਆਂ, ਜ਼ਿਲ੍ਹਾ ਸੰਗਰੂਰ ਵਿਚ ਹਰੀਜਨਾਂ ਨੂੰ ਬਦਮਾਸ਼ਾਂ ਨੇ ਤੰਗ ਕੀਤਾ ਅਤੇ ਮਾਰਿਆ ਜੋ ਕਿ ਹਸਪਤਾਲ ਜਾਕੇ ਮਰ ਗਿਆ। ਪਠਾਨਕੋਟ ਦੇ ਲਾਗੇ ਇਕ ਪਿੰਡ ਵਿਚ ਹਰੀਜਨਾਂ ਦਾ ਜੰਝਘਰ ਢਾਹ ਦਿਤਾ। ਪਟਿਆਲੇ ਵਿਚ ਰਾਮ ਲਾਲ ਨੂੰ ਜਗੀਰਦਾਰ ਨੇ ਆਪਣੇ ਘਰ ਵਿਚ ਅਜੇ ਵੀ ਬੰਦੀ ਬਣਾਕੇ ਰੱਖਿਆ ਹੋਇਆ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਗਰੀਬਾਂ ਦੀ ਰਾਖੀ ਦਾ ਪ੍ਰਬੰਧ ਕੀਤਾ ਜਾਵੇ ਤਾਂਕਿ ਉਹ ਸੁੱਖ ਦੀ ਜ਼ਿੰਦਗੀ ਜੀਅ ਸਕਣ।

ਪਲਾਟਾਂ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ-ਜਨਤਾ ਸਰਕਾਰ ਵੇਲੇ ਇਕ ਕਮੇਟੀ ਬਣੀ ਸੀ। ਉਸ ਨੇ ਸਰਵੇ ਕੀਤਾ ਸੀ। ਉਸ ਕਮੇਟੀ ਨੇ ਕਿਹਾ ਸੀ ਕਿ ਗਰੀਬਾਂ ਨੂੰ ਨੀਵੇਂ ਥਾਵਾਂ ਅਤੇ ਟੋਇਆਂ ਵਿਚ ਪਲਾਟ ਦਿਤੇ ਹਨ। ਇਸ ਲਈ ਮੈਂ ਕਹਾਂਗਾ ਕਿ ਉਨ੍ਹਾਂ ਗਰੀਬਾਂ ਨੂੰ ਘਰਾਂ ਦੇ ਨੇੜੇ ਸਾਫ ਥਾਂ ਤੇ ਪਲਾਟ ਦੇਣੇ ਚਾਹੀਦੇ ਹਨ।

ਇਥੇ ਖਾਦ ਅਤੇ ਡੀਜ਼ਲ ਬਾਰੇ ਕਿਹਾ ਗਿਆ ਹੈ। ਮੈਂ ਕਹਿੰਦਾ ਹਾਂ ਕਿ ਕਿਸਾਨਾਂ ਨੂੰ ਖਾਦ ਅਤੇ ਡੀਜ਼ਲ ਠੀਕ ਰੇਟ ਤੇ ਦੇਣੇ ਚਾਹੀਦੇ ਹਨ। ਖਾਦ ਦੇ ਰੇਟ ਵੱਧਣ ਨਾਲ 90 ਕਰੋੜ ਰੁਪਿਆ ਉਨ੍ਹਾਂ ਨੂੰ ਵੱਧ ਦੇਣਾ ਪਵੇਗਾ ਅਤੇ ਡੀਜ਼ਲ ਦੇ ਰੇਟ ਵਧਣ ਨਾਲ ਉਨ੍ਹਾਂ ਨੂੰ 30 ਕਰੋੜ ਰੁਪਿਆ ਵੱਧ ਦੇਣਾ ਪਵੇਗਾ। ਖਾਦ ਅਤੇ ਡੀਜ਼ਲ ਬਹੁਤ ਮਹਿੰਗੇ ਹੋ ਰਹੇ ਹਨ ਪਰ ਦੂਸਰੇ ਪਾਸੇ ਕਿਸਾਨ ਨੂੰ ਉਸ ਦੀ ਜਿਣਸ ਦਾ ਪੂਰਾ ਭਾਅ ਨਹੀਂ ਮਿਲਦਾ। ਚੇਅਰਮੈਨ ਸਾਹਿਬ, ਜੇ ਕਿਸਾਨ ਨੂੰ ਕਣਕ ਦਾ 125 ਰੁਪਏ ਭਾਅ ਦਿਤਾ ਜਾਂਦਾ ਤਾਂ ਫਿਰ ਕੁਝ ਗੱਲ ਬਣਦੀ ਸੀ। ਪਰ ਭਾਅ ਸਿਰਫ ਦੋ ਰੁਪਏ ਵਧਾਇਆ ਹੈ। ਮੈਂ ਕਹਿੰਦਾ ਹਾਂ ਕਿ ਖਾਦ ਅਤੇ ਡੀਜ਼ਲ ਸਬਸੀਡਾਈਜ਼ਡ ਰੇਟ ਤੇ ਗਰੀਬ ਲੋਕਾਂ ਨੂੰ ਦੇਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਪੂਰੀ ਪੂਰੀ ਮਦਦ ਕਰਨੀ ਚਾਹੀਦੀ ਹੈ ਤਾਂਕਿ ਉਨ੍ਹਾਂ ਦੀ ਫਸਲ ਦਾ ਪੂਰਾ ਨਿਕਾਲ ਹੋ ਸਕੇ। ਚੇਅਰਮੈਨ ਸਾਹਿਬ, ਮੈਂ ਆਪਣੇ ਹਲਕੇ ਸ਼ੇਰਪੁਰ ਬਾਰੇ ਗੱਲ ਕਰਦਾ ਹਾਂ। ਉਥੇ 40-50 ਪਿੰਡ ਐਸੇ ਹਨ ਜਿਥੇ ਪਾਣੀ ਘੱਟ ਅਤੇ ਤਹਿ ਬਹੁਤ ਦੂਰ ਹੈ।

Original with;
Punjab Vidhan Sabha
Digitized by;
Panjab Digital Library

ਉਥੇ 60-70 ਫੁੱਟ ਖੂਹ ਪੁਟਕੇ ਪਾਣੀ ਆਉਂਦਾ ਹੈ । ਉਥੇ 5-6 ਬੰਦੇ ਖੂਹੀਆਂ ਪੁਟਦੇ ਪੁਟਦੇ ਮਰ ਗਏ ਹਨ । ਮੈਂ ਕਹਿੰਦਾ ਹਾਂ ਕਿ ਨਹਿਰੀ ਪਾਣੀ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ ਤਾਂਕਿ ਉਹ ਗਰੀਬ ਕਿਸਾਨ ਜਿਹੜੇ 24 ਘੰਟੇ ਕੰਮ ਕਰਦੇ ਹਨ ਉਨ੍ਹਾਂ ਦੇ ਹੱਕਾਂ ਦੀ ਰਾਖੀ ਕੀਤੀ ਜਾ ਸਕੇ ।

ਮੈਂ ਸੜਕਾਂ ਬਾਰੇ ਕਹਿਣਾ ਚਾਹੁੰਦਾ ਹਾਂ । ਸੜਕਾਂ ਨੂੰ ਚੌੜਾ ਕਰਨ ਬਾਰੇ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਕਿਹਾ ਹੈ ਕਿ ਸੜਕਾਂ ਨੂੰ ਚੌੜਾ ਕਰਨਾ ਹੈ ਪਰ ਪੁਲਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ । ਹੁਸ਼ਿਆਰਪੁਰ ਤੋਂ ਗੜ੍ਹਸ਼ੰਕਰ ਤਕ ਸੜਕ ਤਾਂ ਇਨ੍ਹਾਂ ਨੇ ਚੌੜੀ ਕਰਨੀ ਹੈ ਪਰ ਰਸਤੇ ਵਿਚ ਜਿਹੜੇ ਚੋਏ ਆਉਂਦੇ ਹਨ ਉਨ੍ਹਾਂ ਤੇ ਪੁਲ ਵੀ ਬਣਾਉਣੇ ਚਾਹੀਦੇ ਹਨ । ਜੇ ਪੁਲ ਨਾ ਬਣਨ ਤਾਂ ਸੜਕਾਂ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ । ਚੋਇਆਂ ਤੇ ਪੁਲ ਬਣਾਉਣੇ ਚਾਹੀਦੇ ਹਨ । ਇਸ ਗਵਨਰ ਸਾਹਿਬ ਦੇ ਐਡਰੈਸ ਵਿਚ ਪੁਲਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ । ਸੜਕਾਂ ਦੀ ਰੀਪੇਅਰ ਦੀ ਕੋਈ ਗੱਲ ਨਹੀਂ ਕੀਤੀ ਗਈ । ਸੜਕਾਂ ਵਿਚ ਟੋਏ ਪਏ ਹਨ ਉਨ੍ਹਾਂ ਦੀ ਰਿਪੇਅਰ ਵੱਲ ਕੋਈ ਧਿਆਨ ਨਹੀਂ । ਉਨ੍ਹਾਂ ਦੀ ਰਿਪੇਅਰ ਕਰਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂਕਿ ਲੋਕਾਂ ਨੂੰ ਆਉਣ ਜਾਣ ਵਿਚ ਸਹੂਲਤ ਹੋ ਸਕੇ । ਗਵਰਨਰ ਨੇ ਆਪਣੇ ਸਮੇਂ ਵਿਚ ਮੁਰੰਮਤ ਰੋਕ ਦਿਤੀ ਸੀ ।

**Mr. Chairman :** Please wind up.

**ਮਾਸਟਰ ਚੰਦ ਸਿੰਘ :** ਜਿਹੜੀ ਇਨ੍ਹਾਂ ਨੇ ਚੰਗੀ ਗੱਲ ਕੀਤੀ ਹੈ ਉਸ ਨੂੰ ਚੰਗਾ ਹੀ ਕਹਾਂਗਾ ।

ਚੇਅਰਮੈਨ ਸਾਹਿਬ, ਮੈਂ ਪੰਚਾਇਤ ਸੰਮਤੀਆਂ ਦੇ ਬਾਰੇ ਇਕ ਗਲ ਕਹਿਣਾ ਚਾਹੁੰਦਾ ਹਾਂ ਜਿਹੜੀ ਕਿ ਇਨ੍ਹਾਂ ਨੇ ਚੰਗੀ ਕੀਤੀ ਹੈ । ਪੰਚਾਇਤ ਸੰਮਤੀਆਂ ਦੇ ਬਾਰੇ ਅਸੀਂ ਪਹਿਲਾਂ ਵੀ ਕਿਹਾ ਸੀ, ਜਦੋਂ ਅਕਾਲੀ ਜਨਤਾ ਪਾਰਟੀ ਦੀ ਸਰਕਾਰ ਸੀ । ਉਨ੍ਹਾਂ ਨੇ ਜਦੋਂ ਪੰਚਾਇਤ ਸੰਮਤੀਆਂ ਨੂੰ ਭੰਗ ਕਰਨ ਦੀ ਗੱਲ ਕੀਤੀ ਸੀ ਤਾਂ ਅਸੀਂ ਕਿਹਾ ਸੀ ਇਹ ਇਕ ਅਨਡੈਮੋਕਰੇਟਿਕ ਗਲ ਹੈ । ਇਨ੍ਹਾਂ ਨੇ ਹੁਣ ਪੰਚਾਇਤ ਸਮਤੀਆਂ ਨੂੰ ਬਹਾਲ ਕੀਤਾ ਹੈ ਜਿਹੜਾ ਕਿ ਇਨ੍ਹਾਂ ਨੇ ਇਕ ਵਧੀਆ ਕਮ ਕੀਤਾ ਹੈ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਤੁਰੰਤ ਕਰਵਾਈਆਂ ਜਾਣ । ਇਸ ਗਲ ਵੱਲ ਸਰਕਾਰ ਨੂੰ ਤੁਰੰਤ ਧਿਆਨ ਦੇਣਾ ਚਾਹੀਦਾ ਹੈ । ਜ਼ਿਲ੍ਹਾ ਜਲੰਧਰ ਵਿਚ 1972 ਤੋਂ ਲੈ ਕੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਨਹੀਂ ਹੋਈਆਂ । ਚੋਣਾਂ ਤੁਰੰਤ ਸਾਰੇ ਕਰਵਾਈਆਂ ਜਾਣ ।

ਇੱਕ ਗਲ, ਚੇਅਰਮੈਨ ਸਾਹਿਬ, ਮੈਂ ਹੈਲਥ ਡਿਪਾਰਟਮੈਂਟ ਦੇ ਬਾਰੇ ਵਿਚ ਹੈਲਥ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਵਿਚ 25 ਜਾਂ 30 ਬੈਡ ਦੇ ਹਸਪਤਾਲ ਫੋਕਲ ਪੁਆਇੰਟਾਂ ਤੇ ਖੋਲ੍ਹਣ ਦਾ ਜਿਹੜਾ ਪ੍ਰੋਗਰਾਮ ਹੈ ਉਹ ਪ੍ਰੋਗਰਾਮ ਚਾਲੂ ਰਹਿਣਾ ਚਾਹੀਦਾ ਹੈ ਅਤੇ ਉਸ ਪ੍ਰੋਗਰਾਮ ਨੂੰ ਬੰਦ ਨਹੀਂ ਕਰਨਾ ਚਾਹੀਦਾ । ਫੋਕਲ ਪੁਆਇੰਟਾਂ ਤੇ ਕੀਤੇ ਗਏ ਕੰਮਾਂ ਸਬੰਧੀ ਸਕੀਮ ਇਕ ਅਛੀ ਸਕੀਮ ਹੈ ਅਤੇ ਇਸ ਨੂੰ ਬੰਦ ਨਹੀਂ ਕਰਨਾ ਚਾਹੀਦਾ । ਜਿਹੜੇ ਫੋਕਲ ਪੁਆਇੰਟਾਂ ਤੇ ਬਾਕੀ ਰਹਿੰਦੇ ਕੰਮ ਹਨ ਉਨ੍ਹਾਂ ਨੂੰ ਕੰਪਲੀਟ ਕਰਨਾ ਚਾਹੀਦਾ ਹੈ । ਇਸ ਨੂੰ ਗਵਰਨਰੀ ਰਾਜ ਵਿਚ ਬੰਦ ਕਰ ਦਿੱਤਾ ਗਿਆ ਸੀ ਅਤੇ ਹੁਣ ਇਹ ਕਹਿੰਦੇ ਹਨ ਕਿ ਚਾਲੂ ਕਰ ਦਿਤਾ ਹੈ । ਪਰ ਇਹ ਕਾਗਜ਼ਾਂ ਵਿਚ ਚਾਲੂ ਕਰ ਦਿੱਤਾ ਹੈ । ਪਰੈਕਟੀਕਲੀ ਇਹ ਪ੍ਰੋਗਰਾਮ ਚਾਲੂ ਨਹੀਂ ਹੋਇਆ । ਇਸ ਨੂੰ ਤੁਰੰਤ ਚਾਲੂ ਕੀਤਾ ਜਾਵੇ ।

**ਸ੍ਰੀ ਸਭਾਪਤੀ :** ਤੁਹਾਡਾ ਹੁਣ ਵਕਤ ਹੋ ਗਿਆ ਹੈ, ਤੁਸੀਂ ਬੈਠ ਜਾਓ ।

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਮੈਨੂੰ 10 ਮਿੰਟ ਹੋਰ ਦਿਤੇ ਜਾਣ ਕਿਉਂਕਿ ਮੈਂ ਆਪਣੀ ਵਲੋਂ ਇਕੱਲੇ ਨੇ ਹੀ ਬੋਲਣਾ ਹੈ। ਇਸ ਲਈ ਮੈਨੂੰ ਹੋਰ ਟਾਈਮ ਦਿਤਾ ਜਾਵੇ।

**ਸ੍ਰੀ ਸਭਾਪਤੀ** : ਤੁਹਾਡੀ ਪਾਰਟੀ ਦੇ 30 ਮਿੰਟ ਬਣਦੇ ਹਨ ਔਰ ਉਹ ਤੁਸੀਂ ਲੈ ਚੁਕੇ ਹੋ। (ਵਿਘਨ) ਜੇ ਤੁਹਾਡੀ ਪਾਰਟੀ ਦੇ ਕਿਸੇ ਹੋਰ ਮੈਂਬਰ ਨੇ ਨਹੀਂ ਬੋਲਣਾ ਤਾਂ ਤੁਸੀਂ 2-4 ਮਿੰਟ ਹੋਰ ਬੋਲ ਲਓ।

**ਮਾਸਟਰ ਚੰਦ ਸਿੰਘ** : ਚੇਅਰਮੈਨ ਸਾਹਿਬ, ਮੈਂ ਇਕ ਗਲ ਐਜੂਕੇਸ਼ਨ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ। ਅਪ੍ਰੈਲ ਦੇ ਵਿਚ ਸਕੂਲ ਅਪਗਰੇਡ ਕਰਨੇ ਚਾਹੀਦੇ ਹਨ। ਫਿਰ ਮਿਡਲ ਸਕੂਲਾਂ ਦੇ ਅਧਿਆਪਕਾਂ ਨੂੰ ਵਕਤ ਸਿਰ ਤਨਖਾਹਾਂ ਨਹੀਂ ਮਿਲਦੀਆਂ। ਮਿਡਲ ਸਕੂਲਾਂ ਦੇ ਹੈਡਮਾਸਟਰਾਂ ਨੂੰ ਡੀ. ਡੀ. ਓ. ਦੀਆਂ ਪਾਵਰਾਂ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਉਥੇ ਦੇ ਮਾਸਟਰਾਂ ਨੂੰ ਠੀਕ ਵਕਤ ਸਿਰ ਤਨਖਾਹ ਮਿਲ ਸਕੇ। ਪਹਿਲਾਂ ਬਦਲੀਆਂ ਕਰਨ ਵਾਸਤੇ ਕੋਈ ਨਿਯਮ ਹੁੰਦੇ ਸਨ ਪਰ ਹੁਣ ਬਦਲੀਆਂ ਵਾਸਤੇ ਕੋਈ ਨਿਯਮ ਨਹੀਂ ਰਿਹਾ। (ਵਿਘਨ) ਫਿਰ ਮੁਲਾਜ਼ਮਾਂ ਦੇ ਜਿਹੜੇ ਕੇਸ ਅਨਾਮਲੀ ਕਮੇਟੀ ਕੋਲ ਪਏ ਹਨ ਉਨ੍ਹਾਂ ਦਾ ਤੁਰੰਤ ਨਿਟਪਾਰਾ ਕਰਨਾ ਚਾਹੀਦਾ ਹੈ। ਕੁਝ ਮੁਲਾਜ਼ਮਾਂ ਨੂੰ 8 ਫਰਵਰੀ, 1978 ਦੀ ਹੜਤਾਲ ਨਾ ਕਰਨ ਦੀ ਕੋਈ ਇਨਕਰੀਮੈਂਟ ਦਿੱਤੀ ਗਈ ਸੀ। ਉਹ ਇਨ-ਕਰੀਮੈਂਟ ਸਾਰੇ ਕਰਮਚਾਰੀਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਮੁਲਾਜ਼ਮਾਂ ਨਾਲ ਵਿਤਕਰਾ ਤੇ ਦੁਰਵਿਵਹਾਰ ਦੂਰ ਹੋ ਸਕੇ।

ਇਕ, ਚੇਅਰਮੈਨ ਸਾਹਿਬ, ਮੈਂ ਖਾਲ੍ਹਾਂ ਬਾਰੇ ਗਲ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਖਾਲ੍ਹਾਂ ਨੂੰ ਪੱਕਿਆਂ ਕੀਤਾ ਜਾਵੇ ਤਾਂ 20 ਫੀ ਸਦੀ ਪਾਣੀ ਬੱਚ ਸਕਦਾ ਹੈ। ਜੇ 20 ਫੀ ਸਦੀ ਪਾਣੀ ਹੋਰ ਲਓ ਤਾਂ ਇਸ ਦੇ ਨਾਲ ਮਾਲੀਆ ਵਧਦਾ ਹੈ। ਇਸ ਤਰਾਂ ਖਾਲ੍ਹਾਂ ਪੱਕੀਆਂ ਕਰਨ ਨਾਲ ਮਾਲੀਏ ਦੀ ਵੀ ਬਚਤ ਹੋ ਸਕਦੀ ਹੈ। ਕਿਸਾਨ ਨੂੰ ਹੋਏ ਨੁਕਸਾਨ ਦੀ ਸਬਸਿਡੀ ਦੇਣੀ ਚਾਹੀਦੀ ਹੈ ਅਤੇ ਇਸ ਕੰਮ ਵਾਸਤੇ ਸਰਕਾਰ ਨੂੰ ਖਰਚਾ ਦੇਣਾ ਚਾਹੀਦਾ ਹੈ।

ਫਿਰ ਪਨਸਪ ਦੀਆਂ ਦੁਕਾਨਾਂ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਨਸਪ ਦੀਆਂ ਦੁਕਾਨਾਂ ਤੇ ਜਿਹੜੀਆਂ ਦਾਲਾਂ, ਆਟਾ ਤੇ ਘਿਓ ਆਉਂਦਾ ਹੈ ਉਹ ਸ਼ਹਿਰਾਂ ਵਿਚ ਹੀ ਆਉਂਦਾ ਹੈ ਪਿੰਡਾਂ ਵਿਚ ਨਹੀਂ ਆਉਂਦਾ ਅਤੇ ਜੇ ਕਿਧਰੇ ਪਿੰਡਾਂ ਵਿਚ ਆਉਂਦਾ ਵੀ ਹੈ ਤਾਂ ਉਹ ਬਲੈਕ ਵਿਚ ਵਿਕਦਾ ਹੈ। ਪਨਸੱਪ ਦੀਆਂ ਦੁਕਾਨਾਂ ਬੜੇ ਸੁਚੱਜੇ ਢੰਗ ਨਾਲ ਚਲਾਉਣੀਆਂ ਚਾਹੀਦੀਆਂ ਹਨ, ਇਸ ਗਲ ਦੀ ਮੈਂ ਮੰਗ ਕਰਦਾ ਹਾਂ।

ਚੇਅਰਮੈਨ ਸਾਹਿਬ, ਟਰਾਂਸਪੋਰਟ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਰੀ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ। ਪਹਿਲਾਂ ਇਸ ਦੇ ਬਾਰੇ ਗਲ ਬਾਤ ਚਲੀ ਸੀ ਲੇਕਿਨ ਹਾਲੀਂ ਤਕ ਇਸ ਦੇ ਬਾਰੇ ਕੁਝ ਨਹੀਂ ਕੀਤਾ ਗਿਆ। ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ। ਮੈਂ ਇਸ ਦੇ ਬਾਰੇ ਮੰਗ ਕਰਦਾ ਹਾਂ ਕਿ ਇਸ ਨੂੰ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ। ਔਰ ਇਸ ਦੇ ਵਿਚ ਜੋ ਕੁਰੱਪਸ਼ਨ ਹੈ ਇਸ ਨੂੰ ਦੂਰ ਕਰਨਾ ਚਾਹੀਦਾ ਹੈ। ਟਾਇਰਾਂ ਅਤੇ ਸਪੇਅਰ ਪਾਰਟਸ ਦੀ ਬਹੁਤ ਭਾਰੀ ਬਲੈਕ ਹੁੰਦੀ ਹੈ। ਇਸ ਦੇ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਫਿਰ ਟੈਕਸ ਦੀ ਬਹੁਤ ਚੋਰੀ ਹੁੰਦੀ ਹੈ, ਪ੍ਰਾਈਵੇਟ ਓਪਰੇਟਰਜ਼ ਇਸ ਦੇ ਗਫੇ ਲੈਂਦੇ ਹਨ। ਇਸ ਦੇ ਵਲ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ। ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰ ਕੇ ਹੀ ਇਨ੍ਹਾਂ ਸਾਰੀਆਂ ਗਲਾਂ ਤੇ ਕੰਟਰੋਲ ਹੋ ਸਕਦਾ ਹੈ।

Original with;
Punjab Vidhan Sabha
Digitized by;
Panjab Digital Library

ਫਿਰ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਮਾਡਲ ਸਕੂਲਾਂ ਦੀ ਸਕੀਮ ਹੈ, ਇਹ ਬੰਦ ਹੋਣੀ ਚਾਹੀਦੀ ਹੈ। ਇਹ ਮਾਡਲ ਸਕੂਲ ਇਕ ਲੁਟੇਰੀ ਕਲਾਸ ਪੈਦਾ ਕਰਦੇ ਹਨ। ਮਾਡਲ ਸਕੂਲ ਦੀ ਸਕੀਮ ਜੋ ਬੰਦ ਕਰ ਦਿਤੀ ਹੈ, ਮੈਂ ਇਸ ਗਲ ਦੇ ਨਾਲ ਸਹਿਮਤ ਹਾਂ।

ਫਿਰ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨ ਦੇ ਬਾਰੇ ਵਿਚ ਕੋਈ ਗਲ ਐਡਰੇਸ ਵਿਚ ਨਹੀਂ ਕੀਤੀ ਗਈ। (ਵਿਘਨ)

**ਸ੍ਰੀ ਸਭਾਪਤੀ:** ਮਾਸਟਰ ਜੀ, ਹੁਣ ਵਾਈਂਡ ਅੱਪ ਕਰ ਦਿਉ। ਬਾਕੀ ਬਜਟ ਤੇ ਬੋਲ ਲੈਣਾ।

**ਮਾਸਟਰ ਚੰਦ ਸਿੰਘ:** ਬਸ ਜੀ, ਇਕ ਮਿੰਟ ਵਿਚ ਹੀ ਵਾਈਂਡ ਅੱਪ ਕਰ ਦਿੰਦਾ ਹਾਂ।

ਵਿਧਾਨ ਪ੍ਰੀਸ਼ਦ ਇਕ ਚਿੱਟਾ ਹਾਥੀ ਹੈ। ਇਸ ਨੂੰ ਇਸ ਲਈ ਹੀ ਖ਼ਤਮ ਕਰ ਦਿਤਾ ਗਿਆ ਸੀ ਅਤੇ ਇਸ ਨੂੰ ਹੁਣ ਮੁੜ ਕੇ ਨਹੀਂ ਬਣਾਉਣਾ ਚਾਹੀਦਾ। (ਵਿਘਨ)

ਅੰਤ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਚੋਣਾਂ ਜਿਹੜੀਆਂ ਹੋਈਆਂ ਹਨ ਉਹ ਡੈਮੋਕਰੇਟਿਕ ਤਰੀਕੇ ਨਾਲ ਹੋਈਆਂ ਹਨ ਅਤੇ ਲੋਕਾਂ ਨੇ ਡੈਮੋਕਰੇਟਿਕ ਢੰਗ ਨਾਲ ਵੋਟਾਂ ਪਾਈਆਂ ਹਨ। 28 ਮਈ, 1980 ਨੂੰ 5.00 ਵਜੇ ਪ੍ਰਚਾਰ ਬੰਦ ਹੋਣ ਤੋਂ ਬਾਅਦ 6.00 ਵਜੇ ਰੋਪੜ ਵਿਚ ਗਿਆਨੀ ਜ਼ੈਲ ਸਿੰਘ, ਯੂਨੀਅਨ ਹੋਮ ਮਨਿਸਟਰ ਆਏ ਔਰ ਉਥੇ ਜਲਸਾ ਕੀਤਾ ਗਿਆ ਤੇ ਜਲੂਸ ਕੱਢਿਆ, ਕੀ ਇਹ ਡੈਮੋਕਰੇਟਿਕ ਢੰਗ ਹੈ ਇਨ੍ਹਾਂ ਦਾ ? ਅਣਵਿਧਾਨਿਕ ਤਰੀਕੇ ਨਾਲ ਚੋਣਾਂ ਹੋਈਆਂ ਹਨ ਔਰ ਕਰਮਚਾਰੀਆਂ ਦੀਆਂ, ਅਫਸਰਾਂ ਦੀਆਂ ਬਦਲੀਆਂ ਕੀਤੀਆਂ ਗਈਆਂ ਸਿਰਫ ਆਪਣੀ ਪਾਰਟੀ ਨੂੰ ਤਾਕਤ ਵਿਚ ਲਿਆਉਣ ਵਾਸਤੇ। ਇਸ ਨੌਕਰਸ਼ਾਹੀ ਨੂੰ, ਇਸ ਬਿਉਰੋਕਰੇਸੀ ਨੂੰ ਆਪਣਾ ਹੱਥ ਠੋਕਾ ਬਣਾਇਆ ਗਿਆ ਹੈ। ਜੋ ਇਸ ਤਾਨਾਸ਼ਾਹੀ ਕਲਾਸ ਦੇ ਖ਼ਿਲਾਫ਼ ਲੜਨਾ ਚਾਹੁੰਦੀਆਂ ਹਨ ਮੈਂ ਉਨ੍ਹਾਂ ਸ਼ਕਤੀਆਂ ਨੂੰ ਸੱਦਾ ਦਿੰਦਾ ਹਾਂ ਕਿ ਆਉ ਇਕਠੇ ਹੋ ਕੇ ਤਾਨਾਸ਼ਾਹੀ ਕਲਾਸ ਨੂੰ ਬਦਲੀਏ। ਇਨ੍ਹਾਂ ਲਫਜ਼ਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਅਤੇ ਆਪਣੀ ਸੀਟ ਲੈਂਦਾ ਹਾਂ।

(ਇਸ ਵਕਤ ਮਾਨਯੋਗ ਮੈਂਬਰ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਅਤੇ ਸਰਦਾਰ ਬਲਵਿੰਦਰ ਸਿੰਘ ਭੂੰਦੜ ਬੋਲਣ ਲਈ ਖੜੇ ਹੋਏ। ਸ੍ਰੀ ਸਭਾਪਤੀ ਨੇ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਨੂੰ ਬੋਲਣ ਲਈ ਕਿਹਾ)

**ਸਰਦਾਰ ਬਲਵਿੰਦਰ ਸਿੰਘ ਭੂੰਦੜ:** ਚੇਅਰਮੈਨ ਸਾਹਿਬ, ਮੇਨ ਆਪੋਜ਼ੀਸ਼ਨ ਪਾਰਟੀ ਤਾਂ ਅਸੀਂ ਹਾਂ, ਸਾਨੂੰ ਬੋਲਣ ਦਾ ਟਾਈਮ ਮਿਲਣਾ ਚਾਹੀਦਾ ਹੈ। ਤੁਸੀਂ ਉਨ੍ਹਾਂ ਨੂੰ ਟਾਈਮ ਦੇ ਰਹੇ ਹੋ। (ਵਿਘਨ)

**ਸ੍ਰੀ ਸਭਾਪਤੀ:** ਇਕ ਮਾਨਯੋਗ ਮੈਂਬਰ ਕਾਂਗਰਸ ਪਾਰਟੀ ਦਾ ਔਰ ਇਕ ਆਪੋਜ਼ੀਸ਼ਨ ਦਾ ਬੋਲ ਲਵੇ। ਚਤਰਥ ਸਾਹਿਬ 10 ਮਿੰਟ ਤੁਹਾਨੂੰ ਦਿੱਤੇ ਜਾਂਦੇ ਹਨ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ (ਬਟਾਲਾ):** ਚੇਅਰਮੈਨ ਸਾਹਿਬ, 1 ਜੂਨ, 1980 ਦਾ ਦਿਨ ਪੰਜਾਬ ਦੇ ਇਤਿਹਾਸ ਵਿਚ ਇਕ ਖਾਸ ਮਹੱਤਤਾ ਰਖਦਾ ਹੈ ਕਿਉਂਕਿ ਪੰਜਾਬ ਦੇ ਵਿਚ ਅਕਾਲੀ-ਜਨਤਾ ਰਾਜ ਵਿਚ ਲਾ-ਕਾਨੂੰਨੀ, ਆਰਥਿਕ ਵਿਵਸਥਾ ਦਾ ਵਿਗਾੜ ਪੈਣਾ, ਜ਼ਰੂਰੀ ਚੀਜ਼ਾਂ ਦਾ ਨਾ ਮਿਲਣਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਅਤੇ ਉਨ੍ਹਾਂ ਦੀਆਂ ਕੀਮਤਾਂ ਦਾ ਚੜ੍ਹ ਜਾਣਾ ...........(ਵਿਘਨ) ਮੇਰੇ ਨਾਲ ਪੰਗਾ ਨਾ ਲਓ ਨਹੀਂ ਤਾਂ ਮੈ ਵੀ ਤੁਹਾਡੇ ਵਿਚੋਂ ਕਿਸੇ ਨੂੰ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਬੋਲਣ ਨਹੀਂ ਦੇਣਾ ।

ਮੈਂ ਸਮਝਦਾ ਹਾਂ ਕਿ ਜਿਹੜੇ ਪੰਜਾਬ ਦੇ ਲੋਕਾਂ ਨੇ ਵੋਟ ਪਾਏ ਹਨ ਉਨ੍ਹਾਂ ਦੇ ਸਾਹਮਣੇ ਟਾਕਰਾ ਸੀ ਮੁਲਕ ਦੇ ਵਿਚ ਸਟੈਬਿਲਟੀ, ਸ਼ਾਸਨ, ਲਾਅ ਐਂਡ ਆਰਡਰ, ਕੀਮਤਾਂ ਤੇ ਕੰਟਰੋਲ, ਖਾਣ ਪੀਣ ਵਾਲੀਆਂ ਚੀਜ਼ਾਂ ਦੀ ਠੀਕ ਵੰਡ ਤੇ ਉਪਜ ਪ੍ਰਣਾਲੀ ਦਾ ਅਤੇ ਇਨ੍ਹਾਂ ਚੀਜ਼ਾਂ ਦੇ ਉਲਟ ਚਲਣ ਵਾਲੀਆਂ ਫਿਰਕੂ ਤਾਕਤਾਂ ਦਾ । ਇਸ ਕਰਕੇ, ਚੇਅਰਮੈਨ ਸਾਹਿਬ, ਪੰਜਾਬ ਦੀ ਜਨਤਾ ਨੇ ਇਸ ਫਿਰਕੂ ਟੋਲੇ ਨੂੰ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਛੱਕ ਤੋੜਵੀਂ ਹਾਰ ਦਿਤੀ ਔਰ ਪੰਜਾਬ ਦੇ ਵਿਚ ਕਾਂਗ-ਰਸ ਸੱਤਾ ਵਿਚ ਆਈ ਔਰ ਗਵਰਨਰ ਸਾਹਿਬ ਨੇ ਸਾਡੀ ਪਾਰਟੀ ਦੇ ਲੀਡਰ ਸਰਦਾਰ ਦਰਬਾਰਾ ਸਿੰਘ ਜੀ ਨੂੰ 7 ਤਾਰੀਕ ਨੂੰ ......(ਵਿਘਨ)

**ਸਰਦਾਰ ਬਲਦੇਵ ਸਿੰਘ ਖਿਆਲਾ**: ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਇਹ ਫਿਰਕੂ ਟੋਲਾ ਨਹੀ ਕਹਿ ਸਕਦੇ, ਇਹ ਗੈਰ ਵਿਧਾਨਿਕ ਲਫਜ਼ ਹੈ । (ਵਿਘਨ) ਇਨ੍ਹਾਂ ਨੂੰ ਹਾਊਸ ਦੇ ਵਿਚ ਇਹ ਕਹਿਣ ਦਾ ਕੋਈ ਹੱਕ ਨਹੀ । (ਵਿਘਨ) ਇਹ ਲਫਜ਼ ਆਪਣੇ ਵਾਪਸ ਲੈਣ । (ਵਿਘਨ)

**ਸ੍ਰੀ ਸਭਾਪਤੀ**: ਚਤਰਥ ਸਾਹਿਬ, ਇਹੋ ਜਿਹੀਆਂ ਗਲਾਂ ਨੂੰ ਅਵਾਇਡ ਕਰੋ ਤੇ ਆਪਣੀ ਸਪੀਚ ਜਾਰੀ ਰਖੋ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਚੇਅਰਮੈਨ ਸਾਹਿਬ, ਸਾਡੇ ਚੀਫ ਮਨਿਸਟਰ ਸਾਹਿਬ ਨੇ ਆਉਂਦਿਆਂ ਹੀ ਇਕ ਨਵੀ ਲੀਹ ਪਾਈ ਔਰ ਚੰਗੇ ਕੰਮਾਂ ਵਲ ਵਧਣਾ ਸ਼ੁਰੂ ਕੀਤਾ ਔਰ ਉਸ ਦਾ ਸਬੂਤ ਉਨ੍ਹਾਂ ਨੇ ਇਹ ਦਿਤਾ ਕਿ ਉਨ੍ਹਾਂ ਨੇ ਆਪਣੀ ਕੈਬਨਿਟ ਦੀ ਟੀਮ ਵਿਚ ਅਜਿਹੇ ਬਦੇ ਲਏ ਜਿਨ੍ਹਾਂ ਦੇ ਨਾਮ ਪੜ੍ਹ ਕੇ, ਸੁਣ ਕੇ ਲੋਕ ਖੁਸ਼ ਹੋਏ । ਪੰਜਾਬ ਦੀਆਂ ਉਹੋ ਜਿਹੀਆਂ ਅਖ਼ਬਾਰਾਂ ਨੂੰ, ਜਿਨ੍ਹਾਂ ਵਿਚ ਟ੍ਰਿਬਿਊਨ ਵੀ ਸ਼ਾਮਲ ਹੈ, ਇਹ ਕਹਿਣਾ ਪਿਆ ਕਿ ਪੰਜਾਬ ਦੀ ਵਜ਼ਾਰਤ ਵਿਚ ਜਿਹੜੀ ਟੀਮ ਲਈ ਗਈ ਹੈ ਉਹ ਇਮਾਨਦਾਰ ਸਾਥੀਆਂ ਦੀ ਟੀਮ ਹੈ । ਇਸ ਦੇ ਲਈ ਮੈਂ ਸਮਝਦਾ ਹਾਂ ਕਿ ਸਾਡੇ ਚੀਫ ਮਨਿਸਟਰ ਸਾਹਿਬ ਵਧਾਈ ਦੇ ਪਾਤਰ ਹਨ। ਚੇਅਰਮੈਨ ਸਾਹਿਬ, ਉਨ੍ਹਾਂ ਨੇ ਚੀਫ ਮਨਿਸ-ਟਰ ਬਣਦਿਆਂ ਹੀ ਕਿਹਾ ਕਿ ਮੈ ਇਸ ਲਾ-ਕਾਨੂੰਨੀ ਨੂੰ ਖ਼ਤਮ ਕਰਾਂਗਾ, ਅਫੀਮ ਦੇ ਸਮਗਲਰਾਂ ਨੂੰ ਨੱਥ ਪਾਵਾਂਗਾ ਔਰ ਇੰਟਰਨੈਸ਼ਨਲ ਬਾਰਡਰ ਤੇ ਜਿਹੜੇ ਸੋਨੇ ਦੀ ਸਮੱਗਲਿੰਗ ਕਰਦੇ ਹਨ ਉਨ੍ਹਾਂ ਨੂੰ ਨੱਥ ਪਾਵਾਂਗਾ । ਉਨ੍ਹਾਂ ਨੇ ਪੁਲਿਸ ਦੇ ਅਫਸਰਾਂ ਨੂੰ ਅਤੇ ਡੀ. ਸੀਜ਼ ਨੂੰ ਹੁਕਮ ਦਿਤਾ ਕਿ ਪੰਜਾਬ ਵਿਚ ਬਦਮਾਸ਼ਾਂ ਨੂੰ ਔਰ ਜਿਹੜੇ ਅਫ਼ੀਮ ਦਾ ਵਪਾਰ ਕਰਦੇ ਹਨ ਅਤੇ ਜਿਹੜੇ ਕਿਸੇ ਦੀ ਧੀ ਭੈਣ ਦੀ ਪੱਤ ਨਹੀ ਰਖ ਸਕਦੇ ਉਨ੍ਹਾਂ ਨੂੰ ਜਾ ਕੇ ਹੱਥ ਪਾਓ । ਜਦੋਂ ਇਹ ਹੁਕਮ ਹੋਇਆ ਤਾਂ ਗੁੰਡਿਆਂ ਦੇ ਰਾਖਿਆਂ ਨੂੰ ਕਾਂਬਾ ਪੈ ਗਿਆ । (ਵਿਘਨ)

**Mr. Chairman**: No interruptions please.

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**: ਜਿਹੜਾ ਕੰਮ ਜਨਤਾ-ਅਕਾਲੀ ਸਰਕਾਰ 3 ਸਾਲਾਂ ਨਹੀਂ ਕਰ ਸਕੀ ਉਹ ਕੰਮ ਸਾਡੇ ਚੀਫ ਮਨਿਸਟਰ ਸਾਹਿਬ ਨੇ 7 ਤਾਰੀਕ ਨੂੰ ਚਾਰਜ ਲੈਂਦਿਆਂ ਹੀ ਕਰ ਦਿਤਾ ਔਰ 20 ਦਿਨਾਂ ਵਿਚ ਸਮੱਗਲਰਾਂ ਦੇ ਨੱਕਾਂ ਵਿਚ ਦਮ ਕਰ ਦਿਤਾ । ਉਹ ਸਮੱਗਲਰ ਰੋਂਦੇ ਫਿਰਦੇ ਹਨ। ਅਕਾਲੀ-ਜਨਤਾ ਸਰਕਾਰ ਦੇ ਦਿਨਾਂ ਵਿਚ ਬਾਰਡਰਜ਼ ਵੰਡੇ ਹੋਏ ਸਨ, ਪੋਸਟਾਂ ਵੰਡੀਆਂ ਹੋਈਆਂ

Original with;
Punjab Vidhan Sabha
Digitized by;
Panjab Digital Library

ਸਨ, ਰਿਸ਼ਵਤ ਦਾ ਦੌਰ-ਦੌਰਾ ਸੀ ਅਤੇ ਸਮੱਗਲਰਾਂ ਨੂੰ ਕੋਈ ਹੱਥ ਨਹੀਂ ਸੀ ਪਾਉਂਦਾ। ਮੈਨੂੰ ਅਫ਼ਸੋਸ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ, ਬੜੇ ਭਲੇ ਮਾਣਸ ਔਰ ਚੰਗੇ ਆਦਮੀ ਹਨ। ਮੈਂ ਉਨ੍ਹਾਂ ਦੀ ਬੜੀ ਇਜ਼ਤ ਕਰਦਾ ਹਾਂ ਪਰ ਚੰਗਾ ਹੁੰਦਾ ਜੇ ਉਹ ਗਵਰਨਰ ਸਾਹਿਬ ਦਾ ਭਾਸ਼ਣ ਚੰਗੀ ਤਰ੍ਹਾਂ ਪੜ੍ਹ ਲੈਂਦੇ। ਉਹ ਕਹਿੰਦੇ ਹਨ ਕਿ ਇਸ ਦੇ ਵਿਚ 1979 ਵਾਲਾ ਭਾਸ਼ਣ ਹੈ। ਮੈਂ ਉਸ ਦੀ ਵੀ ਕਾਪੀ ਲਿਆਇਆ ਹਾਂ। ਮੈਂ ਕਹਿੰਦਾ ਹਾਂ ਕਿ ਜ਼ਰਾ ਸਟੱਡੀ ਕਰਨ ਦੀ ਜ਼ਰੂਰਤ ਹੋਣੀ ਚਾਹੀਦੀ ਸੀ। ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਕਲੀਅਰਲੀ ਕਿਹਾ ਕਿ ਜਿਹੜੀਆਂ ਤੁਹਾਡੀਆਂ ਚੰਗੀਆਂ ਗੱਲਾਂ ਹਨ ਉਨ੍ਹਾਂ ਨੂੰ ਸਿਰਫ਼ ਐਪਰੀਸ਼ੀਏਟ ਹੀ ਨਹੀਂ ਕਰਾਂਗੇ ਬਲਕਿ ਉਨ੍ਹਾਂ ਤੇ ਅਮਲ ਵੀ ਕਰਾਂਗੇ। ਇਹ ਦੇਖਣਾ ਚਾਹੀਦਾ ਸੀ ਕਿ ਕੀ ਕੁਝ ਪੰਜਾਬ ਵਿਚ ਕਰਨ ਦਾ ਯਤਨ ਕੀਤਾ ਗਿਆ, ਕੀ ਕੁਝ ਪ੍ਰੋਗਰਾਮ ਬਣਾਏ ਗਏ ਹਨ, ਮੈਂ ਦਸਦਾ ਹਾਂ।

ਮੁਲਾਜ਼ਮਾਂ ਦੇ ਬਾਰੇ ਜਿਹੜਾ ਸਾਡੇ ਰਾਜਪਾਲ ਜੀ ਨੇ ਕਿਹਾ ਹੈ ਇਹ ਪੈਰਾ ਨੰਬਰ 6 ਤੇ ਹੈ। ਉਸ ਵਿਚ ਕਿਹਾ ਹੈ ਕਿ ਪਹਿਲੀ ਸਰਕਾਰ ਨੇ ਜੋ ਪੇ-ਕਮਿਸ਼ਨ ਬਣਾਇਆ ਸੀ ਅਤੇ ਉਸ ਦੀ ਰਿਪੋਰਟ ਆਈ ਸੀ ਉਸ ਤੇ ਅਮਲ ਕਰਾਂਗੇ। ਇਹ ਨਹੀਂ ਕਿਹਾ ਕਿ ਉਲਟਾਂਗੇ। ਜੋ ਫੈਸਲੇ ਤੁਸੀਂ (ਆਪੋਜ਼ੀਸ਼ਨ ਵਲ ਇਸ਼ਾਰਾ) ਕੀਤੇ ਹਨ ਉਨ੍ਹਾਂ ਵਿਚ ਜਿਹੜੀਆਂ ਤਰੁੱਟੀਆਂ ਰਹਿ ਗਈਆਂ ਹਨ, ਜੋ ਘਾਟਾਂ ਰਹਿ ਗਈਆਂ ਹਨ, ਉਨ੍ਹਾਂ ਨੂੰ ਦੂਰ ਕਰਾਂਗੇ। ਇਹ ਚੀਜ਼ ਇਹ ਵੇਖ ਨਹੀਂ ਸਕਦੇ। ਇਸ ਤੋਂ ਇਲਾਵਾ ਮੁਲਾਜ਼ਮਾਂ ਦੀ ਇਕ ਬੜੀ ਵੱਡੀ ਮੰਗ ਸੀ। ਮੈਨੂੰ ਅਫਸੋਸ ਹੈ ਕਿ ਮੇਰੇ ਸਾਥੀ ਜਿਹੜੇ 18 ਸਾਲ ਉਸ ਇਸ਼ੂ ਤੇ ਸਾਡੇ ਨਾਲ ਇਕੱਠੇ ਲੜਦੇ ਰਹੇ, ਭਾਵੇਂ ਕਾਂਗਰਸ ਦਾ ਰਾਜ ਸੀ, ਭਾਵੇਂ ਅਕਾਲੀਆਂ ਦਾ, ਕਿ ਜੁਆਇਟ ਕਨਸਲਟੇਟਿਵ ਕਮੇਟੀ ਬਣਾਉਣੀ ਚਾਹੀਦੀ ਹੈ, ਭਾਵੇਂ ਮਾਰਕਿਸਟਸ ਹਨ ਭਾਵੇਂ ਸੀ. ਪੀ. ਆਈ. ਵਾਲੇ, ਉਨ੍ਹਾਂ ਨੂੰ ਇਸ ਦਾ ਖਿਆਲ ਨਹੀਂ ਭੁੱਲਣਾ ਚਾਹੀਦਾ ਸੀ। (ਵਿਘਨ)

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਰਾਜ ਕੁਮਾਰ ਪਰਸਨਲ ਐਕਸਪਲੇਨੇਸ਼ਨ ਤੇ ਖੜ੍ਹੇ ਹੋਏ)

I do not give way. ਚੇਅਰਮੈਨ ਸਾਹਿਬ, ਪੰਜਾਬ ਗੌਰਮਿੰਟ ਨੇ ਪਹਿਲੀ ਵਾਰੀ ਫੈਸਲਾ ਲਿਆ ਹੈ ਕਿ ਮੁਲਾਜ਼ਮਾਂ ਦੀਆਂ, ਉਨ੍ਹਾਂ ਦੀਆਂ ਜੱਥੇਬੰਦੀਆਂ ਦੀਆਂ ਅਤੇ ਸਰਕਾਰ ਦੀਆਂ ਜੁਆਇੰਟ ਕਨਸਲਟੇਟਿਵ ਕਮੇਟੀਆਂ ਬਣਨਗੀਆਂ। (ਵਿਘਨ) ਉਨ੍ਹਾਂ ਨੂੰ ਇਹ ਗਲ ਚੰਗੀ ਨਹੀਂ ਲਗੀ। ਸਾਰੇ ਡਿਪਾਰਟਮੈਂਟਾਂ ਨੂੰ ਆਰਡਰ ਕਰ ਦਿਤੇ ਹਨ ਕਿ ਸਾਰੇ ਮੁਲਾਜ਼ਮਾਂ ਦੀਆਂ ਕਨਫਰਮੇਸ਼ਨਜ਼ ਕੀਤੀਆਂ ਜਾਣ, ਉਨ੍ਹਾਂ ਦੇ ਗਰੇਡਜ਼ ਰਿਲੀਜ਼ ਕੀਤੇ ਜਾਣ। ਅਜਿਹੇ ਫੈਸਲੇ ਜਿਹੜੇ ਹਨ, ਮਾਨਯੋਗ ਚੇਅਰਮੈਨ ਸਾਹਿਬ, ਇਹ ਸਰਾਹਨਾਯੋਗ ਹਨ। ਮੈਂ ਉਮੀਦ ਕਰਦਾ ਸੀ ਕਿ ਆਪੋਜ਼ੀਸ਼ਨ ਦੇ ਲੀਡਰਜ਼ ਇਸ ਨੂੰ ਸਰਾਹੁਣਗੇ। ਦੂਜੀ ਗੱਲ ਇਹ ਹੈ ਕਿ ਪੰਜਾਬ ਦੀ ਜਿਹੜੀ ਪਿਛਲੀ ਸਰਕਾਰ ਸੀ ਉਹ ਕਹਿੰਦੀ ਸੀ ਕਿ ਉਹ ਪੇਂਡੂਆਂ ਦੀ ਸਰਕਾਰ ਹੈ। (ਵਿਘਨ) ਉਸ ਪੇਂਡੂਆਂ ਦੀ ਸਰਕਾਰ ਕਹਾਉਣ ਵਾਲੀ ਸਰਕਾਰ ਨੇ ਕੀਤਾ ਕੀ ਕਿ ਕਿਸਾਨਾਂ ਦਾ ਆਲੂ ਸਾਰਾ ਸੜ ਗਿਆ, ਗੰਨਾਂ ਉਨ੍ਹਾਂ ਨੂੰ ਸਾੜਨਾ ਪਿਆ। ਅੱਜ ਹੋਇਆ ਕੀ ਹੈ? ਕਿਸਾਨ ਨੇ ਗੰਨਾ ਬੀਜਣ ਤੋਂ ਨਾਂਹ ਕਰ ਦਿਤੀ ਔਰ ਇਹ ਕਹਿੰਦੇ ਹਨ ਕਿ ਖੰਡ, ਖੰਡ, ਖੰਡ.........

ਮੈਂ ਦੱਸਦਾ ਹਾਂ ਕਿ ਇਸ ਪੰਜਾਬ ਗੌਰਮਿੰਟ ਦੀਆਂ ਕੀ ਪਰਪੋਜ਼ਲਜ਼ ਹਨ। ਮੇਰੇ ਉਧਰਲੇ ਇਕ ਸਾਥੀ ਨੇ ਕਿਹਾ ਕਿ ਜ਼ਮੀਨ ਤੇ ਭਾਰ ਵੱਧ ਰਿਹਾ ਹੈ। ਸਾਨੂੰ ਕੁਝ ਅਜਿਹੇ ਸਾਧਨ ਬਣਾਉਣੇ ਚਾਹੀਦੇ ਹਨ ਜਿਸ ਨਾਲ ਅਸੀਂ ਪਿੰਡਾਂ ਦੇ ਲੋਕਾਂ ਨੂੰ ਦੂਜੇ ਪਾਸੇ ਲਗਾ ਸਕੀਏ। ਸਾਨੂੰ ਇਸ ਗਲ ਦਾ ਮਾਣ ਹੈ ਕਿ ਸਾਡੀ ਸਰਕਾਰ ਨੇ ਇਸ ਗਲ ਦਾ ਫੈਸਲਾ ਕੀਤਾ ਹੈ ਕਿ ਅਸੀਂ ਪੰਜਾਬ ਦੇ ਪਿੰਡਾਂ ਵਿਚ 6 ਹਜ਼ਾਰ ਇੰਡਸਟਰੀਜ਼ ਖੋਹਲਾਂਗੇ, ਜਿਹੜੇ ਲੋਕੀਂ ਪਿੰਡਾਂ ਵਿਚ ਇੰਡਸਟਰੀ ਖੋਹਲਣਗੇ (ਵਿਘਨ) (ਇੰਡਸਟਰੀ ਬੱਚੇ ਬਣਾਉਣ ਦੀ ਲਾਉਣਗੇ?) ਉਨ੍ਹਾਂ ਨੂੰ ਇਨਸੈਂਟਿਵਜ਼ ਦਿੱਤੇ ਜਾਣਗੇ।

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਚੇਅਰਮੈਨ ਸਾਹਿਬ, ਜਿੰਨਾ ਚਿਰ ਅਕਾਲੀ ਰਾਜ ਰਿਹਾ ਇਨ੍ਹਾਂ ਦਾ ਕੋਈ ਧਿਆਨ ਨਹੀਂ ਸੀ ਇਸ ਪਾਸੇ ਕਿ ਪਿੰਡਾਂ ਦੇ ਲੋਕਾਂ ਨੂੰ ਕੋਈ ਇੰਡਸਟਰੀ ਖੋਲ੍ਹਕੇ ਦੇਈਏ। ਇਨ੍ਹਾਂ ਨੇ ਤੇ ਆਈ. ਟੀ. ਆਈਜ਼ ਅਤੇ ਪਾਲੀ-ਟੈਕਨਿਕ ਖਤਮ ਕਰ ਦਿਤੇ। ਸਕੂਲਾਂ ਵਿਚ ਜਿਹੜਾ ਵੋਕੇਸ਼ਨਲ ਐਜੂਕੇਸ਼ਨ ਦੇਣ ਦਾ ਪ੍ਰੋਗਰਾਮ ਕੀਤਾ ਸੀ ਉਸ ਦਾ ਇਨ੍ਹਾਂ ਨੇ ਸਤਿਆਨਾਸ ਕਰ ਦਿਤਾ। ਕਾਮਰੇਡ ਰਾਜ ਕੁਮਾਰ ਜੀ ਨੇ ਵੀ ਠੀਕ ਕਿਹਾ ਹੈ ਕਿ ਜਿਹੜੀ ਲੋਕਾਂ ਨੂੰ 3 ਸਾਲਾਂ ਵਿਚ ਵੋਕੇਸ਼ਨਲ ਐਜੂਕੇਸ਼ਨ ਦੇਣੀ ਸੀ, ਉਹ ਨਹੀਂ ਦਿਤੀ ਗਈ। (ਵਿਘਨ) ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਦੇ ਪੇਂਡੂ ਲੋਕ ਇਨ੍ਹਾਂ ਨੂੰ ਮਾਫ ਕਰ ਦੇਣਗੇ ? ਸਾਡੀ ਸਰਕਾਰ ਨੂੰ ਇਸ ਗਲ ਦਾ ਮਾਣ ਹੈ ਕਿ ਅਸੀਂ ਇਸ ਪਾਸੇ ਧਿਆਨ ਦਿਤਾ ਹੈ।

ਤੀਸਰਾ ਪੁਆਇੰਟ ਜਿਸ ਵੱਲ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਉਹ ਹੈ ਇੰਡਸਟਰੀ। ਮੈਂ ਦੱਸ ਹੀ ਨਹੀਂ ਸਕਦਾ ਕਿ ਪੰਜਾਬ ਵਿਚ ਕਿਸ ਤਰ੍ਹਾਂ ਇੰਡਸਟਰੀ ਦਾ ਗਲਾ ਘੁਟਿਆ ਗਿਆ। ਇਨ੍ਹਾਂ ਦੇ ਪਾਰਟਨਰਜ਼ ਸਨ ਜੰਨਸੰਘੀ। ਕਾਮਰੇਡ ਰਾਜ ਕੁਮਾਰ ਨੇ ਬੜੇ ਸੋਹਣੇ ਸ਼ਬਦਾਂ ਵਿਚ ਕਿਹਾ ਸੀ ਕਿ ਇੰਡਸਟਰੀ ਵਿਚ ਕੋਈ ਅਜਿਹੀ ਸਟੇਜ ਆ ਜਾਂਦੀ ਹੈ ਜਦੋਂ ਇੰਡਸਟਰੀ ਨੂੰ ਵਧਾਉਣ ਵਾਸਤੇ ਉਸ ਨੂੰ ਮੌਡਰੇਨਾਈਜ਼ ਕਰਨ ਦੀ ਲੋੜ ਹੁੰਦੀ ਹੈ, ਉਸ ਵਿਚ ਟੈਕਨੀਕਲ ਅਸਿਸਟੈਂਸ ਦੀ ਲੋੜ ਹੁੰਦੀ ਹੈ। (ਵਿਘਨ) ਮੈਂ ਅਰਜ਼ ਕਰਾਂ ਕਿ ਇਨ੍ਹਾਂ ਨੇ ਇੰਡਸਟਰੀ ਵਿਚ ਕੀਤਾ ਕੀ ? ਬਟਾਲਾ ਇਕ ਐਸਾ ਸ਼ਹਿਰ ਹੈ ਜਿਹੜਾ ਕਿ ਸਮਾਲ ਸਕੇਲ ਇੰਡਸਟਰੀ ਅਤੇ ਮਸ਼ੀਨ ਟੂਲਜ਼ ਦਾ ਘਰ ਹੈ। ਉਥੇ ਲੋਕਾਂ ਨੇ ਸਰਕਾਰ ਦੀ ਮਦਦ ਤੋਂ ਬਗੈਰ ਇੰਡਸਟਰੀ ਦੀ ਤਰੱਕੀ ਕੀਤੀ ਹੈ ਔਰ ਬਟਾਲੇ ਦਾ ਨਾਮ ਨਾਰਦਰਨ ਇੰਡੀਆ ਵਿਚ ਟਾਪ ਤੇ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੀ ਪੰਜਾਬ ਸਰਕਾਰ ਨੇ, ਮੇਰੀ ਪਿਆਰੀ ਪਿਆਰੀ ਮਰਹੂਮ ਅਕਾਲੀ ਸਰਕਾਰ ਨੇ ਕੀ ਕੀਤਾ ? ਬਟਾਲੇ ਵਿੱਚ ਇੱਕ ਟੂਲ ਡਿਜ਼ਾਇਨ ਅਤੇ ਡਿਵੈਲਪਮੈਂਟ ਸੈਂਟਰ ਲਾਉਣ ਦੀ ਸਕੀਮ ਸੀ ਤਾਂ ਕਿ ਉਥੇ ਦੇ ਲੋਕਾਂ ਨੂੰ ਮਾਡਰਨ ਤਰੀਕੇ ਦੀ ਟੈਕਨੀਕਲ ਅਸਿਸਟੈਂਸ ਦਿੱਤੀ ਜਾਵੇ। ਲੇਕਿਨ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਉਥੇ ਨਹੀਂ ਲੱਗਾ। ਗੀਅਰ ਗਰਾਇੰਡਿਗ ਸੈਂਟਰ, ਜਿਸਦੀ ਕਿ ਛੋਟੀ ਇੰਡਸਟਰੀ ਨੂੰ ਬੜੀ ਲੋੜ ਹੁੰਦੀ ਹੈ, ਉਸਦੀ ਚਾਰ ਲੱਖ ਰੁਪਏ ਦੀ ਬਿਲਡਿੰਗ ਜ਼ਰੂਰ ਬਣਾਈ ਗਈ ਪਰ ਉਥੇ ਮਸ਼ੀਨਰੀ ਨਹੀਂ ਇਹ ਲਗਾ ਸਕੇ। ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਇਸ ਮੇਰੀ ਪਿਆਰੀ ਪਿਆਰੀ ਮਰਹੂਮ ਅਕਾਲੀ ਸਰਕਾਰ ਨੇ ਪਿਛਲੇ ਤਿੰਨਾਂ ਸਾਲਾਂ ਵਿੱਚ ਸਮਾਲ ਸਕੇਲ ਇੰਡਸ਼ਟਰੀਜ਼ ਕਾਰਪੋਰੇਸ਼ਨ ਵਿੱਚ 10 ਲੱਖ ਰੁਪਏ ਦਾ ਗਬਨ ਕੀਤਾ ਹੈ।

**ਸ੍ਰੀ ਸਭਾਪਤੀ :** ਵਾਈਂਡਅਪ ਕਰੋ ਜੀ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਚੇਅਰਮੈਨ ਸਾਹਿਬ, 1,72,000 ਰੁਪਏ ਦਾ ਇੱਕ ਚੈਕ ਇਸ਼ੂ ਕੀਤਾ ਗਿਆ ਵਿਜੇ ਐਂਡ ਕੰਪਨੀ ਦੇ ਨਾਂ ਤੇ। ਉਹ ਕੌਣ ਹੈ, ਇਸ ਬਾਰੇ ਕੋਈ ਨਹੀਂ ਪਤਾ ਉਸ ਵਿਜੇ ਐਂਡ ਕੰਪਨੀ ਨੇ ਦਿੱਲੀ ਦੀ ਸ਼ਾਮ ਐਂਡ ਕੰਪਨੀ ਤੋਂ 1,20,000 ਰੁਪਏ ਦੇ ਚਾਂਦੀ ਦੇ ਜ਼ੇਵਰ ਖਰੀਦ ਲਏ।

**ਸ੍ਰੀ ਸਭਾਪਤੀ :** ਤੁਸੀਂ ਪੰਦਰਾਂ ਮਿੰਟਾਂ ਤੋਂ ਜ਼ਿਆਦਾ ਬੋਲ ਚੁਕੇ ਹੋ। ਹੁਣ ਵਾਈਂਡ ਅਪ ਕਰੋ ਜੀ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** 10 ਲੱਖ ਰੁਪਏ ਦੇ ਚੈਕ ਅਤੇ ਡਰਾਫਟ ਸਮਾਲ ਸਕੇਲ ਇੰਡਸਟਰੀਜ਼ ਕਾਰਪੋਰੇਸ਼ਨ ਵਿਚੋਂ ਇਸ਼ੂ ਹੋਏ ਸਨ। ਕਿਸ ਨੇ ਕੀਤੇ, ਇਸਦਾ ਕੋਈ ਰਿਕਾਰਡ ਨਹੀਂ। ਇਹ ਸਾਰਾ ਰੁਪਿਆ ਸ਼ਾਮ ਐਂਡ ਕੰਪਨੀ, ਜਿਊਲਰਜ਼, ਦੇ ਕੋਲ ਚਲਾ ਗਿਆ। ਇਸ ਗਲ ਦੀ ਪੜਤਾਲ ਕੀਤੀ ਜਾਵੇ ਕਿ ਇਨ੍ਹਾਂ ਤਿੰਨਾਂ ਸਾਲਾਂ ਵਿੱਚ ਇਨ੍ਹਾਂ ਦਾ ਕਿਹੜਾ ਵਜ਼ੀਰ ਸੀ ਜਿਸ ਨੇ 10 ਲੱਖ ਰੁਪਿਆ ਭਿਜਵਾਇਆ।

**ਸ੍ਰੀ ਸਭਾਪਤੀ :** ਬਾਕੀ ਗੱਲ ਤੁਸੀਂ ਬਜਟ ਤੇ ਬਹਿਸ ਕਰਨ ਵੇਲੇ ਕਹਿ ਲੈਣਾ। ਸਰਦਾਰ ਦਿਲਬਾਗ ਸਿੰਘ ਜੀ, ਹੁਣ ਤੁਸੀਂ ਬੋਲੋ।

Original with;
Punjab Vidhan Sabha
Digitized by;
Panjab Digital Library

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ਮੈਨੂੰ ਸਿਰਫ ਦੋ ਮਿੰਟ ਹੀ ਦੇ ਦਿਓ। ਮੈਂ ਮੁੜ ਕੇ ਨਹੀਂ ਬੋਲਾਂਗਾ।

**ਸ੍ਰੀ ਸਭਾਪਤੀ :** ਅੱਛਾ ਜੀ ਤੁਸੀਂ ਇਕ ਮਿਟ ਲਈ ਬੋਲ ਲਓ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ਚੇਅਰਮੈਨ ਸਾਹਿਬ, ਪਿਛਲੇ ਦਿਨਾਂ ਵਿੱਚ ਮੇਰੇ ਅਕਾਲੀ ਵੀਰਾਂ ਨੇ ਇਲਜ਼ਾਮ ਲਗਾਇਆ ਕਿ ਜਦੋਂ ਗਵਰਨਰੀ ਰਾਜ ਸੀ ਤਾਂ ਅਫਸਰਾਂ ਨੇ ਸਾਡੀ ਮੱਦਦ ਕੀਤੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਆਪਣੇ ਪ੍ਰੋਟੈਸਟ ਨੋਟ ਵਿੱਚ ਵੀ ਇਹ ਪੜ੍ਹਿਆ। ਪਰ ਮੈਂ ਤੁਹਾਡੇ ਰਾਹੀਂ ਦਸਣਾ ਚਾਹੁੰਦਾ ਹਾਂ ਕਿ ਗਵਰਨਰੀ ਰਾਜ ਦੇ ਸਮੇਂ ਇੱਕ ਬਹੁਤ ਵਡੀ ਸਾਜਿਸ਼ ਰੱਚੀ ਗਈ ਕਾਂਗਰਸ ਦੇ ਖਿਲਾਫ। ਇੱਕ ਲੈਟਰ 1957 ਵਿੱਚ ਜਾਰੀ ਹੋਈ ਸੀ ਟੀਚਰਜ਼ ਨੂੰ ਪੇ ਅਕਾਰਡਿੰਗ ਟੂ ਕੁਆਲੀਫਿਕੇਸ਼ਨਜ਼ ਦੇਣ ਦੇ ਬਾਰੇ ਵਿੱਚ। ਉਸ ਲੈਟਰ ਨੂੰ 22 ਮਈ, 1980 ਨੂੰ 23 ਮਈ, 1957 ਦੀ ਤਾਰੀਕ ਤੋਂ ਜਾਰੀ ਕਰਵਾ ਦਿਤਾ। ਇਸੇ ਤਰ੍ਹਾਂ ਹੀ ਜਦੋਂ ਅਲੈਕਸ਼ਨ ਹੋ ਚੁਕੇ ਸਨ ਤਾਂ 2 ਜੂਨ ਨੂੰ ਮੁੜ ਇਕ ਲੈਟਰ ਜਾਰੀ ਕੀਤਾ ਗਿਆ ਤਾਂ ਕਿ ਟੀਚਰ ਤਕੜੇ ਹੋ ਕੇ ਕਾਂਗਰਸ ਦੇ ਖਿਲਾਫ ਉਠਣ। ਮੈਂ ਤੁਹਾਡੇ ਕੋਲ ਬੇਨਤੀ ਕਰਾਂਗਾ ਕਿ ਇਸ ਗੱਲ ਦੀ ਪੜਚੋਲ ਕਰਾਓ ਕਿ ਗਵਰਨਰੀ ਰਾਜ ਦੇ ਸਮੇਂ ਇਨ੍ਹਾਂ ਚਿੱਠੀਆਂ ਦੇ ਜਾਰੀ ਕਰਾਉਣ ਵਿੱਚ ਕਿਹੜਾ ਅਫਸਰ ਜ਼ਿੰਮੇਵਾਰ ਹੈ। ਟੀਚਰਾਂ ਨੇ ਹਾਈਕੋਰਟ ਅਤੇ ਸੁਪਰੀਮ ਕੋਰਟ ਵਿਚ ਮੁਕੱਦਮਾ ਜਿਤ ਲਿਆ ਸੀ। ਇਸ ਲਈ ਉਹ ਚੀਜ਼ ਵਿਦਡਰਾਅ ਕਰਨ ਲਈ ਇਹ ਕੀਤਾ ਗਿਆ।

12.05 ਬਾਅਦ ਦੁਪਹਿਰ | (ਇਸ ਸਮੇਂ ਸਰਦਾਰ ਗੁਰਨੈਬ ਸਿਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਤੋਂ ਚੇਅਰਮੈਨ ਸਾਹਿਬ, ਮੈਂ ਤੁਹਾਡੇ ਕੋਲ ਬੇਨਤੀ ਕਰਾਂਗਾ ਕਿ ਕਿਸੇ ਟੀਚਰ ਨਾਲ ਧੱਕਾ ਨਹੀਂ ਹੋਣਾ ਚਾਹੀਦਾ। ਇਸ ਅਮੈਂਡਮੈਂਟ ਨੂੰ ਵਾਪਸ ਲੈਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਮਾਰਕਫੈਡ ਵਿੱਚ 1 ਕਰੋੜ ਰੁਪਏ ਦੇ ਪੈਸਟੀਸਾਈਡਜ਼ ਇਕ ਸਾਲ ਵਿੱਚ ਖਰੀਦੇ ਗਏ। ਇਸਦੇ ਵਿੱਚ ਐਸੇ ਇਨਸੈਕਟੀਸਾਈਡਜ਼ ਅਤੇ ਪੈਸਟੀਸਾਈਡਜ਼ ਵੀ ਸਨ ਜਿਹੜੇ ਕਿ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ, ਕੋਲੋਂ ਟੈਸਟ ਨਹੀਂ ਕਰਵਾਏ ਗਏ ਸਨ। ਮੈਂ ਬੇਨਤੀ ਕਰਾਂਗਾ ਕਿ ਇਸ ਚੀਜ਼ ਦੀ ਇਨਕੁਆਇਰੀ ਕਰਾਓ ਕਿ ਕਿਤਨਾ ਰੁਪਿਆ ਇਨਸੈਕਟੀਸਾਈਡਜ਼ ਤੇ ਅਕਾਲੀ ਸਰਕਾਰ ਨੇ ਖਰਚਿਆ ? ਕਈਂ ਆਈਟਮਾਂ ਐਸੀਆਂ ਸਨ ਜਿਹੜੀਆਂ ਕਿ ਅਨਅਪਰੂਵਡ ਸਨ।

ਚੇਅਰਮੈਨ ਸਾਹਿਬ, ਬਾਕੀ ਮੈਂ ਆਪਣੇ ਡਿਵੈਲਪਮੈਂਟ ਮਨਿਸਟਰ ਸਾਹਿਬ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਮੁੜ ਡੈਮੋਕਰੈਸੀ ਨੂੰ ਪਿੰਡਾਂ ਤਕ ਖੜਨ ਦਾ ਯਤਨ ਕੀਤਾ ਹੈ। (ਤਾੜੀਆਂ) ਜਿਹੜਾ ਅਕਾਲੀਆਂ ਨੇ ਪੇਂਡੂ ਲੋਕਾਂ ਨਾਲ ਧੱਕਾ ਕੀਤਾ ਸੀ, 14, 14 ਪਿੰਡਾਂ ਦੀ ਇੱਕ ਪੰਚਾਇਤ ਬਣਾਈ ਸੀ। ਮੇਰੇ ਆਪਣੇ ਹਲਕੇ ਬਟਾਲੇ ਵਿੱਚ ਇੱਕ ਪੰਚਾਇਤ 14, 14 ਪਿੰਡਾਂ ਦੀ ਹੈ। ਉਥੇ ਅੱਗੇ 40, 40 ਮੈਂਬਰ ਹਰੀਜਨਾਂ ਦੇ ਇਨ੍ਹਾਂ ਪੰਚਾਇਤਾਂ ਵਿੱਚ ਹੁੰਦੇ ਸਨ ਜਦੋਂ ਕਿ ਹੁਣ ਇਸ 14 ਪਿੰਡਾਂ ਦੀ ਪੰਚਾਇਤ ਵਿੱਚ ਕੇਵਲ ਦੋ ਹਰੀਜਨ ਹਨ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇੱਕ ਪਿੰਡ ਦੀ ਜਿਹੜੀ ਇੱਕ ਪੰਚਾਇਤ ਦੀ ਸਕੀਮ ਹੈ, ਇਸ ਦੇ ਮੁਤਾਬਿਕ ਹੀ ਪੰਚਾਇਤਾਂ ਦੀਆਂ ਵੋਟਾਂ ਸਿੱਧੀਆਂ ਪੈਣ, ਸਰਪੰਚਾਂ ਦੀਆਂ ਵੀ ਅਤੇ ਪੰਚਾਂ ਦੀਆਂ ਵੀ ਵੋਟਾਂ ਸਿਧੀਆਂ ਪੈਣ। ਇਨ੍ਹਾਂ ਅਕਾਲੀ ਵੀਰਾਂ ਨੇ ਗਰੀਬ ਜਨਤਾ ਨਾਲ ਧੋਖਾ ਕੀਤਾ ਸੀ। ਇਸ ਇੰਸਟੀਚਿਊਸ਼ਨ ਨੂੰ ਇਨ੍ਹਾਂ ਨੇ ਖਤਮ ਕੀਤਾ। ਮੈਂ ਤੁਹਾਡਾ, ਚੇਅਰਮੈਨ ਸਾਹਿਬ, ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਇਹ ਬੇਨਤੀ ਕਰਦਾ ਹਾਂ ਕਿ ਰਾਜਪਾਲ ਦਾ ਧੰਨਵਾਦ ਦਾ ਮਤਾ ਸਾਨੂੰ ਨਿਰ-ਵਿਰੋਧ ਪਾਸ ਕਰਨਾ ਚਾਹੀਦਾ ਹੈ। ਇਨ੍ਹਾਂ ਅਕਾਲੀ ਵੀਰਾਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਇਨ੍ਹਾਂ ਦੀਆਂ ਭੈੜੀਆਂ ਕਰਤੂਤਾਂ ਨੂੰ ਅਸੀਂ ਖਤਮ ਕੀਤਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ** (ਨਵਾਂ ਸ਼ਹਿਰ) : ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਬਹੁਤ ਸਾਰੇ ਨਵੇਂ ਸੁਝਾਓ ਦਿੱਤੇ ਗਏ ਹਨ। ਬਹੁਤ ਸਾਰੀਆਂ ਗੱਲਾਂ ਪੁਰਾਣੀਆਂ ਵੀ ਹਨ। ਲੇਕਿਨ ਇੱਕ ਚੀਜ਼ ਜਿਹੜੀ ਬੜੇ ਸਮੇਂ ਤੋਂ ਚਲੀ ਆ ਰਹੀ ਹੈ, ਉਹ ਹੈ ਰਿਸ਼ਵਤ। ਹਰ ਗਵਰਨਰ ਦੇ ਭਾਸ਼ਣ ਵਿੱਚ ਇਸ ਨੂੰ ਟੱਚ ਕੀਤਾ ਗਿਆ ਅਤੇ ਕਿਹਾ ਗਿਆ ਕਿ ਇਸਨੂੰ ਹਟਾਵਾਂਗੇ। ਲੇਕਿਨ ਹਟਾਉਣੀ ਤਾਂ ਕੀ ਸੀ ਇਹ ਇਤਨੀ ਵਧੀ ਹੈ, ਖਾਸ ਕਰਕੇ 1966 ਤੋਂ ਕਿ ਇਸ ਦਾ ਕੋਈ ਅੰਤ ਹੀ ਨਹੀਂ ਰਿਹਾ । ਭਾਵੇਂ ਪਿਛਲੀਆਂ ਸਰਕਾਰਾਂ ਨੀਲੀਆਂ ਦੀਆਂ ਆਈਆਂ ਜਾਂ ਚਿੱਟੀਆਂ ਦੀਆਂ ਆਈਆਂ, ਲੇਕਿਨ ਜਿਥੋਂ ਤਕ ਰਿਸ਼ਵਤ ਦਾ ਤੁਅੱਲਕ ਹੈ, ਇਸ ਨੂੰ ਕੋਈ ਰੋਕਿਆ ਨਹੀਂ ਗਿਆ। ਇਸ ਨੂੰ ਅੱਗੇ ਤੋਂ ਅਗੇ ਲਿਜਾਇਆ ਗਿਆ। ਰਿਸ਼ਵਤ ਸਿਰਫ ਮੁਲਾਜ਼ਮਾਂ ਤਕ ਹੀ ਸੀਮਤ ਨਹੀਂ ਹੈ। ਸੜਕਾਂ ਬਣਾਉਣ ਵਿੱਚ ਵੀ ਰਿਸ਼ਵਤ ਹੈ। ਕਿਸੇ ਨੂੰ ਅਗਰ ਮੁਲਾਜ਼ਮਤ ਦੇਣੀ ਹੈ ਤਾਂ ਵੀ ਰਿਸ਼ਵਤ ਚਲਦੀ ਹੈ। ਇਤਨੀ ਹਨੇਰਗਰਦੀ ਪਾਈ ਗਈ ਕਿ ਮੈਂ ਸਮਝਦਾ ਹਾਂ ਕਿ ਪੁਰਾਣੇ ਜ਼ਮਾਨੇ ਵਿਚ ਜਦੋਂ ਮੁਸਲਮਾਨ ਬਾਦਸ਼ਾਹ ਹਿੰਦੁਸਤਾਨ ਨੂੰ ਲੁੱਟਣ ਵਾਸਤੇ ਆਉਂਦੇ ਸਨ, ਇਤਨੀ ਲੁੱਟ ਉਨ੍ਹਾਂ ਨੇ ਵੀ ਨਹੀਂ ਪਾਈ ਹੋਣੀ ਜਿਤਨੀ ਪੁਲੀਟੀਕਲ ਆਦਮੀਆਂ ਨੇ ਅਤੇ ਅਫਸਰਾਂ ਨੇ 1966 ਤੋਂ ਬਾਅਦ ਪਾਈ ਹੈ ਅਤੇ ਪੰਜਾਬ ਦੇ ਬੈਂਕਾਂ ਨੂੰ ਅਤੇ ਖਜ਼ਾਨੇ ਨੂੰ ਲੁੱਟ ਕੇ ਖਾਲੀ ਕਰ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਜਿਥੋਂ ਤਕ ਹੁਣ ਦੀ ਸਰਦਾਰ ਦਰਬਾਰਾ ਸਿਘ ਦੀ ਸਰਕਾਰ ਦਾ ਤੁਅੱਲਕ ਹੈ, ਜੋ ਇਨ੍ਹਾਂ ਨੇ ਇਕ ਝਲਕ ਦਿਖਾਈ ਹੈ ਪੰਜਾਬ ਦੇ ਲੋਕਾਂ ਨੂੰ, ਇਸ ਚੀਜ਼ ਨੂੰ ਪ੍ਰੈਸ ਨੇ ਵੀ ਬੜਾ ਐਪ੍ਰੀਸ਼ੀਏਟ ਕੀਤਾ ਹੈ ਕਿ ਇਨ੍ਹਾਂ ਦੀ ਮਨਿਸਟਰੀ ਦੇ ਜੋ 7, 8 ਆਦਮੀ ਹਨ ਇਨ੍ਹਾਂ ਦਾ ਦਾਮਨ ਬਿਲਕੁਲ ਸਾਫ ਹੈ। (ਤਾੜੀਆਂ) ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਇਹ ਤਸਵੀਰ ਪੇਸ਼ ਕੀਤੀ ਹੈ, ਪੰਜਾਬ ਦੇ ਲੋਕ ਅਤੇ ਇਹ ਸਰਕਾਰ ਤਕੜੇ ਹੋ ਕੇ ਪੈਹਰਾ ਦੇਣਗੇ ਤਾਂ ਕਿ ਇਹ ਰਿਸ਼ਵਤ ਦੀ ਲਾਹਨਤ ਮੁਕਾਈ ਜਾ ਸਕੇ। ਮੈਂ ਆਸ ਰਖਦਾ ਹਾਂ ਕਿ ਇੱਕਲੀ ਰਿਸ਼ਵਤ ਹੀ ਨਹੀਂ ਮੁਕਾਉਣੀ ਮੇਰੇ ਦੋਸਤ ਚੋਪੜਾ ਜੀ ਨੇ ਬਹੁਤ ਸਾਰੀਆਂ ਹੋਰ ਵੀ ਮਿਸਾਲਾਂ ਦਿੱਤੀਆਂ ਹਨ। ਲਾਅ ਐਂਡ ਆਰਡਰ ਦੇ ਬਾਰੇ ਗਲਾਂ ਕੀਤੀਆਂ ਹਨ। ਪਰ ਸਾਡੀਆਂ ਮੁਸ਼ਕਲਾਂ ਹੋਰ ਵੀ ਬੜੀਆਂ ਹਨ। ਡੀਜ਼ਲ, ਪੈਟਰੋਲ, ਖੰਡ, ਸੀਮਿੰਟ ਅਤੇ ਮਿੱਟੀ ਦੇ ਤੇਲ ਦੀ ਘਾਟ ਹੈ। ਇਨ੍ਹਾਂ ਚੀਜ਼ਾਂ ਦੀ ਕਮੀ ਨੂੰ ਦੂਰ ਕਰਨ ਲਈ ਸਰਕਾਰ ਯਤਨ ਕਰੇ। ਇਨ੍ਹਾਂ ਨੂੰ ਇਸ ਚੀਜ਼ ਦਾ ਅਹਿਸਾਸ ਸਾਨੂੰ ਕਰਾਉਣਾ ਚਾਹੀਦਾ ਹੈ। ਕਿਸੇ ਚੀਜ਼ ਦੀ ਕਮੀ ਨੂੰ ਦੂਰ ਕਰਨ ਲਈ ਕਦੇ ਇੰਪੋਰਟ ਦਾ ਮਸਲਾ ਆ ਜਾਂਦਾ ਹੈ, ਕਿਸੇ ਵੇਲੇ ਐਕਸਪੋਰਟ ਦਾ ਮਸਲਾ ਆ ਜਾਂਦਾ ਹੈ ਅਤੇ ਕਿਸੇ ਵੇਲੇ ਫਾਰਨ ਐਕਸਚੇਂਜ ਦਾ ਮਸਲਾ ਆ ਜਾਂਦਾ ਹੈ। ਮੈਂ ਇੱਕ ਗੱਲ ਪੁੱਛਣਾ ਚਾਹੁੰਦਾ ਹਾਂ ਇਸ ਹਾਊਸ ਦੇ ਸਾਰੇ ਮੈਂਬਰਾਂ ਕੋਲੋਂ ਕਿ ਰਿਸ਼ਵਤ ਹਟਾਉਣ ਤੇ ਲਾਅ ਐਂਡ ਆਰਡਰ ਦਾ ਜਿਹੜਾ ਮਸਲਾ ਹੈ ਇਸ ਨੂੰ ਹਲ ਕਰਨ ਵਾਸਤੇ ਕੋਈ ਇੰਪੋਰਟ, ਐਕਸਪੋਰਟ ਅਤੇ ਫਾਰਨ ਐਕਸਚੇਂਜ ਦਾ ਮਸਲਾ ਤਾਂ ਨਹੀਂ ਆਉਂਦਾ। ਜੇ ਇਹ ਨਹੀਂ ਆਉਂਦਾ ਤਾਂ, ਪੰਜਾਬ ਦੇ ਲੋਕਾਂ ਨੂੰ ਰਿਸ਼ਵਤ ਤੋਂ ਬਚਾਉਣਾ ਚਾਹੀਦਾ ਹੈ ਅਤੇ ਇਸ ਨੂੰ ਬੰਦ ਕਰਨ ਲਈ ਪੂਰੇ ਯਤਨ ਕਰਨੇ ਚਾਹੀਦੇ ਹਨ। ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਅਸੀਂ ਜਿਤਨੇ ਵੀ ਇਥੇ 117 ਮੈਂਬਰ ਆਏ ਹਾਂ, ਸਾਨੂੰ ਇਸ ਰਿਸ਼ਵਤਖੋਰੀ ਨੂੰ ਹਟਾਉਣ ਵਾਸਤੇ ਪੂਰੀ ਤਰ੍ਹਾਂ ਨਾਲ ਤਕੜੇ ਹੋ ਕੇ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਸਰਦਾਰ ਦਰਬਾਰਾ ਸਿੰਘ ਹੋਰਾਂ ਨੇ ਕਿਹਾ ਹੈ ਕਿ ਸਰਕਾਰ ਨੂੰ ਮਿਲਵਰਤਣ ਚਾਹੀਦਾ ਹੈ, ਜੇਕਰ ਅਸੀਂ ਤਕੜੇ ਹੋ ਕੇ ਇਸ ਪਾਸੇ ਲੱਗ ਜਾਈਏ ਤਾਂ ਅਸੀਂ ਇਹ ਦੋ ਚੀਜ਼ਾਂ ਖ਼ਤਮ ਕਰ ਸਕਦੇ ਹਾਂ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਲੋਕਾਂ ਦੀ ਜਿਨ੍ਹਾਂ ਨੇ ਸਾਨੂੰ ਇਥੇ ਭੇਜਿਆ ਹੈ, ਉਨ੍ਹਾਂ ਦੀ ਇਹ ਸਮਝੋ ਕਿ ਅਸੀਂ ਪੂਰੀ ਸੇਵਾ ਕਰ ਦਿੱਤੀ ਹੈ ਜੇਕਰ ਅਸੀਂ ਕੁਰੱਪਸ਼ਨ ਨੂੰ ਇਥੋਂ ਹਟਾ ਦਿੱਤਾ। ਇਸ ਲਈ ਅਸੀਂ ਆਪਣੀ ਡਿਊਟੀ ਨੂੰ ਨਿਭਾਈਏ। ਇਸ ਨਾਲ ਲੋਕ ਵੀ ਖੁਸ਼ੀ ਦਾ ਇਜ਼ਹਾਰ ਕਰਨ-ਗੇ। ਅੱਜ ਚੇਅਰਮੈਨ ਸਾਹਿਬ, ਹਾਲਤ ਇਹ ਹੈ ਕਿ ਜਿਹੜੇ ਲਾਇਕ ਡਾਕਟਰ ਸਨ ਉਹ ਬਾਹਰ ਚਲੇ ਗਏ ਹਨ। ਤੁਸੀਂ ਕਿਸੇ ਹਸਪਤਾਲ ਵਿਚ ਚਲੇ ਜਾਓ। ਉਥੋਂ ਹਸਪਤਾਲ ਵਿਚੋਂ ਕੋਈ ਦਵਾਈ ਨਹੀਂ ਮਿਲਦੀ। ਡਾਕਟਰ ਕਹਿੰਦੇ ਹਨ ਕਿ ਸਾਰੀਆਂ ਹੀ ਦਵਾਈਆਂ ਬਾਹਰੋਂ ਲਿਆਵੋ। ਜੇਕਰ ਕਿਸੇ

Original with;
Punjab Vidhan Sabha
Digitized by;
Panjab Digital Library

ਬੰਦੇ ਦੀ ਲੜਾਈ ਹੋ ਜਾਂਦੀ ਹੈ ਤਾਂ ਹਸਪਤਾਲਾਂ ਵਿਚ ਫਿਰ ਗਰੀਬ ਆਦਮੀ ਨਾਲ ਜ਼ਿਆਦਤੀ ਹੁੰਦੀ ਹੈ। ਦੂਸਰੇ ਪਾਸੇ ਜਿਹੜਾ ਅਮੀਰ ਆਦਮੀ ਹੁੰਦਾ ਹੈ ਉਹ ਸਰਕਾਰੀ ਡਾਕਟਰ ਨੂੰ ਕਹਿੰਦਾ ਹੈ ਕਿ ਤੂੰ ਮੇਰੀ ਮੱਦਦ ਕਰ ਤਾਂ ਡਾਕਟਰ ਕਹਿੰਦਾ ਹੈ ਕਿ ਜੇਕਰ, ਤੂੰ ਵੀ ਮੁਕਾਬਲੇ ਦੀ 325, 326, 307 ਦਫ਼ਾ ਬਣਾਉਣੀ ਹੈ ਤਾਂ ਡੇਢ ਹਜ਼ਾਰ ਰੁਪਿਆ ਦੇ ਦੇ ਇਸ ਤਰ੍ਹਾਂ ਵੱਖਰੇ ਵੱਖਰੇ ਰੇਟ ਬੰਨ੍ਹੇ ਹੋਏ ਹਨ, ਇਕ ਟੀਕਾ ਲਗਵਾ ਲੈ, ਔਰ ਤੇਰੀ ਵੀ ਮੁਕਾਬਲੇ ਦੀ 326 ਬਣ ਜਾਵੇਗੀ। ਜੇਕਰ 324 ਬਣਾਉਣੀ ਹੈ ਤਾਂ ਉਸ ਦੇ ਵਾਸਤੇ ਅਲਹਿਦਾ ਭਾਅ ਹੈ। ਅੱਜ ਇਹ ਹਾਲਤ ਪੰਜਾਬ ਦੇ ਸਰਕਾਰੀ ਡਾਕਟਰਾਂ ਦੀ ਹੈ। ਅਮੀਰ ਆਦਮੀ ਪਹਿਲਾਂ ਤਾਂ ਬਾਹਰ ਗਰੀਬ ਤੇ ਜ਼ਿਆਦਤੀ ਕਰਦਾ ਹੈ ਔਰ ਜੇਕਰ ਸਰਕਾਰੀ ਹਸਪਤਾਲਾਂ ਵਿਚ ਕੇਸ ਆਉਂਦਾ ਹੈ ਤਾਂ ਅਮੀਰ ਆਦਮੀ ਡਾਕਟਰਾਂ ਨੂੰ ਪੈਸੇ ਦੇ ਕੇ ਮੁਕਾ-ਬਲੇ ਦੀ 326 ਦਫਾ ਬਣਵਾ ਲੈਂਦੇ ਹਨ। ਇਸ ਬਾਰੇ ਮੈਂ ਇਕ ਮਿਸਾਲ ਦਿੰਦਾ ਹਾਂ ਕਿ ਇਹ ਰਿਸ਼-ਵਤਖੋਰੀ ਕਿਸ ਤਰ੍ਹਾਂ ਫੈਲੀ ਹੋਈ ਹੈ। ਚੇਅਰਮੈਨ ਸਾਹਿਬ, ਨਵਾਂ ਸ਼ਹਿਰ, ਸੈਂਟਰਲ ਕੋਆਪ੍ਰੇਟਿਵ ਬੈਂਕ ਦੀਆਂ ਹੋਰ ਬਰਾਂਚਾਂ ਖੋਲ੍ਹੀਆਂ ਗਈਆਂ। ਉਸ ਵਿਚ ਦਸ ਬਾਰਾਂ ਮੁਲਾਜ਼ਮ ਰੱਖੇ ਗਏ। ਉਹ ਵਿਚਾਰੇ ਕੋਈ ਨੌਂ ਦਸ ਮਹੀਨੇਂ ਉਥੇ ਕੰਮ ਕਰਦੇ ਰਹੇ। ਉਨ੍ਹਾਂ ਨੂੰ ਐਡਹਾਕ ਬੇਸਿਜ਼ ਤੇ ਰੱਖਿਆ ਗਿਆ ਸੀ। ਉਨ੍ਹਾਂ ਵਿਚ ਦੋ ਲੜਕੀਆਂ ਵੀ ਸਨ ਔਰ ਕੁਝ ਲੜਕੇ ਵੀ ਸਨ ਜਿਨ੍ਹਾਂ ਨੇ ਐਮ.ਏ. ਤੱਕ ਦੀ ਪੜ੍ਹਾਈ ਕੀਤੀ ਹੋਈ ਸੀ ਅੱਠ ਦਸ ਮਹੀਨਿਆਂ ਤੋਂ ਬਾਅਦ ਇਹ ਗੱਲ ਉਨ੍ਹਾਂ ਨੂੰ ਬੈਂਕ ਦੇ ਬੋਰਡ ਵੱਲੋਂ ਔਰ ਅਫ਼ਸਰਾਂ ਵੱਲੋਂ ਕਹੀ ਗਈ ਕਿ ਤੁਹਾਨੂੰ ਰੈਗੂਲਰ ਕਰ ਦਿਆਂਗੇ ਜੇਕਰ ਤੁਸੀਂ ਪੰਜ ਪੰਜ ਹਜ਼ਾਰ ਰੁਪਿਆ ਸਾਨੂੰ ਦਿਓ। ਇਸ ਗੱਲ ਤੋਂ ਉਨ੍ਹਾਂ ਲੜਕੇ ਔਰ ਲੜਕੀਆਂ ਨੇ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਅਸੀਂ ਗਰੀਬ ਹਾਂ ਅਸੀਂ ਇਸ ਤਰ੍ਹਾਂ ਪੰਜ ਪੰਜ ਹਜ਼ਾਰ ਰੁਪਿਆ ਨਹੀਂ ਦੇ ਸਕਦੇ। ਇਸ ਤੇ ਬੈਂਕ ਵਾਲਿਆਂ ਨੇ ਕਿਹਾ ਕਿ ਅਸੀਂ ਫਿਰ ਦਰਖਾਸਤਾਂ ਮੰਗ ਲੈਂਦੇ ਹਾਂ, ਫਿਰ ਵੇਖ ਲਵਾਂਗੇ। ਉਹ ਅੱਠ, ਦਸ ਆਦਮੀ ਜਿਨ੍ਹਾਂ ਵਿਚ ਦੋ ਲੜਕੀਆਂ ਵੀ ਸਨ, ਗਵਰਨਰ ਸਾਹਿਬ ਪਾਸ ਆਏ। ਗਵਰਨਰ ਸਾਹਿਬ ਨੇ ਕਿਹਾ ਕਿ ਮੈਂ ਤੁਹਾਡੀ ਗੱਲ ਤਾਂ ਮੰਨਾਂਗਾ ਜੇਕਰ ਤੁਸੀਂ ਹਲਫੀਆ ਬਿਆਨ ਦਿਓ। ਉਨ੍ਹਾਂ ਨੇ ਹਲਫੀਆ ਬਿਆਨ ਦੇ ਦਿੱਤੇ ਕਿ ਸਾਡੇ ਕੋਲੋਂ ਮੈਨੇਜਿੰਗ ਡਾਇਰੈਕਟਰ ਔਰ ਜਿਹੜਾ ਮਹਿਕਮੇ ਦਾ ਬੰਦਾ ਹੈ, ਉਹ ਪੈਸੇ ਮੰਗਦੇ ਹਨ। ਉਹ ਐਫੀਡੈਵਿਟ ਕਈ ਮਹੀਨਿਆਂ ਤੋਂ ਰਜਿਸਟਰਾਰ ਕੋਆਪਰੇ-ਟਿਵ ਸੁਸਾਇਟੀਜ਼ ਅਤੇ ਗਵਰਨਰ ਸਾਹਿਬ ਦੇ ਦਫਤਰ ਵਿਚ ਮੌਜੂਦ ਹਨ। ਸਰਕਾਰ ਨੇ ਡੀ.ਐਸ.ਪੀ. ਨੂੰ ਇਨਕੁਆਇਰੀ ਵਾਸਤੇ ਭੇਜਿਆ। ਉਸ ਨੇ ਆਪਣੀ ਰਿਪੋਰਟ ਦਿੱਤੀ। ਫਿਰ ਜੁਆਇੰਟ ਰਜਿਸਟ-ਰਾਰ ਨੂੰ ਭੇਜਿਆ, ਉਸ ਨੇ ਵੀ ਕਿਹਾ ਕਿ ਇਹ ਗੱਲ ਠੀਕ ਹੈ ਕਿ ਇਹ ਪੈਸਿਆਂ ਦਾ ਹੀ ਮਸਲਾ ਹੈ ਔਰ ਹੋਰ ਮਸਲਾ ਕੋਈ ਨਹੀਂ ਹੈ। ਉਹ ਫਿਰ ਗਵਰਨਰ ਸਾਹਿਬ ਨੂੰ ਮਿਲੇ ਕਿ ਹੁਣ ਤਾਂ ਇਨ-ਕੁਆਇਰੀ ਦੀ ਰਿਪੋਰਟ ਵੀ ਆ ਗਈ ਹੈ, ਕੋਈ ਐਕਸ਼ਨ ਲਵੋ। ਗਵਰਨਰ ਸਾਹਿਬ ਨੇ ਕਿਹਾ ਕਿ ਛੇਤੀ ਹੀ ਫ਼ੈਸਲਾ ਕਰਾਂਗੇ। ਅਸੀਂ ਤੁਹਾਨੂੰ ਇਨਸਾਫ਼ ਦਿਆਂਗੇ। ਇਹ ਪੰਜ-ਚਾਰ ਮਹੀਨੇਂ ਵਿਚਾਰੇ ਇਸ ਤਰ੍ਹਾਂ ਹੀ ਖਰਚ ਕਰਕੇ ਇਥੇ ਆਉਂਦੇ ਰਹੇ ਔਰ ਮਿਲ ਮਿਲਾ ਕੇ ਫਿਰ ਚਲੇ ਜਾਂਦੇ ਰਹੇ। ਹੁਣ ਦਸ ਦਿਨਾਂ ਦੀ ਗੱਲ ਹੈ। ਉਹ ਫਿਰ ਰਜਿਸਟਰਾਰ ਕੋਆਪਰੇਟਿਵ ਸੋਸਾਇਟੀਜ਼ ਨੂੰ ਮਿਲੇ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇੰਨਾਂ ਚਿਰ ਵੇਹਲੇ ਫਿਰਦਿਆਂ ਨੂੰ ਹੋ ਗਿਆ ਹੈ, ਅਸੀਂ ਹਲਫੀਆ ਬਿਆਨ ਵੀ ਦਿੱਤੇ ਹਨ, ਤੁਹਾਡੀ ਤਸੱਲੀ ਵੀ ਹੋ ਗਈ ਕਿ ਸਾਡੀ ਗੱਲ ਠੀਕ ਹੈ ਕਿ ਉਹ ਬੈਂਕ ਵਾਲੇ ਪੈਸੇ ਮੰਗਦੇ ਹਨ, ਇਸ ਲਈ ਸਾਨੂੰ ਨੌਕਰੀ ਦਿਵਾਓ। ਇਸ ਉਪਰ ਰਜਿਸਟਰਾਰ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਅਸੀਂ ਕੋਈ ਸੀਨੀਅਰ ਆਦਮੀ ਭੇਜਕੇ ਇਨਕੁਆਇਰੀ ਕਰਵਾਵਾਂਗੇ। ਉਥੇ ਸੀਨੀਅਰ ਅਫ਼ਸਰ ਚਲਾ ਗਿਆ ਜਿਹੜਾ ਉਥੇ ਜੂਨੀਅਰ ਅਫ਼ਸਰ ਸੀ, ਜਿਸ ਨੇ ਹਿੱਸਾ ਲਿਆ ਸੀ ਉਸ ਨੇ ਸੀਨੀਅਰ ਅਫ਼ਸਰ ਨੂੰ ਕਹਿ ਦਿੱਤਾ ਕਿ ਤੂੰ ਮੇਰੀ ਮੱਦਦ ਕਰਨੀ ਹੈ ਇਸ ਉਪਰ ਉਸ ਸੀਨੀਅਰ ਅਫ਼ਸਰ ਨੇ ਮੁੰਡਿਆਂ ਨੂੰ ਅਤੇ ਕੁੜੀਆਂ ਨੂੰ ਬਲਾਕੇ ਕਹਿ ਦਿੱਤਾ ਕਿ ਇਹ ਅਟਾਨੋਮਸ ਬਾਡੀ ਹੈ। ਅਸੀਂ ਕੁੱਝ ਨਹੀਂ ਕਰ ਸਕਦੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਇਹ ਇਨ੍ਹਾਂ ਨੇ ਲੀਗਲ ਕੰਮ ਕੀਤਾ ਹੈ, ਮੈਂ ਇਸ ਕੁਰੱਪਸ਼ਨ ਨੂੰ ਲੀਗੇਲਾਈਜ਼ ਕਰਦਾ ਹਾਂ। ਇਸ ਲਈ ਹੁਣ ਤੁਸੀਂ ਹੋਰ ਕੋਈ ਕੰਮ ਲੱਭੋ, ਇਥੇ ਨਹੀਂ ਲੱਗ ਸਕਦੇ। ਇਸ ਤਰ੍ਹਾਂ, ਚੇਅਰਮੈਨ ਸਾਹਿਬ, ਇਨਕੁਆਇਰੀ ਵਾਸਤੇ ਜਿਸ ਉਪਰਲੇ ਆਦਮੀ ਨੂੰ ਭੇਜਿਆ ਜਾਂਦਾ ਹੈ ਉਸ ਦਾ ਵੀ ਹਿੱਸਾ ਹੋ ਜਾਂਦਾ ਹੈ। ਜੇਕਰ ਕੋਈ ਅਫ਼ਸਰ ਇਮਾਨਦਾਰ ਹੈ ਤਾਂ ਉਸ ਦੇ ਮਗਰ ਲੱਗ ਜਾਂਦੇ ਹਨ, ਉਸ ਨੂੰ ਤੰਗ ਕੀਤਾ ਜਾਂਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਅਸੀਂ 117 ਐਮ. ਐਲ. ਏ. ਕੁਰੱਪਸ਼ਨ ਨੂੰ ਹਟਾਉਣ ਵਿਚ ਬੜਾ ਭਾਰੀ ਹਿੱਸਾ ਪਾ ਸਕਦੇ ਹਾਂ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਦਿਲਬਾਗ ਸਿੰਘ ਆਪਣੀ ਡੈਸਕ ਤੋਂ ਕੋਈ ਕਾਗ਼ਜ਼ ਉਠਾ ਰਹੇ ਸਨ )

**ਸਰਦਾਰ ਰਵੀ ਇੰਦਰ ਸਿੰਘ** (ਬੈਠੇ ਬੈਠੇ) : ਸਰਦਾਰ ਦਿਲਬਾਗ ਸਿੰਘ ਜੀ, ਇਥੇ ਰਿਟਨ ਮੈਟੀਰੀਅਲ ਪੜ੍ਹਨਾ ਅਲਾਊਡ ਨਹੀਂ ਹੈ। (ਹਾਸਾ)

**ਸਰਦਾਰ ਦਿਲਬਾਗ ਸਿੰਘ** : ਕੋਈ ਗੱਲ ਨਹੀਂ, ਘਬਰਾਓ ਨਹੀਂ।

**Mr. Chairman** : You were given 10 minutes only. Please try to wind up your speech now.

**ਸਰਦਾਰ ਦਿਲਬਾਗ ਸਿੰਘ** : ਚੇਅਰਮੈਨ ਸਾਹਿਬ, ਮੈਂ ਪੰਜਾਬ ਦੇ ਲੋਕਾਂ ਦੀ ਗੱਲ ਕਰ ਰਿਹਾ ਹਾਂ। ਇਸ ਸਰਕਾਰ ਦੀ ਪਾਲਿਸੀ ਦੇ ਮੁਤਾਬਿਕ ਗੱਲ ਕਰ ਰਿਹਾ ਹਾਂ। ਇਹ ਮੈਂਬਰ ਜਿਹੜੇ ਇਥੇ ਬੈਠੇ ਹਨ ਇਨ੍ਹਾਂ ਦਾ ਫਰਜ਼ ਬਣ ਜਾਂਦਾ ਹੈ ਕਿ ਲੋਕਾਂ ਦੀਆਂ ਗੱਲਾਂ ਇਥੇ ਦੱਸਣ। ਇਸ ਤੋਂ ਇਲਾਵਾ ਉਹ ਵੇਖੋ (ਮਹਾਤਮਾ ਗਾਂਧੀ ਜੀ ਦੀ ਫੋਟੋ ਵੱਲ ਇਸ਼ਾਰਾ ਕਰਦੇ ਹੋਏ) ਮਹਾਤਮਾਂ ਗਾਂਧੀ ਜੀ ਦੀ ਫੋਟੋ ਲੱਗੀ ਹੋਈ ਹੈ। ਉਹ ਚਾਹੁੰਦੇ ਸੀ ਕਿ ਹਿੰਦੋਸਤਾਨ ਵਿਚ ਰਾਮ ਰਾਜ ਆਵੇ। ਮੈਂ ਰਾਮ ਰਾਜ ਦੀ ਗੱਲ ਕਰਦਾ ਹਾਂ ਕਿ ਇਥੇ ਰਾਮ ਰਾਜ ਛੇਤੀ ਆਵੇ। ਤੁਸੀਂ ਕਹਿੰਦੇ ਹੋ ਕਿ ਮੈਂ ਬੋਲਣਾ ਬੰਦ ਕਰ ਦੇਵਾਂ। ਜੇਕਰ, ਚੇਅਰਮੈਨ ਸਾਹਿਬ, ਅਸੀਂ ਲੋਕਾਂ ਦੀਆਂ ਇਥੇ ਗੱਲਾਂ ਨਹੀਂ ਰੱਖਾਂਗੇ ਤਾਂ ਮੈਂ ਸਮਝ-ਦਾ ਹਾਂ ਕਿ ਅਸੀਂ ਪੰਜਾਬ ਦੇ ਲੋਕਾਂ ਨਾਲ ਵੀ ਧੋਖਾ ਕਰਾਂਗੇ ਔਰ ਮਹਾਤਮਾ ਜੀ ਨਾਲ ਵੀ ਧੋਖਾ ਕਰਾਂਗੇ।

ਚੇਅਰਮੈਨ ਸਾਹਿਬ, ਇਲੈਕਸ਼ਨਾਂ ਹੋਈਆਂ ਹਨ। ਇਹ ਕਹਿੰਦੇ ਹਨ ਫੇਅਰ ਹੋਈਆਂ ਹਨ। ਗਵਰਨਰ ਸਾਹਿਬ ਨੇ ਵੀ ਕਹਿ ਦਿੱਤਾ ਹੈ ਕਿ ਇਲੈਕਸ਼ਨਾਂ ਠੀਕ ਹੋ ਗਈਆਂ ਹਨ। ਮਾਸਟਰ ਚੰਦ ਸਿੰਘ ਜੀ ਨੇ ਦੱਸਿਆ ਹੈ ਕਿ ਸਮੱਗਲਰਾਂ ਨੇ ਕਿਸੇ ਪਾਰਟੀ ਦੇ ਸੀਨੀਅਰ ਬੰਦੇ ਨੂੰ ਪੈਸਾ ਦਿੱਤਾ ਹੈ ਤਾਂ ਫਿਰ ਇਹ ਰਿਸ਼ਵਤਖੋਰੀ ਕਿਸ ਤਰ੍ਹਾਂ ਹੱਟ ਸਕਦੀ ਹੈ। ਜੇਕਰ ਸਮੱਗਲਰਾਂ ਤੋਂ ਹੀ ਪੈਸਾ ਲੈਣਾ ਹੈ ਤਾਂ ਰਿਸ਼ਵਤਖੋਰੀ ਕਿਸ ਤਰ੍ਹਾਂ ਹਟ ਸਕਦੀ ਹੈ। ਇਹ ਗੱਲ ਚੇਅਰਮੈਨ ਸਾਹਿਬ, ਮੈਨੂੰ ਸਮਝਾ ਦਿਓ । ਅਗਰ ਇਸ ਤਰ੍ਹਾਂ ਨਾਲ ਹੌਂਸਲਾ ਅਫ਼ਜ਼ਾਈ ਹੋਣੀ ਹੈ ਤਾਂ ਇਹ ਰਿਸ਼ਵਤਖੋਰੀ ਦੇਸ਼ ਵਿਚੋਂ ਨਹੀਂ ਜਾ ਸਕਦੀ। ਇਸ ਲਈ ਅਸੀਂ ਇਸ ਤਰ੍ਹਾਂ ਦੀ ਗੱਲ ਬਿਲਕੁਲ ਨਾ ਕਰੀਏ ਤਾਂ ਹੀ ਮਹਾਤਮਾ ਜੀ ਦਾ ਸੁਪਨਾ ਸੱਚਾ ਹੋ ਸਕਦਾ ਹੈ।

ਚੇਅਰਮੈਨ ਸਾਹਿਬ, ਮੈਂ ਨਵਾਂ ਸ਼ਹਿਰ ਦੇ ਇਕ ਇਮਾਨਦਾਰ ਡਾਕਟਰ ਦੀ ਗੱਲ ਦੱਸਦਾ ਹਾਂ। ਇਕ ਆਦਮੀ ਉਥੇ ਹਸਪਤਾਲ ਵਿਚ ਗਿਆ। ਉਸ ਨੇ ਡਾਕਟਰ ਨੂੰ ਕਿਹਾ ਕਿ ਮੈਨੂੰ ਇਸ ਤਰ੍ਹਾਂ ਦਾ ਝੂਠਾ ਪਰਚਾ ਬਣਾ ਦੇ। ਡਾਕਟਰ ਨੇ ਕਿਹਾ ਕਿ ਮੈਂ ਗਲਤ ਕੰਮ ਨਹੀਂ ਕਰਨਾ। ਉਸ ਆਦਮੀ ਨੂੰ

Original with;
Punjab Vidhan Sabha
Digitized by;
Panjab Digital Library

ਪਤਾ ਨਹੀਂ ਸੀ ਕਿ ਇਸ ਵੇਲੇ ਇਸ ਇਮਾਨਦਾਰ ਡਾਕਟਰ ਦੀ ਡਿਊਟੀ ਹੈ। ਇਸ ਤੇ ਉਸ ਆਦਮੀ ਦੇ ਬਦਮਾਸ਼ ਆਏ ਔਰ ਉਨ੍ਹਾਂ ਨੇ ਡਾਕਟਰ ਨੂੰ ਕਮਰੇ ਵਿਚ ਬੰਦ ਕਰਕੇ ਮਾਰਿਆ, ਕੁੱਟਿਆ ਔਰ ਕਿਹਾ ਕਿ ਤੂੰ ਇਥੇ ਦਸਖਤ ਕਰ ਔਰ ਝੂਠਾ ਸਰਟੀਫਿਕੇਟ ਦੇ ਦੇ। ਇਸ ਵਾਕਿਆ ਦਾ ਉਥੋਂ ਦੇ ਸ਼ਹਿਰੀਆਂ ਨੇ ਅਤੇ ਮਿਉਂਨਿਸਪਲ ਕਮੇਟੀ ਦੇ ਮੈਂਬਰਾਂ ਨੇ ਰੌਲਾ ਪਾਇਆ ਕਿ ਡਾਕਟਰ ਨਾਲ ਜ਼ਿਆਦਤੀ ਕੀਤੀ ਗਈ ਹੈ। ਇਹ ਅਕਾਲੀ ਦਲ ਦੇ ਰਾਜ ਦੀ ਗੱਲ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਉਸ ਡਾਕਟਰ ਨੂੰ ਇਸ ਲਈ ਉਥੋਂ ਬਦਲ ਦਿੱਤਾ ਕਿ ਉਸ ਨੇ ਝੂਠਾ ਸਰਟੀਫਿਕੇਟ ਕਿਉਂ ਨਹੀਂ ਦਿੱਤਾ। ਚੇਅਰਮੈਨ ਸਾਹਿਬ, ਚੰਗੇ ਆਦਮੀਆਂ ਨੂੰ ਇਮਾਨਦਾਰ ਡਾਕਟਰਾਂ ਨੂੰ ਇਸ ਤਰ੍ਹਾਂ ਸਜ਼ਾ ਮਿਲਦੀ ਹੈ। ਜੇਕਰ ਉਹ ਇਮਾਨਦਾਰ ਆਦਮੀ ਕਿਸੇ ਦੇ ਕਹਿਣ ਤੇ ਝੂਠੀ ਗੱਲ ਨਹੀਂ ਕਰਦੇ, ਝੂਠੇ ਸਰਟੀ-ਫਿਕੇਟ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਂਦੀ ਹੈ।

12.18 ਬਾਅਦ ਦੁਪਹਿਰ | (ਇਸ ਸਮੇਂ ਮਾਨਯੋਗ ਮੈਂਬਰ ਸ੍ਰੀ ਯਸ਼, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

**ਸ੍ਰੀ ਸਭਾਪਤੀ** : ਸਰਦਾਰ ਦਿਲਬਾਗ ਸਿੰਘ ਜੀ, ਮੁਖਤਸਰ ਕਰੋ।

**ਸਰਦਾਰ ਦਿਲਬਾਗ ਸਿੰਘ** : ਮੈਂ ਬਹੁਤ ਅਹਿਮ ਮਸਲੇ ਤੇ ਗਲ ਕਰ ਰਿਹਾ ਹਾਂ ਜੀ ਇਸ ਲਈ ਤੁਹਾਨੂੰ, ਚੇਅਰਮੈਨ ਸਾਹਿਬ, ਨਹੀਂ ਘਬਰਾਉਣਾ ਚਾਹੀਦਾ। ਚੇਅਰਮੈਨ ਸਾਹਿਬ, 1976 ਵਿਚ ਮਾਰਕੀਟਿੰਗ-ਕਮ-ਪ੍ਰੋਸੈਸਿੰਗ ਸੋਸਾਇਟੀ, ਨਵਾਂ ਸ਼ਹਿਰ ਵਿਚ ਇਕ 4 ਲੱਖ ਰੁਪਏ ਦਾ ਗਬਨ ਹੋਇਆ। ਗ਼ਬਨ ਦਾ ਕੇਸ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਰਜਿਸਟਰ ਕਰਵਾ ਦਿੱਤਾ ਪਰ ਉਸ ਤੋਂ ਬਾਅਦ ਜਦੋਂ ਇਨ੍ਹਾਂ ਦੀ ਸਰਕਾਰ ਆਈ ਤਾਂ ਬਜਾਏ ਇਸ ਦੇ ਕਿ ਉਸ ਦੀ ਇਨਕੁਆਇਰੀ ਹੁੰਦੀ, ਕਿਸੇ ਨੂੰ ਸਜ਼ਾ ਹੁੰਦੀ, ਉਹ ਕੇਸ ਹੀ ਠੱਪ ਕਰਵਾ ਦਿਤਾ। ਉਹ ਕੇਸ ਅਜ ਤਕ ਫਿਰ ਨਹੀਂ ਨਿਕਲਿਆ। ਇਸੇ ਤਰ੍ਹਾਂ ਨਵਾਂ ਸ਼ਹਿਰ ਸ਼ੂਗਰ ਮਿੱਲ ਵਿਚ ਇਕ 2 ਲੱਖ ਰੁਪਏ ਦੀ ਚੋਰੀ ਹੋਈ। ਉਥੋਂ ਦੇ ਬੋਰਡ ਦੇ ਚੇਅਰਮੈਨ ਅਤੇ ਦੋ ਆਈ.ਏ.ਐਸ. ਅਫ਼ਸਰਾਂ ਨੇ ਕਿਹਾ ਕਿ ਜਿਹੜਾ ਸਟੋਰਕੀਪਰ ਹੈ ਇਹ ਚੋਰ ਹੈ ਇਸ ਨੂੰ ਇਥੇ ਨਹੀਂ ਰਹਿਣ ਦੇਣਾ ਚਾਹੀਦਾ ਹੈ। ਇਸ ਦੇ ਖਿਲਾਫ਼ ਐਕਸ਼ਨ ਹੋਣਾ ਚਾਹੀਦਾ ਹੈ। ਪਰ ਉਸ ਸਰਕਾਰ ਨੇ ਕੁਝ ਨਹੀਂ ਕੀਤਾ। ਤੁਸੀਂ ਵੇਖੋ ਬੋਰਡ ਦਾ ਚੇਅਰਮੈਨ ਉਸ ਦੇ ਖਿਲਾਫ਼ ਹੈ ਅਤੇ ਦੋ ਆਈ.ਏ.ਐਸ. ਅਫ਼ਸਰ ਵੀ ਉਸ ਦੇ ਖਿਲਾਫ਼ ਹਨ। ਪਰ ਇਕ ਆਦਮੀ ਜਿਸ ਨੇ 2 ਲੱਖ ਰੁਪਿਆ ਖਾਧਾ ਉਹ ਅੱਜ ਵੀ ਉਸੇ ਤਰ੍ਹਾਂ ਹੀ ਉਥੇ ਫਿਰ ਰਿਹਾ ਹੈ। ਮੇਰਾ ਇਹ ਗੱਲਾਂ ਕਹਿਣ ਦਾ ਮਤਲਬ ਇਹ ਹੈ ਕਿ ਇਹ ਬੜੀ ਭਾਰੀ ਬਿਮਾਰੀ ਹੈ ਜਿਹੜੀ ਕਿ ਹੁਣ ਦੀ ਸਰਕਾਰ ਨੂੰ ਚੈੱਕ ਕਰਨੀ ਚਾਹੀਦੀ ਹੈ ਅਤੇ ਇਸ ਤੇ ਐਕਸ਼ਨ ਲੈਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਆਦਮੀਆਂ ਨੂੰ ਫੜਣ ਵਿਚ ਕਿਸੇ ਪਾਰਟੀ ਦਾ ਲਿਹਾਜ਼ ਆਦਿ ਨਹੀਂ ਕਰਨਾ ਚਾਹੀਦਾ। ਇਹ ਨਾ ਵੇਖੋ ਕਿ ਉਸ ਨੇ ਤੁਹਾਨੂੰ ਵੋਟ ਪਾਈ ਹੈ ਜਾਂ ਨਹੀਂ, ਬਿਲਕੁਲ ਨਿਰਪਖ ਹੋ ਕੇ ਚੱਲਣਾ ਚਾਹੀਦਾ ਹੈ ਤਾਂ ਹੀ ਤੁਸੀਂ ਸੂਬੇ ਦੀ ਸੇਵਾ ਕਰ ਸਕਦੇ ਹੋ।

ਚੇਅਰਮੈਨ ਸਾਹਿਬ, ਇਕ ਗੱਲ ਮੈਂ ਹੋਰ ਕਰਨੀ ਹੈ......

**ਸ੍ਰੀ ਸਭਾਪਤੀ** : ਵਕਤ ਹੋ ਗਿਆ ਹੈ। ਤੁਸੀਂ ਬੈਠੋ। ਫਿਰ ਬਾਅਦ ਵਿਚ ਬੋਲਣ ਦੇ ਕਈ ਮੌਕੇ ਮਿਲਣਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ:** ਤੁਹਾਡੇ ਕਹਿਣ ਤੇ ਮੈਂ ਖਤਮ ਹੀ ਕਰਨ ਲੱਗਾ ਹਾਂ। ਚੇਅਰਮੈਨ ਸਾਹਿਬ, 24 ਮਈ, 1976 ਦੀ ਇਕ ਚਿੱਠੀ ਇਸ਼ੂ ਹੋਈ ਹੈ ਜਿਸ ਵਿਚ ਇਹ ਕਿਹਾ ਗਿਆ ਹੈ ਕਿ ਜਿਹੜਾ ਬੇਟ ਦਾ ਏਰੀਆ ਹੈ, ਜਿਹੜਾ ਕੰਡੀ ਦਾ ਏਰੀਆ ਹੈ ਜਾਂ ਬਾਰਡਰ ਦਾ ਏਰੀਆ ਹੈ ਉਥੇ ਸਰਕਾਰੀ ਮੁਲਾਜ਼ਮਾਂ ਨੂੰ ਕੰਪਨਸੇਟਰੀ ਅਲਾਊਂਸ ਦਿੱਤਾ ਜਾਵੇਗਾ। ਪਰ ਇਸ ਦੇ ਨਾਲ ਹੀ ਇਹ ਕਰ ਦਿੱਤਾ ਕਿ ਹੁਸ਼ਿਆਰਪੁਰ ਜਿਹੜਾ ਕਿ ਗਿਆਨੀ ਜ਼ੈਲ ਸਿੰਘ ਦਾ ਇਲਾਕਾ ਹੈ ਔਰ ਪਟਿਆਲਾ ਜਿਹੜਾ ਕਿ ਹੰਸ ਰਾਜ ਸ਼ਰਮਾ ਦਾ ਇਲਾਕਾ ਹੈ ਇਨ੍ਹਾਂ 2-3 ਜ਼ਿਲ੍ਹਿਆਂ ਨੂੰ ਹੀ ਇਹ ਅਲਾਊਂਸ ਦਿੱਤਾ ਜਾਵੇਗਾ। ਬਾਕੀਆਂ ਨੂੰ ਨਹੀਂ। ਮੈਨੂੰ ਇਹ ਦੱਸੋ ਕਿ ਕੀ ਬੇਟ ਏਰੀਆ ਜਲੰਧਰ ਨੂੰ ਨਹੀਂ ਲਗਦਾ, ਕੀ ਜਿਹੜਾ ਬਾਰਡਰ ਏਰੀਆ ਹੈ ਉਹ ਫਿਰੋਜ਼ਪੁਰ ਔਰ ਅੰਮ੍ਰਿਤਸਰ ਨੂੰ ਨਹੀਂ ਲਗਦਾ ? ਜੇ ਇਹ ਅਲਾਊਂਸ ਹੁਸ਼ਿਆਰਪੁਰ ਔਰ ਪਟਿਆਲਾ ਦੇ ਏਰੀਏ ਵਿਚ ਕੰਮ ਕਰਨ ਵਾਲੇ ਮਲਾਜ਼ਮਾਂ ਨੂੰ ਮਿਲ ਸਕਦੇ ਹਨ ਤਾਂ ਇਨ੍ਹਾਂ ਜ਼ਿਲ੍ਹਿਆਂ ਨੂੰ ਕਿਉਂ ਨਹੀਂ ਮਿਲ ਸਕਦੇ ? ਇਸ ਲਈ ਮੈਂ ਇਸ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਸ ਨੂੰ ਇਸ ਤੇ ਗੌਰ ਕਰਨਾ ਚਾਹੀਦਾ ਹੈ ਅਤੇ ਜੇ ਇਹ ਗਲ ਠੀਕ ਹੋਵੇ ਤਾਂ ਪੰਜਾਬ ਵਿਚ ਜਿਤਨਾ ਵੀ ਬੇਟ ਏਰੀਆ ਹੈ, ਕੰਡੀ ਦਾ ਏਰੀਆ ਹੈ ਜਾਂ ਬਾਰਡਰ ਦਾ ਏਰੀਆ ਹੈ, ਸਭ ਨੂੰ ਇਕੋ ਜਿਹਾ ਇਨਸਾਫ਼ ਦੇਣਾ ਚਾਹੀਦਾ ਹੈ।

**ਸ੍ਰੀ ਸਭਾਪਤੀ:** ਬਹੁਤ , ਬਹੁਤ ਧੰਨਵਾਦ। ਹੁਣ ਤੁਸੀਂ ਬੈਠੋ।

**ਸਰਦਾਰ ਦਿਲਬਾਗ ਸਿੰਘ:** ਬੱਸ ਜੀ ਅੱਧਾ ਮਿੰਟ ਹੀ ਲਵਾਂਗਾ। ਚੇਅਰਮੈਨ ਸਾਹਿਬ, ਇਕ ਗੱਲ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਹੋਰ ਕਹਾਂਗਾ ਕਿ ਸਾਡੇ ਹਲਕੇ ਵਿਚ ਜੋ ਸੜਕਾਂ ਬਣੀਆਂ ਹਨ ਉਹ 3-4 ਸਾਲ ਤੋਂ ਟੁੱਟ ਗਈਆਂ ਹਨ। ਉਨ੍ਹਾਂ ਤੇ ਨਾਂ ਕਿਸੇ ਨੇ ਲੁੱਕ ਪਾਈ ਹੈ ਅਤੇ ਨਾ ਹੀ ਉਸ ਦੀ ਮੁਰੰਮਤ ਕੀਤੀ ਗਈ ਹੈ। ਇਸ ਲਈ ਮੈਂ ਪੰਜਾਬ ਸਰਕਾਰ ਅੱਗੇ ਬੇਨਤੀ ਕਰਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਔਰ ਇਸ ਦੇ ਨਾਲ ਹੀ ਜਿਹੜੇ ਮਾਡਲ ਗ੍ਰਾਮ ਬਣਾਏ ਜਾ ਰਹੇ ਸਨ, ਉਹ ਅਧੂਰੇ ਪਏ ਹਨ। ਉਨ੍ਹਾਂ ਨੂੰ ਪਹਿਲ ਦੇ ਕੇ ਉਹ ਕੰਮ ਪੂਰਾ ਕਰਨਾ ਚਾਹੀਦਾ ਹੈ। ਐਨਾ ਕਹਿੰਦਾ ਹੋਇਆ ਮੈਂ ਤੁਹਾਡੇ ਕਹਿਣ ਤੇ ਆਪਣੀ ਸਪੀਚ ਖ਼ਤਮ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਦਰਸ਼ਨ ਸਿੰਘ ਕੇ.ਪੀ.** (ਜਲੰਧਰ ਦਖਣ, ਐਸ.ਸੀ.): ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਜਿਸ ਵਕਤ ਭਾਸ਼ਣ ਦੇਣ ਆਏ ਉਸ ਵਕਤ ਜਿਹੜੀਆਂ ਪਾਰਟੀਆਂ ਜਮਹੂਰੀਅਤ ਵਿਚ ਵਿਸ਼-ਵਾਸ ਰੱਖਦੀਆਂ ਸਨ ਉਨ੍ਹਾਂ ਨੇ ਤਾਂ ਭਾਸ਼ਣ ਸੁਣਿਆ ਔਰ ਜਿਹੜੀਆਂ ਰਿਜਨਲ ਪਾਰਟੀਆਂ ਸਨ, ਜਿਹੜੀਆਂ ਜਮਹੂਰੀਅਤ ਵਿਚ ਵਿਸ਼ਵਾਸ ਨਹੀਂ ਸਨ ਰੱਖਦੀਆਂ ਉਨ੍ਹਾਂ ਨੇ ਆਪਣਾ ਹੀ ਭਾਸ਼ਣ ਦੇਣਾ ਸ਼ੁਰੂ ਕਰ ਦਿੱਤਾ ਔਰ ਗਵਰਨਰ ਸਾਹਿਬ ਦਾ ਭਾਸ਼ਣ ਨਾ ਸੁਣਿਆ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਬਹੁਤ ਹੀ ਚੰਗੀਆਂ ਗੱਲਾਂ ਕਹੀਆਂ ਹਨ। ਉਨ੍ਹਾਂ ਨੇ ਕਿਹਾ ਹੈ ਕਿ:—

> "ਮੇਰੀ ਸਰਕਾਰ ਰਾਜ ਦੇ ਸਮੂਹ ਧਰਮਾਂ ਤੇ ਫ਼ਿਰਕਿਆਂ ਨੂੰ ਪੂਰੀ ਧਾਰਮਿਕ ਸੁਤੰਤਰਤਾ ਦੇਣ ਦਾ ਭਰੋਸਾ ਦਿਵਾਉਂਦੀ ਹੈ। ਪੰਜਾਬ ਰਿਸ਼ੀਆਂ ਮੁਨੀਆਂ ਦੀ ਧਰਤੀ ਹੈ ਅਤੇ ਧਾਰ-ਮਕ ਤੇ ਦਾਰਸ਼ਨਕ ਸਹਿਨਸ਼ੀਲਤਾ ਦੀਆਂ ਭਾਵਨਾਵਾਂ ਸਾਡੇ ਲੋਕਾਂ ਦੇ ਦਿਲਾਂ ਵਿਚ ਘਰ ਕਰ ਚੁੱਕੀਆਂ ਹਨ। ਕਿਸੇ ਵੀ ਕੀਮਤ ਉੱਤੇ ਇਸ ਪਰੰਪਰਾ ਨੂੰ ਕਮਜ਼ੋਰ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਹਰੇਕ ਧਾਰਮਕ ਗਰੁੱਪ ਦੇ ਜਜ਼ਬਾਤ ਦਾ ਆਦਰ ਕੀਤਾ ਜਾਵੇਗਾ।"

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਕਿੰਨੀ ਵੱਡੀ ਗੱਲ ਗਵਰਨਰ ਸਾਹਿਬ ਆਪਣੇ ਭਾਸ਼ਣ ਵਿਚ ਇਸ ਹਾਊਸ ਵਿਚ ਕਹਿ ਗਏ ਹਨ ।

**ਸਰਦਾਰ ਬਲਦੇਵ ਸਿੰਘ ਮਾਨ :** ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਹੁਣੇ ਕੇ.ਪੀ. ਸਾਹਿਬ ਨੇ ਗਵਰਨਰ ਸਾਹਿਬ ਦਾ ਭਾਸ਼ਣ ਪੜ੍ਹਦੇ ਹੋਏ ਸੈਕੂਲਰ ਅਤੇ ਨਿਰਪਖ ਹੋਣ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਵਿਚ ਰਿਸ਼ੀ ਹੋਏ ਹਨ। ਪਰ ਪੰਜਾਬ ਵਿਚ ਤਾਂ ਕੋਈ ਰਿਸ਼ੀ ਹੋਇਆ ਹੀ ਨਹੀਂ। ਇਹ ਤਾਂ ਗੁਰੂਆਂ ਦੀ ਧਰਤੀ ਹੈ। ਇਥੇ ਰਿਸ਼ੀ ਮੁਨੀ ਤਾਂ ਕੋਈ ਨਹੀਂ ਹੋਏ।

**ਸ੍ਰੀ ਸਭਾਪਤੀ :** ਜਿਹੜੀ ਵੀ ਪਾਰਟੀ ਦਾ ਮੈਂਬਰ ਇੰਟਰੱਪਸ਼ਨ ਕਰਦਾ ਹੈ ਉਹ ਟਾਈਮ ਉਸ ਦੀ ਪਾਰਟੀ ਦੇ ਟਾਈਮ ਵਿਚੋਂ ਕੱਟ ਲਿਆ ਜਾਵੇਗਾ। ਇਹ ਨੋਟ ਹੋ ਜਾਣਾ ਹੈ। ਕੇ.ਪੀ. ਸਾਹਿਬ, ਤੁਸੀਂ ਬੋਲੋ ।

**ਸਰਦਾਰ ਦਰਸ਼ਨ ਸਿੰਘ ਕੇ.ਪੀ. :** ਚੇਅਰਮੈਨ ਸਾਹਿਬ, ਇਹ ਧਰਤੀ ਰਿਸ਼ੀਆਂ, ਮੁਨੀਆਂ ਅਤੇ ਗੁਰੂ ਸਾਹਿਬਾਨ ਦੀ ਹੈ । ਇਸ ਵਿਚ ਕੋਈ ਫਰਕ ਨਹੀਂ ਪੈਂਦਾ। ਸਾਡੇ 10ਵੇਂ ਗੁਰੂ ਸਾਹਿਬ ਪਟਨੇ ਵਿਚ ਪੈਦਾ ਹੋਏ ਸਨ। ਇਸ ਕਰਕੇ ਸਾਡਾ ਸਾਰਾ ਹਿੰਦੋਸਤਾਨ ਹੀ ਰਿਸ਼ੀਆਂ, ਮੁਨੀਆਂ ਅਤੇ ਗੁਰੂ ਸਾਹਿ-ਬਾਨ ਦੀ ਧਰਤੀ ਦਾ ਹੈ। ਪਰ ਇਸ ਅਕਾਲੀ ਪਾਰਟੀ ਨੇ ਪੰਜਾਬ ਨੂੰ ਐਨਾ ਛੋਟਾ ਕਰ ਦਿੱਤਾ ਕਿ ਇਸ ਦੇ 3-4 ਹਿੱਸੇ ਬਣਾ ਦਿੱਤੇ ਅਤੇ ਪੰਜਾਬ ਇਕ ਵੱਖਰਾ ਸੂਬਾ ਕਾਇਮ ਕਰ ਦਿੱਤਾ। ਅਜ ਇਹ ਕਹਿੰਦੇ ਹਨ ਕਿ ਇਹ ਧਰਮ ਦੀ ਰਖਸ਼ਾ ਕਰਦੇ ਹਨ। ਤੁਹਾਨੂੰ ਪਤਾ ਹੈ ਕਿ ਅੰਮ੍ਰਿਤਸਰ ਵਿਚ ਨਿਰੰਕਾਰੀਆਂ ਤੇ ਕਿੰਨਾਂ ਅਤਿਆਚਾਰ ਹੋਇਆ ਅਤੇ ਹੁਣ ਵੀ ਉਨ੍ਹਾਂ ਨਾਲ ਕੀ ਹਾਲ ਕੀਤਾ ਗਿਆ ਹੈ ? ਇਹ ਉਨ੍ਹਾਂ ਨੇ ਕਿਸ ਧਰਮ ਦੀ ਰਖਸ਼ਾ ਕੀਤੀ ਹੈ। ਇਹ ਤਾਂ ਇਹ ਚਾਹੁੰਦੇ ਹਨ ਕਿ ਆਪਣੇ ਧਰਮ ਦੀ ਰਖਸ਼ਾ ਕਰੋ, ਬਾਕੀ ਹੋਰ ਕੋਈ ਨਾ ਹੋਵੇ। ਮੈਂ ਕਹਿੰਦਾ ਹਾਂ ਕਿ ਇਸ ਪੰਜਾਬ ਵਿਚ ਸਾਰੇ ਧਰਮਾਂ ਦੇ ਆਦਮੀ ਰਹਿੰਦੇ ਹਨ। ਹਰੇਕ ਦਾ ਮਜ਼ਹਬ ਆਪਣਾ ਆਪਣਾ ਹੈ। ਗੁਰੂ ਗ੍ਰੰਥ ਸਾਹਿਬ ਨੇ ਵੀ ਸਾਰੇ ਰਿਸ਼ੀਆਂ ਮੁਨੀਆਂ ਨੂੰ ਮਾਣ ਦਿੱਤਾ ਹੈ । ਮਗਰ ਤੁਸੀਂ ਲੋਕਾਂ ਨੂੰ ਬਾਹਰ ਕਢ ਕੇ ਮਾਰਿਆ । ਇਥੇ ਕਤਲ ਹੁੰਦੇ ਰਹੇ । ਇਨ੍ਹਾਂ ਨੇ ਪੰਜਾਬ ਨੂੰ ਛੋਟਾ ਕਰ ਦਿੱਤਾ। ਲੋਕਾਂ ਨੂੰ ਉਜਾੜਿਆ ਗਿਆ।

**ਸਰਦਾਰ ਬਲਦੇਵ ਸਿੰਘ ਖਿਆਲਾ :** ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਰੈਲੇਵੈਂਟ ਬੋਲ ਰਹੇ ਹਨ ? ਜਿਹੜਾ ਨਿਰੰਕਾਰੀ ਦਾ ਕਤਲ ਹੋਇਆ ਹੈ ਉਹ ਹੁਣ ਤੁਹਾਡੇ ਰਾਜ ਵੇਲੇ ਹੀ ਹੋਇਆ ਹੈ। ਫਿਰ ਅੰਮ੍ਰਿਤਸਰ ਵਿਚ ਜਿਹੜੇ ਕਤਲ ਹੋਏ ਉਸ ਵਿਚ ਨਿਰੰਕਾਰੀਆਂ ਦਾ ਇਕ ਵਾਲ ਵਿੰਗਾ ਨਹੀਂ ਹੋਇਆ। ਪਰ ਹੁਣ ਜਿਹੜਾ ਦਿੱਲੀ ਕਤਲ ਹੋਇਆ ਹੈ ਉਸ ਦਾ ਕਾਤਿਲ ਹੁਣ ਤਕ ਇਹ ਟਰੇਸ ਨਹੀਂ ਕਰ ਸਕੇ।

**ਸ੍ਰੀ ਸਭਾਪਤੀ :** ਤੁਸੀਂ ਆਪਣੇ ਭਾਸ਼ਣ ਵਿਚ ਜੋ ਕਹਿਣਾ ਹੋਵੇ ਕਹਿ ਲੈਣਾ। ਹੁਣ ਤੁਸੀਂ ਇੰਟਰੱਪਟ ਨਾ ਕਰੋ ।

**ਸਰਦਾਰ ਦਰਸ਼ਨ ਸਿੰਘ ਕੇ.ਪੀ. :** ਚੇਅਰਮੈਨ ਸਾਹਿਬ, ਇਸ ਪੰਜਾਬ ਵਿਚ ਇਨ੍ਹਾਂ ਦੀ ਸਰਕਾਰ ਵੇਲੇ ਜਿਹੜੇ ਵੀ ਮਾਡਲ ਸਕੂਲ ਆਦਿ ਬਣਦੇ ਰਹੇ ਉਹ ਆਪਣੇ ਆਪਣੇ ਇਲਾਕਿਆਂ ਵਿਚ ਹੀ ਇਹ ਬਣਾਉਂਦੇ ਰਹੇ। ਹੋਰ ਪਾਸੇ ਕੋਈ ਧਿਆਨ ਨਹੀਂ ਦਿੱਤਾ। ਜਿਹੜੀ ਦਸ਼ਮੇਸ਼ ਅਕਾਡਮੀ ਸ੍ਰੀ ਅਨੰਦਪੁਰ ਸਾਹਿਬ ਬਣੀ ਹੈ, ਮੈਂ ਸ੍ਰੀ ਅਨੰਦਪੁਰ ਸਾਹਿਬ ਦਾ ਤਾਂ ਪੂਰਾ ਸਤਿਕਾਰ ਕਰਦਾ ਹਾਂ, ਪਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਰਸ਼ਨ ਸਿੰਘ ਕੇ.ਪੀ.]

ਇਸ ਅਕਾਡਮੀ ਵਿਚ ਜਿਹੜੇ ਬੱਚੇ ਪੜ੍ਹਦੇ ਹਨ ਉਹ ਬੜੇ ਵੱਡੇ ਵੱਡੇ ਜਾਗੀਰਦਾਰਾਂ ਦੇ ਹਨ। ਉਨ੍ਹਾਂ ਵਿਚ ਕੋਈ ਗਰੀਬ ਬੱਚਾ ਨਹੀਂ। ਕੋਈ ਸ਼ੈਡਿਊਲਡ ਕਾਸਟਸ ਲਈ ਰਿਜ਼ਰਵੇਸ਼ਨ ਨਹੀਂ ਰੱਖੀ ਗਈ। ਉਸ ਤੇ 10 ਕਰੋੜ ਰੁਪਿਆ ਲਾਇਆ ਗਿਆ ਹੈ। ਪਰ ਪੰਜਾਬ ਵਿਚ ਜਿਹੜੇ ਦੂਸਰੇ ਸਕੂਲ ਹਨ, ਉਨ੍ਹਾਂ ਵਿਚ ਬੱਚਿਆਂ ਦੇ ਬੈਠਣ ਲਈ ਤੱਪੜ ਤੱਕ ਵੀ ਨਹੀਂ। ਉਨ੍ਹਾਂ ਬੱਚਿਆਂ ਨੂੰ ਕੋਈ ਵਜ਼ੀਫਾ ਨਹੀਂ ਦਿੱਤਾ ਜਾਂਦਾ।

ਜੇਕਰ ਕੋਚਿੰਗ ਵਾਸਤੇ ਪੈਸੇ ਆਉਂਦੇ ਹਨ ਤਾਂ ਇਹ ਮਿਲਕੇ ਖਾ ਜਾਂਦੇ ਹਨ। 1000 ਰੁਪਿਆ ਕੋਚਿੰਗ ਵਾਸਤੇ ਆਇਆ ਤਾਂ ਇਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਨੇ ਮਿਲ ਕੇ ਖਾ ਲਿਆ। ਪੰਜਾਬ ਨੂੰ ਖੇਰੂੰ ਖੇਰੂੰ ਕੀਤਾ। ਚੇਅਰਮੈਨ ਸਾਹਿਬ, 1977 ਵਿਚ ਇਨ੍ਹਾਂ ਦੀ ਸਰਕਾਰ ਬਣੀ ਸੀ। ਹੁਣ ਉਹ ਟੁੱਟ ਗਈ ਹੈ। ਲੋਕ ਇਨ੍ਹਾਂ ਤੇ ਇਤਬਾਰ ਨਹੀਂ ਕਰਦੇ ਅਤੇ ਨਾ ਹੀ ਅੱਗੋਂ ਕਰਨਗੇ।

**ਸ੍ਰੀ ਸਭਾਪਤੀ** : ਹੁਣ ਖਤਮ ਕਰੋ।

**ਸਰਦਾਰ ਦਰਸ਼ਨ ਸਿੰਘ ਕੇ.ਪੀ.** : ਡਾਕਟਰ ਜਗਜੀਤ ਸਿੰਘ ਨੇ ਖਾਲਿਸਤਾਨ ਦਾ ਨਾਅਰਾ ਲਗਾਇਆ ਹੈ। ਕੋਈ ਵੱਧ ਪਾਵਰਾਂ ਦਾ ਨਾਅਰਾ ਲਗਾ ਰਿਹਾ ਹੈ। ਅਕਾਲੀ ਸਰਕਾਰ ਵੇਲੇ ਸ਼ੈਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਨੂੰ ਕੋਈ ਸਹੂਲਤ ਨਹੀਂ ਦਿੱਤੀ ਗਈ। ਜੋ ਸਾਡੇ ਮੁਲਕ ਵਿਚ ਲੋਕ ਸਦੀਆਂ ਤੋਂ ਪਛੜੇ ਹੋਏ ਹਨ ਉਨ੍ਹਾਂ ਵਾਸਤੇ ਰਿਜ਼ਰਵੇਸ਼ਨ ਰੱਖੀ ਗਈ ਸੀ। ਉਹ 10, 10 ਸਾਲਾਂ ਵਾਸਤੇ ਰੱਖੀ ਜਾਂਦੀ ਰਹੀ ਹੈ। ਹਰ 10 ਸਾਲ ਬਾਅਦ ਫਿਰ ਰੈਜ਼ੋਲਿਊਸ਼ਨ ਸਟੇਟਾਂ ਪਾਸ ਕਰਕੇ ਸੈਂਟਰ ਨੂੰ ਭੇਜਦੀਆਂ ਹਨ। ਪਰ ਅਕਾਲੀ ਸਰਕਾਰ ਨੇ ਐਸਾ ਨਹੀਂ ਕੀਤਾ। ਜਦੋਂ 1980 ਵਿਚ ਇਹ ਰਿਜ਼ਰਵੇਸ਼ਨ ਖਤਮ ਹੋਣੀ ਸੀ ਤਾਂ ਪੰਜਾਬ ਦੀ ਪਹਿਲੀ ਅਕਾਲੀ ਸਰਕਾਰ ਨੇ ਰੈਜ਼ੋਲਿਊਸ਼ਨ ਪਾਸ ਨਹੀਂ ਕੀਤਾ ਅਤੇ ਨਾ ਹੀ ਸੈਂਟਰ ਦੀ ਸਰਕਾਰ ਨੇ ਐਸਾ ਕੀਤਾ। ਹੁਣ ਜਦੋਂ ਇੰਦਰਾ ਗਾਂਧੀ ਜਿੱਤ ਕੇ ਆਈ ਤਾਂ ਸਭ ਤੋਂ ਪਹਿਲਾਂ ਕੰਮ ਰਿਜ਼ਰਵੇਸ਼ਨ ਦਾ ਕੀਤਾ। 10 ਸਾਲਾਂ ਲਈ ਹੋਰ ਰਿਜ਼ਰਵੇਸ਼ਨ ਵਿਚ ਵਾਧਾ ਕੀਤਾ ਗਿਆ ਹੈ। (ਥੰਪਿੰਗ) ਚੇਅਰਮੈਨ ਸਾਹਿਬ, ਇਹ ਸਹੀ ਗਲ ਹੈ। ਇਥੇ ਮਰਦਮ ਸ਼ੁਮਾਰੀ ਦੇ ਮੁਤਾਬਿਕ ਪੰਜਾਬ ਵਿਚ ਸ਼ੈਡਿਊਲਡ ਕਾਸਟਸ ਨੂੰ ਰਿਆਇਤ ਦੇਣੀ ਸੀ। ਜਦੋਂ 1971 ਵਿਚ ਮਰਦਮ-ਸ਼ੁਮਾਰੀ ਹੋਈ ਤਾਂ ਸ਼ੈਡਿਊਲਡ ਕਾਸਟ ਅਤੇ ਬੈਕਵਰਡ ਕਲਾਸਜ਼ ਦੇ ਲੋਕਾਂ ਦੀ ਰਿਜ਼ਰਵੇਸ਼ਨ 20% ਤੋਂ 25% ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੁਤਾਬਿਕ ਉਨ੍ਹਾਂ ਨੂੰ ਸਰਵਿਸਿਜ਼ ਵਿਚ ਹਿੱਸਾ ਨਹੀਂ ਮਿਲਿਆ। ਉਹ ਅਕਾਲੀ ਗੌਰਮਿੰਟ ਵੇਲੇ ਨਹੀਂ ਦਿੱਤੀ ਗਈ।

**Mr Chairman** : Please wind up.

**ਸਰਦਾਰ ਦਰਸ਼ਨ ਸਿੰਘ ਕੇ.ਪੀ.**: ਚੇਅਰਮੈਨ ਸਾਹਿਬ, 2--4 ਮਿੰਟ ਹੋਰ ਦੇ ਦਿਓ।

**ਸ੍ਰੀ ਸਭਾਪਤੀ** : ਤੁਸੀਂ ਸਿਰਫ਼ ਇਕ ਮਿੰਟ ਹੋਰ ਬੋਲ ਲਵੋ।

**ਸਰਦਾਰ ਦਰਸ਼ਨ ਸਿੰਘ ਕੇ.ਪੀ.**: ਚੇਅਰਮੈਨ ਸਾਹਿਬ, ਮੈਂ ਜ਼ਮੀਨਾਂ ਦੀ ਗੱਲ ਕਰਦਾ ਹਾਂ। ਜਿਨ੍ਹਾਂ ਦਾ ਹੱਕ ਬਣਦਾ ਹੈ, ਉਨ੍ਹਾਂ ਨੂੰ ਜ਼ਮੀਨਾਂ ਨਹੀਂ ਦਿੱਤੀਆਂ ਜਾਂਦੀਆਂ ਬਲਕਿ ਜਿਨ੍ਹਾਂ ਦਾ ਹੱਕ ਨਹੀਂ ਹੁੰਦਾ ਉਨ੍ਹਾਂ ਨੂੰ ਜ਼ਮੀਨਾਂ ਦੇ ਦਿੱਤੀਆਂ ਜਾਂਦੀਆਂ ਹਨ। ਸਭ ਤੋਂ ਜ਼ਰੂਰੀ ਗਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਹੁਣ ਪੰਜਾਬ ਦੀ ਨਵੀਂ ਸਰਕਾਰ ਬਣੀ ਤਾਂ ਪੰਜਾਬ ਦਾ ਵਾਤਾਵਰਣ ਠੀਕ ਹੋ ਗਿਆ। ਗੁੰਡਾ-ਗਰਦੀ ਨੂੰ ਕਾਬੂ ਕੀਤਾ ਗਿਆ ਹੈ। ਪੰਜਾਬ ਦੇ ਸ਼ੇਰ ਸਰਦਾਰ ਦਰਬਾਰਾ ਸਿੰਘ ਨੇ ਜੋ ਕਿ ਗਰੀਬਾਂ ਦਾ ਰਖਸ਼ਕ ਹੈ (ਥੰਪਿੰਗ) ਸਰਦਾਰ ਦਰਬਾਰਾ ਸਿੰਘ ਜੀ ਨੇ ਹਿੰਦੁਸਤਾਨ ਵਾਸਤੇ ਅਤੇ ਪੰਜਾਬ ਦੇ ਲੋਕਾਂ ਵਾਸਤੇ ਇਹ ਕੰਮ ਕੀਤਾ। ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਅਤੇ ਇਤਨੇ ਲਫ਼ਜ਼ ਕਹਿ ਕੇ ਆਪਦਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** (ਸਰਦੂਲਗੜ੍ਹ) : ਚੇਅਰਮੈਨ ਸਾਹਿਬ, ਇਹ ਜੋ ਗਵਰਨਰ ਐਡਰੈਸ ਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ ਹੈ, ਮੈਂ ਇਸ ਤੇ ਬੋਲਣ ਵਾਸਤੇ ਖੜ੍ਹਾ ਹੋਇਆ ਹਾਂ। ਜਿਥੋਂ ਤੱਕ ਗਵਰਨਰ ਸਾਹਿਬ ਦੇ ਅਹੁੱਦੇ ਦਾ ਸਵਾਲ ਹੈ ਅਸੀਂ ਉਨ੍ਹਾਂ ਦੀ ਇੱਜ਼ਤ ਕਰਦੇ ਹਾਂ। ਅਸੀਂ ਉਨ੍ਹਾਂ ਦਾ ਮਾਣ ਕਰਦੇ ਹਾਂ ਅਤੇ ਅਸੀਂ ਚਾਹੁੰਦੇ ਹਾਂ ਕਿ ਇਸ ਮਰਿਆਦਾ ਨੂੰ ਕਾਇਮ ਰੱਖੀਏ ਪਰ ਗਵਰਨਰ ਸਾਹਿਬ ਨੇ ਜੋ ਕੰਮ ਗਵਰਨਰੀ ਰਾਜ ਵੇਲੇ ਕੀਤੇ ਅਸੀਂ ਉਨ੍ਹਾਂ ਦੀ ਵਿਰੋਧਤਾ ਕਰਦੇ ਹਾਂ। ਇਸ ਲਈ ਸਾਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਉਸ ਦਿਨ ਵਾਕ-ਆਊਟ ਕਰਨੀ ਪਈ। (ਵਿਘਨ) ਮੈਂ ਰੈਪੀਟੀਸ਼ਨ ਨਹੀਂ ਕਰਾਂਗਾ। ਮੈਂ ਇਕ ਮਿਸਾਲ ਦੇਵਾਂਗਾ ਜਿਥੇ ਸਾਡੇ ਲੀਡਰ ਆਫ ਦੀ ਹਾਊਸ, ਮੁੱਖ ਮੰਤਰੀ ਜੀ ਨੇ ਇਹ ਕਿਹਾ ਹੈ ਕਿ Hathis orders frozen.....

**ਸ੍ਰੀ ਜੋਗਿੰਦਰ ਪਾਲ ਪਾਂਡੇ** : ਚੇਅਰਮੈਨ ਸਾਹਿਬ, ਭੂੰਦੜ ਜੀ ਨੇ ਉਸ ਅਖਬਾਰ ਦਾ ਜ਼ਿਕਰ ਕੀਤਾ ਹੈ ਜਿਸ ਦਾ ਜ਼ਿਕਰ ਚੀਫ ਮਨਿਸਟਰ ਸਾਹਿਬ ਪਹਿਲਾਂ ਕਰ ਚੁੱਕੇ ਹਨ ਕੀ ਇਹ ਇਰਰੈਲੇ-ਵੈਂਟ ਨਹੀਂ ਹੈ ? ਇਹ ਰਿਕਾਰਡ ਨਹੀਂ ਹੋਣਾ ਚਾਹੀਦਾ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਚੇਅਰਮੈਨ ਸਾਹਿਬ, ਮੈਂ ਰੈਲੇਵੈਂਟ ਹੀ ਬੋਲਾਂਗਾ।

**ਸ੍ਰੀ ਸਭਾਪਤੀ** : ਤੁਸੀਂ ਅਖਬਾਰਾਂ ਦਾ ਜ਼ਿਕਰ ਘੱਟ ਕਰੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਚੇਅਰਮੈਨ ਸਾਹਿਬ, ਮੈਂ ਗਲਤ ਗੱਲ ਨਹੀਂ ਕਹਾਂਗਾ। ਚੇਅਰਮੈਨ ਸਾਹਿਬ, ਜੋ ਗਲਤ ਫੈਸਲੇ ਗਵਰਨਰ ਸਾਹਿਬ ਨੇ ਲਏ ਹਨ, ਉਨ੍ਹਾਂ ਬਾਰੇ ਮੁੱਖ ਮੰਤਰੀ ਜੀ ਨੂੰ ਵੀ ਕਹਿਣਾ ਪਿਆ ਤਾਂ ਅਸੀਂ ਕਹਿਣਾ ਹੀ ਹੈ। ਗਲਤ ਅਪਵਾਇੰਟਮੈਂਟਸ ਹੋਈਆਂ ਅਤੇ ਬੇਇਨ-ਸਾਫੀਆਂ ਕੀਤੀਆਂ ਗਈਆਂ। ਚੇਅਰਮੈਨ ਸਾਹਿਬ, ਇਸੇ ਕਰਕੇ ਹੀ ਅਸੀਂ ਉਸ ਦਿਨ ਵਾਕ-ਆਊਟ ਕੀਤਾ। ਚੇਅਰਮੈਨ ਸਾਹਿਬ, ਗਵਰਨਰ ਸਾਹਿਬ, ਨੇ ਇਸ ਦੇ ਉਲਟ ਗੱਲ ਕੀਤੀ। 26 ਫਰਵਰੀ, 1979, ਨੂੰ ਜੋ ਐਡਰੈਸ ਪੜ੍ਹਿਆ ਗਿਆ ਸੀ ਹੁਣ ਉਸ ਦੇ ਉਲਟ ਪੜ੍ਹਿਆ ਗਿਆ ਹੈ। ਹੁਣ ਦੇ ਐਡਰੈਸ ਵਿਚ ਮੰਦੀ ਆਰਥਿਕ ਹਾਲਤ, ਕੀਮਤਾਂ ਵਿਚ ਵਾਧਾ ਅਤੇ ਐਗਰੀਕਲਚਰ ਦੀ ਪ੍ਰੋਡਕਸ਼ਨ ਦੇ ਫੇਲ੍ਹ ਹੋਣ ਬਾਰੇ ਕਿਹਾ ਗਿਆ ਹੈ। ਇਹ ਮੁੱਖ ਗੱਲਾਂ ਹਨ। ਪਿਛਲੇ ਸਾਲ ਇਸ ਦੇ ਬਿਲਕੁਲ ਉਲਟ ਉਨ੍ਹਾਂ ਨੇ ਕਿਹਾ (ਵਿਘਨ) (ਸ਼ੋਰ) ਮੈਂ ਰਿਕੁਐਸਟ ਕਰਦਾ ਹਾਂ ਕਿ ਪਿਛਲੇ ਸਾਲ ਗਵਰਨਰ ਐਡਰੈਸ ਵਿਚ ਗਵਰਨਰ ਸਾਹਿਬ ਨੇ ਖੁਦ ਕਿਹਾ ਸੀ ਕਿ ਖੇਤੀਬਾੜੀ ਵਿਚ 23% ਵਾਧਾ ਹੋਇਆ। ਪਿਛਲੇ ਦੋ ਸਾਲਾਂ ਦੇ ਰਿਜ਼ੀਮ ਵਿਚ ਅਕਾਲੀ ਸਰਕਾਰ ਵੇਲੇ ਹੀ ਇਹ ਵਾਧਾ ਹੋਇਆ। ਚੇਅਰਮੈਨ ਸਾਹਿਬ, ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ ਅਤੇ ਇਸ ਦਾ ਅੰਦਾਜ਼ਾ ਇਸ ਗੱਲ ਤੇ ਲਗਾਇਆ ਜਾ ਸਕਦਾ ਹੈ। ਜਿਸ ਤਰ੍ਹਾਂ ਕਹਾਵਤ ਹੈ ਕਿ 'ਜਿਸ ਦੀ ਕੋਠੀ ਵਿਚ ਦਾਣੇ ਉਸ ਦੇ ਕਮਲੇ ਵੀ ਸਿਆਣੇ'। ਚੇਅਰਮੈਨ ਸਾਹਿਬ, ਜਿਸ ਰਾਜ ਵਿਚ 23% ਖੇਤੀਬਾੜੀ ਵਿਚ ਸਾਲ ਵਿਚ ਵਾਧਾ ਹੋਇਆ ਹੋਵੇ ਤਾਂ ਉਸ ਰਾਜ ਨੂੰ ਕਿਵੇਂ ਮੰਦਾ ਕਿਹਾ ਜਾ ਸਕਦਾ ਹੈ। ਰਿਕਾਰਡ ਤੋਂ ਪਤਾ ਲਗਦਾ ਹੈ ਕਿ ਯੂ.ਐਸ.ਐਸ.ਆਰ., ਕੈਨੇਡਾ ਅਤੇ ਅਮਰੀਕਾ ਨਾਲੋਂ ਇਥੇ ਉਪਜ ਵਿਚ ਇਹ ਭਾਰੀ ਵਾਧਾ ਹੋਇਆ। ਯੂ.ਐਸ.ਐਸ.ਆਰ. ਵਿਚ 14.29 ਕਵਿੰਟਲ, ਕੈਨੇਡਾ ਵਿਚ 18.22 ਕਵਿੰਟਲ, ਅਮਰੀਕਾ ਵਿਚ 20.46 ਕਵਿੰਟਲ ਅਤੇ ਪੰਜਾਬ ਵਿਚ 26 ਕਵਿੰਟਲ ਪੈਡੀ ਦੀ ਪਰ ਏਕੜ ਯੀਲਡ ਹੋਈ। ਇਸ ਤੋਂ ਵਾਧੇ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਐਗਰੀਕਲਚਰਲ ਪ੍ਰੋਡਕਸ਼ਨ 1974 ਤੋਂ 1977 ਵਿਚ 5.12 ਮਿਲੀਅਨ ਮੀਟਿਕ ਟਨ ਹੋਈ ਔਰ 1977-79 ਯਾਨੀ ਦੋ ਸਾਲਾਂ ਵਿਚ ਇਹ ਵੱਧ ਕੇ 9.12 ਮਿਲੀਅਨ ਮੀਟ੍ਰਿਕ ਟਨ ਹੋਈ। ਇਸ ਤਰ੍ਹਾਂ ਇਹ ਦੋ ਸਾਲਾਂ ਵਿਚ ਡਬਲ ਹੋ ਗਈ। ਇਸ ਲਈ ਅਸੀਂ ਕਿਵੇਂ ਇਸ ਗਵਰਨਰ ਐਡਰੈਸ ਨਾਲ ਸਹਿਮਤ ਹੋ ਸਕਦੇ ਹਾਂ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਚੇਅਰਮੈਨ ਸਾਹਿਬ, ਫਿਰ ਇਹ ਕਹਿੰਦੇ ਹਨ ਕਿ ਕੀਮਤਾਂ ਵਿਚ ਵਾਧਾ ਹੋਇਆ ਹੈ। ਮੈਂ ਕਹਿੰਦਾ ਹਾਂ ਕਿ ਪਿਛਲੇ ਸਾਲ ਦੀਆਂ ਕੀਮਤਾਂ ਅਤੇ ਹੁਣ ਦੇ ਸਾਲ ਦੀਆਂ ਕੀਮਤਾਂ ਵੇਖ ਲਵੋ। ਟ੍ਰਿਬਿਊਨ ਅਖਬਾਰ ਵਿਚ ਦਿੱਤੇ ਅੰਕੜੇ ਵੇਖ ਲਵੋ। ਚੇਅਰਮੈਨ ਸਾਹਿਬ, ਤੁਸੀਂ ਯੂਰੀਆ ਅਤੇ ਡੀ.ਏ.ਪੀ. ਦੋਨਾਂ ਨੂੰ ਹੀ ਲੈ ਲਵੋ। 1974 ਵਿਚ ਕਾਂਗਰਸ ਸਰਕਾਰ ਸੀ ਤਾਂ ਯੂਰੀਆ 1050 ਰੁਪਏ ਟਨ ਸੀ ਅਤੇ 1974 ਤੋਂ ਬਾਅਦ ਵਿਚ 2000 ਰੁਪਏ ਟਨ ਹੋ ਗਿਆ ਪਰ ਸਾਡੇ ਰਿਜੀਮ ਵਿਚ ਇਸ ਦਾ ਰੇਟ ਘੱਟ ਕੇ 1450 ਰੁਪਏ ਪਰ ਟਨ ਹੋ ਗਿਆ। ਪਰ ਬਦਕਿਸਮਤੀ ਨਾਲ ਫਿਰ ਇਹ 2,000 ਰੁਪਏ ਪਰ ਟਨ ਹੋ ਗਿਆ ਹੈ। ਡੀ.ਏ.ਪੀ. 1974 ਵਿਚ 3,000 ਰੁਪਏ ਪਰ ਟਨ ਸੀ ਅਤੇ ਸਾਡੇ ਰਿਜੀਮ ਵਿਚ ਇਹ ਘਟ ਕੇ 2,200 ਰੁਪਏ ਪਰ ਟਨ ਹੋ ਗਿਆ। ਹੁਣ ਫਿਰ ਇਸ ਦਾ ਰੇਟ ਵੱਧ ਕੇ 3050 ਰੁਪਏ ਪਰ ਟਨ ਹੋ ਗਿਆ ਹੈ।

ਇਥੇ ਪੰਜਾਬ ਵਿਚ 224 ਕਰੋੜ ਰੁਪਏ ਦੀ ਖਾਦ ਦੀ ਸਾਲਾਨਾ ਖੱਪਤ ਹੁੰਦੀ ਹੈ। ਇਸ ਦੇ ਰੇਟਾਂ ਵਿਚ 38% ਵਾਧਾ ਹੋਣ ਕਰਕੇ ਕਿਸਾਨਾਂ ਨੂੰ 90 ਕਰੋੜ ਰੁਪਏ ਖਾਦ ਤੇ ਹੋਰ ਜ਼ਿਆਦਾ ਖਰਚ ਪੈਣਗੇ। ਇਸ ਤਰ੍ਹਾਂ ਨਾਲ ਇਨ੍ਹਾਂ ਦੀ ਆਰਥਿਕ ਹਾਲਤ ਕਿਵੇਂ ਠੀਕ ਰਹਿ ਸਕਦੀ ਹੈ। ਡੀਜ਼ਲ ਦੀ ਕੀਮਤ ਵਿਚ 65 ਪੈਸੇ ਪਰ ਲਿਟਰ ਦਾ ਵਾਧਾ ਹੋ ਗਿਆ ਹੈ। ਪੰਜਾਬ ਵਿਚ 90,000 ਲਿਟਰ ਪਰ ਮੰਥ ਡੀਜ਼ਲ ਦੀ ਡੀਮਾਂਡ ਹੈ। 12 ਮਹੀਨਿਆਂ ਦੇ ਹਿਸਾਬ ਨਾਲ ਇਕ ਸਾਲ ਦਾ 70 ਕਰੋੜ ਰੁਪਿਆ ਕਿਸਾਨਾਂ ਨੂੰ ਜ਼ਿਆਦਾ ਦੇਣਾ ਪੈਣਾ ਹੈ। ਇਨ੍ਹਾਂ ਦੋ ਮੇਜਰ ਆਈਟਮਾਂ ਦੇ ਨਾਲ ਹੀ ਲੋਕਾਂ ਤੇ 160 ਕਰੋੜ ਰੁਪਏ ਦਾ ਬੋਝ ਪਾ ਦਿੱਤਾ ਗਿਆ ਹੈ। ਇਸ ਨਾਲ ਦੂਸਰੀਆਂ ਚੀਜ਼ਾਂ ਦੀਆਂ ਕੀਮਤਾਂ ਤੇ ਵੀ ਅਸਰ ਪਏਗਾ। ਲੋਕਾਂ ਨੂੰ ਆਦਤ ਪੈ ਗਈ ਹੈ ਕਿ ਸਵੇਰੇ ਉਠਦੇ ਹੀ ਚਾਹ ਚਾਹੀਦੀ ਹੈ। ਜੋ ਪਹਿਲਾਂ 2 ਰੁਪਏ ਕਿਲੋ ਗੁੜ ਵਿਕਦਾ ਸੀ ਉਹ ਹੁਣ 5 ਰੁਪਏ ਕਿਲੋ ਹੋ ਗਿਆ ਹੈ। (ਵਿਘਨ)।

(ਕੁਝ ਆਵਾਜ਼ਾਂ: ਤੁਸੀਂ ਖੇਤੀਬਾੜੀ ਮੰਤਰੀ ਸੀ)

**ਸਰਦਾਰ ਬਲਵਿੰਦਰ ਸਿੰਘ ਭੂੰਦੜ:** ਚੇਅਰਮੈਨ ਸਾਹਿਬ, ਪਾਰਟੀ ਦੇ ਤੌਰ ਤੇ ਮੈਂ ਕਿਸੇ ਨੂੰ ਕੁੱਝ ਨਹੀਂ ਕਹਿ ਰਿਹਾ ਹਾਂ। ਮੈਂ ਤਾਂ ਸਟੇਟ ਦੀ ਪੁਜ਼ੀਸ਼ਨ ਵਰਨਣ ਕਰ ਰਿਹਾ ਹਾਂ। ਮੈਨੂੰ ਮਾੜਾ ਕਹਿੰਦੇ ਹੋ, ਕੋਈ ਹਰਜ ਨਹੀਂ। ਪਰ ਸੂਬੇ ਨੂੰ ਤਾਂ ਨਾ ਮਾਰੋ। ਮੈਂ ਇਹ ਕਹਿ ਰਿਹਾ ਸੀ ਕਿ ਅਕਾਲੀ ਪਾਰਟੀ ਦੇ ਰਾਜ ਵਿਚ 3 ਰੁਪਏ ਕਿਲੋ ਦੇ ਹਿਸਾਬ ਨਾਲ ਚੀਨੀ ਵਿੱਕੀ ਪਰ ਹੁਣ 7 ਰੁਪਏ ਕਿਲੋ ਦੇ ਹਿਸਾਬ ਨਾਲ ਵੀ ਚੀਨੀ ਨਹੀਂ ਮਿਲਦੀ। ਇਸ ਤਰ੍ਹਾਂ ਕੀਮਤਾਂ ਵਿਚ ਵਾਧਾ ਕਰਕੇ ਪੰਜਾਬ ਦੇ ਕਿਸਾਨਾਂ ਨਾਲ ਮਖੌਲ ਕੀਤਾ ਗਿਆ ਹੈ। ਇਕ ਕਿਲੋ ਕਣਕ ਲਈ ਦੁੱਕੀ ਵਧਾਈ ਗਈ ਹੈ। ਪ੍ਰਾਈਮਰੀ ਹਾਈਕ ਨਾਲ ਕਿਚਨ ਵੀ ਹਿੱਟ ਹੁੰਦਾ ਹੈ। ਕਿਸ ਢੰਗ ਨਾਲ ਪ੍ਰਾਈਸਿਜ਼ ਵਧ ਰਹੀਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕਣਕ ਮਗਰ ਇਕ ਦੁੱਕੀ ਵਧਾ ਕੇ ਹੋਰ ਲੋੜੀਂਦੀਆਂ ਚੀਜ਼ਾਂ ਦੀਆਂ ਕੀਮਤਾਂ ਵਿਚ ਕਾਫੀ ਵਾਧਾ ਕੀਤਾ ਗਿਆ ਹੈ। ਖੰਡ ਦੀ ਕੀਮਤ ਵਿਚ 3.50 ਰੁਪਏ ਦਾ ਵਾਧਾ ਕੀਤਾ ਗਿਆ ਹੈ। ਗੁੜ ਵਿਚ 2.50 ਰੁਪਏ ਦਾ ਵਾਧਾ ਕੀਤਾ ਗਿਆ ਹੈ, ਯੂਰੀਆ ਵਿਚ 55 ਪੈਸੇ ਕਿਲੋ ਮਗਰ ਔਰ ਡੀਜ਼ਲ ਵਿਚ 65 ਪੈਸੇ ਲਿਟਰ ਮਗਰ ਵਾਧਾ ਕੀਤਾ ਗਿਆ ਹੈ। ਇਸ ਤਰ੍ਹਾਂ ਹਰ ਚੀਜ਼ ਦੀ ਕੀਮਤ ਵਿਚ ਕੋਈ 60% ਜਾਂ 65% ਦਾ ਵਾਧਾ ਹੋ ਗਿਆ ਹੈ। ਇਸ ਨਾਲ ਕਿਸਾਨਾਂ ਤੇ, ਸ਼ਹਿਰਾਂ ਤੇ ਔਰ ਕਾਰਖਾਨਿਆਂ ਤੇ ਬਹੁਤ ਬੁਰਾ ਅਸਰ ਪਏਗਾ; ਇਸ ਲਈ ਮੈਂ ਕਿਸ ਤਰ੍ਹਾਂ ਨਾਲ ਗਵਰਨਰ ਸਾਹਿਬ ਦੇ ਭਾਸ਼ਣ ਦੇ ਮਤੇ ਨੂੰ ਸਪੋਰਟ ਕਰ ਸਕਦਾ ਹਾਂ। ਪਿਛਲੇ ਤਿੰਨ ਸਾਲ ਸਟੇਬਲ ਕੀਮਤਾਂ ਰਹੀਆਂ ਹਨ ਪਰ ਹੁਣ ਇਹ ਪਿਛਲੇ ਤਿੰਨ ਮਹੀਨਿਆਂ ਵਿਚ ਹੀ ਐਨੀਆਂ ਕੀਮਤਾਂ ਵੱਧ ਗਈਆਂ ਹਨ ਕਿ ਜਿਸ ਦਾ ਕੋਈ ਹਿਸਾਬ ਨਹੀਂ। ਇਸ ਬਾਰੇ ਮੈਂ ਇਕ ਨਿਊਜ਼ ਦੱਸਦਾ ਹਾਂ। ਇਹ ਅਖਬਾਰਾਂ ਵਿਚ ਆਇਆ ਹੈ। ਤਿੰਨ ਸਾਲ ਪਰਾਈਸਿਜ਼

Original with;
Punjab Vidhan Sabha
Digitized by;
Panjab Digital Library

ਸਟੇਬਲ ਰਹਿਣ ਉਪਰੰਤ ਹੁਣ ਕੋਈ ਦਸੰਬਰ ਜਾਂ ਜਨਵਰੀ ਤੋਂ ਪਰਾਈਸਿਜ਼ ਚੜ੍ਹਣੀਆਂ ਸ਼ੁਰੂ ਹੋ ਗਈਆਂ ਹਨ। ਪਿਛਲੇ ਸਾਲ ਦੇ ਮੁਕਾਬਲੇ 19.1% ਐਵਰੇਜ਼ ਪਰਾਈਸਿਜ਼ ਚੜ੍ਹੀਆਂ ਹਨ। ਇਹ ਪਰਾਈਸਿਜ਼ ਕੋਈ ਪਿਛਲੇ ਦੋ ਮਹੀਨਿਆਂ ਵਿਚ ਹੀ ਚੜ੍ਹੀਆਂ ਹਨ। ਬੱਚੇ ਵਿਚਾਰੇ ਕੁਲਫੀ ਅਤੇ ਗੋਲ ਗੱਪੇ ਵੀ ਨਹੀਂ ਲੈ ਕੇ ਖਾ ਸਕਣਗੇ। ਇਸ ਬਾਰੇ ਇਸ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਇਸ ਤੋਂ ਅਗੇ ਸਾਡੇ ਤੇ ਇਲਜ਼ਾਮ ਲਗਾਇਆ ਗਿਆ ਹੈ ਕਿ ਜ਼ਰੂਰੀ ਚੀਜ਼ਾਂ ਦੀ ਕਮੀ ਸੀ। ਇਹ ਠੀਕ ਹੈ ਕਿ ਉਸ ਵੇਲੇ ਡੀਜ਼ਲ ਦੀ ਕਮੀ ਸੀ। (ਵਿਘਨ)

**ਸ੍ਰੀ ਸਭਾਪਤੀ** : ਹੋਰ ਕਿੰਨਾ ਸਮਾਂ ਤੁਸੀਂ ਬੋਲਣਾ ਚਾਹੁੰਦੇ ਹੋ ?

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਚੇਅਰਮੈਨ ਸਾਹਿਬ, ਮੈਂ ਕੋਈ 30,35 ਮਿੰਟ ਹੋਰ ਲਵਾਂਗਾ।

**ਸ੍ਰੀ ਸਭਾਪਤੀ** : 3 ਘੰਟੇ 15 ਮਿੰਟ ਅਕਾਲੀ ਪਾਰਟੀ ਦਾ ਕੁਲ ਟਾਈਮ ਹੈ ਔਰ ਹਾਲੇ ਹੋਰ ਤੁਹਾਡੇ ਮੈਂਬਰਾਂ ਨੇ ਬੋਲਣਾ ਹੈ। 5, 10 ਮਿੰਟਾਂ ਵਿਚ ਤੁਸੀਂ ਮੁਕਾ ਦਿਓ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਾਡੇ ਵੇਲੇ ਡੀਜ਼ਲ ਦੀ ਕਮੀ ਜ਼ਰੂਰ ਸੀ ਪਰ ਅੱਜ ਡੀਜ਼ਲ ਦੀ ਕਮੀ ਹੀ ਨਹੀਂ ਬਲਕਿ ਇਸ ਦੀ ਕੀਮਤ ਵਿਚ ਵਾਧਾ ਵੀ ਕਰ ਦਿੱਤਾ ਗਿਆ ਹੈ। 1 ਮਹੀਨੇ ਵਿਚ 1 ਟਰੈਕਟਰ ਨੂੰ 20 ਲਿਟਰ ਤੇਲ ਮਿਲਦਾ ਹੈ। ਇਸ ਚੀਜ਼ ਦਾ ਘੋਖ ਕਰਨ ਲਈ ਭਾਵੇਂ ਤੁਸੀਂ ਹਾਊਸ ਦੀ ਕਮੇਟੀ ਬਣਾ ਦਿਓ। ਜ਼ਿਲਾ ਬਠਿੰਡਾ ਵਿਚ ਅਸੀਂ 3 ਐਮ.ਐਲ.ਏ. ਉਸ ਤਹਿਸੀਲ ਨੂੰ ਬੀਲੌਂਗ ਕਰਦੇ ਹਾਂ। ਕੋਇਲੇ ਨਾਲ ਇੰਡਸਟਰੀ ਚਲਦੀ ਹੈ। ਇਕ ਮਹੀਨੇ ਦਾ 96 ਰੈਕਸ ਦਾ ਕੋਟਾ ਹੈ। ਪਰ ਪਿਛਲੇ ਮਹੀਨੇ ਕੋਈ ਕੋਟਾ ਨਹੀਂ ਆਇਆ ਅਤੇ ਕੋਈ ਰੈਕ ਨਹੀਂ ਆਇਆ। ਫਿਰ ਇੰਡਸਟਰੀ ਕਿਵੇਂ ਚਲੇਗੀ। ਨਾ ਇਥੇ ਤੇਲ ਮਿਲਦਾ ਹੈ, ਨਾ ਕੋਲਾ ਮਿਲਦਾ ਹੈ ਔਰ ਨਾ ਹੀ ਸੀਮਿੰਟ ਮਿਲਦਾ ਹੈ। ਡੀਮਾਂਡ ਸੀਮਿੰਟ ਦੀ 3 ਲੱਖ ਟਨ ਪਰ ਮੰਥ ਹੈ। ਐਲੋਕੇਟ 2 ਲੱਖ ਟਨ ਪਰ ਮੰਥ ਕੀਤਾ ਗਿਆ ਪਰ ਜੋ ਸੀਮਿੰਟ ਰਿਸੀਵ ਹੋਇਆ ਹੈ ਉਹ ਕੇਵਲ 70,000 ਟਨ ਪਰ ਮੰਥ ਹੈ। ਇਨ੍ਹਾਂ ਹਾਲਾਤ ਵਿਚ ਸੂਬੇ ਦੀ ਡਿਵੈਲਪਮੈਂਟ ਕਿਵੇਂ ਚਲੇਗੀ। ਇਹ ਚੀਜ਼ਾਂ ਮੋਟੀਆਂ ਮੋਟੀਆਂ ਹਨ। ਬਾਕੀ ਖੰਡ ਆਦਿ ਵਾਸਤੇ ਮੈਂ ਪਹਿਲਾਂ ਹੀ ਅਰਜ਼ ਕਰ ਚੁੱਕਾ ਹਾਂ। ਗਵਰਨਰ ਸਾਹਿਬ ਐਡਰੈਸ ਵਿਚ ਇਨ੍ਹਾਂ ਚੀਜ਼ਾਂ ਦਾ ਕੋਈ ਹੱਲ ਪਰਪੋਜ਼ ਕਰਦੇ ਤਾਂ ਚੰਗਾ ਹੁੰਦਾ। ਪਿਛਲੇ ਤਿੰਨ ਮਹੀਨਿਆਂ ਵਿਚ ਹੁਣ ਦੀ ਸਰਕਾਰ ਨੇ ਇਥੇ ਦਾ ਭੱਠਾ ਬਿਠਾ ਦਿੱਤਾ ਹੈ। ਜੇ ਇਨ੍ਹਾਂ ਮੁਸ਼ਕਲਾਤ ਨੂੰ ਹਲ ਕਰਨ ਵਾਸਤੇ ਇਸ ਐਡਰੈਸ ਵਿਚ ਕੁਝ ਲਿਖਿਆ ਹੁੰਦਾ ਤਾਂ ਅਸੀਂ ਜ਼ਰੂਰ ਇਸ ਐਡਰੈਸ ਤੇ ਧੰਨਵਾਦ ਦੇ ਮਤੇ ਦੀ ਸਪੋਰਟ ਕਰਦੇ। ਇਨ੍ਹਾਂ ਨੇ ਇਕ ਚੀਜ਼ ਲੱਭ ਲਈ ਹੈ ਕਿ 40 ਕਰੋੜ ਦਾ ਘਾਟਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਸਾਡੇ ਵੇਲੇ ਦੇ ਫੋਕਲ ਪੁਆਇੰਟ ਮਾੜੇ ਸਨ, ਪਨਸਪ ਦੀਆਂ ਦੁਕਾਨਾਂ ਠੀਕ ਨਹੀਂ ਸਨ ਔਰ ਪੰਚਾਇਤੀ ਰਾਜ ਉਦੋਂ ਫੇਲ੍ਹ ਕੀਤਾ ਗਿਆ। ਇਨ੍ਹਾਂ ਤਿੰਨਾਂ ਕਮੀਆਂ ਬਾਰੇ ਕਿਹਾ ਜਾ ਰਿਹਾ ਹੈ। ਪਰ ਇਹ ਨਹੀਂ ਕਿਹਾ ਜਾ ਰਿਹਾ ਕਿ ਇਨ੍ਹਾਂ ਦੀ ਥਾਂ ਤੇ ਹੋਰ ਨਵੀਆਂ ਸਕੀਮਾਂ ਕੀ ਹਨ, ਜਿਨ੍ਹਾਂ ਨਾਲ ਕਿ ਸਟੇਟ ਹੋਰ ਅੱਗੇ ਵੱਧ ਸਕੇਗੀ। ਸਾਡੇ ਰਿਜ਼ੀਮ ਵਿਚ 30 ਬੈਡਜ਼ ਦੇ ਹਸਪਤਾਲ ਪਿੰਡਾਂ ਵਿਚ ਪਹੁੰਚਾਏ ਗਏ। ਮਾਡਲ ਸਕੂਲ ਖੋਲ੍ਹੇ ਗਏ ਤਾਕਿ ਜਿਨ੍ਹਾਂ ਨੇ ਆਈ.ਏ. ਐਸ. ਜਾਂ ਆਈ. ਪੀ. ਐਸ. ਦੇ ਇਮਤਿਹਾਨਾਂ ਵਿਚ ਬੈਠਣਾ ਹੈ ਉਹ ਇਨਾਂ ਸਕੂਲਾਂ ਤੋਂ ਚੰਗੀ ਸਿਖਿਆ ਪ੍ਰਾਪਤ ਕਰ ਸਕਣ ਅਤੇ ਫਾਇਦਾ ਉਠਾ ਸਕਣ। ਪਨਸਪ ਦੀਆਂ ਦੁਕਾਨਾਂ ਖੋਲ੍ਹਣ ਨਾਲ ਪਿਛਲੇ ਤਿੰਨ ਸਾਲ ਚੀਜ਼ਾਂ ਦੀਆਂ ਪ੍ਰਾਈਸਿਜ਼ ਸਟੇਬਲ ਰਹੀਆਂ ਹਨ। ਇਹ ਹੁਣ ਕਹਿੰਦੇ ਹਨ ਕਿ ਫੋਕਲ ਪੁਆਇੰਟਸ ਮਾੜੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਚੌਧਰੀ ਬਲਰਾਮ ਦੇ ਪਿੰਡ ਮੌਜਗੜ੍ਹ ਨੂੰ ਫੋਕਲ ਪੁਆਇੰਟ ਨਹੀਂ ਬਣਾਇਆ ਗਿਆ ਸੀ ਉਸ ਲਈ ਇਨ੍ਹਾਂ ਦਾ ਕਾਕਾ ਸੱਜਣ ਕੁਮਾਰ ਕਈ ਵਾਰੀ ਆਇਆ ਕਿ ਉਸ ਪਿੰਡ ਨੂੰ ਫੋਕਲ ਪੁਆਇੰਟ ਬਣਾਇਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਜਾਏ। ਫੋਕਲ ਪੁਆਇੰਟਸ ਬਣਾਉਣ ਲਈ ਛੇ, ਛੇ ਸੌ ਬੰਦਿਆਂ ਦੇ ਡੇਪੂਟੇਸ਼ਨਜ਼ ਆਉਂਦੇ ਸਨ ਕਿ ਉਥੇ ਫੋਕਲ ਪੁਆਇੰਟ ਬਣਾਇਆ ਜਾਏ। ਹੁਣ ਦੇ ਵਜ਼ੀਰਾਂ ਕੋਲ ਕੋਈ ਨਹੀਂ ਜਾਂਦਾ ਕਿਉਂਕਿ ਇਨ੍ਹਾਂ ਕੋਲ ਨਾ ਤੇਲ ਹੈ, ਨਾ ਸੀਮਿੰਟ ਹੈ ਅਤੇ ਨਾ ਹੀ ਕੋਈ ਹੋਰ ਲੋੜੀਂਦੀ ਚੀਜ਼ ਹੈ ਜੋ ਕਿ ਕਿਸੇ ਨੂੰ ਦੇ ਸਕਣ। ਸਾਡੇ ਚਲਾਏ ਹੋਏ ਫੋਕਲ ਪੁਆਇੰਟ ਦੇ ਪ੍ਰੋਗਰਾਮ ਨੂੰ ਸਾਰਿਆਂ ਨੇ ਸਰਾਹਿਆ ਹੈ। ਇਥੋਂ ਤਕ ਕਿ ਪਾਕਿਸਤਾਨ ਦੇ ਐਡਵਾਈਜ਼ਰ ਜਦ ਆਏ ਸਨ ਤਾਂ ਉਨ੍ਹਾਂ ਨੇ ਵੀ ਇਸ ਸਕੀਮ ਨੂੰ ਬਹੁਤ ਅੱਛਾ ਕਿਹਾ ਸੀ, ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਇਹ ਇਕ ਬਹੁਤ ਅੱਛੀ ਸਕੀਮ ਬਾਦਲ ਸਾਹਿਬ ਦੀ ਸਰਕਾਰ ਨੇ ਪਿੰਡਾਂ ਦੇ ਲੋਕਾਂ ਦੀ ਭਲਾਈ ਲਈ ਬਣਾਈ ਹੈ। (ਤਾੜੀਆਂ) ਇਹ ਠੀਕ ਹੈ ਕਿ ਜੇ ਕੋਈ ਕਮੀਆਂ ਹਨ ਤਾਂ ਉਨ੍ਹਾਂ ਨੂੰ ਇੰਪਰੂਵ ਕਰਨਾ ਚਾਹੀਦਾ ਹੈ। ਪਰ ਚੰਗੇ ਕੰਮ ਨੂੰ ਐਵੇਂ ਮਾੜਾ ਕਹੀ ਜਾਣਾ, ਇਹ ਠੀਕ ਨਹੀਂ ਹੈ। ਇਹ ਕਹਿੰਦੇ ਹਨ ਕਿ ਅਕਾਲੀ ਸਰਕਾਰ 40 ਕਰੋੜ ਰੁਪਏ ਦਾ ਘਾਟਾ ਦੇ ਗਈ ਸੀ। ਪਰ ਮੈਂ ਕਹਿੰਦਾ ਹਾਂ ਕਿ ਜਦ ਇਹ ਗਏ ਸੀ ਤਾਂ ਸਾਨੂੰ 90 ਕਰੋੜ ਰੁਪਏ ਦਾ ਘਾਟਾ ਦੇ ਗਏ ਸੀ। ਇਨ੍ਹਾਂ ਨੇ 30 ਸਾਲ ਰਾਜ ਕੀਤਾ ਅਤੇ ਜਾਂਦੇ ਹੋਏ 90 ਕਰੋੜ ਰੁਪਏ ਦਾ ਘਾਟਾ ਦੇ ਕੇ ਚਲੇ ਗਏ ਸੀ। ਪਰ ਫਿਰ ਵੀ ਅਸੀਂ ਬਹੁਤ ਸਾਰੀਆਂ ਸਕੀਮਾਂ ਚਲਾਈਆਂ, ਜਿਵੇਂ ਕਿ ਖਾਲੇ ਪੱਕੇ ਕੀਤੇ, ਸੜਕਾਂ ਬਣਾਈਆਂ, ਫੋਕਲ ਪੁਆਇੰਟ ਬਣਾਏ, ਪੇ-ਕਮਿਸ਼ਨ ਦੀ ਰਿਪੋਰਟ ਲਾਗੂ ਕਰਕੇ ਮੁਲਾਜ਼ਮਾਂ ਦੇ ਪੈਸੇ ਵਧਾਏ, ਗਰੀਬਾਂ ਨੂੰ ਬਗੈਰ ਸੂਦ ਤੋਂ ਪੈਸੇ ਦਿੱਤੇ। ਗਰੀਬਾਂ ਨੂੰ ਪੰਜ ਹਜ਼ਾਰ ਤੋਂ 25 ਹਜ਼ਾਰ ਰੁਪਏ ਤੱਕ ਬਗੈਰ ਵਿਆਜ ਤੇ ਲੰਬੀਆਂ ਕਿਸ਼ਤਾਂ ਤੇ ਪੈਸੇ ਦਿੱਤੇ ਗਏ। ਸਾਡੀ ਸਰਕਾਰ ਗੁਰੂ ਗੋਬਿੰਦ ਸਿੰਘ ਦੇ ਪੂਰਨਿਆਂ ਤੇ ਚੱਲਣ ਵਾਲੀ ਸਰਕਾਰ ਸੀ। ਅਸੀਂ ਕਿਸੇ ਤੋਂ ਝੂਠੇ ਅੰਗੂਠੇ ਨਹੀਂ ਸੀ ਲਗਵਾਏ ਅਤੇ ਗਰੀਬਾਂ ਦੇ ਗਹਿਣੇ ਰਹਿਣ ਨਹੀ ਸੀ ਕੀਤੇ ਸਗੋਂ ਉਨ੍ਹਾਂ ਗਰੀਬਾਂ ਨੂੰ ਬਿਨਾਂ ਸੂਦ ਤੋਂ ਲੰਬੀਆਂ ਕਿਸ਼ਤਾਂ ਤੇ ਪੈਸੇ ਦਿਤੇ ਸੀ। ਅਸੀ ਅਨਇੰਪਲਾਇਮੈਂਟ ਐਲਾਊਂਸ ਦਿੱਤਾ ਸੀ। ਇਕ ਪਾਸੇ ਤੁਹਾਡੇ 30 ਸਾਲਾਂ ਦਾ ਰਾਜ ਅਤੇ ਦੂਜੇ ਪਾਸੇ ਸਾਡਾ 30 ਮਹੀਨਿਆਂ ਦਾ ਰਾਜ; ਇਸ ਦਾ ਮੁਕਾਬਲਾ ਇਨ੍ਹਾਂ ਨੂੰ ਨਹੀਂ ਕਰਨਾ ਚਾਹੀਦਾ। ਜੇ ਤੁਸੀਂ ਸਾਡੀ ਸਰਕਾਰ ਨਾ ਤੋੜਦੇ ਤਾਂ ਅਸੀਂ 5 ਸਾਲਾਂ ਵਿਚ ਦੁੱਗਣੇ ਕੰਮ ਕਰਕੇ ਵਿਖਾਉਂਦੇ। ਅਸੀਂ ਅਨਇੰਪਲਾਇਡ ਸਟੂਡੈਂਟਸ ਨੂੰ ਐਲਾਊਂਸ ਦਿਤਾ ਸੀ। ਪਰ ਇਸ ਗੱਲ ਦਾ ਇਨ੍ਹਾਂ ਨੇ ਗਵਰਨਰ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ। ਇਨ੍ਹਾਂ ਨੂੰ ਤਾਂ ਸਗੋਂ ਇਹ ਕਰਨਾ ਚਾਹੀਦਾ ਸੀ ਕਿ ਸਕੀਮ ਚੰਗੀ ਹੈ, ਇਸ ਨੂੰ ਕੰਟੀਨਿਊ ਕਰਦੇ। ਪਰ ਇਨ੍ਹਾਂ ਨੇ ਇਸ ਕਿਸਮ ਦੀ ਕੋਈ ਗੱਲ ਨਹੀਂ ਕੀਤੀ ਸਿਵਾਏ ਇਕ ਅਫਸਰ ਦੇ ਚਿੱਠੀ ਲਿਖਣ ਦੇ ਮੈਂ ਇਸ ਤੋਂ ਵੱਧ ਇਸ ਗਵਰਨਰ ਐਡਰੈਸ ਨੂੰ ਨਹੀਂ ਮੰਨਦਾ।

ਚੇਅਰਮੈਨ ਸਾਹਿਬ, ਇਥੇ ਹੀ ਬੱਸ ਨਹੀਂ, ਮੈਂ ਇਕ ਹੋਰ ਗੱਲ ਕਹਿਣਾ ਚਾਹੁੰਦਾ ਹਾਂ। ਅਸੀਂ ਵਾਟਰ ਵਰਕਸ ਦੇ ਕੰਮ ਵਿਚ ਕਾਫੀ ਪ੍ਰਗਤੀ ਕੀਤੀ। ਲਿੰਕ ਰੋਡਜ਼ ਵੱਲ ਵੀ ਖਾਸ ਧਿਆਨ ਦਿੱਤਾ ਸੀ। ਗਰੀਬ ਹਰੀਜਨ ਮੁਹੱਲਿਆਂ ਵਿਚ ਜਿਥੇ ਪਾਣੀ ਨਹੀਂ ਸੀ, ਉਥੇ ਸਰਵੇ ਕਰਕੇ ਪਾਣੀ ਪਹੁਚਾਇਆ ਜੇ ਕੋਈ ਇਨ੍ਹਾਂ ਸਕੀਮਾਂ ਵਿਚ ਕਮੀ ਰਹਿ ਗਈ ਹੋਵੇ ਤਾਂ ਉਸ ਨੂੰ ਇੰਪਰੂਵ ਕਰਨ ਨਾ ਕਿ ਸਾਡੀਆਂ ਚੰਗੀਆਂ ਚਲਾਈਆਂ ਗਈਆਂ ਸਕੀਮਾਂ ਨੂੰ ਬੰਦ ਹੀ ਕਰੀ ਜਾਣ।

ਮਾਰਕੀਟਿੰਗ ਦੀ ਸਾਡੀ ਸਟੇਟ ਵਿਚ ਪ੍ਰਾਬਲਮ ਹੈ। ਪਿਛੇ ਖੰਨਾ ਮੰਡੀ ਵਿਚ ਉਦਘਾਟਨ ਹੋਇਆ ਹੈ। ਅੱਛੀ ਗੱਲ ਹੈ। ਇਹ ਸਕੀਮਾਂ ਸਾਡੀ ਸਰਕਾਰ ਦੀਆਂ ਹੀ ਚਾਲੂ ਕੀਤੀਆਂ ਹੋਈਆਂ ਹਨ। ਮਾਰਕੀਟਿੰਗ ਦਾ ਹੱਲ ਮਸ਼ੀਨਰੀ ਨਾਲ ਹੀ ਨਹੀਂ ਹੋਣਾ। ਆਲੂ ਦੇ ਭਾਅ ਕਦੇ ਵੱਧ ਜਾਂਦੇ ਹਨ, ਕਦੇ ਘੱਟ ਜਾਂਦੇ ਹਨ, ਗੰਨਿਆਂ ਦੇ ਭਾਅ ਕਦੇ ਵੱਧ ਜਾਂਦੇ ਹਨ ਅਤੇ ਕਦੇ ਘੱਟ ਜਾਂਦੇ ਹਨ, ਇਸੇ ਤਰ੍ਹਾਂ ਖੰਡ ਦੇ ਭਾਅ ਵੱਧ ਗਏ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਸੈਂਟਰ ਤੇ ਜ਼ੋਰ ਪਾਉਣਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ ਤਾਂਕਿ ਕੀਮਤਾਂ ਸਥਿਰ ਰਹਿਣ। ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਸੂਬਿਆਂ ਲਈ ਵੱਧ ਪਾਵਰਜ਼ ਮੰਗੀਏ। ਜੇ ਸਾਡੇ ਕੋਲ ਵੱਧ ਪਾਵਰ ਹੋਵੇਗੀ ਤਾਂ ਅਸੀਂ ਇਹ ਚੀਜ਼ਾਂ ਪੈਦਾ ਕਰਨ ਵਾਲਿਆਂ ਨੂੰ ਠੀਕ ਭਾਅ ਦਿਵਾ ਸਕਾਂਗੇ। ਸਾਡੇ ਪਾਸ ਜ਼ਿਆਦਾ ਪਾਵਰ ਨਹੀਂ ਹੈ। ਸਾਡੇ ਪਾਸ ਪੈਸਾ ਹੈ, ਅਕਲ ਹੈ, ਡੈਮ ਬਣਾਉਣ ਵਾਸਤੇ ਦਰਿਆ ਹੈ, ਪਰ ਸਾਡੇ ਪਾਸ ਪਾਵਰ ਨਹੀਂ ਹੈ। ਸਾਡੇ ਪਾਸ ਦਾਣੇ ਹਨ ਪਰ ਮੰਡੀਆਂ ਘੱਟ ਹਨ। ਸਾਡੀ ਜਿਣਸ ਦਾ ਭਾਅ ਦਿੱਲੀ ਬੈਠੇ ਆਦਮੀ ਬੰਨ੍ਹਦੇ ਹਨ ਕਿਉਂਕਿ ਸਾਡੇ ਪਾਸ ਪਾਵਰ ਨਹੀਂ ਹੈ। ਇਹ 5 ਸਾਲ ਪਹਿਲਾਂ ਪਲਾਨ ਬਣਾਉਣ, ਸਰਵੇ ਕਰਾਉਣ ਅਤੇ ਪਤਾ ਲਗਾਉਣ ਕਿ ਐਨੀ ਕਣਕ ਹੋਣੀ ਹੈ, ਐਨੀ ਕਪਾਹ ਹੋਣੀ ਹੈ, ਐਨਾ ਚੌਲ ਹੋਣਾ ਹੈ, ਐਨੇ ਗੰਢੇ ਹੋਣੇ ਹਨ। ਫਿਰ ਕਦੇ ਗੰਢੇ 5 ਰੁਪਏ ਕਿਲੋ ਨਹੀਂ ਹੋਣ ਲੱਗੇ। ਕਪਾਹ ਅਤੇ ਨਰਮਾ ਕਦੇ ਡੇਢ ਸੌ ਰੁਪਏ ਕੁਇੰਟਲ ਵਿਕਦਾ ਹੈ ਅਤੇ ਕਦੇ 5 ਸੌ ਰੁਪਏ ਵਿਕਦਾ ਹੈ। ਗੰਢੇ ਕਦੇ ਦੋ ਰੁਪਏ ਕਿਲੋ ਹੋ ਜਾਂਦੇ ਹਨ ਅਤੇ ਕਦੇ 5 ਰੁਪਏ ਕਿਲੋ ਹੋ ਜਾਂਦੇ ਹਨ। ਇਨ੍ਹਾਂ ਨੇ 30 ਸਾਲ ਰਾਜ ਕੀਤਾ, ਇਨ੍ਹਾਂ ਨੂੰ ਪਲਾਨਿੰਗ ਕਰਨੀ ਚਾਹੀਦਾ ਸੀ। ਅਸੀਂ ਇਸੇ ਕਰਕੇ ਹੀ ਕਹਿੰਦੇ ਹਾਂ ਕਿ ਮੋਰ ਪਾਵਰ ਸੂਬੇ ਨੂੰ ਹੋਣੀ ਚਾਹੀਦੀ ਹੈ। ਜੇ ਸੂਬੇ ਨੂੰ ਪਾਵਰ ਨਹੀਂ ਹੋਵੇਗੀ ਤਾਂ ਸੂਬਾ ਤਰੱਕੀ ਨਹੀਂ ਕਰ ਸਕੇਗਾ। ਇਕੱਲਾ ਇਹ ਗਵਰਨਰ ਐਡਰੈਸ ਵਿਚ ਲਿਖ ਦੇਣ ਨਾਲ ਕਿ ਮਾਰਕੀਟਿੰਗ ਵਲ ਧਿਆਨ ਦੇਵਾਂਗੇ ਇਹ ਗੱਲ ਨਹੀਂ ਬਣਨੀ।

ਹੁਣ ਮੈਂ ਇੰਡਸਟਰੀ ਬਾਰੇ ਗੱਲ ਕਰਦਾ ਹਾਂ। ਇੰਡਸਟਰੀ ਵਾਸਤੇ ਬਿਜਲੀ ਨਹੀਂ ਮਿਲ ਰਹੀ। ਨਾ ਬਿਜਲੀ ਹੈ, ਨਾ ਤੇਲ ਹੈ ਅਤੇ ਨਾ ਡੀਜ਼ਲ ਹੈ। ਇੰਡਸਟਰੀ ਕਿਸ ਤਰ੍ਹਾਂ ਚੱਲੇਗੀ। ਸਾਡੇ ਕੋਲ ਮੈਟੀਰੀਅਲ ਨਹੀਂ ਹੈ। ਇਹ ਥਰਮਲ ਪਲਾਂਟ ਦਾ ਜ਼ਿਕਰ ਕਰਦੇ ਹਨ। ਇਹ ਅਨੰਦਪੁਰ ਹਾਈਡਲ ਪ੍ਰਾਜੈਕਟ ਦਾ ਜ਼ਿਕਰ ਕਰਦੇ ਹਨ ਅਤੇ ਰੋਪੜ ਥਰਮਲ ਪਲਾਂਟ ਦਾ ਜ਼ਿਕਰ ਕਰਦੇ ਹਨ। ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਇਹ ਬਾਦਲ ਸਾਹਿਬ ਦੀ ਸਰਕਾਰ ਦੇ ਹੀ ਕੀਤੇ ਹੋਏ ਕੰਮ ਹਨ। ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਥੇ ਦਿੱਲੀ ਵਿਚ ਵੀ ਕਾਂਗਰਸ ਦੀ ਸਰਕਾਰ ਹੈ, ਤੁਸੀਂ ਉਥੇ ਜਾਓ ਅਤੇ ਅਟਾਮਿਕ ਪਲਾਂਟ ਲੈ ਆਓ। ਪੰਜਾਬ ਇਕੱਲਾ ਹੀ ਅਨਾਜ ਦੇ ਭੰਡਾਰ ਵਿਚ 60% ਹਿਸਾ ਪਾਉਂਦਾ ਹੈ। ਪੰਜਾਬ ਦੇ ਕਿਸਾਨ ਨੇ ਹੀ ਅਮਰੀਕਾ ਤੋਂ ਕਣਕ ਮੰਗਵਾਉਣੀ ਬੰਦ ਕੀਤੀ ਹੈ। ਪਰ ਉਨ੍ਹਾਂ ਲੋਕਾਂ ਨੂੰ ਤੁਸੀਂ ਲੋੜੀਦੀਆਂ ਚੀਜ਼ਾਂ ਨਹੀਂ ਦੇ ਰਹੇ। ਉਹ ਕੋਈ ਤੋਪਾਂ ਨਹੀਂ ਮੰਗਦੇ, ਬੰਦੂਕਾਂ ਨਹੀਂ ਮੰਗਦੇ।, ਉਹ ਅਟਾਮਿਕ ਪਲਾਂਟ ਮੰਗਦੇ ਹਨ। ਇਸ ਬਾਰੇ ਕੋਸ਼ਿਸ਼ ਕਰੋ, ਅਸੀਂ ਤੁਹਾਡੇ ਨਾਲ ਹਾਂ। ਰਾਵੀ ਬਿਆਸ ਪ੍ਰਾਜੈਕਟ ਵਾਸਤੇ ਪੈਸਾ ਲਿਆਓ। ਉਸ ਕੰਮ ਨੂੰ ਕੰਪਲੀਟ ਕਰਾਓ ਤਾਕਿ 400 ਮੈਗਾਵਾਟ ਬਿਜਲੀ ਪੈਦਾ ਹੋਵੇ ਅਤੇ ਪੰਜਾਬ ਦੇ ਲੋਕ ਆਪਣੀਆਂ ਜ਼ਮੀਨਾਂ ਨੂੰ ਪਾਣੀ ਦੇ ਕੇ ਉਪਜ ਜ਼ਿਆਦਾ ਪੈਦਾ ਕਰ ਸਕਣ। ਪਰ ਸਾਨੂੰ ਦੁੱਖ ਹੈ ਕਿ ਇਨ੍ਹਾਂ ਗੱਲਾਂ ਦਾ ਜ਼ਿਕਰ ਇਸ ਐਡਰੈਸ ਵਿਚ ਨਹੀਂ ਆਇਆ।

**ਸ੍ਰੀ ਸਭਾਪਤੀ :** ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਠੀਕ ਹੈ ਜੀ, ਚੇਅਰਮੈਨ ਸਾਹਿਬ, ਅਖੀਰ ਵਿਚ ਮੈਂ ਤੁਹਾਡੇ ਰਾਹੀਂ ਲਾਅ ਐਂਡ ਆਰਡਰ ਦੀ ਗੱਲ ਕਰਦਾ ਹਾਂ। ਲਾਅ ਐਂਡ ਆਰਡਰ ਦਾ ਜ਼ਿਕਰ ਕਰਦਿਆਂ ਇਥੇ ਅੰਕੜੇ ਪੇਸ਼ ਕੀਤੇ ਗਏ। ਇਹ ਕਹਿੰਦੇ ਹਨ ਕਿ ਪਹਿਲੀ ਸਰਕਾਰ ਵੇਲੇ 946 ਕਤਲ ਹੋਏ। ਬੰਦੇ ਨੂੰ ਬੰਦਾ ਮਾਰ ਦੇਵੇ ਤਾਂ ਧਾਰਮਿਕ ਗ੍ਰੰਥਾਂ ਦੇ ਮੁਤਾਬਿਕ ਇਸ ਨੂੰ ਬਹੁਤ ਮਾੜਾ ਸਮਝਿਆ ਜਾਂਦਾ ਹੈ ਅਤੇ ਕਾਨੂੰਨ ਇਸ ਨੂੰ ਜੁਰਮ ਸਮਝਦਾ ਹੈ। ਹਿੰਦੁਸਤਾਨ ਵਿਚ ਇਸਤਰੀਆਂ ਦੀ ਇੱਜ਼ਤ ਕੀਤੀ ਜਾਂਦੀ ਹੈ ਪਰ ਅੱਜ ਕੱਲ੍ਹ ਜਦੋਂ ਅਸੀਂ ਤੜਕੇ ਉਠਕੇ ਅਖਬਾਰ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਪੁਲਿਸ, ਜੋ ਕਿ ਲੋਕਾਂ ਦੀ ਰਾਖੀ ਕਰਨ ਵਾਲੀ ਹੈ, ਉਹ ਔਰਤਾਂ ਦੀ ਇੱਜਤ ਲੁੱਟ ਰਹੀ ਹੈ। ਕਿਸੇ ਨਾ ਕਿਸੇ ਕਾਂਡ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਦਾ ਜ਼ਿਕਰ ਆਉਂਦਾ ਹੀ ਰਹਿੰਦਾ ਹੈ। ਕਦੇ ਮੀਰਾਂ ਕਾਂਡ ਆਉਂਦਾ ਹੈ ਜਿਸ ਵਿਚ ਪੁਲਿਸ ਸ਼ਾਮਲ ਹੈ। ਹਰ ਕਾਂਡ ਵਿਚ ਪੁਲਿਸ ਸ਼ਾਮਲ ਹੁੰਦੀ ਹੈ। ਤੁਹਾਨੂੰ ਪਤਾ ਹੈ ਕਿ ਪੂਰਨਿਮਾ ਨਾਲ ਜ਼ਬਰ-ਜਿਨਾਹ ਕੀਤਾ ਗਿਆ। ਇਹ ਜਿਹੜੇ ਕਾਨੂੰਨ ਦੇ ਰਾਖੇ ਹਨ ਉਨ੍ਹਾਂ ਦੇ ਇਹ ਕੰਮ ਹਨ। ਇਹ ਇਨ੍ਹਾਂ ਦੇ ਲੀਡਰਾਂ ਦੇ ਕੰਮ ਹਨ। ਕੀ ਇਨ੍ਹਾਂ ਗੱਲਾਂ ਦਾ ਇਨ੍ਹਾਂ ਕੋਲ ਕੋਈ ਜਵਾਬ ਹੈ? ਇਥੇ ਹੀ ਬੱਸ ਨਹੀਂ ਇਹ ਤਾਂ ਪੁਲੀਟੀਕਲ ਗੱਲਾਂ ਹਨ, ਮੈਂ ਹੋਰ ਗੱਲਾਂ ਦੱਸਦਾ ਹਾਂ।

**Mr. Chairman** : Please wind up.

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਂ ਇਕ ਮਿੰਟ ਵਿਚ ਹੀ ਖ਼ਤਮ ਕਰ ਦਿਆਂਗਾ। ਜਦੋਂ ਇਲੈਕਸ਼ਨ ਹੋ ਰਹੇ ਸਨ ਤਾਂ ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ ਕਿ ਬੁਨੀਰ ਬੱਸ ਸਟੈਂਡ ਤੇ 2 ਅਕਾਲੀ ਵਰਕਰਾਂ ਨੂੰ ਕਾਂਗਰਸ ਪਾਰਟੀ ਦੇ ਬੰਦਿਆਂ ਨੇ ਮਾਰ ਦਿੱਤਾ। ਬੰਦੂਕ ਡਾਕਟਰੀ ਮੂੰਹ ਇਨੇ ਵਿਚ ਆ ਗਈ ਹੈ। ਇਕ ਬੰਦੇ ਨੂੰ ਵਿਚੋਂ ਕੱਢ ਦਿੱਤਾ ਗਿਆ। ਇਕ ਬੰਦੇ ਦਾ ਪਹਿਲਾ ਤਾਂ ਚਲਾਨ ਹੀ ਪੇਸ਼ ਨਹੀਂ ਕੀਤਾ ਗਿਆ। ਫਿਰ ਜਿਸਦਾ ਮੱਰਡਰ ਹੋਇਆ ਸੀ ਉਸ ਦੇ ਸੱਕੇ ਭਰਾ ਨੂੰ 307 ਵਿਚ ਪਾ ਦਿਤਾ। ਪਤਾ ਨਹੀਂ ਦਿੱਲੀ ਤੋਂ ਟੈਲੀਫੋਨ ਆਇਆ ਜਾਂ ਕੀ ਹੋਇਆ, 3 ਮਹੀਨਿਆਂ ਬਾਅਦ 4 ਬੰਦੇ, ਸਰਦਾਰ ਬਲਦੇਵ ਸਿੰਘ ਖਿਆਲਾ ਦੇ ਸਕੇ ਭਰਾ ਸਮੇਤ, ਉਸ ਕੇਸ ਵਿਚ ਪਾ ਦਿਤੇ। ਮਰਨ ਵਾਲੇ ਦਾ ਸਕਾ ਭਰਾ ਉਸ ਕੇਸ ਵਿਚ ਪਾ ਦਿੱਤਾ। ਹੁਣ ਕਹਿੰਦੇ ਹਨ ਕਿ ਫੋਰ ਐਂਡ ਅਦਰਜ਼ ਫੜ ਲਵੋ। ਕੀ ਇਹੋ ਜਿਹੇ ਹਾਲਾਤ ਵਿਚ ਨਿਰਪੱਖ ਚੋਣਾਂ ਕਹੀਆ ਜਾ ਸਕਦੀਆਂ ਹਨ। ਜੋ ਕੁਝ ਗਵਰਨਰੀ ਰਾਜ ਵਿਚ ਹੋਇਆ ਹੈ, ਚੇਅਰਮੈਨ ਸਾਹਿਬ, ਚੋਰੀਆਂ ਦੇ ਕੇਸਿਜ਼ ਦਰਜ ਹੀ ਨਹੀਂ ਹੋਏ। ਅੱਜ ਸਵੇਰੇ ਇਕ ਸਵਾਲ ਆਇਆ ਸੀ ਅਤੇ ਮੈਂ ਸਪਲੀਮੈਂਟਰੀ ਕਰਨਾ ਚਾਹੁੰਦਾ ਸੀ ਪਰ ਮੈਨੂੰ ਅਲਾਓ ਨਹੀਂ ਕੀਤਾ ਗਿਆ। ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਮੇਰੇ ਨੋਟਿਸ ਵਿਚ ਸਪੈਸਫਿਕ ਚੀਜ਼ ਲਿਆਓ। ਮੈਂ ਸਪੈਸਿਫਿਕ ਕੇਸ ਇਨ੍ਹਾਂ ਦੀ ਨੋਟਿਸ ਵਿਚ ਲਿਆਉਣਾ ਚਾਹੁੰਦਾ ਸੀ। ਹੁਣ ਮੈਂ ਇਨ੍ਹਾਂ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਿੰਡ ਸਰਦੂਲਗੜ੍ਹ ਵਿਚ 25 ਦਿਨ ਹੋਏ ਬਿਜਲੀ ਦੇ ਮੀਟਰ ਦੀ ਚੋਰੀ ਹੋਈ ਹੈ। ਉਥੇ ਭੋਤਾਂ ਸਿੰਘ, ਸਾਬਕਾ ਸਰਪੰਚ ਦਾ ਭਰਾ ਰਿਪੋਰਟ ਦਰਜ ਕਰਵਾਉਣ ਵਾਸਤੇ ਗਿਆ ਤਾਂ ਕਹਿ ਦਿੱਤਾ ਗਿਆ ਕਿ ਰਿਪੋਰਟ ਦਰਜ ਹੋ ਗਈ ਹੈ। ਬਾਅਦ ਵਿਚ ਪਤਾ ਲੱਗਿਆ ਕਿ ਰਿਪੋਰਟ ਦਰਜ ਹੀ ਨਹੀਂ ਹੋਈ। ਜੇ ਪੁੱਛਿਆ ਤਾਂ ਕਹਿਣ ਲਗੇ ਕਿ ਇਸ ਕੇਸ ਵਿਚ ਚੋਰੀ ਨਿਕਲਣੀ ਨਹੀਂ, ਸਾਡਾ ਕੰਮ ਠੀਕ ਆਉਣਾ ਨਹੀਂ, ਇਸ ਲਈ ਨੋਟ ਕਰਨ ਦਾ ਕੀ ਫਾਇਦਾ। ਮੈਂ ਇਹ ਸਪੈਸਿਫਿਕ ਕੇਸ ਦੱਸਣਾ ਚਾਹੁੰਦਾ ਹਾਂ। ਬੇਸ਼ਕ ਇਨਕੁਆਇਰੀ ਕਰਵਾ ਕੇ ਦੇਖ ਲਓ। ਪਿੰਡ ਸਰਦੂਲਗੜ੍ਹ ਵਿਚ ਭੋਤਾ ਸਿੰਘ ਦੀ ਮੀਟਰ ਦੀ ਚੋਰੀ ਹੋਈ ਹੈ ਅਤੇ ਇਹ 8-9 ਜੂਨ ਦਾ ਵਾਕਿਆ ਹੈ। ਇਹ ਮੈਂ ਆਪ ਨੂੰ ਇਕ ਮਿਸਾਲ ਦਿੱਤੀ ਹੈ, ਇਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਰਿਪੋਰਟ ਦਰਜ ਕਰਨ ਦੀ ਕੀ ਹਾਲਤ ਹੈ? ਸਮਾਂ ਥੋੜ੍ਹਾ ਹੈ। ਜੇ ਮੇਰੇ ਪਾਸ ਸਮਾਂ ਹੁੰਦਾ ਤਾਂ ਮੈਂ ਤੁਹਾਡੇ ਨੋਟਿਸ ਵਿਚ ਹੋਰ ਵੀ ਬਹੁਤ ਸਾਰੇ ਕੇਸ ਲਿਆ ਦਿੰਦਾ। ਸੋ ਇਹ, ਚੇਅਰਮੈਨ ਸਾਹਿਬ, ਇਨ੍ਹਾਂ ਗੱਲਾਂ ਤੇ ਕਿਸ ਤਰ੍ਹਾਂ ਮਾਣ ਕਰ ਸਕਦੇ ਹਨ। ਇਥੇ ਕੋਈ ਅਮਨ ਕਾਨੂੰਨ ਨਹੀਂ, ਦੇਵੀਆਂ ਦੀ ਕੋਈ ਰਾਖੀ ਨਹੀਂ, ਨਾ ਮਹਿੰਗਾਈ ਨੂੰ ਕੋਈ ਠੱਲ੍ਹ ਹੈ, ਨਾ ਕੋਈ ਮੁਲਾਜ਼ਮਾਂ ਵਾਸਤੇ ਜਿਹੜੀ ਪੇ-ਕਮਿਸ਼ਨ ਦੀ ਅਨਾਮਲੀ ਕਮੇਟੀ ਬਣਾਈ ਗਈ ਹੈ ਉਸ ਦੇ ਵਿਚ ਮੁਲਾਜ਼ਮਾਂ ਦਾ ਕੋਈ ਕੇਸਾਂ ਦਾ ਫੈਸਲਾ ਹੋਇਆ ਹੈ, ਨਾ ਐਡਰੈਸ ਦੇ ਵਿਚ ਕੋਈ ਹਸਪਤਾਲਾਂ ਦਾ ਵਰਨਣ ਹੈ, ਨਾ ਇੰਡਸਟਰੀ ਦੀ ਡਿਵੈਲਪਮੈਂਟ ਦਾ ਵਰਨਣ ਅਤੇ ਨਾ ਹੋਰ ਡਿਵੈਲਪਮੈਂਟ ਦੇ ਕੰਮਾਂ ਦਾ ਕੋਈ ਟੀਚਾ ਮਿਥਿਆ ਦੱਸਿਆ ਗਿਆ ਹੈ, ਕਿ ਕਿੰਨੀ ਕਿੰਨੀ ਰੈਕਲੇਮੇਸ਼ਨ ਕਰਨੀ ਹੈ, ਕਿੰਨੀਆਂ ਖਾਲ੍ਹਾਂ ਪੱਕੀਆਂ ਬਣਾਉਣੀਆਂ ਹਨ ਜਾਂ ਕਿੰਨੀਆਂ ਨਹਿਰਾਂ ਦਾ ਕੰਮ

Original with;
Punjab Vidhan Sabha
Digitized by;
Panjab Digital Library

ਕਰਨਾ ਹੈ, ਤਾਂ ਫਿਰ ਇਸ ਦੇ ਧੰਨਵਾਦ ਦੇ ਮਤੇ ਵਿਚ ਅਸੀਂ ਕਿਸ ਤਰ੍ਹਾਂ ਸ਼ਾਮਲ ਹੋਈਏ । ਇਸ ਲਈ ਮੈਨੂੰ ਅਫ਼ਸੋਸ ਹੈ ਕਿ ਮੈਂ ਔਰ ਮੇਰੀ ਪਾਰਟੀ ਇਸ ਧੰਨਵਾਦ ਦੇ ਮਤੇ ਵਿਚ ਸ਼ਾਮਲ ਹੋ ਨਹੀਂ ਸਕਦੇ।

**ਸਰਦਾਰਨੀ ਰਾਜਿੰਦਰ ਕੌਰ (ਧਨੌਲਾ)**: ਮਾਨਯੋਗ ਚੇਅਰਮੈਨ ਸਾਹਿਬ, ਆਪੋਜ਼ੀਸ਼ਨ ਦੇ ਮੈਂਬਰਾਂ ਵੱਲੋਂ ਸਾਡੀਆਂ ਭੈਣਾਂ ਦੇ ਬਾਰੇ ਬੜੀ ਚਰਚਾ ਕੀਤੀ ਗਈ ਹੈ। ਮੈਂ ਕਹਿਣਾ ਤਾਂ ਕੁੱਝ ਹੋਰ ਚਾਹੁੰਦੀ ਸੀ ਪਰ ਮੈਂ ਵੀਰ ਭੂੰਦੜ ਸਾਹਿਬ ਦੀਆਂ ਗੱਲਾਂ ਸੁਣ ਕੇ ਥੋੜ੍ਹੇ ਜਿਹੇ ਖਿਆਲਾਂ ਦਾ ਇਜ਼ਹਾਰ ਇਸ ਪਾਸੇ ਵੱਲ ਨੂੰ ਕਰਨਾ ਚਾਹੁੰਦੀ ਹਾਂ। ਇਨ੍ਹਾਂ ਨੇ ਸਾਡੀਆਂ ਭੈਣਾਂ ਦੀ ਬੜੀ ਹਮਾਇਤ ਕੀਤੀ ਹੈ, ਇਨ੍ਹਾਂ ਨੂੰ ਦੇਵੀਆਂ ਕਿਹਾ ਹੈ ਅਤੇ ਉਨ੍ਹਾਂ ਪ੍ਰਤੀ ਆਪਣੀ ਬੜੀ ਹਮਦਰਦੀ ਦੱਸੀ ਹੈ ਕਿ ਇਸਤਰੀਆਂ ਨਾਲ ਬੜੀ ਜ਼ਿਆਦਤੀ ਹੋਈ ਹੈ। ਅਸੀਂ ਵੀ ਗੁਰੂ ਗਰੰਥ ਸਾਹਿਬ ਨੂੰ ਮੰਨਣ ਵਾਲੇ ਹਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਤੇ ਚਲਦਿਆਂ ਹੋਇਆਂ ਕਹਿੰਦੇ ਹਾਂ ਕਿ ਇਸਤਰੀ ਜਾਤੀ ਦੀ ਇੱਜ਼ਤ ਹੋਣੀ ਚਾਹੀਦੀ ਹੈ । ਪਰ ਮੈਂ ਭੂੰਦੜ ਸਾਹਿਬ ਨੂੰ ਯਾਦ ਕਰਾਉਣਾ ਚਾਹੁੰਦੀ ਹਾਂ ਕਿ 1977-78 ਵਿਚ ਤੁਹਾਡੀ ਸਰਕਾਰ ਦੇ ਵਕਤ ਵੱਧਦੀ ਮਹਿੰਗਾਈ ਦੇ ਸਮੇਂ ਵਿਚ ਕਮਿਊਨਿਸਟ ਪਾਰਟੀ, ਜੋ ਸਾਹਮਣੇ ਬੈਠੀ ਹੈ, ਦੇ ਵਲੋਂ, ਸਾਡੇ ਵਲੋਂ ਔਰ ਲੇਡੀ ਸੈਕਸ਼ਨ ਵਲੋਂ ਇਕ ਵਿਖਾਵਾ ਕੀਤਾ ਗਿਆ ਸੀ ਉਨ੍ਹਾਂ ਦਾ ਹੱਕ ਸੀ ਵਿਖਾਵਾ ਕਰਨ ਦਾ ਔਰ ਉਹ ਵਿਖਾਵੇ ਸਿਰਫ ਇਥੇ ਪੰਜਾਬ ਵਿਚ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਵਿਚ ਹੋਏ ਔਰ ਪੰਜਾਬ ਦੇ ਵਿਚ ਜਿਹੜੀਆਂ ਸਾਡੀਆਂ ਭੈਣਾਂ ਵਲੋਂ ਬੜਾ ਸ਼ਾਂਤਮਈ ਵਿਖਾਵਾ ਹੋਇਆ ਉਨ੍ਹਾਂ ਤੇ ਉਸ ਵੇਲੇ ਜੋ ਤਸ਼ੱਦਦ ਹੋਇਆ ਉਸ ਦੀ ਮਿਸਾਲ ਮੇਰੇ ਖਿਆਲ ਵਿਚ ਸਾਰੇ ਹਿੰਦੁਸਤਾਨ ਵਿਚ ਅੱਜ ਨਹੀਂ ਮਿਲ ਸਕਦੀ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) (ਥੰਪਿੰਗ) ਮੈਂ ਫਿਰੋਜ਼ਪੁਰ ਦੇ ਹਸਪਤਾਲ ਦੇ ਵਾਕੇ ਦਾ ਵੀ ਜ਼ਿਕਰ ਕਰਨਾ ਚਾਹੁੰਦੀ ਹਾਂ। ਹਸਪਤਾਲ ਦਾ ਰਿਕਾਰਡ ਦੇਖ ਕੇ ਦੇਖ ਲਓ ਕਿ ਉਥੇ ਕੀ ਕੁਝ ਨਹੀਂ ਹੋਇਆ। ਉਥੇ ਲਾਠੀਆਂ ਚਲਾਈਆਂ ਗਈਆਂ, ਅਥਰੂ ਗੈਸ ਛੱਡੀ ਗਈ ਅਤੇ ਹੋਰ ਕੀ ਕੁਝ ਨਹੀਂ ਹੋਇਆ । ਅੱਜ ਤੁਸੀਂ ਬੀਬੀਆਂ ਦੀ ਹਮਾਇਤ ਕਰਦੇ ਹੋ, ਉਨ੍ਹਾਂ ਦੇ ਪ੍ਰਤੀ ਆਪਣੀ ਬੜੀ ਹਮਦਰਦੀ ਜ਼ਾਹਿਰ ਕਰਦੇ ਹੋ ?

ਇਸ ਤੋਂ ਅੱਗੇ, ਚੇਅਰਮੈਨ ਸਾਹਿਬ, ਹੋਰ ਕਈ ਗੱਲਾਂ ਕੀਤੀਆਂ ਗਈਆਂ ਹਨ। ਸਾਡੇ ਹਿੰਦੁਸਤਾਨ ਨੂੰ ਆਜ਼ਾਦ ਹੋਏ 30 ਸਾਲ ਤੋਂ ਵੱਧ ਹੋ ਗਏ ਹਨ। ਸਾਡੇ ਵਡੇ ਲੀਡਰਾਂ ਨੇ, ਦੇਸ਼ ਭਗਤਾਂ ਨੇ ਅਤੇ ਸ਼ਹੀਦਾਂ ਨੇ ਆਪਣਾ ਖੂਨ ਦੇ ਕੇ ਇਸ ਦੇਸ਼ ਨੂੰ ਆਜ਼ਾਦ ਕਰਵਾਇਆ । ਮੈਨੂੰ ਮਾਣ ਹੈ ਆਪਣੀ ਪਾਰਟੀ ਤੇ ਕਿ ਸਾਡੀ ਪਾਰਟੀ ਦੇ ਵੱਡੇ ਵੱਡੇ ਲੀਡਰਾਂ ਨੇ, ਸਾਡੀ ਪਾਰਟੀ ਦੇ ਮਹਾਨ ਨੇਤਾਵਾਂ ਨੇ ਇਸ ਦੇਸ਼ ਦੇ ਲੋਕਾਂ ਨੂੰ ਸਹੀ ਢੰਗ ਨਾਲ ਆਪਣੇ ਦੇਸ਼ ਨੂੰ ਤਰੱਕੀ ਦੇ ਰਸਤੇ ਲਿਜਾਣ ਵਾਸਤੇ ਆਪਣੀ ਹਰ ਮੁਨਾਸਿਬ ਕੋਸ਼ਿਸ਼ ਕੀਤੀ ਹੈ। ਕੱਲ੍ਹ ਅਪੋਜ਼ੀਸ਼ਨ ਦੇ ਲੀਡਰ ਬਾਦਲ ਸਾਹਿਬ ਨੇ ਕਿਹਾ ਸੀ ਕਿ ਅਸੀਂ ਖੂਨ ਦੀਆਂ ਨਹਿਰਾਂ ਵਹਾਂ ਦਿਆਂਗੇ। ਆਸਾਮ ਦੇ ਮਸਲੇ ਤੇ ਗੱਲ ਕਰਦਿਆਂ ਕਿਹਾ ਗਿਆ ਸੀ ਕਿ ਅਸੀਂ ਪੰਜਾਬ ਨੂੰ ਆਸਾਮ ਬਣਾ ਦਿਆਂਗੇ। ਇਹੀ ਕੁਝ ਕਰਨਾ ਹੈ, ਤੁਸੀਂ ਸ਼ਾਂਤਮਈ ਢੰਗ ਨਾਲ ਤਾਂ ਤੁਸੀਂ ਕੋਈ ਗੱਲ ਕਦੇ ਨਹੀਂ ਕੀਤੀ । (ਵਿਘਨ) ਇਹੀ ਕੁਝ ਤੁਸੀਂ ਕਰ ਸਕਦੇ ਹੋ ਕਿ ਕਦੇ 7 ਮੈਂਬਰੀ ਕਮੇਟੀ ਬਣਾ ਦਿੱਤੀ ਅਤੇ ਉਸ 7 ਮੈਂਬਰੀ ਕਮੇਟੀ ਨੇ ਅਕਾਲੀ ਦੱਲ ਦੇ ਨੇਤਾ ਨੂੰ ਕੱਢ ਦਿਤਾ ਅਤੇ ਕਦੇ ਉਸ ਨੇ 7 ਮੈਂਬਰੀ ਕਮੇਟੀ ਨੂੰ ਕੱਢ ਦਿਥਾ। ਕੋਈ ਹੋਰ ਕੰਮ ਤਾਂ ਤੁਸੀਂ ਨਹੀਂ ਕਰ ਸਕੇ ? ਮਿਹਰਬਾਨੀ ਕਰਕੇ ਸ਼ਾਂਤਮਈ ਢੰਗ ਨਾਲ ਦੇਸ਼ ਨੂੰ ਚਲਣ ਦਿਓ ਤਾਂ ਕਿ ਅਸੀਂ ਉਸ ਅਮਨ ਕਾਨੂੰਨ, ਜਿਸ ਦੀ ਤੁਸੀਂ ਹਰ ਥਾਂ ਤੇ ਚਰਚਾ ਕਰਦੇ ਹੋ, ਉਸ ਨੂੰ ਸਿਰੇ ਚਾੜ੍ਹ ਸਕੀਏ, ਅਮਨ ਕਾਨੂੰਨ ਦੇ ਬਾਰੇ ਮੈਂ ਕਹਿਣਾ ਚਾਹੁੰਦੀ ਹਾਂ ਕਿ ਪਿਛਲੀ ਅਕਾਲੀ-ਜਨਤਾ ਸਰਕਾਰ ਦੇ ਰਾਜ ਵਿਚ ਸਾਡੇ ਸੂਬੇ ਵਿਚ ਅਮਨ ਅਤੇ ਕਾਨੂੰਨ ਦੀ ਹਾਲਤ ਬੜੀ ਤਰਸਯੋਗ ਰਹੀ ਹੈ। ਮੈਂ ਆਪਣੇ ਲੀਡਰ ਆਫ ਦੀ ਹਾਊਸ, ਸਰਦਾਰ ਦਰਬਾਰਾ ਸਿੰਘ ਜੀ, ਨੂੰ ਇਸ ਗੱਲ ਦੀ ਵਧਾਈ ਦਿੰਦੀ ਹਾਂ ਕਿ ਉਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

[ਸਰਦਾਰਨੀ ਰਾਜਿੰਦਰ ਕੌਰ]

ਮੁੱਖ ਮੰਤਰੀ ਦੀ ਕੁਰਸੀ ਤੇ ਬੈਠਦਿਆਂ ਹੀ 1400 ਤੋਂ ਵੱਧ ਉਨ੍ਹਾਂ ਗੁੰਡਿਆਂ ਨੂੰ, ਜਿਨ੍ਹਾਂ ਨੇ ਪਿਛਲੀ ਸਰਕਾਰ ਦੇ ਸ਼ਾਸ਼ਨ ਵਿਚ ਲਾਅ ਐਂਡ ਆਰਡਰ ਦੀਆਂ ਧੱਜੀਆਂ ਉਡਾ ਦਿੱਤੀਆਂ ਸਨ, ਸੀਖਾਂ ਪਿਛੇ ਤਾੜ ਦੇਣ ਦਾ ਐਲਾਨ ਕੀਤਾ।

ਚੇਅਰਮੈਨ ਸਾਹਿਬ, ਕੱਲ੍ਹ, ਅਪੋਜ਼ੀਸ਼ਨ ਦੇ ਨੇਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਹਾਊਸ ਵਿਚ ਗਵਰਨਰ ਸਾਹਿਬ ਦੇ ਐਡਰੈਸ ਤੇ ਨੁਕਤਾਚੀਨੀ ਕਰਦਿਆਂ 20 ਨੁਕਾਤੀ ਪ੍ਰੋਗਰਾਮ ਦਾ ਜ਼ਿਕਰ ਕੀਤਾ ਸੀ। ਮੈਨੂੰ ਉਨ੍ਹਾਂ ਕੋਲੋਂ ਇਹ ਸੁਣ ਕੇ ਬਹੁਤ ਹੈਰਾਨੀ ਹੋਈ ਕਿ ਉਹ ਇਸ ਐਡਰੈਸ ਵਿਚੋਂ ਇਸ ਪ੍ਰੋਗਰਾਮ ਬਾਰੇ ਕੋਈ ਜਾਣਕਾਰੀ ਨਹੀਂ ਲੈ ਸਕੇ। ਮੇਰਾ ਖਿਆਲ ਹੈ ਕਿ ਬਾਦਲ ਸਾਹਿਬ ਨੂੰ ਸਿਰਫ 20 ਨੁਕਾਤੀ ਪ੍ਰੋਗਰਾਮ ਦਾ ਲਫ਼ਜ਼ ਹੀ ਯਾਦ ਹੈ। ਪਰ ਇਹ 20 ਨੁਕਤੇ ਪ੍ਰੋਗਰਾਮ ਦੇ ਕੀ ਕੀ ਹਨ ਇਹ ਇਨ੍ਹਾਂ ਨੂੰ ਪਤਾ ਨਹੀਂ। ਕਾਂਗਰਸ ਸਰਕਾਰ ਦੇ ਹਰ ਪ੍ਰੋਗਰਾਮ ਵਿਚ 20 ਨੁਕਾਤੀ ਪ੍ਰੋਗਰਾਮ ਅਤੇ ਸਾਡੇ ਸਵਰਗਵਾਸੀ ਯੂਥ ਨੇਤਾ ਸ੍ਰੀ ਸੰਜੇ ਗਾਂਧੀ ਜੀ ਦੇ 5-ਨੁਕਾਤੀ ਪ੍ਰੋਗਰਾਮ ਦੀ ਝਲਕ ਸਾਫ ਦਿਖਾਈ ਦਿੰਦੀ ਹੈ। ਮੈਂ ਹੈਰਾਨ ਹਾਂ ਕਿ ਬਾਦਲ ਸਾਹਿਬ ਨੇ ਇਹ ਗਵਰਨਰ ਸਾਹਿਬ ਦਾ ਭਾਸ਼ਣ ਕਿਸ ਤਰ੍ਹਾਂ ਪੜ੍ਹਿਆ ਹੈ। ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਜੇ ਬਾਦਲ ਸਾਹਿਬ 20-ਨੁਕਾਤੀ ਪ੍ਰੋਗਰਾਮਾਂ ਦਾ ਵੇਰਵਾ ਅਤੇ ਗਵਰਨਰ ਸਾਹਿਬ ਦੇ ਭਾਸ਼ਣ ਦੀ ਕਾਪੀ ਸਾਹਮਣੇ ਰਖ ਕੇ ਕਮਪੇਰੀਜ਼ਨ ਕਰਕੇ ਵੇਖ ਲੈਣ ਤਾਂ ਉਹ ਇਸ ਤੇ ਭਲੀ ਭਾਂਤ ਸਹਿਮਤ ਹੋਣਗੇ ਕਿ ਸਾਡੀ ਸਰਕਾਰ ਦੇ ਸਾਰੇ ਪ੍ਰੋਗਰਾਮ ਇਨ੍ਹਾਂ ਪ੍ਰੋਗਰਾਮਾਂ ਤੇ ਹੀ ਆਧਾਰਿਤ ਹਨ।

ਇਸ ਤੋਂ ਅਗੇ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦੀ ਹਾਂ ਕਿ ਪਿਛਲੀ ਸਰਕਾਰ ਦੇ ਸਮੇਂ ਵਿਚ ਸਰਦਾਰ ਆਤਮਾ ਸਿੰਘ ਜੀ ਉਦੋਂ ਡਿਵੈਲਪਮੈਂਟ ਮਨਿਸਟਰ ਹੁੰਦੇ ਸਨ। ਉਨ੍ਹਾਂ ਨੇ ਇਹ ਐਲਾਨ ਕੀਤਾ ਸੀ ਕਿ ਜਿਹੜੀਆਂ ਪੰਚਾਇਤਾਂ ਸਰਬ-ਸੰਮਤੀ ਨਾਲ ਚੁਣੀਆਂ ਜਾਣਗੀਆਂ ਉਨ੍ਹਾਂ ਨੂੰ ਵਿਕਾਸ-ਮਈ ਕੰਮਾਂ ਲਈ ਸਰਕਾਰ ਵਲੋਂ 5,000 ਰੁਪਏ ਗਰਾਂਟ ਦਿੱਤੀ ਜਾਵੇਗੀ ਅਤੇ ਜਿਥੇ ਹਰੀਜਨ ਸਰਪੰਚ ਚੁਣਿਆ ਜਾਵੇਗਾ ਉਸ ਪੰਚਾਇਤ ਨੂੰ 7,000 ਰੁਪਿਆ ਦਿੱਤਾ ਜਾਵੇਗਾ। ਪਰ ਹੋਇਆ ਕੀ ? ਕੁਦਰਤੀ ਸਰਦਾਰ ਦਰਬਾਰਾ ਸਿੰਘ ਜੀ ਦੀ ਰਹਿਨੁਮਾਈ ਹੇਠ ਜਦੋਂ ਸਰਬਸੰਮਤੀ ਨਾਲ ਚੁਣੀਆ ਪੰਚਾਇਤਾਂ ਵਿਚ ਮੈਜਾਰਿਟੀ ਕਾਂਗਰਸ ਪਾਰਟੀ ਦੇ ਵਿਚਾਰਾਂ ਦੀਆਂ ਪੰਚਾਇਤਾਂ ਦੀ ਆ ਗਈ ਤਾਂ ਇਨ੍ਹਾਂ ਨੇ, ਇਨਾਂ ਦੀ ਸਰਕਾਰ ਦੇ ਡਿਵੈਲਪਮੈਂਟ ਮਨਿਸਟਰ ਸਰਦਾਰ ਆਤਮਾ ਸਿੰਘ ਜੀ ਨੇ, ਬੜੇ ਹੀ ਜਾਦੂਗਰੀ ਢੰਗ ਨਾਲ ਆਪਣਾ ਨਜ਼ਰੀਆ ਹੀ ਬਦਲ ਦਿੱਤਾ, ਐਲਾਨ ਹੀ ਬਦਲ ਦਿੱਤਾ ਅਤੇ ਆਪਣੇ ਵਾਇਦੇ ਨੂੰ ਪੂਰਾ ਨਹੀਂ ਕੀਤਾ। (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੈਰਾ:** ਕਿਉਂ ਹਾਊਸ ਨੂੰ ਮਿਸਲੀਡ ਕਰ ਰਹੇ ਹੋ ? ਉਹ ਤਾਂ ਸਾਰੀਆਂ ਪੰਚਾਇਤਾਂ ਨੂੰ ਪਹੁੰਚ ਚੁੱਕਾ ਹੈ। (ਵਿਘਨ)

**ਸਰਦਾਰਨੀ ਰਾਜਿੰਦਰ ਕੌਰ** : ਮੈਨੂੰ ਆਪਣੀ ਗੱਲ ਕਹਿ ਲੈਣ ਦਿਓ, ਤੁਸੀਂ ਆਪਣੀ ਗੱਲ ਬਾਦ ਵਿਚ ਕਹਿ ਲੈਣਾ।

ਇਥੇ ਹੀ ਬੱਸ ਨਹੀਂ, ਚੇਅਰਮੈਨ ਸਾਹਿਬ, ਮੈਨੂੰ ਅਫਸੋਸ ਹੈ ਕਿ ਪਿਛਲੀ ਸਰਕਾਰ ਦੇ ਸਮੇਂ ਵਿਚ ਹਰੀਜਨ ਵਰਗ ਦੀ ਹਮਦਰਦੀ ਜਿੱਤਣ ਲਈ ਇਨ੍ਹਾਂ ਨੇ ਗਰੀਬ ਵਿਦਿਆਰਥੀਆਂ ਨੂੰ ਨਿਗੂਣੇ ਵਜ਼ੀਫੇ ਦੇਣ ਬਾਰੇ ਜੋ ਫੰਡ ਰੱਖਿਆ ਸੀ ਉਸ ਦਾ ਸਿਰਫ 45% ਹਿੱਸਾ ਹੀ ਉਨ੍ਹਾਂ ਨੂੰ ਦਿੱਤਾ ਗਿਆ ਅਤੇ ਬਾਕੀ ਦਾ 55% ਲੈਪਸ ਹੋ ਗਿਆ। ਇਸ ਤਰ੍ਹਾਂ ਮੈਂ ਕਹਿ ਸਕਦੀ ਹਾਂ ਕਿ ਹਰੀਜਨ ਵਿਦਿਆਰ-

Original with;
Punjab Vidhan Sabha
Digitized by;
Panjab Digital Library

ਦੀਆਂ ਦੀ ਭਲਾਈ ਲਈ ਜੋ ਵਜ਼ੀਫਿਆਂ ਦਾ ਝੂਠਾ ਵਾਇਦਾ ਇਨ੍ਹਾਂ ਨੇ ਕੀਤਾ ਸੀ ਅਤੇ ਉਨ੍ਹਾਂ ਨਾਲ ਜਿਹੜੀ ਹਮਦਰਦੀ ਜਿਤਾਈ ਸੀ ਉਹ ਸਿਰੇ ਨਾ ਚਾੜ੍ਹ ਸਕੇ। ਮੈਨੂੰ ਹੁਣ ਇਸ ਗੱਲ ਦਾ ਮਾਣ ਹੈ ਕਿ ਸਾਡੀ ਕਾਂਗਰਸ ਦੀ ਸਰਕਾਰ ਨੇ ਅੱਜ ਪੰਜ ਸਾਲਾਂ ਵਿਚ 150 ਕਰੋੜ ਰੁਪਿਆ ਹਰੀਜਨਾਂ ਦੀ ਭਲਾਈ ਲਈ ਸਹੂਲਤਾਂ ਦੇਣ ਲਈ ਰੱਖਿਆ ਹੈ।

ਚੇਅਰਮੈਨ ਸਾਹਿਬ, ਕਿਸਾਨਾਂ ਦੇ ਬਾਰੇ ਕੱਲ੍ਹ ਇਥੇ ਬੜਾ ਜ਼ਿਕਰ ਕੀਤਾ ਗਿਆ ਸੀ। ਅਸੀਂ ਵੀ ਕਿਸਾਨ ਹਾਂ, ਬਾਦਲ ਸਾਹਿਬ ਤਾਂ ਬੜੇ ਵੱਡੇ ਕਿਸਾਨ ਹਨ। ਮੈਂ ਵੀ ਇਕ ਛੋਟੇ ਕਿਸਾਨ ਦੀ ਧੀ ਹਾਂ। ਸਾਨੂੰ ਪਤਾ ਹੈ ਕਿ ਕਿਸਾਨਾਂ ਦੀ ਮੰਡੀਆਂ ਵਿਚ ਆਪਣੀ ਜਿਨਸ ਲੈ ਜਾਣ ਲਈ ਕੀ ਹਾਲਤ ਹੁੰਦੀ ਹੈ। ਕਿਸ ਤਰ੍ਹਾਂ ਉਥੇ ਉਸ ਨੂੰ 5-5, 7-7 ਦਿਨ ਰੁਲਣਾ ਪੈਂਦਾ ਹੈ। ਕਿਸ ਤਰ੍ਹਾਂ ਸਾਡੀਆਂ ਭੈਣਾਂ ਉਨ੍ਹਾਂ ਵਾਸਤੇ ਰੋਟੀਆਂ ਲੈ ਕੇ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਵੀ ਕਿਸ ਤਰ੍ਹਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਸਾਡੇ ਚੀਫ਼ ਮਨਿਸਟਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਮਾਣ ਦੇ ਪਾਤਰ ਹਨ ਜਿਨ੍ਹਾਂ ਨੇ ਕਿਸਾਨਾਂ ਦਾ ਅਨਾਜ ਮੰਡੀਆਂ ਵਿਚ ਰੁਲਣ ਤੋਂ ਬਚਾਉਣ ਲਈ ਮੈਕੇਨਾਈਜ਼ਡ ਸਿਸਟਮ ਲਾਗੂ ਕਰਵਾਇਆ ਹੈ। ਮੈਕਨਾਈਜ਼ਡ ਢੰਗ ਨਾਲ ਕਿਸਾਨਾਂ ਦੀ ਜਿਣਸ ਨੂੰ ਮੰਡੀ ਵਿਚ ਛਾਣਨ, ਬੋਰੀਆਂ ਵਿਚ ਪਾਉਣ, ਵਜ਼ਨ ਕਰਨ ਅਤੇ ਫਿਰ ਬੋਰੀਆਂ ਸਿਊਣ ਲਈ ਜ਼ਰੂਰੀ ਪ੍ਰਬੰਧ ਕੀਤੇ ਗਏ ਹਨ। ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਕਿਹਾ ਸੀ ਕਿ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਨਵੀਂ ਗੱਲ ਨਹੀਂ ਕੀਤੀ ਗਈ। ਇਹ ਨਵੀਂ ਗੱਲ ਹੈ ਗਵਰਨਰ ਸਾਹਿਬ ਦੇ ਐਡਰੈਸ ਵਿਚ ਜਿਹੜੀ ਸ਼ਾਇਦ ਇਨ੍ਹਾਂ ਨੇ ਨਹੀਂ ਪੜ੍ਹੀ।

ਫਿਰ ਆਲੂਆਂ ਬਾਰੇ ਮੈਂ ਅਰਜ਼ ਕਰਦੀ ਹਾਂ ਕਿ ਜਿਹੜੇ ਸਾਡੇ ਖੇਤੀਬਾੜੀ ਦੇ ਮੰਤਰੀ ਸਨ ਉਹ ਆਪਣੇ ਆਮ ਪ੍ਰਚਾਰ ਵਿਚ ਕਿਹਾ ਕਰਦੇ ਸਨ ਕਿਸਾਨਾਂ ਨੂੰ ਕਿ ਸਬਜ਼ੀਆਂ ਅਤੇ ਦਾਲਾਂ ਪੈਦਾ ਕਰੋ। ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਪਛੜੇ ਇਲਾਕੇ ਜਿਨ੍ਹਾਂ ਵਿਚ ਆਲੂ ਬੜੀ ਜ਼ਿਆਦਾ ਮਿਕਦਾਰ ਵਿਚ ਪੈਦਾ ਕੀਤਾ ਗਿਆ, ਉਥੇ ਉਨ੍ਹਾਂ ਦਾ ਬੁਰਾ ਹਾਲ ਹੋ ਗਿਆ ਸੀ। ਇਕ ਮੇਰਾ ਕਿਸਾਨ ਭਰਾ ਆਲੂਆਂ ਦੇ ਢੇਰ ਤੇ ਰਾਖੀ ਬੈਠਾ ਸੀ। ਉਹ ਇਸ ਕਰਕੇ ਨਹੀਂ ਸੀ ਬੈਠਾ ਕਿ ਕੋਈ ਆਲੂ ਚੁੱਕ ਕੇ ਨਾ ਲੈ ਜਾਵੇ ਬਲਕਿ ਉਹ ਇਸ ਕਰਕੇ ਬੈਠਾ ਸੀ ਕਿ ਕੋਈ ਹੋਰ ਆਲੂ ਇਸ ਢੇਰ ਵਿਚ ਸੁੱਟ ਨਾ ਜਾਏ। (ਸ਼ੇਮ, ਸ਼ੇਮ) ਅੱਜ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਹ ਜੋ ਸਾਡੀ ਨਵੀਂ ਸਰਕਾਰ ਬਣੀ ਹੈ, ਇਸ ਨੇ 4000 ਮੀਟਰਕ ਟਨ ਦੀ ਸਮਰੱਥਾ ਰੱਖਣ ਵਾਲੇ 10 ਕੋਲਡ ਸਟੋਰੇਜ਼ ਬਣਾਉਣ ਦਾ ਫੈਸਲਾ ਕੀਤਾ ਹੈ ਤਾਂ ਜੋ ਆਲੂ ਉਤਪਾਦਕਾਂ ਨੂੰ ਲੋੜੀਂਦੀਆਂ ਸਹੂਲਤਾਂ ਮੁੱਹਈਆ ਕੀਤੀਆਂ ਜਾ ਸਕਣ।

ਚੇਅਰਮੈਨ ਸਾਹਿਬ, ਮੈਂ ਅੱਜ ਬੜੇ ਫਖ਼ਰ ਨਾਲ ਆਪਣੀ ਸਰਕਾਰ ਨੂੰ ਵਧਾਈ ਦਿੰਦੀ ਹਾਂ ਕਿਉਂਕਿ ਇਸ ਨੇ ਸਾਡੇ ਸਵਰਗਵਾਸੀ ਯੁਵਕ ਨੇਤਾ ਸ੍ਰੀ ਸੰਜੇ ਗਾਂਧੀ, ਜਿਹੜੇ ਅੱਜ ਸਾਡੇ ਵਿਚ ਨਹੀਂ, ਦੇ 5 ਪੁਆਇੰਟਾਂ ਨੂੰ 20 ਪੁਆਇੰਟਾਂ ਨਾਲ ਜੋੜ ਕੇ ਸਿਰੇ ਚੜ੍ਹਾਉਣ ਦੇ ਯਤਨ ਕੀਤੇ ਹਨ। ਉਨ੍ਹਾਂ ਦੇ ਪੰਜ ਨੁਕਾਤੀ ਪ੍ਰੋਗਰਾਮ ਦੇ ਮੁਤਾਬਿਕ ਹੀ ਦਰਖ਼ਤ ਲਗਾਉਣ, ਚਾਹੇ ਫਲਾਂ ਵਾਲੇ ਹੋਣ ਜਾਂ ਦੂਜੇ, ਦਾ ਇਕ ਵੱਡਾ ਪ੍ਰੋਗਰਾਮ ਬਣਾਇਆ ਹੈ। ਨੀਮ ਪਹਾੜੀ ਇਲਾਕੇ ਜਿਥੇ ਆਮ ਤੌਰ ਤੇ ਛੋਟੇ ਛੋਟੇ ਪਹਾੜਾਂ ਵਿਚ ਕੰਮ ਕਰਨ ਵਾਲੇ ਕਿਸਾਨ ਆਪਣੀ ਫਸਲ ਨੂੰ ਇਸ ਕਰਕੇ ਸਿਰੇ ਨਹੀਂ ਚੜ੍ਹਾ ਸਕਦੇ ਕਿ ਉਨ੍ਹਾਂ ਪਾਸ ਪੈਸੇ ਦੀ ਕਮੀ ਹੁੰਦੀ ਹੈ, ਸਾਡੀ ਮੌਜੂਦਾ ਸਰਕਾਰ ਨੇ ਉਨ੍ਹਾਂ ਇਲਾਕਿਆਂ ਦੇ ਲੋਕਾਂ ਨੂੰ ਦਾਈ ਪ੍ਰਤੀਸ਼ਤ ਦੀ ਦਰ ਨਾਲ ਸਬਸਿਡੀ ਦੇ ਕੇ ਬੈਂਕਾਂ ਤੋਂ ਕਰਜ਼ੇ ਦਿਵਾਉਣ ਦਾ ਪ੍ਰੋਗਰਾਮ ਬਣਾਇਆ ਹੈ। ਇਸ ਦੇ ਨਾਲ ਹੀ ਇਸ ਇਲਾਕੇ ਦੇ ਲੋਕਾਂ ਨੂੰ ਨਾ-ਕਾਸ਼ਤ-ਯੋਗ ਜ਼ਮੀਨ ਵਿਚ ਸਰਕਾਰੀ ਖਰਚੇ ਤੇ ਦਰੱਖਤ ਲਾ ਕੇ ਅਤੇ ਜ਼ਮੀਨ ਨੂੰ ਵਾਹੀਯੋਗ ਬਣਾ ਕੇ ਲੋਕਾਂ ਦੇ ਹਵਾਲੇ ਕਰਨਾ ਹੈ ਤਾਕਿ ਅੱਗੇ ਵਾਸਤੇ ਉਹ

Original with;
Punjab Vidhan Sabha
Digitized by;
Panjab Digital Library

[ਸਰਦਾਰਨੀ ਰਾਜਿੰਦਰ ਕੌਰ]

ਆਪਣੇ ਹਾਲਾਤ ਨੂੰ ਘਰੇਲੂ ਸਮਰੱਥਾ ਨੂੰ ਅਤੇ ਆਪਣੇ ਬੱਚਿਆਂ ਦੀ ਬੇਹਤਰੀ ਕਰਨ ਵਾਸਤੇ ਖ਼ਰਚ ਕਰ ਸਕਣ। ਪਹਿਲੀ ਵਾਰੀ 4000 ਖੁਰਮਾਣੀ ਦੇ ਦਰੱਖਤ ਲਗਾਏ। ਚੇਅਰਮੈਨ ਸਾਹਿਬ, ਪਹਿਲਾਂ ਇਹ ਤਜਰਬਾ ਪੰਚਾਇਤੀ ਜ਼ਮੀਨਾਂ ਤੇ ਕੀਤਾ ਗਿਆ ਸੀ ਜੋ ਕਿ ਬਹੁਤ ਹੀ ਕਾਮਯਾਬ ਰਿਹਾ ਸੀ ਅਤੇ ਹੁਣ ਇਸ ਨੂੰ ਨੀਮ ਪਹਾੜੀ ਇਲਾਕੇ ਵਿਚ ਪ੍ਰੈਫਰੈਂਸ ਦੇ ਕੇ ਲਾਗੂ ਕੀਤਾ ਗਿਆ ਹੈ।

ਚੇਅਰਮੈਨ ਸਾਹਿਬ, ਬੇਰੋਜ਼ਗਾਰੀ ਭੱਤੇ ਵਾਸਤੇ ਇਹ ਕਿਹਾ ਗਿਆ ਹੈ ਕਿ ਅਨਇੰਪਲਾਇਡ ਲੜਕਿਆਂ ਨੂੰ 100 ਰੁਪਏ ਅਤੇ ਹਰੀਜਨ ਲੜਕਿਆਂ ਨੂੰ 150 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਣਗੇ। ਮੈਂ ਆਪਣੀ ਸਰਕਾਰ ਨੂੰ ਸੁਜੈਸ਼ਨ ਦੇਣਾ ਚਾਹੁੰਦੀ ਹਾਂ ਕਿ ਬੀਬੀਆਂ ਨੂੰ ਨਾ ਭੁਲਿਆ ਕਰੋ। ਜੇਕਰ ਉਨ੍ਹਾਂ ਨੂੰ ਸੌ ਅਤੇ ਡੇਢ ਸੌ ਰੁਪਏ ਮਹੀਨਾ ਦੇਣੇ ਹਨ ਤਾਂ ਬੀਬੀਆਂ ਨੂੰ 200 ਰੁਪਏ ਦਿਆ ਕਰੋ। ਚੇਅਰਮੈਨ ਸਾਹਿਬ, 1975 ਵਿਚ ਬੇਰੋਜ਼ਗਾਰੀ ਦੀ ਸਮੱਸਿਆ ਦਾ ਹੱਲ ਕੱਢਣ ਵਾਸਤੇ ਇਕ ਕਮੇਟੀ ਬਣਾਈ ਗਈ ਸੀ। ਸਰਦਾਰ ਨਸੀਬ ਸਿੰਘ ਗਿੱਲ ਉਸ ਦੇ ਚੇਅਰਮੈਨ ਸਨ ਅਤੇ ਬਾਗਲਾ ਸਾਹਿਬ ਸੈਕਟਰੀ ਸਨ। ਜਿਹੜੇ ਨੌਜਵਾਨ ਬੇਰੋਜ਼ਗਾਰ ਫਿਰਦੇ ਹਨ ਉਹ ਗਲਤ ਪਾਸੇ ਜਾ ਰਹੇ ਹਨ। ਉਨ੍ਹਾਂ ਨੇ ਸੁਜੈਸਟ ਕੀਤਾ ਸੀ ਕਿ ਜਿਹੜੇ ਪੜ੍ਹੇ ਲਿਖੇ ਵਿਦਿਆਰਥੀ ਕਿਸੇ ਪਿੰਡ ਵਿਚ ਇਕ ਜਾਂ ਦੋ ਵੇਹਲੇ ਹਨ ਉਨ੍ਹਾਂ ਨੂੰ ਭੱਤਾ ਦਿਤਾ ਜਾਏ। ਉਸ ਦਾ ਭਾਵ ਇਹ ਨਹੀਂ ਸੀ ਕਿ ਉਨ੍ਹਾਂ ਨੂੰ ਪੈਨਸ਼ਨ ਦੇ ਦਿਓ ਅਤੇ ਉਹ ਬੇਫਿਕਰੇ ਹੋ ਜਾਣ। ਐਸੀਆਂ ਸਕੀਮਾਂ ਦਾ, ਜਿਹੜੀਆਂ ਸਾਡੇ ਦੇਸ਼ ਦੀ ਉਨਤੀ ਲਈ ਜ਼ਰੂਰੀ ਹਨ, ਉਹ ਪਿੰਡਾਂ ਵਿਚ ਪ੍ਰਚਾਰ ਕਰਨ। ਆਮ ਲੋਕਾਂ ਦਾ ਖਿਆਲ ਉਨ੍ਹਾਂ ਸਕੀਮਾਂ ਵਲ ਨਹੀਂ ਹੁੰਦਾ। ਜਿਹੜਾ ਭੱਤਾ ਲਵੇ ਉਹ ਪਿੰਡਾਂ ਦੇ ਲੋਕਾਂ ਨੂੰ ਫੈਮਿਲੀ ਪਲੈਨਿੰਗ ਬਾਰੇ, ਦਰੱਖਤ ਲਗਾਉਣ ਬਾਰੇ, ਸੂਰ ਪਾਲਣ ਬਾਰੇ ਜਾਂ ਹੋਰ ਜਿਹੜੀਆਂ ਇਸ ਕਿਸਮ ਦੀਆਂ ਸਕੀਮਾਂ ਹਨ ਜਿਨ੍ਹਾਂ ਨਾਲ ਅਸੀਂ ਆਪਣੇ ਲੋਕਾਂ ਨੂੰ ਅੱਛੇ ਪਾਸੇ ਲਿਜਾ ਸਕਦੇ ਹਾਂ ਉਨ੍ਹਾਂ ਬਾਰੇ ਗਿਆਨ ਦੇਵੇਗਾ। ਮੈਂ ਸੁਜੈਸਟ ਕਰਦੀ ਹਾਂ ਕਿ ਉਸ ਤਰ੍ਹਾਂ ਦੀ ਇਕ ਕਮੇਟੀ ਬਣਾਈ ਜਾਵੇ।

ਚੇਅਰਮੈਨ ਸਾਹਿਬ, ਬੁਢਾਪਾ ਪੈਨਸ਼ਨ ਬਾਰੇ ਮੈਨੂੰ ਯਾਦ ਹੈ ਕਿ ਪਿਛਲੇ ਸਮੇਂ ਵਿਚ ਜਾਂ ਅੱਜ ਵੀ ਜਦੋਂ ਮੈਂ ਪਿੰਡਾਂ ਵਿਚ ਜਾਂਦੀ ਹਾਂ ਤਾਂ ਵੇਖਦੀ ਹਾਂ ਕਿ ਹਜ਼ਾਰਾਂ ਦੀ ਗਿਣਤੀ ਵਿਚ ਬੇਸਹਾਰਾ ਬੁੱਢੀਆਂ, ਕਈਆਂ ਦੀਆਂ ਅੱਖਾਂ ਨਹੀਂ ਕੰਮ ਕਰ ਸਕਦੀਆਂ ਅਤੇ ਕਈਆਂ ਦੀਆਂ ਬਾਹਾਂ ਵੱਢੀਆਂ ਹੋਈਆਂ ਹਨ, ਰੁਲਦੀਆਂ ਫਿਰਦੀਆਂ ਹਨ। ਉਹ ਤਾਂ ਸੱਥ ਵਿਚ ਨਹੀਂ ਪਹੁੰਚ ਸਕਦੀਆਂ। ਉਹ ਆਪਣੀ ਪੈਨਸ਼ਨ ਲਈ ਦਰ ਦਰ ਰੁਲਦੀਆਂ ਫਿਰਦੀਆਂ ਹਨ। ਮੈਂ ਆਪਣੇ ਚੀਫ਼ ਮਨਿਸਟਰ ਸਰਦਾਰ ਦਰਬਾਰਾ ਸਿੰਘ ਜੀ ਨੂੰ ਬੇਨਤੀ ਕਰਦੀ ਹਾਂ ਕਿ ਪੈਨਸ਼ਨ ਦੇ ਨਿਯਮਾਂ ਨੂੰ ਸਿੰਪਲੀਫ਼ਾਈ ਕੀਤਾ ਜਾਏ। ਡਿਸਟ੍ਰਿਕਟ ਲੈਵਲ ਤੇ ਸਾਡੇ ਅਫ਼ਸਰ ਬੈਠੇ ਹਨ। ਇਹ ਕੰਮ ਉਹ ਕਰ ਦਿਆ ਕਰਨ। ਜਿਹੜੀਆਂ ਵਿਚਾਰੀਆਂ ਸੱਥ ਵਿੱਚ ਨਹੀਂ ਪਹੁੰਚ ਸਕਦੀਆਂ, ਉਹ ਚੰਡੀਗੜ੍ਹ ਕਿਸ ਤਰ੍ਹਾਂ ਪਹੁੰਚ ਸਕਦੀਆਂ ਹਨ। ਕਈ ਵਿਚਾਰੀਆਂ ਪੈਨਸ਼ਨ ਦੀ ਉਡੀਕ ਕਰਦੀਆਂ ਕਰਦੀਆਂ ਅਕਾਲ ਚਲਾਣਾ ਕਰ ਜਾਂਦੀਆਂ ਹਨ।

ਹੁਣ, ਮੈਂ ਇਕ ਗੱਲ ਖੇਡਾਂ ਦੇ ਬਾਰੇ ਵਿਚ ਕਹਿਣਾ ਚਾਹੁੰਦੀ ਹਾਂ। 1975 ਵਿਚ ਕਾਂਗਰਸ ਸਰਕਾਰ ਦੇ ਸਮੇਂ ਹਾਕੀ ਟੀਮ ਦੀ ਸਹੀ ਢੰਗ ਨਾਲ, ਨਿਰਪੱਖਤਾ ਨਾਲ ਚੋਣ ਹੋਈ ਸੀ। ਇਕ ਗੋਲਡ ਕੱਪ ਜੋ 13 ਸਾਲਾਂ ਤੋਂ ਖੋਹਿਆ ਹੋਇਆ ਸੀ ਜਿੱਤ ਕੇ ਉਸ ਟੀਮ ਨੇ ਲਿਆਂਦਾ। ਅਗਲੇ ਸਾਲ ਅਕਾਲੀ ਦਲ ਦੀ ਸਰਕਾਰ ਆਈ। ਉਸ ਟੀਮ ਦੀ ਚੋਣ ਨਿਰਪੱਖਤਾ ਨਾਲ ਨਾ ਹੋਈ। ਇਸ ਕਰਕੇ ਉਹ ਜਿੱਤਿਆ ਹੋਇਆ ਕੱਪ ਸਰਦਾਰ ਢੀਂਡਸਾ ਜੀ ਦੀ ਰਹਿਨੁਮਾਈ ਵਿਚ ਵਾਪਸ ਕਰਨਾ ਪਿਆ।(ਵਿਘਨ)

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਦੇਸ਼ ਭਗਤਾਂ ਬਾਰੇ ਇਕ ਗੱਲ ਕਰਨੀ ਚਾਹੁੰਦੀ ਹਾਂ। ਕੱਲ੍ਹ ਵੀ ਹਾਊਸ ਵਿਚ ਚਰਚਾ ਹੋਈ ਸੀ ਅਤੇ ਸ਼ਹੀਦਾਂ ਦਾ ਨਾਮ ਲਿਆ ਗਿਆ ਸੀ। ਕਾਂਗਰਸ ਰਾਜ ਵਿਚ ਹਮੇਸ਼ਾਂ ਸ਼ਹੀਦਾਂ ਨੂੰ ਸਨਮਾਨਿਆਂ ਗਿਆ ਸੀ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨੂੰ ਸਨਮਾਨਿਆ ਗਿਆ। ਸ਼ਹੀਦਾਂ ਦਾ ਪਰਿਵਾਰ ਕਿਸੇ ਪਾਰਟੀ ਨਾਲ ਤੁਅੱਲਕ ਨਹੀਂ ਰਖਦਾ ਹੁੰਦਾ। ਇਹ ਪਰਿਵਾਰ ਉਂਗਲੀਆਂ ਤੇ ਗਿਣਨ ਵਾਲੇ ਹੁੰਦੇ ਹਨ ਜਿਨ੍ਹਾਂ ਨੇ ਦੇਸ਼ ਲਈ ਕੁਰਬਾਨੀ ਕੀਤੀ ਹੁੰਦੀ ਹੈ। ਕਾਂਗਰਸ ਸਰਕਾਰ ਨੇ ਮੇਰੇ ਆਪਣੇ ਪਿੰਡ ਦੀ ਲਿੰਕ ਰੋਡ, ਨੂੰ ਮੇਰੇ ਸਤਿਕਾਰਯੋਗ ਪਿਤਾ ਬਾਬਾ ਹੀਰਾ ਸਿੰਘ ਭੱਠਲ, ਜਿਹੜੇ ਕਿ ਇਕ ਮਹਾਨ ਦੇਸ਼ ਭਗਤ ਸਨ, ਦਾ ਨਾਉਂ ਬਾਬਾ ਹੀਰਾ ਸਿੰਘ ਭੱਠਲ ਮਾਰਗ ਰਖਿਆ। ਜਿਸ ਵਕਤ ਅਕਾਲੀ ਦਲ ਦੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਆਈ ਤਾਂ ਉਸ ਨੇ ਪਹਿਲਾ ਕੰਮ ਇਹ ਕੀਤਾ ਕਿ ਉਹ ਪੱਥਰ ਉਥੋਂ ਪੁਟਾ ਕੇ ਵਗਾਹ ਮਾਰਿਆ। ਬੜੀ ਮਾਯੂਸੀ ਹੁੰਦੀ ਹੈ ਕਿ ਕਿਸੇ ਹੋਰ ਦੇਸ਼ ਭਗਤ ਦਾ ਮਾਣ ਕਰਨ ਦੀ ਬਜਾਏ ਇਹੋ ਜਿਹੇ ਕਾਰਨਾਮੇ ਕੀਤੇ ਗਏ। ਇਹ ਚੀਜ਼ਾਂ ਵੇਖ ਕੇ ਬੜੀ ਮਾਯੂਸੀ ਹੁੰਦੀ ਹੈ।

ਅੰਤ ਵਿਚ ਮੈਂ ਸਰਦਾਰ ਦਰਬਾਰਾ ਸਿੰਘ ਨੂੰ ਇਸ ਗੱਲ ਦੀ ਵਧਾਈ ਦਿੰਦੀ ਹਾਂ ਕਿ ਹਰਮਨ ਪਿਆਰੇ ਨੇਤਾ ਸ੍ਰੀਮਤੀ ਇੰਦਰਾ ਗਾਂਧੀ ਦੀ ਰਹਿਨੁਮਾਈ ਹੇਠ ਪੰਜਾਬ ਨੂੰ ਇਕ ਸਾਫ਼ ਸੁਥਰਾ ਸ਼ਾਸਨ ਦੇਣ ਦਾ ਬੜਾ ਸੋਹਣਾ ਪ੍ਰੋਗਰਾਮ ਉਲੀਕਿਆ ਹੈ। ਮੈਂ ਆਸ ਕਰਦੀ ਹਾਂ ਕਿ ਸਾਡੇ ਸਾਹਮਣੇ ਬੈਠੇ ਵੀਰ ਵੀ ਸਾਡੀ ਸਰਕਾਰ ਦੇ ਵਿਕਾਸਮਈ ਕੰਮਾਂ ਵਿਚ ਆਪਣਾ ਸਮੱਰਥਨ ਦੇਣ ਵਿਚ ਗੁਰੇਜ਼ ਨਹੀਂ ਕਰਨਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਰਾਜਪਾਲ ਜੀ ਦੇ ਭਾਸ਼ਨ ਦਾ ਧੰਨਵਾਦ ਕਰਦੀ ਹਾਂ ਅਤੇ ਆਪਣੇ ਚੀਫ਼ ਮਨਿਸਟਰ ਸਾਹਿਬ ਸਰਦਾਰ ਦਰਬਾਰਾ ਸਿੰਘ ਨੂੰ ਅਜਿਹੇ ਪ੍ਰੋਗਰਾਮਾਂ ਨੂੰ ਬਣਾਉਣ ਤੇ ਮੁਬਾਰਕਬਾਦ ਦਿੰਦੀ ਹੋਈ ਆਪਣਾ ਸਥਾਨ ਲੈਂਦੀ ਹਾਂ।

**ਸਰਦਾਰ ਬਲਦੇਵ ਸਿੰਘ ਮਾਨ (ਦਿੜ੍ਹਬਾ)** : ਚੇਅਰਮੈਨ ਸਾਹਿਬ, ਮੈਂਬਰ ਸਾਹਿਬਾਨ ਨੇ ਗਵਰਨਰ ਸਾਹਿਬ ਨੂੰ ਉਨ੍ਹਾਂ ਦੇ ਭਾਸ਼ਣ ਦੇਣ ਤੇ ਧੰਨਵਾਦ ਕਰਨ ਲਈ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੀ ਵਿਰੋਧਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਇਸ ਦੀ ਵਿਰੋਧਤਾ ਕਰਨ ਦੀ ਕਿਉਂ ਲੋੜ ਪਈ ਉਸ ਦੇ ਦੋ ਕਾਰਨ ਹਨ। ਇਕ ਤਾਂ ਇਹ ਹੈ ਕਿ ਗਵਰਨਰ ਸਾਹਿਬ ਚੋਣਾਂ ਦੇ ਸਮੇਂ ਅਤੇ ਜਦੋਂ ਉਸ ਤੋਂ ਬਾਅਦ ਉਨ੍ਹਾਂ ਨੂੰ ਰਾਜ ਕਰਨ ਦਾ ਮੌਕਾ ਮਿਲਿਆ, ਉਦੋਂ ਉਹ ਨਿਰਪੱਖ ਨਾ ਰਹੇ। ਦੂਸਰਾ ਇਹ ਹੈ ਕਿ ਜਿਹੜਾ ਭਾਸ਼ਣ ਦਿੱਤਾ ਹੈ ਇਹ ਬਿਲਕੁਲ ਫੋਕਾ ਹੈ। ਇਸ ਦੇ ਵਿਚ ਪੰਜਾਬ ਦੇ ਲੋਕਾਂ ਦੀ ਉੱਨਤੀ ਵਾਸਤੇ ਕੋਈ ਗੱਲ ਨਹੀਂ ਕੀਤੀ ਗਈ ਹੈ। ਪਹਿਲਾਂ ਮੈਂ ਇਨ੍ਹਾਂ ਬਾਰੇ ਪੱਖਪਾਤੀ ਨਜ਼ਰੀਆ ਪੇਸ਼ ਕਰਾਂਗਾ। 17 ਤਾਰੀਖ਼ ਦੀ ਰਾਤ ਨੂੰ 12 ਵਜੇ ਜਦੋਂ ਸਾਰਾ ਦੇਸ਼ ਸੁੱਤਾ ਪਿਆ ਸੀ 9 ਵਿਧਾਨ ਸਭਾਵਾਂ ਜਿਹੜੀਆਂ ਲੋਕਾਂ ਨੇ ਜਮਹੂਰੀ ਢੰਗ ਨਾਲ ਚੁਣੀਆਂ ਸਨ, ਉਨ੍ਹਾਂ ਨੂੰ ਇਨ੍ਹਾਂ ਨੇ ਤੋੜ ਦਿੱਤਾ। ਲੋਕਾਂ ਦੇ ਹੱਕਾਂ ਦਾ ਕਤਲ ਕੀਤਾ ਔਰ ਉਹ ਵੀ ਰਾਤ ਨੂੰ ਕੀਤਾ। ਇਨ੍ਹਾਂ ਕਾਂਗਰਸੀ ਭਾਈਆਂ ਦਾ ਪਤਾ ਨਹੀਂ ਕਿਉਂ ਇਹ ਰਾਤ ਨੂੰ ਅਜਿਹੇ ਕੰਮ ਕਰਦੇ ਹਨ ? ਦਿਨ ਵੇਲੇ ਕਿਉਂ ਨਹੀਂ ਕਰਦੇ। ਇਨ੍ਹਾਂ ਨੇ ਰਾਤ ਨੂੰ ਜਮਹੂਰੀ ਹੱਕਾਂ ਤੇ ਡਾਕਾ ਮਾਰਿਆ। 27 ਤਾਰੀਖ਼ ਨੂੰ ਪਹਿਲੀ ਕਿਸ਼ਤ ਕੱਢੀ ਬਦਲੀਆਂ ਦੀ ਅਤੇ 3 ਮਾਰਚ ਨੂੰ ਫਿਰ ਬਦਲੀਆਂ ਹੋ ਗਈਆਂ। ਇਹ ਕਹਿਣ ਲੱਗੇ ਕਿ ਸਾਨੂੰ ਇਹ ਸੂਟ ਨਹੀਂ ਕਰਦੇ। 4 ਮਾਰਚ ਨੂੰ ਪੁਲੀਸ ਅਫ਼ਸਰਾਂ ਦੀਆਂ ਬਦਲੀਆਂ ਕਰ ਦਿੱਤੀਆਂ। ਚੇਅਰਮੈਨ ਸਾਹਿਬ, ਇਸ ਪਾਰਟੀ ਦਾ ਸਿਆਸੀ ਇਖਲਾਕ ਵੇਖੋ ਕਿ ਉਸ ਬੰਦੇ ਨੂੰ ਜਿਸ ਨੂੰ ਇਨ੍ਹਾਂ ਨੇ ਬਰਨਾਲੇ ਦੇ ਹਲਕੇ ਵਿਚ ਨੌਮੀਨੀ ਬਣਾਇਆ, ਉਸਨੂੰ ਸੰਗਰੂਰ ਦਾ ਐਸ.ਐਸ.ਪੀ. ਲਾਇਆ। ਫਿਰ ਦੋ ਤਾਰੀਖ ਨੂੰ ਸਵੇਰੇ ਡੇਢ ਵਜੇ ਉਸਦੀ ਨੋਟੀਫਿਕੇਸ਼ਨ ਹੋਮ ਮਨਿਸਟਰੀ ਵਿਚੋਂ ਇਸ਼ੂ ਕੀਤੀ ਕਿ ਉਸਦਾ ਅਸਤੀਫਾ ਮਨਜ਼ੂਰ ਹੋਇਆ ਹੈ। ਦੋ ਤਾਰੀਖ ਨੂੰ ਨਾਮੀਨੇਸ਼ਨ ਭਰਨ ਲਈ ਜਦੋਂ ਉਹ ਸਰਕਾਰੀ ਗੱਡੀ ਵਿਚ ਆਇਆ ਤਾਂ ਉਸਦੇ ਨਾਲ ਤਿੰਨ ਡੀ.ਐਸ.ਪੀ. ਵੀ ਸਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਫਿਰ, ਚੇਅਰਮੈਨ ਸਾਹਿਬ, ਟਰਾਂਸਫਰਾਂ 20 ਮਾਰਚ ਨੂੰ ਕਰ ਦਿੱਤੀਆਂ। ਇਨ੍ਹਾਂ ਬਦਲੀਆਂ ਕਾਰਨ ਮੇਰੇ ਵੀਰਾਂ ਨੂੰ ਇਹ ਭੁਲੇਖਾ ਸੀ ਕਿ ਉਹ ਜਿੱਤ ਜਾਣਗੇ ਅਤੇ ਬਹੁ-ਗਿਣਤੀ ਵਿਚ ਆ ਜਾਣਗੇ। ਫਿਰ ਚੋਣਾਂ ਦਾ ਸਮਾਂ ਆ ਗਿਆ। ਇਹ ਕਿਹਾ ਗਿਆ ਕਿ ਚੋਣਾਂ ਨਿਰਪੱਖ ਹੋਣਗੀਆਂ ਲੇਕਿਨ ਉਥੇ ਸਰਕਾਰੀ ਮਸ਼ੀਨਰੀ ਦੀ ਇਤਨੀ ਦੁਰਵਰਤੋਂ ਕੀਤੀ ਗਈ ਕਿ ਉਸਦੀ ਮਿਸਾਲ ਅੱਜ ਤਕ ਕਿਤੇ ਨਹੀਂ ਮਿਲਦੀ। ਮੈਂ ਤੁਹਾਨੂੰ ਆਪਣੇ ਹਲਕੇ ਦੀ ਗੱਲ ਦੱਸਦਾ ਹਾਂ। ਮੇਰੇ ਹਲਕੇ ਵਿਚ ਪੰਜਾਬ ਦੀ ਸਾਰੀ ਪੁਲਿਸ ਬੈਠੀ ਸੀ। ਬਰਨਾਲਾ ਸਾਹਿਬ ਵੀ ਇਥੇ ਬੈਠੇ ਹਨ। ਸਾਰੇ ਪੰਜਾਬ ਦੀ ਪੁਲਿਸ ਇਨ੍ਹਾਂ ਦੇ ਹਲਕੇ ਵਿਚ ਅਤੇ ਧੀਂਡਸਾ ਸਾਹਿਬ ਦੇ ਹਲਕੇ ਵਿਚ ਬੈਠੀ ਸੀ। ਸੰਗਰੂਰ ਵਿੱਚ ਤਾਂ ਡੀ.ਆਈ.ਜੀ ਦਾ ਜਵਾਈ ਬੈਠਾ ਸੀ। ਮੇਰੇ ਹਲਕੇ ਵਿਚ ਪਿੰਡ ਬਾਸਰਕੇ ਦਾ ਇਕ ਏ.ਐਸ.ਆਈ., ਜਿਸ ਦਾ ਨਾਂ ਸਰਵਣ ਸਿੰਘ ਹੈ ਅਤੇ ਜੋ ਲੱਗਾ ਹੋਇਆ ਤਾਂ ਬਠਿੰਡੇ ਜ਼ਿਲ੍ਹੇ ਵਿਚ ਹੈ ਪਰ ਪਤਾ ਨਹੀਂ ਉਹ ਛੁੱਟੀ ਤੇ ਆਇਆ ਸੀ ਜਾਂ ਫਰਲੋ ਤੇ ਬੈਠਾ ਰਿਹਾ, ਉਹ ਰੋਜ਼ ਕਹਿੰਦਾ ਰਿਹਾ ਕਿ ਮੈਂ 1 ਲੱਖ ਰੁਪਿਆ ਲਾ ਦੇਣਾ ਹੈ ਪਰ ਬਲਦੇਵ ਸਿੰਘ ਨੂੰ ਜਿੱਤਣ ਨਹੀਂ ਦੇਣਾ। ਮੈਂ 13 ਮਈ, 1980 ਨੂੰ ਇਲੈਕਸ਼ਨ ਕਮਿਸ਼ਨਰ, ਗਵਰਨਰ ਸਾਹਿਬ ਅਤੇ ਆਈ.ਜੀ. ਨੂੰ ਟੈਲੀਗਰਾਮ ਦਿੱਤੀ। ਇਸ ਕੰਪਲੇਂਟ ਤੋਂ ਬਾਅਦ 20 ਤਾਰੀਖ ਨੂੰ ਫਿਰ ਟੈਲੀਫੋਨ ਤੇ ਆਈ. ਜੀ. ਨਾਲ ਗੱਲ ਕੀਤੀ। ਆਈ. ਜੀ. ਨੇ ਮੈਨੂੰ ਕਿਹਾ ਕਿ ਤੁਸੀਂ ਲਿਖ ਕੇ ਭੇਜ ਦਿਓ। ਮੈਂ ਕਿਹਾ ਕਿ ਜਦ ਪਹਿਲੀ ਟੈਲੀਗਰਾਮ ਦਿੱਤੀ ਹੋਈ ਹੈ ਉਸ ਦਾ ਕੋਈ ਅਸਰ ਨਹੀਂ ਹੋਇਆ ਫਿਰ ਹੋਰ ਕਾਹਦਾ ਹੋਵੇਗਾ। ਅਗਲੇ ਦਿਨ ਕੀ ਹੁੰਦਾ ਹੈ ਕਿ ਉਹ ਏ.ਐਸ ਆਈ. ਮੈਨੂੰ ਹੂ ਬਹੂ ਉਹੀ ਲਫਜ਼ ਸੁਣਾ ਦਿੰਦਾ ਹੈ ਜੋ ਮੈਂ ਆਈ.ਜੀ. ਨੂੰ ਟੈਲੀਫੋਨ ਤੇ ਕਹੇ ਸਨ। ਮੇਰੀ ਇਲੈਕਸ਼ਨ ਵਿਚ ਪੁਲਿਸ ਦੇ ਇਨਸਪੈਕਟਰ ਮੇਰੇ ਖਿਲਾਫ਼ ਫਿਰਦੇ ਰਹੇ।

ਚੇਅਰਮੈਨ ਸਾਹਿਬ, ਗੁੰਡਾਗਰਦੀ ਕਿਉਂ ਵਧੀ ਹੈ ? ਚੀਫ ਮਨਿਸਟਰ ਸਾਹਿਬ ਸ਼ਾਇਦ ਭੁਲੇਖੇ ਵਿਚ ਹਨ। ਸਾਰੇ ਪੰਜਾਬ ਦੇ ਨਾਮੀ ਗੁੰਡੇ ਸਾਰੇ ਜ਼ਿਲ੍ਹਿਆਂ ਵਿਚ ਸਾਡੀ ਪਾਰਟੀ ਦੇ ਖਿਲਾਫ ਫਿਰਦੇ ਰਹੇ। ਜਿਨ੍ਹਾਂ ਲੋਕਾਂ ਦੀ ਹਮਾਇਤ ਨਾਲ ਇਹ ਵੋਟਾਂ ਲੈ ਕੇ ਆਏ ਹਨ ਉਨ੍ਹਾਂ ਨੇ ਹੁਣ ਗੁੰਡਾਗਰਦੀ ਕਰਨੀ ਹੀ ਹੈ। ਇਹ ਗੱਲਾਂ ਗਵਰਨਰ ਸਾਹਿਬ ਨੂੰ ਉਸ ਵੇਲੇ ਵੇਖਣੀਆਂ ਚਾਹੀਦੀਆਂ ਸਨ। ਪਰ ਉਨ੍ਹਾਂ ਨੇ ਕੋਈ ਚੰਗਾ ਕੰਮ ਨਹੀਂ ਕੀਤਾ।

ਹੁਣ, ਚੇਅਰਮੈਨ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਣ ਦਾ ਜ਼ਿਕਰ ਕਰਦਾ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਮੇਰੀ ਸਰਕਾਰ ਪੁਲਿਸ ਦੇ ਵਿਚ ਵਾਧਾ ਕਰੇਗੀ। ਪਰ ਉਨ੍ਹਾਂ ਨੂੰ ਤਾਇਨਾਤ ਕਿਥੇ ਕਰੇਗੀ ਬੱਸ ਅੱਡਿਆਂ ਤੇ ? ਜਿਸ ਤਰ੍ਹਾਂ ਦਾ ਕੰਮ ਧੂਰੀ ਦੇ ਵਿਚ ਕੀਤਾ ਹੈ। ਕੀ ਅਜਿਹੇ ਕੰਮ ਕਰਨ ਵਾਸਤੇ ਪੁਲਿਸ ਵਿਚ ਇਹ ਸਰਕਾਰ ਵਾਧਾ ਕਰੇਗੀ ? ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਜਿਹੜੇ ਬੰਦੇ ਇਸ ਕੇਸ ਵਿਚ ਇਨਵਾਲਵਡ ਸਨ, ਉਹ ਕੀ ਕਰਦੇ ਰਹੇ। ਧੂਰੀ ਦਾ ਮਿਉਂਨਿਸਪਲ ਕਮਿਸ਼ਨਰ ਇਕ ਵਜ਼ੀਰ ਸਾਹਿਬ ਦੀ ਕੋਠੀ ਵਿਚ ਬੈਠਾ ਰਿਹਾ ਅਤੇ ਉਹ ਵਜ਼ੀਰ ਸਾਹਿਬ ਬਾਰ ਬਾਰ ਟੈਲੀਫੂਨ ਕਰਦੇ ਰਹੇ। ਸਿਆਸੀ ਪਾਰਟੀਆਂ ਮੁਜ਼ਾਹਰੇ ਕਰਦੀਆਂ ਰਹੀਆਂ ਅਤੇ ਵਜ਼ੀਰ ਸਾਹਿਬ ਟੈਲੀਫੂਨ ਕਰਦੇ ਰਹੇ। ਇਸ ਤੋਂ ਬਾਅਦ ਅਹਿਮਦਗੜ੍ਹ ਦੇ ਵਾਕਿਆ ਨੂੰ ਵੀ ਲੈ ਲਓ। ਉਥੇ ਪੁਲਿਸ ਨੇ ਗੋਲੀ ਚਲਾਈ, ਜਿਸ ਦੇ ਬਾਰੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵੀ ਦੱਸ ਚੁੱਕੇ ਹਨ। ਉਥੇ ਕਈ ਬੰਦੇ ਫੱਟੜ ਹੋਏ। ਪਰ ਪੁਲਿਸ ਵੱਲੋਂ ਇਹ ਕੇਸ ਬਣਾਇਆ ਗਿਆ ਕਿ ਉਨ੍ਹਾਂ ਨੇ ਪਿਸਤੌਲ ਕੱਢ ਕੇ ਫਾਇਰ ਕਰਨੇ ਸ਼ੁਰੂ ਕਰ ਦਿੱਤੇ। ਪਰ ਪਿਸਤੌਲ ਕੋਈ ਬਰਾਮਦ ਨਹੀਂ ਹੋਇਆ, ਪੁਲਿਸ ਦਾ ਕੋਈ ਆਦਮੀ ਫੱਟੜ ਨਹੀਂ ਹੋਇਆ। ਜਦੋਂ ਕਿ ਪੁਲਿਸ ਨੂੰ ਇਹ ਪਰਚਾ ਦਰਜ ਕਰਨਾ ਚਾਹੀਦਾ ਸੀ, ਉਨ੍ਹਾਂ ਨੇ ਇਸ ਦੇ ਉਲਟ ਉਨ੍ਹਾਂ ਦੇ ਵਿਰੁੱਧ ਹੀ ਕੇਸ ਬਣਾ ਦਿੱਤਾ। ਇਸੇ ਤਰ੍ਹਾਂ ਹੀ ਮੇਰੇ ਕਾਮਰੇਡ

Original with;
Punjab Vidhan Sabha
Digitized by;
Panjab Digital Library

ਵੀਰ ਬਲਵੰਤ ਸਿੰਘ ਨੇ ਜ਼ਿਕਰ ਕੀਤਾ ਸੀ। ਉਥੇ ਕੀ ਹੋਇਆ ? ਇਸ ਕੈਬਨਿਟ ਦਾ ਇਕ ਮੰਤਰੀ ਸਹੁੰ ਚੁੱਕਣ ਤੋਂ ਬਾਅਦ ਪਹਿਲੀ ਵਾਰੀ ਉਥੇ ਗਿਆ ਅਤੇ ਰੈਸਟ ਹਾਊਸ ਵਿਚ ਠਹਿਰਿਆ। ਕਸ-ਟੋਡੀਅਨ ਦੀ ਜ਼ਮੀਨ ਉਤੇ ਲੋਕਾਂ ਨੇ ਕਈ ਸਾਲਾਂ ਤੋਂ ਮਕਾਨ ਬਣਾਏ ਹੋਏ ਸਨ। ਉਥੇ ਜਾ ਕੇ, ਗੁੰਡੇ ਨਾਲ ਲੈ ਕੇ ਮਕਾਨ ਢਾਹੁਣੇ ਸ਼ੁਰੂ ਕਰ ਦਿੱਤੇ। ਜਦੋਂ ਬੰਦੇ ਥਾਣੇ ਗਏ ਤਾਂ ਉਨ੍ਹਾਂ ਨੂੰ ਪੁਲਿਸ ਵਾਲਿਆਂ ਨੇ ਕਿਹਾ ਕਿ ਜਲਦੀ ਕੀ ਹੈ, ਚੱਲ ਪੈਂਦੇ ਹਾਂ। ਪਰ ਉਧਰ ਉਹ ਗੁੰਡੇ ਉਨ੍ਹਾਂ ਦੇ ਮਕਾਨ ਢਾਹੁੰਦੇ ਰਹੇ। ਫਿਰ, ਸੀ.ਐਮ. ਸਾਹਿਬ ਨੇ ਮੀਟਿੰਗ ਕੀਤੀ ਕਿ ਲਾਅ ਐਂਡ ਆਰਡਰ ਦੀ ਹਾਲਤ ਕਿਉਂ ਖਰਾਬ ਹੈ। ਇਨ੍ਹਾਂ ਨੇ ਬਹਾਨਾ ਇਹ ਲਾਇਆ ਕਿ ਪਹਿਲੀ ਸਰਕਾਰ ਬਾਹਲੇ ਲਾਇਸੈਂਸ ਪਿਸਤੌਲਾਂ ਦੇ ਦੇ ਕੇ ਗਈ ਹੈ। ਇਨ੍ਹਾਂ ਨੇ ਹਰੇਕ ਆਦਮੀ ਦੀ ਰਾਈਫਲ ਧਰਵਾ ਲਈ। ਜਿਹੜਾ ਆਦਮੀ ਦੋ ਸੌ ਰੁਪਏ ਦੇ ਕੇ ਜਾਵੇ ਉਹ ਆਪਣੀ ਰਾਈਫਲ ਛੁਡਾ ਕੇ ਲੈ ਜਾਵੇ। ਇਹ ਇਨ੍ਹਾਂ ਨੇ ਨਵੀਂ ਦੁਕਾਨ-ਦਾਰੀ ਸ਼ੁਰੂ ਕਰ ਦਿੱਤੀ ਹੈ। ਇਸ ਲਈ ਜੇ ਇਸ ਤਰ੍ਹਾਂ ਪੁਲਿਸ ਤਾਇਨਾਤ ਕਰਨ ਲਈ ਪੁਲਿਸ ਵਿਚ ਵਾਧਾ ਕਰਨਾ ਹੈ ਤਾਂ ਇਸ ਦਾ ਕੋਈ ਫਾਇਦਾ ਨਹੀਂ ਹੈ। ਮੈਂ ਸਰਕਾਰ ਨੂੰ ਕਹਾਂਗਾ ਕਿ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਨੂੰ ਠੀਕ ਕਰਨ ਲਈ ਸਹੀ ਢੰਗ ਅਪਣਾਉਣ, ਅਸੀਂ ਇਨ੍ਹਾਂ ਨੂੰ ਪੂਰਾ ਸਾਥ ਦੇਵਾਂਗੇ।

ਚੇਅਰਮੈਨ ਸਾਹਿਬ, ਬੀਬੀ ਜੀ ਨੂੰ ਪਤਾ ਨਹੀਂ ਕਿਵੇਂ ਭੁਲੇਖਾ ਪੈ ਗਿਆ ਕਿ ਕਾਂਗਰਸ ਪਾਰਟੀ ਵਾਲੇ ਔਰਤਾਂ ਦੇ ਬੜੇ ਹਮਦਰਦ ਹਨ। ਤੁਸੀਂ ਆਮ ਜਨਤਾ ਤੋਂ ਪੁੱਛੋ ਕਿ ਕਾਂਗਰਸ ਪਾਰਟੀ ਕਿਤਨੀ ਕੁ ਬੀਬੀਆਂ ਦੀ ਹਮਦਰਦ ਹੈ। ਜਿਤਨੀ ਕੁ ਇੱਜ਼ਤ ਆਪਣੀ ਪਾਰਟੀ ਦੀਆਂ ਬੀਬੀਆਂ ਦੀ ਉਹ ਕਰਦੇ ਹਨ, ਇਸੇ ਤਰ੍ਹਾਂ ਹੀ ਉਹ ਬਾਹਰ ਕਰਦੇ ਹੋਣਗੇ। ਬੀਬੀਆਂ ਦੀ ਇਜ਼ਤ ਤਾਂ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ ਹੀ ਕਰ ਸਕਦੇ ਹਨ। ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ :—

"ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"

ਉਹ ਲੋਕ ਔਰਤਾਂ ਦੀ ਕੀ ਇੱਜ਼ਤ ਕਰ ਸਕਦੇ ਹਨ ਜੋ ਔਰਤਾਂ ਨੂੰ ਆਪਣੇ ਪੈਰਾਂ ਦੀ ਜੁੱਤੀ ਸਮਝਦੇ ਹਨ। ਇਸ ਲਈ ਇਨ੍ਹਾਂ ਤੋਂ ਇਸ ਗੱਲ ਦੀ ਕਿਸ ਤਰ੍ਹਾਂ ਆਸ ਕੀਤੀ ਜਾ ਸਕਦੀ ਹੈ।

ਚੇਅਰਮੈਨ ਸਾਹਿਬ, ਜਨਰਲ ਐਡਮਨਿਸਟਰੇਸ਼ਨ ਦੇ ਸਬੰਧ ਵਿਚ ਕਿਹਾ ਗਿਆ ਹੈ ਕਿ ਅਸੀਂ ਬੜੀ ਤੇਜ਼ੀ ਨਾਲ ਕੰਮ ਕਰਾਂਗੇ। ਲੋਕਾਂ ਦੇ ਕੰਮ ਮੈਂ ਸਮਝਦਾ ਹਾਂ ਕਿ ਤੇਜ਼ੀ ਨਾਲ ਹੋਣੇ ਚਾਹੀਦੇ ਹਨ। ਮੁਲਾਜ਼ਮਾਂ ਨੂੰ ਤਨਖਾਹ ਪੂਰੀ ਮਿਲਣੀ ਚਾਹੀਦੀ ਹੈ, ਇਸ ਵਿਚ ਕੋਈ ਦੋ ਰਾਵਾਂ ਨਹੀਂ। ਪਰ ਇਹ ਵੀ ਐਨਸ਼ਿਓਰ ਕਰਨਾ ਚਾਹੀਦਾ ਹੈ ਕਿ ਜਿਹੜਾ ਕੰਮ ਉਨ੍ਹਾਂ ਨੂੰ ਸੌਂਪਿਆ ਗਿਆ ਹੈ, ਉਹ ਕਰਦੇ ਵੀ ਹਨ ਜਾਂ ਕੁਰਸੀਆਂ ਤੇ ਬੈਠੇ ਰਹਿੰਦੇ ਹਨ। ਗਵਰਨਰ ਸਾਹਿਬ ਨੇ 6 ਦਿਨਾਂ ਦੇ ਹਫਤੇ ਨੂੰ 5 ਦਿਨਾਂ ਦਾ ਕਰ ਦਿੱਤਾ। ਜਿਹੜਾ ਬੰਦਾ ਦੂਰੋਂ ਇਥੇ ਕੰਮ ਕਰਵਾਉਣ ਲਈ ਆਉਂਦਾ ਹੈ ਉਸ ਦਾ ਕੰਮ ਛੇਤੀ ਤੋਂ ਛੇਤੀ ਹੋਣਾ ਚਾਹੀਦਾ ਹੈ। ਇਸ ਲਈ ਅਗਰ ਸਰਕਾਰ ਮੁਲਾਜ਼ਮ ਨੂੰ ਤਨਖਾਹ ਵੀ ਪੂਰੀ ਦਿੰਦੀ ਹੈ ਤਾਂ ਉਸ ਤੋਂ ਕੰਮ ਵੀ ਪੂਰਾ ਲੈਣਾ ਚਾਹੀਦਾ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਪਾਸੇ ਵੱਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਲੋਕਾਂ ਦੇ ਕੰਮ ਰੁਕਣੇ ਨਹੀਂ ਚਾਹੀਦੇ। ਇਸ ਲਈ ਜੇ ਹਫ਼ਤੇ ਵਿੱਚ ਕੰਮ ਕਰਨ ਦੇ ਦਿਨ ਵਧਾਉਣੇ ਹਨ ਤਾਂ ਜ਼ਰੂਰ ਵਧਾਓ ਪਰ ਜੇ ਤੁਹਾਨੂੰ ਛੁੱਟੀਆਂ ਚੰਗੀਆਂ ਲਗਦੀਆਂ ਹਨ ਤਾਂ ਬੇਸ਼ੱਕ ਕੰਮ ਕਰਨ ਦੇ ਦਿਨ ਹੋਰ ਵੀ ਘਟਾ ਦਿਓ।

ਚੇਅਰਮੈਨ ਸਾਹਿਬ, ਫੋਕਲ ਪੁਆਇੰਟ ਦਾ ਇਥੇ ਜ਼ਿਕਰ ਕੀਤਾ ਗਿਆ ਹੈ। ਮੈਂ, ਚੇਅਰਮੈਨ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਫੋਕਲ ਪੁਆਇੰਟਾਂ ਦੁਆਰਾ ਜੋ ਤਰੱਕੀ ਪੰਜਾਬ ਨੇ ਕੀਤੀ ਹੈ ਉਹ ਹਿੰਦੁਸਤਾਨ ਦਾ ਕੋਈ ਸੂਬਾ ਨਹੀਂ ਕਰ ਸਕਿਆ। ਪੰਜਾਬ ਦੇ ਸੂਬੇ ਦੀ ਧਰਤੀ ਚੰਗੀ ਹੈ, ਹਵਾ ਚੰਗੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਹੈ, ਲੋਕ ਬਹਾਦੁਰ ਹਨ, ਫਿਰ ਉਹ ਸੂਬਾ ਅੱਜ ਤਕ ਕਿਉਂ ਪਿੱਛੇ ਰਿਹਾ ਹੈ। ਇਸ ਦੇ ਜ਼ਿੰਮੇਵਾਰ ਇਹ ਸਾਹਮਣੇ ਬੈਠੇ ਵੀਰ ਹਨ ਜਿਨ੍ਹਾਂ ਨੇ ਇਥੇ 30 ਸਾਲ ਰਾਜ ਕੀਤਾ। ਇਨ੍ਹਾਂ ਨੇ ਕੋਈ ਪਲਾਨਿੰਗ ਨਹੀਂ ਕੀਤੀ। ਜੇ ਇਨ੍ਹਾਂ ਨੇ ਸਾਡੇ ਵਾਂਗ ਕੋਈ ਪਲਾਨ ਬਣਾਈ ਹੁੰਦੀ ਤਾਂ ਅੱਜ ਪੰਜਾਬ ਦਾ ਸੂਬਾ ਕੈਲੇਫੋਰਨੀਆਂ ਬਣਿਆ ਹੁੰਦਾ। ਮੈਂ ਕਹਿੰਦਾ ਹਾਂ ਕਿ ਸਾਨੂੰ 30 ਸਾਲ ਰਾਜ ਕਰਨ ਦਾ ਮੌਕਾ ਦੇਣ ਤਾਂ ਇਹ ਨਜ਼ਰ ਵੀ ਨਹੀਂ ਆਉਣਗੇ।

ਚੇਅਰਮੈਨ ਸਾਹਿਬ, ਫਿਰ ਇਥੇ ਕੋਆਪਰੇਟਿਵ ਸੁਸਾਇਟੀਆਂ ਦਾ ਜ਼ਿਕਰ ਕੀਤਾ ਗਿਆ। ਮੇਰੇ ਵੀਰ ਨੂੰ ਇਹ ਨਹੀਂ ਪਤਾ ਕਿ ਕੁਆਪਰੇਟਿਵ ਸੁਸਾਇਟੀਆਂ ਵਿਚ ਕਿਤਨਾ ਗ਼ਬਨ ਹੋਇਆ ਸੀ। ਹਰੇਕ ਪਿੰਡ ਵਿਚ ਇਕੱਲੀ ਇਕੱਲੀ ਸੁਸਾਇਟੀ ਬਣਾਈ ਗਈ ਅਤੇ ਇਸ ਤਰ੍ਹਾਂ ਲੱਖਾਂ ਰੁਪਏ ਹੜੱਪ ਕਰ ਲਏ। ਅਸੀਂ ਇਸ ਗ਼ਬਨ ਨੂੰ ਰੋਕਣ ਲਈ ਵੱਖਰੇ ਵੱਖਰੇ ਪਿੰਡ ਵਿਚੋਂ ਬੰਦੇ ਲੈ ਕੇ ਅਸੀਂ ਕਈ ਸੁਸਾਇਟੀਆਂ ਦੀ ਇਕ ਸੁਸਾਇਟੀ ਬਣਾ ਦਿੱਤੀ ਤਾਂ ਕਿ ਉਨ੍ਹਾਂ ਵਿਚ ਗ਼ਬਨ ਨਾ ਹੋਵੇ। ਅਸੀਂ ਤਾਂ ਉਨ੍ਹਾਂ ਲੋਕਾਂ ਦੀਆਂ ਜੇਬਾਂ ਵਿਚ ਪੈਸਾ ਪਾਇਆ ਹੈ ਜਿਨ੍ਹਾਂ ਦਾ ਬੈਂਕਾਂ ਵਿਚ ਇਕ ਪੈਸਾ ਵੀ ਨਹੀਂ ਸੀ। ਅਸੀਂ ਇਤਨਾ ਚੰਗਾ ਕੰਮ ਕੀਤਾ ਸੀ ਪਰ ਬੀਰ ਦਵਿੰਦਰ ਸਿੰਘ ਜੀ ਸ਼ਾਇਦ ਭੁਲੇਖੇ ਵਿਚ ਰਹਿ ਗਏ ਹਨ। ਇਥੇ ਕਿਹਾ ਗਿਆ ਕਿ ਵੀਕਰ ਸੈਕਸ਼ਨ ਦੀ ਭਲਾਈ ਲਈ ਸਕੀਮ ਬਣਾਈ ਗਈ ਹੈ। ਬੜਾ ਕੁੱਝ ਕਿਹਾ ਗਿਆ । ਹਰੀਜਨਾਂ ਦੇ ਵਾਸਤੇ ਇਹ ਕੀਤਾ ਜਾਵੇਗਾ। ਪਰ ਪਿਛਲੇ ਸਾਲਾਂ ਦੇ ਗਵਰਨਰ ਐਡਰੈਸ ਤੁਸੀਂ ਪੜ੍ਹ ਲਓ । ਇਨ੍ਹਾਂ ਗਵਰਨਰ ਐਡਰੈਸਾਂ ਨੂੰ ਜੇ ਧਿਆਨ ਨਾਲ ਵੇਖੋ ਤਾਂ ਪਤਾ ਲਗੇਗਾ ਕਿ ਕੋਈ ਗੱਲ ਹਰੀਜਨਾਂ ਦੇ ਵਾਸਤੇ ਨਹੀਂ ਕੀਤੀ ਗਈ। ਇਸ ਤਰ੍ਹਾਂ ਲਗਦਾ ਹੈ ਕਿ ਸੀ.ਐਮ.ਸਾਹਿਬ ਜ਼ਿਆਦਾ ਦੇਰ ਸ਼ਾਇਦ ਐਡਮਨਿਸਟਰੇਸ਼ਨ ਤੋਂ ਬਾਹਰ ਰਹੇ ਹਨ ......

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

**Mr. Chairman:** The House stands adjourned till 2.00 P.M. on Monday, the 7th July, 1980.

*1.30 p.m. (*The Sabha then *adjourned till* 2.00 *P.M. on Monday, the 7th July,* 1980)

43227/PVS—Govt. Press, U.T., Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

(C) 1981

Published under the authority of the Punjab Vidhan Sabha and Printed by the Controller, Govt. Press, Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*7th July, 1980*

**Vol. I—No. 6**

OFFICIAL REPORT

CONTENTS

*Monday, the 7th July,* 1980


| | Page |
|---|---|
| Starred Questions and Answers .. | (6)1 |
| Written Answers to Starred Questions laid on the Table of the House under Rule 38 .. | (6)26 |
| Point of Order *Re*: Adjournment Motion .. | (6)27 |
| Walk-out (s) .. | (6)28 |
| Question of Privilege .. | (6)28 |
| Call Attention Notices under Rule -66 .. | (6)29 |
| Walk-out .. | (6)30 |
| Call Attention Notices under Rule 66 (*Resumption*) .. | (6)30 |



**Punjab Vidhan Sabha Secretariat, Chandigarh**

**Rs. Price : 24-50 P.**



Original with;
Punjab Vidhan Sabha
Digitized by;
Panjab Digital Library

| | | |
|---|---|---|
| Papers laid on the Table of the House | .. | (6)32 |
| Resumption of Discussion on Governor's Address | .. | (6)32 |
| Personal explanation by Sardar Sukhjinder Singh Khaira | .. | (6)39 |
| Discussion on Governor's Address (*Resumption*) | .. | (6)39 |
| Walk-out | .. | (6)67 |
| Discussion on Governor's Address (*Resumption*) | .. | (6)68 |


Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Monday, the 7th July,* 1980

*The Vidhan Sabha met in the Punjab Vidhan Sabha Hall, Vidhan Bhavan, Chandigarh at* 2.00 *P.M. of the Clock. Mr. Speaker (Shri Brij Bhushan Mehra) in the Chair.*

---

## STARRED QUESTIONS AND ANSWERS

### ਰਾਜ ਵਿਚ ਐਨ.ਡੀ.ਐਸ. ਸਿਖਿਆ ਪ੍ਰਾਪਤ ਅਧਿਆਪਕ

*27. **ਕਾਮਰੇਡ ਰਾਜ ਕੁਮਾਰ**: ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਤਨਖਾਹ ਦੇ ਗ੍ਰੇਡਾਂ ਅਤੇ ਸਕੇਲਾਂ, ਸੇਵਾ ਸ਼ਰਤਾਂ ਅਤੇ ਦੂਸਰੇ ਲਾਭਾਂ ਆਦਿ ਦੇ ਮਾਮਲੇ ਵਿਚ ਐਨ.ਡੀ.ਐਸ. ਸਿਖਿਆ ਪ੍ਰਾਪਤ ਗ੍ਰੈਜੂਏਟ ਅਤੇ ਨਾਨ ਗ੍ਰੈਜੂਏਟ ਅਧਿਆਪਕਾਂ ਨੂੰ ਡੀ.ਪੀ.ਐਡ. ਅਤੇ ਸੀ.ਪੀ.ਐਡ. ਅਧਿਆਪਕਾਂ ਦੇ ਬਰਾਬਰ ਰਖਿਆ ਗਿਆ ਹੈ; ਜੇ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਹਰਚਰਨ ਸਿੰਘ ਅਜਨਾਲਾ**: ਨਹੀਂ ਜੀ। ਨੈਸ਼ਨਲ ਡਸਿਪਲਿਨ ਸਕੀਮ (ਹੁਣ ਐਨ. ਐਫ. ਸੀ. ਸਕੀਮ) ਜੋ ਕਿ ਸੈਂਟਰ ਗੌਰਮਿੰਟ ਦੀ ਸਕੀਮ ਸੀ, ਅਧੀਨ ਪੰਜਾਬ ਰਾਜ ਵਿਚ ਕੰਮ ਕਰਦੇ ਐਨ.ਡੀ.ਐਸ. ਇਨਸਟਰੱਕਟਰਜ਼ ਦਾ ਪ੍ਰਬੰਧਕੀ ਕੰਟਰੋਲ ਮਿਤੀ 1 ਫਰਵਰੀ, 1973 ਤੋਂ ਪਜਾਬ ਸਰਕਾਰ ਨੂੰ ਟਰਾਂਸਫਰ ਕਰ ਦਿਤਾ ਗਿਆ ਸੀ ਅਤੇ ਭਾਰਤ ਸਰਕਾਰ ਦੀ ਬੇਨਤੀ ਤੇ ਮਿਤੀ 1 ਜੁਲਾਈ, 1976 ਤੋਂ ਪੰਜਾਬ ਸਟੇਟ ਸਰਵਿਸ ਵਿਚ, ਪੰਜਾਬ ਅਤੇ ਕੇਂਦਰੀ ਸਰਕਾਰ ਵਲੋਂ ਤੈਅ ਹੋਈਆਂ ਸ਼ਰਤਾਂ ਤੇ ਇਨ੍ਹਾਂ ਤੋਂ ਆਪਸ਼ਨਾਂ ਲੈਣ ਉਪਰੰਤ ਐਬਜ਼ਾਰਬ ਕਰ ਦਿਤਾ ਗਿਆ ਸੀ। ਇਨ੍ਹਾਂ ਸ਼ਰਤਾਂ ਅਨੁਸਾਰ ਇਨ੍ਹਾਂ ਦਾ ਵਖਰਾ ਅਤੇ ਘਟਦਾ ਕਾਡਰ ਰਖਿਆ ਗਿਆ ਹੈ ਅਤੇ ਇਨ੍ਹਾਂ ਦੀ ਤਰੱਕੀ ਕਾਡਰ ਤੱਕ ਹੀ ਸੀਮਤ ਰਖੀ ਗਈ ਸੀ।

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ 1 ਫਰਵਰੀ, 1973 ਨੂੰ ਐਨ. ਐਫ. ਸੀ. ਸਕੀਮ ਦੇ ਇਨਸਟਰੱਕਟਰਜ਼ ਦੀਆਂ ਸਰਵਿਸਿਜ਼ ਪੰਜਾਬ ਸਰਕਾਰ ਨੂੰ ਟਰਾਂਸਫਰ ਕਰ ਦਿੱਤੀਆਂ ਗਈਆਂ ਸਨ। ਲੇਕਿਨ ਉਨ੍ਹਾਂ ਨੂੰ ਪੰਜਾਬ ਦੀ ਸਰਵਿਸਿਜ਼ ਦੇ ਵਿਚ 1 ਜੁਲਾਈ, 1976 ਤੋਂ ਐਬਜ਼ਾਰਬ ਕੀਤਾ ਗਿਆ ਸੀ। ਇਸ ਤਰ੍ਹਾਂ ਤਿੰਨ ਸਾਲ ਔਰ ਪੰਜ ਮਹੀਨੇ ਦਾ ਇਸ ਵਿਚ ਵਕਫਾ ਹੈ। ਮੈਂ ਵਜ਼ੀਰ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਇਹ ਤਿੰਨ ਸਾਲ ਔਰ ਪੰਜ ਮਹੀਨੇ ਦਾ ਵਕਫਾ ਕਿਉਂ ਹੈ; ਜਿਸ ਤਾਰੀਖ ਤੋਂ ਉਨ੍ਹਾਂ ਦੀਆਂ ਸਰਵਿਸਿਜ਼ ਟਰਾਂਸਫਰ ਹੋਈਆਂ ਸਨ ਉਸ ਤਾਰੀਖ ਤੋਂ ਉਨ੍ਹਾਂ ਨੂੰ ਕਿਉਂ ਐਬਜ਼ਾਰਬ ਨਹੀਂ ਕੀਤਾ ਗਿਆ ?

ਨੰਬਰ ਦੋ ਇਹ ਕਿ 220—500 ਦਾ ਸਕੇਲ ਡੀ.ਪੀ.ਐਡ. ਔਰ 300—700 ਦਾ ਸਕੇਲ ਜਿਹੜੇ ਸੀ.ਪੀ.ਐਡ. ਸਨ ਉਨ੍ਹਾਂ ਨੂੰ ਕਿਉਂ ਨਹੀਂ ਦਿੱਤਾ ਗਿਆ, ਜਦ ਕਿ ਸੁਪਰੀਮ ਕੋਰਟ ਬਾਰ ਬਾਰ ਇਸ ਦੇ ਬਾਰੇ ਸਟਰੈਸ ਕਰਦੀ ਰਹੀ ਹੈ ?

**ਮੰਤਰੀ**: ਸਪੀਕਰ ਸਾਹਿਬ, ਜਵਾਬ ਬੜਾ ਕਲੀਅਰ ਹੈ ਕਿ ਇਹ ਸੈਂਟਰਲ ਗੌਰਮਿੰਟ ਦੀ ਸਕੀਮ ਸੀ। 1 ਫਰਵਰੀ, 1973 ਤੋਂ ਕੇਵਲ ਪ੍ਰਬੰਧਕੀ ਕੰਟ੍ਰੋਲ ਹੀ ਪੰਜਾਬ ਸਰਕਾਰ ਨੂੰ ਮਿਲਿਆ ਸੀ ਇਸ ਤੋਂ ਇਲਾਵਾ ਹੋਰ ਕੋਈ ਪ੍ਰਬੰਧ ਨਹੀਂ ਸੀ ਮਿਲਿਆ। 1 ਫਰਵਰੀ, 1973 ਤੋਂ ਪ੍ਰਬੰਧਕੀ ਕਰਮ-ਚਾਰੀ ਪੰਜਾਬ ਗੌਰਮਿੰਟ ਦੇ ਇੰਪਲਾਈ ਹੋ ਗਏ ਸਨ।

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਦੂਸਰਾ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਸਕੇਲ ਕਿਉਂ ਨਹੀਂ ਦਿੱਤਾ ਗਿਆ, ਇਹ ਇਕ ਵੱਖਰਾ ਕਾਡਰ ਸੀ ਔਰ ਉਸ ਦੇ ਵਿਚ ਜਿਹੜੀ ਪੇ ਫਿਕਸ ਹੋਈ ਸੀ ਉਹ ਸੈਂਟਰਲ ਗੌਰਮਿੰਟ ਔਰ ਪੰਜਾਬ ਗੌਰਮਿੰਟ ਦੇ ਤੈਅ ਸ਼ੁਦਾ ਫਾਰਮੂਲੇ ਦੇ ਮੁਤਾਬਿਕ ਔਰ ਇੰਪਲਾਈਜ਼ ਤੋਂ ਆਪਸ਼ਨ ਲੈ ਕੇ ਕੀਤੀ ਗਈ ਸੀ। ਉਨ੍ਹਾਂ ਨੂੰ ਆਪਸ਼ਨ ਵਾਸਤੇ 30 ਦਿਨਾਂ ਦਾ ਨੋਟਿਸ ਦਿੱਤਾ ਗਿਆ ਸੀ। ਜਿਨ੍ਹਾਂ ਨੇ ਆਪ-ਸ਼ਨਾਂ ਦਿੱਤੀਆਂ ਸਨ ਉਨ੍ਹਾਂ ਦੀ ਪੇ ਫਿਕਸ ਕੀਤੀ ਗਈ ਸੀ ਔਰ ਤਕਰੀਬਨ ਸਾਰਿਆਂ ਨੇ ਹੀ ਆਪ-ਸ਼ਨਾਂ ਦੇ ਦਿੱਤੀਆਂ ਸਨ। ਇਸ ਕਰਕੇ ਉਹ ਐਬਜ਼ਾਰਬ ਹੋਏ ਸਨ।

ਜਿੱਥੋਂ ਤਕ ਕੁਆਲੀਫੀਕੇਸ਼ਨ ਦੀ ਗੱਲ ਹੈ, ਉਸ ਬਾਰੇ ਵੀ ਮੈਂ ਦੱਸ ਦੇਵਾਂ ਕਿ ਉਨ੍ਹਾਂ ਪਾਸੋਂ ਇਸ ਸਬੰਧੀ ਵੀ ਆਪਸ਼ਨਾਂ ਲੈ ਲਈਆਂ ਸਨ। ਇਹ ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸ ਦਿੱਤਾ ਹੈ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਨ੍ਹਾਂ ਨੇ ਫਰਮਾਇਆ ਹੈ ਕਿ ਉਨ੍ਹਾਂ ਦੀਆਂ ਆਪ-ਸ਼ਨਜ਼ ਲੈ ਲਈਆਂ ਗਈਆਂ ਸਨ। ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਦੋਂ ਇਸ ਬਾਰੇ ਸਟੇਟ ਗੌਰ-ਮਿੰਟ ਦੀ ਅਤੇ ਸੈਂਟਰਲ ਗੌਰਮਿੰਟ ਦੀ ਮਿਊਚਲ ਕਨਸਲਟੇਸ਼ਨ ਹੋਈ ਸੀ ਤਾਂ ਐਬਜ਼ਾਰਬ ਕਰਨ ਬਾਰੇ ਜਿਹੜੀਆਂ ਟਰਮਜ਼ ਐਂਡ ਕੰਡੀਸ਼ਨਜ਼ ਸੈਟਲ ਹੋਈਆਂ ਸਨ ਤਾਂ ਕੀ ਐਬਜ਼ਾਰਬ ਹੋਣ ਵਾਲੇ ਇੰਪ-ਲਾਈਜ਼ ਨੂੰ ਉਸ ਵਿਚ ਐਸੋਸ਼ੀਏਟ ਕੀਤਾ ਗਿਆ ਸੀ; ਜੇਕਰ ਨਹੀਂ ਕੀਤਾ ਗਿਆ ਸੀ ਤਾਂ ਉਸ ਦੀ ਕੀ ਵਜ੍ਹਾ ਹੈ ?

**ਮੰਤਰੀ** : ਉਨ੍ਹਾਂ ਨੇ ਆਪਸ਼ਨਜ਼ ਦੇ ਦਿੱਤੀਆਂ ਸਨ ਔਰ ਆਪਸ਼ਨਾਂ ਉਨ੍ਹਾਂ ਨੇ ਸੋਚ ਸਮਝ ਕੇ ਦਿੱਤੀਆਂ ਸਨ। ਇਸ ਦਾ ਮਤਲਬ ਹੈ ਕਿ ਉਨ੍ਹਾਂ ਦੀ ਰੀਪਰਜ਼ੈਂਟੇਸ਼ਨ ਆ ਗਈ ਹੈ। ਹੋਰ ਇਸ ਵਿਚ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ।

**Mr Speaker** : Next Question No. 31.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਸ ਸਵਾਲ ਤੇ ਸਪਲੀਮੈਂਟਰੀਜ਼ ਬਹੁਤ ਘੱਟ ਹੋਈਆਂ ਹਨ ਜੀ।

**ਸ਼੍ਰੀ ਸਪੀਕਰ** : ਜਿਹੜੇ ਪੁਆਇੰਟਸ ਰੇਜ਼ ਕੀਤੇ ਗਏ ਹਨ ਮੇਰਾ ਖਿਆਲ ਹੈ ਕਿ ਉਨ੍ਹਾਂ ਦਾ ਕਲੀਅਰ ਜਵਾਬ ਆ ਗਿਆ ਹੈ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਤੁਹਾਡੇ ਖਿਆਲ ਮੁਤਾਬਿਕ ਹੋ ਸਕਦਾ ਹੈ ਕਿ ਕਲੀਅਰ ਜਵਾਬ ਆ ਗਿਆ ਹੋਵੇ ਔਰ ਸਾਡੇ ਖਿਆਲ ਮੁਤਾਬਿਕ ਨਾ ਹੋਵੇ। ਇਸ ਲਈ ਹੋਰ ਵੀ ਸਪਲੀਮੈਂਟਰੀ ਹੋ ਸਕਦੀ ਹੈ।

**ਸ਼੍ਰੀ ਸਪੀਕਰ** : ਚਲੋ, ਤੁਸੀਂ ਹੋਰ ਸਪਲੀਮੈਂਟਰੀ ਕਰ ਲਵੋ ਜੀ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਪਹਿਲਾਂ ਟੀਚਰਜ਼ ਦੀਆਂ ਬਹੁਤ ਕੈਟੇ-ਗਰੀਜ਼ ਸਨ ਔਰ ਬਾਦਲ ਸਾਹਿਬ ਦੀ ਸਰਕਾਰ ਨੇ ਆਪਣੇ ਟੀਚਰਾਂ ਦੀਆਂ ਚਾਰ ਕੈਟੇਗਰੀਆਂ ਹੀ ਬਣਾ ਦਿੱਤੀਆਂ ਸਨ। ਹੁਣ ਜਦੋਂ ਉਨ੍ਹਾਂ ਕੈਟੇਗਰੀਆਂ ਵਿਚ ਨਵੀਆਂ ਕੈਟੇਗਰੀਆਂ ਵਿਚ ਬਦਲਿਆ ਜਾਵੇਗਾ ਤਾਂ ਕੀ ਉਨ੍ਹਾਂ ਨੂੰ ਉਸ ਕੈਟੇਗਰੀ ਵਾਲਾ ਗਰੇਡ ਦਿਤਾ ਜਾਵੇਗਾ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਨਵਾਂ ਐਲੀਮੈਂਟ ਇੰਟਰੋਡਿਊਸ ਕਰ ਦਿਤਾ ਹੈ। ਇਸ ਲਈ ਇਹ ਨਵਾਂ ਨੋਟਿਸ ਦੇ ਦੇਣ।

**Mr Speaker** : I disallow it

---

**ਅੱਪਗਰੇਡ ਕੀਤੇ ਜਾਣ ਵਾਲੇ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦੀ ਗਿਣਤੀ**

*31. **ਸਰਦਾਰ ਆਤਮਾ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਚਾਲੂ ਮਾਲੀ ਸਾਲ ਦੇ ਦੌਰਾਨ ਰਾਜ ਵਿਚ ਕਿੰਨੇ ਪ੍ਰਾਇਮਰੀ ਅਤੇ ਕਿੰਨੇ ਮਿਡਲ ਸਕੂਲ ਅੱਪਗਰੇਡ ਕਰਨ ਦਾ ਵਿਚਾਰ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਤ ਸਕੂਲਾਂ ਨੂੰ ਅੱਪਗਰੇਡ ਕਰਨ ਲਈ ਕੀ ਕਸੌਟੀ ਅਪਣਾਈ ਜਾ ਰਹੀ ਹੈ ;

(ੲ) ਉਪਰੋਕਤ ਭਾਗ (ੳ) ਵਿਚ ਵਰਣਤ ਸਕੂਲਾਂ ਨੂੰ ਕਦੋਂ ਤਕ ਅੱਪਗਰੇਡ ਕਰਨ ਦੀ ਸੰਭਾਵਨਾ ਹੈ ?

**ਸਰਦਾਰ ਹਰਚਰਨ ਸਿੰਘ ਅਜਨਾਲਾ** : (ੳ) ਗਿਣਤੀ ਬਾਰੇ ਅਜੇ ਤੀਕ ਕੋਈ ਫੈਸਲਾ ਨਹੀਂ ਲਿਆ ਗਿਆ ਹੈ।

(ਅ) ਇਲਾਕੇ ਦੀਆਂ ਲੋੜਾਂ ਅਤੇ ਦੂਜੀਆਂ ਵਿਦਿਅਕ ਵਿਚਾਰਾਂ ਨੂੰ ਮੁੱਖ ਰਖਦੇ ਹੋਏ ਇਕ ਨਿਸ਼ਚਿਤ ਨੀਤੀ ਬਣਾਈ ਜਾਵੇਗੀ।

(ੲ) ਉਪਰੋਕਤ (ੳ) ਨੂੰ ਮੁੱਖ ਰਖਦੇ ਹੋਏ ਇਸ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਕੀ ਸਿਖਿਆ ਮੰਤਰੀ ਜੀ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਕਿਤਨੇ ਸਮੇਂ ਅੰਦਰ ਮਿਡਲ ਅਤੇ ਪ੍ਰਾਇਮਰੀ ਸਕੂਲਾਂ ਨੂੰ ਅੱਪਗਰੇਡ ਕਰਨ ਦਾ ਸਰਕਾਰ ਫੈਸਲਾ ਕਰ ਲਵੇਗੀ ?

**ਮੰਤਰੀ** : ਇਹ ਫੈਸਲਾ ਜਲਦੀ ਹੀ ਹੋ ਜਾਵੇਗਾ ਜੀ।

**ਮਾਸਟਰ ਦਲੀਪ ਚੰਦ** : ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਬਲਾਚੌਰ ਵਿਚ ਸੰਨ 1975-76 ਔਰ 1976-77 ਵਿਚ ਚਾਰ ਪਿੰਡ ਕੁੱਕੋ ਸੋਹਾ, ਨਵਾਂ ਪਿੰਡ ਟੱਪਰੀਆਂ, ਮੱਟੋਂ ਔਰ ਸਿਨਲ ਮਾਜਰਾ ਦੇ ਪ੍ਰਾਇਮਰੀ ਸਕੂਲਾਂ ਨੂੰ ਅੱਪਗਰੇਡ ਕਰਕੇ ਮਿਡਲ ਸਕੂਲ ਕੀਤਾ ਸੀ। ਮਗਰ ਅਕਾਲੀ ਸਰਕਾਰ ਨੇ ਸੰਨ 1977 ਵਿਚ ਮੁੜਕੇ ਉਨ੍ਹਾਂ ਨੂੰ ਪ੍ਰਾਇਮਰੀ ਸਕੂਲ ਕਰ ਦਿੱਤਾ। ਕੀ ਸਰਕਾਰ ਇਸ ਬੇਇਨਸਾਫੀ ਨੂੰ ਮੁੜਕੇ ਦੂਰ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਇਸ ਸਬੰਧ ਵਿਚ ਬੇਇਨਸਾਫੀਆਂ ਤਾਂ ਬਹੁਤ ਹੋਈਆਂ ਹਨ, ਉਹ ਹੌਲੀ ਹੌਲੀ ਵੇਖੀਆਂ ਜਾ ਰਹੀਆਂ ਹਨ। ਇਨ੍ਹਾਂ ਦਾ ਸਵਾਲ ਵੀ ਵੇਖ ਲਵਾਂਗੇ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਗਿਣਤੀ ਬਾਰੇ ਅਜੇ ਤਕ ਕੋਈ ਫੈਸਲਾ ਨਹੀਂ ਲਿਆ ਗਿਆ। ਸਪੀਕਰ ਸਾਹਿਬ, ਸਕੂਲ ਪਿਛਲੇ ਸਾਲ ਵੀ ਅੱਪਗਰੇਡ ਨਹੀਂ ਹੋਏ ਔਰ ਇਹ ਸਾਲ ਵੀ ਖਤਮ ਹੋਣ ਵਾਲਾ ਹੈ। ਜੇਕਰ, ਸਪੀਕਰ ਸਾਹਿਬ, ਵਿਦਿਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਦਾ ਪ੍ਰਸਾਰ ਨਾ ਹੋਏ ਤਾਂ ਲੋਕ ਕਿਵੇਂ ਪੜ੍ਹ ਲਿਖ ਸਕਣਗੇ। ਇਸ ਲਈ ਮੈਂ ਇਹ ਪੁੱਛਦਾ ਹਾਂ ਕਿ ਜੇਕਰ ਇਹ ਗਿਣਤੀ ਨਹੀਂ ਦਸ ਸਕਦੇ, ਕੋਈ ਪਾਲਿਸੀ ਨਹੀਂ ਬਣਾ ਸਕਦੇ, ਕੋਈ ਪ੍ਰੋਗਰਾਮ ਨਹੀਂ ਬਣਾ ਸਕਦੇ ਤਾਂ ਹੋਰ ਇਹ ਕੀ ਕਰ ਸਕਦੇ ਹਨ ? (ਹਾਸਾ)

**ਸ੍ਰੀ ਸਪੀਕਰ**: ਵੇਖੋ, ਤੁਸੀਂ ਆਪਣੇ ਸਪਲੀਮੈਂਟਰੀ ਰਾਹੀਂ ਕੋਈ ਇਨਫਰਮੇਸ਼ਨ ਨਹੀਂ ਮੰਗੀ। ਕੁਐਸਚਨ ਆਵਰ ਤਾਂ ਇਨਫਰਮੇਸ਼ਨ ਵਾਸਤੇ ਹੈ, ਸਪੀਚ ਵਾਸਤੇ ਨਹੀਂ ਹੈ।

**ਸਰਦਾਰ ਦਲੀਪ ਸਿੰਘ ਪਾਂਧੀ**: ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਇਸ ਮਾਮਲੇ ਵਿਚ ਆਪਣੇ ਆਪ ਵਿਚ ਕਿਉਂ ਕਲੀਅਰ ਨਹੀਂ ਹੈ। ਇਹ ਤਾਂ ਗਿਣਤੀ ਵੀ ਨਹੀਂ ਦਸ ਸਕਦੇ। ਕੀ ਇਸ ਦਾ ਮਤਲਬ ਹੈ ਕਿ ਕੋਈ ਵੀ ਸਕੂਲ ਇਸ ਸਾਲ ਅੱਪਗਰੇਡ ਇਨ੍ਹਾਂ ਨੇ ਨਹੀਂ ਕਰਨਾ ?

**ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪਾਂਧੀ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਸੰਨ 1978 ਵਿਚ ਜਦੋਂ ਕਿ ਬਾਦਲ ਸਾਹਿਬ ਜੀ ਦੀ ਸਰਕਾਰ ਪੂਰੇ ਜੋਬਨ ਤੇ ਸੀ ਉਸ ਵੇਲੇ ਕੋਈ ਸਕੂਲ ਪ੍ਰਾਇਮਰੀ ਤੋਂ ਮਿਡਲ ਅੱਪਗਰੇਡ ਨਹੀਂ ਹੋਇਆ ਸੀ। ਉਨ੍ਹਾਂ ਨੇ ਉਸ ਵੇਲੇ ਇਕ ਵੀ ਪ੍ਰਾਇ-ਮਰੀ ਸਕੂਲ ਅਪਗਰੇਡ ਨਹੀਂ ਕੀਤਾ ਸੀ।

**ਸਰਦਾਰ ਦਲੀਪ ਸਿੰਘ ਪਾਂਧੀ**: ਸਪੀਕਰ ਸਾਹਿਬ, ਮੇਰਾ ਤਾਂ ਰੈਲੇਵੈਂਟ ਸਵਾਲ ਹੈ ਜੀ, ਸੰਨ 1978 ਦਾ ਸਵਾਲ ਨਹੀਂ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਕੂਲਾਂ ਨੂੰ ਅੱਪਗਰੇਡ ਕਰਨ ਬਾਰੇ ਇਨ੍ਹਾਂ ਦੀ ਕੋਈ ਪ੍ਰੋਪੋਜ਼ਲ ਹੈ ?

(ਕੋਈ ਉੱਤਰ ਨਹੀਂ ਆਇਆ)

**ਮਾਸਟਰ ਬਾਬੂ ਸਿੰਘ**: ਕੀ ਮੰਤਰੀ ਜੀ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਬਾਦਲ ਸਾਹਿਬ ਦੀ ਮਨਿਸਟਰੀ ਨੇ ਜਿਹੜਾ ਰੱਈਆ ਸਕੂਲ ਹੈ ਜਿਸ ਦਾ ਕਿ ਉਦਘਾਟਨ ਸੰਨ 1973 ਵਿਚ ਕੀਤਾ ਗਿਆ ਸੀ, ਉਸ ਨੂੰ ਪ੍ਰਾਇਮਰੀ ਤੋਂ ਹਾਈ ਸਕੂਲ ਅਪਗਰੇਡ ਕੀਤਾ ਸੀ, ਪਰ ਉਸ ਨੂੰ ਗਵਰਨਰ ਰਾਜ ਨੇ ਫਿਰ ਪ੍ਰਾਇਮਰੀ ਸਕੂਲ ਹੀ ਬਣਾ ਦਿੱਤਾ ਹੈ। ਕੀ ਉਸ ਬਾਰੇ ਪੜਤਾਲ ਕਰਵਾ ਕੇ ਉਸ ਨੂੰ ਮੁੜਕੇ ਹਾਈ ਸਕੂਲ ਬਣਾਇਆ ਜਾਵੇਗਾ ? ਕੀ ਪੜਤਾਲ ਕਰਨਗੇ ਕਿ ਉਸ ਪਿੰਡ ਦੇ ਨਿਵਾਸੀਆਂ ਨਾਲ ਕਿਉਂ ਧੱਕਾ ਹੋਇਆ ਹੈ ?

**ਮੰਤਰੀ**: ਸਪੀਕਰ ਸਾਹਿਬ, ਇਸ ਬਾਰੇ ਇਹ ਸੈਪਰੇਟ ਸਵਾਲ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

(ਇਸ ਵੇਲੇ ਸਰਦਾਰ ਦਲੀਪ ਸਿੰਘ ਪਾਂਧੀ ਅਤੇ ਅਕਾਲੀ ਪਾਰਟੀ ਦੇ ਹੋਰ ਕਈ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਣੇ ਸਪਲੀਮੈਂਟਰੀਜ਼ ਦਾ ਜਵਾਬ ਮੰਗ ਰਹੇ ਸਨ।)

**ਸ੍ਰੀ ਸਪੀਕਰ**: ਤੁਸੀਂ ਬੈਠ ਜਾਓ। ਮੈਂ ਤੁਹਾਡੇ ਮਤਲਬ ਦੀ ਹੀ ਗੱਲ ਕਰਾਂਗਾ। ਮਨਿਸਟਰ ਸਾਹਿਬ, ਮੇਰਾ ਖਿਆਲ ਹੈ ਕਿ ਜਿਹੜਾ ਪਾਂਧੀ ਸਾਹਿਬ ਨੇ ਸਵਾਲ ਕੀਤਾ ਹੈ, ਜੇ ਕੋਈ ਤੁਹਾਡਾ ਇਸ ਬਾਰੇ ਵਿਚਾਰ ਹੈ, ਤਾਂ ਦੱਸ ਦਿਓ।

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, ਇਹ ਸਾਰੀਆਂ ਚੀਜ਼ਾਂ ਜਿਹੜੀਆਂ ਹਨ, ਇਹ ਜਿਸ ਵੇਲੇ ਹਾਊਸ ਦੇ ਸਾਹਮਣੇ ਬਜਟ ਆਵੇਗਾ, ਉਸ ਵਿਚ ਇਨ੍ਹਾਂ ਦੀ ਰਿਫਲੈਕਸ਼ਨ ਹੋਵੇਗੀ। ਇਸ ਲਈ ਮੈਂ ਹੁਣ ਨਹੀਂ ਦੱਸਣਾ ਚਾਹੁੰਦਾ ਸੀ। ਪਰ ਮੈਂ ਇਸ ਗੱਲ ਦਾ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਪਿਛਲੀ ਅਕਾਲੀ ਸਰਕਾਰ ਨਾਲੋਂ ਵੱਧ ਹੀ ਸਕੂਲ ਅਪਗਰੇਡ ਕਰਾਂਗੇ। (ਤਾੜੀਆਂ)

**ਸ੍ਰੀ ਜੋਗਿੰਦਰ ਪਾਲ ਪਾਂਡੇ**: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ ਸਕੂਲ ਅਪਗਰੇਡ ਕਰਨੇ ਹਨ, ਕੀ ਉਹ ਅਕਾਲੀ ਸਰਕਾਰ ਦੀ ਮਾਡਲ ਸਕੂਲ ਵਾਲੀ ਪਾਲਿਸੀ ਤੇ ਬਣਾਉਣਗੇ ਜਾਂ ਕੋਈ ਨਵੀਂ ਪਾਲਿਸੀ ਬਣਾਉਣਗੇ ?

**ਮੰਤਰੀ**: ਮੈਂ ਅਰਜ਼ ਇਹ ਕਰਨੀ ਚਾਹੁੰਦਾ ਹਾਂ ਕਿ ਨਾਰਮਲੀ ਐਜੂਕੇਸ਼ਨ ਦਾ ਜੋ ਸਟੈਂਡਰਡ ਹੈ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਕਰਨ ਦਾ ਅਸੀਂ ਉਸੇ ਤਰ੍ਹਾਂ ਹੀ ਕਰਾਂਗੇ। ਪਰ ਸਕੂਲ ਅੱਪਗਰੇਡ ਕਰਦੇ ਹੋਏ ਇਲਾਕੇ ਦੀ ਲੋੜ, ਜਿਥੇ ਤਾਲੀਮ ਦੀ ਕਮੀ ਹੋਵੇਗੀ ਅਤੇ ਲੋਕਾਂ ਦੀ ਪਾਰਟੀਸਪੇਸ਼ਨ ਆਦਿ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਜ਼ਰੂਰ ਧਿਆਨ ਰਖਾਂਗੇ। ਅਸੀਂ ਉਸ ਤਰ੍ਹਾਂ ਨਹੀਂ ਕਰਾਂਗੇ ਜਿਸ ਤਰ੍ਹਾਂ ਅਕਾਲੀ ਸਰਕਾਰ ਵੇਲੇ ਵਿਕਾਸ ਮੰਤਰੀ ਜੀ ਨੇ ਫੋਕਲ ਪੁਆਇੰਟ ਦਿੱਤੇ ਸਨ।

**ਕੁਮਾਰੀ ਸਰਲਾ ਪ੍ਰਾਸ਼ਰ** : ਜਿਹੜੇ 1975-76 ਵਿਚ ਸਕੂਲ ਅੱਪਗਰੇਡ ਹੋਏ ਸਨ ਔਰ ਅਕਾਲੀ ਸਰਕਾਰ ਨੇ ਆਪਣੇ ਰਾਜ ਵੇਲੇ ਉਹ ਵਿਦਡਰਾ ਕਰ ਲਏ ਸਨ, ਭਾਵੇਂ ਉਨ੍ਹਾਂ ਸਕੂਲਾਂ ਦੀ ਅੱਪਗਰੇਡੇਸ਼ਨ ਬਾਰੇ ਐਪਰੂਵਲ ਵੀ ਪਹੁੰਚ ਗਈ ਸੀ। ਕੀ ਮਨਿਸਟਰ ਸਾਹਿਬ, ਇਸ ਗੱਲ ਦੀ ਪੜਤਾਲ ਕਰਨਗੇ ਕਿ ਜਿਹੜੇ ਸਕੂਲ ਅਪਗਰੇਡ ਹੋ ਚੁੱਕੇ ਸਨ ਅਤੇ ਉਨ੍ਹਾਂ ਦੀ ਸੈਂਕਸ਼ਨ ਭੀ ਸਕੂਲਾਂ ਵਿਚ ਪਹੁੰਚ ਚੁੱਕੀ ਸੀ, ਕਿਸ ਕਾਰਣ ਉਹ ਸਾਰੀਆਂ ਸੈਂਕਸ਼ਨਜ਼ ਵਿਦਡਰਾ ਕੀਤੀਆਂ ਗਈਆਂ ?

**ਮੰਤਰੀ**: ਇਸ ਦਾ ਜਵਾਬ ਤਾਂ ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ।

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਹਕੀਕਤ ਦੇ ਪੇਸ਼ੇ ਨਜ਼ਰ ਜਿਸ ਤਰ੍ਹਾਂ ਕਿ ਹੁਣ ਤਕ ਹੁੰਦਾ ਰਿਹਾ ਹੈ ਕਿ ਸਕੂਲ ਮੰਦਰਾਂ ਜਾਂ ਗੁਰਦਵਾਰਿਆਂ ਦੀ ਜਗ੍ਹਾ ਤੇ ਲਗਾਏ ਜਾਂਦੇ ਹਨ ਅਤੇ ਸਰਕਾਰ ਉਨ੍ਹਾਂ ਸਕੂਲਾਂ ਲਈ ਜ਼ਮੀਨ ਨਹੀਂ ਦਿੰਦੀ, ਕੀ ਜਿਹੜੀ ਹੁਣ ਨਵੀਂ ਪਾਲਿਸੀ ਬਣਾਉਣਗੇ, ਜਿਸ ਮੁਤਾਬਕ ਸਕੂਲ ਅੱਪਗਰੇਡ ਕਰਨੇ ਹਨ, ਕੀ ਉਸ ਵਿਚ ਇਹ ਗੱਲ ਵੀ ਸਵੀਕਾਰ ਕਰਨਗੇ ਕਿ ਇਹ ਜਿਹੜੇ ਸਕੂਲ ਬਣਾਉਣੇ ਹਨ ਇਨ੍ਹਾਂ ਵਾਸਤੇ ਮੰਦਰਾਂ ਗੁਰਦਵਾਰਿਆਂ ਜਾਂ ਪੰਚਾਇਤਾਂ ਤੋਂ ਜ਼ਮੀਨ ਨਹੀਂ ਲਈ ਜਾਵੇਗੀ ਬਲਕਿ ਸਰਕਾਰ ਆਪ ਜ਼ਮੀਨ ਲੈ ਕੇ ਦੇਵੇਗੀ ?

**ਸ੍ਰੀ ਸਪੀਕਰ**: ਇਹ ਤਾਂ ਪਾਲਿਸੀ ਦੀ ਗੱਲ ਹੈ। ਕੁਐਸਚਨ ਤਾਂ ਇਹ ਸੀ ਕਿ ਕਿੰਨੇ ਸਕੂਲ ਅੱਪਗਰੇਡ ਕਰਨੇ ਹਨ ਅਤੇ ਕਿਸ ਤਰ੍ਹਾਂ ਕਰਨੇ ਹਨ। ਮੇਰਾ ਖਿਆਲ ਹੈ ਕਿ ਇਹ ਸਪਲੀਮੈਂਟਰੀ ਕੁਐਸਚਨ ਤਾਂ ਨਹੀਂ ਬਣਦਾ।

**Comrade Raj Kumar** : Sir, my question is very relevant and it relates to primary schools. It is a question of policy. My supplementary should be answered.

**ਸ੍ਰੀ ਸਪੀਕਰ**: ਕੁਐਸਚਨ ਇਹ ਹੈ ਕਿ ਕਿੰਨੇ ਸਕੂਲ ਅਪਗਰੇਡ ਕਰਨੇ ਹਨ, ਕਿਸ ਤਰ੍ਹਾਂ ਕਰਨੇ ਹਨ ਅਤੇ ਕਿੰਨਾ ਖਰਚ ਹੋਣਾ ਹੈ। ਪਰ ਜੋ ਤੁਸੀਂ ਪੁੱਛਿਆ ਹੈ ਉਹ ਤਾਂ ਪਾਲਿਸੀ ਦੀ ਗਲ ਹੈ। ਇਹ ਜਿਹੜਾ ਕੁਐਸਚਨ ਹੈ ਇਹ ਤਾਂ ਉਸ ਨੂੰ ਐਲੂਸੀਡੇਟ ਕਰਨ ਵਾਸਤੇ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਜਿਹੜਾ ਸਵਾਲ ਦਾ ਪਾਰਟ 'ਅ' ਹੈ ਉਹ ਇਸ ਨਾਲ ਰਿਲੇਟ ਕਰਦਾ ਹੈ। ਇਹ ਜਿਹੜੀ ਪਾਲਿਸੀ ਬਣਾਉਣੀ ਹੈ ਇਹ ਸਿਰਫ ਸਕੂਲਾਂ ਦੀ ਅੱਪਗਰੇਡੇਸ਼ਨ ਕਰਨ ਵਾਸਤੇ ਤਾਂ ਨਹੀਂ ਹੋਣੀ। ਇਸ ਪਾਲਿਸੀ ਵਿਚ ਸਕੂਲਾਂ ਦੀਆਂ ਬਿਲਡਿੰਗਜ਼ ਲਈ ਵੀ ਗੱਲ ਹੋਵੇਗੀ, ਉਨ੍ਹਾਂ ਨੇ ਦੇ ਖਰਚੇ ਬਾਰੇ ਵੀ ਗੱਲ ਹੋਵੇਗੀ। ਇਸ ਲਈ ਮੈਂ ਇਹ ਪੱਛਿਆ ਸੀ ਕਿ ਇਹ ਜਿਹੜੀ ਨਵੀਂ ਪਾਲਿਸੀ ਬਣਾ ਰਹੇ ਹਨ ਕੀ ਉਸ ਵਿਚ ਜਿਹੜੇ ਸਕੂਲਜ਼ ਦੀਆਂ ਬਿਲਡਿੰਗਜ਼ ਬਣਨੀਆਂ ਹਨ ਉਨ੍ਹਾਂ ਲਈ ਸਰਕਾਰ ਆਪ ਜ਼ਮੀਨ ਲੈ ਕੇ ਦੇਵੇਗੀ ਅਤੇ ਬਿਲਡਿੰਗਜ਼ ਬਣਾਕੇ ਦੇਵੇਗੀ ?

(ਕੋਈ ਉੱਤਰ ਨਹੀਂ ਆਇਆ।) (ਵਿਘਨ)

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਸਵਾਲ ਦਾ ਜਵਾਬ ਨਹੀਂ ਆਇਆ। ਤੁਸੀਂ ਇਹ ਦੱਸੋ ਕਿ ਕੀ ਮੇਰਾ ਇਹ ਕੁਐਸਚਨ ਸਪਲੀਮੈਂਟਰੀ ਬਣਦਾ ਹੈ ਜਾਂ ਨਹੀਂ ? ਇਹ ਰੂਲਿੰਗ ਦੇ ਦੇਵੋ।

**ਸ੍ਰੀ ਸਪੀਕਰ**: ਮੈਂ ਆਪਣੀ ਰਾਏ ਪਹਿਲਾਂ ਹੀ ਦੇ ਚੁੱਕਾ ਹਾਂ।

**ਸਰਦਾਰ ਦਲੀਪ ਸਿੰਘ ਪਾਂਧੀ**: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣੇ ਜਵਾਬ ਦੇ ਪਾਰਟ 'ਅ' ਵਿਚ ਇਹ ਦੱਸਿਆ ਹੈ ਕਿ "ਇਲਾਕੇ ਦੀਆਂ ਲੋੜਾਂ ਅਤੇ ਦੂਜੀਆਂ ਵਿਦਿਅਕ ਵਿਚਾਰਾਂ ਨੂੰ ਮੁੱਖ ਰਖਦੇ ਹੋਏ ਇਕ ਨਿਸ਼ਚਿਤ ਨੀਤੀ ਬਣਾਈ ਜਾਵੇਗੀ"। ਇਸ ਲਈ ਅਸੀਂ ਇਹ ਪੁਛਦੇ ਹਾਂ ਕਿ ਇਸ ਨੀਤੀ ਵਿਚ ਸਕੂਲਾਂ ਦੀਆਂ ਬਿਲਡਿੰਗਜ਼ ਬਣਾਉਣ ਲਈ ਸਰਕਾਰ ਦਾ ਕੀ ਵਿਚਾਰ ਹੈ ? ਸ਼ਹਿਰਾਂ ਵਿਚ ਤਾਂ ਸਰਕਾਰ ਆਪ ਬਣਾ ਕੇ ਦਿੰਦੀ ਹੈ ਪਰ ਪਿੰਡਾਂ ਵਿਚ ਆਪ ਨਹੀਂ ਬਣਾ ਕੇ ਦਿੰਦੀ। ਇਸ ਲਈ ਸਰਕਾਰ ਇਥੇ ਸਾਰੀ ਗੱਲ ਕਲੀਅਰ ਕਰ ਦੇਵੇ ਤਾਕਿ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਸਰਕਾਰ ਕੀ ਕਰ ਰਹੀ ਹੈ, ਐਵੇਂ ਲੋਕ ਦਰਖਾਸਤਾਂ ਨਾ ਦਿੰਦੇ ਰਹਿਣ ?

**ਸ੍ਰੀ ਸਪੀਕਰ**: ਗਲ ਤਾਂ ਫਿਰ ਉਹੀ ਆ ਗਈ ਜੋ ਪਹਿਲੇ ਕੀਤੀ ਜਾ ਚੁੱਕੀ ਹੈ।

**ਸਰਦਾਰ ਬਲਵੰਤ ਸਿੰਘ**: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਅਕਾਲੀ ਸਰਕਾਰ ਨਾਲੋਂ ਵੱਧ ਸਕੂਲ ਅੱਪਗਰੇਡ ਕੀਤੇ ਜਾਣਗੇ। ਪਰ ਜਿਹੜਾ ਸਾਡਾ ਪਲਾਨ ਹੈ ਉਸ ਬਾਰੇ 'ਟ੍ਰਿਬਿਊਨ' ਅਖਬਾਰ ਵਿਚ ਇਹ ਛਪਿਆ ਹੈ ਕਿ ਇਹ ਪਲਾਨ ਘਟਾ ਦਿੱਤਾ ਹੈ। ਅਸੀਂ ਇਹ ਪਲਾਨ 300 ਕਰੋੜ ਦਾ ਰਖਿਆ ਸੀ ਅਤੇ ਹੁਣ 284 ਕਰੋੜ ਦਾ ਹੋ ਗਿਆ ਹੈ। (ਵਿਘਨ) ਮੇਰੀ ਗੱਲ ਸੁਣ ਲਓ। ਹੁਣ ਮਿਰਚਾਂ ਕਿਉਂ ਲੱਗਣ ਲੱਗ ਪਈਆਂ ਹਨ (ਵਿਘਨ)। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਕਿਹੜੀਆਂ ਗੱਲਾਂ ਨੂੰ ਇਨ ਵਿਊ ਰਖ ਕੇ ਇਹ ਪਲਾਨ ਡੀਕਰੀਜ਼ ਕੀਤਾ ਹੈ ਔਰ ਫਿਰ ਸਕੂਲ ਤਾਂ ਵੱਧ ਅੱਪਗਰੇਡ ਕਰਨੇ ਹਨ ਇਸ ਲਈ ਇਸ ਵਾਸਤੇ ਕਿੰਨਾ ਰੁਪਿਆ ਰਖਿਆ ਹੈ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਨਰੇਬਲ ਮੈਂਬਰ ਸਰਦਾਰ ਬਲਵੰਤ ਸਿੰਘ ਜੀ ਆਪ ਫਿਨਾਂਸ ਮਨਿਸਟਰ ਰਹੇ ਹਨ। ਜੇ ਕਦੇ ਇਨ੍ਹਾਂ ਨੇ ਬਜਟ ਪੇਸ਼ ਕਰਨ ਤੋਂ ਪਹਿਲਾਂ ਕੋਈ ਅਜਿਹੀ ਗੱਲ ਦੱਸੀ ਹੋਵੇ ਤਾਂ ਦੱਸ ਦੇਣ। ਮੇਰੀ ਅਰਜ਼ ਇਹ ਹੈ ਕਿ ਜੋ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਅਸੀਂ ਇਨ੍ਹਾਂ ਨਾਲੋਂ ਜ਼ਿਆਦਾ ਤਦਾਦ ਵਿਚ ਸਕੂਲ ਅੱਪਗ੍ਰੇਡ ਕਰਾਂਗੇ, ਇਤਨੀ ਐਸ਼ੋਰੈਂਸ ਕਾਫੀ ਹੈ। ਸਪੀਕਰ ਸਾਹਿਬ, ਇਨ੍ਹਾਂ ਦਾ 260 ਕਰੋੜ ਰੁਪਏ ਦਾ ਪਲਾਨ ਸੀ ਅਤੇ ਹੁਣ 284 ਕਰੋੜ ਰੁਪਏ ਦਾ ਪਲਾਨ ਹੈ। ਇਨ੍ਹਾਂ ਨੂੰ ਇਹ ਸਵਾਲ ਨਹੀਂ ਪੁੱਛਣਾ ਚਾਹੀਦਾ ਸੀ ਕਿਉਂਕਿ ਅਸੀਂ ਬਜਟ ਪੇਸ਼ ਕਰਨ ਤੋਂ ਪਹਿਲਾਂ ਇਸ ਬਾਰੇ ਨਹੀਂ ਦੱਸ ਸਕਦੇ। ਮੈਂ ਬੇਨਤੀ ਕਰਾਂਗਾ ਕਿ ਸਰਦਾਰ ਬਲਵੰਤ ਸਿੰਘ ਜੀ ਫਿਨਾਂਸ ਮਨਿਸਟਰ ਰਹੇ ਹਨ ਅਤੇ ਇਨ੍ਹਾਂ ਨੂੰ ਇਸ ਗੱਲ ਦਾ ਖਿਆਲ ਰੱਖਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ :** ਮੈਂ ਸੀ.ਐਮ. ਸਾਹਿਬ ਦੀ ਮਿਸਸਟੇਟਮੈਂਟ ਦੇ ਖਿਲਾਫ ਪ੍ਰਿਵਲਿਜ ਮੋਸ਼ਨ ਮੂਵ ਕਰਦਾ ਹਾਂ। (ਵਿਘਨ) (ਸ਼ੋਰ)

**ਸ੍ਰੀ ਸਪੀਕਰ :** ਅਜੇ ਨਹੀਂ। ਤੁਸੀਂ ਪ੍ਰਿਵਲਿਜ ਮੋਸ਼ਨ ਬਾਰੇ ਲਿਖ ਕੇ ਦੇ ਦਿਓ।

**ਸਰਦਾਰ ਸੁਖਦੇਵ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਰਾਈਟੇਰੀਏ ਬਾਰੇ ਨਹੀਂ ਦਸਿਆ। ਸਪੀਕਰ ਸਾਹਿਬ ਬਹੁਤ ਸਕੂਲ ਐਸੇ ਹਨ ਜਿਥੇ ਬਿਲਡਿੰਗਾਂ ਕੰਪਲੀਟ ਨਹੀਂ ਹਨ। ਇਸ ਲਈ ਜੋ ਹੁਣ ਸਕੂਲ ਅੱਪਗਰੇਡ ਕਰਨੇ ਹਨ, ਕੀ ਮਨਿਸਟਰ ਸਾਹਿਬ ਅਸ਼ੋਰੈਂਸ ਦਿਵਾਉਣਗੇ ਕਿ ਨਾਲ ਦੀ ਨਾਲ ਉਨ੍ਹਾਂ ਬਿਲਡਿੰਗਾਂ ਨੂੰ ਵੀ ਕੰਪਲੀਟ ਕੀਤਾ ਜਾਵੇਗਾ ?

**ਵਿਦਿਆ ਮੰਤਰੀ :** ਸਪੀਕਰ ਸਾਹਿਬ, ਜਿਸ ਵੇਲੇ ਸਾਰਾ ਕਰਾਈਟੇਰੀਆ ਮੁਕੱਰਰ ਕੀਤਾ ਜਾਵੇਗਾ ਤਾਂ ਇਨ੍ਹਾਂ ਚੀਜ਼ਾਂ ਦਾ ਵੀ ਖਿਆਲ ਰਖਿਆ ਜਾਵੇਗਾ।

---

**Regularisation of Services of Work Charged Employees.**

*28. **Comrade Raj Kumar** :Will the Chief Minister be pleased to state whether the Government received from the Irrigation and Power Research Institute Workers Union (Regd.), Amritsar, a letter in the third week of May, 1980 regarding regularisation of services of work-charged employees who had completed 5 years or more continuous service, if so, the details thereof and the action taken thereon ?

**ਸਰਦਾਰ ਦਰਬਾਰਾ ਸਿੰਘ :** ਹਾਂ ਜੀ। ਪੱਤਰ ਵਿਚ ਇਹ ਪ੍ਰਤੀ ਬੇਨਤੀ ਕੀਤੀ ਗਈ ਸੀ ਕਿ ਉਨ੍ਹਾਂ ਵਰਕਚਾਰਜਡ ਕਰਮਚਾਰੀਆਂ ਨੇ ਜਿਨ੍ਹਾਂ ਨੇ ਮਿਤੀ 1-4-76, 1-4-77, 1-4-78, 1-4-79 ਅਤੇ 1-4-80 ਨੂੰ ਲਗਾਤਾਰ ਪੰਜ ਸਾਲ ਜਾਂ ਇਸ ਤੋਂ ਵਧ ਸਮੇਂ ਦੀ ਸੇਵਾ ਪੂਰੀ ਕਰ ਲਈ ਹੈ ਨੂੰ ਰੇਗੂਲਰ ਕਾਡਰ ਤੇ ਜਲਦੀ ਲਿਆਉਣਾ ਚਾਹੀਦਾ ਹੈ। ਸਿੰਜਾਈ ਵਿਭਾਗ ਦੇ ਉਨ੍ਹਾਂ ਵਰਕਚਾਰਜਡ ਕਰਮਚਾਰੀਆਂ ਨੂੰ ਜਿਨ੍ਹਾਂ ਨੂੰ ਪੰਜ ਸਾਲ ਜਾਂ ਇਸ ਤੋਂ ਵੱਧ ਸਮੇਂ ਦੀ ਸੇਵਾ ਪੂਰੀ ਕਰ ਲਈ ਹੈ ਦੀਆਂ ਸੇਵਾਵਾਂ ਨਿਯਮਤ ਕਰਨ ਦਾ ਮਾਮਲਾ ਪਹਿਲਾਂ ਹੀ ਸਰਕਾਰ ਦੇ ਵਿਚਾਰ ਅਧੀਨ ਹੈ।

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਇਹ ਮਾਮਲਾ ਡਿਪਾਰਟਮੈਂਟ ਦੇ ਵਿਚਾਰ ਅਧੀਨ ਹੈ। ਇਹ ਫੈਸਲਾ ਅਕਾਲੀ ਜਨਤਾ ਸਰਕਾਰ ਤੋਂ ਪਹਿਲਾਂ ਕਾਂਗਰਸ ਦੇ ਵਕਤ ਦਾ ਹੋਇਆ ਹੈ। ਹੁਣ ਇਨ੍ਹਾਂ ਨੇ ਜ਼ਿੰਮੇਵਾਰੀ ਸੰਭਾਲੀ ਹੈ, ਪਰ ਅਜੇ ਤਕ ਇਨ੍ਹਾਂ ਨੇ ਨਹੀਂ ਦੱਸਿਆ ਕਿ ਉਨ੍ਹਾਂ ਵਿਚੋਂ ਕਿੰਨੇ ਵਰਕ ਚਾਰਜਡ ਮੁਲਾਜ਼ਮ ਰੈਗੂਲਰ ਕੀਤੇ ਜਾ ਚੁਕੇ ਹਨ, ਅਤੇ ਕਿੰਨੇ ਬਾਕੀ ਰਹਿ ਗਏ ਔਰ ਬਾਕੀ ਕਿਤਨੇ ਸਮੇਂ ਤਕ, ਰੈਗੂਲਰ ਕਰ ਦਿਤੇ ਜਾਣਗੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਅਸੀਂ ਚੀਫ਼ ਇੰਜੀਨੀਅਰ ਨੂੰ ਇਨਫਰਮੇਸ਼ਨ ਇੱਕਠੀ ਕਰਨ ਵਾਸਤੇ ਕਿਹਾ ਹੈ ਔਰ ਉਸ ਵਾਸਤੇ ਖਰਚਾ ਬਣੇਗਾ ਕਿ ਓਲਡ ਸਕੇਲ ਕਿਤਨੇ ਹਨ, ਰੀਵਾਈਜ਼ਡ ਸਕੇਲ ਕਿਤਨੇ ਹਨ, ਕਿੰਨੀਆਂ ਪੋਸਟਾਂ ਹਨ, ਜਿਨ੍ਹਾਂ ਦੇ ਅਗੇਂਸਟ ਵਰਕ ਚਾਰਜਡ ਇੰਪਲਾਈਜ਼ ਰੈਗੂਲਰ ਹੋ ਸਕਦੇ ਹਨ ਅਤੇ ਕਿੰਨੀਆਂ ਨਵੀਆਂ ਪੋਸਟਾਂ ਕਰੀਏਟ ਕਰਨੀਆਂ ਪੈਣਗੀਆਂ। ਸਪੀਕਰ ਸਾਹਿਬ, ਇਹ ਇਨਫਰਮੇਸ਼ਨ ਇੱਕਠੀ ਕੀਤੀ ਜਾ ਰਹੀ ਹੈ, ਜਦੋਂ ਇਨਫਰਮੇਸ਼ਨ ਪਹੁੰਚ ਜਾਵੇਗੀ, ਕਾਰਵਾਈ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਜੋ ਮੁੱਖ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਇਨਫਰਮੇਸ਼ਨ ਇੱਕਠੀ ਕੀਤੀ ਜਾ ਰਹੀ ਹੈ, ਇਹ ਇਨਫਰਮੇਸ਼ਨ ਪਹਿਲਾਂ ਇਕੱਠੀ ਕਰ ਲੈਂਦੇ। ਮੈਂ ਮੁਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਤੇ ਕਿਤਨਾ ਚਿਰ ਲਗੇਗਾ ? ਕੀ ਮੁੱਖ ਮੰਤਰੀ ਜੀ ਹਾਊਸ ਨੂੰ ਅਸ਼ੋਰੈਂਸ ਦਿਵਾਉਣਗੇ ਕਿ ਇਹ ਇਨਫਰਮੇਸ਼ਨ ਇੱਕ ਮਹੀਨੇ ਦੇ ਅੰਦਰ ਅੰਦਰ ਕੁਲੈਕਟ ਕਰ ਲਈ ਜਾਵੇਗੀ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਇਹ ਨਹੀਂ ਕਹਿ ਸਕਦਾ ਕਿ ਇਹ ਇਨਫਰਮੇਸ਼ਨ ਇਕ ਮਹੀਨੇ ਦੇ ਅੰਦਰ ਅੰਦਰ ਇਕੱਠੀ ਕਰ ਲਈ ਜਾਵੇਗੀ ਜਾਂ ਨਹੀਂ ਪਰ ਜਿਨਾ ਜਲਦੀ ਤੋਂ ਜਲਦੀ ਹੋ ਸਕਿਆ ਇਨਫਰਮੇਸ਼ਨ ਇਕੱਠੀ ਕਰਨ ਦੀ ਕੋਸ਼ਿਸ਼ ਕਰਾਂਗੇ। ਸਪੀਕਰ ਸਾਹਿਬ, ਇਸ ਨੂੰ ਪਰੋਲੌਂਗ ਨਹੀਂ ਕੀਤਾ ਜਾਵੇਗਾ ।

**ਸ੍ਰੀ ਗੁਰਦਿਆਲ ਸੈਣੀ :** ਸਪੀਕਰ ਸਾਹਿਬ, ਜਿਹੜੇ ਵਰਕ ਚਾਰਜਡ ਕਾਂਗਰਸ ਸਰਕਾਰ ਵੇਲੇ 20 ਸਾਲਾਂ ਤੋਂ ਪਹਿਲਾਂ ਕੰਮ ਕਰਦੇ ਸਨ ਅਤੇ ਉਨ੍ਹਾਂ ਵਿਚੋਂ 25 ਫੀ ਸਦੀ ਕਾਂਗਰਸ ਵੇਲੇ ਰੈਗੂਲਰ ਹੋਏ ਸਨ ਫਿਰ ਅਕਾਲੀ ਜਨਤਾ ਸਰਕਾਰ ਨੇ 1976-77 ਵਿਚ ਗਲਤ ਕੰਮ ਕੀਤਾ ; ਕੀ ਮੁੱਖ ਮੰਤਰੀ ਜੀ ਉਸ ਗਲਤੀ ਨੂੰ ਠੀਕ ਕਰਾਉਣ ਦਾ ਯਤਨ ਕਰਨਗੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਪਤਾ ਨਹੀਂ ਹੈ ਪਰ ਇਸ ਤੇ ਵੇਖ ਕੇ ਹੀ ਟੀਕਾ ਟਿੱਪਣੀ ਕੀਤੀ ਜਾ ਸਕਦੀ ਹੈ।

**ਸ੍ਰੀ ਸੇਵਾ ਰਾਮ :** ਰੀਸਰਚ ਇੰਸਟੀਚਿਊਟ, ਅੰਮ੍ਰਿਤਸਰ ਵਿਚ, ਸਪੀਕਰ ਸਾਹਿਬ, 260 ਕਾਮੇ ਹਨ, ਜਿਨ੍ਹਾਂ ਦੀ 16-17 ਸਾਲਾਂ ਦੀ ਸਰਵਿਸ ਹੋ ਗਈ ਹੈ ਅਤੇ ਹੁਣ ਉਨ੍ਹਾਂ ਨੂੰ ਟਰਮੀਨੇਟ ਕਰਨ ਦਾ ਨੋਟਿਸ ਦਿੱਤਾ ਹੈ। 5 ਸਾਲ ਤੋਂ ਵੱਧ ਸਰਵਿਸ ਵਾਲੇ ਨੂੰ ਰੈਗੂਲਰ ਕਰਨ ਬਾਰੇ ਕੇਸ ਵਿਚਾਰ ਅਧੀਨ ਹੈ ਤਾਂ ਕੀ ਉਨ੍ਹਾਂ 260 ਕਾਮਿਆਂ ਨੂੰ ਵੀ ਨਾਲ ਹੀ ਰੈਗੂਲਰ ਕੀਤਾ ਜਾਵੇਗਾ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਜਿਨ੍ਹਾਂ ਕਾਮਿਆਂ ਦੀ 16–17 ਸਾਲ ਦੀ ਸਰਵਿਸ ਹੋ ਗਈ ਹੈ ਅਤੇ ਉਨ੍ਹਾਂ ਨੇ ਕੁਝ ਕਾਰਨਾਂ ਕਰ ਕੇ ਪਹਿਲਾਂ ਅਪਲਾਈ ਨਹੀਂ ਕੀਤਾ ਤਾਂ ਉਨ੍ਹਾਂ ਨੂੰ ਵੀ ਟੇਕ ਅੱਪ ਕਰਾਂਗੇ ।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਸਪੀਕਰ ਸਾਹਿਬ, ਅੰਮ੍ਰਿਤਸਰ ਡਰੇਨੇਜ ਸਰਕਲ ਵਿਚ ਕਈ ਵਰਕ ਚਾਰਜਡ ਪੰਜ ਸਾਲਾਂ ਤੋਂ ਵੀ ਉਪਰ ਸਮੇਂ ਤੋਂ ਕੰਮ ਕਰਦੇ ਸਨ ਪ੍ਰੰਤੂ ਪਿਛਲੇ ਸਮੇਂ ਵਿਚ ਉਨ੍ਹਾਂ ਨੂੰ ਕੱਢ ਦਿਤਾ ਸੀ । ਕੀ ਉਨ੍ਹਾਂ ਵਰਕ ਚਾਰਜਡ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾਵੇਗਾ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਐਗਜ਼ਾਮਿਨ ਕਰ ਕੇ ਹੀ ਪਤਾ ਲਗੇਗਾ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਇਹ ਜਿਹੜੀ ਵਰਕ ਚਾਰਜਡ ਬਾਰੇ ਇਨਕੁਆਇਰੀ ਹੋ ਰਹੀ ਹੈ, ਕਈ ਹੋਰ ਮਹਿਕਮੇਂ ਹਨ ਜਿਵੇਂ ਕਿ ਮਿਊਂਨਸਪਲ ਕਮੇਟੀਆਂ, ਕਾਰਪੋਰੇਸ਼ਨਾਂ, ਸਰਕਾਰੀ ਅਤੇ ਨੀਮ ਸਰਕਾਰੀ ਦਫਤਰਾਂ ਵਿਚ ਵਰਕ ਚਾਰਜਡ ਲੱਗੇ ਹੋਏ ਹਨ ਅਤੇ ਉਨ੍ਹਾਂ ਦੀ 15-15, 20-20 ਸਾਲ ਦੀ ਸਰਵਿਸ ਹੋ ਗਈ ਹੈ, ਕੀ ਉਨ੍ਹਾਂ ਵਰਕ ਚਾਰਜਡ ਨੂੰ ਵੀ ਨਾਲ ਹੀ ਟੇਕ ਅੱਪ ਕੀਤਾ ਜਾਵੇਗਾ ?

**ਮੁੱਖ ਮੰਤਰੀ :** ਮੈਂਬਰ ਸਾਹਿਬ ਦਾ, ਸਪੀਕਰ ਸਾਹਿਬ, ਖਿਆਲ ਅੱਛਾ ਹੈ । ਇਸ ਉਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।

———

Original with;
Punjab Vidhan Sabha
Digitized by;
Panjab Digital Library

**Number of temporary shoots given from the Canals in the State to irrigate Paddy Crops**

*30. **Sardar Atma Singh** : Will the Chief Minister be pleased to state—

(a) the districtwise number of temporary shoots given from the canals in the state for irrigating the paddy during the years 1978-79, 1979-80 and 1980-81 ;

(b) the district-wise area of paddy crop irrigated by the said temporary shoots yearwise ;

(c) whether the Government proposes to close the said temporary shoots ?

**Sardar Darbara Singh** : (a) District-wise number of temporary shoots given from the canals in the state for irrigating the paddy are as under:—

| Name of District | | Number of temporary shoots | | |
|---|---|---|---|---|
| | | 1978-79 | 1979-80 | 1980-81 |
| Ferozepur | .. | 1,480 | 1,515 | Allowed as per existing in 1979-80 |
| Faridkot | .. | 313 | 370 | Ditto |
| Ludhiana | .. | 9 | 10 | Ditto |

(b) District-wise area of temporary shoots for paddy crop is as under:

| Name of District | | Area in Acres | | |
|---|---|---|---|---|
| | | 1978-79 | 1979-80 | 1980-81 |
| Ferozepur | .. | 76,756 | 77,500 | Area expected to be as per last year. |
| Faridkot | .. | 15,143 | 18,848 | Ditto |
| Ludhiana | .. | 165 | 702 | Ditto |

(c) No.

Original with;
Punjab Vidhan Sabha
Digitized by;
Panjab Digital Library

**ਸਰਦਾਰ ਆਤਮਾ ਸਿੰਘ :** ਮੁੱਖ ਮੰਤਰੀ ਜੀ ਨੇ ਜੋ ਅੰਕੜੇ ਦਿਤੇ ਹਨ ਉਨ੍ਹਾਂ ਦੇ ਮੁਤਾਬਿਕ 1978-79 ਦੀ ਬਜਾਏ 1979-80 ਵਿਚ ਫਿਰੋਜ਼ਪੁਰ ਵਿਚ 35 ਮੋਘੇ ਹੋਰ ਲਗਾਏ ਗਏ, ਫਰੀਦਕੋਟ ਵਿਚ ਇਸੇ ਸਾਲ ਵਿਚ ਪਿਛਲੇ ਸਾਲ ਨਾਲੋਂ 57 ਹੋਰ ਲਗਾਏ ਗਏ ਅਤੇ ਲੁਧਿਆਣਾ ਵਿਚ 1 ਮੋਘਾ ਜ਼ਿਆਦਾ ਲਗਾਇਆ ਗਿਆ। ਇਸੇ ਤਰ੍ਹਾਂ ਰਕਬਾ ਜੋ ਪੈਡੀ ਵਾਸਤੇ ਰਖਿਆ ਗਿਆ ਉਹ 1978-79 ਨਾਲੋਂ 1979-80 ਵਿਚ ਫਿਰੋਜ਼ਪੁਰ ਵਿਚ 744 ਏਕੜ ਵੱਧ ਸੀ, ਫਰੀਦਕੋਟ ਵਿਚ 3705 ਏਕੜ ਵੱਧ ਸੀ ਔਰ ਲੁਧਿਆਣਾ ਵਿਚ 537 ਏਕੜ ਵੱਧ ਸੀ। ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਡੀਜ਼ਲ ਔਰ ਬਿਜਲੀ ਦੀ ਘਾਟ ਨੂੰ ਮੁੱਖ ਰਖਦਿਆਂ ਹੋਇਆਂ ਇਹ ਜੋ ਬਿਜਾਈ ਦਾ ਰਕਬਾ ਵਧ ਰਿਹਾ ਜਾ ਰਿਹਾ ਹੈ, ਕੀ ਪੈਡੀ ਨੂੰ ਪਾਲਣ ਵਾਸਤੇ ਇਸ ਸਾਲ ਦੌਰਾਨ (1980-81) ਵਿਚ ਨਵੇਂ ਸ਼ੂਟਸ ਲਗਾਏ ਜਾਣਗੇ ?

**ਮੁੱਖ ਮੰਤਰੀ :** ਪਿਛੇ ਮੈਂ ਕਹਿ ਚੁੱਕਾ ਹਾਂ ਕਿ ਸ਼ੂਟਸ ਅਸੀਂ ਬੰਦ ਨਹੀਂ ਕਰਨਾ ਚਾਹੁੰਦੇ। ਪਾਣੀ ਜੋ ਅਵੇਲੇਬਲ ਹੈ ਉਸ ਨੂੰ ਮੁੱਖ ਰਖ ਕੇ ਹੀ ਚਲਣਾ ਹੈ। ਰਿਜ਼ਰਵਾਇਰ ਵਿਚ 60 ਫੀ ਸਦੀ ਪਾਣੀ ਹੈ ਅਤੇ ਜਿਉਂ ਜਿਉਂ ਪਾਣੀ ਵਧਦਾ ਜਾਏਗਾ ਤਿਉਂ ਤਿਉਂ ਅਸੀਂ ਅਗੇ ਦਈ ਜਾਵਾਂਗੇ। ਬਾਰਸ਼ਾਂ ਹੋ ਜਾਣ ਨਾਲ ਵੀ ਇਸ ਤੇ ਅਸਰ ਪੈਂਦਾ ਹੈ। ਜੇ ਪਾਣੀ ਜ਼ਿਆਦਾ ਦਸਤਯਾਬ ਹੋਏਗਾ ਤਾਂ ਹੀ ਨਵੇਂ ਸ਼ੂਟਸ ਬਾਰੇ ਸੋਚ ਸਕਦੇ ਹਾਂ।

**ਸਰਦਾਰ ਆਤਮਾ ਸਿੰਘ :** ਇਸ ਟੈਂਡੈਂਸੀ ਦੇ ਮੱਦੇ-ਨਜ਼ਰ ਕਿ ਹਰ ਸਾਲ ਬਿਜਾਈ ਦਾ ਰਕਬਾ ਕਿਸਾਨ ਵਧਾ ਰਹੇ ਹਨ, ਇਸ ਗਲ ਨੂੰ ਮੁੱਖ ਰਖਦੇ ਹੋਏ ਅਤੇ ਕਿਸਾਨਾਂ ਦੀ ਲੋੜ ਪੂਰੀ ਕਰਨ ਲਈ, ਕੀ ਸਰਕਾਰ ਉਨ੍ਹਾਂ ਨੂੰ ਵਧ ਡੀਜ਼ਲ ਦੇਣ ਦਾ ਪਰਬੰਧ ਕਰੇਗੀ ? ਸਕੱਤਰੇਤ ਵਿਚ ਅਤੇ ਵਜ਼ੀਰਾਂ ਦੀਆਂ ਕੋਠੀਆਂ ਵਿਚ ਕੂਲਰਜ਼ ਨੂੰ ਬੰਦ ਕਰ ਕੇ ਕੀ ਕਿਸਾਨਾਂ ਨੂੰ ਜ਼ਿਆਦਾ ਬਿਜਲੀ ਸਪਲਾਈ ਕੀਤੀ ਜਾਏਗੀ ?

**ਮੁੱਖ ਮੰਤਰੀ :** ਜੇ ਸਕੱਤਰੇਤ ਵਿਚ ਕੂਲਰਜ਼ ਬੰਦ ਕਰਨ ਨਾਲ ਕਿਸਾਨਾਂ ਦਾ ਕੰਮ ਹੁੰਦਾ ਹੋਵੇ ਤਾਂ ਫਿਰ ਠੀਕ ਹੈ। ਪਰ ਅਜਿਹੀ ਕੋਈ ਗੱਲ ਨਹੀਂ ਹੈ। ਸਰਕਾਰ ਅਗੇ ਹੀ ਬਿਜਲੀ ਜ਼ਿਆਦਾ ਉਪਲਭਧ ਕਰਨ ਵਾਸਤੇ ਕੰਮ ਕਰ ਰਹੀ ਹੈ। ਬਠਿੰਡੇ ਦਾ ਜੋ ਚੌਥਾ ਯੂਨਿਟ ਬੰਦ ਪਿਆ ਹੈ, ਉਸ ਨੂੰ ਚਾਲੂ ਕਰਨ ਵਾਸਤੇ ਪ੍ਰਬੰਧ ਕੀਤਾ ਜਾ ਰਿਹਾ ਹੈ। ਉਸ ਦੇ ਚਾਲੂ ਹੋਣ ਨਾਲ 15 ਲੱਖ ਯੂਨਿਟਸ ਹੋਰ ਬਿਜਲੀ ਮਿਲ ਸਕਦੀ ਹੈ। ਇਸੇ ਤਰ੍ਹਾਂ ਹੀ ਡੇਹਰ ਯੂਨਿਟ ਚੱਲਣ ਨਾਲ ਹੋਰ ਬਿਜਲੀ ਮਿਲ ਸਕਦੀ ਹੈ। ਜ਼ਿਆਦਾ ਬਿਜਲੀ ਪੈਦਾ ਕਰਨ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਕਿ ਕਿਸਾਨਾਂ ਨੂੰ ਸੋਇੰਗ ਸੀਜ਼ਨ ਵਾਸਤੇ ਜ਼ਿਆਦਾ ਬਿਜਲੀ ਦੇ ਸਕੀਏ ਅਤੇ ਉਨ੍ਹਾਂ ਨੂੰ ਕੋਈ ਤਕਲੀਫ ਪੇਸ਼ ਨਾ ਆਵੇ।

**ਸਰਦਾਰ ਸੁਖਦੇਵ ਸਿੰਘ ਢੀਂਡਸਾ :** ਮੁੱਖ ਮੰਤਰੀ ਸਾਹਿਬ ਨੇ ਸਿਰਫ ਤਿੰਨ ਜ਼ਿਲ੍ਹਿਆਂ ਬਾਰੇ ਅੰਕੜੇ ਦਿੱਤੇ ਹਨ; ਫਿਰੋਜ਼ਪੁਰ, ਫਰੀਦਕੋਟ ਔਰ ਲੁਧਿਆਣਾ। ਕੀ ਕਿਸੇ ਹੋਰ ਜ਼ਿਲ੍ਹੇ ਵਿਚ ਟੈਂਪਰੇਰੀ ਸ਼ੂਟਸ ਮੁਹੱਈਆ ਨਹੀਂ ਕੀਤੇ ਜਾਂਦੇ। ਜ਼ਿਲ੍ਹਾ ਸੰਗਰੂਰ ਔਰ ਪਟਿਆਲਾ ਵਿਚ ਕਾਫੀ ਕੂਲਰ ਜ਼ਮੀਨ ਦਾ ਏਰੀਆ ਹੈ, ਕੀ ਇਹ ਇਨ੍ਹਾਂ ਉਪਰੋਕਤ ਤਿੰਨ ਜ਼ਿਲ੍ਹਿਆਂ ਤੋਂ ਇਲਾਵਾ ਹੋਰ ਸਾਰੇ ਜ਼ਿਲ੍ਹਿਆਂ ਵਾਸਤੇ ਇਹ ਟੈਂਪੋਰੇਰੀ ਸ਼ੂਟਸ ਦੇਣ ਦੀ ਸਕੀਮ ਲਾਗੂ ਕਰਨ ਵਾਸਤੇ ਅਸ਼ੋਰੈਂਸ ਦੇਣਗੇ ?

**ਮੁੱਖ ਮੰਤਰੀ :** ਅਗਰ ਪਾਣੀ ਵਧ ਹੋ ਜਾਏ ਤਾਂ ਇਸ ਗਲ ਵਿਚ ਕੋਈ ਹਿਚਕਚਾਹਟ ਨਹੀਂ ਹੋਏਗੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਜਿੰਦਰ ਸਿੰਘ ਖੇਰਾ**: ਪਿਛੇ ਜਦੋਂ ਅਕਾਲੀ ਸਰਕਾਰ ਸੀ ਤਾਂ ਉਸ ਵੇਲੇ ਵੀ ਪਾਣੀ ਦੀ ਘਾਟ ਔਰ ਬਿਜਲੀ ਦੀ ਦਿੱਕਤ ਆਈ ਸੀ ਤਾਂ ਉਸ ਵੇਲ ਇੰਡਸਟਰੀਜ਼ ਬੰਦ ਕਰ ਕੇ ਪ੍ਰੋਡਕਸ਼ਨ ਨੂੰ ਵਧਾਉਣ ਵਾਸਤੇ ਜ਼ਿਮੀਂਦਾਰਾਂ ਨੂੰ ਬਿਜਲੀ ਜ਼ਿਆਦਾ ਦਿਤੀ ਗਈ ਸੀ। ਕੀ ਮੁੱਖ ਮੰਤਰੀ ਜੀ ਦਸਣਗੇ ਕਿ ਇਨ੍ਹਾਂ ਦੀ ਸਰਕਾਰ ਇਸ ਤਰ੍ਹਾਂ ਕਰਨ ਨੂੰ ਤਿਆਰ ਹੈ ?

**ਮੁੱਖ ਮੰਤਰੀ**: ਜਿਥੇ ਟੈਂਪੋਰੇਰੀ ਮੋਘੇ ਲਗਾਏ ਗਏ ਹਨ ਉਨ੍ਹਾਂ ਨੂੰ ਪੁੱਟਣ ਦੀ ਬਜਾਏ ਅਸੀਂ ਕਹਿੰਦੇ ਹਾਂ ਕਿ ਉਥੇ ਪਾਣੀ ਉਨ੍ਹਾਂ ਵਿਚ ਚਲਦਾ ਰਹੇ ਤਾਕਿ ਉਹ ਇਲਾਕੇ ਸੈਰਾਬ ਹੋ ਸਕਣ (ਵਿਘਨ) ਕਿਸੇ ਪ੍ਰੋਡਕਸ਼ਨ ਨੂੰ ਰੋਕਿਆਂ ਬਗੈਰ ਅਗਰ ਕੋਈ ਕਿਸੇ ਪਾਸਿਓਂ ਹੋਰ ਸੰਭਾਲ ਕਰ ਕੇ ਕਿਸਾਨਾਂ ਦੀ ਮੱਦਦ ਕੀਤੀ ਜਾ ਸਕਦੀ ਹੈ ਤਾਂ ਜ਼ਰੂਰ ਹੋਏਗੀ।

**ਸ਼੍ਰੀ ਚਮਨ ਲਾਲ**: 1977 ਵਿਚ ਡਿਸਟ੍ਰਿਕਟ ਗੁਰਦਾਸਪੁਰ ਵਿਚ ਮਾਧੋਪੁਰ ਹੈਡ ਵਰਕਸ, ਸਲਾਹਪੁਰ ਡਿਸਟਰੀਬਿਊਟਰੀ ਤੋਂ ਜੋ ਮੋਘੇ ਚਲਦੇ ਸਨ ਔਰ ਜਦੋਂ ਅਕਾਲੀ ਸਰਕਾਰ ਆਈ ਤਾਂ ਸਾਡੇ ਹਲਕੇ ਜੋ ਕਾਂਗਰਸ (ਆਈ) ਦੇ ਸਨ, ਉਥੇ ਮੋਘੇ ਬੰਦ ਕਰਵਾ ਦਿੱਤੇ ਗਏ ਸਨ। ਕੀ ਉਹ ਮੋਘੇ ਚਾਲੂ ਕਰਵਾ ਸਕਦੇ ਹੋ ?

**ਮੁੱਖ ਮੰਤਰੀ**: ਪਤਾ ਨਹੀਂ ਉਹ ਟੈਂਪਰੇਰੀ ਮੋਘੇ ਸੀ ਜਾਂ ਨਹੀਂ। ਜੇ ਟੈਂਪਰੇਰੀ ਸੀ ਤਾਂ ਸੋਚਿਆ ਜਾ ਸਕਦਾ ਹੈ। (ਵਿਘਨ)

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ**: ਜ਼ਿਮੀਂਦਾਰ ਇਹ ਕਹਿੰਦਾ ਹੈ ਕਿ ਸਾਨੂੰ ਇਹ ਕਿਹਾ ਗਿਆ ਹੈ ਕਿ ਜਿੰਨੇ ਰਕਬੇ ਵਾਸਤੇ ਟੈਂਪਰੇਰੀ ਸ਼ੂਟਸ ਮੰਗੋਗੇ ਉਸ ਵਿਚ ਝੋਨਾ ਬੀਜੋ ਜਾਂ ਨਾ ਬੀਜੋ ਆਬਿਆਨਾ ਸਾਰੇ ਰਕਬੇ ਦਾ ਦੇਣਾ ਪਏਗਾ। ਪਿਛਲੀ ਬਾਦਲ ਸਰਕਾਰ ਵੇਲੇ ਜਿੰਨੇ ਰਕਬੇ ਵਿਚ ਝੋਨਾ ਬੀਜਿਆ ਜਾਂਦਾ ਸੀ ਉਨੇ ਰਕਬੇ ਲਈ ਹੀ ਆਬਿਆਨਾ ਲਿਆ ਜਾਂਦਾ ਸੀ। ਕੀ ਹੁਣ ਵੀ ਇਹ ਸ਼ਰਤ ਉੜਾ ਦਿੱਤੀ ਜਾਏਗੀ ਔਰ ਜਿੰਨੇ ਰਕਬੇ ਵਿਚ ਝੋਨਾ ਬੀਜਿਆ ਜਾਏਗਾ ਉਨੇ ਰਕਬੇ ਲਈ ਹੀ ਆਬਿਆਨਾ ਲਿਆ ਜਾਏਗਾ ?

**ਮੁੱਖ ਮੰਤਰੀ**: ਜੇ ਕਿਸੇ ਨੇ ਪਾਣੀ ਨਹੀਂ ਲਗਾਉਣਾ ਕਿਸੇ ਏਰੀਆ ਨੂੰ ਤਾਂ ਉਸ ਨੂੰ ਆਬਿਆਨਾ ਨਹੀਂ ਲੱਗੇਗਾ।

---

### ਜ਼ਿਲ੍ਹਾ ਬਠਿੰਡਾ ਵਿਚ ਫ਼ੋਕਲ ਪੁਆਇੰਟਾਂ ਦੀ ਚੋਣ

*19. **ਮਾਸਟਰ ਬਾਬੂ ਸਿੰਘ**: ਕੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਬਠਿੰਡਾ ਵਿਚ ਫੋਕਲ ਪੁਆਇੰਟਾਂ ਲਈ ਚੁਣੇ ਗਏ ਪਿੰਡਾਂ ਦੇ ਬਲਾਕ-ਵਾਰ ਨਾਂ ਕੀ ਕੀ ਹਨ ;

(ਅ) ਅਜਿਹੇ ਪਿੰਡਾਂ ਦੀ ਚੋਣ ਕਰਨ ਲਈ ਕੀ ਕਸੌਟੀ ਅਪਣਾਈ ਗਈ ;

(ੲ) ਉਪਰੋਕਤ ਫੋਕਲ ਪੁਆਇੰਟਾਂ ਵਿਚ ਹੁਣ ਤਕ ਕੀ ਪ੍ਰਗਤੀ ਹੋਈ ਹੈ ?

**ਸਰਦਾਰ ਸੰਤੋਖ ਸਿੰਘ ਰੰਧਾਵਾ**: (ੳ) ਫੋਕਲ ਪੁਆਇੰਟ ਚੁਣੇ ਗਏ ਪਿੰਡਾਂ ਦੇ ਨਾਂ ਅਨੁ-ਲੱਗ I ਵਿਚ ਦਰਸਾਏ ਗਏ ਹਨ।

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

(ਅ) ਫੋਕਲ ਪੁਆਇੰਟਾਂ ਦੀ ਚੋਣ ਸਬੰਧਤ ਡਿਪਟੀ ਕਮਿਸ਼ਨਰ ਦੀ ਸਿਫਾਰਸ਼ ਤੇ ਕੀਤੀ ਜਾਂਦੀ ਹੈ। ਚੋਣ ਸਮੇਂ ਪਿੰਡ ਦੀ ਸਥਿਤੀ, ਬਲਾਕ ਦਾ ਖੇਤਰ, ਦੋ ਫੋਕਲ ਪੁਆਇੰਟਾਂ ਦਾ ਫਾਸਲਾ, ਮੰਡੀ/ਸ਼ਹਿਰ ਤੋਂ ਫਾਸਲਾ, ਬਾਕੀ ਸਹੂਲਤਾਂ ਜਿਵੇਂ ਕਿ ਸੜਕਾਂ, ਬਿਜਲੀ ਅਤੇ ਪਾਣੀ ਦੀ ਸਪਲਾਈ, ਸਥਿਰ ਸਹਿਕਾਰੀ ਸਭਾ, ਸਿਵਲ ਡਿਸਪੈਂਸਰੀ, ਹਾਈ ਸਕੂਲ ਆਦਿ ਦੀ ਹੋਂਦ ਆਦਿ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ। ਪਰ ਫੋਕਲ ਪੁਆਇੰਟਾਂ ਦੀ ਚੋਣ ਲਈ ਅਪਣਾਈ ਗਈ ਕਸੌਟੀ ਦੀ ਇੰਨ ਬਿੰਨ ਪਾਲਣਾ ਨਹੀਂ ਕੀਤੀ ਗਈ। ਸਾਲ 1977-78 ਦੇ ਚੁਣੇ ਗਏ ਫੋਕਲ ਪੁਆਇੰਟਾਂ ਦੀ ਸਿਫਾਰਸ਼ ਡਿਪਟੀ ਕਮਿਸ਼ਨਰ ਵਲੋਂ ਨਹੀਂ ਮੰਗੀ ਗਈ। ਇਸ ਦੀ ਬਜਾਏ ਉਸ ਸਮੇਂ ਦੇ ਵਿਕਾਸ ਤੇ ਪੰਚਾਇਤ ਮੰਤਰੀ ਦੀ ਪ੍ਰਧਾਨਗੀ ਹੇਠ ਮਿਤੀ 13 ਜਨਵਰੀ, 1978 ਨੂੰ ਹੋਈ ਮੀਟਿੰਗ ਵਿਚ ਫੈਸਲਾ ਕੀਤਾ ਗਿਆ। ਇਸੇ ਤਰ੍ਹਾਂ ਪੇਪਰਾਂ ਦਾ ਅਧਿਐਨ ਦਰਸਾਉਂਦਾ ਹੈ ਕਿ ਸਾਲ 1978-79 ਲਈ ਫੋਕਲ ਪੁਆਇੰਟਾਂ ਦੀ ਚੋਣ ਹੈਡ ਕੁਆਟਰ ਦੇ ਅਫਸਰ, ਡਾਇਰੈਕਟਰ ਪੰਚਾਇਤੀ ਰਾਜ ਅਤੇ ਸਮੂਹਿਕ ਵਿਕਾਸ ਦੀ ਸਿਫਾਰਸ਼ ਤੇ ਕੀਤੀ ਗਈ ਸੀ। ਬਹੁਤ ਸਾਰੇ ਫੋਕਲ ਪੁਅਇੰਟਾਂ (ਜਿਨ੍ਹਾਂ ਦੀ ਸੂਚੀ ਅਨਲੱਗ II ਤੇ ਦਰਸਾਈ ਗਈ ਹੈ) ਦੀ ਚੋਣ, ਕਸੌਟੀ ਦੇ ਪ੍ਰਤੀ ਕੂਲ ਕੀਤੀ ਗਈ ਸੀ। ਉਦਾਹਰਣ ਵਜੋਂ ਡਿਪਟੀ ਕਮਿਸ਼ਨਰ ਬਠਿੰਡਾ ਦੀ ਸਾਲ 1979-80 ਲਈ ਚੁਣੇ ਗਏ ਵਧੀਕ ਪਿੰਡ ਮਹਿਰਾਜ ਦੀ ਚੋਣ ਡਿਪਟੀ ਕਮਿਸ਼ਨਰ ਬਠਿੰਡਾ ਦੀ ਸਿਫਾਰਸ਼ ਤੋਂ ਬਗੈਰ ਕੀਤੀ ਗਈ ਸੀ। ਇਹ ਸਾਲ 1979-80 ਦੇ ਢਪਾਲੀ ਪਿੜ ਅਤੇ ਫੂਲ ਕਸਬੇ ਦੇ ਨਜ਼ਦੀਕ ਸੀ। ਇਥੋਂ ਤੱਕ ਕਿ ਇਸ ਦੇ ਕਲਸਟਰ ਵਿਚ ਹੋਰ ਪਿੰਡ ਵੀ ਜੋੜੇ ਨਹੀਂ ਜਾ ਸਕਦੇ। ਇਸੇ ਤਰ੍ਹਾਂ ਚੱਕ ਫਤਿਹ ਸਿੰਘ ਵਾਲਾ ਫੋਕਲ ਪੁਆਇੰਟ ਬਾਰਡਰ ਦਾ ਪਿੰਡ ਹੈ ਅਤੇ ਭੁਚੋ ਮੰਡੀ ਦੇ ਨਜ਼ਦੀਕ ਹੈ।

(ੲ) ਸਾਲ 1977-78, 1978-79, ਅਤੇ 1979-80 ਦੇ ਫੋਕਲ ਪੁਆਇੰਟਾਂ ਤੇ ਹੋਈ ਪ੍ਰਗਤੀ ਅਨ_ਲੱਗ III ਵਿਚ ਦਰਸਾਈ ਗਈ ਹੈ। ਵਿਕਾਸ ਦੇ ਦੂਜੇ ਪੜਾਅ ਵਿਚ ਦਿਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਕੀ ਕਹਿਣਾ ਇਥੋਂ ਤੱਕ ਕਿ ਪਹਿਲੇ ਪੜਾਅ ਵਿਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵੀ ਕਿਸੇ ਇਕ ਫੋਕਲ ਪੁਆਇੰਟ ਤੇ ਵੀ ਮੁਕੰਮਲ ਨਹੀਂ ਦਿਤੀਆਂ ਜਾ ਸਕੀਆਂ।

## ਅਨੁੱਲਗ I

### ਜ਼ਿਲ੍ਹਾ ਬਠਿੰਡਾ

| ਲੜੀ ਨੰ: | ਬਲਾਕ | 1977-78 ਵਿਚ ਚੁਣੇ ਗਏ ਫੋਕਲ ਪੁਆਇੰਟ | 1978-79 ਵਿਚ ਚੁਣੇ ਗਏ ਫੋਕਲ ਪੁਆਇੰਟ | 1979-80 ਵਿਚ ਚੁਣੇ ਗਏ ਫੋਕਲ ਪੁਆਇੰਟ | 1980-81 ਅਤੇ 1981-82 ਲਈ ਅਣ ਅੰਤਿਮ ਚੁਣੇ ਗਏ ਫੋਕ ਲ ਪੁਆਇੰ ਟ |
|---|---|---|---|---|---|
| 1 | 2 | 3 | 4 | 5 | 6 |
| 1. | ਬਠਿੰਡਾ | ਬੱਲੂਆਣਾ | ਤਿਉਣਾ | ਮਹਿਮਾ ਸਰਜਾ | 4. ਹਰਰਾਏ ਪੁਰ<br>5. ਕੋਟ ਸ਼ਮੀਰ |
| 2. | ਤਲਵੰਡੀ ਸਾਬੋ | ਸੇਗੋਂ | ਸ਼ੇਖ ਪੁਰਾ | ਮਲਕਾਣਾ | 4. ਚੇਠੇ ਵਾਲਾ |

Original with;
Punjab Vidhan Sabha
Digitized by;
Panjab Digital Library

| 1 2 | 3 | 4 | 5 | 6 |
|---|---|---|---|---|
| 3. ਸੰਗਤ | ਪੱਕਾ ਕਲਾਂ | ਰਾਏਕੇ ਕਲਾਂ | ਘੁੱਦਾ | 4. ਬੱਗੇ ਰੁਲਦੂ<br>5. ਚੱਕ ਰੁਲਦੂ ਸਿੰਘ ਵਾਲਾ |
| 4. ਨਥਾਣਾ | ਚੱਕ ਫਤਹਿ ਸਿੰਘ ਵਾਲਾ | ਕਲਿਆਣ ਸੁਖਾ | ਲਹਿਰਾ ਮੁਹੱਬਤ | 4. ਗੋਬਿੰਦਪੁਰਾ |
| 5. ਫੂਲ | ਜਲਾਲ | ਮਲੂਕਾ | 3 ਢਪਾਲੀ<br>4 ਮਹਿਰਾਜ | 5 ਸਲਾਬਤਪੁਰਾ |
| 6. ਰਾਮ ਪੁਰਾ | ਚੌਕੇ | ਢਡੇ | ਬਦਿਆਲਾ | 4 ਝੰਡੂ ਕੇ |
| 7. ਮਾਨਸਾ | ਖਿਆਲਾ ਕਲਾਂ | ਫਫੜੇਭਾਈ ਕੇ | ਉਭਾ ਬਰਜ ਢਿਲਵਾਂ | — |
| 8. ਝੁਨੀਰ | ਛੱਤਾ ਮਾਲੂਕੇ | ਬੋਹਨੀ ਵਾਲ | ਭਾਮੇ ਕਲਾਂ | 4 ਕਰੰਡੀ |
| 9. ਬੁਢਲਾਡਾ | ਬੁਛੁਆਣਾ | ਬੜ੍ਹੇ | ਗੋਬਿਦ ਪੁਰਾ | 4. ਰਾਮ ਗੜ੍ਹ ਸ਼ਾਹ ਪੁਰੀਆਂ |

## ਅਨੁਲੱਗ II

| ਲੜੀ ਨੰ: | ਬਲਾਕ ਦਾ ਨਾਂ | ਫੋਕਲ ਪੁਆਇੰਟ ਦਾ ਨਾਂ | ਚੋਣ ਸਮੇਂ ਕਸੌਟੀ ਨੂੰ ਅੱਖੋਂ ਉਹਲੇ ਕੀਤੇ ਗਏ ਤੱਥ |
|---|---|---|---|
| 1. | ਬਠਿੰਡਾ | ਤਿਉਣਾ (1978-79) | ਫੋਕਲ ਪੁਆਇੰਟ ਤਿਉਣਾ ਅਤੇ ਫੋਕਲ ਪੁਆਇੰਟ ਬਲੂਆਣਾ (1977-78) ਦਾ ਫਾਸਲਾ 10 ਕਿਲੋ-ਮੀਟਰ ਤੋਂ ਘੱਟ ਹੈ। |
| 2. | ਤਲਵੰਡੀ ਸਾਬੋ | ਸੇਗੋਂ (1977-78) | ਇਹ ਬਾਰਡਰ ਦਾ ਪਿੰਡ ਹੈ ਅਤੇ ਕੇਂਦਰੀ ਸਥਿਤ ਨਹੀਂ ਹੈ। |
| 3. | ਸੰਗਤ | ਰਾਏ ਕੇ ਕਲਾਂ (1978-79) | ਉਹੀ |
| | | ਘੁੱਦਾ (1979-80) | ਉਹੀ |

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

| 1 | 2 | 3 | 4 |
|---|---|---|---|
| 4. | ਨਥਾਣਾ | ਚੱਕ ਫਤਿਹ ਸਿੰਘ ਵਾਲਾ (1978-79) | ਇਹ ਬਾਰਡਰ ਦਾ ਪਿੰਡ ਹੈ ਅਤੇ ਕੇਂਦਰੀ ਸਥਿਤ ਨਹੀਂ ਹੈ। ਇਹ ਭੁੱਚੋ ਮੰਡੀ ਦੇ ਨੇੜੇ ਵੀ ਹੈ। |
| | | ਲਹਿਰਾ ਮੁਹਬਤ (1979-80) | ਇਹ ਕੇਂਦਰੀ ਸਥਿਤ ਪਿੰਡ ਨਹੀਂ ਹੈ। ਚੱਕ ਫਤਿਹ ਸਿੰਘ ਵਾਲਾ ਅਤੇ ਇਸ ਫੋਕਲ ਪੁਆਇੰਟ ਦਾ ਫਾਸਲਾ 10 ਕਿਲੋ ਮੀਟਰ ਤੋਂ ਘੱਟ ਹੈ। |
| 5. | ਫੂਲ | ਮਲੂਕਾ (1978-79) | ਇਹ ਕੇਂਦਰੀ ਸਥਿਤ ਪਿੰਡ ਨਹੀਂ ਹੈ। |
| | | ਢਪਾਲੀ (1979-80) | ਇਹ ਬਾਰਡਰ ਦਾ ਪਿੰਡ ਹੈ ਅਤੇ ਇਹ ਫੂਲ ਕਸਬੇ ਜਿਥੇ ਕਿ ਸਾਰੀਆਂ ਸਹੂਲ-ਤਾਂ ਉਪਲਬਧ ਹਨ, ਦੇ ਨਜ਼ਦੀਕ ਹੈ। |
| | | ਮਹਿਰਾਜ (1979-80) | ਇਹ ਫੂਲ ਬਲਾਕ ਦਾ ਵਧੀਕ ਪਿੰਡ ਹੈ। ਡਿਪਟੀ ਕਮਿਸ਼ਨਰ ਦੀ ਕੋਈ ਸਿਫਾਰਸ਼ ਨਹੀਂ ਲਈ ਗਈ। ਇਸ ਦਾ ਫੈਸਲਾ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ ਸੀ। |
| 6. | ਰਾਮ ਪੁਰਾ | ਚੌਕੇ (1977-78) | ਇਹ ਬਾਰਡਰ ਦਾ ਪਿੰਡ ਹੈ। |
| | | ਢਡੇ (1978-79) | ਉਹੀ |
| 7. | ਮਾਨਸਾ | ਫਫੜੇ ਭਾਈ ਕੇ (1978-79) | ਉਹੀ |
| 8. | ਝੁਨੀਰ | ਬੇਹਨੀ ਵਾਲ (1978-79) | ਉਹੀ |
| 9. | ਬੁਢਲਾਡਾ | ਬੱਛੂਆਣਾ | ਇਹ ਬਾਰਡਰ ਦਾ ਪਿੰਡ ਹੈ ਅਤੇ ਬੁਢਲਾਡਾ ਕਸਬੇ ਦੇ ਨਜ਼ਦੀਕ ਹੈ। |

Original with;
Punjab Vidhan Sabha
Digitized by;
Panjab Digital Library

ਪਿੰਡ ਹੈ ਅਤੇ ਕੇਂਦਰੀ
।

ਨੇੜੇ ਵੀ ਹੈ।

ਥਿਤ ਪਿੰਡ ਨਹੀਂ ਹੈ ।
ਘ ਵਾਲਾ ਅਤੇ ਇਸ
ਦਾ ਫਾਸਲਾ 10
ਘੱਟ ਹੈ।

ਤ ਪਿੰਡ ਨਹੀਂ ਹੈ।

ਪਿੰਡ ਹੈ ਅਤੇ ਇਹ
ਕਿ ਸਾਰੀਆਂ ਸਹੂਲ-
ਦੇ ਨਜ਼ਦੀਕ ਹੈ।

ਦਾ ਵਧੀਕ ਪਿੰਡ ਹੈ।
ਰ ਦੀ ਕੋਈ ਸਿਫਾਰਸ਼
। ਇਸ ਦਾ ਫੈਸਲਾ ਮੁੱਖ
ਪ੍ਰਧਾਨਗੀ ਹੇਠ ਹੋਈ
ਲਿਆ ਗਿਆ ਸੀ।

ਪਿੰਡ ਹੈ।

ਹੀ

ਹੀ

ਹੀ

ਪਿੰਡ ਹੈ ਅਤੇ ਬੁਢਲਾਡਾ
ਦੀਕ ਹੈ।



## ਅਨੁਲੱਗ III

ਸਾਲ 1977-78 ਵਿਚ ਜ਼ਿਲ੍ਹਾ ਬਠਿੰਡਾ ਦੇ ਫੋਕਲ ਪੁਆਇੰਟਾਂ ਤੇ ਸਰਵਪੱਖੀ ਪੇਂਡੂ ਵਿਕਾਸ ਦੇ ਕੰਮਾਂ ਦੀ ਪ੍ਰਗਤੀ ਦਰਸਾਉਂਦੀ ਹੋਈ ਸਟੇਟਮੈਂਟ
(31 ਮਈ, 1980 ਤੱਕ ਦੀ ਸਥਿਤੀ)

| ਲੜੀ ਨੰ: | ਬਲਾਕ | ਫੋਕਲ ਪੁਆਇੰਟ | ਦੁਕਾਨਾਂ | ਬੈਂਕ | ਪਸ਼ੂ ਹਸਪਤਾਲ | ਬੜ੍ਹੇ | ਸੜਕਾਂ | ਗੁਦਾਮ | ਡੀਜ਼ਲ/ਪਟਰੋਲ ਪੰਪ | ਟੈਲੀਫੂਨ | ਪੋਸਟ ਆਫਿਸ | ਐਗਰੋ ਸਰਵਿਸ ਸੈਂਟਰ | ਜ਼ਰੂਰੀ ਵਸਤਾਂ ਅਤੇ ਖੇਤੀਬਾੜੀ ਦੇ ਸੰਦਾਂ ਦੀਆਂ ਦੁਕਾਨਾਂ | ਸਿਵਲ ਹਸਪਤਾਲਾਂ/ਡਿਸਪੈਂਸਰੀ |
|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
| 1 | ਬਠਿੰਡਾ | ਬਲੁਆਣਾ | ਮੁਕੰਮਲ ਅਤੇ ਚਾਲੂ | ਮੁਕੰਮਲ ਅਤੇ ਚਾਲੂ | ਮੁਕੰਮਲ ਅਤੇ ਚਾਲੂ | ਮੁਕੰਮਲ ਅਤੇ ਚਾਲੂ | ਮੁਕੰਮਲ | ਮੁਕੰਮਲ | ਮੁਕੰਮਲ | ਨਹੀਂ | ਹਾਂ | ਮੁਕੰਮਲ | ਮੁਕੰਮਲ | ਡਿਸਪੈਂਸਰੀ |
| 2 | ਤਲਵੰਡੀ ਸਾਬੋ | ਸੇਗੋ | ਉਹੀ | ਉਹੀ | ਉਹੀ | ਉਹੀ | ਉਹੀ | ਉਹੀ | ਨਹੀਂ | ਨਹੀਂ | ਨਹੀਂ | ਉਹੀ | ਉਹੀ | ਉਹੀ |
| 3 | ਸੰਗਤ | ਪੱਕਾ ਕਲਾਂ | ਉਹੀ | ਉਹੀ | ਉਹੀ | ਉਹੀ | ਉਹੀ | ਉਹੀ | ਨਹੀਂ | ਨਹੀਂ | ਹਾਂ | ਉਹੀ | ਉਹੀ | ਉਹੀ |
| 4 | ਨਥਾਣਾ | ਚੱਕ ਫਤਿਹ ਸਿੰਘ ਵਾਲਾ | ਉਹੀ | ਉਹੀ | ਉਹੀ | ਉਹੀ | ਉਹੀ | ਉਹੀ | ਨਹੀਂ | ਨਹੀਂ | ਨਹੀਂ | ਉਹੀ | ਉਹੀ | .. |
| 5 | ਫੂਲ | ਜਲਾਲ | ਉਹੀ | ਉਹੀ | ਉਹੀ | ਉਹੀ | ਉਹੀ | ਉਹੀ | ਨਹੀਂ | ਨਹੀਂ | ਹਾਂ | ਉਹੀ | ਉਹੀ | .. |
| 6 | ਰਾਮਪੁਰਾ | ਢੱਕੇ | ਉਹੀ | ਉਹੀ | ਉਹੀ | ਉਹੀ | ਉਹੀ | ਉਹੀ | ਨਹੀਂ | ਨਹੀਂ | ਨਹੀਂ | ਉਹੀ | ਉਹੀ | ਡਿਸਪੈਂਸਰੀ |
| 7 | ਮਾਨਸਾ | ਖਿਆਲਾ ਕਲਾਂ | ਉਹੀ | ਉਹੀ | ਉਹੀ | ਉਹੀ | ਉਹੀ | ਉਹੀ | ਨਹੀਂ | ਨਹੀਂ | ਹਾਂ | ਉਹੀ | ਉਹੀ | ਪੀ.ਐਚ.ਸੀ. |
| 8 | ਝੁਨੀਰ | ਫੱਤਾ ਮਾਲਕੇ | ਉਹੀ | ਉਹੀ | ਉਹੀ | ਉਹੀ | ਉਹੀ | ਉਹੀ | ਨਹੀਂ | ਨਹੀਂ | ਹਾਂ | ਉਹੀ | ਉਹੀ | ਡਿਸਪੈਂਸਰੀ |
| 9 | ਬੁਢਲਾਡਾ | ਬਛੋਆਣਾ | ਉਹੀ | ਉਹੀ | ਉਹੀ | ਉਹੀ | ਉਹੀ | ਉਹੀ | ਨਹੀਂ | ਨਹੀਂ | ਹਾਂ | ਉਹੀ | ਉਹੀ | ਆਯੁਰਵੈਦਿਕ ਡਿਸਪੈਂਸਰੀ |

Original with;
Punjab Vidhan Sabha
Digitized by;
Panjab Digital Library

## ਅਨੁਲੱਗ III

ਸਾਲ 1978-79 ਵਿਚ ਜ਼ਿਲ੍ਹਾ ਬਠਿੰਡਾ ਦੇ ਫੋਕਲ ਪੁਆਇੰਟਾਂ ਤੇ ਸਰਵਪੱਖੀ ਪੇਂਡੂ ਵਿਕਾਸ ਦੇ ਕੰਮਾਂ ਦੀ ਪ੍ਰਗਤੀ ਦਰਸਾਉਂਦੀ ਹੋਈ ਸਟੇਟਮੈਂਟ

(31 ਮਈ, 1980 ਤਕ ਦੀ ਸਥਿਤੀ)

| ਲੜੀ ਨੰ: | ਬਲਾਕ | ਫੋਕਲ ਪੁਆਇੰਟ | ਦੁਕਾਨਾਂ | ਬੈਂਕ | ਪਸ਼ੂ ਹਸਪਤਾਲ | ਬੜੇ | ਸੜਕਾਂ | ਗੁਦਾਮ | ਲ਼/ਪੈਟਰੋਲ | ਟੈਲੀਫੂਨ | ਪੋਸਟ ਆਫਿਸ | ਐਗਰੋ ਸਰਵਿਸ | ਜ਼ਰੂਰੀ ਵਸਤਾਂ ਅਤੇ | ਸਿਵਲ ਹਸਪਤਾਲਾਂ/ |
|---|---|---|---|---|---|---|---|---|---|---|---|---|---|---|

### ਅਨਲੱਗ III

ਸਾਲ 1978-79 ਵਿਚ ਜ਼ਿਲ੍ਹਾ ਬਠਿੰਡਾ ਦੇ ਫੋਕਲ ਪੁਆਇੰਟਾਂ ਤੇ ਸਰਵਪੱਖੀ ਪੇਂਡੂ ਵਿਕਾਸ ਦੇ ਕੰਮਾਂ ਦੀ ਪ੍ਰਗਤੀ ਦਰਸਾਉਂਦੀ ਹੋਈ ਸਟੇਟਮੈਂਟ
(31 ਮਈ, 1980 ਤਕ ਦੀ ਸਥਿਤੀ)

| ਲੜੀ ਨੰ: | ਬਲਾਕ | ਫੋਕਲ ਪੁਆਇੰਟ | ਦੁਕਾਨਾਂ | ਬੈਂਕ | ਪਸ਼ੂ ਹਸਪਤਾਲ | ਥੜ੍ਹੇ | ਸੜਕਾਂ | ਗੁਦਾਮ | ਲਾਇਬ੍ਰੇਰੀ/ਪੈਟਰੋਲ ਪੰਪ | ਟੈਲੀਫੂਨ | ਪੋਸਟ ਆਫਿਸ | ਐਗਰੋ ਸਰਵਿਸ ਸੈਂਟਰ | ਜ਼ਰੂਰੀ ਵਸਤਾਂ ਅਤੇ ਖੇਤੀਬਾੜੀ ਦੇ ਸੰਦਾਂ ਦੀਆਂ ਦੁਕਾਨਾਂ | ਸਿਵਲ ਹਸਪਤਾਲਾਂ/ਡਿਸਪੈਂਸਰੀ |
|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
| 1 | ਬਠਿੰਡਾ | ਤਿਉਣਾ | ਮੁਕੰਮਲ ਅਤੇ ਚਾਲੂ | ਮੁਕੰਮਲ ਅਤੇ ਚਾਲੂ | ਮੁਕੰਮਲ ਅਤੇ ਚਾਲੂ | ਮੁਕੰਮਲ ਅਤੇ ਚਾਲੂ | ਮੁਕੰਮਲ | ਨਹੀਂ | ਨਹੀਂ | ਨਹੀਂ | ਹਾਂ | ਮੁਕੰਮਲ | ਮੁਕੰਮਲ | ... |
| 2 | ਤਲਵੰਡੀ ਸਾਬੋ | ਸ਼ੇਖਪੁਰਾ | ,, | ,, | ,, | ,, | ,, | ਦਰਵਾਜ਼ਿਆਂ ਤਕ | ,, | ,, | ,, | ਉਹੀ | ,, | ਡਿਸਪੈਂਸਰੀ |
| 3 | ਸੰਗਤ | ਰਾਏਕੇ ਕਲਾਂ | ,, | ,, | ,, | ,, | ,, | ਨਹੀਂ | ,, | ,, | ਨਹੀਂ | ਨਹੀਂ | ,, | ... |
| 4 | ਨਥਾਣਾਂ | ਕਲਿਆਨਸੁਖਾ | ,, | ,, | ,, | ,, | ,, | ਡੀ.ਪੀ.ਸੀ. ਪੱਧਰ ਤੱਕ | ,, | ,, | ਹਾਂ | ਮੁਕੰਮਲ | ,, | ਡਿਸਪੈਂਸਰੀ |
| 5 | ਫੂਲ | ਮਲੂਕਾ | ,, | ,, | ,, | ,, | ,, | ਉਹੀ | ,, | ,, | ਨਹੀਂ | ਉਹੀ | ,, | ... |
| 6 | ਰਾਮਪੁਰਾ | ਢੱਡੇ | ,, | ,, | ,, | ,, | ,, | ਉਹੀ | ,, | ,, | ਹਾਂ | ,, | ,, | ਡਿਸਪੈਂਸਰੀ |
| 7 | ਮਾਨਸਾ | ਫਫੜੇ ਭਾਈ ਕੇ | ,, | ,, | ,, | ,, | ,, | ਪਲੱਸਤਰ ਅਤੇ ਫਰਸ਼ ਦਾ ਕੰਮ ਚਲ ਰਿਹਾ ਹੈ | ,, | ,, | ਹਾਂ | ,, | ,, | 25 ਬਿਸਤਰਿਆਂ ਦਾ ਪੇਂਡੂ ਹਸਪਤਾਲ |
| 8 | ਬੁਨੀਰ | ਬੇਹਨੀਵਾਲ | ,, | ,, | ,, | ,, | ,, | ਡੀ.ਪੀ.ਸੀ. ਪੱਧਰ ਤਕ | ,, | ,, | ਹਾਂ | ,, | ,, | ਡਿਸਪੈਂਸਰੀ |
| 9 | ਬਢਲਾਡਾ | ਬੜ੍ਹੇ | ,, | ,, | ,, | ,, | ,, | ਦਰਵਾਜ਼ਿਆਂ ਤੱਕ | ,, | ,, | ਨਹੀਂ | ਨਹੀਂ | , | ... |

Original with;
Punjab Vidhan Sabha
Digitized by;
Panjab Digital Library

## ਅਨੁਲੱਗ III

ਸਾਲ 1979-80 ਵਿਚ ਜ਼ਿਲ੍ਹਾ ਬਠਿੰਡਾ ਦੇ ਫੋਕਲ ਪੁਆਇੰਟਾਂ ਤੇ ਸਰਵਪੱਖੀ ਪੇਂਡੂ ਵਿਕਾਸ ਦੇ ਕੰਮਾਂ ਦੀ ਪ੍ਰਗਤੀ ਦਰਸਾਉਂਦੀ ਹੋਈ ਸਟੇਟਮੈਂਟ

(31 ਮਈ, 1980 ਤਕ ਦੀ ਸਥਿਤੀ)

| ਲੜੀ ਨੰ: | ਬਲਾਕ | ਫੋਕਲ ਪੁਆਇੰਟ | ਦੁਕਾਨਾਂ | ਬੈਂਕ | ਪਸ਼ੂ ਹਸਪਤਾਲ ਥੜ੍ਹੇ | ਸੜਕਾਂ | ਗੁਦਾਮ | ਡੀਜ਼ਲ/ਪੈਟਰੋਲ ਪੰਪ | ਟੈਲੀਫੋਨ | ਪੋਸਟ ਆਫਿਸ | ਐਗਰੋ ਸਰਵਿਸ ਸੈਂਟਰ | ਜ਼ਰੂਰੀ ਵਸਤਾਂ ਅਤੇ ਖੇਤੀਬਾੜੀ ਦੇ ਸੰਦਾਂ ਦੀਆਂ ਦੁਕਾਨਾਂ | ਸਿਵਲ ਹਸਪਤਾਲ/ ਡਿਸਪੈਂਸਰੀ |
|---|---|---|---|---|---|---|---|---|---|---|---|---|---|

Original with;
Punjab Vidhan Sabha
Digitized by;
Panjab Digital Library

### ਅਨੁਲੱਗ III

ਸਾਲ 1979-80 ਵਿਚ ਜ਼ਿਲ੍ਹਾ ਬਠਿੰਡਾ ਦੇ ਫੋਕਲ ਪੁਆਇੰਟਾਂ ਤੇ ਸਰਵਪੱਖੀ ਪੇਂਡੂ ਵਿਕਾਸ ਦੇ ਕੰਮਾਂ ਦੀ ਪ੍ਰਗਤੀ ਦਰਸਾਉਂਦੀ ਹੋਈ ਸਟੇਟਮੈਂਟ
(31 ਮਈ, 1980 ਤਕ ਦੀ ਸਥਿਤੀ)

| ਲੜੀ ਨੰ: | ਬਲਾਕ | ਫੋਕਲ ਪੁਆਇੰਟ | ਦੁਕਾਨਾਂ | ਬੈਂਕ | ਪਸ਼ੂ ਹਸਪਤਾਲ | ਬੜ੍ਹੇ | ਸੜਕਾਂ | ਗੁਦਾਮ | ਡੀਜ਼ਲ/ਪੈਟਰੋਲ ਪੰਪ | ਟੈਲੀਫੋਨ | ਪੋਸਟ ਆਫਿਸ | ਐਗਰੋ ਸਰਵਿਸ ਸੈਂਟਰ | ਜ਼ਰੂਰੀ ਵਸਤਾਂ ਅਤੇ ਖੇਤੀਬਾੜੀ ਦੇ ਸੰਦਾਂ ਦੀਆਂ ਦੁਕਾਨਾਂ | ਸਿਵਲ ਹਸਪਤਾਲ/ ਡਿਸਪੈਂਸਰੀ |
|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
| 1 | ਬਠਿੰਡਾ | ਮਹਿਮਾ ਸਰਜਾ | ਮੁਕੰਮਲ ਅਤੇ ਚਾਲੂ | ਮੁਕੰਮਲ ਅਤੇ ਚਾਲੂ | ਮੁਕੰਮਲ ਅਤੇ ਚਾਲੂ | ਮੁਕੰਮਲ ਅਤੇ ਚਾਲੂ | ਮੁਕੰਮਲ | ਕੰਮ ਸ਼ੁਰੂ ਨਹੀਂ ਕੀਤਾ ਗਿਆ | ਨਹੀਂ | ਨਹੀਂ | ਨਹੀਂ | ... | ... | ਨਹੀਂ |
| 2 | ਤਲਵੰਡੀ ਸਾਬੋ | ਮਲਕਾਣਾ | " | " | " | " | " | " | " | " | " | ... | ... | " |
| 3 | ਸੰਗਤ | ਘੁੱਦਾ | " | " | " | " | " | " | " | " | " | ... | ... | " |
| 4 | ਨਥਾਣਾ | ਲਹਿਰਾ ਮੁਹੱਬਤ | " | " | " | " | " | " | " | " | " | ... | ... | " |
| 5 | ਰਾਮਪੁਰਾ | ਬਦਿਆਲਾ | " | " | " | " | " | " | " | " | " | ... | ... | " |
| 6 | ਮਾਨਸਾ | ਉਭਾ ਬੁਰਜ ਢਿਲਵਾਂ | " | " | " | " | " | " | " | " | " | ... | ... | " |
| 7 | ਝੁਨੀਰ | ਭਾਮੇਕਲਾਂ | " | " | " | " | " | " | " | " | " | ... | ... | " |
| 8 | ਬੁਢਲਾਡਾ | ਗੋਬਿੰਦਪੁਰਾ | " | " | " | " | " | " | " | " | " | ... | ... | " |
| 9 | ਫੂਲ | 1. ਢਪਾਲੀ | " | " | " | " | " | " | " | " | (1) ... | ... | ... | ਸੀ. ਐਸ. ਵਲੋਂ ਤਜਵੀਜ਼ ਕੀਤਾ ਗਿਆ |
| | | 2. ਮਹਿਰਾਜ | ਨਹੀਂ | ਨਹੀਂ | ਨਹੀਂ | ਕੇਵਲ ਫੰਡ ਜਾਰੀ ਹੋਏ ਹਨ | ਨਹੀਂ | ਨਹੀਂ | " | " | (2) ... | ... | ... | ਨਹੀਂ |

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚੰਦ ਸਿ

(ਹਾਸਾ) (ਵਿਘਨ) (ਸ਼ੋਰ)
ਪਰ ਸਦਨ ਵਿਚ ਸ਼ੋਰ ਹੋ

ਸ੍ਰੀ ਸਭਾਪਤੀ : ਧੰ
ਹਨ । (ਵਿਘਨ)

ਸਰਦਾਰ ਹਰਚੰਦ ਸਿ
ਮੇਰਾ ਨਾਂ ਪਾਰਟੀ ਲੀਡਰ
ਅਤੇ ਤੁਸੀਂ ਸ਼ਰਾਫਤ ਦ
(ਇਸ ਵੇਲੇ ਕਈ ਮੈਂਬ
ਪੈ ਰਿਹਾ ਸੀ ।)

ਸ੍ਰੀ ਸਭਾਪਤੀ :
ਬੈਠ ਜਾਣਾ ਚਾਹੀਦਾ ਹੈ।
ਨੂੰ ਸੁਣੋ। 2-4 ਮਿੰਟ
ਮੈਂਬਰ ਨੂੰ ਕਿਉਂ ਇੰਟਰੱ

ਸ੍ਰੀ ਪਿਆਰਾ ਰਾ
ਬਾਰੇ ਜ਼ਿਕਰ ਕੀਤਾ ਗਿ
ਸਕੂਲ ਖੋਲ੍ਹਿਆ ਗਿਆ
ਮਾਡਲ ਸਕੂਲ ਬਣਾਈਏ
ਮੈਂ ਕਹਿੰਦਾ ਹਾਂ ਕਿ ਜਿ
ਸਕੂਲ ਬਣਾ ਦੇਈਏ।
ਦੂਰ ਕਰੀਏ। ਚੇਅਰਮੈ
ਪਰ ਮੈਂ ਸਰਕਾਰ ਅੱਗੇ

ਇਸਦੇ ਨਾਲ ਹੀ
ਨਵੀਂ ਜਮਾਤ ਜੋ ਇਥੇ
ਵੇਲੇ ਅਮੀਰ ਵਧੇਰੇ ਅਮੀ
ਝਗੜੇ ਦਾ ਕਾਰਣ ਬਣੇ
ਕਾਂਗਰਸ ਸਰਕਾਰ ਵੇਲੇ
ਸੈਂਟਰ ਸੀ ਉਸ ਨੂੰ ਅਕਾ
ਮੈਂ ਬੇਨਤੀ ਕਰਾਂਗਾ ਕਿ
ਹਨ। ਇਸ ਲਈ ਇ
ਹੈ......।

Original with;
Punjab Vidhan Sabha
Digitized by;
Panjab Digital Library

ਮਾਸਟਰ ਬਾਬੂ ਸਿੰਘ : ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਉਨ੍ਹਾਂ ਨੇ ਆਪ ਹੀ ਜ਼ਿਕਰ ਕੀਤਾ ਹੈ ਕਿ ਮਹਿਰਾਜ ਫੋਕਲ ਪੁਆਇੰਟ ਚੀਫ ਮਨਿਸਟਰ ਸਾਹਿਬ ਦੀ ਮੀਟਿੰਗ ਵਿਚ ਡਿਸਕੱਸ਼ਨ ਹੋ ਕੇ ਬਣਿਆ ਸੀ। ਉਥੇ ਪਿੰਡ ਵਾਲਿਆਂ ਵਲੋਂ ਫੋਕਲ ਪੁਆਇੰਟ ਬਣਾਉਣ ਲਈ 4-5 ਲੱਖ ਰੁਪਏ ਦੀ ਰਕਮ ਵੀ ਜਮ੍ਹਾਂ ਕਰਵਾ ਦਿਤੀ ਗਈ। (ਵਿਘਨ) ਲੋਕਾਂ ਨੇ ਇਸ ਕੰਮ ਵਾਸਤੇ ਜ਼ਮੀਨ ਵੀ ਦਿਤੀ। ਕੀ ਹੁਣ ਇਹ ਸਰਕਾਰ ਉਸ ਕੰਮ ਨੂੰ ਕੰਪਲੀਟ ਕਰ ਦੇਵੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਫੋਕਲ ਪੁਆਇੰਟਸ ਬਣਨੇ ਸਨ ਇਹ ਦਰਅਸਲ ਸਰਬਪੱਖੀ ਪੇਂਡੂ ਵਿਕਾਸ ਚਾਲੂ ਕਰਨਾ ਸੀ। ਇਸ ਦੇ ਲਈ ਸਾਲ 1977-78 ਵਿਚ ਇਕ ਪਿੰਡ ਚੁਣਨਾ ਸੀ ਜਿਸ ਦੇ ਆਲੇ ਦੁਆਲੇ 10 ਕਿਲੋ ਮੀਟਰ ਤੱਕ ਕੋਈ ਸ਼ਹਿਰ ਨਾ ਹੋਵੇ ਔਰ ਉਹ 10 ਕਿਲੋ ਮੀਟਰ ਦੇ ਵਿਚਕਾਰ ਹੋਵੇ । ਉਸ ਦੇ ਨਾਲ ਪੰਜ ਪਿੰਡ ਇਸ ਤਰ੍ਹਾਂ ਲਏ ਜਾਣੇ ਸਨ ਜਿਸ ਤਰ੍ਹਾਂ ਕਿ ਪੰਜ ਪਿੰਡਾਂ ਦਾ ਕਲਸਟਰ ਬਣ ਜਾਂਦਾ। ਉਸ ਤੋਂ ਅਗਲੇ ਸਾਲ ਫਿਰ ਪੰਜ ਪਿੰਡ ਲਏ ਜਾਣੇ ਸਨ ਅਤੇ ਇਸ ਤਰ੍ਹਾਂ 5 ਸਾਲਾਂ ਤੱਕ 25 ਪਿੰਡ ਲਗਣੇ ਸਨ। ਹੁਣ ਜਿਸ ਤਰ੍ਹਾਂ ਢਪਾਲੀ ਪਿੰਡ ਚੁਣਿਆ ਗਿਆ ਉਸ ਦੇ ਨਾਲ ਛੇਵਾਂ ਪਿੰਡ ਮਹਿਰਾਜ ਚੁਣਿਆ ਗਿਆ। ਇਹ ਛੇਵਾਂ ਪਿੰਡ ਹੈ।

ਮਾਸਟਰ ਬਾਬੂ ਸਿੰਘ : ਇਹ ਚੌਥਾ ਪਿੰਡ ਹੈ।

ਮੰਤਰੀ : ਪਿੰਡ ਮਹਿਰਾਜ ਢਪਾਲੀ ਦੇ ਨਾਲ ਚੁਣਿਆ ਗਿਆ ਅਤੇ ਇਹ ਇਸ ਕਰਕੇ ਚੁਣਿਆ ਗਿਆ ਕਿ ਇਹ ਜਿਹੜੀ ਮੀਟਿੰਗ ਹੋਈ ਇਹ ਚੀਫ ਮਨਿਸਟਰ ਸਾਹਿਬ ਦੇ ਬਕਾਇਦਾ ਕਮਰੇ ਵਿਚ ਹੋਈ । ਉਸ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਮਹਿਰਾਜ ਪਿੰਡ ਜਿਹੜਾ ਹੈ ਇਹ ਉਥੇ ਚੁਣ ਲਿਆ ਜਾਵੇ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਹ ਪਿੰਡ ਚੁਣਿਆ ਗਿਆ ਅਤੇ ਉਥੇ ਕੋਈ ਖਰਚਾ ਹੋਇਆ ਤਾਂ ਇਸ ਤੇ ਅੱਗੇ ਵਾਸਤੇ ਵਿਚਾਰ ਕਰ ਲਿਆ ਜਾਵੇਗਾ ਕਿ ਇਹ ਜਿਹੜਾ ਖਰਚਾ ਕੀਤਾ ਗਿਆ ਉਹ ਜ਼ਾਇਆ ਨਾ ਜਾਵੇ।

ਮਾਸਟਰ ਬਾਬੂ ਸਿੰਘ : ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਪਹਿਲਾਂ ਤਾਂ ਵੈਸੇ ਉਨ੍ਹਾਂ ਨੂੰ ਗਲਤੀ ਲੱਗ ਗਈ, ਢਪਾਲੀ ਪਿੰਡ ਮਹਿਰਾਜ ਨਾਲ ਨਹੀਂ ਲਗਦਾ ਕਿਉਂਕਿ ਮਹਿਰਾਜ ਫੂਲ ਤੋਂ 3 ਮੀਲ ਤੇ ਹੈ। ਅਗੇ 3 ਮੀਲ ਫੂਲ ਤੋਂ ਢਪਾਲੀ ਹੈ। ਚੌਥੇ ਨੰਬਰ ਤੇ ਪਿੰਡ ਮਹਿਰਾਜ ਹੈ। ਉਸ ਇਕੱਲੇ ਪਿੰਡ ਦੀ 7-8 ਹਜ਼ਾਰ ਵੋਟ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਉਸ ਵਾਸਤੇ ਸਾਰਾ ਪੈਸਾ ਜਮ੍ਹਾਂ ਹੋ ਗਿਆ, ਉਥੇ ਹਸਪਤਾਲ ਦੀ ਬਿਲਡਿੰਗ ਬਣ ਗਈ, ਕੀ ਉਥੇ ਵਾਸਤੇ ਕੋਈ ਉਪਰਾਲਾ ਕਰਕੇ ਲੋਕਾਂ ਨੂੰ ਸਹੂਲਤਾਂ ਦੇਣਗੇ। ਲੋਕਾਂ ਨੇ ਪੈਸਾ ਜਮ੍ਹਾਂ ਕਰਵਾ ਦਿਤਾ ਹੈ ਅਤੇ ਜ਼ਮੀਨ ਵੀ ਦੇ ਦਿੱਤੀ ਹੈ। ਕਿਤੇ ਇਹ ਨਾ ਹੋਵੇ ਕਿ ਜੇ ਕਾਂਗਰਸ ਦਾ ਰਾਜ ਆਇਆ ਤਾਂ ਜੈਂਤੀ ਸਕੀਮ ਸ਼ੁਰੂ ਕਰ ਦਿਤੀ ਅਤੇ ਜੇ ਅਕਾਲੀਆਂ ਦਾ ਰਾਜ ਆਇਆ ਤਾਂ ਜੈਂਤੀ ਸਕੀਮ ਖੁੱਡੇ ਲਾਈਨ ਲਾ ਦਿਤੀ ਅਤੇ ਹੋਰ ਪ੍ਰੋਗਰਾਮ ਸ਼ੁਰੂ ਕਰ ਦਿਤਾ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿੰਡ ਵਾਲਿਆਂ ਨੇ ਐਨੀ ਕੁਰਬਾਨੀ ਕਰਕੇ 4-5 ਲੱਖ ਰੁਪਿਆ ਜਮ੍ਹਾਂ ਕਰਵਾਇਆ ਹੈ ਅਤੇ ਜ਼ਮੀਨ ਵੀ ਦਿੱਤੀ ਹੈ, ਕੀ ਉਥੇ ਫੋਕਲ ਪੁਆਇੰਟ ਬਣਾਉਣ ਦਾ ਕੰਮ ਜੋ ਸ਼ੁਰੂ ਕੀਤਾ ਗਿਆ ਸੀ ਉਸ ਨੂੰ ਸਿਰੇ ਚੜ੍ਹਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ, ਕਿ ਜਿਹੜਾ ਮਹਿਰਾਜ ਪਿੰਡ ਹੈ ਇਹ ਫੂਲ ਬਲਾਕ ਦੇ ਵਿਚ ਵਾਧੂ ਪਿੰਡ ਹੈ। ਡਿਪਟੀ ਕਮਿਸ਼ਨਰ ਦੀ ਸਿਫਾਰਸ਼ ਇਸ ਦੇ ਵਿਚ ਨਹੀਂ ਲਈ ਗਈ। ਇਸ ਦਾ ਫੈਸਲਾ ਮੁਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਇਆ ਸੀ। ਇਹ ਤੁਹਾਨੂੰ ਜ਼ਿਆਦਾ ਪਤਾ ਹੋਵੇਗਾ ਕਿ ਮੁੱਖ ਮੰਤਰੀ ਜੀ ਦਾ ਇਸ ਪਿੰਡ ਨਾਲ ਕੀ ਲਗਾਓ ਸੀ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸੇਵਾ ਰਾਮ :** ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ ਕਈ ਫੋਕਲ ਪੁਆਇੰਟ ਤਿੰਨ ਤਿੰਨ ਵਾਰ ਬਦਲੇ ਗਏ, ਕੀ ਇਹ ਫੈਸਲਾ ਸਿਆਸੀ ਆਧਾਰ ਤੇ ਕੀਤਾ ਗਿਆ ਸੀ?

**ਮੰਤਰੀ :** ਮੈਂ ਜਿਵੇਂ ਪਹਿਲਾਂ ਕਿਹਾ ਹੈ ਕਿ ਫੋਕਲ ਪੁਆਇੰਟ ਬਾਰੇ ਜਿਹੜਾ ਡਸੀਜ਼ਨ ਕਰਨਾ ਸੀ ਉਹ ਡਿਪਟੀ ਕਮਿਸ਼ਨਰ ਦੀ ਰੀਕੁਮੈਂਡੇਸ਼ਨ ਤੇ ਕਰਨਾ ਸੀ ਲੇਕਿਨ ਇਸ ਗਲ ਨੂੰ ਬਿਲਕੁਲ ਅੱਖੋਂ ਉਹਲੇ ਰੱਖ ਕੇ 13-1-1978 ਨੂੰ ਵਿਕਾਸ ਮੰਤਰੀ ਜੀ ਦੇ ਕਮਰੇ ਵਿਚ ਇਕ ਮੀਟਿੰਗ ਹੋਈ ਜਿਸ ਵਿਚ ਸਾਰੇ ਪਿੰਡ ਚੁਣ ਲਏ ਗਏ। ਪਿਛਲੇ ਸਾਲ ਡਾਕਟਰ ਕੇਵਲ ਕ੍ਰਿਸ਼ਨ ਜੀ ਵਲੋਂ ਇਕ ਸਵਾਲ ਆਇਆ ਸੀ ਉਸ ਦੇ ਵਿਚ ਵੀ ਉਨ੍ਹਾਂ ਨੇ ਪੁੱਛਿਆ ਸੀ ਕਿ ਇਨ੍ਹਾਂ ਪਿੰਡਾਂ ਦੇ ਚੁਣਨ ਦਾ ਕਰਾਈਟੇਰੀਆ ਕੀ ਹੈ। ਅਗਰ ਹਾਊਸ ਇਹ ਜਾਣਨਾ ਚਾਹੁੰਦਾ ਹੈ ਤਾਂ ਮੈਂ ਇਹ ਵੀ ਦੱਸ ਦਿਆਂਗਾ। ਪਰ ਉਸ ਦੇ ਵਿਚ ਰੋਕ ਲਾ ਦਿਤੀ ਗਈ ਕਿ ਇਸ ਦਾ ਜਵਾਬ ਬਿਲਕੁਲ ਨਾ ਦਿਤਾ ਜਾਵੇ ਕਿਉਂਕਿ ਜੇ ਜਵਾਬ ਦਿਤਾ ਗਿਆ ਤਾਂ ਇਸ ਦੇ ਉਤੇ ਆਪੋਜ਼ੀਸ਼ਨ ਦੇ ਮੈਂਬਰਾਂ ਨੇ ਸਵਾਲ ਕਰਨੇ ਹਨ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਸ ਕਰਕੇ ਕਰਾਈਟੇਰੀਏ ਨੂੰ ਬਿਲਕੁਲ ਅੱਖੋਂ ਉਹਲੇ ਰਖਿਆ ਗਿਆ। (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੇਰਾ :** ਮਨਿਸਟਰ ਸਾਹਿਬ ਨੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਪਹਿਲੇ ਪੜਾਅ ਵਿਚ ਦਿੱਤੀਆਂ ਜਾਣ ਵਾਲੀਆਂ ਬੁਨਿਆਦੀ ਸਹੂਲਤਾਂ ਕਿਸੇ ਇਕ ਫੋਕਲ ਪੁਆਇੰਟ ਤੇ ਨਹੀਂ ਦਿਤੀਆਂ ਗਈਆਂ। ਇਸ ਲਈ ਪਹਿਲਾ ਸਵਾਲ ਤਾਂ ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜੀਆਂ ਐਸੀ ਬੁਨਿਆਦੀ ਲੋੜਾਂ ਸਨ ਜਿਹੜੀਆਂ ਨਹੀਂ ਦਿੱਤੀਆਂ ਗਈਆਂ? ਦੂਜਾ ਮੇਰਾ ਸਵਾਲ ਇਹ ਹੈ ਕਿ ਜੋ ਉਹ ਸਹੂਲਤਾਂ ਨਹੀਂ ਦਿਤੀਆਂ ਗਈਆਂ ਤਾਂ ਉਹ ਕਦੋਂ ਤੱਕ ਦੇ ਦੇਣਗੇ?

**ਮੰਤਰੀ :** ਇਹ ਤਾਂ ਇਸ ਵਿਚ ਸਵਾਲ ਹੀ ਨਹੀਂ ਉਠਦਾ ਕਿ ਲੋੜਾਂ ਕਦੋਂ ਤੱਕ ਪੂਰੀਆਂ ਕਰਾਂਗੇ। ਗੌਰਮਿੰਟ ਵਿਚਾਰ ਕਰੇਗੀ ਕਿ ਆਇਆ ਇਹ ਸਕੀਮ ਠੀਕ ਹੈ ਕਿ ਨਹੀਂ। ਇਸ ਦੇ ਬਾਅਦ ਵਿਚਾਰ ਕਰਕੇ ਅਸੀਂ ਉਸ ਬਾਰੇ ਦੱਸਾਂਗੇ। (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੇਰਾ :** ਮੈਂ ਤਾਂ ਬੁਨਿਆਦੀ ਲੋੜਾਂ ਬਾਰੇ ਪੁੱਛਿਆ ਸੀ ਜਿਸ ਬਾਰੇ ਤੁਸੀਂ ਕਿਹਾ ਸੀ ਕਿ ਬੁਨਿਆਦੀ ਲੋੜਾਂ ਨਹੀਂ ਦਿੱਤੀਆਂ ਗਈਆਂ।

**ਮੰਤਰੀ :** ਮੈਂ ਤੁਹਾਡੇ ਸਵਾਲ ਦਾ ਜਵਾਬ ਦੇ ਰਿਹਾ ਹਾਂ। ਇਸ ਦੀ ਪਹਿਲੀ ਸਟੇਜ ਜੋ ਸੀ, ਉਸ ਦੇ ਵਿਚ ਇਹ ਸੀ ਕਿ :-

1. ਬੈਂਕਿੰਗ ਦੇ ਕਰਜ਼ੇ ਦੀਆਂ ਸਹੂਲਤਾਂ,
2. ਐਗਰੋ ਸਰਵਿਸ ਸੈਂਟਰ,
3. ਜ਼ਰੂਰੀ ਵਸਤਾਂ ਵਾਸਤੇ ਦੁਕਾਨਾਂ,
4. ਥੜ੍ਹੇ,
5. ਡੀਜ਼ਲ ਅਤੇ ਪੈਟਰੋਲ ਪੰਪ,
6. ਪੋਸਟ ਆਫਿਸ ਅਤੇ ਟੈਲੀਫਨ ਦੀਆਂ ਸਹੂਲਤਾਂ,

Original with;
Punjab Vidhan Sabha
Digitized by;
Panjab Digital Library

7. ਪਸ਼ੂ ਹਸਪਤਾਲ, ਅਤੇ

8. ਸਿਵਲ ਹਸਪਤਾਲ ।

ਇਹ ਸੀ ਪਹਿਲੀ ਸਟੇਜ ਵਿਚ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਜਿਹੜੀਆਂ ਕਿਸੇ ਇਕ ਫੋਕਲ ਪੁਆਇੰਟ ਤੇ ਵੀ ਮੁੰਕਮਲ ਨਹੀਂ ਦਿੱਤੀਆਂ ਜਾ ਸਕੀਆਂ। ਜੇ ਤੁਸੀਂ ਸੈਕੰਡ ਸਟੇਜ ਦੀਆਂ ਸਹੂਲਤਾਂ ਬਾਰੇ ਕਹੋ ਤਾਂ ਮੈਂ ਉਹ ਵੀ ਪੜ੍ਹ ਦਿੰਦਾ ਹਾਂ ਪਰ ਜਿਹੜੀਆਂ ਪਹਿਲੀ ਸਟੇਜ ਦੀਆਂ ਹਨ ਉਹ ਸਹੂਲਤਾਂ ਵੀ ਪੂਰੀਆਂ ਨਹੀਂ ਦਿੱਤੀਆਂ ਜਾ ਸਕੀਆਂ ਤਾਂ ਸੈਕੰਡ ਸਟੇਜ ਦੀਆਂ ਸਹੂਲਤਾਂ ਦੱਸਣ ਦਾ ਕੀ ਫਾਇਦਾ।

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਸਪੀਕਰ ਸਾਹਿਬ, ਮੇਰਾ ਸਵਾਲ ਬੜਾ ਕਲੀਅਰ ਹੈ ਜਿਸ ਦਾ ਜਵਾਬ ਨਹੀਂ ਆਇਆ। ਇਸ ਹਾਊਸ ਨੂੰ ਮਨਿਸਟਰ ਸਾਹਿਬ ਵਲੋਂ ਗੁਮਰਾਹ ਕੀਤਾ ਜਾ ਰਿਹਾ ਹੈ। My supplementary arose through the answer given by the Hon'ble Minister. ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਦਿੱਤੀਆਂ ਗਈਆਂ। ਮੈਂ ਇਹ ਪੁੱਛਿਆ ਸੀ ਕਿ ਉਹ ਬੁਨਿਆਦੀ ਲੋੜਾਂ ਕਿਹੜੀਆਂ ਕਿਹੜੀਆਂ ਹਨ ਜਿਹੜੀਆਂ ਇਨ੍ਹਾਂ ਪਿੰਡਾਂ ਨੂੰ ਪੂਰੀਆਂ ਨਹੀਂ ਦਿੱਤੀਆਂ ਗਈਆਂ ਜਿਹੜੀਆਂ ਪੰਜਾਬ ਗੌਰਮਿੰਟ ਦੇ ਸਕਦੀ ਸੀ। ਜੇ ਕੋਈ ਸੈਂਟਰਲ ਗੌਰਮਿੰਟ ਵਲੋਂ ਦਿੱਤੀ ਜਾ ਰਹੀ ਸਹੂਲਤ ਰਹਿ ਗਈ ਹੋਵੇ ਤਾਂ ਮੈਂ ਕਹਿ ਨਹੀਂ ਸਕਦਾ। ਪੰਜਾਬ ਗੌਰਮਿੰਟ ਵਲੋਂ ਕਿਹੜੀ ਕਿਹੜੀ ਲੋੜ ਸੀ ਜਿਹੜੀ ਬੁਨਿਆਦੀ ਲੋੜਾਂ ਵਿਚ ਪੂਰੀ ਨਹੀਂ ਕੀਤੀ ਗਈ, ਉਹ ਮੈਨੂੰ ਦੱਸ ਦਿਓ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਦੇ ਮੁਤੱਲਕ ਕੀ ਦੱਸਾਂ, ਜੇ ਮੈਂ ਦੱਸਣਾ ਚਾਹੁੰਦਾ ਹਾਂ ਤਾਂ ਮੈਨੂੰ ਸ਼ਰਮ ਆਉਂਦੀ ਹੈ ਕਿ ਇਨ੍ਹਾਂ ਨੇ ਫੋਕਲ ਪੁਆਇੰਟ ਦਾ ਇਕ ਲਫਾਫਾ ਬਣਾ ਦਿੱਤਾ ਔਰ ਉਹ ਲਫਾਫਾ ਬਣਾ ਕੇ ਲੋਕਾਂ ਦੇ ਸਾਹਮਣੇ ਰੱਖ ਦਿੱਤਾ ਕਿ ਅਸੀਂ ਤੁਹਾਨੂੰ ਇਹੋ ਜਿਹੇ ਫੋਕਲ ਪੁਆਇੰਟ ਬਣਾ ਕੇ ਦੇਵਾਂਗੇ, ਪਿੰਡਾਂ ਨੂੰ ਸਵਰਗ ਬਣਾਵਾਂਗੇ ਅਤੇ ਜੋ ਦੂਜੀਆਂ ਸਹੂਲਤਾਂ ਸ਼ਹਿਰਾਂ ਵਿਚ ਦਿਤੀਆਂ ਜਾਂਦੀਆਂ ਹਨ ਉਹ ਅਸੀਂ ਸ਼ਹਿਰਾਂ ਦੀ ਬਜਾਏ ਪਿੰਡਾਂ ਵਿਚ ਦੇਵਾਂਗੇ ਲੇਕਿਨ ਮੈਨੂੰ ਉਹ ਦੱਸਣ ਵਿਚ ਬੜੀ ਹਿਚਕਚਾਹਟ ਮਹਿਸੂਸ ਹੁੰਦੀ ਹੈ ਕਿ ਇਨ੍ਹਾਂ ਨੇ ਕੀਤਾ ਕੁਝ ਵੀ ਨਹੀਂ ਅਤੇ ਜਿਵੇਂ ਇਥੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਪਿਛਲੀ ਸਰਕਾਰ ਜੋ ਕੋਈ ਗਲਤੀ ਕਰੇ ਤਾਂ ਅਗਲੀ ਆ ਕੇ ਸਰਕਾਰ ਠੀਕ ਕਰਦੀ ਹੈ। ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਲਫਾਫੇ ਤੇ ਲਿਖਿਆ ਸੀ ਕਿ ਇਸ ਤੇ 302 ਕਰੋੜ ਰੁਪਿਆ ਖਰਚ ਹੋਵੇਗਾ। ਇਸ ਦੇ ਵਿਚ 202.93 ਕਰੋੜ ਰੁਪਿਆ ਵਿੱਤ ਅਦਾਰਿਆਂ ਤੋਂ ਲਿਆ ਜਾਵੇਗਾ। ਸੈਂਟਰਲ ਸਰਕਾਰ ਦੀ ਇਸ ਦੇ ਵਿਚ ਕੋਈ ਗਲ ਨਹੀਂ ਹੈ। ਮੈਂ ਅਰਜ਼ ਕਰਾਂ ਕਿ ਪਿਛਲੇ ਤਿੰਨ ਸਾਲਾਂ ਵਿਚ ਜਿਹੜਾ ਥੋੜ੍ਹਾ ਬਹੁਤ ਖਰਚ ਹੋਣਾ ਚਾਹੀਦਾ ਸੀ ਉਹ 98.35 ਕਰੋੜ ਰੁਪਿਆ ਖਰਚ ਹੋਣਾ ਸੀ ਪਰ ਉਹ ਮੈਨੂੰ ਦੱਸਣ ਵਿਚ ਅਫਸੋਸ ਹੁੰਦਾ ਹੈ ਕਿ, ਮਹਾਰਾਜ ਜੀ, ਇਨ੍ਹਾਂ ਨੇ 19.34 ਕਰੋੜ ਰੁਪਿਆ ਸਾਰਾ ਹੀ ਪਿਛਲੇ ਤਿੰਨ ਸਾਲਾਂ ਵਿਚ ਖਰਚ ਕੀਤਾ ਹੈ। (ਸਰਕਾਰੀ ਬੈਂਚਾਂ ਵਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ) (ਵਿਘਨ) (ਸ਼ੋਰ) ਮੇਰਾ ਜਵਾਬ ਤਾਂ ਪੂਰਾ ਆ ਲੈਣ ਦਿਉ। ਸਪੀਕਰ ਸਾਹਿਬ, ਇਹ ਜਿਹੜੇ ਵਿੱਤ ਅਦਾਰੇ ਸਨ ਇਹ ਸੈਂਟਰਲ ਬੈਂਕ, ਨੈਸ਼ਨੇਲਾਈਜ਼ਡ ਬੈਂਕ ਜਾਂ ਹੋਰ ਅਦਾਰੇ ਸਨ ਇਨ੍ਹਾਂ ਦੇ 12.11 ਕਰੋੜ ਰੁਪਏ ਖਰਚ ਕੀਤੇ ਗਏ ਅਤੇ , ਮਹਾਰਾਜ ਜੀ, ਜਿਹੜੀ ਸਰਕਾਰ ਸੀ ਉਸ ਵਲੋਂ ਸਿਰਫ 7.23 ਕਰੋੜ ਰੁਪਏ ਖਰਚ ਕੀਤੇ ਗਏ । (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਢੀਂਡਸਾ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿੰਦਿਆਂ ਇਥੇ ਹਾਊਸ ਵਿਚ ਦੱਸਿਆ ਹੈ ਕਿ ਉਥੇ ਕੀ ਕੀ ਸਹੂਲਤਾਂ ਦੇਣੀਆ ਸਨ ਲੇਕਿਨ ਇਨ੍ਹਾਂ ਇਸ ਤਰ੍ਹਾਂ ਦਾ ਇਥੇ ਜਵਾਬ ਦਿੱਤਾ ਹੈ ਜਿਵੇਂ ਕਿਸੇ ਸਕੀਮ ਨੂੰ ਕ੍ਰਿਟੇਸਾਈਜ਼ ਕਰਨਾ ਹੈ। ਇਥੇ ਸਪੀਕਰ ਸਾਹਿਬ, ਮਹਿਰਾਜ ਪਿੰਡ ਦੀ ਗਲ ਕੀਤੀ ਗਈ ਹੈ ਕਿ ਇਸ ਦੇ ਬਾਰੇ ਚੀਫ ਮਨਿਸਟਰ ਸਾਹਿਬ ਦੇ ਦਫ਼ਤਰ ਵਿਚ ਫੈਸਲਾ ਹੋਇਆ ਹੈ । ਉਹ ਪਿੰਡ ਇਤਨਾ ਵੱਡਾ ਪਿੰਡ ਹੈ ਅਤੇ ਉਸ ਦੀ ਆਬਾਦੀ ਬਹੁਤ ਜ਼ਿਆਦਾ ਹੈ ਯਾਨੀ ਉਹ ਇਕ ਸ਼ਹਿਰ ਦੇ ਮੁਕਾਬਲੇ ਵਿਚ ਜਾਂ ਇਕ ਸ਼ਹਿਰ ਦੀ ਤਰ੍ਹਾਂ ਪਿੰਡ ਹੈ ਔਰ ਜੇ ਉਸ ਨੂੰ ਸਿਰਫ ਇਸ ਕਰਕੇ ਹੀ ਕਢਿਆ ਜਾ ਰਿਹਾ ਹੋਵੇ ਕਿ ਚੀਫ ਮਨਿਸਟਰ ਸਾਹਿਬ ਦੀ ਮੌਜੂਦਗੀ ਵਿਚ ਜਾਂ ਉਨ੍ਹਾਂ ਦੇ ਦਫਤਰ ਵਿਚ ਮੀਟਿੰਗ ਕਰਕੇ ਇਸ ਦਾ ਫੈਸਲਾ ਕੀਤਾ ਗਿਆ ਸੀ ਅਤੇ ਇਹ ਡਿਪਟੀ ਕਮਿਸ਼ਨਰ ਵਲੋਂ ਰਿਕਮੈਂਡ ਕਰਕੇ ਨਹੀਂ ਭੇਜਿਆ ਤਾਂ ਇਹ ਗਲ ਠੀਕ ਨਹੀਂ ਹੈ। ਸਕੀਮ ਦਾ ਮਤਲਬ ਤਾਂ ਪਿੰਡਾਂ ਦੇ ਲੋਕਾਂ ਨੂੰ ਸਹੂਲਤਾਂ ਦੇਣ ਦਾ ਹੈ ਅਤੇ ਇਹ ਇਤਨਾ ਵਡਾ ਪਿੰਡ ਹੋਵੇ ਅਤੇ ਜਿਸ ਦੀ ਅਬਾਦੀ ਇਕ ਸ਼ਹਿਰ ਦੇ ਬਰਾਬਰ ਹੋਵੇ ਅਤੇ ਇਹ ਪਿੰਡ ਇਤਨੀ ਐਹਮੀਅਤ ਰਖਦਾ ਹੋਵੇ ਤਾਂ ਉਨ੍ਹਾਂ ਲੋਕਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਇਹ ਪਿੰਡ ਸਿਰਫ ਇਸ ਗਲ ਕਰਕੇ ਕੱਢ ਦਿੱਤਾ ਜਾਵੇ ਕਿ ਚੀਫ਼ ਮਨਿਸਟਰ ਸਾਹਿਬ ਦੇ ਦਫਤਰ ਵਿਚ ਫੈਸਲਾ ਕੀਤਾ ਗਿਆ ਹੈ ਅਤੇ ਇਸ ਦਾ ਕੇਸ ਡੀ. ਸੀ. ਵਲੋਂ ਨਹੀਂ ਆਇਆ ਤਾਂ ਮੈਂ ਸਮਝਦਾ ਹਾਂ ਕਿ ਇਹ ਬੜੀ ਮਾੜੀ ਗੱਲ ਹੈ। (ਵਿਘਨ) ਕੀ ਮਨਿਸਟਰ ਸਾਹਿਬ ਇਸ ਦੇ ਬਾਰੇ ਕੁਝ ਦੱਸਣਗੇ ?

(ਕੋਈ ਉੱਤਰ ਨਹੀਂ ਆਇਆ।)

**ਸਰਦਾਰ ਦਰਸ਼ਨ ਸਿੰਘ ਕੇ.ਪੀ. :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਫੋਕਲ ਪੁਆਇੰਟ ਪੰਜਾਬ ਵਿਚ ਫੋਕੇ ਪੁਆਇੰਟ ਸਾਬਤ ਹੋਏ ਹਨ ਅਤੇ ਇਨ੍ਹਾਂ ਵਿਚ ਕੋਈ ਕੰਮ ਨਹੀਂ ਕੀਤਾ ਗਿਆ, ਲੋਕਾਂ ਨੂੰ ਕੋਈ ਚੀਜ਼ਾਂ ਨਹੀਂ ਮਿਲ ਸਕੀਆਂ । ਕੀ ਸਰਕਾਰ ਹੁਣ ਇਸ ਨੂੰ ਦੁਬਾਰਾ ਵਿਚਾਰ ਕਰਕੇ ਲੋਕਾਂ ਤੋਂ ਅਰਜ਼ੀਆਂ ਲਵੇਗੀ ਜਾਂ ਜਿਥੇ ਲੋਕ ਇਹ ਕਹਿੰਦੇ ਹਨ ਕਿ ਜਿਥੇ ਜਿਥੇ ਜ਼ਰੂਰਤ ਹੈ ਉਸ ਦੇ ਮੁਤਾਬਕ ਕੀ ਦੁਬਾਰਾ ਗੌਰ ਕੀਤਾ ਜਾਵੇ-ਗਾ ?

**ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸਿਆ ਹੈ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਹਰ ਜੋ ਤਰੱਕੀ ਦੀ ਸਕੀਮ ਹੈ ਉਸ ਤੇ ਬੜੀ ਤੇਜ਼ੀ ਨਾਲ ਗੌਰ ਕਰ ਰਹੀ ਹੈ ਔਰ ਇਸ ਤੇ ਵੀ ਬੜੀ ਤੇਜ਼ੀ ਨਾਲ ਗੌਰ ਕੀਤਾ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਜਨਤਾ ਦੀ ਭਲਾਈ ਵਾਸਤੇ ਜੋ ਵੀ ਚੰਗੀ ਸਕੀਮ ਹੋਈ ਉਸ ਨੂੰ ਅਸੀਂ ਜ਼ਰੂਰ ਸਾਹਮਣੇ ਲਿਆਵਾਂਗੇ। (ਥੰਪਿੰਗ)

**ਸਰਦਾਰ ਬਲਦੇਵ ਸਿੰਘ ਖਿਆਲਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਫੋਕਲ ਪੁਆਇੰਟ ਜ਼ਿਲ੍ਹਾ ਬਠਿੰਡਾ ਨਾਲ ਸਬੰਧਤ ਹਨ । ਜ਼ਿਲ੍ਹਾ ਬਠਿੰਡਾ ਵਿਚ ਤਿੰਨ ਫੇਜ਼ ਮੁਕੰਮਲ ਹੋਏ ਹਨ ਅਤੇ ਚੌਥੇ ਫੇਜ਼ ਵਿਚ ਮਹਿਰਾਜ ਪਿੰਡ ਹੈ । ਵਜ਼ੀਰ ਸਾਹਿਬ ਨੇ ਜਵਾਬ ਦਿੰਦਿਆਂ ਇਹ ਗਲ ਬਿਲਕੁਲ ਗਲਤ ਕਹੀ ਹੈ ਕਿ ਇਨ੍ਹਾਂ ਪਿੰਡਾਂ ਵਿਚ ਮੁੱਢਲੀਆਂ ਸਹੂਲਤਾਂ ਜਿਹੜੀਆਂ ਹਨ ਉਹ ਮੁਕੰਮਲ ਨਹੀਂ ਦਿੱਤੀਆਂ ਗਈਆਂ ਔਰ ਸਰਕਾਰੀ ਬੈਂਚਾਂ ਤੇ ਬੈਠੇ ਮੈਂਬਰਾਂ ਨੇ ਥਪ ਥਪਾ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਹੈ। ਮੈਂ ਉਨ੍ਹਾਂ ਤਿੰਨ ਪਿੰਡਾਂ ਦੇ ਨਾਮ ਦੱਸਣਾ ਚਾਹੁੰਦਾ ਹਾਂ ਜਿਹੜੇ ਇਸ ਫੇਜ਼ ਵਿਚ ਆਏ ਹਨ ਉਹ ਮੈਨੂੰ ਦੱਸਣ ਕਿ ਇਨ੍ਹਾਂ ਪਿੰਡਾਂ ਵਿਚ ਕਿਹੜੀਆਂ ਕਿਹੜੀਆਂ ਸਹੂਲਤਾਂ ਨਹੀਂ ਦਿੱਤੀਆਂ ਗਈਆਂ ? ਰਾਮਪੁਰਾ ਬਲਾਕ ਦੇ ਤਿੰਨ ਪਿੰਡ

Original with;
Punjab Vidhan Sabha
Digitized by;
Panjab Digital Library

ਹਨ ਚੌਕੇ, ਬਢਿਆਲਾ ਅਤੇ ਢੱਡੇ। ਇਹ ਦੱਸਣ ਕਿ ਇਨ੍ਹਾਂ ਤਿੰਨਾਂ ਵਿਚ ਕਿਹੜੀ ਕਮੀ ਹੈ ਜਿਹੜੀ ਪਿਛਲੀ ਪੰਜਾਬ ਸਰਕਾਰ ਨੇ ਨਹੀਂ ਸੀ ਪੂਰੀ ਕੀਤੀ। ਇਹ ਹਾਊਸ ਨੂੰ ਮਿਸਗਾਈਡ ਕਰ ਰਹੇ ਹਨ। ਉਥੇ ਮੁਕੰਮਲ ਸਹੂਲਤਾਂ ਜੋ ਪੰਜਾਬ ਦੀ ਸਰਕਾਰ ਦੇ ਸਕਦੀ ਸੀ ਉਹ ਦਿੱਤੀਆਂ ਗਈਆਂ ਹਨ ਪਰ ਇਹ ਜਾਣ ਬੁਝ ਕੇ ਗਲਤ ਜਵਾਬ ਦੇ ਰਹੇ ਹਨ ਅਤੇ ਜਿਹੜੀ ਸ਼ਲਾਘਾਯੋਗ ਸਕੀਮ ਹੈ ਉਸ ਨੂੰ ਨਿੰਦਣਯੋਗ ਬਣਾ ਰਹੇ ਹਨ। (ਵਿਘਨ) ਹੁਣ ਡਿਵੈਲਪਮੈਂਟ ਮਨਿਸਟਰ ਕੋਈ ਉੱਤਰ ਨਹੀਂ ਦੇ ਰਹੇ।

ਮੰਤਰੀ : ਤੁਸੀਂ ਪੁੱਛੋਗੇ ਕਿ ਇਨ੍ਹਾਂ ਵਿਚ ਕਿਹੜੀਆਂ ਕਮੀਆਂ ਰਹਿ ਗਈਆਂ ਤਾਂ ਉਹ ਮੈਂ ਦੱਸ ਦਿਆਂਗਾ ਪਰ ਤੁਸੀਂ ਤਾਂ ਸਬੰਧਤ ਪਿੰਡਾਂ ਬਾਰੇ ਸਵਾਲ ਕਰ ਹੀ ਨਹੀਂ ਰਹੇ। (ਵਿਘਨ)

**ਸਰਦਾਰ ਬਲਦੇਵ ਸਿੰਘ ਖਿਆਲਾ** : ਮੈਂ ਕਮੀਆਂ ਹੀ ਤਾਂ ਪੁੱਛ ਰਿਹਾ ਹਾਂ। (ਵਿਘਨ)

**Mr. Speaker** : Next question by Giani Kundan Singh Patang. (*Interruption*).

**ਸਰਦਾਰ ਬਲਵੰਤ ਸਿੰਘ** : ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਕੁਐਸਚਨ ਹੈ। ਮਨਿਸਟਰ ਸਾਹਿਬ ਨੇ ਬੜੀਆਂ ਗਲਤ ਗੱਲਾਂ ਕਹੀਆਂ ਹਨ, ਮੈਂ ਕਲੀਅਰ ਕਰਨਾ ਚਾਹੁੰਦਾ ਹਾਂ। ਮੈਨੂੰ ਗੱਲ ਕਲੀਅਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। (ਵਿਘਨ) ਸਰ, ਇਹ ਬੇਸਿਕ ਪਾਲਿਸੀ ਮੈਟਰ ਦਾ ਕੁਐਸਚਨ ਹੈ। ਮਨਿਸਟਰ ਸਾਹਿਬ ਨੇ ਜਵਾਬ ਦਿੰਦੇ ਹੋਏ ਉਨ੍ਹਾਂ ਪਿੰਡਾਂ ਤਕ ਹੀ ਆਪਣੇ ਆਪਨੂੰ ਕਨਸੈਂਟਰੇਟ ਨਹੀਂ ਕੀਤਾ ਬਲਕਿ ਬੇਸਿਕ ਪਾਲਿਸੀ ਦੇ ਪ੍ਰਿੰਸੀਪਲਜ਼ ਨੂੰ ਕ੍ਰਿਟੇਸਾਈਜ਼ ਕੀਤਾ ਹੈ। (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਮੈਂ ਇਸ ਕੁਐਸਚਨ ਤੇ 9 ਸਪਲੀਮੈਂਟਰੀਜ਼ ਅਲਾਓ ਕਰ ਚੁੱਕਾ ਹਾਂ ਅਤੇ ਹੁਣ ਮੈਂ ਨੈਕਸਟ ਕੁਐਸਚਨ ਕਾਲ ਅਪਾਨ ਕਰ ਚੁੱਕਾ ਹਾਂ। (ਵਿਘਨ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਸ਼ੋਰ ਜ਼ਿਆਦਾ ਹੋਣ ਕਾਰਣ ਕੁਝ ਸੁਣਾਈ ਨਹੀਂ ਦਿੱਤਾ।)

**Mr. Speaker** : Next Question.

ਸਰਦਾਰ ਬਲਵੰਤ ਸਿੰਘ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਹੈ। (ਵਿਘਨ) (ਸ਼ੋਰ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਸ਼ੋਰ ਜ਼ਿਆਦਾ ਹੋਣ ਕਾਰਣ ਕੁਝ ਸੁਣਾਈ ਨਹੀਂ ਸੀ ਦਿੱਤਾ।)

ਸਪੀਕਰ ਸਾਹਿਬ, ਇਹ ਜਿਹੜਾ ਬੋਲ ਰਹੇ ਹਨ ਇਹ ਇੰਡਸਟਰੀਅਲ ਲਾਬੀ ਹੈ, ਇਹ ਰੂਰਲ ਡਿਵੈਲਪਮੈਂਟ ਦੇ ਹੱਕ ਵਿਚ ਨਹੀਂ। (ਸ਼ੋਰ) (ਵਿਘਨ)

**Mr. Speaker** : Question Hour is over. ਜਿਹੜੇ ਬਾਕੀ ਕੁਐਸਚਨ ਰਹਿ ਗਏ ਹਨ ਉਨ੍ਹਾਂ ਦੇ ਜਵਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਦਿਤੇ ਗਏ ਸਮਝੇ ਜਾਣਗੇ।

Original with;
Punjab Vidhan Sabha
Digitized by;
Panjab Digital Library

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਭਦੌੜ ਵਿਧਾਨ ਸਭਾ ਚੋਣ ਹਲਕੇ ਵਿਚ ਪਿੰਡ ਮਹੱਲ ਖੁਰਦ ਵਿਚ ਜ਼ਮੀਨ ਦੇ ਇੰਤਕਾਲ

*29. **ਗਿਆਨੀ ਕੁੰਦਨ ਸਿੰਘ ਪਤੰਗ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਭਦੌੜ ਵਿਧਾਨ ਸਭਾ ਚੋਣ ਹਲਕੇ ਵਿਚ ਪਿੰਡ ਮਹੱਲ ਖੁਰਦ, ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ ਵਿਚ ਜਿਥੇ ਸਾਲ 1957-58 ਵਿਚ ਚੱਕਬੰਦੀ ਹੋਈ ਸੀ, ਜ਼ਮੀਨ ਦੇ ਇੰਤਕਾਲ ਹੁਣ ਤੱਕ ਨਹੀਂ ਕੀਤੇ ਗਏ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਕੀ ਕਾਰਣ ਹਨ ?

**ਸਰਦਾਰ ਬੇਅੰਤ ਸਿੰਘ :** ਪਿੰਡ ਮਹੱਲ ਖੁਰਦ ਦਾ ਇਸਤੇਮਾਲ ਸਾਲ 1958 ਵਿਚ ਪੂਰਾ ਕੀਤਾ ਗਿਆ ਅਤੇ ਇੰਤਕਾਲ ਤਸਦੀਕ ਕਰਨ ਉਪਰੰਤ ਰਿਕਾਰਡ ਦਾਖਲ ਕਰ ਦਿੱਤਾ ਗਿਆ। ਉਪਰੋਕਤ ਵਿਧਾਨ ਸਭਾ ਸਵਾਲ ਆਉਣ ਤੇ ਇਕ ਅਧਿਕਾਰੀ ਇਸ ਪਿੰਡ ਵਿੱਚ ਭੇਜਿਆ ਗਿਆ ਤਾਂ ਉਸ ਨੂੰ ਕਿਸੇ ਅਪੀਲ ਵਿਚ ਸਹਾਇਕ ਡਾਇਰੈਕਟਰ, ਚੱਕਬੰਦੀ ਵਲੋਂ ਕੀਤੇ ਗਏ 2 ਹੁਕਮਾਂ ਮਿਤੀ 22 ਮਾਰਚ, 1958 ਅਤੇ ਮਿਤੀ 24 ਮਈ, 1958 ਦਾ ਪਤਾ ਲਗਿਆ। ਇਹਨਾਂ 2 ਹੁਕਮਾਂ ਅਨੁਸਾਰ ਕੀਤੀਆਂ ਗਈਆਂ ਤਬਦੀਲੀਆਂ ਦਾ ਰਿਕਾਰਡ ਵਿਚ ਅਮਲ ਦਰਾਮਦ ਨਹੀਂ ਕੀਤਾ ਗਿਆ। ਸਬੰਧਤ ਅਧਿਕਾਰੀ ਨੂੰ ਇਸ ਸਿਲਸਿਲੇ ਵਿੱਚ ਤੁਰੰਤ ਕਾਰਵਾਈ ਕਰਨ ਲਈ ਹਦਾਇਤ ਕਰ ਦਿਤੀ ਗਈ ਹੈ ।

### Starred Question No. 18

(Extension was asked for in respect of Statrred Question No. 18.)

D. O. No. CMP-80/1222

Darbara Singh

Chief Minister, Punjab,
Chandigarh

Dated the 4th July, 1980.

Dear Brij Bhushan Ji,

The answer to Starred Punjab Vidhan Sabha Question No. 18 appearing in the List of Questions for 7th July, 1980, in the name of Master Babu Singh, MLA, is not ready. The requisite information is being collected from the quarters concerned. I am, therefore, to request that time for answering this question may kindly be extended and this question included in the List of Questions for any date after 14th July, 1980.

Yours sincerely,

(Sd.)

(DARBARA SINGH).

Shri Brij Bhushan Mehra,
Speaker,
Punjab Vidhan Sabha,
Chandigarh.

Original with;
Punjab Vidhan Sabha
Digitized by;
Panjab Digital Library

**Construction of a Bridge over river Ghaggar to link villages Arnetoo and Sadharnpur in Block Samana.**

***13. Comrade Baldev Singh Loomba :** Will the Chief Minister be pleased to state whether there is any scheme under the consideration of the Government to construct a bridge over River Ghaggar in order to link the villages Arnetoo and Sadharnpur in Block Samana, District Patiala; if so, the time by which the construction of the said bridge is likely to be started ?

**Sardar Darbara Singh :** No, Sir.

---

POINT OF ORDER *Re*: ADJOURNMENT MOTION

**Comrade Raj Kumar :** ** ** **

**ਸ੍ਰੀ ਸਪੀਕਰ :** ਰਾਜ ਕੁਮਾਰ ਜੀ, ਮੈਂ ਨਹੀਂ ਸੁਣਿਆ । (ਸ਼ੋਰ) (ਵਿਘਨ)

**ਕਾਮਰੇਡ ਰਾਜ ਕੁਮਾਰ :** ** ** **

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਸ਼ੋਰ ਜ਼ਿਆਦਾ ਹੋਣ ਕਾਰਣ ਕੁਝ ਸੁਣਾਈ ਨਹੀਂ ਦਿਤਾ।)

**ਵਿੱਤ ਮੰਤਰੀ:** ਸਪੀਕਰ ਸਾਹਿਬ, ਤੁਸੀਂ ਮੋਸ਼ਨ ਡਿਸਅਲਾਓ ਕੀਤੀ ਹੈ, ਇਹ ਕਿਸ ਤਰ੍ਹਾਂ ਉਸ ਉਤੇ ਬੋਲ ਰਹੇ ਹਨ ? (ਵਿਘਨ) (ਸ਼ੋਰ)

**ਕਾਮਰੇਡ ਰਾਜ ਕੁਮਾਰ :** ** ** ** (ਵਿਘਨ) (ਸ਼ੋਰ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਸ਼ੋਰ ਜ਼ਿਆਦਾ ਹੋਣ ਕਾਰਣ ਕੁਝ ਸੁਣਾਈ ਨਹੀਂ ਦਿੱਤਾ। )

**ਸਰਦਾਰ ਬਸੰਤ ਸਿੰਘ ਖਾਲਸਾ :** ** ** ** (ਸ਼ੋਰ) (ਵਿਘਨ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ** ** **

**ਸ੍ਰੀ ਸਪੀਕਰ :** ਕਾਮਰੇਡ ਰਾਜ ਕੁਮਾਰ ਵਲੋਂ ਇਕ ਐਡਜਰਨਮੈਂਟ ਮੋਸ਼ਨ ਆਈ ਸੀ। ਉਸ ਤੇ ਮੈਂ ਰੂਲਿੰਗ ਦੇ ਦਿੱਤੀ ਹੈ । ਜੇਕਰ ਉਹ ਮੇਰੀ ਇਸ ਰੂਲਿੰਗ ਨਾਲ ਸੰਤੁਸ਼ਟ ਨਹੀਂ ਤਾਂ ਉਹ ਮੇਰੇ ਚੈਂਬਰ ਵਿਚ ਆ ਜਾਣ ਅਗਰ ਕੋਈ ਹੋਰ ਗੱਲ ਹੋਵੇਗੀ ਤਾਂ ਇਸ ਚੀਜ਼ ਤੇ ਦੁਬਾਰਾ ਗੌਰ ਕਰ ਲਵਾਂਗੇ, ਕੋਈ ਐਸੀ ਗਲ ਨਹੀਂ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਕਾਮਰੇਡ ਰਾਜ ਕੁਮਾਰ ਜੀ ਦੀ ਮੋਸ਼ਨ ਮੇਰੇ ਕੋਲ ਆਈ ਸੀ। ਉਹ ਮੈਂ ਰੀਜੈਕਟ ਕਰ ਦਿੱਤੀ ਹੈ। ਉਹ ਮੇਰੇ ਚੈਂਬਰ ਵਿਚ ਆ ਜਾਣ। I will reconsider it. (Noise) (Interruptions)

**ਕਾਮਰੇਡ ਰਾਜ ਕੁਮਾਰ** : ** ** **

**ਸ੍ਰੀ ਸਪੀਕਰ** : ਮੈਂ ਇਸ ਸਬੰਧ ਵਿਚ ਫੈਸਲਾ ਦੇ ਚੁੱਕਾ ਹਾਂ। ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ। ਇਸ ਮਾਮਲੇ ਨੂੰ ਰੀਕਨਸਿਡਰ ਕਰ ਲਵਾਂਗੇ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

## WALK-OUT(S)

**ਸਰਦਾਰ ਬਸੰਤ ਸਿੰਘ ਖਾਲਸਾ** : ** ** ** ਅਸੀਂ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸਰਦਾਰ ਦਲੀਪ ਸਿੰਘ ਪਾਂਧੀ ਨੂੰ ਛੱਡ ਕੇ ਅਕਾਲੀ ਪਾਰਟੀ ਦੇ ਸਦਨ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ, ਸੀ.ਪੀ.ਆਈ ਦੇ ਹਾਜ਼ਰ ਮੈਂਬਰ ਸਾਹਿਬਾਨ, ਸੀ.ਪੀ.ਆਈ.(ਐਮ.) ਦੇ ਹਾਜ਼ਰ ਮੈਂਬਰ ਸਾਹਿਬਾਨ, ਬੀ.ਜੇ.ਪੀ. ਦਾ ਇਕੋ ਇਕ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਜਸਮਤ ਸਿੰਘ ਵਲੋਂ ਹਾਊਸ ਵਿੱਚੋਂ ਨਾਅਰੇ ਲਾਉਂਦੇ ਹੋਏ ** ** ** ਵਾਕ-ਆਊਟ ਕਰ ਗਏ)

**ਸ੍ਰੀ ਸਪੀਕਰ** : ਜਿਹੜੇ ਇਹ ਨਾਹਰੇ ਲਗਾਏ ਜਾ ਰਹੇ ਹਨ, ਇਹ ਪ੍ਰੋਸੀਡਿੰਗਜ਼ ਦਾ ਹਿੱਸਾ ਨਾ ਬਣਨ। (ਵਿਘਨ) (ਸ਼ੋਰ)

## QUESTION OF PRIVILEGE

**ਸ੍ਰੀ ਸਪੀਕਰ** : ਕਾਮਰੇਡ ਰਾਜ ਕੁਮਾਰ ਵੱਲੋਂ ਇੱਕ ਨੋਟਿਸ ਆਇਆ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਫਾਈਨਾਂਸ ਮਨਿਸਟਰ ਸਾਹਿਬ ਨੇ ਇੱਕ ਸਟੇਟਮੈਂਟ ਦਿੱਤੀ ਹੈ, ਉਸ ਤੇ ਪ੍ਰਿਵਲਿਜ ਮੋਸ਼ਨ ਬਣਦੀ ਹੈ। ਮੈਂ ਇਸ ਨੂੰ ਵੇਖ ਰਿਹਾ ਹਾਂ ਅਤੇ ਇਸਨੂੰ ਵੇਖਣ ਤੋਂ ਬਾਅਦ ਆਪਣੀ ਰੂਲਿੰਗ ਦਿਆਂਗਾ।

**ਸਰਦਾਰ ਗੁਰਦਰਸ਼ਨ ਸਿੰਘ** : ਆਨ ਏ ਪੁਆਇਟ ਆਫ਼ ਆਰਡਰ, ਸਰ। ਸਪੀਕਰ ਸਾਹਿਬ ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜੋ ਕਾਮਰੇਡ ਰਾਜ ਕੁਮਾਰ ਜੀ ਨੇ ਔਰ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਿਹਾ ਹੈ ਉਹ ਹਾਊਸ ਦੇ ਰਿਕਾਰਡ ਤੇ ਆ ਚੁੱਕਾ ਹੈ। ਮੈਂ ਚਾਹਾਂਗਾ ਕਿ ਤੁਹਾਡੀ ਰੂਲਿੰਗ ਤੋਂ ਬਾਅਦ ਜੋ ਕੁਝ ਵੀ ਕਿਹਾ ਗਿਆ ਹੈ, ਉਹ ਹਾਊਸ ਦਾ ਰਿਕਾਰਡ ਫਾਰਮ ਨਾ ਕਰੇ। ਜਦੋਂ ਤੁਸੀਂ ਮੋਸ਼ਨ ਡਿਸਅਲਾਓ ਕਰ ਦਿੱਤੀ ਤਾਂ ਉਸ ਤੋਂ ਬਾਅਦ ਜੋ ਕੁਝ ਵੀ ਕਿਹਾ ਗਿਆ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਠੀਕ ਹੈ ਜੀ, ਇਹ ਹਾਊਸ ਦੇ ਰਿਕਾਰਡ ਵਿਚੋਂ ਐਕਸਪੰਜ ਕਰ ਦਿੱਤਾ ਜਾਵੇ। ਉਹ ਹਾਊਸ ਦੀ ਕਾਰਵਾਈ ਦਾ ਹਿੱਸਾ ਨਹੀਂ ਬਣੇਗਾ।

**ਸਰਦਾਰ ਦਲੀਪ ਸਿੰਘ ਪਾਂਧੀ** : ** ** **।

**ਸਰਦਾਰ ਦਲੀਪ ਸਿੰਘ ਪਾਂਧੀ** : ** ** **।

**ਸ੍ਰੀ ਸਪੀਕਰ** : ਪਾਂਧੀ ਸਾਹਿਬ, ਮੈਂ ਕਹਿ ਦਿੱਤਾ ਹੈ ਕਿ ਇਸ ਮਸਲੇ ਨੂੰ ਰੀਕਨਸਿਡਰ ਕਰ ਲਵਾਂਗੇ। ਇਸ ਗੱਲ ਦਾ ਫਿਕਰ ਨਾ ਕਰੋ। Call Attention Motions.

**Mr Speaker : Call** Attention Motions please. ਚਤਰਥ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ।

## CALL ATTENTION NOTICES UNDER RULE 66

(*Serial No.* 41).

**Shri Gopal Krishan Chatrath :** Sir, I beg to draw the attention of the Government towards a matter of urgent public importance, namely the situation created in the State of Punjab because of the failure of the Punjab Government to notify the date from which the Punjab Privately Managed Recognised Schools Employees (Security of Service) Act, (No. 18) 1979 is to be made effective. The non-issuance of the notification has created a situation of uncertainty in the minds of the Presiding Officers before whom the cases of the victimised teachers are pending and they are hesitant to take decision and have been giving adjournments in the cases on the pretext that the act has been enacted and the teachers/employees should wait till the notification comes. This way they have been deprived from the provisions of the previous Act and no benefit of the new Act is available to them. Hence this call attention motion.

(Interruption by Sardar Dalip Singh Pandhi)

**Finance Minister (Dr. Kewal Krishan):** Mr. Pandhi is obstructing the proceeding of the House. He should be named.

**ਸ੍ਰੀ ਸਪੀਕਰ** : ਮੈਂ ਜਦੋਂ ਅਸ਼ੋਅਰ ਕਰਾ ਦਿੱਤਾ ਹੈ ਕਿ ਇਹ ਮਾਮਲਾ ਰੀਕਨਸਿਡਰ ਕਰ ਲਵਾਂਗੇ ਤਾਂ ਤੁਹਾਨੂੰ ਫਿਰ ਇਸ ਸਬੰਧ ਵਿਚ ਜ਼ਿਆਦਾ ਜਜ਼ਬਾਤੀ ਨਹੀਂ ਹੋਣਾ ਚਾਹੀਦਾ।

**ਸਰਦਾਰ ਦਲੀਪ ਸਿੰਘ ਪਾਂਧੀ** : ** ** **।

**ਸਰਦਾਰ ਸੁਰਿੰਦਰ ਸਿੰਘ ਕੈਰੋਂ** । ਸਪੀਕਰ ਸਾਹਿਬ ਇਸ ਨੂੰ ਚੁੱਪ ਕਰਾਓ ਨਹੀਂ ਤਾਂ ਅਸੀਂ ਚੁੱਪ ਕਰਾ ਦਿਆਂਗੇ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

## WALK-OUT

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਤੁਸੀਂ ਇਸਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਨਹੀਂ ਕਰ ਰਹੇ, ਇਸ ਲਈ ਮੈਂ ਵਾਕ-ਆਊਟ ਕਰਦਾ ਹਾਂ ਅਤੇ ਆਪਣੇ ਸਾਥੀਆਂ ਨਾਲ ਸ਼ਾਮਿਲ ਹੁੰਦਾ ਹਾਂ।

(ਇਸ ਸਮੇਂ ਸਰਦਾਰ ਦਲੀਪ ਸਿੰਘ ਪਾਂਧੀ ਹਾਊਸ ਵਿੱਚੋਂ ਵਾਕ-ਆਊਟ ਕਰ ਗਏ)

---

## CALL ATTENTION NOTICES UNDER RULE 66 (*Resumption*)

**Education Minister (Sardar Harcharan Singh Ajnala)**: The Punjab Privately Managed Recognised Schools Employees (Security of Service) Act (No. 18 of 1979) could not be enforced on account of technical reasons. The Act could only be enforced after the rules, under the provisions of the Act are framed and approved by the competent authority. The rules so framed are being examined legally.

2. It is incorrect to say that a situation of uncertainty has been created in the minds of the Presiding Officers before whom the cases of virctimisation of teachers are pending and they are hesitant to take decisions because the old Security Act under which Deputy Commissioners and Commissioners in the State are empowered to take decisions is not in vogue. As a matter of fact, the teachers have not been deprived of the legal remedy under the provisions of the previous Act as the cases referred to by them to the Deputy Commissioners/Commissioners are being decided on merit by the competent authorities. However, efforts are being made to get the rules through so that the Punjab Privately Managed Recognised Schools Employees (Security of Service) Act, 1979 could be made effective from a specific date.

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਲ ਤਾਂ ਅੱਗੇ ਹੋ ਗਿਆ ਹੈ ਇਸ ਐਕਟ ਨੂੰ ਬਣਿਆਂ ਹੋਇਆਂ ਪਰ ਇਹ ਅਜੇ ਤਕ ਵੀ ਕਹਿੰਦੇ ਹਨ ਕਿ ਐਗਜ਼ਾਮਿਨ ਕੀਤਾ ਜਾ ਰਿਹਾ ਹੈ। ਸਪੀਕਰ ਸਾਹਿਬ, ਇਹ ਸਾਨੂੰ ਡੈਫੀਨਿਟ ਜਵਾਬ ਦੇ ਦੇਣ ਕਿ 15 ਦਿਨਾਂ ਵਿਚ ਜਾਂ ਦਸਾਂ ਦਿਨਾਂ ਵਿਚ ਇਹ ਰੂਲਜ਼ ਦੀ ਨੋਟੀ-ਫਿਕੇਸ਼ਨ ਕਰ ਦੇਣਗੇ।

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਰੂਲਜ਼ ਹਨ, ਇਹ ਬੜੇ ਐਗਜ਼ਾਸਟਿਵ ਹਨ। ਇਨ੍ਹਾਂ ਨੂੰ ਕਾਨੂੰਨੀ ਪੱਖ ਤੋਂ ਵੇਖਣ ਲਈ ਸਮਾਂ ਜ਼ਰੂਰ ਲਗਦਾ ਹੈ। ਜਿਹੜਾ ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਇਕ ਸਾਲ ਅੱਗੇ ਹੋ ਗਿਆ ਹੈ, ਉਹ ਵੀ ਇਨਫਰਮੇਸ਼ਨ ਹਾਊਸ ਨੂੰ ਇਨ੍ਹਾਂ ਵਲੋਂ ਠੀਕ ਨਹੀਂ ਦਿਤੀ ਗਈ। ਇਸ ਲਈ ਮੈਂ ਕਹਿੰਦਾ ਹਾਂ ਕਿ ਜਿਸ ਵੇਲੇ ਵੀ ਜਲਦੀ ਤੋਂ ਜਲਦੀ ਕਾਨੂੰਨੀ ਪੱਖ ਵੇਖ ਲਿਆ

Original with;
Punjab Vidhan Sabha
Digitized by;
Panjab Digital Library

ਜਾਵੇਗਾ ਰੂਲਜ਼ ਨੋਟੀਫਾਈ ਹੋ ਜਾਣਗੇ। ਬਾਕੀ ਹੁਣ ਕਮਿਸ਼ਨਰਜ਼ ਕੋਲ ਜਿਹੜੀਆਂ ਅਪੀਲਾਂ ਹਨ ਉਹ ਉਨ੍ਹਾਂ ਨੂੰ ਸੁਣ ਰਹੇ ਹਨ, ਡਿਸਾਈਡ ਕਰ ਰਹੇ ਹਨ, ਔਰ ਉਸ ਮਾਮਲੇ ਵਿਚ ਵੀ ਇੰਪਲਾਈਜ਼ ਹੈਂਡੀ-ਕੇਪਡ ਨਹੀਂ ਹਨ। ਉਨ੍ਹਾਂ ਦੀ ਪੂਰੀ ਸੁਣਵਾਈ ਹੋ ਰਹੀ ਹੈ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ**: ਸਪੀਕਰ ਸਾਹਿਬ, ਇਨ੍ਹਾਂ ਦੀ ਇਨਫਰਮੇਸ਼ਨ ਹੈ ਕਿ ਪ੍ਰੀਜ਼ਾਈਡਿੰਗ ਆਫੀਸਰਜ਼ ਕੇਸਿਜ਼ ਪੋਸਟਪੋਨ ਨਹੀਂ ਕਰ ਰਹੇ ਪਰ ਮੈਂ ਇਹ ਗੱਲ ਰਿਕਾਰਡ ਤੇ ਲਿਆਉਣਾ ਚਾਹੁੰਦਾ ਹਾਂ ਕਿ ਪ੍ਰੀਜ਼ਾਈਡਿੰਗ ਅਫਸਰਾਂ ਪਾਸ ਜਿਤਨੇ ਕੇਸਿਜ਼ ਪੈਂਡਿੰਗ ਪਏ ਹਨ, ਉਨ੍ਹਾਂ ਨੂੰ ਉਹ ਪੋਸਟਪੋਨ ਕਰੀ ਜਾਂਦੇ ਹਨ। ਕੀ ਜਿਤਨੇ ਚਿਰ ਤਕ ਟੀਚਰਜ਼ ਸਟਰਾਈਕ ਨਹੀਂ ਕਰਦੇ ਜਾਂ ਹੜਤਾਲ ਨਹੀਂ ਕਰਦੇ ਜਾਂ ਮੁਜ਼ਾਹਰੇ ਨਹੀਂ ਕਰਦੇ, ਇਹ ਉਨ੍ਹਾਂ ਦੇ ਮਸਲੇ ਹੱਲ ਨਹੀਂ ਕਰਨਗੇ ? ਸਪੀਕਰ ਸਾਹਿਬ ਜਦੋਂ ਕਾਨੂੰਨ ਬਣ ਚੁੱਕਾ ਹੈ ਤਾਂ ਫਿਰ ਰੂਲਜ਼ ਬਨਾਉਣ ਵਿਚ ਇਤਨੀ ਦੇਰੀ ਕਿਉਂ ਹੋਵੇ। ਕੋਈ ਅਫਸਰ ਫਾਈਲ ਨੂੰ ਕਿਉਂ ਦਬੀ ਰੱਖੇ।

(ਕੋਈ ਉੱਤਰ ਨਹੀਂ ਆਇਆ)

(ਕ੍ਰਮ ਨੰ : 42)

**ਮਾਸਟਰ ਕੁੰਦਨ ਸਿੰਘ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਸਰਕਾਰ ਨੇ ਹੁਸ਼ਿਆਰਪੁਰ ਕੰਡੀ ਕੈਨਾਲ ਜਿਹੜੀ ਕਿ ਮੁਕੇਰੀਆਂ ਤੋਂ ਹੁਸ਼ਿਆਰਪੁਰ ਜਾਂਦੀ ਹੈ, ਦੀ 500 ਕਿਊਸਿਕ ਦੀ ਖੁਦਾਈ ਦਾ ਫੈਸਲਾ ਕੀਤਾ ਹੈ। ਪਰ ਹੁਣ ਜਿਸ ਵੇਲੇ ਖੁਦਾਈ ਸ਼ੁਰੂ ਹੋਈ ਹੈ ਤਾਂ ਉਹ 300 ਕਿਊਸਿਕ ਦੀ ਸ਼ੁਰੂ ਹੋਈ ਹੈ। ਇਸ ਤਰ੍ਹਾਂ ਕਰਨ ਨਾਲ ਲਗਭਗ ਪੰਜਾਹ ਹਜ਼ਾਰ ਏਕੜ ਏਰੀਆ ਇਨ ਕਮਾਂਡ ਬਗੈਰ ਪਾਣੀ ਤੋਂ ਰਹਿ ਜਾਏਗਾ ਅਤੇ ਖੇਤੀਬਾੜੀ ਦੀ ਉਪਜ ਵਿਚ ਬਹੁਤ ਘਾਟਾ ਪੈ ਜਾਏਗਾ। ਇਸ ਨਾਲ ਇਸ ਇਲਾਕੇ ਦੇ ਲੋਕਾਂ ਵਿਚ ਬਹੁਤ ਰੋਸ ਹੈ। ਇਸ ਬਾਰੇ ਸਰਕਾਰ ਦੁਬਾਰਾ ਗੌਰ ਕਰੇ ਅਤੇ ਜਿਹੜਾ ਫੈਸਲਾ ਪਹਿਲਾਂ 500 ਕਿਊਸਿਕ ਦਾ ਹੋਇਆ ਸੀ ਉਹੀ ਰਹਿਣ ਦਿੱਤਾ ਜਾਵੇ ਅਤੇ ਸਰਕਾਰ ਇਸ ਬਾਰੇ ਸਪੱਸ਼ਟੀਕਰਣ ਦੇਵੇ ਕਿ ਇਹ ਫੈਸਲਾ ਕਿਉਂ ਬਦਲਿਆ ਗਿਆ।

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ) : ਕੰਡੀ ਕੈਨਾਲ ਪਹਿਲਾਂ 300 ਕਿਊਸਿਕਸ ਕਪੈਸਿਟੀ ਲਈ ਡੀਜ਼ਾਇਨ ਕੀਤੀ ਸੀ। ਬਾਅਦ ਵਿਚ ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਇਸ ਨਹਿਰ ਦੀ ਕਪੈਸਿਟੀ 500 ਕਿਊਸਿਕਸ ਕਰ ਦਿੱਤੀ ਜਾਵੇ ਤਾਂ ਜੋ ਵਾਧੂ ਰਕਬਾ ਸਿੰਜਿਆ ਜਾ ਸਕੇ ਅਤੇ ਇਸ ਨਹਿਰ ਨੂੰ ਹੋਰ ਉਚੇਰੀ ਥਾਂ ਤੇ ਲਿਜਾਇਆ ਜਾਵੇ ਤਾਂ ਜੋ ਇਸ ਰਕਬੇ ਨੂੰ ਠੀਕ ਢੰਗ ਨਾਲ ਸਿੰਜਿਆ ਜਾ ਸਕੇ।

ਪ੍ਰਾਜੈਕਟ ਐਸਟੀਮੇਟ ਜਿਹੜਾ ਕਿ ਭਾਰਤ ਸਰਕਾਰ ਵੱਲੋਂ ਤਕਨੀਕੀ ਤੌਰ ਤੇ ਮਨਜ਼ੂਰ ਹੋ ਚੁੱਕਾ ਹੈ ਉਸ ਵਿਚ ਕੰਡੀ ਨਹਿਰ ਦੀ ਕਪੈਸਿਟੀ 300 ਕਿਊਸਿਕਸ ਹੈ। ਮਿਤੀ 12 ਸਤੰਬਰ, 1978 ਨੂੰ ਮੁੱਖ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਫੈਸਲਿਆਂ ਨੂੰ ਮੁੱਖ ਰੱਖਦੇ ਹੋਏ ਇਸ ਨਹਿਰ ਦਾ ਡਿਜ਼ਾਇਨ ਇਸ ਢੰਗ ਨਾਲ ਕੀਤਾ ਜਾ ਰਿਹਾ ਹੈ ਤਾਂ ਜੋ ਇਹ ਅੱਗੇ ਚਲਕੇ 500 ਕਿਊਸਿਕਸ ਪਾਣੀ ਲੈ ਸਕੇ। ਇਸ ਲਈ ਇਸ ਉਤੇ ਬਣਨ ਵਾਲੇ ਪੱਕੇ ਕੰਮ 500 ਕਿਊਸਿਕਸ ਡਿਸਚਾਰਜ ਦੇ ਮੁਤਾਬਿਕ ਡਿਜ਼ਾਇਨ ਕੀਤੇ ਜਾ ਰਹੇ ਹਨ।

**ਮਾਸਟਰ ਕੁੰਦਨ ਸਿੰਘ** : ਸਪੀਕਰ ਸਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਨਹਿਰ ਕਿਤਨੇ ਅਰਸੇ ਵਿਚ ਮੁਕੰਮਲ ਹੋ ਜਾਵੇਗੀ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਮੈਂ ਇਸ ਵੇਲੇ ਤਾਂ ਨਹੀਂ ਦੇ ਸਕਦਾ। ਲੇਕਿਨ ਅਸੀਂ ਜੋ ਸਵਾਲ ਕੀਤਾ ਸੀ ਉਹ ਬਿਲਕੁਲ ਉਸੇ ਢੰਗ ਨਾਲ ਰੱਖਿਆ ਗਿਆ ਹੈ ਜਿਵੇਂ ਸਵਾਲ ਕੀਤਾ ਗਿਆ ਸੀ।

## PAPERS LAID ON THE TABLE OF THE HOUSE

**Finance Minister (Doctor Kewal Krishan)**: Sir, I beg to lay on the Table—

1. the Administration Reports of the Pepsu Road Transport Corporation for the years 1969-70, 1973-74 1974-75, 1976-77, 1977-78 and 1978-79 as required under Section 35 (3) of the Road Transport Corporation Act, 1950;
2. the Annual Accounts and Audit Report of the Pepsu Road Transport Corporation for the year 1974-75, as required under section 33(4) of the Road Transport Corporation Act, 1950;
3. the Punjab Motor Vehicles (Third Amendment) Rules, 1979, as required under section 133(3) of the Motor Vehicles Act, 1939;
4. the Punjab Water Supply and Sewerage Board (Conduct of Business) Rules, 1980, as required under section 71(3) of the Punjab Water Supply and Sewerage Board Act, 1976;
5. the Annual Reports of the Punjab Backward Classes Land Development and Finance Corporation for the years 1976-77 and 1977-78, as required under section 27(6) of the Punjab Backward Classes Land Development and Finance Corporation Act, 1976;
6. the 2nd, 3rd, 4th, 5th, 6th, 7th and 8th Annual Reports of the Punjab Scheduled Castes Land Development and Finance Corporation for the years from 1972-73 to 1978-79, as required under setion 27(6) of the Punjab Scheduled Castes Land Development and Finance Corporation Act, 1970.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਕ ਪ੍ਰਿਵਲਿਜ ਮੋਸ਼ਨ ਸੀ ਜੀ, ਉਸ ਦੇ ਬਾਰੇ ਤੁਹਾਡਾ ਕੀ ਡਿਸੀਜ਼ਨ ਹੈ, ਪਤਾ ਨਹੀਂ ਲੱਗਾ ?

**ਸ਼੍ਰੀ ਸਪੀਕਰ** : ਉਸ ਵੇਲੇ ਤੁਸੀਂ ਹਾਊਸ ਵਿਚੋਂ ਚਲੇ ਗਏ ਸੀ। ਉਹ ਅੰਡਰ ਕਨਸਿਡਰੇਸ਼ਨ ਹੈ। ਇੰਟੇਰਿਮ ਰਿਪਲਾਈ ਤੁਹਾਨੂੰ ਦੇ ਦਿਤਾ ਹੈ। ਮਨਿਸਟਰ ਸਾਹਿਬ ਦੀ ਕਨਸਲਟੇਸ਼ਨ ਤੋਂ ਬਾਅਦ ਤੁਹਾਨੂੰ ਜਵਾਬ ਮਿਲ ਜਾਵੇਗਾ।

**ਸਰਦਾਰ ਹਰਚੰਦ ਸਿੰਘ** : ਸਪੀਕਰ ਸਾਹਿਬ, ਇਹ ਪੰਜਾਬ ਵਿਧਾਨ ਸਭਾ ਹੈ, ਕੋਈ ਇੰਗਲੈਂਡ ਦੀ ਵਿਧਾਨ ਸਭਾ ਨਹੀਂ ਹੈ। ਇਸ ਲਈ ਤੁਸੀਂ ਵਜ਼ੀਰਾਂ ਨੂੰ ਕਹੋ ਕਿ ਪੰਜਾਬੀ ਬੋਲਿਆ ਕਰਨ।

**ਸ਼੍ਰੀ ਸਪੀਕਰ** : ਤੁਹਾਡੀ ਗੱਲ ਤਾਂ ਠੀਕ ਹੈ ਜੀ, ਪਰ ਇਥੇ ਤਿੰਨੇ ਹੀ ਜ਼ਬਾਨਾਂ ਚਲ ਸਕਦੀਆਂ ਹਨ, ਅੰਗਰੇਜ਼ੀ ਵੀ, ਪੰਜਾਬੀ ਵੀ ਤੇ ਹਿੰਦੀ ਵੀ। ਮੈਂਬਰਜ਼ ਨੂੰ ਪੂਰਾ ਇਖਤਿਆਰ ਹੈ ਜਿਸ ਜ਼ਬਾਨ ਵਿਚ ਉਹ ਮਰਜ਼ੀ ਬੋਲ ਲੈਣ। (ਵਿਰੋਧੀ ਧਿਰ ਵੱਲੋਂ ਆਵਾਜ਼ਾਂ : ਨਹੀਂ ਜੀ, ਪੰਜਾਬੀ ਚੱਲੇਗੀ)

**ਸਰਦਾਰ ਹਰਚੰਦ ਸਿੰਘ** : ਤੁਸੀਂ ਕਹੋ ਕਿ ਪੰਜਾਬੀ ਬੋਲੋ। ਅਸੀਂ ਜਾ ਕੇ ਲੋਕਾਂ ਨੂੰ ਕੀ ਦਸਾਂਗੇ। (ਹਾਸਾ) ਨਹੀਂ ਤਾਂ ਇਸ ਦਾ ਨਾਂ ਬਦਲ ਕੇ ਇੰਗਲੈਂਡ ਵਿਧਾਨ ਸਭਾ ਰੱਖ ਦਿਓ। (ਹਾਸਾ)

## RESUMPTION OF DISCUSSION ON GOVERNOR'S ADDRESS

**ਸ਼੍ਰੀ ਸਪੀਕਰ** : ਗਵਰਨਰ ਸਾਹਿਬ ਦੇ ਐਡਰੇਸ ਉਤੇ 3 ਜੁਲਾਈ, 1980 ਨੂੰ ਸਰਦਾਰ ਬੀਰਦਵਿੰਦਰ ਸਿੰਘ ਵੱਲੋਂ ਜੋ *ਮਤਾ ਲਿਆਂਦਾ ਗਿਆ ਸੀ ਔਰ ਜਿਸ ਦੀ ਤਾਈਦ ਸਰਦਾਰ ਸੁਰਿੰਦਰ ਸਿੰਘ ਕੈਰੋਂ ਵੱਲੋਂ ਕੀਤੀ ਗਈ ਸੀ, ਉਸ ਦੇ ਉਤੇ ਬਹਿਸ ਸ਼ੁਰੂ ਹੋਵੇਗੀ।

---

**That an Address be presented to the Governor in the following terms :—

'That the members of this House assembled in this Session are deeply grateful to the Governor for the address which he has been pleased to deliver to the House on the 2nd July, 1980.'

Original with;
Punjab Vidhan Sabha
Digitized by;
Panjab Digital Library

ਉਸ ਦੇ ਮੁਤੱਲਕ ਕਈਆਂ ਮੈਂਬਰਾਂ ਵਲੋਂ ਕੁਝ ਅਮੈਂਡਮੈਂਟਸ ਆਈਆਂ ਹਨ। ਅਗਰ ਹਾਊਸ ਐਗਰੀ ਕਰੇ ਤਾਂ ਜਿਸ ਤਰ੍ਹਾਂ ਪਾਸਟ ਪ੍ਰੈਕਟਿਸ ਹੈ, ਇਹ ਸਮਝਿਆ ਜਾਵੇਗਾ ਕਿ ਉਹ ਅਮੈਂਡ-ਮੈਂਟਸ ਵੀ ਪੜ੍ਹੀਆਂ ਗਈਆਂ ਹਨ।

*Voices : Agreed,* Sir,

1. **Sardar Dalip Singh Pandhi** : That in the motion the following be added at the end, namely:—

"But regret that no mention has been made in the Address about the prevailing poverty in the State, rape of minor girls, highly increasing un-employment, extension of Primary Education, deteriorating law and order situation, lathi charge and firing by the police on labourers, unrest amongst the labourers and the students, corruption at its peak, shortage of buses and the women are compelled to sit on the roofs of the buses, high prices and shortage of electricity, water, diesel, black oil, kerosene and sugar, shortage of coal, embezzlements in Co-operative Societies, atrocities by the police on the poor, murders of married women and abdudction and murders.".

2. **Sardar Sukhjinder Singh Khaira**: That in the motion, the following be added at the end, namely :—

"but regret that no menion has been made in the Address—

(1) to provide relief to the farmers of the State from the enhanced price of fertilizer, diesel etc.;

(2) to compensate the farmers for the low procurement price of the wheat paid by the Government of India during the last Rabi Season;

(3) about the payment of remunerative price of the next paddy crop;

(4) to ensure uninterrupted supply of electricity to the farming community and also to the industry of the State;

(5) to secure Chandigarh and Punjabi speaking areas for Punjab ; and

(6) to undo the unjust and arbitrary decision of Government of India over the sharing of Ravi-Beas Waters.".

3. **Comrade Baldev Singh Loomba**: That in the motion, following be added at the end, namely —

"but regret that no mention has been made in the Address about the unemployment, price rise, prices of fertilizers and diesel, land reforms, introduction of minimum wages for farm labourers, rapes of women, assault on women by dowry seekers' deteriorating law and order situation, lathi charge and firing by the police on labourers, shortage of essential commodities, unrest amongst the students, nationalisation of the State Transport, etc.".

4. **Jathedar Jiwan Singh Umranangal** : That in the motion, the following be added at the end, namely :—

"but regret that in the Address Punjab has been called only the land of Rishi-Munis but no mention has been made of Guru Sahibs and Sufi Faqirs.".

**ਸ੍ਰੀ ਸਪੀਕਰ** : ਹੁਣ ਸਰਦਾਰ ਬਲਦੇਵ ਸਿੰਘ ਮਾਨ, ਜਿਹੜੇ ਕਿ ਸ਼ੁਕਰਵਾਰ ਸਪੀਚ ਕਰ ਰਹੇ ਸਨ, ਬੋਲਣਗੇ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਦੇਵ ਸਿੰਘ ਮਾਨ (ਦਿੜ੍ਹਬਾ) : ਸਪੀਕਰ ਸਾਹਿਬ, ਸ਼ੁਕਰਵਾਰ ਜਦੋਂ ਹਾਊਸ ਐਡਜਰਨ ਹੋਇਆ ਸੀ ਉਸ ਵੇਲੇ ਮੈਂ ਇਸ ਦੇਸ਼ ਦੇ ਉਸ ਗਰੀਬ ਵਰਗ ਦੀ ਗੱਲ ਕਰ ਰਿਹਾ ਸੀ, ਜਿਸ ਬਾਰੇ ਅੱਜ ਵੀ ਜ਼ਿਕਰ ਹੋਇਆ ਹੈ। ਉਹ ਮੇਰੇ ਸਾਹਮਣੇ ਬੈਠੇ ਵੀਰ ਹਰੀਜਨਾਂ ਬਾਰੇ ਵੱਡੀਆਂ ਵੱਡੀਆਂ ਗਲਾਂ ਕਹੀ ਜਾਂਦੇ ਹਨ ਤੇ ਜਦੋਂ ਕਿਤੇ ਸਮਾਂ ਆਇਆ ਤਾਂ ਉਨ੍ਹਾਂ ਹਰੀਜਨਾਂ ਤੇ, ਉਸ ਗਰੀਬ ਵਰਗ ਤੇ ਇਨ੍ਹਾਂ ਨੇ ਹੀ ਜਿਤਨਾ ਵੱਡਾ ਅਤਿਆਚਾਰ ਕੀਤਾ ਹੈ, ਹੋਰ ਸ਼ਾਇਦ ਹੀ ਕਿਸੇ ਨੇ ਕੀਤਾ ਹੋਵੇ। ਇਹ ਗੱਲ ਗਵਰਨਰ ਸਾਹਿਬ ਦੇ ਭਾਸ਼ਣ ਤੋਂ ਸਿੱਧ ਹੋ ਜਾਂਦੀ ਹੈ। ਪੈਰਾ ਨੰ: 26 ਵਿਚ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕਿਤੇ ਨਹੀਂ ਦੱਸਿਆ ਕਿ ਇਹ ਹਰੀਜਨਾਂ ਲਈ ਕੀ ਕਰਨਗੇ। ਪਛੜੇ ਹੋਏ ਵਰਗ ਵਾਸਤੇ ਇਨ੍ਹਾਂ ਨੇ ਲਿਖਿਆ ਹੈ :—

> "ਸਾਰੇ ਭੂਮੀ-ਰਹਿਤ ਹਰੀਜਨਾਂ ਨੂੰ ਮਕਾਨਾਂ ਲਈ ਪਲਾਟ ਦੇਣ ਅਤੇ ਮਕਾਨ ਉਸਾਰੀ ਕਰਜ਼ਿਆਂ ਅਤੇ ਗ੍ਰਾਂਟਾਂ ਦੀ ਅਦਾਇਗੀ ਦੀ ਸਕੀਮ ਨੂੰ ਜ਼ੋਰਦਾਰ ਤਰੀਕੇ ਨਾਲ ਅਮਲ ਵਿਚ ਲਿਆਂਦਾ ਜਾਵੇਗਾ। ਹਰੀਜਨਾਂ ਲਈ ਬਸਤੀ ਸੁਧਾਰ ਸਕੀਮਾਂ ਨੂੰ ਲਾਗੂ ਕਰਨ ਲਈ, ਹਰੀਜਨ ਧਰਮਸ਼ਾਲਾ ਦੀ ਉਸਾਰੀ ਤੇ ਜਲ ਸਪਲਾਈ ਦਾ ਪ੍ਰਬੰਧ ਕਰਨ ਲਈ, ਨਾ ਕੇਵਲ ਖਰਚ ਵਿਚ ਮਹੱਤਵਪੂਰਣ ਵਾਧਾ ਕੀਤਾ ਜਾਵੇਗਾ, ਸਗੋਂ ਅਨੁਸੂਚਿਤ ਜਾਤੀਆਂ ਵਾਸਤੇ ਅਜਿਹੇ ਪ੍ਰਾਜੈਕਟਾਂ ਦੀ ਉਸਾਰੀ ਲਈ ਇਕ ਸੁਤੰਤਰ ਮਕਾਨ ਉਸਾਰੀ ਅਤੇ ਵਿਕਾਸ ਬੋਰਡ ਦੀ ਸਥਾਪਨਾ ਦੀ ਸੰਭਾਵਨਾ ਬਾਰੇ ਵਿਚਾਰ ਵੀ ਕੀਤਾ ਜਾਵੇਗਾ।"

ਵਾਹ ਜੀ ਵਾਹ, ਇਹ ਹੁਣ ਇਕ ਸੁਤੰਤਰ ਮਕਾਨ ਉਸਾਰੀ ਅਤੇ ਵਿਕਾਸ ਬੋਰਡ ਖੋਲ੍ਹਣ ਵਾਸਤੇ ਵਿਚਾਰ ਕਰਨ ਲਗੇ ਹਨ। ਸਾਡੀ ਸਰਕਾਰ ਨੇ, ਜੇ ਪਿਛਲੇ ਸਾਲ ਦਾ ਗਵਰਨਰ ਸਾਹਿਬ ਦਾ ਐਡਰੈਸ ਵੇਖੋ ਤਾਂ ਪਤਾ ਲਗਦਾ ਹੈ, ਉਸ ਵੇਲੇ ਕਿਹਾ ਸੀ ਕਿ ਡੇਢ ਕਰੋੜ ਰੁਪਿਆ ਇਸ ਸਾਲ ਦੇ ਵਿਚ ਗਰੀਬ ਵਰਗ ਦੇ ਮਕਾਨ ਬਨਾਉਣ ਵਾਸਤੇ ਦੇਵਾਂਗੇ ਔਰ ਮਕਾਨ ਬਣਾਕੇ ਦੇਵਾਂਗੇ। ਧਰਮ-ਸ਼ਾਲਾਵਾਂ ਤੇ ਕਿਤਨਾਂ ਪੈਸਾ ਲਾਵਾਂਗੇ, ਇਨ੍ਹਾਂ ਨੇ ਕਿਤੇ ਜ਼ਿਕਰ ਨਹੀਂ ਕੀਤਾ, ਕਿਤਨੇ ਪੈਸੇ ਬਸਤੀ ਸੁਧਾਰ ਤੇ ਲਾਉਣਗੇ, ਕਿਤੇ ਜ਼ਿਕਰ ਨਹੀਂ ਕੀਤਾ। ਕਿਤਨਾ ਪੈਸਾ ਹੋਰ ਸਹੂਲਤਾਂ ਵਾਸਤੇ ਲਾਉਣਗੇ, ਉਹ ਵੀ ਜ਼ਿਕਰ ਨਹੀਂ ਕੀਤਾ। ਜੋ ਸਹੂਲਤਾਂ ਅਸੀਂ ਦੇ ਗਏ ਸੀ, ਇਹ ਉਨ੍ਹਾਂ ਦਾ ਹੀ ਜ਼ਿਕਰ ਕਰ ਦਿੰਦੇ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਨੇ 65, 65 ਸੌ ਰੁਪਿਆ ਦਿੱਤਾ ਸੀ ਤਾਕਿ ਉਹ ਗਰੀਬ ਲੋਕ ਆਪਣੀ ਰੋਟੀ ਕਮਾ ਸਕਣ। ਉਹ ਅੱਜ ਰੋਜ਼ੀ ਕਮਾ ਰਹੇ ਹਨ ਅਤੇ ਗੁਣ ਗਾ ਰਹੇ ਹਨ। ਇਥੇ ਮੇਰੇ ਇਕ ਵੀਰ ਕਹਿ ਗਏ ਕਿ ਇਹ ਰੋਜ਼ਗਾਰ ਹਰੀਜਨਾਂ ਦੀ ਰਿਜ਼ਰਵੇਸ਼ਨ ਕਰਕੇ ਦਿਤਾ ਹੈ। ਪਰ ਮੈਂ ਉਨ੍ਹਾਂ ਤੋਂ ਇਹ ਪੁੱਛਦਾ ਹਾਂ ਕਿ ਕੀ ਉਨ੍ਹਾਂ ਨੂੰ ਇਹ ਪਤਾ ਹੈ ਕਿ ਇਹ ਰਿਜ਼ਰਵੇਸ਼ਨ ਕੀਤੀ ਕਿਸ ਨੇ ਸੀ ? ਇਹ ਰਿਜ਼ਰਵੇਸ਼ਨ ਦਾ ਕਰੈਡਿਟ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਹੀ ਜਾਂਦਾ ਹੈ। ਅਕਾਲੀ ਸਰਕਾਰ ਨੇ ਹੀ ਧਾਰਮਿਕ ਸਥਾਨਾਂ ਦਾ ਐਕਟ ਬਣਾਇਆ। ਇਸ ਤੋਂ ਪਹਿਲੇ ਤਾਂ ਇਨ੍ਹਾਂ ਨੂੰ ਕੋਈ ਮੰਦਰਾਂ, ਮਸਜਿਦਾਂ ਵਿਚ ਵੜਨ ਨਹੀਂ ਸੀ ਦਿੰਦਾ। ਇਸ ਲਈ ਇਹ ਸਾਡੀ ਸਰਕਾਰ ਨੇ ਹੀ ਕਈ ਕੋਸ਼ਿਸ਼ਾਂ ਕਰਕੇ ਉਨ੍ਹਾਂ ਨੂੰ ਰਿਜ਼ਰਵੇਸ਼ਨ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਤੋਂ ਦੂਰ ਨਹੀਂ ਰਖਿਆ। ਅਕਾਲੀ ਸਰਕਾਰ ਨੇ ਉਨ੍ਹਾਂ ਨੂੰ "ਰੰਗਰੇਟਾ ਗੁਰੂ ਕਾ ਬੇਟਾ" ਕਹਿ ਕੇ ਨਿਵਾਜਿਆ। ਮੈਨੂੰ ਸਮਝ ਨਹੀਂ ਆਉਂਦੀ ਕਿਸ ਤਰ੍ਹਾਂ ਸਰਦਾਰ ਦਰਸ਼ਨ ਸਿੰਘ ਕੇ.ਪੀ. ਇਸ ਐਡਰੈਸ ਦਾ ਸਮਰਥਨ ਕਰ ਗਏ ਹਨ। ਉਨ੍ਹਾਂ ਨੂੰ ਤਾਂ ਉਧਰ ਬੈਠਣਾ ਨਹੀਂ ਸੀ ਚਾਹੀਦਾ, ਇਧਰ ਆ ਜਾਣਾ ਚਾਹੀਦਾ ਸ਼ੀ। ਸਾਰੇ ਐਡਰੈਸ ਵਿਚ ਸਿਰਫ਼ ਅਖੀਰਲੇ ਪੈਰੇ ਵਿਚ ਚਾਰ ਲਾਈਨਾਂ ਹਰੀਜਨਾਂ ਵਾਸਤੇ ਕਹੀਆਂ ਗਈਆਂ ਹਨ, ਹੋਰ ਕੁਝ ਨਹੀਂ ਕਿਹਾ ਗਿਆ।

Original with;
Punjab Vidhan Sabha
Digitized by;
Panjab Digital Library

ਫਿਰ ਇਸ ਵਿਚ ਖਾਦ ਦੇ ਭਾਅ ਵਧਣ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਨੇ ਇਹ ਕਿਹਾ ਹੈ ਕਿ ਝੋਨੇ ਦੀਆਂ ਕੀਮਤਾਂ ਵਧਾਉਣ ਵਾਸਤੇ ਇਹ ਸਰਕਾਰ ਸੈਂਟਰ ਦੀ ਸਰਕਾਰ ਨੂੰ ਸਿਫਾਰਿਸ਼ ਕਰੇਗੀ। ਪਰ ਕਿਤੇ ਇਹ ਨਹੀਂ ਦੱਸਿਆ ਕਿ ਕਿਸਾਨ ਨੂੰ ਉਸ ਦੇ ਝੋਨੇ ਦਾ ਕੀ ਭਾਅ ਦਿੱਤਾ ਜਾਵੇਗਾ ਤਾਕਿ ਉਨ੍ਹਾਂ ਨੂੰ ਇਹ ਪਤਾ ਲਗ ਜਾਵੇ। ਪਰ ਇਹ ਸਰਕਾਰ ਤਾਂ ਐਨੀ ਦੇਰ ਕੁਝ ਨਹੀਂ ਕਰ ਸਕਦੀ ਜਿੰਨੀਂ ਦੇਰ ਇਸ ਨੂੰ ਦਿੱਲੀ ਦੀ ਸਰਕਾਰ ਤੋਂ ਸਿਗਨਲ ਨਾ ਮਿਲ ਜਾਵੇ। ਇਹ ਆਪਣੀ ਜ਼ਬਾਨ ਨਾਲ ਕੋਈ ਗੱਲ ਨਹੀਂ ਕਰ ਸਕਦੇ। ਇਨ੍ਹਾਂ ਵਾਸਤੇ ਤਾਂ ਅੱਜ ਵੀ ਐਮਰਜੈਂਸੀ ਲਗੀ ਹੋਈ ਹੈ। ਸਪੀਕਰ ਸਾਹਿਬ, ਜੋ ਖਾਦ ਦਾ ਸਕੈਂਡਲ ਹੋਇਆ ਹੈ ਉਸ ਵਿਚ ਛੋਟੀਆਂ ਛੋਟੀਆਂ ਏਜੰਸੀਆਂ ਵਾਲਿਆਂ ਨੇ ਲੱਖਾਂ ਰੁਪਏ ਬਣਾ ਲਏ ਹਨ। ਇਹ ਕੰਮ ਕੀਤਾ ਵੀ ਕਿਸ ਨੇ ? ਇਹ ਉਹ ਬੰਦੇ ਹਨ ਜਿਹੜੇ ਇਨ੍ਹਾਂ ਦੇ ਹਮਦਰਦ ਹਨ। ਇਸ ਸਬੰਧ ਵਿਚ ਮੈਂ ਸਰਕਾਰ ਨੂੰ ਤੁਹਾਡੇ ਰਾਹੀਂ ਇਹ ਬੇਨਤੀ ਕਰਾਂਗਾ ਕਿ ਜਿਨ੍ਹਾਂ ਲੋਕਾਂ ਨੇ ਇਸ ਵਿਚ ਹੇਰਾਫੇਰੀ ਕੀਤੀ ਹੈ ਅਤੇ ਲਿਮਿਟ ਤੋਂ ਵੱਧ ਖਾਦ ਚੁਕੀ ਹੈ ਇਹ ਉਨ੍ਹਾਂ ਦੀ ਪੜਤਾਲ ਕਰਨ। ਉਨ੍ਹਾਂ ਦੇ ਸਟਾਕ ਦੀ ਪੜਤਾਲ ਕਰਨ। ਕਿਉਂਕਿ ਉਹ ਟੈਕਸ ਦੇਣਾ ਨਹੀਂ ਸੀ ਚਾਹੁੰਦੇ, ਇਸ ਕਰਕੇ ਉਨ੍ਹਾਂ ਨੇ ਹੇਰਾਫੇਰੀ ਕਰਕੇ ਲੱਖਾਂ ਰੁਪਏ ਕਮਾ ਲਏ। ਇਸ ਲਈ, ਮੈਂ ਫਿਰ ਬੇਨਤੀ ਕਰਦਾ ਹਾਂ ਕਿ ਸਰਕਾਰ ਇਸ ਦੀ ਪੜਤਾਲ ਕਰਕੇ ਜਿਨ੍ਹਾਂ ਕਿਸਾਨਾਂ ਨੂੰ ਲੁੱਟਿਆ ਗਿਆ ਹੈ, ਉਨ੍ਹਾਂ ਨੂੰ ਉਹ ਪੈਸੇ ਵਾਪਸ ਕਰਵਾਏ। ਇਸ ਤੋਂ ਪਤਾ ਲਗਦਾ ਹੈ ਕਿ ਇਹ ਸਰਕਾਰ ਕਿਸਾਨਾਂ ਦੀ ਕਿੰਨੀ ਹਮਦਰਦ ਹੈ।

ਫਿਰ, ਇਸ ਵਿਚ ਇਰੀਗੇਸ਼ਨ ਬਾਰੇ ਵੀ ਜ਼ਿਕਰ ਆਇਆ ਹੈ। ਇਥੇ ਕਿਹਾ ਗਿਆ ਹੈ ਕਿ ਸਿੰਜਾਈ ਦੇ ਹੋਰ ਸਾਧਨ ਵਰਤੇ ਜਾਣਗੇ। ਪਰ, ਸਪੀਕਰ ਸਾਹਿਬ, ਇਹ ਸਿੰਜਾਈ ਕਿਸ ਤਰ੍ਹਾਂ ਹੁੰਦੀ ਹੈ ? ਇਕ ਤਾਂ ਕੁਦਰਤੀ ਬਾਰਸ਼ਾਂ ਹੋਣ ਕਰਕੇ ਹੋ ਜਾਂਦੀ ਹੈ, ਇਕ ਟਿਊਬਵੈਲਾਂ ਅਤੇ ਨਹਿਰਾਂ ਨਾਲ ਵੀ ਹੁੰਦੀ ਹੈ। ਇਸ ਸਬੰਧ ਵਿਚ, ਸਪੀਕਰ ਸਾਹਿਬ, ਹੁਣ ਦੀ ਸਥਿਤੀ ਤੋਂ ਤਹਾਨੂੰ ਆਪ ਨੂੰ ਵੀ ਵਾਕਫੀਅਤ ਹੈ। ਬਿਜਲੀ ਦੀ ਕਿੰਨੀ ਸ਼ਾਰਟੇਜ ਹੈ, ਨਹਿਰਾਂ ਵਿਚ ਪਾਣੀ ਨਹੀਂ। ਕੁਦਰਤ ਵਲੋਂ ਮੀਂਹ ਨਹੀਂ ਪੈ ਰਿਹਾ। ਇਨ੍ਹਾਂ ਹਾਲਾਤ ਵਿਚ ਇਹ ਕੀ ਸਿੰਜਾਈ ਲਈ ਉਪਰਾਲੇ ਕਰਨਗੇ ? ਇਸ ਬਾਰੇ ਵੀ ਇਨ੍ਹਾਂ ਦੀ ਆਪਣੀ ਇਕ ਮੂੰਹ ਬੋਲਦੀ ਤਸਵੀਰ ਹੈ। ਹਿੰਦੁਸਤਾਨ ਦੇ ਐਨਰਜੀ ਮਨਿਸਟਰ ਦੀ ਇਹ ਸਟੇਟਮੈਂਟ ਆਈ ਹੈ ਜਦੋਂ ਮੁੱਖ ਮੰਤਰੀਆਂ ਦੀ ਉਥੇ ਮੀਟਿੰਗ ਹੋਈ ਤਾਂ ਇਹ ਉਥੇ ਸਵੀਕਾਰ ਕਰਕੇ ਆਏ ਹਨ ਕਿ ਪਾਵਰ ਨੂੰ ਨੈਸ਼ਨਲ ਗਰਿਡ ਬਣਾ ਕੇ ਸਾਰੇ ਬਿਜਲੀ ਘਰ ਸੈਂਟਰਲ ਗੌਰਮਿੰਟ ਬਣਾਏਗੀ। ਥੀਨ ਡੈਮ, ਜਿਸ ਵਾਸਤੇ ਹੁਣ ਤਕ ਪੰਜਾਬ ਲੜਦਾ ਰਿਹਾ ਹੈ, ਉਸ ਨੂੰ ਇਹ ਸਰਕਾਰ ਉਥੇ ਜਾ ਕੇ ਵੇਚ ਆਈ ਹੈ। ਥੀਨ ਡੈਮ ਕੇਂਦਰੀ ਸਰਕਾਰ ਬਣਾਏਗੀ ਅਤੇ ਬਿਜਲੀ ਦੇ ਰੇਟ ਵੀ ਉਹ ਹੀ ਨਿਸ਼ਚਿਤ ਕਰੇਗੀ। ਇਸ ਤਰੀਕੇ ਨਾਲ ਇਹ ਆਪ ਜਾ ਕੇ ਥੀਨ ਡੈਮ ਨੂੰ ਉਥੇ ਵੇਚ ਆਏ ਹਨ। ਫਿਰ ਅਸੀਂ ਤਾਂ ਰਾਵੀ ਅਤੇ ਬਿਆਸ ਦਾ ਪਾਣੀ ਮੰਗਦੇ ਹਾਂ। ਇਨ੍ਹਾਂ ਨੇ ਇਸ ਵਾਸਤੇ ਕੀ ਫੈਸਲਾ ਕੀਤਾ ਹੈ ? ਇਸ ਸਬੰਧ ਵਿਚ ਡਿਪਾਰਟਮੈਂਟ ਨੇ ਨੋਟ ਤਿਆਰ ਕਰਕੇ ਇਨ੍ਹਾਂ ਨੂੰ ਭੇਜਿਆ ਪਰ ਇਨ੍ਹਾਂ ਨੇ ਕਿਹਾ ਕਿ ਇਹ ਬਹੁਤ ਲੰਬਾ ਨੋਟ ਹੈ ਇਸ ਨੂੰ ਹੋਰ ਛੋਟਾ ਕਰੋ ਔਰ ਇਹ ਛੋਟਾ ਕਰਦੇ ਕਰਦੇ ਐਨਾ ਛੋਟਾ ਹੋ ਗਿਆ ਕਿ ਸਿਰਫ ਅੱਧੇ ਸਫ਼ੇ ਦਾ ਨੋਟ ਰਹਿ ਗਿਆ। ਇਹ ਇਸ ਲਈ ਕੀਤਾ ਕਿਉਂਕਿ ਇਹ ਤਾਂ ਉਹੀ ਕੁਝ ਮੰਨਣਾ ਚਾਹੁੰਦੇ ਸੀ ਜੋ ਕੁਝ ਇੰਦਰਾ ਗਾਂਧੀ ਕਹਿੰਦੀ ਸੀ। ਰਾਵੀ-ਬਿਆਸ ਦੇ ਪਾਣੀ ਲਈ ਜੋ ਸਾਡੇ ਨਾਲ ਧੱਕਾ ਹੋ ਰਿਹਾ ਹੈ ਅਸੀਂ ਉਸ ਨੂੰ ਦੂਰ ਕਰਾਉਣ ਦੀ ਗੱਲ ਕਰਦੇ ਸੀ। ਅਸੀਂ ਇਹ ਕਹਿੰਦੇ ਸੀ ਜਿਹੜਾ ਪੰਜਾਬ ਦਾ ਹਿੱਸਾ ਬਣਦਾ ਹੈ ਉਹ ਪੰਜਾਬ ਨੂੰ ਮਿਲੇ ਪਰ ਇਹ ਤਾਂ ਜਿਹੜਾ ਥਰਮਲ ਪਲਾਂਟ ਹੈ ਉਸ ਨੂੰ ਵੀ ਕੇਂਦਰੀ ਸਰਕਾਰ ਨੂੰ ਵੇਚ ਆਏ ਹਨ। ਫਿਰ ਇਹ ਕਹਿੰਦੇ ਹਨ ਕਿ ਅਸੀਂ ਪੰਜਾਬ ਦੇ ਕਿਸਾਨ ਦੇ ਹਮਦਰਦ ਹਾਂ। ਉਨ੍ਹਾਂ ਨੂੰ ਬਿਜਲੀ ਨਹੀਂ ਮਿਲ ਰਹੀ, ਉਨ੍ਹਾਂ ਨੂੰ ਪਾਣੀ ਨਹੀਂ ਮਿਲ ਰਿਹਾ, ਜੇ ਇਹੀ ਨੱਜ਼ਰੀਆ ਸਾਡੀ ਸਰਕਾਰ ਦਾ ਰਿਹਾ ਤਾਂ ਮੈਨੂੰ ਪੂਰਾ ਯਕੀਨ ਹੈ ਕਿ ਸਾਡੇ ਪੰਜਾਬ ਦੀ ਕੋਈ ਤਰੱਕੀ ਨਹੀਂ ਹੋਵੇਗੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਹੁਣ ਮੈਂ ਐਜੂਕੇਸ਼ਨ ਦਾ ਜ਼ਿਕਰ ਕਰਦਾ ਹਾਂ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਤੇ ਵੀ ਇਹ ਨਹੀਂ ਦੱਸਿਆ ਕਿ ਕਿੰਨੇ ਸਕੂਲ ਅੱਪਗ੍ਰੇਡ ਕਰਨੇ ਹਨ। ਅੱਜ ਵੀ ਇਥੇ ਸਵਾਲ ਦੇ ਜਵਾਬ ਵਿਚ ਇਹ ਪੁੱਛਿਆ ਗਿਆ ਕਿ ਕਿੰਨੇ ਸਕੂਲ ਅੱਪਗ੍ਰੇਡ ਕਰਨੇ ਹਨ ਤਾਂ ਇਹ ਨਹੀਂ ਦਸ ਸਕੇ। ਇਨ੍ਹਾਂ ਦਾ ਹਾਲੇ ਕੋਈ ਇਰਾਦਾ ਨਹੀਂ। ਫਿਰ ਇਨ੍ਹਾਂ ਨੇ ਲਿਖਿਆ ਹੈ ਕਿ ਅਧਿਆਪਕ-ਮਾਪਿਆਂ ਦੀ ਸੰਸਥਾ ਬਣਾਵਾਂਗੇ। ਮੇਰਾ ਖਿਆਲ ਹੈ ਕਿ ਇਨ੍ਹਾਂ ਦਾ ਹੁਣ ਫਿਰ ਸਕੂਲ ਵਿਚ ਪੜ੍ਹਨ ਨੂੰ ਦਿਲ ਕਰਦਾ ਹੈ। ਸਪੀਕਰ ਸਾਹਿਬ, ਅੱਜ ਲੋੜ ਹੈ ਵਿਦਿਆ ਪ੍ਰਣਾਲੀ ਵਿਚ ਸੁਧਾਰ ਲਿਆਉਣ ਦੀ ਪਰ ਇਸ ਬਾਰੇ ਕਿਤੇ ਜ਼ਿਕਰ ਨਹੀਂ ਕੀਤਾ ਗਿਆ। ਸਪੀਕਰ ਸਾਹਿਬ, ਕੋਈ ਸਮਾਂ ਸੀ ਕਿ ਕੋਈ ਅਧਿਆਪਕ ਵੇਤਨ ਘੱਟ ਹੋਣ ਕਰਕੇ ਇਹ ਕੰਮ ਕਰਨ ਨੂੰ ਤਿਆਰ ਨਹੀਂ ਸੀ। ਪਰ ਅਕਾਲੀ ਸਰਕਾਰ ਨੂੰ ਇਸ ਗੱਲ ਦਾ ਕਰੈਡਿਟ ਜਾਂਦਾ ਹੈ ਕਿ ਉਸ ਨੇ ਅਧਿਆਪਕਾਂ ਦੇ ਵਰਗ ਨੂੰ ਸਨਮਾਨ ਦਿਤਾ ਅਤੇ ਮਾਣ ਸਤਿਕਾਰ ਦਿੱਤਾ ਔਰ ਉਨ੍ਹਾਂ ਦੇ ਵੇਤਨ ਵਧਾਏ। ਅੱਜ ਉਹੀ ਅਧਿਆਪਕ ਉਥੇ ਰਹਿਣ ਨੂੰ ਤਿਆਰ ਹਨ। ਉਨ੍ਹਾਂ ਦੇ ਬੱਚੇ ਬੀ.ਏ. ਅਤੇ ਬੀ.ਐਡ. ਵਿਚ ਫਸਟ ਕਲਾਸ ਵਿਚ ਪਾਸ ਹੁੰਦੇ ਰਹੇ। ਪਰ ਅੱਜ ਜੋ ਧੱਕਾ ਉਨ੍ਹਾਂ ਨਾਲ ਹੋ ਰਿਹਾ ਹੈ ਕੀ ਤੁਸੀਂ ਉਸ ਤੋਂ ਆਸ ਕਰ ਸਕਦੇ ਹੋ ਕਿ ਉਨ੍ਹਾਂ ਦੇ ਬੱਚੇ ਚੰਗੀਆਂ ਡਿਵੀਜ਼ਨਾਂ ਵਿਚ ਪਾਸ ਹੋਣਗੇ ? ਉਹ ਆਪਣੇ ਬੱਚਿਆਂ ਨੂੰ ਚੰਗੀ ਵਿਦਿਆ ਨਹੀਂ ਦੇ ਸਕਦੇ। ਇਸ ਲਈ ਮੈਂ ਇਸ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਵਿਦਿਆ ਦੇ ਸਟੈਂਡਰਡ ਨੂੰ ਉਚਾ ਕਰਨ ਲਈ ਟੀਚਰ ਓਰੀਐਂਟੇਸ਼ਨ ਕੋਰਸ ਸ਼ੁਰੂ ਕਰਨੇ ਚਾਹੀਦੇ ਹਨ ਜਿਸ ਨਾਲ ਉਨ੍ਹਾਂ ਦਾ ਆਪਣਾ ਸਟੈਂਡਰਡ ਉੱਚਾ ਹੋ ਸਕੇ ਅਤੇ ਜਿਹੜੀ ਸਕੂਲਾਂ ਵਿਚ ਬੱਚਿਆਂ ਦੀ ਜ਼ਿੰਦਗੀ ਬਰਬਾਦ ਹੋ ਰਹੀ ਹੈ ਉਹ ਰੁਕ ਸਕੇ। ਬੱਚੇ ਨਕਲ ਮਾਰ ਕੇ ਪਾਸ ਹੋਣਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਵੱਲ ਪੂਰਾ ਧਿਆਨ ਨਹੀਂ ਦਿੱਤਾ ਗਿਆ। ਇਸ ਲਈ ਮੈਂ ਫਿਰ ਇਹ ਕਹਾਂਗਾ ਕਿ ਇਸ ਸਰਕਾਰ ਨੂੰ ਟੀਚਰ ਓਰੀਐਂਟੇਸ਼ਨ ਕੋਰਸ ਸ਼ੁਰੂ ਕਰਨੇ ਚਾਹੀਦੇ ਹਨ। ਘੱਟੋ ਘੱਟ ਇਕ ਜ਼ਿਲ੍ਹੇ ਵਿਚ ਇਕ ਕਾਲਜ ਅਜਿਹਾ ਜ਼ਰੂਰ ਖੋਲ੍ਹ ਦੇਣਾ ਚਾਹੀਦਾ ਹੈ ਜਿਥੇ ਟੀਚਰਜ਼ ਨੂੰ ਦੁਬਾਰਾ ਤੋਂ ਟਰੇਂਡ ਕੀਤਾ ਜਾਵੇ। ਪਿਛੇ ਸਰਕਾਰ ਨੇ ਇਕ ਪਾਲਿਸੀ ਬਣਾਈ ਸੀ ਕਿ ਸਾਰੇ ਪੰਜਾਬ ਨੂੰ ਪੜ੍ਹਿਆ ਲਿਖਿਆ ਬਣਾਉਣਾ ਹੈ ਇਸ ਵਾਸਤੇ ਕੰਪਲ-ਸਰੀ ਐਜੂਕੇਸ਼ਨ ਸ਼ੁਰੂ ਕੀਤੀ ਗਈ ਸੀ। ਉਸ ਨਾਲ ਕੀ ਹੋਇਆ ਕਿ ਅਧਿਆਪਕ ਰਜਿਸਟਰ ਲੈ ਕੇ ਘਰਾਂ ਵਿਚ ਤੁਰ ਪੈਂਦੇ ਸਨ ਅਤੇ ਉਨ੍ਹਾਂ ਦੇ ਬੱਚੇ ਜਿਹੜੇ ਨਹੀਂ ਸਨ ਪੜ੍ਹਦੇ ਉਨ੍ਹਾਂ ਦੇ ਨਾਂ ਲਿਖ ਜਾਂਦੇ ਸਨ। ਇਸ ਦਾ ਨਤੀਜਾ ਇਹ ਨਿਕਲਿਆ ਕਿ ਉਹ ਬੱਚੇ ਸਕੂਲਾਂ ਵਿਚ ਨਹੀਂ ਸਨ ਪਹੁੰਚਦੇ ਅਤੇ ਉਹ ਪਾਸ ਹੋਏ ਵਿਖਾਏ ਜਾਂਦੇ ਸਨ। ਫਿਰ ਇਹ ਕਹਿ ਦਿੱਤਾ ਕਿ 5ਵੀਂ ਜਮਾਤ ਤਕ ਕੋਈ ਬੱਚਾ ਫੇਲ੍ਹ ਨਹੀਂ ਕਰਨਾ। 5ਵੀਂ ਤਕ ਹਰ ਇਕ ਪਾਸ ਕੀਤਾ ਜਾਂਦਾ ਸੀ ਚਾਹੇ ਉਹ ਪੜ੍ਹਦਾ ਸੀ ਜਾਂ ਨਹੀਂ ਸੀ ਪੜ੍ਹਦਾ। ਪਰ ਜਦੋਂ ਉਹ 6ਵੀਂ ਜਮਾਤ ਵਿਚ ਪਹੁੰਚਦਾ ਹੈ ਤਾਂ ਉਸ ਨੂੰ ਰੋਕ ਲਗ ਜਾਂਦੀ ਸੀ ਇਸ ਤਰ੍ਹਾਂ 6ਵੀਂ, 7ਵੀਂ, ਅਠਵੀਂ ਅਤੇ ਦਸਵੀਂ ਤਕ ਉਹ ਬੱਚਾ ਨਕਲ ਨਾਲ ਪਾਸ ਹੋਣਾ ਚਾਹੀਦਾ ਹੈ ਔਰ ਫਿਰ ਜੇ ਕੋਈ ਉਸ ਨੂੰ ਨਕਲ ਤੋਂ ਰੋਕਦਾ ਹੈ ਤਾਂ ਉਹ ਚਾਕੂ ਲੈ ਕੇ ਇਮਤਿਹਾਨ ਵਿਚ ਬੈਠ ਜਾਂਦਾ ਹੈ। ਇਸ ਤਰੀਕੇ ਨਾਲ ਉਨ੍ਹਾਂ ਵਿਚ ਨਕਲ ਮਾਰਨ ਦੀ ਆਦਤ ਵਧਦੀ ਜਾਂਦੀ ਹੈ। ਇਸ ਲਈ ਮੈਂ ਸਰਕਾਰ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਅਧਿਆਪਕ ਵਰਗ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਕਰੇ ਅਤੇ ਉਨ੍ਹਾਂ ਲਈ ਓਰੀਐਂਟੇਸ਼ਨ ਕੋਰਸ ਸ਼ੁਰੂ ਕਰੇ ਤਾਕਿ ਉਹ ਅਧਿਆਪਕ ਬੱਚਿਆਂ ਦੀ ਸਿਖਿਆ ਵੱਲ ਪੂਰਾ ਧਿਆਨ ਦੇ ਸਕਣ।

ਸਪੀਕਰ ਸਾਹਿਬ, ਇਥੇ ਮੰਡੀਕਰਣ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਬਾਰੇ ਮੈਂ ਇਕ ਗੱਲ ਦਸਦਾ ਹਾਂ। ਮੇਰੇ ਹਲਕੇ ਵਿਚ ਇਕ ਮੰਡੀ ਬਣੀ ਹੈ। ਸਰਕਾਰ ਨੇ ਉਸ ਮੰਡੀ ਲਈ ਪੈਸਾ ਵੀ ਦਿਤਾ, ਜ਼ਮੀਨ ਵੀ ਐਕੁਆਇਰ ਹੋ ਗਈ, ਰੁਪਿਆ ਲਾਇਆ ਵੀ ਗਿਆ। ਉਥੇ ਦਾ ਮਲਬਾ

Original with;
Punjab Vidhan Sabha
Digitized by;
Panjab Digital Library

ਵੀ ਨਿਲ੍ਹਾਮ ਹੋ ਗਿਆ ਪਰ ਉਥੇ ਦੁਕਾਨਾਂ ਉਸੇ ਤਰ੍ਹਾਂ ਕਾਇਮ ਹਨ। ਜਦ ਦੁਕਾਨਾਂ ਨੂੰ ਢਾਉਣ ਲਈ ਕਿਹਾ ਗਿਆ ਤਾਂ ਇਹ ਉਹ ਦੁਕਾਨਾਂ ਵਾਲੇ ਮੁੱਖ ਮੰਤਰੀ ਜੀ ਤੋਂ ਸਟੇਅ ਲੈ ਕੇ ਚਲੇ ਗਏ ਕਿ ਦੁਕਾਨਾਂ ਨਾ ਢਾਉ । ਸਪੀਕਰ ਸਾਹਿਬ, ਦੁਕਾਨਾਂ ਢਾਉਣੀਆਂ ਚਾਹੀਦੀਆਂ ਹਨ, ਉਹ ਮੰਡੀ ਬਣਾਉਣ ਵਿਚ ਬਹੁਤ ਰੁਕਾਵਟਾਂ ਪਾਉਂਦੀਆਂ ਹਨ। ਮੈਂ ਸਰਕਾਰ ਨੂੰ ਇਹ ਕਹਾਂਗਾ ਕਿ ਉਹ ਸੋਚ ਸਮਝ ਕੇ ਫੈਸਲੇ ਕਰਿਆ ਕਰੇ । ਲੱਖਾਂ ਰੁਪਏ ਸਰਕਾਰ ਦੇ ਉਥੇ ਲਗ ਚੁੱਕੇ ਹਨ। ਜੇਕਰ ਮੰਡੀ ਉਥੇ ਨਹੀਂ ਬਣਾਉਣੀ ਤਾਂ ਫਿਰ ਗਵਰਨਰ ਐਡਰੈਸ ਵਿਚ ਪੁਰਾਣੀਆਂ ਮੰਡੀਆਂ ਦਾ ਸੁਧਾਰ ਅਤੇ ਹੋਰ ਨਵੀਆਂ ਮੰਡੀਆਂ ਬਣਾਉਣ ਦਾ ਜ਼ਿਕਰ ਕਿਉਂ ਕੀਤਾ ਗਿਆ ਹੈ ? ਸਪੀਕਰ ਸਾਹਿਬ, ਬਹੁਤ ਸਾਰੇ ਅਹਿਮ ਮਸਲੇ ਹਨ ਜਿਨ੍ਹਾਂ ਨੂੰ ਗਵਰਨਰ ਐਡਰੈਸ ਵਿਚ ਛੋਹਿਆ ਤਕ ਨਹੀਂ ਗਿਆ । ਸਪੀਕਰ ਸਾਹਿਬ, ਤੁਸੀਂ ਆਪਣੇ ਇਲਾਕੇ ਅੰਮ੍ਰਿਤਸਰ ਨੂੰ ਹੀ ਲੈ ਲਉ। ਉਥੋਂ ਦੇ ਲੋਕ ਵਿਦੇਸ਼ਾਂ ਵਿਚ ਵਸਦੇ ਹਨ ਅਤੇ ਲੱਖਾਂ ਰੁਪਏ ਦੀ ਫਾਰੇਨ ਐਕਸਚੇਂਜ ਲਿਆਉਂਦੇ ਹਨ। ਇਸ ਲਈ ਅੰਮ੍ਰਿਤਸਰ ਦੀ ਧਰਤੀ ਦਾ ਵੀ ਜ਼ਿਕਰ ਨਹੀਂ ਕੀਤਾ ਕਿ ਸਰਕਾਰ ਉਥੇ ਲਈ ਕੀ ਯਤਨ ਕਰ ਰਹੀ ਹੈ। ਸਪੀਕਰ ਸਾਹਿਬ, ਚੰਡੀਗੜ੍ਹ ਤੋਂ ਲੁਧਿਆਣਾ ਰੇਲ ਦਾ ਵੀ ਜ਼ਿਕਰ ਨਹੀਂ ਕੀਤਾ ਗਿਆ ਕਿ ਇਸ ਬਾਰੇ ਸਰਕਾਰ ਕੀ ਕਰੇਗੀ ਸਭ ਤੋਂ ਵਡਾ ਮਸਲਾ ਇਕ ਹੋਰ ਹੈ ਜਿਹੜਾ ਕਿ ਇਨ੍ਹਾਂ ਦੀ ਗਲਤੀ ਨਾਲ ਰਿਹਾ ਹੈ। ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬੀ ਬੋਲਦੇ ਇਲਾਕੇ ਅਤੇ ਚੰਡੀਗੜ੍ਹ ਦਾ ਮਸਲਾ ਇਹ ਅਹਿਮ ਮਸਲੇ ਹਨ। ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਐਲਾਨ ਵੀ ਕੀਤਾ ਗਿਆ ਸੀ ਪਰ ਅਜੇ ਤਕ ਨਹੀਂ ਦਿਤਾ ਗਿਆ। ਪੰਜਾਬੀ ਬੋਲਦੇ ਇਲਾਕਿਆਂ ਨੂੰ ਵੀ ਲੈਣ ਬਾਰੇ ਗਵਰਨਰ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਸ ਲਈ ਇਹ ਗਵਰਨਰ ਐਡਰੈਸ ਪੰਜਾਬ ਦੇ ਹਿਤਾਂ ਦਾ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ। ਮੈਂ ਕਹਿੰਦਾ ਹਾਂ ਕਿ ਇਹ ਗਵਰਨਰ ਐਡਰੈਸ ਪੰਜਾਬ ਦੇ ਹਿਤਾਂ ਲਈ ਬਿਲਕੁਲ ਨਹੀਂ ਹੈ। (ਵਿਘਨ)

**Mr. Speaker** : Please wind up.

**ਸਰਦਾਰ ਬਲਦੇਵ ਸਿੰਘ ਮਾਨ** : ਸਪੀਕਰ ਸਾਹਿਬ, ਤਿੰਨ ਮਿੰਟਾਂ ਵਿਚ ਹੀ ਵਾਈਂਡ ਅਪ ਕਰਦਾ ਹਾਂ। ਮੈਨੂੰ ਇੱਕ ਗੱਲ ਯਾਦ ਆ ਗਈ। ਕੁਝ ਲੋਕ ਕਹਿਣ ਲਗੇ ਕਿ ਪੰਜਾਬ ਦੇ ਲੋਕ ਤਾਂ ਸਾਰੇ ਆਪੋਜੀਸ਼ਨ ਵਿਚ ਹੀ ਬੈਠੇ ਹਨ। ਯੂ.ਪੀ. ਦੇ ਭੱਈਆਂ ਦੀ ਪ੍ਰਤੀਨਿਧਤਾ ਕਰਨ ਵਾਲੇ ਬੈਠੇ ਹਨ। ਸਾਰੇ ਆਪੋਜੀਸ਼ਨ ਵਿਚ ਹੀ ਆ ਗਏ। ਸਾਹਮਣੇ ਬੈਠੇ ਭਰਾ ਸਮੁੱਚੇ ਪੰਜਾਬ ਦੀ ਪ੍ਰਤੀਨਿਧਤਾ ਨਹੀਂ ਕਰਦੇ। ਸਪੀਕਰ ਸਾਹਿਬ, (ਵਿਘਨ) (ਸ਼ੋਰ) ਇਨ੍ਹਾਂ ਨੇ ਵਜ਼ੀਰਾਂ ਨੂੰ ਛਾਂਟ ਕੇ ਲਿਆਂਦਾ ਹੈ। ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਕੋਈ ਖਾਸ ਗੱਲ ਨਹੀਂ ਜਿਸ ਬਾਰੇ ਮੈਂ ਗਵਰਨਰ ਸਾਹਿਬ ਦਾ ਧੰਨਵਾਦ ਕਰਾਂ । ਮੈਂ ਤਾਂ ਸਮਝਦਾ ਹਾਂ ਕਿ ਅਜਿਹਾ ਗਵਰਨਰ ਐਡਰੈਸ ਕਦੇ ਵੀ ਅੱਜ ਤਕ ਪੰਜਾਬ ਵਿਚ ਨਹੀਂ ਆਇਆ ਹੋਵੇਗਾ। ਸ਼ਾਇਦ ਉਸ ਵੇਲੇ ਆਇਆ ਹੋਵੇਗਾ ਜਦੋਂ ਸਰਦਾਰ ਦਰਬਾਰਾ ਸਿਘ ਹੋਰੀਂ ਮਨਿਸਟਰ ਹੁੰਦੇ ਸੀ। ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮੱਤੇ ਦੀ ਵਿਰੋਧਤਾ ਕਰਦਾ ਹਾਂ। (ਵਿਘਨ)

**ਸ੍ਰੀ ਓਮ ਪ੍ਰਕਾਸ਼ ਗੁਪਤਾ** (ਲੁਧਿਆਣਾ ਪੂਰਬ) : ਮੈਂ, ਸਪੀਕਰ ਸਾਹਿਬ, ਸਰਦਾਰ ਬੀਰ ਦਵਿੰਦਰ ਸਿੰਘ ਜੀ ਦਾ ਸ਼ੁਕਰੀਆਂ ਅਦਾ ਕਰਦਾ ਹਾਂ ਜਿਨ੍ਹਾਂ ਨੇ ਇਹ ਮਤਾ ਪੇਸ਼ ਕੀਤਾ ਹੈ। ਮੈਂ ਇਸ ਮਤੇ ਦੀ ਸਪੋਰਟ ਕਰਿਨ ਲਈ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਜਦੋਂ ਗਵਰਨਰ ਸਾਹਿਬ ਨੇ ਐਡਰੈਸ ਪੇਸ਼ ਕੀਤਾ ਤਾਂ ਸਾਡੇ ਕਾਬਲ ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਇਨਟਰੱਪਟ ਕਰਨਾ ਸ਼ੁਰੂ ਕਰ ਦਿੱਤਾ । ਜੇਕਰ ਕੋਈ ਹੋਰ ਮੈਂਬਰ ਇਸ ਤਰ੍ਹਾਂ ਇਨਟਰੱਪਟ ਕਰਦਾ ਤਾਂ ਠੀਕ ਸੀ ਪਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੋ ਕਿ ਤਿੰਨ ਵਾਰ ਮੁੱਖ ਮੰਤਰੀ ਰਹਿ ਚੁੱਕੇ ਹਨ ਉਨ੍ਹਾਂ ਵਲੋਂ ਗਵਰਨਰ ਸਾਹਿਬ ਦੇ ਐਡਰੈਸ ਵੇਲੇ ਇਨਟਰੱਪਟ ਕਰਨਾ ਠੀਕ ਨਹੀਂ ਸੀ। ਇਸ ਬਾਰੇ ਅਸੈਂਬਲੀ ਦੇ ਰੂਲ ਕਲੀਅਰ ਹਨ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਅਕਾਲੀ-ਜਨਤਾ ਸਰਕਾਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਵੇਲੇ ਜੋ ਕੁਝ ਹੋਇਆ ... (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਦੇ ਰਾਜ ਵੇਲੇ ਮੈਂ ਵੀ ਮੈਂਬਰ ਸੀ । ਇਸ ਅਸੈਂਬਲੀ ਵਿਚ ਮੈਨੂੰ ਪਤਾ ਹੈ ਕਿਵੇਂ ਹੁੰਦਾ ਰਿਹਾ ਹੈ। ਗਵਰਨਰ ਐਡਰੈਸ ਤੇ ਬੜੇ ਦੱਬੇ ਦਿਲ ਨਾਲ ਗੱਲਾਂ ਹੁੰਦੀਆਂ ਸਨ ਪਰ ਅਸਲੀਅਤ ਕੁਝ ਹੋਰ ਹੁੰਦੀ ਸੀ। ਇਹ ਸਭ ਕੁਝ ਕਿਉਂ ਕੀਤਾ ਗਿਆ ? ਮੈਂ ਇਸ ਬਾਰੇ ਥੋੜ੍ਹੀਆਂ ਜਿਹੀਆਂ ਗੱਲਾਂ ਦੱਸਣਾ ਚਾਹੁੰਦਾ ਹਾਂ । ਅਕਾਲੀ-ਜਨਤਾ ਸਰਕਾਰ ਦਾ ਢਾਈ ਸਾਲ ਰਾਜ ਰਿਹਾ । (ਵਿਘਨ) (ਸ਼ੋਰ)

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਸਨ)

**ਸ੍ਰੀ ਸਪੀਕਰ** : ਜੋ ਮੈਂਬਰ ਸਾਹਿਬ ਬੋਲ ਰਹੇ ਹਨ, ਤੁਸੀਂ ਉਨ੍ਹਾਂ ਨੂੰ ਸੁਣੋ। ਇਨਟਰੱਪਸ਼ਨ ਨਾ ਕਰੋ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਦਾ ਢਾਈ ਸਾਲ ਰਾਜ ਰਿਹਾ । ਅਕਾਲੀ-ਜਨਤਾ ਸਰਕਾਰ ਨੂੰ ਲੋਕਾਂ ਨੇ ਪਹਿਲਾਂ ਵੋਟਾਂ ਪਾਈਆਂ। ਇਨ੍ਹਾਂ ਵਿਚ ਜਨਸੰਘੀ ਵੀ ਸੀ ਅਤੇ ਸੀ.ਪੀ.ਆਈ ਵਾਲੇ ਵੀ ਸੀ ਅਤੇ ਇਹ ਕੁਲ 60 ਮੈਂਬਰ ਸਨ ਪਰ ਹੁਣ ਇਹ ਕੇਵਲ 37 ਮੈਂਬਰ ਰਹਿ ਗਏ ਹਨ ਅਤੇ ਜਨਤਾ ਪਾਰਟੀ ਵਾਲੇ ਸਾਰੇ ਦੇ ਸਾਰੇ ਹੀ ਖਤਮ ਹੋ ਗਏ। (ਵਿਘਨ)(ਆਵਾਜ਼ਾਂ : ਇੱਕ ਬੈਠਾ ਹੈ।)

ਸਪੀਕਰ ਸਾਹਿਬ, ਮੇਰੀ ਗੱਲ ਸੁਣੋ। ਮੈਂ ਅਰਜ਼ ਕਰਾਂਗਾ ਕਿ ਇਹ ਕਿਉਂ ਹੋਇਆ ? ਸਪੀਕਰ ਸਾਹਿਬ, ਕੁਰੱਪਸ਼ਨ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਕੁਰਪਸ਼ਨ ਉਹ ਹੁੰਦੀ ਹੈ ਜਿਹੜੀ ਕਿ ਸਰਵਿਸਿਜ਼ ਵਿਚ, ਡਿਪਾਰਟਮੈਂਟ ਵਿਚ ਜਾਂ ਸਾਰੇ ਮਹਿਕਮਿਆਂ ਵਿਚ ਹੁੰਦੀ ਹੈ, ਜਿਸ ਦਾ ਰੱਬ ਰਾਖਾ ਹੈ। ਦੂਜੀ ਕੁਰੱਪਸ਼ਨ ਉਹ ਹੈ ਜਿਹੜੀ ਮੈਂ ਸਰਕਾਰ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ, ਜੋ ਕਿ ਇਨ੍ਹਾਂ ਅਕਾਲੀਆਂ ਵੇਲੇ ਸੀ, ਉਹ ਸੀ ਪੁਲੀਟੀਕਲ ਕੁਰੱਪਸ਼ਨ। (ਵਿਘਨ) ਸਪੀਕਰ ਸਾਹਿਬ, ਅਕਾਲੀ-ਜਨਤਾ ਸਰਕਾਰ ਵੇਲੇ ਜਿਤਨੇ ਵੀ ਕਾਰਪੋਰੇਸ਼ਨਾਂ ਦੇ ਚੇਅਰਮੈਨ ਲਗਾਏ ਗਏ ਸਨ, ਉਹ ਸਾਰੇ ਦੇ ਸਾਰੇ ਹੀ ਕੁਰੱਪਟ ਸਨ। (ਸ਼ੇਮ, ਸ਼ੇਮ) (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਹ ਸਭ ਕੁਝ ਅਖਬਾਰਾਂ ਵਿਚ ਆਉਂਦਾ ਰਿਹਾ ਹੈ। ਭਾਵੇਂ ਪਨਸਪ ਲੈ ਲਵੋ, ਭਾਵੇਂ ਸੀਵਰੇਜ਼ ਬੋਰਡ, ਟਿਊਬ-ਵੈਲ ਕਾਰਪੋਰੇਸ਼ਨ, ਮਾਰਕਫੈਡ ਅਤੇ ਹੋਰ ਕਾਰਪੋਰੇਸ਼ਨਾਂ ਹੋਣ ਉਨ੍ਹਾਂ ਵਿਚ ਇਨ੍ਹਾਂ ਨੇ ਜੋ ਪੁਲੀਟੀਕਲ ਆਦਮੀ ਲਾਏ ਸਨ, ਉਹ ਸਾਰੇ ਹੀ ਕੁਰੱਪਟ ਸਨ। (ਵਿਘਨ) (ਸ਼ੋਰ) ਮੇਰੀ ਗਲ ਸੁਣੋ, ਸਪੀਕਰ ਸਾਹਿਬ, ਜਦੋਂ ਅਕਾਲੀ-ਜਨਤਾ ਸਰਕਾਰ ਦਾ ਰਾਜ ਆਇਆ ਤਾਂ ਜੋ ਕੇਸ ਛੰਗਾਨੀ ਕਮਿਸ਼ਨ ਵਿਚ ਚਲਦੇ ਸੀ, ਉਹ ਸਾਰੇ ਦੇ ਸਾਰੇ ਖਤਮ ਕਰਵਾ ਦਿਤੇ। ਕਾਂਗਰਸੀ ਲੀਡਰਾਂ ਦੇ ਖਿਲਾਫ ਝੂਠੇ ਕੇਸ ਬਣਾਏ ਗਏ। ਇਥੇ ਸ੍ਰੀ ਯਸ਼ ਜੀ ਬੈਠੇ ਨਹੀਂ ਹਨ ... (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਕੋਈ ਵੀ ਮੈਂਬਰ ਸਾਹਿਬ ਵਿਚ ਨਾ ਬੋਲੇ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਯਸ਼ ਜੀ ਨੂੰ ਬਹੁਤ ਪਰੇਸ਼ਾਨ ਕੀਤਾ ਗਿਆ । ਪਟਿਆਲੇ ਲਿਜਾਕੇ ਉਨ੍ਹਾਂ ਨੂੰ ਤੰਗ ਕੀਤਾ ਗਿਆ । (ਸਰਦਾਰ ਸੁਖਜਿੰਦਰ ਸਿੰਘ ਵਲੋਂ ਵਿਘਨ) ਦੂਜੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਸਾਡੇ ਆਨਰੇਬਲ ਮੈਂਬਰ ਡਾਂਗ ਸਾਹਿਬ, ਜਿਹੜੇ ਇਸ ਦਫਾ ਮੈਂਬਰ ਬਣ ਕੇ ਨਹੀਂ ਆਏ, ਉਨ੍ਹਾਂ ਦੀ ਪਾਰਟੀ ਦੇ ਸਾਥੀ ਕਈ ਬੈਠੇ ਹਨ ਉਨ੍ਹਾਂ ਨੇ ਇੱਕ ਵਾਰੀ ਹਾਊਸ ਵਿਚ ਇਹ ਸਵਾਲ ਉਠਾਇਆ ਸੀ ਕਿ ਪੰਜਾਬ ਦਾ ਵਜ਼ੀਰ ਜਾਪਾਨ ਤੋਂ ਡਾਲਰ ਲੈਂਦਾ ਹੈ। ਜਨਤਾ ਪਾਰਟੀ ਵੇਲੇ ਰਾਜ ਸਭਾ ਵਿਚ ਆਇਆ ਸੀ ਕਿ ਉਹ ਪੰਜਾਬ ਸਰਕਾਰ ਦੇ ਵਜ਼ੀਰ ਹਨ ਜਿਹੜੇ ਕਿ

Original with;
Punjab Vidhan Sabha
Digitized by;
Panjab Digital Library

ਜਾਪਦਾ ਤੋਂ ਬੇਨਾਮੀ ਪੈਸੇ ਲੈਂਦੇ ਹਨ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਹੁਣ ਦੀ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਜਿਹੇ ਜੋ ਸਕੈਂਡਲ ਹਨ ਉਨ੍ਹਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਸਰਦਾਰ ਸੁਖਜਿੰਦਰ ਸਿੰਘ ਦੇ ਪੀ.ਏ. ਨੇ ਇੱਕ ਬੜਾ ਵੱਡਾ ਮੈਮੋਰੈਂਡਮ ਦਿੱਤਾ ਜਿਸ ਵਿਚ ਕੁਰੱਪਸ਼ਨ ਦੇ ਚਾਰਜਿਜ਼ ਲਗਾਏ ਗਏ ਔਰ ਸਰਦਾਰ ਜੀ ਨੂੰ ਅਸਤੀਫਾ ਦੇਣਾ ਪਿਆ। ਉਸ ਬਾਰੇ ਇਨਕੁਆਇਰੀ ਦਾ ਪਤਾ ਨਹੀਂ ਕੀ ਬਣਿਆ ਕਿ ਆਇਆ ਉਹ ਚਾਰਜਿਜ਼ ਝੂਠੇ ਹਨ ਜਾਂ ਨਹੀਂ। ਉਹ ਇਨਕੁਆਇਰੀ ਦਬਾ ਦਿੱਤੀ ਗਈ। (ਵਿਘਨ)

---

## PERSONAL EXPLANATION BY SARDAR SUKHJINDER SINGH KHAIRA

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ।

**ਸ੍ਰੀ ਸਪੀਕਰ** : ਤੁਸੀਂ ਬਾਅਦ ਵਿਚ ਬੋਲਣਾ ਹੈ, ਉਸ ਵੇਲੇ ਕਹਿ ਲੈਣਾ। (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਸਰ, ਮੇਰਾ ਨਾਂ ਲਿਆ ਗਿਆ ਹੈ, ਇਸ ਲਈ ਮੈਨੂੰ ਹੁਣੇ ਹੀ ਬੋਲ ਲੈਣ ਦਿਓ। ਇਹ ਮੇਰੇ ਮੋਹਤਰਮ ਦੋਸਤ ਨੇ ਪੁਰਾਣੇ ਹਾਊਸ ਦੀ ਗਲ ਕੀਤੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੋਈ ਵੀ ਰਿਸਪਾਂਸੀਬਲ ਆਦਮੀ ਕਿਸੇ ਮੈਮੋਰੰਡਮ ਤੇ ਆਪਣੇ ਦਸਤਖ਼ਤ ਕਰਕੇ ਦੇਵੇ ਅਤੇ ਇਨਕੁਆਇਰੀ ਤੇ, ਜੇ ਮੈਂ ਕਸੂਰਵਾਰ ਹੋਵਾਂਗਾ ਤਾਂ ਮੈਂ ਸਜ਼ਾ ਭੁਗਤਣ ਨੂੰ ਤਿਆਰ ਹਾਂ। (ਵਿਘਨ) ਇਹ ਹਾਊਸ ਤੋਂ ਬਾਹਰ ਜਾਕੇ ਦਸਤਖ਼ਤ ਕਰਕੇ ਦੇਣ, ਫਿਰ ਮੈਂ ਇਨਕੁਆਇਰੀ ਲਈ ਤਿਆਰ ਹਾਂ।

---

## DISCUSSION ON GOVERNOR'S ADDRESS (*Resumption*)

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਕਾਊਂਟਰ ਮੈਮੋਰੰਡਮ ਬਣਿਆ ਸਰਦਾਰ ਬਾਦਲ ਸਾਹਿਬ ਔਰ ਉਨ੍ਹਾਂ ਦੇ ਵਜ਼ੀਰਾਂ ਦੇ ਖਿਲਾਫ਼, ਉਸ ਵਿਚ ਡਿਫਰੈਂਟ ਡਿਫਰੈਂਟ ਕਿਸਮ ਦੇ ਇਥੇ ਚਾਰਜਿਜ਼ ਲਗਾਏ ਗਏ ਜਿਸ ਤਰ੍ਹਾਂ ਕੀੜੇ ਮਾਰ ਦਵਾਈਆਂ ਦੀ ਖਰੀਦ ਦੀ ਕੁਰੱਪਸ਼ਨ, ਪੁਲੀਸ ਵਿਚ ਏ.ਐਸ.ਆਈ. ਦੀ ਭਰਤੀ ਕਰਨ ਤੇ ਪੈਸੇ ਲਏ ਗਏ, ਨਾਇਬ ਤਹਿਸੀਲਦਾਰਾਂ ਦੀ ਭਰਤੀ ਕਰਨ ਤੇ ਪੈਸੇ ਲਏ ਗਏ। (ਵਿਘਨ)

**ਸ੍ਰੀ ਸਪੀਕਰ** : ਤੁਸੀਂ ਪਰਸਨਲ ਗੱਲਾਂ ਨਾ ਕਰੋ ਅਤੇ ਪਾਲਿਸੀ ਮੈਟਰ ਤੇ ਗਲਾਂ ਕਰੋ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਜ਼ਿਲ੍ਹੇਦਾਰ ਭਰਤੀ ਕਰਨ ਵੇਲੇ ਕੁਰੱਪਸ਼ਨ, ਖੰਨੇ ਵਿਖੇ ਗੰਦਮ ਦਾ ਸਕੈਂਡਲ। ਉਸ ਵਿਚ ਕਰੋੜਾਂ ਰੁਪਏ ਦਾ ਗ਼ਬਨ ਹੋਇਆ ਔਰ ਕੋਈ ਇਨਕੁਆਇਰੀ ਨਹੀਂ ਕੀਤੀ ਗਈ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਹੋ ਰਹੀ ਹੈ। ਦੋਨਾਂ ਪਾਸਿਉਂ ਤੋਂ ਟੋਕਾ ਟਾਕੀ ਬਹਿਸ ਨੂੰ ਠੀਕ ਪਾਸੇ ਨਹੀਂ ਪਾ ਰਹੀ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਾਨਯੋਗ ਮੈਂਬਰ ਸਾਹਿਬ ਜੋ ਬੋਲ ਰਹੇ ਹਨ ਉਨ੍ਹਾਂ ਨੇ ਕੁਰੱਪਸ਼ਨ ਦੇ ਚਾਰਜਿਜ਼ ਲਗਾਏ ਹਨ, ਇਹ ਹਾਊਸ ਨੂੰ ਕਿਸੇ ਚੰਗੇ ਰਾਹ ਪਾਉਣ। ਕੀ ਕੈਰੇਲਾ ਪੈਟਰਨ ਤੇ ਇਥੇ ਵੀ ਇਹ ਇਕ ਪਰਮਾਨੈਂਟ ਇਨਕੁਆਇਰੀ ਕਮਿਸ਼ਨ ਬਣਾਉਣ ਨੂੰ ਤਿਆਰ ਹਨ?

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਖੰਨੇ ਮੰਡੀ ਵਿਚ ਕਰੋੜਾਂ ਰੁਪਏ ਦੀ ਗੰਦਮ ਖਤਮ ਕਰ ਦਿੱਤੀ ਗਈ। ਐਜੂਕੇਸ਼ਨ ਬੋਰਡ ਵਿਚ ਅਗਰ ਕੋਈ ਕਲਰਕ ਵੀ ਭਰਤੀ ਕੀਤਾ ਗਿਆ ਤਾਂ ਪੈਸੇ ਲਏ ਗਏ।

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਅਫੀਮ ਦੀ ਸਮਗਲਿੰਗ ਵਿਚ ਤਾਂ ਪਿਛਲੇ 30 ਸਾਲਾਂ ਦਾ ਇਨ੍ਹਾਂ ਦੇ ਵੇਲੇ ਰਿਕਾਰਡ ਤੋੜ ਦਿੱਤਾ ਗਿਆ। ਜਿੰਨੀ ਅਫੀਮ ਦੀ ਸਮਗਲਿੰਗ ਪਿਛਲੇ ਢਾਈ ਸਾਲਾਂ ਵਿਚ ਹੋਈ ਉਨੀ ਪਹਿਲਾਂ ਕਦੇ ਵੀ ਨਹੀਂ ਹੋਈ। ਅਖਬਾਰ ਵਿਚ ਤੁਸੀਂ ਪੜ੍ਹਿਆ ਹੋਣਾ ਹੈ ਕਿ ਨੋਟ ਔਰ ਟਿਕਟਾਂ ਛਾਪਣ ਵਾਲੀਆਂ ਪ੍ਰਿੰਟਿੰਗ ਮਸ਼ੀਨਾਂ ਪਕੜੀਆਂ ਗਈਆਂ। ਸਰਦਾਰ ਬਸੰਤ ਸਿੰਘ ਖਾਲਸਾ ਨੂੰ ਪਤਾ ਹੈ ਕਿ ਉਹ ਮਸ਼ੀਨਾਂ ਨਿਕਲੀਆਂ ਹਨ। ਅਕਾਲੀ ਦਲ ਦੇ ਮੈਂਬਰਾਂ ਨੂੰ ਉਹ ਗਏ ਹਨ। ਉਸ ਦਾ ਸਰਗਣਾ, ਨੋਟ ਛਾਪਣ ਵਾਲਾ ਬੀਰ ਖਾਲਸਾ ਦਲ ਦਾ ਸਕੱਤਰ ਹਰਕੀਰਤ ਸਿੰਘ ਹੈ। ਮੈਂ ਅਰਜ਼ ਕਰ ਰਿਹਾ ਹਾਂ ਕਿ ਉਨ੍ਹਾਂ ਨੇ ਆਪਣੀ ਖਾਲਿਸਤਾਨ ਸਰਕਾਰ ਬਣਾ ਲਈ ਹੈ, ਨੋਟ ਛਾਪਣ ਵਾਲੀ ਮਸ਼ੀਨ ਲੈ ਲਈ ਹੈ। ਇਸ ਦੇ ਨਾਲ ਹੀ ਬਹੁਤ ਸਾਰੇ ਇਥੇ ਹਾਜੀ ਮਸਤਾਨ ਪੈਦਾ ਹੋ ਗਏ ਹਨ।

**ਸਰਦਾਰ ਬਸੰਤ ਸਿੰਘ ਖਾਲਸਾ** : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਤੁਹਾਡੇ ਰਾਹੀਂ ਗੁਪਤਾ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਹਾਜੀ ਮਸਤਾਨ ਦੀ ਗੱਲ ਕਹੀ ਹੈ। ਇਨ੍ਹਾਂ ਨੇ ਆਪ ਨਾਹਰੇ ਲਗਾਏ ਸੀ। ਲੁਧਿਆਣਾ ਵਿਚ ਇਨ੍ਹਾਂ ਨੇ ਆਪ ਨਾਹਰਾ ਲਗਾਇਆ, ਇਨ੍ਹਾਂ ਨੇ ਬਾਈ ਨੇਮ ਨਾਹਰਾ ਲਗਾਇਆ ਸੀ "ਮਿੱਤਲ ਪਾਂਡੇ ਹਾਜੀ ਮਸਤਾਨ ਹਨ"। ਇਨ੍ਹਾਂ ਆਪ ਨਾਹਰੇ ਲਗਾਏ ਸੀ। (ਵਿਘਨ)

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਇਹ ਜਿਹੜਾ ਮਿਲਿਟਰੀ ਵੈਲਫੇਅਰ ਫੰਡ ਹੈ, ਇਸ ਵਿਚ ਸੈਂਟਰ ਦੀ ਸਰਕਾਰ ਤੋਂ ਵੀ ਪੈਸੇ ਆਉਂਦੇ ਹਨ ਅਤੇ ਸਾਡੀ ਸਰਕਾਰ ਵੀ ਇਸ ਵਿਚ ਪੈਸੇ ਲਗਾਉਂਦੀ ਹੈ। ਕਾਨੂੰਨ ਇਹ ਹੈ ਕਿ ਇਹ ਪੈਸਾ ਕਿਸੇ ਹੋਰ ਪਾਸੇ ਵਲ ਨਹੀਂ ਲਗ ਸਕਦਾ। ਪਰ ਇਨ੍ਹਾਂ ਦੇ ਕਰੋੜਾਂ ਰੁਪਏ ਇਨ੍ਹਾਂ ਨੇ ਪੈਪਸੂ ਰੋਡਵੇਜ਼ ਨੂੰ ਦਿੱਤੇ। ਪਤਾ ਨਹੀਂ ਹੋਰ ਕਿਥੇ ਕਿਥੇ ਗਬਨ ਕੀਤਾ ਗਿਆ, ਇਸ ਲਈ ਇਸ ਬਾਰੇ ਵੀ ਇਨਕੁਆਇਰੀ ਹੋਣੀ ਚਾਹੀਦੀ ਹੈ। ਮਿਲਿਟਰੀ ਵਾਲਿਆਂ ਨਾਲ ਜ਼ੁਲਮ ਹੋਇਆ ਹੈ। ਇਸ ਸਬੰਧੀ ਇਨਕੁਆਇਰੀ ਹੋਣੀ ਚਾਹੀਦੀ ਹੈ। ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ, ਇਹ ਸਾਨੂੰ ਖਤਮ ਕਰਨ ਲਗੇ ਸੀ। ਇਨ੍ਹਾਂ ਨੇ ਕਿਹਾ ਸੀ ਕਿ ਕਾਂਗਰਸ ਖਤਮ ਹੋ ਗਈ ਹੈ। ਇਸ ਤੇ ਮੈਨੂੰ ਇਕ ਸ਼ੇਅਰ ਯਾਦ ਆ ਗਿਆ ਹੈ:—

"ਨਾ ਕੋਈ ਬਾਤ ਬਨੀ ਔਰ ਨਾ ਕੁਛ ਬਿਗਾੜ ਸਕੇ,
ਹਮੇ ਮਿਟਾਨੇ ਚਲੇ ਥੇ ਔਰ ਮਿੱਟ ਗਏ ਖੁਦ ਹੀ।
ਹਮਾਰੇ ਨਾਮ ਕਾ ਹੀ ਖੌਫ ਖਾ ਰਹਾ ਹੈ ਉਨ੍ਹੇ,
ਹਰ ਮਹਾਜ਼ ਪਰ ਦੇਖਾ ਤੋਂ ਪਿੱਟ ਗਏ ਖੁਦ ਹੀ।

ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਵਿਚ ਕਿਹਾ ਗਿਆ ਹੈ ਕਿ ਫਰੀਡਮ ਆਫ ਦੀ ਵਰਸ਼ਿਪ ਔਰ ਲਾਅ ਐਂਡ ਆਰਡਰ ਕਾਇਮ ਰਹੇਗਾ। ਹਿੰਦ ਸਮਾਚਾਰ ਮਿਤੀ 3 ਜੁਲਾਈ, 1980 ਵਿਚ ਲਿਖਿਆ :

"ਅਬ ਹਮ ਹਿੰਦੂ ਗੁਲਾਮੀ ਜ਼ਿਆਦਾ ਦੇਰ ਤਕ ਬਰਦਾਸ਼ਤ ਨਹੀਂ ਕਰ ਸਕਤੇ"

ਕਲ੍ਹ ਦੇ ਅਖਬਾਰ ਵਿਚ ਆਇਆ ਸੀ:—

"ਖਾਲਿਸਤਾਨ ਕਾ ਫਸਟ ਸਰਕੁਲਰ। ਖਾਲਿਸਤਾਨ ਸਰਕਾਰ ਕਾ ਪਹਿਲਾ ਹੁਕਮ ਨਾਮਾ ਜਾਰੀ"।

ਬਾਦਲ ਸਾਹਿਬ, ਬੜੇ ਭੋਲੇ ਭਾਲੇ ਲਗਦੇ ਸਨ ਔਰ ਬੜੇ ਚੰਗੇ ਲਗਦੇ ਸਨ, ਪਰ ਪਤਾ ਨਹੀਂ ਔਰੰਗਜ਼ੇਬ ਦੀ ਰੂਹ ਕਦੋਂ ਤੋਂ ਇਨ੍ਹਾਂ ਵਿਚ ਆ ਗਈ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

ਮੈਂ ਰੂਹ ਦੀ ਗੱਲ ਕੀਤੀ ਹੈ। (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਇਨ੍ਹਾਂ ਨੂੰ ਇਹੋ ਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਗੁਪਤਾ ਜੀ ਗਲਤ ਗੱਲਾਂ ਕਹਿ ਰਹੇ ਹਨ। ਉਨ੍ਹਾਂ ਤੋਂ ਇਹ ਵਿਦਡਰਾ ਕਰਾਓ।

**ਸ੍ਰੀ ਸਪੀਕਰ** : ਗੁਪਤਾ ਜੀ , ਤੁਸੀਂ ਰੈਲੇਵੈਂਟ ਰਹੋ ਅਤੇ ਅਜਿਹੀਆਂ ਗੱਲਾਂ ਨਾ ਕਰੋ।

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਇਥੇ ਖਾਲਿਸਤਾਨ ਦਾ ਬਾਰ ਬਾਰ ਜ਼ਿਕਰ ਕਰਕੇ ਖਾਲਿਸਤਾਨ ਨੂੰ ਅਨਕਰਜ ਕਰਨਾ ਚਾਹੁੰਦੇ ਹਨ। ਇਨ੍ਹਾਂ ਨੂੰ ਅਜਿਹੀਆਂ ਗੱਲਾਂ ਕਰਨ ਨੂੰ ਅਲਾਓ ਨਹੀਂ ਕਰਨਾ ਚਾਹੀਦਾ ਜਿਹੜੀਆਂ ਗੱਲਾਂ ਦੇਸ਼ ਦੇ ਖਿਲਾਫ ਜਾਂਦੀਆਂ ਹੋਣ।

**ਸ੍ਰੀ ਸਪੀਕਰ** : ਮੈਂ ਉਨ੍ਹਾਂ ਨੂੰ ਪਹਿਲਾਂ ਹੀ ਰੋਕ ਦਿਤਾ ਹੈ।

**ਸਰਦਾਰ ਪ੍ਰੇਮ ਸਿੰਘ ਲਾਲਪੁਰਾ** : ਸਪੀਕਰ ਸਾਹਿਬ, ਇਹ ਹਿੰਦੂ ਸਿੱਖ ਦਾ ਝਗੜਾ ਖੜ੍ਹਾ ਕਰ ਰਹੇ ਹਨ। ਇਹ ਗਲਤ ਗੱਲਾਂ ਕਰ ਰਹੇ ਹਨ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਇਹ ਸਾਰੇ ਹਿੰਦੂ-ਸਿੱਖ ਨੂੰ ਅਲਹਿਦਾ ਕਰ ਰਹੇ ਹਨ । (ਵਿਘਨ) (ਸ਼ੋਰ)

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਸਪੀਕਰ ਸਾਹਿਬ, ਇਹ ਗਲਤ ਗੱਲਾਂ ਕਰ ਰਹੇ ਹਨ। ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਗਵਰਨਰ ਐਡਰੈਸ ਤੇ ਬੋਲਣ, ਉਸ ਦੀ ਪ੍ਰੋੜ੍ਹਤਾ ਕਰਨ ਜਾਂ ਨੁਕਤਾਚੀਨੀ ਕਰਨ, ਇਸ ਕਿਸਮ ਦਾ ਇਨ੍ਹਾਂ ਨੂੰ ਹੱਕ ਹਾਸਲ ਹੈ, ਲੇਕਿਨ ਇਹ ਇਲਜ਼ਾਮ ਨਹੀਂ ਲਗਾ ਸਕਦੇ। (ਵਿਘਨ) ਤੁਸੀਂ ਰੂਲ ਪੜ੍ਹ ਲਵੋ। ਰੂਲਾਂ ਵਿਚ ਲਿਖਿਆ ਹੈ ਕਿ ਕੋਈ ਵੀ ਮੈਂਬਰ ਇਸ ਕਿਸਮ ਦੇ ਐਕਯੁਜ਼ੇਸ਼ਨਜ਼ ਨਹੀਂ ਲਗਾ ਸਕਦਾ। (ਵਿਘਨ)

**ਸ੍ਰੀ ਸਪੀਕਰ** : ਗੁਪਤਾ ਜੀ, ਤੁਸੀਂ ਗਵਰਨਰ ਦੇ ਐਡਰੈਸ ਤੇ ਹੀ ਮਹਿਦੂਦ ਰਹੋ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਗਵਰਨਰ ਦੇ ਐਡਰੈਸ ਵਿਚ ਫਰੀਡਮ ਆਫ ਵਰਸ਼ਿਪ ਦੇ ਬਾਰੇ ਹੈ। (ਵਿਘਨ) ਮੈਂ ਪਹਿਲਾਂ ਦੀ ਹਿਸਟਰੀ ਦੱਸ ਰਿਹਾ ਸੀ। (ਵਿਘਨ) ਦਸਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜਦੋਂ ਪਟਨੇ ਤੋਂ ਆਏ ਤਾਂ ਉਸ ਵਕਤ ਉਹ ਸਹਿਜਧਾਰੀ ਸਨ। (ਵਿਘਨ)

(ਇਸ ਸਮੇਂ ਆਪੋਜ਼ੀਸ਼ਨ ਵੱਲੋਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ)

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਇਹ ਬਕਵਾਸ ਬੰਦ ਕਰਾਓ। ਗੁਪਤਾ ਜੀ ਨੇ ਬੜੀ ਗਲਤ ਗੱਲ ਕੀਤੀ ਹੈ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਗੁਪਤਾ ਜੀ ਬਿਲਕੁਲ ਗਲਤ ਗੱਲਾਂ ਕਰ ਰਹੇ ਹਨ। ਉਨ੍ਹਾਂ ਨੂੰ ਕਹੋ ਕਿ ਉਹ ਇਹ ਲਫ਼ਜ਼ ਅਨਕੰਡੀਸ਼ਨਲੀ ਵਾਪਿਸ ਲੈਣ। (ਵਿਘਨ) ਅਸੀਂ ਇਸ ਤਰ੍ਹਾਂ ਹਾਊਸ ਨਹੀਂ ਚੱਲਣ ਦਿਆਂਗੇ।

(ਇਸ ਸਮੇਂ ਆਪੋਜ਼ੀਸ਼ਨ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਉਠ ਕੇ ਬੋਲ ਰਹੇ ਸਨ ਔਰ ਸਦਨ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

**ਸ੍ਰੀ ਸਪੀਕਰ** : ਗੁਪਤਾ ਜੀ, ਤੁਸੀਂ ਆਪਣੇ ਲਫ਼ਜ਼ ਵਾਪਿਸ ਲਵੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰੇਮ ਸਿੰਘ ਲਾਲਪੁਰਾ**: ਅਸੀਂ ਇਸ ਤਰ੍ਹਾਂ ਹਾਊਸ ਨਹੀਂ ਚੱਲਣ ਦਿਆਂਗੇ। ਗੁਪਤਾ ਜੀ ਨੇ ਬੜੀਆਂ ਗਲਤ ਗੱਲਾਂ ਕੀਤੀਆਂ ਹਨ। (ਵਿਘਨ) ਸਪੀਕਰ ਸਾਹਿਬ, ਗੁਪਤਾ ਜੀ ਨੂੰ ਕਹੋ ਕਿ ਉਹ ਹਾਊਸ ਵਿਚ ਮੁਆਫੀ ਮੰਗਣ ਨਹੀਂ ਤਾਂ ਅਸੀਂ ਹਾਊਸ ਨਹੀਂ ਚੱਲਣ ਦਿਆਂਗੇ। (ਵਿਘਨ)

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ**: ਗੁਪਤਾ ਜੀ ਨੇ ਬੜੀ ਗਲਤ ਗੱਲ ਕੀਤੀ ਹੈ। (ਵਿਘਨ) ਇਹ ਬੜੇ ਨਾਸ਼ੁਕਰਗੁਜ਼ਾਰ ਹਨ। ਗੁਰੂਆਂ ਨੇ ਇਨ੍ਹਾਂ ਦੀ ਰੱਖਿਆ ਕੀਤੀ ਪਰ ਅੱਜ ਇਹ ਉਨ੍ਹਾਂ ਦੇ ਖਿਲਾਫ ਇਸ ਕਿਸਮ ਦੀਆਂ ਗੱਲਾਂ ਕਰ ਰਹੇ ਹਨ। (ਵਿਘਨ) (ਸ਼ੋਰ)

(ਇਸ ਸਮੇਂ ਆਪੋਜ਼ੀਸ਼ਨ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਉਠ ਕੇ ਬੋਲ ਰਹੇ ਸਨ ਪਰ ਸਦਨ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

**ਸ਼੍ਰੀ ਸਪੀਕਰ** : ਤੁਸੀਂ ਸਾਰੇ ਬੈਠ ਜਾਓ।

**ਮਾਲ ਮੰਤਰੀ** : ਸਪੀਕਰ ਸਾਹਿਬ, ...... (ਵਿਘਨ) (ਸ਼ੋਰ)

**ਸਰਦਾਰ ਬਸੰਤ ਸਿੰਘ ਖਾਲਸਾ**: ਪਹਿਲਾਂ ਉਨ੍ਹਾਂ ਤੋਂ ਉਹ ਲਫ਼ਜ਼ ਵਾਪਿਸ ਲਵੋ। (ਵਿਘਨ) (ਸ਼ੋਰ)

**ਮਾਲ ਮੰਤਰੀ**: ਪਹਿਲਾਂ ਮੇਰੀ ਗੱਲ ਤਾਂ ਸੁਣ ਲਵੋ।

**ਸਰਦਾਰ ਬਸੰਤ ਸਿੰਘ ਖਾਲਸਾ** : ਪਹਿਲਾਂ ਉਹ ਆਪਣੇ ਲਫ਼ਜ਼ ਵਾਪਿਸ ਲੈਣ।

**ਮਾਲ ਮੰਤਰੀ** : ਇਕ ਮਿੰਟ ਮੇਰੀ ਗੱਲ ਸੁਣ ਲਵੋ ... (ਵਿਘਨ)

**ਸ਼੍ਰੀ ਸਪੀਕਰ**: ਤੁਸੀਂ ਸਾਰੇ ਬੈਠ ਜਾਓ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਮੈਂ ਹਿਸਟਰੀ ਦੀ ਗੱਲ ਕਰਨ ਲੱਗਾ ਸੀ। (ਵਿਘਨ) ਮੈਂ ਕਿਹਾ ਸੀ ਕਿ ਜੇ ਮੈਂ ਗਲਤ ਹੋਵਾਂ ਤਾਂ ਤੁਸੀਂ ਦਰੁੱਸਤ ਕਰ ਦੇਣਾ। (ਵਿਘਨ) (ਸ਼ੋਰ)

**ਸਰਦਾਰ ਬਸੰਤ ਸਿੰਘ ਖਾਲਸਾ** : ਪਹਿਲਾਂ ਤੁਸੀਂ ਆਪਣੇ ਲਫ਼ਜ਼ ਵਾਪਿਸ ਲਵੋ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਪਹਿਲਾਂ ਮੇਰੀ ਗੱਲ ਤਾਂ ਸੁਣ ਲਵੋ। (ਵਿਘਨ) ਤੁਸੀਂ ਇਕ ਮਿੰਟ ਸੁਣ ਤਾਂ ਲਵੋ।

(ਇਸ ਸਮੇਂ ਆਪੋਜ਼ੀਸ਼ਨ ਦੇ ਬਹੁਤ ਸਾਰੇ ਮਾਨਯੋਗ ਮੈਂਬਰ ਉਠ ਕੇ ਬੋਲ ਰਹੇ ਸਨ ਪਰ ਸਦਨ ਵਿਚ ਇਤਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

**ਮਾਲ ਮੰਤਰੀ**: ਸਪੀਕਰ ਸਾਹਿਬ..... (ਵਿਘਨ) (ਸ਼ੋਰ) ਮੇਰੀ ਗੱਲ ਤਾਂ ਸੁਣ ਲਵੋ।

**ਸਰਦਾਰ ਬਸੰਤ ਸਿੰਘ ਖਾਲਸਾ**: ਸਰਦਾਰ ਬੇਅੰਤ ਸਿੰਘ ਜੀ, ਤੁਸੀਂ ਦਖਲ ਨਾ ਦਿਓ। ਉਨ੍ਹਾਂ ਨੂੰ ਆਪਣੇ ਲਫ਼ਜ਼ ਵਾਪਿਸ ਲੈਣ ਦਿਓ।

(ਇਸ ਸਮੇਂ ਸਦਨ ਵਿਚ ਬਹੁਤ ਸ਼ੋਰ ਪੈ ਰਿਹਾ ਸੀ।)

**ਸ਼੍ਰੀ ਸਪੀਕਰ**: ਮੈਂ ਉਨ੍ਹਾਂ ਨੂੰ ਪਹਿਲਾਂ ਹੀ ਕਹਿ ਦਿਤਾ ਹੈ ਕਿ ਉਹ ਲਫ਼ਜ਼ ਵਾਪਿਸ ਲੈ ਲੈਣ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ**: ਜਿਨ੍ਹਾਂ ਗੁਰੂ ਸਾਹਿਬਾਨ ਨੇ ਇਨ੍ਹਾਂ ਦੀ ਰੱਖਿਆ ਕੀਤੀ ਸੀ ਅੱਜ ਇਹ ਉਨ੍ਹਾਂ ਦੇ ਖਿਲਾਫ਼ ਬੋਲ ਰਹੇ ਹਨ। (ਵਿਘਨ)

**ਸ਼੍ਰੀ ਓਮ ਪ੍ਰਕਾਸ਼ ਗੁਪਤਾ**: ਮੈਂ ਸਾਰੇ ਗੁਰੂ ਸਾਹਿਬਾਨ ਦੀ ਪੂਜਾ ਕਰਦਾ ਹਾਂ। ਮੇਰੇ ਘਰ ਵਿਚ ਉਨ੍ਹਾਂ ਦੀਆਂ ਤਸਵੀਰਾਂ ਹਨ। ਮੈਂ ਜਿਹੜੇ ਲਫ਼ਜ਼ ਕਹੇ ਹਨ ਉਹ ਲਫ਼ਜ਼ ਮੈਂ ਵਾਪਿਸ ਲੈਂਦਾ ਹਾਂ। (ਤਾੜੀਆਂ) ਮੈਂ ਕਹਿਣਾ ਚਾਹੁੰਦਾ ਸੀ ਕਿ ਸਿੱਖ ਧਰਮ ਕਿਥੋਂ ਬਣਿਆ।

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਆਪੋਜ਼ੀਸ਼ਨ ਦੇ ਬਹੁਤ ਸਾਰੇ ਮਾਨਯੋਗ ਮੈਂਬਰਾਂ ਨੇ ਉਠਕੇ ਬੋਲਣਾ ਸ਼ੁਰੂ ਕਰ ਕਰ ਦਿਤਾ ਅਤੇ ਸਦਨ ਵਿਚ ਕਾਫੀ ਸ਼ੋਰ ਪੈ ਗਿਆ ਜਿਸ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ)

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਸਿੱਖ ਧਰਮ ਕਿਵੇਂ ਬਣਿਆਂ ਹੈ ਜਾਂ ਕਿਵੇਂ ਵਜੂਦ ਵਿਚ ਆਇਆ ਹੈ ਇਸ ਦੇ ਬਾਰੇ ਇਥੇ ਬਹਿਸ ਨਹੀਂ ਹੋ ਰਹੀ। ਇਥੇ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਹੋ ਰਹੀ ਹੈ। ਬਿਨਾਂ ਵਿਜ੍ਹਾ ਹਾਊਸ ਦਾ ਟਾਈਮ ਖਰਾਬ ਕੀਤਾ ਜਾ ਰਿਹਾ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਛੇਰੇ ਬਹਿਸ ਇਸ ਵੇਲੇ ਗਵਰਨਰ ਸਾਹਿਬ ਦਾ ਐਡਰੈਸ ਹੈ ਨਾ ਕੇ ਸਿੱਖ ਧਰਮ ਕਦੋਂ ਵਜੂਦ ਵਿਚ ਆਇਆ ਜਾਂ ਹੋਰ ਇਸ ਤਰ੍ਹਾਂ ਦੀਆਂ ਗਲਾਂ। ਸੋ ਇਹ ਗਵਰਨਰ ਸਾਹਿਬ ਦੇ ਐਡਰੈਸ ਤਕ ਹੀ ਆਪਣੇ ਆਪ ਨੂੰ ਮਹਿਦੂਦ ਰੱਖਣ। ਇਸ ਤਰ੍ਹਾਂ ਦੀਆਂ ਗਲਤ ਗਲਾਂ ਕਰਨ ਨਾਲ ਹਾਊਸ ਦਾ ਸਮਾਂ ਜ਼ਾਇਆ ਹੁੰਦਾ ਹੈ। (ਵਿਘਨ)

**ਸ਼੍ਰੀ ਸਪੀਕਰ** : ਹੁਣ ਵਕਤ ਤਾਂ ਤੁਹਾਡੀ ਸਾਈਡ ਵਲੋਂ ਜ਼ਾਇਆ ਹੋ ਰਿਹਾ ਹੈ। ਮੈਂ ਗੁਪਤਾ ਸਾਹਿਬ ਨੂੰ ਕਹਿ ਦਿੱਤਾ ਸੀ ਕਿ ਉਹ ਲਫ਼ਜ਼ ਵਾਪਸ ਲੈ ਲੈਣ ਅਤੇ ਉਨ੍ਹਾਂ ਨੇ ਉਹ ਵਾਪਸ ਲੈ ਲਏ ਹਨ। ਇਸ ਲਈ ਉਨ੍ਹਾਂ ਨੂੰ ਹੁਣ ਤੁਸੀਂ ਬੋਲਣ ਦਿਓ। (ਵਿਘਨ)

**ਇਕ ਆਵਾਜ਼** : ਇਨ੍ਹਾਂ ਨੇ ਪੁਆੜੇ ਦੀ ਗਲ ਕੀਤੀ ਹੈ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ**: ਕੋਈ ਪੁਆੜੇ ਦੀ ਗਲ ਨਹੀਂ ਮੈਂ ਕੀਤੀ। ਤੁਹਾਡੇ ਜਿਹੜੇ ਪੁਆੜੇ ਪੁਆਏ ਹੋਏ ਹਨ ਉਹ ਸਭ ਲੋਕਾਂ ਨੂੰ ਪਤਾ ਹਨ। ਮੈਂ ਉਨ੍ਹਾਂ ਦੀ ਕੋਈ ਗਲ ਨਹੀਂ ਕਰਨਾ ਚਾਹੁੰਦਾ। (ਵਿਘਨ) ਇਹ ਸੁਣਨਾ ਨਹੀਂ ਚਾਹੁੰਦੇ, ਇਸ ਕਰਕੇ ਮੈਂ ਸੁਣਾਉਂਣਾ ਨਹੀਂ ਚਾਹੁੰਦਾ।

ਸਪੀਕਰ ਸਾਹਿਬ, ਹੁਣ ਮੈਂ ਐਜੂਕੇਸ਼ਨ ਦੇ ਮੁਤੱਲਕ ਗਲ ਕਰਨਾ ਚਾਹੁੰਦਾ ਹਾਂ। (ਵਿਘਨ) ਜਦੋਂ ਰਾਜ ਲਿਆ ਸੀ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਗਵਾ ਲਿਆ ਹੈ। ਹੁਣ ਹੋਰ ਇਸ ਤਰ੍ਹਾਂ ਦੀਆਂ ਗੱਲਾਂ ਕਰੋਗੇ ਤਾਂ ਹੋਰ ਆਪਣਾ ਗਵਾਉਗੇ। (ਵਿਘਨ) (ਸ਼ੋਰ)

ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਜ਼ਾਦੀ ਮਿਲਣ ਵੇਲੇ ਯਾਨੀ 1947 ਵਿਚ ਇਹ 11% ਸੀ ਅਤੇ 30 ਸਾਲਾਂ ਵਿਚ ਇਹ 33% ਹੋ ਗਈ। ਉਸ ਵੇਲੇ 1947 ਵਿਚ 11 ਯੂਨੀਵਰਸਿਟੀਆਂ ਸਨ ਆਜ਼ਾਦੀ ਮਿਲਣ ਵੇਲੇ ਜਿਹੜੀਆਂ ਕਿ 30 ਸਾਲਾਂ ਵਿਚ 111 ਹੋ ਗਈਆਂ। (ਵਿਘਨ)

**ਸਰਦਾਰ ਸੁਰਜੀਤ ਸਿੰਘ ਬਰਨਾਲਾ** (ਬੈਠੇ ਬੈਠੇ) : ਇਹ ਸਾਰੇ ਹਿੰਦੁਸਤਾਨ ਦੀ ਗਲ ਦਸ ਰਹੇ ਹੋ, ਪੰਜਾਬ ਦੀ ਗਲ ਕਰੋ। (ਵਿਘਨ)

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਇਸ ਵੇਲੇ ਸਵਾਲ ਤਾਂ ਇਹ ਹੈ ਕਿ ਐਜੂਕੇਸ਼ਨ ਦੇ ਵਿਚ ਇਮ-ਪਰੂਵਮੈਂਟ ਕਰਨ ਦੀ ਲੋੜ ਹੈ। ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਪਿਛਲੇ ਢਾਈ ਸਾਲਾਂ ਵਿਚ ਖੁਲ੍ਹ ਦਿੱਤੀ ਹੋਈ ਸੀ ਅਤੇ ਇਥੇ ਕੁਰੱਪਸ਼ਨ ਹੀ ਕੁਰੱਪਸ਼ਨ ਵੱਧਦੀ ਗਈ। ਕੀ ਮਾਸਟਰ, ਕੀ ਕਲਰਕ ਅਤੇ ਕੀ ਹੋਰ ਅਫ਼ਸਰ ਸਾਰੇ ਇਸ ਪਾਸੇ ਵਲ ਨੂੰ ਜਾ ਰਹੇ ਸਨ। ਸਾਡੇ ਉਥੇ ਇਕ ਡੀ.ਈ.ਓ. ਲਗੀ ਹੋਈ ਹੈ। ਇਨ੍ਹਾਂ ਦੇ ਰਾਜ ਵੇਲੇ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਖਾਲਸਾ ਜੀ ਵੀ ਬੜੀ ਕੋਸ਼ਿਸ਼ ਕਰਦੇ ਰਹੇ ਹਨ ਪਹਿਲਾਂ ਉਹ ਰੱਖੀ ਰੱਖੀ, ਫਿਰ ਉਹ ਛੱਡ ਦਿੱਤੀ ਅਤੇ ਹੁਣ ਫਿਰ ਉਹ ਆ ਗਈ ਹੈ। (ਵਿਘਨ) (ਹਾਸਾ)

Original with;
Punjab Vidhan Sabha
Digitized by;
Panjab Digital Library

**ਇਕ ਆਵਾਜ਼** : ਰੱਖੀ ਰੱਖੀ ਕੀ ਹੋਇਆ ?

**ਇਕ ਹੋਰ ਆਵਾਜ਼** : ਲੇਡੀਜ਼ ਦੇ ਬਾਰੇ ਇਹ ਲਫ਼ਜ਼ ਇਸਤੇਮਾਲ ਨਹੀਂ ਕਰਨੇ ਚਾਹੀਦੇ। (ਵਿਘਨ)

**ਸ੍ਰੀ ਸਪੀਕਰ** : ਗੁਪਤਾ ਜੀ, ਹੁਣ ਵਾਈਂਡ ਅੱਪ ਕਰੋ। ਤੁਸੀਂ ਕਾਫੀ ਸਮਾਂ ਲੈ ਲਿਆ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੇਰਾ ਸਾਰਾ ਟਾਈਮ ਤਾਂ ਇਨ੍ਹਾਂ ਨੇ ਹੀ ਲੈ ਲਿਆ ਹੈ।

ਸਪੀਕਰ ਸਾਹਿਬ, ਪ੍ਰਾਈਵੇਟ ਕਾਲਜਿਜ਼ ਜਿਹੜੇ ਹਨ ਉਨ੍ਹਾਂ ਤੇ 1978 ਵਿਚ ਇਕ ਸੀਲਿੰਗ ਲਗ ਚੁਕੀ ਹੈ ਕਿ ਉਹ ਨਾ ਕੋਈ ਟੀਚਰ ਰੱਖ ਸਕਦੇ ਹਨ ...... (ਵਿਘਨ)

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਗੁਪਤਾ ਸਾਹਿਬ ਨੇ ਮੇਰਾ ਨਾਮ ਲਿਆ ਹੈ। ਅਖ਼ਬਾਰਾਂ ਵਾਲੇ ਕੋਈ ਇਸ ਤਰ੍ਹਾਂ ਦੀ ਗੱਲ ਨਾ ਛਾਪ ਦੇਣ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕਿਸੇ ਹੋਰ ਨੇ ਨਹੀਂ ਰਖੀ, ਤੁਸੀਂ ਹੀ ਉਦੋਂ ਲਿਆਂਦੀ ਸੀ ਅਤੇ ਹੁਣ ਤੁਸੀਂ ਹੀ ਫਿਰ ਲੈ ਆਂਦੀ ਹੈ। (ਵਿਘਨ)

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਕਾਲਿਜਿਜ਼ ਔਰ ਐਜੂਕੇਸ਼ਨਲ ਇੰਸਟੀਚਿਉਸ਼ਨਜ਼ ਤੇ ਸੀਲਿੰਗ ਲਗਾ ਦਿੱਤੀ ਹੈ। (ਵਿਘਨ) ਮੈਂ ਸੈਂਟਰਲ ਸਰਕਾਰ ਨੂੰ, ਪੰਜਾਬ ਦੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਸੀਲਿੰਗ ਹਟਾ ਦਿੱਤੀ ਜਾਵੇ ਤਾਂ ਕਿ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਜਿਹੜੇ ਹਨ ਉਹ ਹੋਰ ਡਿਵੈਲਪ ਹੋਣ।

ਸਪੀਕਰ ਸਾਹਿਬ, ਹੁਣ ਮੈਂ ਐਗਰੀਕਲਚਰਲ ਲੇਬਰ ਤੇ ਆਉਂਦਾ ਹਾਂ। (ਵਿਘਨ)

**ਸ੍ਰੀ ਬਾਲ ਮੁਕੰਦ ਸ਼ਰਮਾ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਅਕਾਲੀ ਪਾਰਟੀ ਦੇ ਮੈਂਬਰ ਸਾਹਿਬ ਜਦੋਂ ਬੋਲ ਰਹੇ ਸਨ ਤਾਂ ਉਸ ਵੇਲੇ ਸਰਦਾਰ ਸੁਖਜਿੰਦਰ ਸਿੰਘ ਅਤੇ ਢੀਂਡਸਾ ਸਾਹਿਬ ਅਤੇ ਸਰਦਾਰ ਬਲਵੰਤ ਸਿੰਘ ਕਹਿੰਦੇ ਸਨ ਕਿ ਤੁਸੀਂ ਸਾਨੂੰ ਬੋਲਣ ਦਿਓ ਅਤੇ ਜਦੋਂ ਤੁਸੀਂ ਬੋਲੋਗੇ ਤਾਂ ਅਸੀਂ ਕੋਈ ਇਨਟਰਪਸ਼ਨ ਨਹੀਂ ਕਰਾਂਗੇ ਪਰ ਹੁਣ ਇਹ ਗੁਪਤਾ ਸਾਹਿਬ ਨੂੰ ਗਲ ਨਹੀਂ ਕਰਨ ਦਿੰਦੇ, ਉਨ੍ਹਾਂ ਨੂੰ ਬੋਲਣ ਨਹੀਂ ਦਿੰਦੇ ਅਤੇ ਉਨ੍ਹਾਂ ਨੂੰ ਬਾਰ ਬਾਰ ਇਨਟੱਰਪਟ ਕਰ ਰਹੇ ਹਨ। (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਸਪੀਕਰ ਸਾਹਿਬ, ਜੇ ਇਹ ਬੋਲਣਗੇ ਅਸੀਂ ਕਦੇ ਨਹੀਂ ਰੋਕਾਂਗੇ ਬਸ਼ਰਤੇ ਕਿ ਰੈਲੇਵੈਂਟ ਬੋਲਣ। (ਵਿਘਨ)

**ਸ੍ਰੀ ਬਾਲ ਮੁਕੰਦ ਸ਼ਰਮਾ** : ਇਹ ਤਾਂ ਡੀ.ਐਸ.ਪੀ. ਰਹਿ ਚੁੱਕੇ ਹਨ। ਜਦੋਂ ਇਹ ਡੀ.ਐਸ.ਪੀ. ਸਨ ਤਾਂ ਉਦੋਂ ਇਹ ਕੀ ਡਿਸਪਲਿਨ ਮੇਨਟੇਨ ਕਰਦੇ ਹੋਣਗੇ। (ਵਿਘਨ) ਇਨ੍ਹਾਂ ਨੂੰ ਬੋਲਣ ਦੇਣ। ਅਗਰ ਇਹ ਆਪਣੀ ਆਦਤ ਤੋਂ ਮਜ਼ਬੂਰ ਹਨ ਤੇ ਇਹ ਹਾਊਸ ਵਿਚੋਂ ਵਾਕ-ਆਊਟ ਕਰਨ ਦੀ ਆਦਤ ਨੂੰ ਪੂਰਾ ਕਰਨ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੈਂ ਐਗਰੀਕਲਚਰਲ ਲੇਬਰ ਦੀ ਗਲ ਕਰਨ ਲਗਾ ਸੀ। ਇਸ ਐਗਰੀਕਲਚਰਲ ਲੇਬਰ ਦੀ ਕੋਈ ਵੇਲਫੇਅਰ ਨਹੀਂ ਹੋ ਰਹੀ। ਇਥੇ ਪੰਜਾਬ ਵਿਚ ਯੂ.ਪੀ. ਔਰ ਬਿਹਾਰ ਤੋਂ ਲੇਬਰ ਆ ਰਹੀ ਹੈ। ਪਿਛੇ ਜਿਹੇ ਲੇਬਰ ਦੇ ਬਾਰੇ ਇਕ ਸਟੇਟਮੈਂ

Original with;
Punjab Vidhan Sabha
Digitized by;
Panjab Digital Library

ਆਉਂਦੀ ਸੀ ਕਿ ਇਨ੍ਹਾਂ ਦੀਆਂ ਵੋਟਾਂ ਵੀ ਨਹੀਂ ਬਣਨੀਆਂ ਚਾਹੀਦੀਆਂ। ਇਨ੍ਹਾਂ ਤੇ ਹੋਰ ਵੀ ਕਈ ਕਿਸਮ ਦੇ ਜ਼ੁਲਮ ਹੁੰਦੇ ਹਨ। ਇੰਡਸਟ੍ਰੀਅਲ ਲੇਬਰ ਜਿਹੜੀ ਹੈ ਉਸ ਦੀ ਤਾਂ ਫਿਰ ਵੀ ਕੋਈ ਸੁਣਨ ਵਾਲਾ ਹੈ ਪਰ ਜਿਹੜੀ ਐਗਰੀਕਲਚਰਲ ਲੇਬਰ ਹੈ ਉਸ ਦੀ ਨਾ ਕਾਂਗਰਸ ਰਾਜ ਵੇਲੇ ਅਤੇ ਨਾ ਅਕਾਲੀ ਰਾਜ ਵੇਲੇ ਸੁਣਵਾਈ ਹੋਈ ਹੈ। ਇਸ ਦੇ ਵਿਚ (ਅਕਾਲੀ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਲੈਂਡ ਲਾਰਡ ਜ਼ਿਆਦਾ ਹਨ। ਇਸ ਲਈ ਇਨ੍ਹਾਂ ਦੇ ਰਾਜ ਵਿਚ ਤਾਂ ਐਗਰੀਕਲਚਰਲ ਲੇਬਰ ਦਾ ਕੋਈ ਵੈਲਫੇਅਰ ਦਾ ਕੰਮ ਹੋਇਆ ਹੀ ਨਹੀਂ। ਇਨ੍ਹਾਂ ਵਿਚਾਰਿਆਂ ਦਾ ਨਾ ਕੋਈ ਦਫ਼ਤਰ ਖੋਲ੍ਹਿਆ ਗਿਆ ਹੈ ਅਤੇ ਨਾ ਕੋਈ ਹੋਰ ਦੇਖ-ਭਾਲ ਵਾਸਤੇ ਕੋਈ ਕੰਮ ਹੋ ਰਿਹਾ ਹੈ। ਚਾਹੇ ਕੋਈ ਮਜ਼ਦੂਰੀ ਦੇਵੇ ਜਾਂ ਨਾ ਦੇਵੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ। ਕੋਈ ਚਾਰ ਥਪੇੜੇ ਮਾਰ ਕੇ ਸਟੇਸ਼ਨ ਤੇ ਭੇਜ ਦਿੰਦਾ ਜਾਂ ਚਾਰ ਥਪੇੜੇ ਮਾਰ ਕੇ ਸਟੇਸ਼ਨ ਤੋਂ ਲੈ ਆਉਂਦਾ ਹੈ, ਉਨ੍ਹਾਂ ਦੀ ਕੋਈ ਸੁਣਵਾਈ ਨਹੀਂ। ਜੇ ਕਿਸੇ ਦੀ ਇਨਸੈਕਟੀਸਾਈਡ ਕੈਮੀਕਲ ਦੇ ਨਾਲ ਮੌਤ ਹੋ ਜਾਵੇ ਜਾਂ ਕਿਸੇ ਦਾ ਕੰਮ ਕਰਦਿਆਂ ਹੱਥ ਪੈਰ ਕੱਟਿਆ ਜਾਵੇ ਜਾਂ ਹੋਰ ਕਿਸੇ ਤਰ੍ਹਾਂ ਨਕਾਰਾ ਹੋ ਜਾਵੇ ਤਾਂ ਉਸ ਦੇ ਵਾਸਤੇ ਕੋਈ ਕਿਸੇ ਕਿਸਮ ਦਾ ਮੁਆਵਜ਼ਾ ਨਹੀਂ ਦਿੱਤਾ ਜਾਂਦਾ। ਇਸ ਵਾਸਤੇ ਮੈਂ ਆਪਣੀ ਹੁਣ ਦੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਦੇ ਵਾਸਤੇ ਇਕ ਫੁੱਲ ਫਲੈਜਡ ਮਹਿਕਮਾ ਖੋਲ੍ਹਿਆ ਜਾਣਾ ਚਾਹੀਦਾ ਹੈ। ਇਨ੍ਹਾਂ ਦੇ ਲਈ ਪਿੰਡਾਂ ਦੇ ਵਿਚ ਜਾਂ ਸ਼ਹਿਰਾਂ ਦੇ ਵਿਚ ਦਫ਼ਤਰ ਖੋਲ੍ਹਿਆ ਜਾਵੇ ਤਾਂਕਿ ਇਹ ਜਿਹੜੇ ਵਡੇ ਵਡੇ ਲੈਂਡ ਲਾਰਡਜ਼ ਹਨ ਉਹ ਇਨ੍ਹਾਂ ਗਰੀਬ ਲੇਬਰਰਜ਼ ਵਾਸਤੇ ਕੁਝ ਸੋਚਣ ਅਤੇ ਜਿਹੜਾ ਗਰੀਬ ਲੇਬਰਰ ਵਿਚਾਰਾ ਲੱਖਾਂ ਰੁਪਏ ਕਮਾ ਕੇ ਦਿੰਦਾ ਹੈ ਉਸ ਵਾਸਤੇ ਇਹ ਲੈਂਡ ਲਾਰਡਜ਼ ਵੀ ਆਪਣਾ ਕੁਝ ਥੋੜ੍ਹਾ ਬਹੁਤ ਹਿੱਸਾ ਪਾਉਣ।

**ਸ੍ਰੀ ਸਪੀਕਰ** : ਗੁਪਤਾ ਸਾਹਿਬ, ਹੁਣ ਵਾਈਂਡ ਅੱਪ ਕਰੋ। ਮੈਂ ਤੁਹਾਨੂੰ 2 ਮਿੰਟ ਹੋਰ ਦਿੰਦਾ ਹਾਂ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੇਰਾ ਸਾਰਾ ਟਾਈਮ ਤਾਂ ਇਨ੍ਹਾਂ ਨੇ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਖਰਾਬ ਕਰ ਦਿੱਤਾ ਹੈ। ਇਸ ਲਈ ਮੈਨੂੰ ਪੂਰਾ ਟਾਈਮ ਦਿਓ।

**ਸ੍ਰੀ ਸਪੀਕਰ** : ਨਹੀਂ ਜੀ, 2 ਮਿੰਟ ਵਿਚ ਹੀ ਵਾਈਂਡ ਅੱਪ ਕਰ ਦਿਓ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਫਿਰ, ਸਪੀਕਰ ਸਾਹਿਬ, ਮੈਂ ਦਸਣਾ ਚਾਹੁੰਦਾ ਹਾਂ ਕਿ ਇੰਡਸਟਰੀਅਲ ਲੇਬਰਰਜ਼ ਦੀਆਂ ਪੂਰੀਆਂ ਹਾਜ਼ਰੀਆਂ ਨਹੀਂ ਲਗਦੀਆਂ, ਉਨ੍ਹਾਂ ਨੂੰ ਪੂਰੀਆਂ ਵੇਜਿਜ਼ ਨਹੀਂ ਮਿਲਦੀਆਂ ਜੋ ਸਰਕਾਰ ਵਲੋਂ ਫਿਕਸ ਕੀਤੀਆਂ ਗਈਆਂ ਹਨ। ਉਸ ਦੇ ਉਤੇ ਰਿਜਿਡ ਚੈਕਿੰਗ ਨਹੀਂ ਹੁੰਦੀ। ਜੇ ਕੋਈ ਕਲੇਮ ਮੰਗਦਾ ਹੈ ਤਾਂ ਉਨ੍ਹਾਂ ਨੂੰ ਕਲੇਮ ਨਹੀਂ ਮੰਗਣ ਦਿਤਾ ਜਾਂਦਾ। ਨਾ ਉਹ ਕੋਈ ਪ੍ਰੋਟੈਸਟ ਕਰ ਸਕਦੇ ਹਨ। ਜੇ ਕੋਈ ਪ੍ਰੋਟੈਸਟ ਕਰਦਾ ਹੈ ਤਾਂ ਪੁਲਿਸ ਦੱਖਲ ਦਿੰਦੀ ਹੈ ਅਤੇ ਲੇਬਰ ਵਿਚਾਰੀ ਹੈਲਪਲੈਸ ਹੋ ਕੇ ਬੈਠ ਜਾਂਦੀ ਹੈ। ਇਸ ਕਰਕੇ ਹੁਣ, ਮੈਂ ਆਪਣੀ ਸਰਕਾਰ ਨੂੰ, ਸਰਦਾਰ ਦਰਬਾਰਾ ਸਿੰਘ ਜੀ, ਜਿਹੜੇ ਕਿ ਬੜੇ ਸੋਸ਼ਲਿਸਟਿਕ ਹਨ, ਨੂੰ ਬੇਨਤੀ ਕਰਾਂਗਾ ਕਿ ਜਿਹੜੇ ਗਰੀਬ ਆਦਮੀ ਹਨ ਜਿਨ੍ਹਾਂ ਦੀ ਤਾਦਾਦ 80% ਜਾਂ 90 % ਹੈ ਉਨ੍ਹਾਂ ਦੀ ਗਰੀਬੀ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਹਕੂਕ ਉਨ੍ਹਾਂ ਨੂੰ ਪੂਰੇ ਮਿਲਣੇ ਚਾਹੀਦੇ ਹਨ। (ਵਿਘਨ) ਸਪੀਕਰ ਸਾਹਿਬ, ਮੈਂ ਲੁਧਿਆਣੇ ਦੀ ਮਿਸਾਲ ਦਿੰਦਾ ਹਾਂ ਕਿ ਉਥੇ ਕੋਈ ਦੋ ਢਾਈ ਲੱਖ ਦੇ ਕਰੀਬ ਲੇਬਰ ਦਾ ਬੰਦਾ ਹੈ ਅਤੇ ਵਿਚਾਰਿਆਂ ਵਾਸਤੇ ਰਹਿਣ ਨੂੰ ਕੋਈ ਜਗ੍ਹਾ ਨਹੀਂ ਹੈ। ਇਕ 8'×12' ਦੇ ਕਮਰੇ ਵਿਚ 20-20 ਆਦਮੀ ਸ਼ਿਫ਼ਟਾਂ ਵਿਚ ਰਹਿੰਦੇ ਹਨ। ਇਸ ਲਈ ਮੇਰੀ ਅਰਜ਼ ਹੈ ਕਿ ਉਨ੍ਹਾਂ ਵਿਚਾਰਿਆਂ ਦੇ ਰਹਿਣ ਵਾਸਤੇ ਕੋਈ ਕੋਠਾ, ਕਮਰਾ ਜਾਂ ਮਕਾਨ ਚਾਹੇ ਕਾਰਖਾਨੇਦਾਰ ਬਣਾ ਕੇ ਦੇਵੇ, ਮਾਲਕ ਬਣਾ ਕੇ ਦੇਵੇ ਜਾਂ ਸਰਕਾਰ ਬਣਾ ਕੇ ਦੇਵੇ ਤਾਕਿ ਉਹ ਵਿਚਾਰੇ 8-10 ਘੰਟੇ ਸਖ਼ਤ ਮਿਹਨਤ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਨਾਲ ਕੰਮ ਕਰਨ ਦੇ ਬਾਅਦ ਉਥੇ ਆ ਕੇ ਆਪਣਾ ਆਰਾਮ ਕਰ ਸਕਣ। ਇਹ ਚੀਜ਼ ਕੰਮਪਲਸਰੀ ਕਰਨੀ ਚਾਹੀਦੀ ਹੈ ਤਾਕਿ ਉਨ੍ਹਾਂ ਨੂੰ ਕੋਈ ਸੁੱਖ ਆਰਾਮ ਮਿਲ ਸਕੇ।

**ਕਾਮਰੇਡ ਬਲਦੇਵ ਸਿੰਘ ਲੰਬਾ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੈਂ ਹੈਲਥ ਬਾਰੇ ਥੋੜ੍ਹੀ ਜਿਹੀ ਗੱਲ ਕਰਨੀ ਚਾਹੁੰਦਾ ਹਾਂ। ਜਿਹੜੇ ਸਾਡੇ ਹਸਪਤਾਲ ਹਨ ਉਨ੍ਹਾਂ ਦੇ ਵਿਚ ਦਵਾਈ ਬਿਲਕੁਲ ਨਹੀਂ ਮਿਲਦੀ। ਦੋ ਢਾਈ ਪੈਸੇ ਪਰ ਹੈਡ ਖਰਚ ਕੀਤੇ ਜਾਂਦੇ ਹਨ। ਗਰੀਬ ਜਿਹੜਾ ਵੱਡੇ ਡਾਕਟਰ ਕੋਲ ਨਹੀਂ ਜਾ ਸਕਦਾ, ਜਿਹੜਾ ਵੱਡੇ ਹਸਪਤਾਲ ਵਿਚ ਨਹੀਂ ਜਾ ਸਕਦਾ ਕਿਉਂਕਿ ਉਸ ਨੂੰ ਤਨਖਾਹ ਸਿਰਫ਼ ਦੋ ਢਾਈ ਸੌ ਰੁਪਏ ਮਿਲਦੀ ਹੈ ਉਸ ਦੇ ਬਾਰੇ ਸੋਚੋ। ਅਗਰ ਉਸ ਨੂੰ ਦਵਾਈਆਂ ਨਾ ਮਿਲਣ ਤਾਂ ਉਸ ਦਾ ਕੀ ਹਾਲ ਹੋਵੇਗਾ। ਜਾਂ ਤੇ ਉਹ ਮਰ ਜਾਏਗਾ ਜਾਂ ਉਹ ਸਰਕਾਰ ਨੂੰ ਬੁਰਾ ਭਲਾ ਕਹੇਗਾ। ਮੈਂ ਕਹਾਂਗਾ ਕਿ ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਹੈਲਥ, ਸਰਕਾਰ ਦੀ ਜ਼ਰੂਰੀ ਸਰ-ਵਿਸ ਹੈ ਇਸ ਦੇ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਫੰਡਜ਼ ਦੇਣੇ ਚਾਹੀਦੇ ਹਨ ਔਰ ਗਰੀਬਾਂ ਦੀ ਦੇਖ-ਭਾਲ ਹੋਣੀ ਚਾਹੀਦੀ ਹੈ। ਸਾਡੇ ਲੁਧਿਆਣਾ ਵਿਚ ਇਕ ਪੁਰਾਣੀ ਡਿਸਪੈਂਸਰੀ ਹੈ। ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਉਥੇ ਇਕ 200 ਬੈਡਜ਼ ਦਾ ਹਸਪਤਾਲ ਪਾਸ ਹੋਇਆ ਸੀ ਅਤੇ ਫੰਡਜ਼ ਵੀ ਦਿੱਤੇ ਗਏ ਸਨ, ਪਰ ਉਥੇ ਕੁਝ ਨਹੀਂ ਹੋਇਆ। ਬਾਦਲ ਸਾਹਿਬ, ਜਦੋਂ ਚੀਫ਼ ਮਨਿਸਟਰ ਹੁੰਦੇ ਸਨ, ਅਸੀਂ ਉਨ੍ਹਾਂ ਨੂੰ ਕਿਹਾ ਸੀ ਕਿ ਕੰਮ ਸ਼ੁਰੂ ਕਰਵਾ ਦਿਓ, ਪਰ ਕੋਈ ਧਿਆਨ ਨਹੀਂ ਦਿਤਾ ਗਿਆ। ਉਥੇ 6 ਲੱਖ ਦੀ ਆਬਾਦੀ ਹੈ ਅਤੇ 4,5 ਲੱਖ ਗਰੀਬ ਲੋਕ ਹਨ। ਮੈਂ ਬੇਨਤੀ ਕਰਾਂਗਾ ਕਿ ਉਹ ਹਸਪਤਾਲ ਜਲਦੀ ਤੋਂ ਜਲਦੀ ਬਣਾਇਆ ਜਾਵੇ। ਇਤਨਾ ਕਹਿੰਦਾ ਹੋਇਆ ਮੈਂ ਆਪਣਾ ਸਥਾਨ ਲੈਂਦਾ ਹਾਂ।

**ਸਰਦਾਰ ਸੁਖਜਿੰਦਰ ਸਿੰਘ ਖੈਰਾ (ਭੁਲੱਥ)** : ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਤੇ ਬਹੁਤ ਕੁਝ ਕਿਹਾ ਗਿਆ ਹੈ। ਇਸ ਦੇ ਹੱਕ ਵਿਚ ਵੀ ਕੁਝ ਦਲੀਲਾਂ ਦਿੱਤੀਆਂ ਗਈਆਂ ਹਨ ਔਰ ਇਸ ਦੇ ਵਿਚ ਜੋ ਕਮੀਆਂ, ਤੁਰੱਟੀਆਂ ਅਤੇ ਕਮਜ਼ੋਰੀਆਂ ਹਨ ਉਹ ਵੀ ਕੁਝ ਮੈਂਬਰ ਸਾਹਿਬਾਨ ਨੇ ਉਭਾਰ ਕੇ ਸਾਹਮਣੇ ਲਿਆਂਦੀਆਂ ਹਨ। ਅਗਰ ਐਡਰੈਸ ਨੂੰ ਗੌਰ ਨਾਲ ਪੜ੍ਹੀਏ ਤਾਂ ਇਸ ਦੇ ਵਿਚ ਕੁੱਲ 32 ਪੈਰੇ ਹਨ। ਜਿਹੜਾ ਪਹਿਲਾ ਪੈਰਾ ਹੈ ਉਸ ਦੇ ਵਿਚ ਤਾਂ ਇਨ੍ਹਾਂ ਨੇ ਸਾਰੇ ਆਉਣ ਵਾਲੇ ਮੈਂਬਰਾਂ ਨੂੰ ਵਧਾਈ ਦਿਤੀ ਹੈ ਅਤੇ ਉਨ੍ਹਾਂ ਦੀ ਕੁਝ ਤਾਰੀਫ਼ ਕੀਤੀ ਹੈ। ਪਿਛਲੇ 2 ਪੈਰੇ ਜਿਹੜੇ ਹਨ ਉਹ ਵੀ ਸ਼ੁਕਰੀਏ ਦੇ ਹਨ, ਉਨ੍ਹਾਂ ਵਿਚ ਵੀ ਸਭ ਦਾ ਸ਼ੁਕਰੀਆ ਅਦਾ ਕੀਤਾ ਹੈ। ਇਕ ਪੈਰਾ ਨੰਬਰ 2 ਹੈ ਜਿਸ ਦੇ ਵਿਚ ਪਹਿਲੀ ਸਰਕਾਰ ਜਿਹੜੀ ਚਲਦੀ ਸੀ ਉਸ ਵਿਰੁੱਧ ਡਿਸਗਰੇਸਫੁਲ ਰਿਮਾਰਕਸ ਦਿੱਤੇ ਹਨ ਬਾਕੀ ਗੱਲਾਂ ਮੈਂ ਫਿਰ ਕਰਾਂਗਾ ਪਹਿਲਾਂ ਗਵਰਨਰ ਸਾਹਿਬ ਦੀ ਗਲ ਕਰਾਂਗਾ, ਜਿਹੜੀ ਬੜੀ ਡਿਸਗਰੇਸਫੁਲ ਪੜ੍ਹੀ ਹੈ ਯਾਨੀ ਉਸ ਨੇ ਉਸ ਵਿਚ ਆਪਣੇ ਅਹਿਦ ਦਾ ਵੀ ਜ਼ਿਕਰ ਕਰ ਲਿਆ ਹੈ। ਸਾਡੀ ਦੌਰੇ ਹਕੂਮਤ ਦੀ ਗੱਲ ਤਾਂ ਇਨ੍ਹਾਂ ਨੇ ਕਰਨੀ ਹੀ ਸੀ ਪਰ ਜਿਨ੍ਹਾਂ ਸਮਾਂ ਗਵਰਨਰ ਸਾਹਿਬ ਨੇ ਰਾਜ ਚਲਾਇਆ ਉਸ ਵਿਚ ਕੀ ਕੁਝ ਹੋਇਆ ਉਸ ਦੇ ਮੁਤੱਅਲਕ ਸਾਡੇ ਲੀਡਰ ਸਾਹਿਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕਾਫ਼ੀ ਕੁਝ ਕਹਿ ਚੁੱਕੇ ਹਨ, ** ** ** * * *

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਜਸਮਤ ਸਿੰਘ ਢਿੱਲੋਂ** : ਸਪੀਕਰ ਸਾਹਿਬ, ਇਨ੍ਹਾਂ ਨੂੰ ਕਿਸੇ ਨੇ ਗਵਰਨਰ ਬਣਾਉਣਾ ਹੀ ਨਹੀਂ ਸੀ। ਇਹ ਹੈਡ ਆਫ਼ ਦੀ ਸਟੇਟ ਤੇ ਐਸਪਰਸ਼ਨ ਨਹੀਂ ਕਰ ਸਕਦੇ।

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਮੈਂ ਕਿਹਾ ਹੈ ਕਿ ਜੇਕਰ ਮੈਨੂੰ ਮੌਕਾ ਮਿਲਦਾ ਤਾਂ (ਵਿਘਨ) ਸਪੀਕਰ ਸਾਹਿਬ, ਉਸ ਰਾਜ ਵਿਚ ਜੋ ਕੁਝ ਹੋਇਆ ਸਾਰੇ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਪਤਾ ਹੈ, ਮੈਂ ਰਿਪੀਟ ਨਹੀਂ ਕਰਨਾ ਚਾਹੁੰਦਾ।

**Revenue Minister :** On a point of order, Sir.

**Sardar Sukhjinder Singh Khaira :** No Minister can raise a point of order.

**Revenue Minister :** The Minister can intervene any time. I want to intervene.

ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਇਥੇ ਗਵਰਨਰ ਸਾਹਿਬ ਦੇ ਐਡਰੈਸ ਦਾ ਜ਼ਿਕਰ ਨਹੀਂ ਕੀਤਾ ਬਲਕਿ ਗਵਰਨਰ ਸਾਹਿਬ ਨੂੰ ਡਿਸਕਸ ਕੀਤਾ ਹੈ। ਇਹ ਗਵਰਨਰ ਸਾਹਿਬ ਨੂੰ ਡਿਸਕਸ ਨਹੀਂ ਕਰ ਸਕਦੇ। ਇਹ ਲਫ਼ਜ਼ ਐਕਸਪੰਜ ਕਰਨੇ ਚਾਹੀਦੇ ਹਨ। (ਵਿਘਨ)

**ਸ੍ਰੀ ਸਪੀਕਰ** : ਉਹ ਲਫ਼ਜ਼ ਐਕਸਪੰਜ ਕੀਤੇ ਜਾਂਦੇ ਹਨ।

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਸਪੀਕਰ ਸਾਹਿਬ, ਇਸ ਗੱਲ ਤੇ ਮੈਂ ਫਿਰ ਆਵਾਂਗਾ। ਹਾਂ ਮੈਂ ਦੱਸ ਰਿਹਾ ਸੀ ਕਿ ਇਸ ਐਡਰੈਸ ਦੇ ਕੁੱਲ 32 ਪੈਰੇ ਹਨ, ਪਿਛਲੇ ਦੋ ਪੈਰੇ ਸ਼ੁਕਰੀਏ ਦੇ ਹਨ ਅਤੇ ਇਕ ਪੈਰਾ ਵਿਚ ਸਵੀਪਿੰਗ ਰਿਮਾਰਕਸ ਹਨ, ਬਾਕੀ 28 ਪੈਰੇ ਅਕਾਲੀ ਦਲ ਦੀ ਸਰਕਾਰ ਦੀ ਤਾਰੀਫ਼ ਵਿਚ ਸਿੱਧੇ ਜਾਂ ਅਸਿੱਧੇ ਦਿੱਤੇ ਹੋਏ ਹਨ। ਇਕ ਪੈਰਾ ਹੀ ਵਿਖਾਓ ਜਿਸ ਵਿਚ ਸਾਡੀ ਸਰਕਾਰ ਦੀ ਪਾਲਿਸੀ ਦੀ ਨਿੰਦਾ ਕੀਤੀ ਹੋਵੇ, ਬਲਕਿ ਸਾਡੀਆਂ ਪਾਲਿਸੀਆਂ ਨੂੰ ਚਲਾਉਣਾ, ਆਗਮੈਂਟ ਕਰਨਾ ਜਾਂ ਤੇਜ਼ੀ ਨਾਲ ਪੂਰਾ ਕਰਨਾ, ਇਸ ਤੋਂ ਵੱਧ ਕੁਝ ਨਹੀਂ। It is replete with Contradiction, insinuation, falsehood and in most uninspiring document. ਇਸ ਵਿਚ ਸਿਵਾਏ ਅਕਾਲੀ ਦਲ ਦੀਆਂ ਪਾਲਿਸੀਆਂ ਦੀ ਜੋ ਕਹਾਣੀ ਸੀ ਹੋਰ ਕੁਝ ਨਹੀਂ। It is old whisky in new bottles.

ਅਕਾਲੀ ਦਲ ਦੀ ਸਾਰੀ ਕਹਾਣੀ ਕਾਂਗਰਸ ਦੇ ਝੰਡੇ ਵਿਚ ਲਪੇਟ ਕੇ ਇਥੇ ਪੇਸ਼ ਕੀਤੀ ਹੈ। ਮੈਂ ਸਮਝਦਾ ਹਾਂ ਕਿ ਇਸ ਵਿਚ ਇਨ੍ਹਾਂ ਦਾ ਕਸੂਰ ਨਹੀਂ ਹੈ....

**ਸ੍ਰੀ ਵਿਨੋਦ ਸ਼ਰਮਾ** : ਸਪੀਕਰ ਸਾਹਿਬ, ਸਰਦਾਰ ਸੁਖਜਿੰਦਰ ਸਿੰਘ ਜੀ ਕਹਿ ਰਹੇ ਹਨ ਕਿ 28 ਪੈਰਿਆਂ ਵਿਚ ਜਿਹੜੀ ਪਾਲਿਸੀ ਹੈ ਉਹ ਅਕਾਲੀ ਦਲ ਦੀ ਹੈ। ਇਹ ਚੀਜ਼ ਉਹ ਖੁਦ ਮੰਨਦੇ ਹਨ ਫਿਰ ਇਸ ਦੀ ਕੰਟਰਾਡਿਕਸ਼ਨ ਕਿਉਂ ਕਰਦੇ ਹਨ, ਇਸ ਦਾ ਸਮਰਥਨ ਕਿਉਂ ਨਹੀਂ ਕਰਦੇ ? (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਸਾਡੀਆਂ ਪਾਲਿਸੀਆਂ ਨੂੰ ਲਿਆ ਹੈ, ਇਹ ਗੱਲ ਵੀ ਠੀਕ ਹੈ ਕਿ ਇਨ੍ਹਾਂ ਪਾਸ ਟਾਈਮ ਥੋੜ੍ਹਾ ਸੀ। ਹਾਲਾਤ ਦੀਆਂ ਮਜ਼ਬੂਰੀਆਂ ਸਨ। 7 ਤਾਰੀਖ਼ ਨੂੰ ਸੀ.ਐਮ. ਸਾਹਿਬ ਨੇ ਸਹੁੰ ਚੁਕੀ, 10 ਤਾਰੀਖ਼ ਨੂੰ ਕੈਬਨਿਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਜਿੰਦਰ ਸਿੰਘ ਖੇਰਾ]

ਨੇ ਮੂੰਹ ਚੁੱਕੀ ਫਿਰ 11, 12 ਤਾਰੀਖ ਨੂੰ ਮਹਿਕਮੇ ਅਲਾਟ ਹੋਏ। ਫਿਰ ਇਨ੍ਹਾਂ ਨੂੰ ਦਿੱਲੀ ਦੀ ਬੜੀ ਕਸ਼ਿਸ਼ ਰਹਿੰਦੀ ਹੈ। ਲੀਡਰ ਚੁਣਨਾ ਹੋਵੇ, ਡਿਪਟੀ ਲੀਡਰ ਚੁਣਨਾ ਹੋਵੇ, ਸਪੀਕਰ ਚੁਣਨਾ ਹੋਵੇ ਜਾਂ ਡਿਪਟੀ ਸਪੀਕਰ ਚੁਣਨਾ ਹੋਵੇ ਤਾਂ ਦਿੱਲੀ ਤੋਂ ਡਾਇਰੈਕਸ਼ਨ ਆਉਂਦੀ ਹੈ। (ਵਿਘਨ)

**ਸ਼੍ਰੀ ਗੁਰਦਿਆਲ ਸੈਣੀ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਇਹ ਸੀ ਕਿ ਮਨਿਸਟਰੀ 10 ਤਾਰੀਖ ਨੂੰ ਫਾਰਮ ਹੋਈ, ਹਾਊਸ ਨੇ 23 ਤਾਰੀਖ ਨੂੰ ਅਸੈਂਬਲ ਹੋਣਾ ਸੀ ਅਗਰ ਸ੍ਰੀ ਸੰਜੇ ਗਾਂਧੀ ਸਵਰਗਵਾਸ ਨਾ ਹੁੰਦੇ। ਇਨ੍ਹਾਂ ਦੇ ਜਿਹੜੇ ਸਰਕਾਰੀ ਅਫਸਰ ਸਨ ਉਨ੍ਹਾਂ ਨੇ ਸਾਡੇ ਟਾਈਮ ਦਾ ਪੁਰਾਣਾ ਐਡਰੈਸ ਚੁੱਕ ਲਿਆ ਅਤੇ ਇਨ੍ਹਾਂ ਦੀ (ਸਰਕਾਰੀ ਬੈਂਚਾਂ ਵਲ ਇਸ਼ਾਰਾ) ਤਾਰੀਫ਼ ਵਿਚ ਪੇਸ਼ ਕਰ ਦਿੱਤਾ। ਇਸ ਵਿਚ ਇਨ੍ਹਾਂ ਦਾ ਕੋਈ ਪੁਲੀਟੀਕਲ ਥਾਟ ਨਹੀਂ, ਕੋਈ ਗਾਈਡ ਲਾਈਨ ਨਹੀਂ, ਕੋਈ ਉਰੀਜਿਨਲ ਥਾਟ ਨਹੀਂ, ਕੋਈ ਥਾਟਸ ਪ੍ਰੋਵੋਕਿੰਗ ਗੱਲ ਨਹੀਂ ਜਿਹੜੀ ਗੱਲ ਚਲ ਰਹੀ ਸੀ ਉਸ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ।

ਲਾਅ ਐਂਡ ਆਰਡਰ ਦੀ ਇਹ ਗੱਲ ਕਰਦੇ ਹਨ। ਇਸ ਸਬੰਧੀ ਪੈਰੇ ਦੇ ਆਖੀਰ ਵਿਚ ਇਹ ਕਹਿੰਦੇ ਹਨ :—

> "ਪੁਲਿਸ ਕਰਮਚਾਰੀਆਂ ਦਾ ਹੌਸਲਾ ਵਧਾਉਣ ਲਈ ਮੇਰੀ ਸਰਕਾਰ ਉਨ੍ਹਾਂ ਵਾਸਤੇ ਵਾਜਬੀ ਕੀਮਤਾਂ ਉੱਤੇ ਮੁਢਲੀਆਂ ਲੋੜਾਂ ਅਤੇ ਮਕਾਨਾਂ ਦਾ ਪ੍ਰਬੰਧ ਕਰਨ ਲਈ ਹਰ ਸੰਭਵ ਯਤਨ ਕਰੇਗੀ।"

ਇਹ ਕੰਮ ਇਨ੍ਹਾਂ ਨੇ ਪੁਲਿਸ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਕਰਨਾ ਹੈ। ਮੈਂ ਕਹਿੰਦਾ ਹਾਂ ਕਿ ਪੁਲਿਸ ਦਾ ਹੌਸਲਾ ਤਾਂ ਵੱਧੇਗਾ ਜੇਕਰ ਸਰਕਾਰ ਦਾ ਦਖ਼ਲ ਉਨ੍ਹਾਂ ਦੇ ਕੰਮ ਵਿਚ ਨਾ ਹੋਵੇ। ਮੈਂ ਇਨ੍ਹਾਂ ਦੇ ਲਾਅ ਐਂਡ ਆਰਡਰ ਬਾਰੇ ਇਕ ਮਿਸਾਲ ਦਿੰਦਾ ਹਾਂ ਜਿਸ ਤੋਂ ਪਤਾ ਲਗੇਗਾ ਕਿ ਇਨ੍ਹਾਂ ਦੇ ਲਾਅ ਐਂਡ ਆਰਡਰ ਦੀ ਕੀ ਹਾਲਤ ਹੈ। ਪਿਛਲੇ ਮਹੀਨੇ ਦੀ 10 ਤਾਰੀਖ ਨੂੰ, ਕਪੂਰਥਲਾ ਸ਼ਹਿਰ ਦੀ ਕੋਤਵਾਲੀ ਵਿਚ ਇਕ ਵਕੀਲ ਗਿਆ ਜਿਹੜਾ ਕਿ ਕਾਂਗਰਸੀ ਸੀ। ਉਹ ਆਪਣੇ ਖਰ-ਬੂਜ਼ਿਆਂ ਦੀ ਰਿਪੋਰਟ ਲਿਖਾਉਣ ਲਈ ਗਿਆ ਸੀ। ਉਥੇ ਕਿਸੇ ਗਲ ਤੇ ਤਕਰਾਰ ਹੋ ਗਿਆ। ਉਸ ਨੇ ਇਕ ਸੀਨੀਅਰ ਮਨਿਸਟਰ ਦਾ ਨਾਂ ਲੈਕੇ ਕਾਂਸਟੇਬਲ ਦੀ ਬੜੀ ਬੇਇੱਜ਼ਤੀ ਕੀਤੀ। ਜੋ ਕੁਝ ਉਹ ਬੋਲਿਆ ਡਿਊਟੀ ਕਾਂਸਟੇਬਲ ਨੇ ਉਸ ਨੇ ਹੂ-ਬਹੂ ਐਫ਼ ਆਈ. ਆਰ. ਵਿਚ ਲਿਖ ਦਿੱਤਾ। ਮੈਂ ਦਸਦਾ ਹਾਂ ਕਿ ਅਗਰ ਉਹ ਐਫ਼ ਆਈ. ਆਰ. ਇਸ ਹਾਊਸ ਵਿਚ ਲਿਆਂਦੀ ਜਾਵੇ ਤਾਂ ਉਹ ਪੜ੍ਹੀ ਤਕ ਨਹੀਂ ਜਾਂ ਸਕੇਗੀ। ਇਥੇ ਮੁਅੱਜ਼ਿਜ਼ ਲੇਡੀਜ਼ ਬੈਠੀਆਂ ਹਨ ਔਰ ਉਹ ਇਤਨੀ ਗੰਦੀ ਗਲ ਹੈ ਕਿ ਪੜ੍ਹਨ ਵਾਲੇ ਨੂੰ ਸ਼ਰਮ ਮਹਿਸੂਸ ਹੋਵੇਗੀ। ਲੇਕਿਨ ਉਸ ਬੰਦੇ ਦੇ ਖਿਲਾਫ਼ ਕੋਈ ਐਕਸ਼ਨ ਨਹੀਂ ਜਿਸਨੇ ਸਦਰ ਮੁਕਾਮ ਤੇ ਜਾਕੇ ਪੁਲੀਸ ਵਾਲੇ ਦੀ ਇਤਨੀ ਬੇਇੱਜ਼ਤੀ ਕੀਤੀ। ਵਕੀਲ ਉਥੇ ਨੰਗਾ ਹੋ ਕੇ ਖੜ੍ਹਾ ਹੋ ਗਿਆ। ਮੈਂ ਕਹਿੰਦਾ ਹਾਂ ਕਿ ਇਹ ਦੱਸਣ, ਉਸ ਪੁਲਿਸ ਵਾਲੇ ਨੂੰ ਮਕਾਨ ਚਾਹੀਦਾ ਹੈ ਜਾਂ ਇੱਜ਼ਤ ? ਜਿਸ ਪਾਗਲ ਨੂੰ ਪ੍ਰੋਟੈਕਸ਼ਨ ਮਿਲੀ ਹੋਈ ਹੈ, ਉਸ ਨੂੰ ਕੁਝ ਨਹੀਂ ਕਿਹਾ ਗਿਆ। ਮੈਂ ਕਹਿੰਦਾ ਹਾਂ ਜੇ ਉਹ ਪਾਗਲ ਹੈ ਤਾਂ ਉਸ ਨੂੰ ਪਾਗਲਖਾਨੇ ਭੇਜ ਦਿਓ, ਜੇ ਦਿਮਾਗੀ ਤੌਰ ਤੇ ਸਹੀ ਨਹੀਂ ਹੈ ਤਾਂ ਉਸ ਦੇ

* Expunged as ordered by the Chair.

Original with;
Punjab Vidhan Sabha
Digitized by;
Panjab Digital Library

ਵਾਸਤੇ ਜੇਲ੍ਹ ਠੀਕ ਜਗ੍ਹਾ ਹੈ। ਇਹ ਗੱਲ 10 ਜੂਨ, 1980 ਦੀ ਹੈ। ਵਜ਼ੀਰ ਸਾਹਿਬ ਇਸ ਨੂੰ ਨੋਟ ਕਰ ਲੈਣ ਅਤੇ ਇਸ ਦੀ ਇਨਕੁਆਇਰੀ ਕਰਵਾ ਲੈਣ। ਜੇ ਇਨਕੁਆਇਰੀ ਵਿਚ ਇਹ ਗਲ ਗਲਤ ਨਿਕਲੇ ਤਾਂ ਮੈਨੂੰ ਇਥੇ ਹਾਊਸ ਵਿਚ ਖੜ੍ਹਾ ਕਰ ਲੈਣ। ਮੈਂ ਇਸ ਤੋਂ ਵੱਧ ਹੋਰ ਕੁਝ ਨਹੀਂ ਕਹਿਣਾ।

ਸਪੀਕਰ ਸਾਹਿਬ, ਸ੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਪੁਲਿਸ ਰਿਵਾਰਮਜ਼ ਲਿਆਂਦੇ। ਡਿਟੇਕਟਿਵ ਏਜੰਸੀ ਅਲਹਿਦਾ ਬਣਵਾ ਦਿੱਤੀ। ਪੁਲਿਸ ਨੂੰ ਹੋਰ ਮੋਬਾਈਲ ਕੀਤਾ। ਪੁਲਿਸ ਦੇ ਕਮਿਊਨੀਕੇਸ਼ਨ ਸਿਸਟਮ ਨੂੰ ਇੰਪਰੂਵ ਕੀਤਾ। ਜਿਤਨੀ ਇਸ ਮੁਲਕ ਵਿੱਚ ਐਫੀਸ਼ੈਂਸੀ ਸੀ ਉਸ ਨਾਲ ਕੰਪੇਅਰ ਕਰਕੇ ਇਥੇ ਵੀ ਐਫੀਸ਼ੈਂਸੀ ਲਿਆਂਦੀ। (ਇਕ ਆਵਾਜ਼ : ਉਨ੍ਹਾਂ ਨੇ ਐਜੀਟੇਸ਼ਨ ਕੀਤੀ ਸੀ)

ਠੀਕ ਹੈ, ਉਨ੍ਹਾਂ ਨੇ ਐਜੀਟੇਸ਼ਨ ਕੀਤੀ। ਅਸੀਂ ਉਨ੍ਹਾਂ ਦੀ ਜਾਇਜ਼ ਗਲ ਨੂੰ ਮਨ ਲਿਆ। ਉਨ੍ਹਾਂ ਦੀਆਂ ਤਨਖਾਹਾਂ ਵਧਾਈਆਂ। ਸਾਰੇ ਹਿੰਦੁਸਤਾਨ ਵਿੱਚ ਰੌਲਾ ਪੈ ਗਿਆ ਕਿ ਪੁਲਿਸ ਵਾਲਿਆਂ ਦੀ ਤਨਖਾਹ ਕਿਉਂ ਵਧਾਈ ਗਈ ਹੈ। ਜੋ ਕੁਝ ਲਾਅ ਐਂਡ ਆਰਡਰ ਦੀ ਹਾਲਤ ਉਸ ਵੇਲੇ ਸੀ ਅਤੇ ਅੱਜ ਹੈ ਇਸ ਬਾਰੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਸਪੀਚ ਵਿਚ ਦਸਿਆ ਹੈ। ਅਸੀਂ ਉਨ੍ਹਾਂ ਦੀਆਂ ਤਨਖਾਹਾਂ ਖੁਸ਼ੀ ਨਾਲ ਵਧਾਈਆਂ। ਅਸੀਂ ਇਕੱਲੇ ਉਨ੍ਹਾਂ ਦੀਆਂ ਹੀ ਨਹੀਂ ਵਧਾਈਆਂ ਸਗੋਂ ਸਾਰੇ ਕਰਮਚਾਰੀਆਂ ਲਈ ਪੇ ਕਮਿਸ਼ਨ ਬਿਠਾਇਆ। ਅਸੀਂ ਜੋ ਕੁਝ ਪੁਲਿਸ ਵਾਲਿਆਂ ਲਈ ਕੀਤਾ ਉਹ ਮੈਂ ਸਮਝਦਾ ਹਾਂ ਕਿ ਕਿਸੇ ਸੂਬੇ ਵਿਚ ਵੀ ਨਹੀਂ ਕੀਤਾ ਗਿਆ। ਇਹ ਕਹਿੰਦੇ ਹਨ ਕਿ ਲਾਅ ਐਂਡ ਆਰਡਰ ਹੁਣ ਠੀਕ ਹੋ ਗਿਆ ਹੈ। ਲਾਅ ਐਂਡ ਆਰਡਰ ਦੀ ਹਾਲਤ ਵੇਖ ਲਓ। ਸਾਡੇ ਸੀ.ਐਮ. ਸਾਹਿਬ ਦਾ ਵੀ ਜ਼ਿਲ੍ਹਾ ਜਲੰਧਰ ਹੈ। ਇਸ ਦੇ ਸੁਬਰਬ ਵਿੱਚ ਇਕ ਪਿੰਡ ਹੈ ਜਿਥੇ ਕਿ ਹਰੀਜਨਾਂ ਦੇ ਘਰਾਂ ਵਿਚ ਜਾ ਕੇ ਡਾਕਾ ਪਿਆ। ਇਹ ਲਾਅ ਐਂਡ ਆਰਡਰ ਦੀ ਤਸਵੀਰ ਹੈ। ਸਾਡੇ ਵੇਲੇ ਕੋਈ ਡਾਕਾ ਨਹੀਂ ਪਿਆ ਸੀ। (ਵਿਘਨ)

**ਸਰਦਾਰ ਬੀਰਪਾਲ ਸਿੰਘ:** ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਰਦਾਰ ਸੁਖਜਿੰਦਰ ਸਿਘ ਨੇ ਕਿਹਾ ਹੈ ਕਿ ਉਨ੍ਹਾਂ ਨੇ ਤਨਖਾਹਾਂ ਵਧਾਈਆਂ। ਇਨ੍ਹਾਂ ਨੂੰ ਇਹ ਪੁੱਛੋ ਕਿ ਪਾਂਧੀ ਅਤੇ ਸਰਦਾਰਾ ਸਿੰਘ ਕੋਹਲੀ ਨੇ ਪੁਲਿਸ ਦੇ ਕਾਂਸਟੇਬਲ ਨੂੰ ਕੀ ਥੱਪੜ ਨਹੀਂ ਸੀ ਮਾਰਿਆ ?

**ਸ੍ਰੀ ਗੁਰਦਿਆਲ ਸੈਣੀ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਸਪੀਕਰ ਸਾਹਿਬ, ਇਹ ਗੱਲ ਤਾਂ ਇਹ ਮੰਨਦੇ ਹਨ ਕਿ ਉਥੇ ਡਾਕਾ ਪਿਆ। ਇਹ ਪੁਲਿਸ ਦੀ ਐਫੀਸ਼ੈਂਸੀ ਹੈ ਕਿ ਡਕੈਤ ਫੜੇ ਗਏ। ਮੈਂ ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਪੰਜਾਬ ਇਕ ਐਗਰੀਕਲਚਰਲ ਸੂਬਾ ਹੈ। ਇਥੋਂ ਦੀ ਆਰਥਿਕਤਾ, ਸਾਰੀਆਂ ਇਕਨਾਮਿਕ ਕੰਡੀਸ਼ਨਜ਼ ਐਗਰੀਕਲਚਰ ਦੀ ਪ੍ਰੋਡਕਸ਼ਨ ਨਾਲ ਅਤੇ ਐਗਰੀਕਲਚਰਿਸਟ ਦੀ ਕੰਡੀਸ਼ਨ ਤੇ ਡਿਪੈਂਡ ਕਰਦੀਆਂ ਹਨ। ਸਾਰੀ ਆਰਥਿਕਤਾ ਹੀ ਇਸ ਨਾਲ ਸਬੰਧਤ ਹੈ। ਇਹ ਕਹਿੰਦੇ ਹਨ ਕਿ ਅਸੀਂ ਬਹੁਤ ਲੰਬੇ ਸਮੇਂ ਤਕ ਰਾਜ ਕੀਤਾ। ਅਸੀਂ ਤਾਂ ਥੋੜ੍ਹਾ ਹੀ ਚਿਰ ਰਾਜ ਕੀਤਾ। ਪਰ ਅਸੀਂ ਇਸ ਥੋੜ੍ਹੇ ਸਮੇਂ ਦੇ ਦੌਰਾਨ ਹੀ ਐਗਰੀਕਲਚਰ ਦੀ ਹਾਲਤ ਨੂੰ ਸਧਾਰਨ ਲਈ ਜੋ ਕੁਝ ਸਟੈਪ ਲਏ ਹਨ, ਇਹ ਸਭ ਨੂੰ ਪਤਾ ਹਨ। ਇਥੇ ਮੇਰੇ ਛੋਟੇ ਵੀਰ ਸਰਦਾਰ ਬੀਰਦਵਿੰਦਰ ਸਿਘ ਨੇ ਕਿਹਾ ਕਿ ਫੈਕਲ

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਜਿੰਦਰ ਸਿੰਘ ਖੇਰਾ]

ਪੁਆਇੰਟਾਂ ਨੂੰ ਹਾਸਲ ਕਰਨ ਵਾਸਤੇ ਬਹੁਤ ਦੌੜ ਧੁੱਪ ਰਹੀ। ਵਜ਼ੀਰਾਂ ਦੇ ਪਿੱਛੇ ਲੋਕ ਫਿਰਦੇ ਰਹੇ। ਇਸ ਦਾ ਮਤਲਬ ਤਾਂ ਇਹ ਹੈ ਕਿ ਇਹ ਬਹੁਤ ਪਾਪੂਲਰ ਸਕੀਮ ਸੀ। ਇਸ ਨੂੰ ਹਾਸਲ ਕਰਨ ਲਈ ਹੀ ਲੋਕ ਦੌੜ ਧੁੱਪ ਕਰਦੇ ਸਨ। ਮੈਂ ਆਪਣੇ ਛੋਟੇ ਵੀਰ ਸਰਦਾਰ ਬੀਰਦਵਿੰਦਰ ਸਿੰਘ ਨੂੰ ਕਹਿਣਾ ਚਾਹੁੰਦਾ ਹਾਂ।

4.34 ਸ਼ਾਮ (ਇਸ ਸਮੇਂ ਸ੍ਰੀ ਯਸ਼, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

**ਸਰਦਾਰ ਬੀਰਦਵਿੰਦਰ ਸਿੰਘ** : ** ** **

**ਸ੍ਰੀ ਸਭਾਪਤੀ** : ਮੈਂ ਤੁਹਾਨੂੰ ਬੋਲਣ ਦੀ ਕੋਈ ਪਰਮਿਸ਼ਨ ਨਹੀਂ ਦਿੱਤੀ। ਜੋ ਕੁਝ ਵੀ ਇਨ੍ਹਾਂ ਨੇ ਮੇਰੀ ਪਰਮਿਸ਼ਨ ਤੋਂ ਬਿਨਾਂ ਕਿਹਾ ਹੈ, ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਚੇਅਰਮੈਨ ਸਾਹਿਬ, ਸਰਦਾਰ ਬੀਰ ਦਵਿੰਦਰ ਸਿਘ ਨੇ ਇਕ ਅਖਬਾਰ ਦੇ ਐਡੀਟਰ ਦਾ ਕਿਆਸ ਪੜ੍ਹ ਕੇ ਸੁਣਾਇਆ ਹੈ। ਇਸ ਐਡਰੈਸ ਦੀ ਤਾਰੀਫ ਕੀਤੀ ਗਈ ਸੀ ਇਹ ਉਨ੍ਹਾਂ ਨੇ ਬੜੇ ਫ਼ਖ਼ਰ ਨਾਲ ਪੜ੍ਹ ਕੇ ਸੁਣਾਇਆ। ਬਹੁਤ ਥੋੜ੍ਹਾ ਸਮਾਂ ਪਹਿਲਾਂ ਸਾਡੀ ਮੋਹਤਰਮ ਪ੍ਰਾਈਮ ਮਨਿਸਟਰ, ਸ੍ਰੀਮਤੀ ਇੰਦਰਾ ਗਾਂਧੀ ਨੇ ਉਸੇ ਐਡੀਟਰ ਨੂੰ ਸੀ.ਆਈ.ਏ. ਦਾ ਏਜੰਟ ਕਿਹਾ ਸੀ। ਇਨ੍ਹਾਂ ਨੂੰ ਉਸ ਲਾਈਟ ਵਿਚ ਇਹ ਐਡਰੈਸ ਵੇਖਣਾ ਚਾਹੀਦਾ ਹੈ।

**ਸ੍ਰੀ ਵਿਨੋਦ ਸ਼ਰਮਾ** : ਆਨ ਏ ਪੁਆਇੰਟ ਆਫ ਆਰਡਰ ਸਰ। ਚੇਅਰਮੈਨ ਸਾਹਿਬ, ਸਰਦਾਰ ਸੁਖਜਿੰਦਰ ਸਿੰਘ ਨੇ ਹਾਊਸ ਨੂੰ ਮਿਸ-ਲੀਡ ਕੀਤਾ ਹੈ। ਮੈਂ ਸਮਝਦਾ ਹਾਂ ਕਿ ਸ੍ਰੀਮਤੀ ਇੰਦਰਾ ਗਾਂਧੀ ਨੇ ਕਦੇ ਇਨ੍ਹਾਂ ਦੇ ਬਾਰੇ ਇਸ ਤਰ੍ਹਾਂ ਦੇ ਰਿਮਾਰਕਸ ਨਹੀਂ ਦਿੱਤੇ ਕਿ ਉਹ ਸੀ.ਆਈ.ਏ.ਦਾ ਏਜੰਟ ਹੈ।

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਚੇਅਰਮੈਨ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਨੇ ਆਪਣੇ ਸਮੇਂ ਵਿਚ ਸਭ ਤੋਂ ਜ਼ਿਆਦਾ ਪਿੰਡਾਂ ਵਿਚ ਵਸਣ ਵਾਲੇ ਲੋਕਾਂ ਦੀ, ਐਗਰੀਕਲਚਰਿਸਟ ਦੀ ਦੇਖਭਾਲ ਵਾਸਤੇ, ਉਸ ਦੀ ਪ੍ਰਾਸਪੈਰਿਟੀ ਵਾਸਤੇ, ਉੱਨਤੀ ਵਾਸਤੇ, ਜੋ ਕੁਝ ਕੀਤਾ ਹੈ ਇਸ ਦੀ ਮਿਸਾਲ ਸਾਰੇ ਹਿੰਦੁਸਤਾਨ ਵਿਚ ਕਿਤੇ ਵੀ ਨਹੀਂ ਮਿਲ ਸਕਦੀ। ਅਸੀਂ ਕੋਸ਼ਿਸ਼ ਕੀਤੀ ਅਤੇ ਸਭ ਤੋਂ ਪਹਿਲਾਂ ਖੇਤੀ ਦੇ ਇਨਪੁੱਟਸ ਦੀਆਂ ਪ੍ਰਾਈਸਿਜ਼ ਨੂੰ ਸਿਸਟੇਮੈਟੀਕਲੀ ਰਿਡਿਊਸ ਕੀਤਾ। ਖਾਦਾਂ ਦੀਆਂ ਕੀਮਤਾਂ ਉਸ ਵੇਲੇ ਐਮਰਜੈਂਸੀ ਦੇ ਦੌਰਾਨ ਕਾਂਗਰਸ ਦੇ ਰਾਜ ਵਿਚ, ਬਹੁਤ ਛਾਲਾਂ ਮਾਰ ਚੁੱਕੀਆਂ ਸਨ। 102 ਰੁਪਏ ਦੇ ਖਾਦ ਦੇ ਥੈਲੇ ਨੂੰ 72 ਰੁਪਏ ਅਸੀਂ ਕੀਤਾ। ਬਾਕੀ ਸਾਰੀਆਂ ਖਾਦਾਂ ਦੀਆਂ ਕੀਮਤਾਂ ਗੌਰਮਿੰਟ ਨੇ ਸਲੈਸ਼ ਕੀਤੀਆਂ। ਉਸ ਵੇਲੇ ਦੇ ਹਾਲਾਤ ਦੇ ਮੁਤਾਬਿਕ ਬਿਜਲੀ ਦੇ ਰੇਟ ਜਿਹੜੇ ਵਧਾਏ ਗਏ ਸਨ ਉਨ੍ਹਾਂ ਨੂੰ ਘੱਟ ਕੀਤਾ। ਇਨ੍ਹਾਂ ਸਾਰੀਆਂ ਗੱਲਾਂ ਦਾ ਪੰਜਾਬ ਦੀ ਐਗਰੀਕਲਚਰ ਦੀ ਪ੍ਰੋਡਕਸ਼ਨ ਤੇ ਅਸਰ ਪਿਆ। ਇਸ ਨਾਲ ਕਿਸਾਨ ਜ਼ਿਆਦਾ ਪਾਣੀ ਲਾ ਸਕਦਾ ਸੀ ਅਤੇ ਜ਼ਿਆਦਾ ਖਾਦ ਆਪਣੇ ਖੇਤਾਂ ਵਿਚ ਪਾ ਸਕਦਾ ਸੀ। ਇਸ ਤੋਂ ਇਲਾਵਾ ਸਾਡੀ ਸਰਬਪੱਖੀ ਪੇਂਡੂ ਵਿਕਾਸ ਯੋਜਨਾਂ, ਰੂਰਲ ਇੰਟੈਗਰੇਟਿਡ ਡਿਵੈਲਪਮੈਂਟ ਸਕੀਮ ਸੀ। ਉਸ ਨਾਲ ਵੀ ਲੋਕਾਂ ਨੂੰ ਬੜੀ ਸਹੂਲਤ ਮਿਲੀ। ਅਸੀਂ ਸਾਰੀਆਂ ਚੀਜ਼ਾਂ ਲੋਕਾਂ ਦੇ ਦਰਵਾਜ਼ੇ ਤੇ ਪਹੁੰਚਾਈਆਂ।

ਚੇਅਰਮੈਨ ਸਾਹਿਬ, ਫਿਰ ਕੋਆਪਰੇਟਿਵ ਡਿਪਾਰਟਮੈਂਟ ਦਾ ਜ਼ਿਕਰ ਕੀਤਾ ਗਿਆ ਹੈ। ਮੈਂ ਸਮਝਦਾ ਹਾਂ ਕਿ ਕੋਆਪਰੇਟਿਵ ਡਿਪਾਰਟਮੈਂਟ ਨੇ ਜ਼ਿਮੀਂਦਾਰਾਂ ਵਾਸਤੇ ਬਹੁਤ ਕੰਮ ਕੀਤਾ ਹੈ। ਜੋ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਕੋਈ ਗਲਤ ਕੰਮ ਅਸੀਂ ਕੀਤੇ ਹਨ ਤਾਂ ਇਹ ਉਨ੍ਹਾਂ ਨੂੰ ਰਿਵਰਸ ਕਰ ਦੇਣ। ਅਸੀਂ ਰੇਟ ਆਫ਼ ਇੰਟਰੈਸਟ ਲੋਨਜ਼ ਤੇ 2 ਪ੍ਰਤੀਸ਼ਤ ਘਟਾਇਆ। ਅਸੀਂ ਉਨ੍ਹਾਂ ਨੂੰ ਮੈਕਸੀਮਮ ਲੋਨਜ਼ ਦੇਣ ਦਾ ਯਤਨ ਕੀਤਾ। ਜੋ ਇਮਬੇਜ਼ਲਮੈਂਟ ਹੁੰਦੀ ਸੀ ਉਸ ਨੂੰ ਸਦਾ ਵਾਸਤੇ ਖਤਮ ਕਰਨ ਲਈ ਸ਼੍ਰੋਮਣੀ ਅਕਾਲੀ ਦੱਲ ਦੀ ਪਾਰਟੀ ਦੀ ਸਰਕਾਰ ਨੇ ਇਹ ਸਟੈਪ ਲਏ। ਸਾਨੂੰ ਇਸ ਗੱਲ ਤੇ ਮਾਣ ਹੈ ਕਿ ਸਾਡੇ ਵਕਤ ਵਿੱਚ ਕੋਈ ਇਮਬੇਜ਼ਲਮੈਂਟ ਦਾ ਕੇਸ ਨਹੀਂ ਸੀ ਹੋਇਆ। (ਤਾੜੀਆਂ) ਉਸ ਤੋਂ ਪਹਿਲਾਂ ਕੋਆਪਰੇਟਿਵ ਦੀਆਂ ਸੋਸਾਇਟੀਆਂ ਵਿੱਚ ਬਹੁਤ ਕੁਰੱਪਸ਼ਨ ਹੁੰਦੀ ਸੀ। ਅਸੀਂ ਇਸ ਐਡਮਨਿਸਟਰੇਸ਼ਨ ਨੂੰ ਸਟਰੀਮ-ਲਾਈਨ ਕੀਤਾ। ਐਗਰੀਕਲਚਰਿਸਟ ਨੂੰ ਪੂਰਾ ਪੂਰਾ ਫਾਇਦਾ ਦੇਣ ਦਾ ਯਤਨ ਕੀਤਾ।

ਚੇਅਰਮੈਨ ਸਾਹਿਬ, ਸਾਡੇ ਵੇਲੇ ਦੋ ਵਾਰ ਆਫ਼ਤ ਆਈ। ਅਸੀਂ ਇਸ ਆਫ਼ਤ ਦਾ ਮੁਕਾਬਲਾ ਕਰਨ ਲਈ ਪੱਕਾ ਇੰਤਜ਼ਾਮ ਕਰ ਦਿੱਤਾ। ਇੱਕ ਵਾਰੀ ਸਾਡੇ ਵੇਲੇ ਗੜ੍ਹੇ ਪਏ। ਅਸੀਂ ਫੈਸਲਾ ਕਰ ਦਿੱਤਾ ਕਿ ਜਦੋਂ ਵੀ ਗੜ੍ਹੇ ਮਾਰੀ ਹੋਵੇਗੀ ਅਤੇ ਜੇ ਉਸ ਨਾਲ ਜ਼ਿਮੀਂਦਾਰਾਂ ਦੀ ਫਸਲ ਦਾ ਨੁਕਸਾਨ ਹੋਵੇ ਤਾਂ ਪੰਜਾਬ ਦੀ ਸਰਕਾਰ ਉਨ੍ਹਾਂ ਨੂੰ ਮੁਆਵਜ਼ਾ ਦੇਵੇਗੀ। ਇਸ ਤੋਂ ਪਹਿਲਾਂ ਕਦੇ ਕਿਸਾਨਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਗਿਆ।

**ਸਰਦਾਰ ਪਿਰਥੀਪਾਲ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ ਸਰਦਾਰ ਸੁਖਜਿੰਦਰ ਸਿੰਘ ਹਾਊਸ ਨੂੰ ਗੁੰਮਰਾਹ ਕਰ ਰਹੇ ਹਨ। ਇਨ੍ਹਾਂ ਤੋਂ ਪਹਿਲਾਂ ਗਿਆਨੀ ਜੀ ਦੀ ਸਰਕਾਰ ਵੇਲੇ ਤਿੰਨ ਵਾਰੀ ਮੁਆਵਜ਼ਾ ਕਿਸਾਨਾਂ ਨੂੰ ਦਿੱਤਾ ਗਿਆ ਸੀ। ਇਹ ਕਹਿੰਦੇ ਹਨ ਕਿ ਪਹਿਲੀ ਵਾਰੀ ਦਿੱਤਾ ਗਿਆ ਸੀ।

**ਸਰਦਾਰ ਗੁਰਦਰਸ਼ਨ ਸਿੰਘ** : ਚੇਅਰਮੈਨ ਸਾਹਿਬ, ਮੈਂ ਮੈਂਬਰ ਸਾਹਿਬ ਦੀ ਸਟੇਟਮੈਂਟ ਨੂੰ ਚੈਲੰਜ ਕਰਦਾ ਹਾਂ। ਸਭ ਤੋਂ ਪਹਿਲਾਂ ਇਹ ਪਰੰਪਰਾ ਗਿਆਨੀ ਜੀ ਦੇ ਰਾਜ ਵਿੱਚ ਸ਼ੁਰੂ ਹੋਈ ਸੀ। ਅਸੀਂ ਇਹ ਸ਼ੁਰੂ ਕੀਤੀ ਸੀ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਆਨ ਏ ਪੁਆਇੰਟ ਆਫ ਆਰਡਰ, ਸਰ ......

**ਸ਼੍ਰੀ ਸਭਾਪਤੀ** : ਤੁਹਾਡਾ ਤਾਂ ਪੁਆਇੰਟ ਆਫ ਆਰਡਰ ਨਹੀਂ ਹੋਣਾ। ਤੁਸੀਂ ਤਾਂ ਪੁਆਇੰਟ ਆਫ ਇੰਟਰੱਪਸ਼ਨ ਹੀ ਕਰਨਾ ਹੈ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਚੇਅਰਮੈਨ ਸਾਹਿਬ, ਇਹ ਮੇਰਾ ਰਾਈਟ ਹੈ। ਤੁਸੀਂ ਮੈਨੂੰ ਸੁਣਨ ਤੋਂ ਪਹਿਲਾਂ ਕਿਸ ਤਰ੍ਹਾਂ ਕਹਿ ਦਿੱਤਾ ਹੈ ਕਿ ਇਹ ਪੁਆਇੰਟ ਆਫ ਇੰਟਰਪਸ਼ਨ ਹੋਵੇਗਾ।

**ਸ਼੍ਰੀ ਸਭਾਪਤੀ** : ਅੱਛਾ ਜੀ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ?

**ਕਾਮਰੇਡ ਬਲਦੇਵ ਸਿੰਘ ਲੂੰਬਾ** : ਚੇਅਰਮੈਨ ਸਾਹਿਬ, ਜਿਹੜਾ ਸਰਦਾਰ ਸੁਖਜਿੰਦਰ ਸਿੰਘ ਨੇ ਕਿਹਾ ਹੈ ਕਿ ਅਸੀਂ ਪਹਿਲੀ ਵਾਰ ਮੁਆਵਜ਼ਾ ਦਿਤਾ ਹੈ ਇਸ ਦੇ ਵਿੱਚ ਫਰਕ ਹੈ। ਮੁਆਵਜ਼ਾ ਪਹਿਲਾਂ ਮਿਲਦਾ ਰਿਹਾ ਹੈ, ਇਸ ਦੇ ਵਿੱਚ ਦੋ ਰਾਵਾਂ ਨਹੀਂ ਹੋ ਸਕਦੀਆਂ। ਪਹਿਲਾਂ ਵੀ ਗੜ੍ਹੇ ਮਾਰੀ ਕਾਰਨ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਸੀ, ਅਤੇ ਉਨ੍ਹਾਂ ਨੂੰ ਸਰਕਾਰ ਵਲੋਂ ਮੁਆਵਜ਼ਾ ਦਿੱਤਾ ਗਿਆ ਸੀ। ਸਰਦਾਰ ਸੁਖਜਿੰਦਰ ਸਿੰਘ ਨੇ ਜਿਹੜਾ ਕਿਹਾ ਹੈ ਕਿ ਪਹਿਲਾਂ ਨਹੀਂ ਸੀ ਦਿੱਤਾ ਜਾਂਦਾ ਇਸ ਨੂੰ ਕੁਰੈਕਟ ਕਰ ਲੈਣ। (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਚੇਅਰਮੈਨ ਸਾਹਿਬ, ਮੈਂ ਅੱਗੇ ਗੱਲ ਨੂੰ ਜਾਰੀ ਰੱਖਦਾ ਹਾਂ ਜੀ। ਸਾਡੇ ਰਾਜ ਵਿਚ ਦੋ ਵਾਰੀ ਫਸਲ ਵਿਚ ਐਸੇ ਗਲੱਟਸ ਆਏ ਹਨ ਔਰ ਜੇਕਰ ਅਕਾਲੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਜਿੰਦਰ ਸਿੰਘ ਘੇਰਾ]

ਦਲ ਦੀ ਸਰਕਾਰ ਨਾ ਹੁੰਦੀ ਤਾਂ ਜ਼ਿਮੀਦਾਰ ਐਸੇ ਕਰਜ਼ੇ ਹੇਠ ਆ ਜਾਂਦਾ ਕਿ ਉਹ ਸ਼ਾਇਦ ਉਠਨਾ ਸਕਦਾ। ਸਾਡੇ ਵੇਲੇ, ਚੇਅਰਮੈਨ ਸਾਹਿਬ, ਆਲੂਆਂ ਦਾ ਗਲੱਟ ਆ ਗਿਆ। ਉਹ ਹਾਲਤ ਹੋ ਗਈ ਕਿ ਜ਼ਿਮੀਦਾਰ ਆਪਣੀ ਫਸਲ ਨੂੰ ਬੋਰੀਆਂ ਸਮੇਤ ਹੀ ਛੱਡ ਕੇ ਚਲੇ ਜਾਣ ਵਾਸਤੇ ਤਿਆਰ ਹੋ ਗਿਆ। ਉਸ ਵੇਲੇ ਆਲੂ ਮਾਰਕਿਟ ਵਿਚ ਦਸ ਪੰਦਰਾਂ ਰੁਪਏ ਕੁਇੰਟਲ ਵਿਕ ਰਹੇ ਸਨ। ਪਰ ਅਕਾਲੀ ਦਲ ਦੀ ਸਰਕਾਰ ਨੇ 50 ਰੁਪਏ ਪਰ ਕੁਇੰਟਲ ਦੇ ਹਿਸਾਬ ਨਾਲ ਆਲੂ ਖਰੀਦੇ ਔਰ ਇਸ ਤਰ੍ਹਾਂ ਚਾਰ ਕਰੋੜ ਰੁਪਿਆ ਜ਼ਿਮੀਦਾਰਾਂ ਦੇ ਘਰਾਂ ਵਿਚ ਭੇਜਿਆ। (ਵਿਘਨ) (ਥੰਪਿੰਗ) ਸੁਣੋ ਸੁਣੋ, ਅਜੇ ਹੋਰ ਸੁਣੋ। ...

**ਸਰਦਾਰ ਗੁਰਦਰਸ਼ਨ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਆਲੂ ਐਕਸਪੋਰਟ ਕਰਨੇ ਸੀ ਪਰ ਗਲਤੀ ਨਾਲ ਪਿਆਜ ਐਕਸਪੋਰਟ ਕਰ ਦਿੱਤਾ। (ਹਾਸਾ) (ਵਿਘਨ)

**ਸ੍ਰੀ ਸਭਾਪਤੀ** : ਸਰਦਾਰ ਸੁਖਜਿੰਦਰ ਸਿੰਘ ਜੀ, ਆਲੂਆਂ ਬਾਰੇ ਤੁਹਾਡੀ ਪੁਜ਼ੀਸ਼ਨ ਬੜੀ ਕਮ-ਜ਼ੋਰ ਹੈ। (ਹਾਸਾ)

**ਸਰਦਾਰ ਸੁਖਜਿੰਦਰ ਸਿੰਘ ਘੇਰਾ** : ਕਮਜ਼ੋਰ ਨਹੀਂ ਹੈ ਜੀ, ਇਹ ਟਰੁੱਥ ਹੈ ਕਿ ਉਸ ਵੇਲੇ ਗਲੱਟ ਆ ਗਿਆ ਸੀ ਔਰ ਅਸੀਂ 50 ਰੁਪਏ ਕੁਇੰਟਲ ਦੇ ਹਿਸਾਬ ਨਾਲ ਖਰੀਦੇ ਸਨ। (ਬੈਠੇ ਬੈਠੇ ਭਲਾਈ ਮੰਤਰੀ ਵੱਲੋਂ ਵਿਘਨ) ਚੌਧਰੀ ਸਾਹਿਬ, ਇਕ ਵਜ਼ੀਰ ਵਾਂਗ ਬੈਠੋ। ਤੁਸੀਂ ਵਜ਼ੀਰ ਹੋ। (ਹਾਸਾ) ਇਸ ਤਰ੍ਹਾਂ ਹੀ, ਚੇਅਰਮੈਨ ਸਾਹਿਬ, ਪੰਜਾਬ ਵਿਚ ਇਕ ਵਾਰੀ ਸਾਡੇ ਵੇਲੇ ਹਿੰਦੁਸਤਾਨ ਵਿਚ ਗੰਨੇ ਦੀ ਬਹੁਤ ਬੁਰੀ ਹਾਲਤ ਹੋ ਗਈ ਸੀ। ਇਹ ਠੀਕ ਹੈ ਕਿ ਸਹੀ ਰੇਟ ਕਦੇ ਵੀ ਇਸ ਤਰ੍ਹਾਂ ਦੇ ਹਾਲਾਤ ਵਿਚ ਜ਼ਿਮੀਦਾਰ ਨੂੰ ਨਹੀਂ ਮਿਲਦਾ। ਉਸ ਵੇਲੇ, ਚੇਅਰਮੈਨ ਸਾਹਿਬ, ਜ਼ਿਮੀਦਾਰ ਨੇ ਹੋਰ ਥਾਵਾਂ ਤੇ ਖੇਤਾਂ ਵਿਚ ਗੰਨਾ ਸਾੜਿਆ ਲੇਕਿਨ ਪੰਜਾਬ ਵਿਚ ਜਿੱਥੇ ਕਿ ਅਕਾਲੀ ਦਲ ਦੀ ਸਰਕਾਰ ਸੀ ਅਸੀਂ ਬਹੁਤ ਦੇਰ ਤਕ ਮਿੱਲਾਂ ਨੂੰ ਚਲਾਉਂਦੇ ਰਹੇ ਔਰ ਤਿੰਨ ਰੁਪਏ ਕੁਇੰਟਲ ਮਿਲਾਂ ਵਾਲਿਆਂ ਨੂੰ ਦੇ ਕੇ ਸਾਰੀਆਂ ਮਿੱਲਾਂ ਨੂੰ ਕੰਪਨਸੇਟ ਕੀਤਾ ਹੈ ਪਰ ਗੰਨਾ ਸੜਨ ਨਹੀਂ ਦਿੱਤਾ। ਇਥੇ ਹੀ ਬੱਸ ਨਹੀਂ ਐਗਰੀਕਲਚਰ ਵਿਚ ਹੋਰ ਕਈ ਕੰਮ ਕੀਤੇ ਸਨ। ਜਿਨ੍ਹਾਂ ਵਿਚੋਂ ਖਾਲ ਪੱਕੇ ਕਰਨਾ, ਨਾਲੇ ਪੱਕੇ ਕਰਨਾ, ਡਰੇਨਾਂ ਬਣਾਉਣੀਆਂ ਔਰ ਹੋਰ ਪਾਵਰ ਜੈਨਰੇਟ ਕਰਨੀ ਔਰ ਹੋਰ ਕਈ ਤਰ੍ਹਾਂ ਦੇ ਇਰੀਗੇਸ਼ਨ ਵਾਸਤੇ ਪ੍ਰਬੰਧ ਕਰਨੇ, ਇਹ ਸਾਰੀਆਂ ਗੱਲਾਂ ਸਾਡੀ ਸਰਕਾਰ ਨੇ ਕੀਤੀਆਂ ਸਨ। (ਸਰਦਾਰ ਪ੍ਰਿਥੀਪਾਲ ਸਿੰਘ ਵੱਲੋਂ ਵਿਘਨ) ਤੁਸੀਂ ਤਾਂ ਜੱਟ ਹੀ ਨਹੀਂ ਹੋ ਤੁਹਾਨੂੰ ਐਗਰੀਕਲਚਰ ਬਾਰੇ ਕੀ ਪਤਾ ਹੈ। (ਹਾਸਾ)

**ਸਰਦਾਰ ਸ਼ਮਸ਼ੇਰ ਸਿੰਘ** : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੀ ਗੱਲ ਕਰਦੇ ਹਨ। ਸਰਦਾਰ ਸੁਰਜੀਤ ਸਿੰਘ ਬਰਨਾਲਾ, ਯੂਨੀਅਨ ਐਗਰੀਕਲਚਰ ਮਨਿਸਟਰ ਸਨ। ਕੀ ਉਹ ਐਗਰੀਕਲਚਰਿਸਟ ਨਹੀਂ ਹਨ ? ਉਨ੍ਹਾਂ ਨੂੰ ਪੁੱਛੋ ਕਿ ਗੰਨੇ ਦੀ ਕੀ ਹਾਲਤ ਰਹੀ ਹੈ ? ਕੀ ਪੰਜਾਬ ਦਾ ਗੰਨਾ ਉਦੋਂ ਨਹੀਂ ਸੀ ਸਾੜਿਆ ਗਿਆ? (ਵਿਘਨ)

**ਸਰਦਾਰ ਉਜਾਗਰ ਸਿੰਘ** : ਚੇਅਰਮੈਨ ਸਾਹਿਬ, ਸਰਦਾਰ ਸੁਖਜਿੰਦਰ ਸਿੰਘ ਹੋਰੀਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਤਾਂ ਨਿੰਦਦੇ ਰਹੇ ਹਨ। ਜਦੋਂ ਜਨਤਾ ਪਾਰਟੀ ਦੀ ਸਰਕਾਰ ਸੀ ਤਾਂ ਵੀ ਇਹ ਅਕਾਲੀ ਸਰਕਾਰ ਨੂੰ ਨਿੰਦਦੇ ਰਹੇ, ਹੁਣ ਇਹ ਉਸ ਦੀ ਕਿਸ ਤਰ੍ਹਾਂ ਤਰੀਫ ਕਰ ਰਹੇ ਹਨ ? (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਜਿੰਦਰ ਸਿੰਘ ਖੇਰਾ :** ਚੇਅਰਮੈਨ ਸਾਹਿਬ, ਤੁਸੀਂ ਇਨ੍ਹਾਂ ਨੂੰ ਕਟਰੋਲ ਕਰੋ ਜੀ। ਇਹ ਮੇਰਾ ਟਾਈਮ ਖਰਾਬ ਕਰੀ ਜਾਂਦੇ ਹਨ। ਇਨ੍ਹਾਂ ਦੇ ਕੋਈ ਪੁਆਇੰਟ ਆਫ਼ ਆਰਡਰ ਨਹੀਂ ਬਣਦੇ, ਇਹ ਇੰਟਰੱਪਸ਼ਨ ਕਰਦੇ ਹਨ ।

**ਸ਼੍ਰੀ ਸਭਾਪਤੀ :** ਜਿਹੜੇ ਲੋਕ ਪੁਆਇੰਟ ਆਫ਼ ਆਰਡਰ ਕਰਕੇ ਡਿਸਟਰਬੈਂਸ ਕਰਦੇ ਹਨ, ਜਿਤਨਾ ਉਹ ਟਾਈਮ ਜ਼ਾਇਆ ਕਰਨਗੇ ਉਤਨਾ ਟਾਈਮ ਉਨ੍ਹਾਂ ਦੀ ਪਾਰਟੀ ਦੇ ਟਾਈਮ ਵਿਚੋਂ ਕੱਟਿਆ ਜਾਵੇਗਾ ।

Voices : Very good. (Thumping)

**ਸਰਦਾਰ ਸ਼ਮਸ਼ੇਰ ਸਿੰਘ :** ਚੇਅਰਮੈਨ ਸਾਹਿਬ, ਇਨ੍ਹਾਂ ਨੇ ਗੰਨੇ ਦੀ ਗੱਲ ਕੀਤੀ ਹੈ । ਜਿਹੜੀ ਸ਼੍ਰੋਮਣੀ ਅਕਾਲੀ ਦਲ ਦੇ ਸਾਹਮਣੇ ਅਸ਼ੋਰੈਂਸ ਸੀ ਉਹ ਵੀ ਦੱਸ ਦਿਓ ।

**ਸਰਦਾਰ ਸੁਖਜਿੰਦਰ ਸਿੰਘ ਖੇਰਾ :** ਉਹ ਵੀ ਦੱਸ ਦੇਵਾਂਗਾ । ਚੇਅਰਮੈਨ ਸਾਹਿਬ, ਇਨ੍ਹਾਂ ਨੇ ਸਾਡੇ ਬਣਾਏ ਹੋਏ ਫੋਕਲ ਪੁਆਇੰਟਸ ਨੂੰ ਹਾਸੋ ਹੀਣਾ ਬਣਾਉਣ ਦਾ ਯਤਨ ਕੀਤਾ ਹੈ। ਸਾਨੂੰ ਕੋਈ ਇਤਰਾਜ਼ ਨਹੀਂ ਅਗਰ ਇਹ ਸਮਝਦੇ ਹਨ ਕਿ ਉਨ੍ਹਾਂ ਫੋਕਲ ਪੁਆਇੰਟਾਂ ਨਾਲ ਪਿੰਡਾਂ ਦੇ ਲੋਕਾਂ ਦੀ ਸਰਵਪੱਖੀ ਉਨਤੀ ਠੀਕ ਨਹੀਂ ਹੁੰਦੀ। ਇਹ ਉਨ੍ਹਾਂ ਨੂੰ ਬਿਲਕੁਲ ਬਦਲ ਸਕਦੇ ਸਨ। ਚੇਅਰਮੈਨ ਸਾਹਿਬ, ਅਸੀਂ ਪੰਜਾਬ ਵਿਚ 500 ਫੋਕਲ ਪੁਆਇੰਟ ਬਣਾ ਕੇ ਪਿੰਡਾਂ ਦੇ ਲੋਕਾਂ ਨੂੰ ਹਰੀਜਨ ਭਰਾਵਾਂ ਨੂੰ, ਗਰੀਬ ਮਜ਼ਦੂਰਾਂ ਨੂੰ, ਕਿਸਾਨਾਂ ਨੂੰ, ਛੋਟੇ ਦੁਕਾਨਦਾਰਾਂ ਨੂੰ ਸਹੂਲਤਾਂ ਦਿੱਤੀਆਂ ਸਨ । (ਵਿਘਨ) ਚੇਅਰਮੈਨ ਸਾਹਿਬ, ਮੈਨੂੰ ਹੋਰ ਟਾਈਮ ਦੇਣਾ ਪਵੇਗਾ ਜੀ । ਜਿਹੜੇ ਵੀ ਇੰਟਰਪੱਸ਼ਨ ਕਰਦੇ ਹਨ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਸੁਣਨ ਦੀ ਸ਼ਕਤੀ ਪੈਦਾ ਕਰੋ । ਜੇਕਰ ਤੁਹਾਨੂੰ ਫੋਕਲ ਪੁਆਇੰਟਸ ਚੰਗੇ ਨਹੀਂ ਲਗਦੇ ਤਾਂ ਤੋੜ ਦਿਓ । 500 ਫੋਕਲ ਪੁਆਇੰਟ ਬਣਾ ਕੇ ਅਸੀਂ ਹਰੀਜਨ ਵੀਰਾਂ ਨੂੰ, ਛੋਟੇ ਦੁਕਾਨਦਾਰਾਂ ਨੂੰ, ਗਰੀਬ ਮਜ਼ਦੂਰਾਂ ਨੂੰ ਰੁਜ਼ਗਾਰ ਦਿੱਤਾ ਹੈ । (ਵਿਘਨ) ਤੁਸੀਂ ਕਿਉਂ ਬੋਲਦੇ ਹੋ ? ਚੇਅਰਮੈਨ ਸਾਹਿਬ, ਮੇਰੇ ਅੰਦਾਜ਼ੇ ਦੇ ਮੁਤਾਬਿਕ ਦੋ ਕਰੋੜ ਬੋਰੀ ਅਨਾਜ ਦੀ ਕਮ-ਅਜ਼-ਕਮ ਉਥੇ ਆਈ ਹੋਵੇਗੀ । ਇਸ ਦੇ ਨਾਲ ਜ਼ਿਮੀਂਦਾਰ ਦਾ ਆਪਣੀ ਜਿਣਸ ਮੰਡੀ ਵਿਚ ਲਿਜਾਣ ਵਾਸਤੇ ਖਰਚਾ ਬਚਿਆ ਹੈ, ਆੜ੍ਹਤੀ ਜਿਹੜੇ ਛੋਟੇ ਸਨ ਉਨ੍ਹਾਂ ਨੂੰ ਆੜ੍ਹਤ ਮਿਲੀ ਹੈ, ਪੇਂਡੂ ਨੌਜਵਾਨਾਂ ਨੂੰ ਇੰਪਲਾਇਮੈਂਟ ਮਿਲੀ ਹੈ, ਹਰੀਜਨ ਭਰਾਵਾਂ ਨੂੰ, ਗਰੀਬ ਮਜ਼ਦੂਰਾਂ ਨੂੰ, ਪੱਲੇਦਾਰਾਂ ਨੂੰ ਕੰਮ ਪ੍ਰੋਵਾਈਡ ਹੋਇਆ ਹੈ, ਉਨ੍ਹਾਂ ਵਿਚ ਪ੍ਰਾਸਪੈਰਿਟੀ ਆਈ ਹੈ।

**ਸ਼੍ਰੀ ਵਿਨੋਦ ਸ਼ਰਮਾ :** ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਆਨਰੇਬਲ ਮੈਂਬਰ ਜਿਹੜੇ ਫੋਕਲ ਪੁਆਇੰਟਸ ਦੀ ਗੱਲ ਕਰਦੇ ਹਨ ਕਿ ਇਨ੍ਹਾਂ ਨੇ ਬਣਾਏ ਹਨ ਇਹ ਨੈਸ਼ਨਲ ਇਨਕਮ ਨਾਲ ਬਣੇ ਹਨ । ਇਨ੍ਹਾਂ ਉਤੇ ਨੈਸ਼ਨਲ ਇਨਕਮ ਲਗੀ ਹੈ, ਕੋਈ ਕੋਲੋਂ ਇਨ੍ਹਾਂ ਨੇ ਖਰਚ ਨਹੀਂ ਕੀਤਾ । ਇਹ ਲੋਕਾਂ ਨੂੰ ਐਕਸਾਈਟ ਕਰਦੇ ਹਨ ਔਰ ਕਹਿੰਦੇ ਹਨ ਕਿ ਉਨ੍ਹਾਂ ਨੂੰ ਤੋੜ ਦਿਓ । ਇਹ ਹਾਊਸ ਨੂੰ ਗੁਮਰਾਹ ਕਰਦੇ ਹਨ ।

**ਸਰਦਾਰ ਬਲਵੰਤ ਸਿੰਘ** (ਬੈਠੇ ਬੈਠੇ) : ਚੇਅਰਮੈਨ ਸਾਹਿਬ, ਤੁਸੀਂ ਆਪਣੇ ਮੈਂਬਰ ਨੂੰ ਸਮਝਾ ਹੀ ਦਿਓ ਕਿ ਪੁਆਇੰਟ ਆਫ ਆਰਡਰ ਕਿਸ ਤਰ੍ਹਾਂ ਕਰੀਦਾ ਹੈ । (ਹਾਸਾ)

ਸਰਦਾਰ ਸੁਖਜਿੰਦਰ ਸਿੰਘ ਖੇਰਾ : ਚੇਅਰਮੈਨ ਸਾਹਿਬ, ਮੈਂ ਤਾਂ ਕਹਿੰਦਾ ਹਾਂ ਕਿ ਜੇਕਰ ਇਹ ਫੋਕਲ ਪੁਆਇੰਟਾਂ ਨੂੰ ਗਲਤ ਕੰਮ ਸਮਝਣ ਤਾਂ ਠੀਕ ਕਰ ਦੇਣ। ਮੈਂ ਇਨ੍ਹਾਂ ਨੂੰ ਕਹਾਂਗਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਜਿੰਦਰ ਸਿੰਘ ਖੇਰਾ ]

ਕੋਈ ਕੰਮ ਕਰੋ ਤਾਂ ਸਹੀ। ਕੋਈ ਤਾਂ ਕੰਮ ਕਰੋ । ਅਸੀਂ ਬਹੁਤ ਸਾਰੀਆਂ ਸਹੂਲਤਾਂ ਪਿੰਡਾਂ ਵਿਚ ਦਿੱਤੀਆਂ ਹਨ। ਆਨਰੇਬਲ ਮੈਂਬਰ ਕਹਿ ਰਿਹਾ ਸੀ ਕਿ ਡੀਜ਼ਲ ਨਹੀਂ, ਪੈਟਰੋਲ ਦਾ ਪੰਪ ਫਲਾਂ ਥਾਂ ਨਹੀਂ ਲਗਾ, ਟੈਲੀਫੂਨ ਨਹੀਂ ਲਗਾ। ਚੇਅਰਮੈਨ ਸਾਹਿਬ, ਇਹ ਚੀਜ਼ਾਂ ਸਾਡੇ ਪਰਵਿਊ ਵਿਚ ਨਹੀਂ ਸਨ । ਜੋ ਪੰਜਾਬ ਸਰਕਾਰ ਦੇ ਪਰਵਿਊ ਵਿਚ ਸਨ ਉਹ ਕੀਤੀਆਂ ਹਨ । ਤੁਸੀਂ ਵੇਖੋ ਕਿ ਮੈਂ ਇਲੈਕਸ਼ਨਾਂ ਦੇ ਦੌਰਾਨ ਇਕ ਫੋਕਲ ਪੁਆਇੰਟ ਤੇ ਗਿਆ । ਉਥੇ ਇਕ ਜਨਰਲ ਪ੍ਰੋਵੀਜ਼ਨ ਦੀ ਦੁਕਾਨ ਖੁਲ੍ਹੀ ਹੋਈ ਹੈ । ਉਸ ਦੁਕਾਨਦਾਰ ਨੇ ਕਿਹਾ ਕਿ ਮੇਰੇ ਰੋਜ਼ ਦੀ 10 ਹਜ਼ਾਰ ਰੁਪਏ ਦੀ ਸੇਲ ਹੁੰਦੀ ਹੈ।

**ਸਰਦਾਰ ਪਿਰਥੀਪਾਲ ਸਿੰਘ** : ਦੁਕਾਨ ਕਾਹਦੀ ਹੈ ?

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਕਰਿਆਨੇ ਦੀ ਹੈ। ਮੈਂ ਚੇਅਰਮੈਨ ਸਾਹਿਬ, ਫਿਰ ਕਹਿੰਦਾ ਹਾਂ ਕਿ ਜੇਕਰ ਇਹ ਗੱਲਾਂ ਮਾੜੀਆਂ ਲਗਦੀਆਂ ਹਨ ਇਨ੍ਹਾਂ ਨੂੰ ਤਾਂ ਉਹ ਲਾਜ਼ਮੀ ਤੌਰ ਤੇ ਬੰਦ ਕਰ ਦੇਣੀਆਂ ਚਾਹੀਦੀਆਂ ਹਨ । ਚੇਅਰਮੈਨ ਸਾਹਿਬ, ਹਿਊਮਨ ਬੀਂਗ ਨੂੰ ਤਾਂ ਸਰਕਾਰ ਨੇ ਏਡ ਦਿੱਤੀ ਹੈ ਪਰ ਅਸੀਂ ਜਾਨਵਰਾਂ ਨੂੰ ਵੀ ਦਿੱਤੀ ਹੈ। ਆਦਮੀ ਜੇਕਰ ਬਿਮਾਰ ਹੋ ਜਾਵੇ ਤਾਂ ਉਸ ਨੂੰ ਦੂਰ ਦੁਰਾਡੇ ਇਲਾਜ ਲਈ ਲਿਜਾਇਆ ਜਾ ਸਕਦਾ ਹੈ। ਉਸ ਨੂੰ ਕਾਰ ਵਿਚ, ਟਰੱਕ ਵਿਚ, ਟਰੈਕਟਰ ਵਿਚ ਲਿਜਾਇਆ ਜਾ ਸਕਦਾ ਹੈ ਪਰ ਜਾਨਵਰਾਂ ਨੂੰ ਇਸ ਤਰ੍ਹਾਂ ਇਲਾਜ ਲਈ ਲਿਜਾਣਾ ਬਹੁਤ ਹੀ ਮੁਸ਼ਕਿਲ ਹੈ । ਉਨ੍ਹਾਂ ਨੇ ਇਲਾਜ ਲਈ ਵੈਟਰਨਰੀ ਡਿਸਪੈਂਸਰੀਆਂ ਦੀ ਲੋੜ ਬਹੁਤ ਹੈ। ਅਸੀਂ ਇਸ ਤਰ੍ਹਾਂ ਦਾ ਪ੍ਰੋਗਰਾਮ ਬਣਾਇਆ ਕਿ ਪਿੰਡਾਂ ਵਿਚ ਵੈਟਰਨਰੀ ਡਿਸਪੈਂਸਰੀਆਂ ਖੋਲ੍ਹੀਆਂ ਜਾਣ । ਇਸ ਦਾ ਅਸਰ ਇਹ ਹੋਇਆ ਕਿ ਲੋਕਾਂ ਨੂੰ ਆਪਣੇ ਜਾਨਵਰਾਂ ਦਾ ਇਲਾਜ ਕਰਾਉਣ ਵਿਚ ਸਹੂਲਤ ਮਿਲੀ ।

ਚੇਅਰਮੈਨ ਸਾਹਿਬ, ਤੁਸੀਂ ਵੀ ਐਜੂਕੇਸ਼ਨਿਸਟ ਹੋ, ਕੁਝ ਇਨਸਟੀਚਿਊਸ਼ਨਾਂ ਨੂੰ ਰਨ ਕਰਦੇ ਹੋ, ਤੁਹਾਨੂੰ ਵੀ ਪਤਾ ਹੈ ਕਿ ਲਗਾਤਾਰ ਇਕ ਪਾਰਟੀ ਦਾ ਦੇਸ਼ ਵਿਚ ਰਾਜ ਰਹਿਣ ਕਰ ਕੇ ਐਜੂਕੇਸ਼ਨ ਦੇ ਖੇਤਰ ਵਿਚ ਬਹੁਤ ਸਾਰੀਆਂ ਪ੍ਰਾਬਲਮਜ਼ ਖੜ੍ਹੀਆਂ ਹੋ ਗਈਆਂ ਸਨ । ਪ੍ਰਾਈਵੇਟ ਕਾਲਜ ਫਿਜ਼ਲ ਆਊਟ ਹੋ ਰਹੇ ਸਨ ਫਾਰ ਵਾਂਟ ਆਫ ਫੰਡਜ਼। ਮੁਲਾਜ਼ਮਾਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਜਾ ਸਕਦੀਆਂ ਸਨ । ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਹੋ ਚੁੱਕੀਆਂ ਸਨ। ਡੀ. ਏ. ਵੀ. ਇਨਸਟੀਚਿਊਸ਼ਨਜ਼, ਖਾਲਸਾ ਇਨਸਟੀਚਿਊਸ਼ਨਜ਼ ਜਾਂ ਸਨਾਤਨ ਧਰਮ ਇਨਸਟੀਚਿਊਸ਼ਨਜ਼ ਐਂਟਾਇਰਲੀ ਚਾਹੁੰਦੇ ਸਨ ਕਿ ਗੌਰਮਿੰਟ ਉਨ੍ਹਾਂ ਨੂੰ ਟੇਕ ਓਵਰ ਕਰ ਲਵੇ। ਸਾਡੀ ਗੌਰਮਿੰਟ ਨੇ ਉਨ੍ਹਾਂ ਸਕੂਲਾਂ ਨੂੰ ਟੇਕ ਓਵਰ ਕਰ ਲਿਆ ਤਾਂ ਕਿ ਉਨ੍ਹਾਂ ਦੀ ਪਰਾਬਲਮ ਹਮੇਸ਼ਾਂ ਲਈ ਖਤਮ ਹੋ ਜਾਵੇ । ਇਤਨਾ ਹੀ ਨਹੀਂ ਅਸੀਂ 95 ਫੀ ਸਦੀ ਗਰਾਂਟ ਪ੍ਰਾਈਵੇਟ ਕਾਲਜਾਂ ਨੂੰ ਦੇ ਕੇ ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ ਬਹੁਤ ਵਡਾ ਕਦਮ ਚੁੱਕਿਆ ਸੀ । ਮੈਂ ਸਮਝਦਾ ਹਾਂ ਕਿ ਇਹ ਕਦਮ ਅਕਾਲੀ ਸਰਕਾਰ ਦਾ ਆਉਣ ਵਾਲੀ ਜੈਨਰੇਸ਼ਨ ਯਾਦ ਕਰੇਗੀ । (ਤਾੜੀਆਂ) ਇਸੇ ਤਰ੍ਹਾਂ ਹੀ ਪ੍ਰਾਈਵੇਟ ਸਕੂਲਾਂ ਬਾਰੇ ਵੀ ਸਾਡੀ ਸਰਕਾਰ ਨੇ ਬਹੁਤ ਚੰਗੇ ਕਦਮ ਚੁੱਕੇ ਸਨ । ਪ੍ਰਾਈਵੇਟ ਸਕੂਲਾਂ ਦੇ ਜਿਹੜੇ ਟੀਚਰਜ਼ ਸਨ, ਉਨ੍ਹਾਂ ਦੇ ਏਰੀਅਰਜ਼ ਕਰੋੜਾਂ ਰੁਪਏ ਦੇ ਚਲੇ ਆਉਂਦੇ ਸਨ ਜਿਹੜੇ ਕਿ ਉਨ੍ਹਾਂ ਨੂੰ ਨਹੀਂ ਸਨ ਦਿੱਤੇ ਗਏ । ਉਹ ਆਪਣੇ ਆਪ ਨੂੰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੇ ਮੁਕਾਬਲੇ ਬਹੁਤ ਇਨਫੀਰੀਅਰ ਮਹਿਸੂਸ ਕਰਦੇ ਸਨ, ਉਹ ਆਪਣਾ ਸਿਰ ਨਹੀਂ ਚੁਕ ਸਕਦੇ ਸਨ ਪਰ ਸਾਡੀ ਸਰਕਾਰ ਨੇ ਉਨ੍ਹਾਂ ਸਾਰਿਆਂ ਨੂੰ ਪੈਰਿਟੀ ਆਫ਼ ਪੇ ਦਿੱਤੀ ਅਤੇ ਜਿਹੜੇ ਉਨ੍ਹਾਂ ਦੇ ਏਰੀਅਰਜ਼ ਚਲੇ ਆਉਂਦੇ ਸਨ ਇਹ ਕੋਈ ਤਕਰੀਬਨ 7-8 ਕਰੋੜ ਰੁਪਏ ਦੇ ਸੀ ਇਹ ਵੀ ਸਾਡੀ ਸਰਕਾਰ ਨੇ

Original with;
Punjab Vidhan Sabha
Digitized by;
Panjab Digital Library

ਹੀ ਦਿੱਤੇ। ਉਨ੍ਹਾਂ ਟੀਚਰਾਂ ਦੀ ਸਿਕਿਉਰਿਟੀ ਆਫ਼ ਸਰਵਿਸ ਐਨਸ਼ਿਓਰ ਕੀਤੀ। ਹੁਣ ਇਹ ਜਿਹੜੇ ਇਸ ਸੰਬੰਧ ਵਿਚ ਇਹ ਬਿਲ ਲਿਆਉਣ ਦਾ ਜ਼ਿਕਰ ਕਰ ਰਹੇ ਹਨ ਇਹ ਬਿਲ ਸਾਡੇ ਹੀ ਸਮੇਂ ਦਾ ਡਰਾਫਟ ਕੀਤਾ ਹੋਇਆ ਹੈ। ਇਹ ਬਿਲ ਇਥੇ ਪੇਸ਼ ਕਰਨ ਅਸੀਂ ਇਸ ਨੂੰ ਵੈਲਕਮ ਕਰਾਂਗੇ।

ਇਸੇ ਤਰ੍ਹਾਂ ਹੀ ਪ੍ਰਾਇਮਰੀ ਸਕੂਲਾਂ ਦੇ ਡਾਇਰੈਕਟੋਰੇਟ ਦੀ ਮੰਗ ਬੜੀ ਦੇਰ ਤੋਂ ਚਲੀ ਆਉਂਦੀ ਸੀ। ਕੋਈ ਵੀ ਸਰਕਾਰ ਇਹ ਮੰਗ ਮੰਨਣ ਨੂੰ ਤਿਆਰ ਨਹੀਂ ਸੀ, ਕਿਉਂਕਿ ਇਸ ਤੇ ਸਰਕਾਰ ਦਾ ਖਰਚਾ ਬਹੁਤ ਆਉਂਦਾ ਸੀ। ਪਰ ਸਾਡੀ ਸਰਕਾਰ ਨੇ ਉਨ੍ਹਾਂ ਦੀ ਇਹ ਮੰਗ ਮਨ ਕੇ ਮੈਂ ਸਮਝਦਾ ਹਾਂ ਕਿ ਬਹੁਤ ਵਡਾ ਕਦਮ ਚੁੱਕਿਆ ਹੈ। ਇਥੇ ਹੀ ਬਸ ਨਹੀਂ ਅਕਾਲੀ ਸਰਕਾਰ ਵੇਲੇ ਐਜੂਕੇਸ਼ਨ ਵਲ ਬਹੁਤ ਧਿਆਨ ਦਿੱਤਾ ਗਿਆ। ਅਡਲਟ ਐਜੂਕੇਸ਼ਨ ਵਲ, ਉਨ੍ਹਾਂ ਲਈ ਸਕੂਲ ਖੋਲ੍ਹਣੇ ਔਰ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਸਕੂਲ ਅਪ ਗਰੇਡ ਕਰਨ ਵਲ ਵੀ ਸਾਡੀ ਸਰਕਾਰ ਨੇ ਬਹੁਤ ਧਿਆਨ ਦਿੱਤਾ ਸੀ। ਇਸ ਦੇ ਨਾਲ ਹੀ ਇੰਪਲਾਇਮੈਂਟ ਜੈਨਰੇਟ ਕਰਨ ਵਾਸਤੇ ਵੀ ਸਾਡੀ ਸਰਕਾਰ ਨੇ ਬਹੁਤ ਕੰਮ ਕੀਤਾ ਸੀ। ਮੈਂ ਸਮਝਦਾ ਹਾਂ ਕਿ ਅਕਾਲੀ ਸਰਕਾਰ ਵੇਲੇ ਐਜੂਕੇਸ਼ਨ ਦੇ ਸਬੰਧ ਵਿਚ ਜੋ ਕੁਝ ਇਸ ਦੀ ਤਰੱਕੀ ਲਈ ਮੈਕਸੀਮਮ ਹੋ ਸਕਦੀ ਸੀ, ਓਸ ਸਮੇਂ ਵਿਚ ਕੀਤਾ ਗਿਆ। ਇਸ ਵਿਚ ਕੋਈ ਕੰਟਰਾਡਿਕਸ਼ਨ ਵਾਲੀ ਗੱਲ ਨਹੀਂ ਹੈ।

ਫਿਰ, ਇਸ ਤੋਂ ਅੱਗੇ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਇਹ ਲਿਖਿਆ ਹੈ ਕਿ ਅਸੀਂ ਸਰਕਾਰੀ ਮੁਲਾਜ਼ਮਾਂ ਨੂੰ, ਪੇ-ਕਮਿਸ਼ਨ ਨੇ ਜੋ ਸਿਫਾਰਸ਼ ਕੀਤੀ ਹੈ, ਉਹ ਪਰਵਾਨ ਕਰਾਂਗੇ। ਇਨ੍ਹਾਂ ਨੇ ਕਿਹਾ ਹੈ ਕਿ ਇਹ ਪੇ-ਕਮਿਸ਼ਨ ਸਾਡੀ ਸਰਕਾਰ ਨੇ ਹੀ ਬਿਠਾਇਆ ਸੀ। ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣ ਤਕ ਪੰਜਾਬ ਵਿਚ 2 ਪੇ-ਕਮਿਸ਼ਨ ਬੈਠੇ ਹਨ ਅਤੇ ਇਹ ਦੋਨੋਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਬਿਠਾਏ ਸਨ। ਫਿਰ ਜੋ ਸਿਫਾਰਸ਼ਾਂ ਇਸ ਪੇ-ਕਮਿਸ਼ਨ ਨੇ ਕੀਤੀਆਂ ਹਨ ਸਾਡੀ ਸਰਕਾਰ ਨੇ ਉਸ ਨਾਲੋਂ ਵਧ ਮੁਲਾਜ਼ਮਾਂ ਨੂੰ ਸਹੂਲਤਾਂ ਦਿੱਤੀਆਂ ਹਨ। ਫਿਰ ਇਨ੍ਹਾਂ ਨੇ ਗਵਰਨਰ ਐਡਰੈਸ ਵਿਚ ਇਹ ਵੀ ਕਿਹਾ ਹੈ ਕਿ ਪੇ-ਕਮਿਸ਼ਨ ਵਿਚ ਜੋ ਤਰੁੱਟੀਆਂ ਹਨ ਉਹ ਦੂਰ ਕੀਤੀਆਂ ਜਾਣਗੀਆਂ। ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ ਕਿ ਗੌਰਮਿੰਟ ਆਫ਼ ਇੰਡੀਆ ਨੇ 1973 ਵਿਚ ਇਕ ਪੇ-ਕਮਿਸਨ, ਬਿਠਾਇਆ ਸੀ ਪਰ ਉਸ ਵਿਚ ਜਿਹੜੀਆਂ ਤਰੁੱਟੀਆਂ ਰਹਿ ਗਈਆਂ ਸਨ, ਜਿਹੜੀਆਂ ਅਨਾਮਲੀਜ਼ ਸਨ ਉਹ ਅੱਜ ਤਕ ਵੀ ਦੂਰ ਨਹੀਂ ਹੋ ਸਕੀਆਂ। ਇਹ ਅਨਾਮਲੀਜ਼ ਦੂਰ ਕਰਨੀਆਂ; ਕੋਈ ਆਸਾਨ ਕੰਮ ਨਹੀਂ ਹੈ। ਜਿਸ ਤਰ੍ਹਾਂ ਸੈਂਟਰਲ ਗੌਰਮਿੰਟ ਹਾਲਾਂ ਤੱਕ ਅਨਾਮਲੀਜ਼ ਨੂੰ ਦੂਰ ਨਹੀਂ ਕਰ ਸਕੇ, ਇਸੀ ਤਰ੍ਹਾਂ ਇਹ ਵੀ ਅਨਾਮਲੀਜ਼ ਦੂਰ ਨਹੀਂ ਕਰ ਸਕਣਗੇ।

ਚੇਅਰਮੈਨ ਸਾਹਿਬ, ਇਕ ਗੱਲ ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਪੁਲਿਟੀਕਲ ਮਾਰੇਲ ਫਾਈਬਰ ਦੇ ਬਾਰੇ ਜ਼ਿਕਰ ਕੀਤਾ ਹੈ।

**ਸ੍ਰੀ ਸਭਾਪਤੀ** : ਤੁਸੀਂ ਹੋਰ ਕਿੰਨਾ ਸਮਾਂ ਲਵੋਂਗੇ ?

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਮੈਂ 5 ਮਿੰਟ ਲਵਾਂਗਾ। ਚੇਅਰਮੈਨ ਸਾਹਿਬ, ਮੈਂ ਮਾਰੇਲ ਫਾਈਬਰ ਦੇ ਬਾਰੇ ਅਰਜ਼ ਕਰਨ ਲਗਾ ਸਾਂ। ਉਨ੍ਹਾਂ ਨੇ ਲਿਖਿਆ ਹੈ ਕਿ ਸਿਆਸੀ ਕੁਰੱਪਸ਼ਨ ਬਹੁਤ ਹੋਈ ਹੈ ਇਸ ਨੂੰ ਬੰਦ ਕਰਨਾ ਚਾਹੀਦਾ ਹੈ। ਇਸ ਦਾ ਇਲਜ਼ਾਮ ਸਾਡੇ ਤੇ ਇਹ ਲਾਉਂਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਰਿਆਣਾ ਔਰ ਹਿਮਾਚਲ ਵਿਚ ਜਿਸ ਤਰੀਕੇ ਨਾਲ ਪੁਲਿਟੀਕਲ ਡਿਫੈਕਸ਼ਨ ਕੀਤੀ ਗਈ ਹੈ ਉਸ ਦੀ ਕਿਤੇ ਮਿਸਾਲ ਨਹੀਂ ਮਿਲ ਸਕਦੀ। ਇਥੋਂ ਤਕ ਕਿ ਸਾਰੀ ਦੀ ਸਾਰੀ ਮਨਿਸਟਰੀ ਨਾਲ ਹੀ ਚੀਫ਼ ਮਨਿਸਟਰ ਡਿਫੈਕਟ ਕਰ ਗਏ .............

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ** : ਤੁਸੀਂ ਆਪਣੀ ਸਟੇਟ ਦੀ ਗੱਲ ਕਰੋ । ਦੂਜੇ ਸਟੇਟ ਦੀ ਗੱਲ ਕਰਨਾ ਮੁਨਾਸਿਬ ਨਹੀਂ ਹੈ।

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਜਿਹੜੀਆਂ ਹਰਿਆਣਾ ਔਰ ਹਿਮਾਚਲ ਵਿਚ ਡਿਫੈਕਸ਼ਨਜ਼ ਹੋਈਆਂ, ਕੀ ਉਨ੍ਹਾਂ ਬਾਰੇ ਕਹਿਣਾ ਪਰਮਿਸੇਬਲ ਨਹੀਂ ਹੈ ? ਇਹ ਤਾਂ ਮਾਰੇਲਿਟੀ ਦਾ ਸਵਾਲ ਹੈ।

**ਸ੍ਰੀ ਸਭਾਪਤੀ** : ਤੁਸੀਂ ਪੰਜਾਬ ਦੇ ਗਵਰਨਰ ਦਾ ਐਡਰੈਸ ਡਿਸਕਸ ਕਰ ਰਹੇ ਹੋ, ਹਰਿਆਣਾ ਜਾਂ ਹਿਮਾਚਲ ਦਾ ਡਿਸਕਸ ਨਹੀਂ ਕਰ ਰਹੇ । ਤੁਸੀਂ ਆਪਣੀ ਸਟੇਟ ਦੀ ਗੱਲ ਕਰੋ ।

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਅੱਛਾ ਤੁਸੀਂ ਪੰਜਾਬ ਦੀ ਹੀ ਗੱਲ ਸੁਣ ਲਵੋ । ਹੁਣੇ ਹੀ ਰਾਜ ਸਭਾ ਲਈ 2 ਮੈਂਬਰਾਂ ਦੀ ਇਲੈਕਸ਼ਨ ਹੋਈ ਹੈ । ਤੁਹਾਨੂੰ ਵੀ ਪਤਾ ਹੈ ਅਤੇ ਸਾਨੂੰ ਵੀ ਪਤਾ ਹੈ ਕਿ ਕਿੰਨੀਆਂ ਕਿੰਨੀਆਂ ਵੋਟਾਂ ਕਿਸ ਕਿਸ ਨੂੰ ਪੈਣੀਆਂ ਸਨ ਅਤੇ ਕਿਸ ਨੇ ਚੁਣਿਆ ਜਾਣਾ ਸੀ। ਪਰ ਇਨ੍ਹਾਂ ਦਾ ਮਾਰਲ ਫਾਈਬਰ ਵੇਖ ਲਵੋ । ਇਨ੍ਹਾਂ ਨੇ ਕੀ ਕੀਤਾ ? ਇਨ੍ਹਾਂ ਨੇ ਓਸਵਾਲ ਵਰਗੇ ਕਰੋੜ ਪਤੀ ਨੂੰ ਲਿਆ ਕੇ ਫ਼ੀਲਡ ਵਿਚ ਖੜ੍ਹਾ ਕਰ ਦਿੱਤਾ। ਦੱਸੋ ਉਸ ਵਕਤ ਮਾਰਲ ਫਾਈਬਰ ਕਿਥੇ ਗਿਆ ਸੀ ? ਪਹਿਲੇ ਤਾਂ ਉਸ ਨੇ ਗਰੀਬਾਂ ਦਾ ਖ਼ੂਨ ਪਸੀਨਾ ਪੀ ਕੇ ਬਲੈਕ ਮਨੀ ਇਕੱਠੀ ਕੀਤੀ ਔਰ ਫਿਰ ਇਨ੍ਹਾਂ ਭਰਾਵਾਂ ਨੂੰ ਖਰੀਦਣ ਲਈ ਯਤਨ ਕਰਦਾ ਰਿਹਾ ..........................................
(ਵਿਘਨ)

(ਇਸ ਵੇਲੇ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋਏ )

**ਸ੍ਰੀ ਸਭਾਪਤੀ** : ਤੁਸੀਂ ਬੈਠ ਜਾਓ । ਸੈਣੀ ਸਾਹਿਬ ਆਪਣਾ ਪੁਆਇੰਟ ਆਫ ਆਰਡਰ ਕਰ ਲੈਣ ।

**ਸ੍ਰੀ ਗੁਰਦਿਆਲ ਸੈਣੀ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸਰਦਾਰ ਬਸੰਤ ਸਿੰਘ** : ਚੇਅਰਮੈਨ ਸਾਹਿਬ, ਇਹ ਕਿਸੇ ਆਦਮੀ ਨੂੰ ਚੋਣ ਲੜਨ ਲਈ ਕਿਵੇਂ ਰੋਕ ਸਕਦੇ ਹਨ । ਰਾਜ ਸਭਾ ਦੀ ਚੋਣ ਲਈ ਤਾਂ ਕੋਈ ਵੀ ਖੜ੍ਹਾ ਹੋ ਸਕਦਾ ਹੈ ।
(ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਚੇਅਰਮੈਨ ਸਾਹਿਬ, ਮੈਂ ਪੁਲੀਟੀਕਲ ਮਾਰੇਲਿਟੀ ਦੀ ਗੱਲ ਕਰ ਰਿਹਾ ਸੀ । ਮੈਂ ਇਸਦੀ ਮਿਸਾਲ ਦਿੰਦਾ ਹਾਂ। ਅਸੀਂ ਆਪਣੀ ਸਰਕਾਰ ਵੇਲੇ ਸਾਰੀਆਂ ਨਾਮੀਨੇਸ਼ਨਾਂ ਐਡਮੀਸ਼ਨ ਲੈਣ ਲਈ ਬੰਦ ਕਰ ਦਿੱਤੀਆਂ ਸਨ, ਕਿਉਂਕਿ ਇਸ ਵਿਚ ਲੱਖਾਂ ਰੁਪਏ ਕਮਾਏ ਜਾਂਦੇ ਸਨ । ਪਰ ਹੁਣ ਇਕ ਕੇਸ ਫਿਰ ਸਾਡੇ ਨੋਟਿਸ ਵਿਚ ਆਇਆ ਹੈ ਔਰ ਉਸ ਦੇ ਬਾਰੇ ਕੁਐਸਚਨ ਵੀ ਕੀਤਾ ਗਿਆ ਹੈ। (ਵਿਘਨ) ਹੁਣੇ ਹੀ ਮੈਡੀਕਲ ਕਾਲਜ, ਲੁਧਿਆਣਾ ਵਿਚ ਫਾਰਨ ਸਟੂਡੈਂਟਸ ਤੋਂ 20, 20 ਹਜ਼ਾਰ ਡਾਲਰ ਲੈ ਕੇ ਦਾਖਲ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਫਾਈਲ ਚੀਫ਼ ਮਨਿਸਟਰ ਸਾਹਿਬ ਪਹਿਲੇ ਰਿਜੇਕਟ ਵੀ ਕਰ ਚੁੱਕੇ ਹਨ ਪਰ ਹੁਣ ਇਹ ਫਿਰ ਕੋਸ਼ਿਸ਼ ਕੀਤੀ ਜਾ ਰਹੀ ਹੈ । (ਵਿਘਨ)

**Mr. Chairman** ; Please wind up.

**ਸ੍ਰੀ ਗੁਰਦਿਆਲ ਸੈਣੀ** : ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਆਤਮਾ ਸਿੰਘ :** ** ** **

(ਇਸ ਸਮੇਂ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ)

**ਸ੍ਰੀ ਸਭਾਪਤੀ :** ਤੁਸੀਂ ਸਾਰੇ ਮੈਂਬਰ ਸਾਹਿਬਾਨ ਬੈਠ ਜਾਓ । I am on my legs. ਇਸ ਤਰ੍ਹਾਂ ਐਲੀਗੇਸ਼ਨ ਅਤੇ ਕਾਊਂਟਰ ਐਲੀਗੇਸ਼ਨ ਇੱਕ ਦੂਸਰੇ ਤੇ ਲਗਾਉਣਾ ਠੀਕ ਨਹੀਂ ਹੈ। ਇਹ ਦੋਨੋਂ ਪੁਆਇੰਟਸ ਆਫ਼ ਆਰਡਰ ਨਹੀਂ ਹਨ।

**ਸਰਦਾਰ ਸੁਖਜਿੰਦਰ ਸਿੰਘ ਖੈਰਾ :** ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਸ੍ਰੀ ਗੁਰਦਿਆਲ ਸੈਣੀ ਪਾਸ ਜੇਕਰ ਕੋਈ ਸਬੂਤ ਹਨ ਤਾਂ ਉਹ ਪੇਸ਼ ਕਰਨ ਔਰ ਅਸੀਂ ਇਨਕੁਆਇਰੀ ਕਰਾਉਣ ਵਾਸਤੇ ਤਿਆਰ ਹਾਂ । (ਵਿਘਨ)

**ਸ੍ਰੀ ਗੁਰਦਿਆਲ ਸੈਣੀ :** ਚੇਅਰਮੈਨ ਸਾਹਿਬ, ਹਾਊਸ ਦੀ ਇੱਕ ਕਮੇਟੀ ਬਣਾ ਦਿਓ ਔਰ ਮੈਂ ਸਬੂਤ ਪੇਸ਼ ਕਰਾਂਗਾ ।

**ਸ੍ਰੀ ਸਭਾਪਤੀ :** ਤੁਸੀਂ ਇਸ ਬਾਰੇ ਲਿਖ ਕੇ ਭੇਜ ਦਿਉ । ਇਸ ਵੇਲੇ ਕਮੇਟੀ ਨਹੀਂ ਬਣਾਈ ਜਾ ਸਕਦੀ । ਸਰਦਾਰ ਸੁਖਜਿੰਦਰ ਸਿੰਘ ਜੀ, ਹੁਣ ਤੁਸੀਂ ਵਾਈਂਡ ਅੱਪ ਕਰੋ। ਤੁਹਾਡੀ ਪਾਰਟੀ ਦੀ ਮੇਰੇ ਕੋਲ ਲਿਸਟ ਆਈ ਹੋਈ ਹੈ । ਕਈ ਮੈਂਬਰਾਂ ਨੇ ਅਜੇ ਬੋਲਣਾ ਹੈ। ਤੁਹਾਡੀ ਪਾਰਟੀ ਦੇ 35-40 ਮਿੰਟ ਬਾਕੀ ਰਹਿ ਗਏ ਹਨ ।

**ਸਰਦਾਰ ਸੁਖਜਿੰਦਰ ਸਿੰਘ ਖੈਰਾ :** ਚੇਅਰਮੈਨ ਸਾਹਿਬ, ਮੇਰਾ ਵਕਤ ਇਸ ਤਰ੍ਹਾਂ ਜ਼ਾਇਆ ਹੋ ਰਿਹਾ ਹੈ । ਇਹ ਕਾਂਗਰਸੀ ਭਰਾ ਮਹਿੰਗਾਈ ਦੀਆਂ ਗੱਲਾਂ ਕਰਦੇ ਹਨ। ਚੇਅਰਮੈਨ ਸਾਹਿਬ, ਮਹਿੰਗਾਈ ਦਿਨੋਂ ਦਿਨ ਵੱਧ ਰਹੀ ਹੈ ਅਤੇ ਕਾਂਗਰਸ ਸਰਕਾਰ ਨੇ ਕੋਈ ਪਾਜ਼ੇਟਿਵ ਸਟੈਪ ਨਹੀਂ ਲਿਆ। (ਵਿਘਨ) (ਸ਼ੋਰ) ਸਾਡੀ ਪਾਰਟੀ ਨੇ ਹੀ ਪਹਿਲਾ ਪਨਸਪ ਦੀਆਂ ਦੁਕਾਨਾਂ ਖੋਲ੍ਹੀਆਂ ਸਨ ਜਿਥੇ ਘੀ, ਆਟਾ ਅਤੇ ਦਾਲਾਂ ਮਿਲਦੀਆਂ ਸਨ, ਜਿਸ ਦੀ ਸਾਰੇ ਹਿੰਦੁਸਤਾਨ ਵਿਚ ਤਾਰੀਫ ਕੀਤੀ ਗਈ ਸੀ ।

**ਸ੍ਰੀ ਸਭਾਪਤੀ :** ਸਰਦਾਰ ਸੁਖਜਿੰਦਰ ਸਿੰਘ ਜੀ, ਬਾਕੀ ਗੱਲਾਂ ਬਜਟ ਡਿਸਕਸ਼ਨ ਤੇ ਕਰ ਲੈਣਾ। ਤੁਹਾਡੀ ਪਾਰਟੀ ਦੇ 35-40 ਮਿੰਟ ਰਹਿ ਗਏ ਹਨ ; ਅਜੇ ਤੁਹਾਡੇ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਵਾਲੇ ਪਏ ਹਨ ਅਤੇ ਤੁਹਾਡੀ ਪਾਰਟੀ ਦੀ ਬਹੁਤ ਲੰਬੀ ਚੌੜੀ ਲਿਸਟ ਹੈ । ਹੁਣ ਤੁਸੀਂ ਵਾਈਂਡ ਅੱਪ ਕਰੋ ।

**ਸਰਦਾਰ ਸੁਖਜਿੰਦਰ ਸਿੰਘ ਖੈਰਾ :** ਚੇਅਰਮੈਨ ਸਾਹਿਬ, ਮੈਂ ਹਾਲਾਂ ਕੁਝ ਹੋਰ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਹਰੀਜਨਾਂ ਵਾਸਤੇ ਜੋ ਕੁਝ ਬਾਦਲ ਸਾਹਿਬ ਨੇ ਕਿਹਾ ਹੈ, ਉਹ ਬਿਲਕੁਲ ਸੱਚਾਈ ਕਹੀ ਹੈ। ਚੇਅਰਮੈਨ ਸਾਹਿਬ, ਅੱਜ ਤੋਂ ਢਾਈ ਸੌ ਸਾਲ ਪਹਿਲਾਂ ਗੁਰੂ ਸਾਹਿਬਾਨ ਨੇ ਜਿਨ੍ਹਾਂ ਲੀਹਾਂ ਤੇ ਚਲਦੇ ਹੋਏ ਕੰਮ ਕੀਤਾ, ਉਨ੍ਹਾਂ ਵਿਚੋਂ 4-5 ਬਹੁਤ ਵੱਡੀਆਂ ਗਲਾਂ ਕੀਤੀਆਂ ਗਈਆਂ ਹਨ। ਚੇਅਰਮੈਨ ਸਾਹਿਬ, ਹਰੀਜਨਾਂ ਨੂੰ ਬਾਕੀ ਵਰਗਾਂ ਦੇ ਬਰਾਬਰ ਲਿਆਂਦਾ ਗਿਆ । ਹਰੀਜਨਾਂ ਵਾਸਤੇ ਧਰਮਸ਼ਾਲਾਵਾਂ ਬਣਾਈਆਂ ਗਈਆਂ । ਹਰੀਜਨਾਂ ਨੂੰ ਆਪਣਾ ਕੰਮ ਸ਼ੁਰੂ ਕਰਨ ਲਈ ਬਗੈਰ ਇਨਟਰੈਸਟ ਤੋਂ ਲੋਨਜ਼ ਦਿੱਤੇ ਗਏ। ਪਹਿਲਾਂ ਦੁਆਬੇ ਵਿਚੋਂ ਲੋਕ ਬਾਹਰ ਜਾਂਦੇ ਸਨ ਪਰ ਹਰੀਜਨਾਂ ਅਤੇ ਸ਼ੈਡਿਊਲਡ ਕਾਸਟਸ ਭਰਾ ਦੇਸ਼ ਤੋਂ ਬਾਹਰ ਨਹੀਂ ਸਨ ਜਾ ਸਕਦੇ ਪਰ ਅਸੀਂ ਉਨ੍ਹਾਂ ਗਰੀਬ ਹਰੀਜਨਾਂ ਨੂੰ ਬਾਹਰ ਜਾਣ ਵਾਸਤੇ ਆਉਣ ਜਾਣ ਦਾ ਕਿਰਾਇਆ ਦਿਤਾ ਅਤੇ ਹੋਰ ਸਾਰਾ ਖਰਚਾ ਦਿੱਤਾ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਜਿੰਦਰ ਸਿੰਘ ਖੈਰਾ]

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਇਨ੍ਹਾਂ ਵਾਸਤੇ ਇਕ ਕਾਰਪੋਰੇਸ਼ਨ ਬਣਾਈ ਗਈ ਜਿਸਦੀ ਸਹਾਇਤਾ ਨਾਲ ਅੱਜ ਪੰਜਾਬ ਦੇ ਹਰੀਜਨ ਆਪਣਾ ਕਾਰੋਬਾਰ ਚਲਾ ਰਹੇ ਹਨ। ਚੇਅਰਮੈਨ ਸਾਹਿਬ, ਮੈਂ ਇਹ ਸਾਰੀਆਂ ਗੱਲਾਂ ਉਸ ਕਹਿ ਰਿਹਾ ਹਾਂ ਜੋ ਕਿ ਸੱਚੀਆਂ ਹਨ ਪਰ ਇਨ੍ਹਾਂ ਕਾਂਗਰਸੀਆਂ ਤੋਂ ਕੋਈ ਆਸ ਗਰੀਬ ਹਰੀਜਨਾਂ ਵਾਸਤੇ ਜਾਂ ਹੋਰ ਗਰੀਬਾਂ ਵਾਸਤੇ ਨਹੀਂ ਕੀਤੀ ਜਾ ਸਕਦੀ। (ਵਿਘਨ) (ਸ਼ੋਰ) ਪੰਜਾਬ ਦੇ ਗਰੀਬ ਲੋਕਾਂ ਵਾਸਤੇ ਇਹ ਕੋਈ ਪ੍ਰੋਗਰਾਮ ਨਹੀਂ ਬਣਾ ਸਕੇ। ਹੋਰ ਤਾਂ ਹੋਰ ਚੇਅਰਮੈਨ ਸਾਹਿਬ, ਇਨ੍ਹਾਂ ਵਲੋਂ ਪੰਜਾਬੀ ਸੂਬੇ ਦੀ ਮੁਖਾਲਫਤ ਹੋਈ, ਪੰਜਾਬੀ ਜ਼ਬਾਨ ਦੀ ਮੁਖਾਲਫਤ ਹੋਈ। (ਵਿਘਨ) ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰਹਿ ਗਏ ਹਨ। (ਵਿਘਨ) (ਸ਼ੋਰ) ਇਨ੍ਹਾਂ ਨੇ ਪੰਜਾਬ ਦੇ ਹਿੱਤਾਂ ਵਾਸਤੇ ਕੋਈ ਕੰਮ ਨਹੀਂ ਕੀਤਾ। ਚੇਅਰਮੈਨ ਸਾਹਿਬ, ਇਹ ਸਾਰੀਆਂ ਗੱਲਾਂ ਗਵਰਨਰ ਸਾਹਿਬ ਦੇ ਐਡਰੈਸ ਵਿਚੋਂ ਮਿਸਿੰਗ ਹਨ। ਚੇਅਰਮੈਨ ਸਾਹਿਬ, ਇਹ ਪੰਜਾਬ ਦੇ ਲੋਕਾਂ ਨਾਲ ਜੋ ਵਾਅਦੇ ਕਰਨ ਉਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ। ਚੇਅਰਮੈਨ ਸਾਹਿਬ, ਸ਼੍ਰੋਮਣੀ ਅਕਾਲੀ ਦਲ ਦੇ ਇਲੈਕਸ਼ਨ ਨਹੀਂ ਕਰਵਾਏ ਗਏ। ਇਹ ਆਪਣੀ ਮਰਜ਼ੀ ਨਾਲ ਹੱਦ ਬੰਦੀ ਕਰਵਾਉਂਦੇ ਸਨ ਅਤੇ ਆਪਣੀ ਮਰਜ਼ੀ ਨਾਲ ਵੋਟਰ ਲਿਸਟਾਂ ਤਿਆਰ ਕਰਵਾਉਂਦੇ ਸਨ। (ਵਿਘਨ) ਚੇਅਰਮੈਨ ਸਾਹਿਬ, ਜਦੋਂ ਸਾਡੀ ਗੌਰਮਿੰਟ ਆਈ ਤਾਂ ਅਸੀਂ ਇਲੈਕਸ਼ਨ ਕਰਵਾਏ। (ਥੰਪਿੰਗ) (ਵਿਘਨ) ਪਿਛਲੇ 30 ਸਾਲਾਂ ਵਿਚ ਇਹ ਮੁਲਾਜ਼ਮਾਂ ਨੂੰ ਧਮਕੀਆਂ ਦਿੰਦੇ ਰਹੇ ਅਤੇ ਉਨ੍ਹਾਂ ਦੇ ਡਿਊ ਰਾਈਟ ਉਨ੍ਹਾਂ ਨੂੰ ਨਹੀਂ ਦਿੱਤੇ। ਪਰ ਅਸੀਂ ਸਾਰੇ ਕੰਮ ਨੂੰ ਠੀਕ ਕੀਤਾ ਹੈ।

**Education Minister**: On a point of order, Sir.

**Sardar Sukhjinder Singh Khaira** : No Minister can raise a point of order.

**ਵਿਦਿਆ ਮੰਤਰੀ**: ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਨੂੰ ਇਸ ਗੱਲ ਤੇ ਖੁਸ਼ੀ ਹੈ ਕਿ ਸਾਬਕਾ ਸਿਖਿਆ ਮੰਤਰੀ ਨੇ ਪੰਜਾਬੀ ਦੇ ਹਿੱਤ ਵਿਚ ਬਹੁਤ ਗੱਲਾਂ ਕੀਤੀਆਂ ਹਨ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਤਾਂ ਆਪਣੇ ਦੋ ਸਾਲਾਂ ਦੇ ਸਮੇਂ ਵਿਚ ਪੰਜਾਬੀ ਦੇ ਸਾਹਿਤਕਾਰਾਂ ਨੂੰ ਅਵਾਰਡ ਤਕ ਨਹੀਂ ਦੇ ਸਕੇ। (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੈਰਾ**: ਮੈਂ ਆਪਣੇ ਸਮੇਂ ਦੋ ਫਾਈਲਾਂ ਤੋਂ ਇਲਾਵਾ ਕਿਸੇ ਹੋਰ ਫਾਈਲ ਤੇ ਪੰਜਾਬੀ ਵਿਚ ਜੇ ਨਾ ਲਿਖਿਆ ਹੋਵੇ ਤਾਂ ਮੈਂ ਦੇਣਦਾਰ ਹਾਂ। (ਥੰਪਿੰਗ) ਸਾਡੇ ਹੁਣ ਦੇ ਮੁੱਖ ਮੰਤਰੀ ਸਾਹਿਬ ਨੂੰ ਪੁੱਛੋ ਕਿ ਕਦੇ ਉਨ੍ਹਾਂ ਨੇ ਅੱਜ ਤੱਕ ਪੰਜਾਬੀ ਲਿਖੀ ਹੈ। ਜੇ ਉਨ੍ਹਾਂ ਨੇ ਪੰਜਾਬੀ ਲਿਖੀ ਹੋਵੇ ਤਾਂ ਮੈਂ ਦੇਣਦਾਰ ਹਾਂ। (ਵਿਘਨ)

**ਸਰਦਾਰ ਪਿਰਥੀਪਾਲ ਸਿੰਘ**: ਆਨ ਏ ਪੁਆਇੰਟ ਆਫ ਆਰਡਰ, ਸਰ। ਜਦੋਂ ਪੰਜਾਬੀ ਸੂਬੇ ਦੀ ਮੂਵਮੈਂਟ ਚਲ ਰਹੀ ਸੀ ਤਾਂ ਇਹ ਉਸ ਵੇਲੇ ਡੀ. ਐਸ. ਪੀ. ਸਨ। ਇਹ ਉਸ ਵੇਲੇ ਪੰਜਾਬੀ ਸੂਬੇ ਦੇ ਹਾਮੀਆਂ ਨੂੰ ਮਾਰਦੇ ਹੁੰਦੇ ਸਨ।

**ਸਰਦਾਰ ਗੁਰਨੈਬ ਸਿੰਘ ਬਰਾੜ**: ਚੇਅਰਮੈਨ ਸਾਹਿਬ, ਪੰਜਾਬੀ ਸੂਬਾ ਲੈਣ ਵਾਸਤੇ ਇਨ੍ਹਾਂ ਨੇ ਢਾਈ ਸਾਲਾਂ ਵਿਚ ਕੀ ਕੀਤਾ ਹੈ, ਇਹ ਦੱਸ ਦੇਣ ?

**ਸਰਦਾਰ ਸੁਖਜਿੰਦਰ ਸਿੰਘ ਖੈਰਾ**: ਚੇਅਰਮੈਨ ਸਾਹਿਬ, ਹੁਣ ਮੈਂ ਆਖਰੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਸ ਪੰਜਾਬ ਵਿਚ ਐਸਾ ਸਮਾਂ ਆਇਆ ਸੀ ਜਿਸ ਨੂੰ ਅਜ ਕੱਲ੍ਹ ਮੇਰੇ ਭਰਾ

Original with;
Punjab Vidhan Sabha
Digitized by;
Panjab Digital Library

ਬਹੁਤ ਗਲਤ ਢੰਗ ਨਾਲ ਪੁੱਟ ਕਰ ਰਹੇ ਸਨ। ਇੱਕ ਐਸਾ ਸਮਾਂ ਆਇਆ ਸੀ, ਜਿਸ ਵੇਲੇ ਅਤੇਥਿਕ ਔਰ ਧਾਰਮਿਕ ਪੱਧਰ ਇਥੇ ਦਾ ਬਹੁਤ ਥਲੇ ਚਲਾ ਗਿਆ ਸੀ। ਬਾਹਰਲੇ ਹਮਲਾਆਵਰ ਇਥੇ ਆਕੇ ਇਥੋਂ ਦੀਆਂ ਲੜਕੀਆਂ ਨੂੰ ਉਧਾਲ ਕੇ ਲੈ ਜਾਂਦੇ ਸਨ। ਉਸ ਵੇਲੇ ਕੋਈ ਮਰਦ ਮਜਾਹਿਦ ਪੈਦਾ ਨਹੀਂ ਹੋਇਆ ਸੀ। ਸਵਾਏ ਦਸ਼ਮੇਸ਼ ਪਿਤਾ ਦੇ ਜੋ ਕਿ ਉਸ ਜ਼ੁਲਮ ਤੋਂ ਬਚਾ ਸਕਦਾ ਸੀ। ਓਸ ਵੇਲੇ ਇਹ ਕਿਹਾ ਜਾਂਦਾ ਸੀ:

"ਮੋੜੀਂ ਭਾਈ ਕੱਛੇ ਵਾਲਿਆ, ਰੰਨ ਗਈ ਬਸਰੇ ਨੂੰ"

ਉਸ ਵੇਲੇ ਲੋਕਾਂ ਵਿਚ ਇਹ ਵਿਸ਼ਵਾਸ ਸੀ ਕਿ ਕੱਛੇ ਪਹਿਨਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੋਇਆ ਸੀ ਉਹੀ ਹੀ ਸਾਨੂੰ ਲੜਕੀਆਂ ਲਿਆਕੇ ਵਾਪਸ ਦੇਣਗੇ।

ਅੱਜ ਫਿਰ ਪੰਜਾਬ ਅੰਦਰ ਨਾਅਰਾ ਲੱਗਿਆ ਹੈ:

"ਆਈਂ ਭਾਈ ਨੀਲੀ ਪੱਗ ਵਾਲਿਆ, ਪੰਜਾਬ ਦੀ ਨੁਹਾਰ ਬਚਾਈਂ"

**ਸਰਦਾਰ ਜਗਦੇਵ ਸਿੰਘ ਜੱਸੋਵਾਲ** (ਰਾਏਕੋਟ): ਚੇਅਰਮੈਨ ਸਾਹਿਬ, ਸਰਦਾਰ ਸੁਖਜਿੰਦਰ ਸਿੰਘ ਜੀ ਨੇ ਬੜੇ ਜਜ਼ਬਾਤ ਨਾਲ ਔਰ ਬੜੇ ਕਰੋਧ ਵਿਚ ਆ ਕੇ ਸਪੀਚ ਕੀਤੀ ਹੈ। ਮੈਨੂੰ ਬੜਾ ਅਫਸੋਸ ਹੈ ਕਿ ਕਾਫੀ ਚਿਰ ਹੋ ਗਿਆ ਹੈ ਇਨ੍ਹਾਂ ਨੂੰ ਪੁਲਿਸ ਦੀ ਨੌਕਰੀ ਛੱਡੀ ਨੂੰ ਪਰ ਫਿਰ ਵੀ ਇਨ੍ਹਾਂ ਦੀਆਂ ਆਦਤਾਂ ਵਿਚ ਕੋਈ ਫਰਕ ਨਹੀਂ ਪਿਆ ਹੈ ਜਿਵੇਂ ਕਿ:--

"ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ"

**ਕਾਮਰੇਡ ਰਾਜ ਕੁਮਾਰ**: ਆਨ ਏ ਪੁਆਇੰਟ ਆਫ ਆਰਡਰ। ਮੈਂ ਦੋ ਦਫਾ ਲਿਖ ਕੇ ਭੇਜਿਆ ਹੈ ਕਿ ਸਾਡੀ ਪਾਰਟੀ ਵਲੋਂ ਕਾਮਰੇਡ ਕੁਲਵੰਤ ਸਿੰਘ ਨੇ ਬੋਲਣਾ ਹੈ। ਇਹ ਹਰ ਵਾਰੀ ਖੜ੍ਹੇ ਹੁੰਦੇ ਹਨ ਪਰ ਇਨ੍ਹਾਂ ਨੂੰ ਬੋਲਣ ਹੀ ਨਹੀਂ ਦਿੱਤਾ ਜਾਂਦਾ।

**ਸ੍ਰੀ ਸਭਾਪਤੀ**: ਇੱਕ ਮੈਂਬਰ ਸਾਹਿਬ ਆਪੋਜੀਸ਼ਨ ਵਲੋਂ ਬੋਲਦੇ ਹਨ ਔਰ ਇਕ ਮੈਂਬਰ ਸਾਹਿਬ ਟਰੇਜ਼ਰੀ ਬੈਂਚਿਜ਼ ਵਲੋਂ ਬੋਲਦੇ ਹਨ। ਕਿਸੇ ਨਾਲ ਕੋਈ ਡਿਸਕ੍ਰੀਮੀਨੇਸ਼ਨ ਨਹੀਂ ਕੀਤੀ ਜਾ ਰਹੀ। (ਵਿਘਨ) ਮੇਰੀ ਪ੍ਰਾਰਥਨਾ ਹੈ ਕਿ ਵਕਤ ਥੋੜ੍ਹਾ ਹੈ। ਜਿੰਨੇ ਪੁਆਇੰਟ ਆਫ ਆਰਡਰ ਰੇਜ਼ ਕਰੋਗੇ ਉਨ੍ਹਾ ਹੀ ਸਮਾਂ ਜ਼ਾਇਆ ਹੋਏਗਾ। ਜੇਕਰ ਕੋਈ ਬਹੁਤ ਸੀਰੀਅਸ ਪੁਆਇੰਟ ਆਫ ਆਰਡਰ ਹੋਵੇ ਉਹੀ ਹੀ ਰੇਜ਼ ਕਰੋ ਅਤੇ ਐਵੇਂ ਹੀ ਪੁਆਇੰਟ ਆਫ ਆਰਡਰ ਰੇਜ਼ ਨਾ ਕਰੀ ਜਾਉ।

**ਸਰਦਾਰ ਜਗਦੇਵ ਸਿੰਘ ਜੱਸੋਵਾਲ**: ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਨੂੰ ਇਨ੍ਹਾਂ ਵਲੋਂ ਕਿਸੇ ਇੰਟਰੱਪਸ਼ਨ ਦਾ ਗੁੱਸਾ ਨਹੀਂ ਹੈ, ਕਿਸੇ ਲੜਾਈ ਝਗੜੇ ਦਾ ਗੁੱਸਾ ਨਹੀਂ ਹੈ। ਮੈਨੂੰ ਕਿਸੇ ਗੱਲ ਦਾ ਗੁੱਸਾ ਨਹੀਂ ਹੈ। ਇਹ ਅਕਾਲੀ ਪਾਰਟੀ ਦੇ ਮੇਰੇ ਵੀਰ ਕਹਿੰਦੇ ਹਨ ਕਿ ਸਿੱਖਾਂ ਦੀ ਇਹੀ ਹੀ ਤਰਜ਼ਮਾਨੀ ਕਰਦੇ ਹਨ। ਇਸ ਸਬੰਧ ਵਿਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਤੇ ਸਭ ਤੋਂ ਵੱਡੇ ਸਨਮਾਨਯੋਗ ਅਕਾਲ ਤਖਤ ਸਾਹਿਬ ਹਨ। ਜਦੋਂ ਇਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਸਰਦਾਰ ਜਗਦੇਵ ਸਿੰਘ ਤਲਵੰਡੀ ਅਤੇ ਇਨ੍ਹਾਂ ਵਿਚ ਝਗੜਾ ਚੱਲਿਆ ਤਾਂ ਸ੍ਰੀ ਅਕਾਲ ਤਖਤ ਦੇ ਹੈਡ ਪ੍ਰੀਸਟ ਜੱਥੇਦਾਰ ਸਾਧੂ ਸਿੰਘ ਭੌਰਾ ਬਾਰੇ ਜੋ ਇਨ੍ਹਾਂ ਨੇ ਸ਼ਬਦ ਕਹੇ ਓਸ ਨੂੰ ਹਿਸਟਰੀ ਵਿਸਥਾਰ ਪੂਰਬਕ ਰਿਕਾਰਡ ਕਰੇਗੀ। ਜਦੋਂ ਅਕਾਲੀ ਪਾਰਟੀ ਦਾ ਝਗੜਾ ਹੋਇਆ...(ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ। ਮੈਂ ਚੇਅਰਮੈਨ ਸਾਹਿਬ, ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮੈਂਬਰ ਹਾਊਸ ਵਿਚ ਪਰੈਜ਼ੇਂਟ ਨਾ ਹੋਵੇ ਕੀ ਉਸ ਬਾਰੇ ਕੋਈ ਰੈਫਰੈਂਸ ਜਾਂ ਉਸ ਦਾ ਨਾਂ ਲੈਣਾ ਚਾਹੀਦਾ ਹੈ ਜਾਂ ਨਹੀਂ ?

**ਸ੍ਰੀ ਸਭਾਪਤੀ** : ਨਹੀਂ ਲੈਣਾ ਚਾਹੀਦਾ।

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ਨਾਮ ਲੈਣ ਦੀ ਲੋੜ ਨਹੀਂ। ਸਾਰਿਆਂ ਨੂੰ ਪਤਾ ਹੈ ਕਿ ਅਕਾਲੀ ਦਲ ਦੇ ਮਹਾਨ ਨੇਤਾ ਬਾਰੇ ਸ੍ਰੀ ਅਕਾਲ ਤਖਤ ਦੇ ਹੈਡ ਪ੍ਰੀਸਟ ਸਰਦਾਰ ਸਾਧੂ ਸਿੰਘ ਭੌਰਾ ਨੇ ਜਦੋਂ ਆਪਣਾ ਫੈਸਲਾ ਸੁਣਾਇਆ ਤਾਂ ਉਸ ਬਾਰੇ ਇਹ ਕਿਹਾ ਗਿਆ ਕਿ ਇਸ ਵਿਚ ਜਨਰਲ ਡਾਇਰ ਦੀ ਰੂਹ ਆ ਗਈ ਹੈ। ਉਸ ਵੇਲੇ ਅਕਾਲੀ ਪਾਰਟੀ ਦਾ ਆਪਸ ਵਿਚ ਝਗੜਾ ਚੱਲ ਰਿਹਾ ਸੀ। ਇਹ ਅਕਾਲ ਤਖਤ ਬਾਰੇ ਇਸ ਤਰ੍ਹਾਂ ਕਹਿ ਸਕਦੇ ਹਨ ਕਿ ਉਨ੍ਹਾਂ ਦੇ ਹੈਡ ਪ੍ਰੀਸਟ ਵਿਚ ਜਨਰਲ ਡਾਇਰ ਦੀ ਰੂਹ ਆ ਗਈ ਹੈ। (ਵਿਘਨ) ਉਸ ਨੂੰ ਭਾਂਡੇ ਮਾਂਜਣ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਫਿਰ ਉਸਨੂੰ ਰਾਜ ਸਭਾ ਵਿਚ ਭੇਜਿਆ ਜਾ ਸਕਦਾ ਹੈ। ਜਦ ਇਹ ਅਜਿਹੇ ਕੰਮ ਕਰ ਸਕਦੇ ਹਨ ਤਾਂ ਫਿਰ ਮੈਂ ਇਨ੍ਹਾਂ ਦਾ ਗੁੱਸਾ ਕੀ ਕਰਨਾ ਹੈ।

ਮਾਨਯੋਗ ਮੇਰੇ ਮਿੱਤਰ ਬੀਰ ਦਵਿੰਦਰ ਸਿੰਘ ਵੱਲੋਂ ਪੇਸ਼ ਕੀਤਾ ਗਿਆ ਧੰਨਵਾਦ ਦੇ ਮਤੇ ਦਾ ਮੈਂ ਸਵਾਗਤ ਕਰਦਾ ਹੋਇਆ ਉਨ੍ਹਾਂ ਚਾਰ ਗੱਲਾਂ ਦਾ ਵਰਨਣ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਬਾਰੇ ਮੇਰੇ ਅਕਾਲੀ ਵੀਰਾਂ ਵਲੋਂ ਬਾਰ ਬਾਰ ਕਿਹਾ ਗਿਆ ਹੈ ਕਿ ਅਸੀਂ ਇਨ੍ਹਾਂ ਦੇ ਮੁਦਈ ਹਾਂ, ਉਹ ਇਹ ਹਨ :--

(1) ਪੰਜਾਬੀ ਬੋਲੀ ਦੀ ਰੱਖਿਆ ;
(2) ਪੰਜਾਬ ਦੇ ਅੰਦਰ ਇੰਡਸਟ੍ਰੀਅਲਾਈਜ਼ੇਸ਼ਨ ;
(3) ਮੈਂ ਨਾਂ ਨਹੀਂ ਲੈਣਾ ਚਾਹੁੰਦਾ, ਸਰਦਾਰ ਬਲਵਿੰਦਰ ਸਿੰਘ ਨੇ ਕਿਹਾ ਹੈ ਕਿ ਪ੍ਰੋਵਿੰਸ਼ੀਅਲ ਅਟਾਨੋਮੀ।

ਮੈਂ ਚੌਥੀ ਚੀਜ਼ ਹਰੀਜਨ ਭਾਈਆਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਨ੍ਹਾਂ ਮੇਰੇ ਸਾਹਮਣੇ ਬੈਠੇ ਵੀਰਾਂ ਨੇ ਹਰੀਜਨਾਂ ਦੇ ਬਾਰੇ ਬੜੀਆਂ ਬੜੀਆਂ ਤਕਰੀਰਾਂ ਕੀਤੀਆਂ। ਇਨ੍ਹਾਂ ਦੀ ਪਾਰਟੀ ਦਾ 1979 ਦੇ ਗਵਰਨਰ ਐਡਰੈਸ, ਜਦੋਂ ਇਨ੍ਹਾਂ ਦਾ ਰਾਜ ਸੀ, ਮੇਰੇ ਕੋਲ ਹੈ। ਉਸ ਨੂੰ ਪੜ੍ਹ ਕੇ ਦੇਖ ਲਵੋ। (ਵਿਘਨ) ਮੇਰੇ ਕੋਲ 1980-81 ਦੀ ਐਨੂਅਲ ਪਲਾਨ ਹੈ। ਇਸ ਦੇ ਅੰਦਰ ਇਨ੍ਹਾਂ ਨੇ ਇਹ ਗੱਲ ਕਹੀ ਹੈ ਕਿ ਪੰਜਾਬੀ ਬੋਲੀ ਦੇ ਬਾਰੇ......... (ਵਿਘਨ)

**ਸ੍ਰੀ ਸਭਾਪਤੀ** : ਤੁਹਾਡਾ ਟਾਈਮ 10 ਮਿੰਟ ਹੈ।

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ਮੈਂ 10 ਮਿੰਟਾਂ ਵਿਚ ਮੁਕਾ ਦਿਆਂਗਾ। ਮੈਂ ਦੱਸ ਰਿਹਾ ਸੀ ਕਿ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਪੰਜਾਬੀ ਬੋਲੀ ਦੀ ਰੱਖਿਆ ਵਾਸਤੇ ਇਹ ਕੁਝ ਕਰਾਂਗੇ, ਉਹ ਕੁਝ ਕਰਾਂਗੇ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦ ਇਨ੍ਹਾਂ ਦਾ ਰਾਜ ਸੀ ਤਾਂ ਇਨ੍ਹਾਂ ਨੇ ਕੇਵਲ 2 ਲੱਖ 35 ਹਜ਼ਾਰ ਰੁਪਿਆ ਪੰਜਾਬੀ ਬੋਲੀ ਦੇ ਸਨਮਾਨ ਵਾਸਤੇ ਇਸ ਪਲਾਨ ਅੰਦਰ ਰਖਿਆ ਸੀ। 2 ਲੱਖ ਰੁਪਿਆ ਤਾਂ ਐਡਮਨਿਸਟਰੇਸ਼ਨ ਵਾਸਤੇ ਸੀ ਬਾਕੀ ਰਿਹਾ 35 ਹਜ਼ਾਰ ਰੁਪਿਆ। ਇਸ 35 ਹਜ਼ਾਰ ਰੁਪਏ ਨਾਲ ਪੰਜਾਬ ਦੇ ਅੰਦਰ ਪੰਜਾਬੀ ਬੋਲੀ ਦਾ ਪਸਾਰ ਅਤੇ ਪ੍ਰਚਾਰ ਕਰਨਾ ਸੀ। ਇਸ ਰਕਮ ਨਾਲ ਇਹ ਕੀ ਪੰਜਾਬੀ ਬੋਲੀ ਦਾ ਪਰਚਾਰ ਅਤੇ ਪਸਾਰ ਕਰ ਸਕਦੇ ਸੀ ?

Original with;
Punjab Vidhan Sabha
Digitized by;
Panjab Digital Library

(ਵਿਘਨ) ਇਨ੍ਹਾਂ ਦਾ 1979 ਦਾ ਗਵਰਨਰ ਦਾ ਐਡਰੈਸ ਮੇਰੇ ਕੋਲ ਹੈ। ਚੇਅਰਮੈਨ ਸਾਹਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ 1979 ਦੇ ਇਨ੍ਹਾਂ ਦੇ ਗਵਰਨਰ ਐਡਰੈਸ ਦੇ ਵਿਚ ਇਕ ਲਫ਼ਜ਼ ਵੀ ਪੰਜਾਬੀ ਬੋਲੀ ਦੀ ਰੱਖਿਆ ਬਾਰੇ, ਪੰਜਾਬੀ ਬੋਲੀ ਦੇ ਪਰਚਾਰ ਅਤੇ ਪੰਜਾਬੀ ਬੋਲੀ ਦੇ ਪਸਾਰ ਬਾਰੇ ਨਹੀਂ ਕਿਹਾ ਗਿਆ। ਜੇ ਮੈਂ ਗਲਤ ਹੋਵਾਂ ਤਾਂ ਅਸੈਂਬਲੀ ਦੀ ਸੀਟ ਛੱਡ ਦਿਆਂਗਾ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਹ ਤਾਂ ਉਹ ਗੱਲ ਹੈ ਕਿ "ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਦਿਖਾਉਣ ਦੇ ਹੋਰ"। ਚੇਅਰਮੈਨ ਸਾਹਿਬ, ਦੂਹਰੀ ਨੀਤੀ ਚੱਲ ਨਹੀਂ ਸਕਦੀ। ਇਸੇ ਤਰ੍ਹਾਂ ਹੀ ਇਹ ਪੰਜਾਬ ਦੀ ਇੰਡਸਟ੍ਰੀਲਾਈਜੇਸ਼ਨ ਦੀ ਗੱਲ ਕਰਦੇ ਹਨ। (ਵਿਘਨ) ਜੇ ਪੰਜਾਬ ਵਿਚ ਹਰਾ ਇਨਕਲਾਬ ਆਇਆ ਤਾਂ ਉਹ ਸ੍ਰੀਮਤੀ ਇੰਦਰਾ ਗਾਂਧੀ ਦੀ ਬਦੌਲਤ ਆਇਆ। (ਵਿਘਨ) ਉਨ੍ਹਾਂ ਨੇ ਐਗਰੀਕਲਚਰ ਦੀ ਬੜੌਤਰੀ ਦਾ ਨਿਸ਼ਚਾ ਕੀਤਾ ਅਤੇ ਇਸ ਬਾਰੇ ਪਲਾਨ ਬਣਾਈ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਐਗਰੀਕਲਚਰ ਸੈਚੂਰੇਸ਼ਨ ਪੁਆਇੰਟ ਤੇ ਪਹੁੰਚ ਚੁੱਕੀ ਹੈ। ਚੇਅਰਮੈਨ ਸਾਹਿਬ, ਮੇਰੇ ਕੋਲ ਇਨ੍ਹਾਂ ਦੇ ਵੇਲੇ ਦੀ ਐਨੂਅਲ ਪਲਾਨ ਹੈ। ਇਨ੍ਹਾਂ ਨੇ 1979 ਵਿਚ ਇੰਡਸਟਰੀ ਵਾਸਤੇ ਕੇਵਲ 16 ਕਰੋੜ ਰੁਪਿਆ ਰੱਖਿਆ ਸੀ। 1980 ਦਾ ਜਿਹੜਾ ਪਲਾਨ ਸੀ ਉਸ ਦੇ ਇੰਡਸਟਰੀ ਦੀ ਤਰੱਕੀ ਕਰਨ ਵਾਸਤੇ ਸਿਰਫ 9 ਕਰੋੜ ਰੁਪਿਆ ਰੱਖਿਆ ਸੀ। (ਵਿਘਨ) ਇਹ ਕੁਝ ਇਨ੍ਹਾਂ ਨੇ ਇੰਡਸਟਰੀ ਦੀ ਖਾਤਰ ਕੀਤਾ ਹੈ।

ਫਿਰ ਇਹ ਹਰੀਜਨਾਂ ਦੇ ਬਾਰੇ ਗੱਲ ਕਰਦੇ ਹਨ। ਚੇਅਰਮੈਨ ਸਾਹਿਬ, ਜਦ ਕਾਂਗਰਸ ਪਾਰਟੀ ਦਾ ਰਾਜ ਆਇਆ, ਭਾਵੇਂ ਉਸ ਸਮੇਂ ਕੋਈ ਵੀ ਚੀਫ਼ ਮਨਿਸਟਰ ਸੀ, ਸਾਰੇ ਹਰੀਜਨ ਭਰਾਵਾਂ ਨੂੰ ਪਿੰਡਾਂ ਵਿਚ ਪਲਾਟ ਦੇਣ ਦਾ ਫੈਸਲਾ ਕੀਤਾ ਗਿਆ ਸੀ। ਫਿਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੋਰਾਂ ਦਾ ਰਾਜ ਆਇਆ। ਉਨ੍ਹਾਂ ਨੇ ਇਸੀ ਸਦਨ ਵਿਚ ਐਲਾਨ ਕੀਤਾ ਸੀ ਕਿ ਮੈਂ ਹਰ ਇਕ ਹਰੀਜਨ ਨੂੰ ਜਿਥੇ ਪਲਾਟ ਮਿਲਿਆ ਸੀ ਉਥੇ ਰਹਿਣ ਵਾਸਤੇ ਮਕਾਨ ਬਣਵਾ ਕੇ ਦਿਆਂਗਾ। ਚੇਅਰਮੈਨ ਸਾਹਿਬ, ਤੁਸੀਂ ਅੰਦਾਜਾ ਲਗਾਓ ਕਿ 3 ਲੱਖ ਪੰਜਾਬ ਦੇ ਅੰਦਰ ਪਲਾਟ ਦਿਤੇ ਗਏ ਸਨ ਔਰ ਇਨ੍ਹਾਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਦੇ 3 ਸਾਲਾਂ ਦੇ ਪੀਰੀਅਡ ਵਿਚ ਮਕਾਨ ਬਣੇ ਸਿਰਫ 7061 ਚੇਅਰਮੈਨ ਸਾਹਿਬ, ਜੇ ਇਸੇ ਰਫਤਾਰ ਨਾਲ ਹਰੀਜਨਾਂ ਦੇ ਘਰ ਬਣਦੇ ਰਹਿਣ ਤਾਂ 12 ਸੌ ਸਾਲ ਦਾ ਵਕਤ ਲੱਗ ਜਾਵੇਗਾ ਪੰਜਾਬ ਦੇ ਹਰੀਜਨਾਂ ਨੂੰ ਆਪਣੇ ਮਕਾਨਾਂ ਵਿਚ ਜਾਣ ਦਾ। (ਵਿਘਨ) ਜਿਸ ਤਰ੍ਹਾਂ ਦਾ ਇੰਗਲੈਂਡ ਦਾ ਕੰਸਟੀਚਿਊਸ਼ਨ ਅਨਰਿਟਨ ਹੈ ਇਸੇ ਤਰ੍ਹਾਂ ਦਾ ਇਨ੍ਹਾਂ ਦੀ ਪਾਰਟੀ ਦਾ ਕੰਸਟੀਚਿਊਸ਼ਨ ਹੈ। (ਵਿਘਨ) ਚੇਅਰਮੈਨ ਸਾਹਿਬ, ਇਨ੍ਹਾਂ ਦੀ ਪਾਰਟੀ ਦਾ ਪ੍ਰਧਾਨ ਕੋਈ ਹਰੀਜਨ ਨਹੀਂ ਬਣ ਸਕਿਆ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)। ਐਸ. ਜੀ. ਪੀ. ਸੀ. ਦਾ ਕੋਈ ਪ੍ਰਧਾਨ ਹਰੀਜਨ ਨਹੀਂ ਬਣਿਆ। (ਵਿਘਨ)

**ਗਿਆਨੀ ਕੁੰਦਨ ਸਿੰਘ ਪਤੰਗ**: ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਮੈਂ ਆਪ ਦੇ ਰਾਹੀਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 30 ਸਾਲਾਂ ਦੇ ਸਮੇਂ ਵਿਚ ਤੁਸੀਂ ਪੰਜਾਬ ਵਿਚ ਕਿੰਨੇ ਮਕਾਨ ਬਣਾ ਕੇ ਹਰੀਜਨਾਂ ਨੂੰ ਦਿੱਤੇ ਹਨ ?

**Mr. Chairman** : Please don't interrupt.

**ਸਰਦਾਰ ਬਸੰਤ ਸਿੰਘ ਖਾਲਸਾ** : ** ** **

**ਸ੍ਰੀ ਸਭਾਪਤੀ**: ਇਹ ਗੱਲਾਂ ਪ੍ਰੋਸੀਡਿੰਗਜ਼ ਵਿਚ ਨਹੀਂ ਆ ਸਕਦੀਆਂ।

**ਸਰਦਾਰ ਗੁਰਦੇਵ ਸਿੰਘ ਬਾਦਲ**: ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਇਹ ਕਹਿੰਦੇ ਹਨ ਕਿ ਬਾਦਲ ਸਰਕਾਰ ਨੇ 7061 ਮਕਾਨ ਬਣਾ ਕੇ ਹਰੀਜਨਾਂ ਨੂੰ ਦਿੱਤੇ ਸਨ ਅਤੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਅਸੀਂ 3 ਲੱਖ ਪਲਾਟ ਉਨ੍ਹਾਂ ਨੂੰ ਦਿੱਤੇ। (ਵਿਘਨ) ਚੇਅਰਮੈਨ ਸਾਹਿਬ, ਉਨ੍ਹਾਂ ਪਲਾਟਾਂ ਦੀ ਚੈਕਿੰਗ ਵਾਸਤੇ ਇਸ ਹਾਊਸ ਦੀ ਇਕ ਕਮੇਟੀ ਬਣੀ ਸੀ ਜਿਸ ਦਾ ਚੇਅਰਮੈਨ ਮੈਂ ਸੀ। ਅਸੀਂ ਸਾਰੇ ਪੰਜਾਬ ਦਾ ਚੱਕਰ ਲਾਇਆ। ਅਸੀਂ ਬਾਦਲ ਸਾਹਿਬ ਦੇ ਹਲਕੇ ਵਿਚ ਆਸਾ ਬੁੱਟਰ ਪਿੰਡ ਵਿਚ ਚੈਕਿੰਗ ਕਰਨ ਵਾਸਤੇ ਗਏ। ਸਾਡੇ ਨਾਲ ਜ਼ਿਲ੍ਹੇ ਦੇ ਅਫ਼ਸਰ ਸਨ। (ਵਿਘਨ) ਪਿੰਡ ਦੀ ਪੰਚਾਇਤ ਸਾਡੇ ਨਾਲ ਸੀ। ਉਥੇ ਜਾਣ ਤੇ ਸਾਨੂੰ ਪਤਾ ਲੱਗਿਆ ਕਿ ਜਿਹਜੇ ਪਲਾਟ ਦਿਤੇ ਗਏ ਸਨ ਉਹ ਸਿਵਿਆਂ ਵਿਚ ਦਿਤੇ ਗਏ, ਟੋਇਆਂ ਵਿਚ ਦਿਤੇ ਗਏ। ਕਈ ਥਾਵਾਂ ਤੇ ਐਨੀਆਂ ਡੂੰਘੀਆਂ ਢਾਬਾਂ ਵਿਚ ਅਤੇ ਛੱਪੜਾਂ ਵਿਚ ਪਲਾਟ ਦਿਤੇ ਗਏ ਸਨ ਕਿ ਉਹ 5 ਸਾਲਾਂ ਵਿਚ ਵੀ ਨਹੀਂ ਭਰੇ ਜਾ ਸਕਦੇ। ਪਰ, ਚੇਅਰਮੈਨ ਸਾਹਿਬ, ਬਾਦਲ ਸਰਕਾਰ ਨੇ ਉਨ੍ਹਾਂ ਗਰੀਬ ਲੋਕਾਂ ਨੂੰ ਚੰਗੀ ਜਗ੍ਹਾ ਤੇ ਪਲਾਟ ਦਿੱਤੇ। ਬਾਦਲ ਸਾਹਿਬ ਦੀ ਸਰਕਾਰ ਨੇ ਓਨ੍ਹਾਂ ਨੂੰ ਟੋਇਆਂ ਵਿਚ ਪਲਾਟ ਨਹੀਂ ਦਿੱਤੇ। (ਵਿਘਨ)

**ਸ੍ਰੀ ਸਭਾਪਤੀ**: ਜੇ ਪੁਆਇੰਟ ਆਫ ਆਰਡਰ ਬਣਦਾ ਹੋਵੇ ਤਾਂ ਰੇਜ਼ ਕੀਤਾ ਜਾਵੇ ਨਹੀਂ ਤਾਂ ਆਪਣੀ ਗੱਲ ਕਹਿਣ ਵਾਸਤੇ ਐਵੇਂ ਪੁਆਇੰਟ ਆਫ ਆਰਡਰ ਨਾ ਰੇਜ਼ ਕੀਤਾ ਜਾਵੇ। ਇਰਰੈਲੇਵੈਂਟ ਗੱਲਾਂ ਨਾ ਕਰੋ।

**ਸਰਦਾਰ ਜਗਦੇਵ ਸਿੰਘ ਜੱਸੋਂਵਾਲ**: ਚੌਥੀ ਗੱਲ ਸੂਬੇ ਦੀ ਖੁਦਮੁਖਤਾਰੀ ਦੀ ਹੈ। ਸੂਬੇ ਦੀ ਖੁਦਮੁਖਤਾਰੀ ਦੀ ਗੱਲ ਇਹ ਬਾਰ ਬਾਰ ਕਰਦੇ ਹਨ। ਜਦ ਇਹ ਵੀਰ ਆਪੋਜੀਸ਼ਨ ਵਿਚ ਆ ਬੈਠੇ ਹਨ ਤਾਂ ਇਨ੍ਹਾਂ ਨੂੰ ਅਜਿਹੀਆਂ ਗੱਲਾਂ ਯਾਦ ਆ ਗਈਆਂ ਹਨ। ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀ ਵਾਰ ਇਨ੍ਹਾਂ ਦੀ ਸਰਕਾਰ ਬਣੀ ਹੈ। ਜਦੋਂ ਇਨ੍ਹਾਂ ਦੀ ਸਰਕਾਰ ਹੁੰਦੀ ਸੀ ਤਾਂ ਉਦੋਂ ਇਨ੍ਹਾਂ ਦੀ ਖੁਦਮੁਖਤਾਰੀ ਦੀ ਮੰਗ ਕਿਥੇ ਗਈ ਸੀ ? ਕਿਥੇ ਹੈ ਇਨ੍ਹਾਂ ਦਾ ਸਿਦਕ, ਕਿਥੇ ਹੈ ਇਨ੍ਹਾਂ ਦੀ ਇਮਾਨਦਾਰੀ। (ਵਿਘਨ) ਜਦੋਂ ਇਨ੍ਹਾਂ ਦੀ ਸਰਕਾਰ ਹੁੰਦੀ ਸੀ ਤਾਂ ਕੀ ਕਦੇ ਇਨ੍ਹਾਂ ਨੇ ਹਾਊਸ ਵਿਚ ਇਸ ਬਾਰੇ ਰੈਜ਼ੋਲਿਊਸ਼ਨ ਲਿਆ ਕੇ ਰੱਖਿਆ ਸੀ ? (ਵਿਘਨ) ਮੈਂ ਕਹਿੰਦਾ ਹਾਂ ਕਿ ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਵਿਖਾਉਣ ਦੇ ਹੋਰ ਹੁੰਦੇ ਹਨ। ਜਦ ਰਾਜ ਇਨ੍ਹਾਂ ਦੇ ਹੱਥ ਵਿਚ ਸੀ ਤਾਂ ਉਦੋਂ ਕਿਉਂ ਨਾ ਅਜਿਹੀ ਗੱਲ ਕੀਤੀ ? (ਵਿਘਨ) (ਸ਼ੋਰ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪ੍ਰੋਵਿੰਸ਼ੀਅਲ ਅਟਾਨੋਮੀ ਦੇ ਬਾਰੇ ਦੋ ਕਿਸਮ ਦੇ ਵਿਚਾਰ ਮੇਰੇ ਮਾਨਯੋਗ ਮਿੱਤਰਾਂ ਨੇ ਦਿੱਤੇ ਹਨ। ਇਕ ਸਰਦਾਰ ਬਲਵੰਤ ਸਿੰਘ ਜੀ ਹਨ ਜਿਹੜੇ ਕਿ ਫਾਈਨੈਂਸ਼ਲ ਅਟਾਨੋਮੀ ਦੀ ਗੱਲ ਕਰਦੇ ਹਨ। ਦੂਜੇ ਸਰਦਾਰ ਸੁਖਜਿੰਦਰ ਸਿੰਘ ਜਿਹੜੇ ਪੁਲਿਟੀਕਲ ਅਟਾਨੋਮੀ ਦੀ ਗੱਲ ਕਰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾਂ ਇਹ ਦੋਵੇਂ ਵੀਰ ਸਲਾਹ ਕਰਕੇ ਕਲੀਅਰ ਹੋ ਜਾਣ ਕਿ ਆਖਿਰ ਉਹ ਦੋਵੇਂ ਚਾਹੁੰਦੇ ਕੀ ਹਨ। ਇਹ ਪਾਰਟੀ ਵਿਚ ਬੈਠ ਕੇ ਫੈਸਲਾ ਕਰ ਲੈਣ। ਪਾਰਟੀ ਵਿਚ ਫੈਸਲਾ ਲੈਣ ਤੋਂ ਬਾਅਦ ਲੋਕਾਂ ਦਾ ਵਰਡਿਕਟ ਲੈਣ। ਫਿਰ ਜੇ ਲੋਕ ਇਨ੍ਹਾਂ ਨੂੰ ਸ਼ਕਤੀ ਦੇ ਦੇਣ ਤਾਂ ਇਥੇ ਹਾਊਸ ਵਿਚ ਰੈਜ਼ੋਲਿਊਸ਼ਨ ਲਿਆਉਣ। (ਵਿਘਨ) ਇਹ ਬਹਿਰੂਪੀਏ ਵਾਲੀ ਗੱਲ ਨਾ ਕਰਨ। ਇਹ ਝੂਠੀਆਂ ਗੱਲਾਂ ਨਾ ਕਰਨ। "ਦੋ ਮੰਦਰਾਂ ਕਾਠ ਦੀਆਂ ਜਗਤ ਠੱਗਣ ਲਈ ਪਾਈਆਂ।" ਇਹ ਅਜਿਹੀਆਂ ਗੱਲਾਂ ਨਾ ਕਰਨ।

**ਸਰਦਾਰ ਸੁਖਦੇਵ ਸਿੰਘ ਢੀਂਡਸਾ**: ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਜੱਸੋਵਾਲ ਜੀ ਨੇ ਕਿਹਾ ਹੈ ਕਿ ਇਕ ਫਾਈਨੈਂਸ਼ਲ ਅਟਾਨੋਮੀ ਦੀ ਗੱਲ ਕਰਦਾ ਹੈ ਅਤੇ ਦੂਜਾ

Original with;
Punjab Vidhan Sabha
Digitized by;
Panjab Digital Library

ਪੁਲ੍ਟੀਕਲ ਅਟਾਨੋਮੀ ਦੀ ਗੱਲ ਕਰਦਾ ਹੈ। ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਉਹ ਸਿੱਖ ਸਟੇਟ ਦੀ ਮੰਗ ਕਰਦੇ ਸਨ ਉਹ ਅੱਜ ਵੀ ਇਹ ਮੰਗ ਕਰਦੇ ਹਨ ਜਾਂ ਛੱਡ ਕੇ ਚਲੇ ਗਏ ਹਨ ?

**ਸਰਦਾਰ ਜਗਦੇਵ ਸਿੰਘ ਜੱਸੋਵਾਲ:** ਮੈਂ ਸਿੱਖ ਹੋਮ ਲੈਂਡ ਦੀ ਗੱਲ ਕਦੇ ਕੋਈ ਨਹੀਂ ਕੀਤੀ। ਇਹ ਜਾਣਕੇ ਮੇਰੇ ਮੂੰਹ ਵਿਚ ਪਾ ਰਹੇ ਹਨ। ਤੁਸੀਂ ਕਦੇ ਅੰਮ੍ਰਿਤਸਰ ਵਿਚ ਟਰਾਂਸਮੀਟਰ ਲਗਾਉਣ ਦੀ ਗੱਲ ਕਰਦੇ ਹੋ। (ਵਿਘਨ) ਉਥੇ ਉਨ੍ਹਾਂ ਨੂੰ ਕਮਰਾ ਦਿਤਾ ਹੈ। (ਵਿਘਨ) ਡਾਕਟਰ ਜਗਜੀਤ ਸਿੰਘ ਨੂੰ ਕਿਸ ਨੇ ਬਾਹਰ ਭੇਜਿਆ ਸੀ ? (ਇਕ ਆਵਾਜ਼: ਉਸ ਨੂੰ ਤੁਸਾਂ ਭੇਜਿਆ ਸੀ।) ਉਸ ਨੂੰ ਬਿਆਨ ਸੀ ਕਿ ਉਸ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੇ ਭੇਜਿਆ ਹੈ ਅਤੇ ਅਕਾਲੀ ਦਲ ਨੇ ਮਤਾ ਪਾਸ ਕਰਕੇ ਉਸਨੂੰ ਬਾਹਰ ਭੇਜਿਆ ਸੀ। (ਵਿਘਨ) ਜਦ ਜੰਗ ਲੱਗ ਗਈ ਤਾਂ ਫਿਰ ਮੋਰਚਾ ਲਾ ਲਿਆ। (ਵਿਘਨ) ਤੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪ੍ਰੋਵਿੰਸ਼ਲ ਅਟਾਨੋਮੀ ਦੇ ਬਾਰੇ ਇਨ੍ਹਾਂ ਦੀਆਂ ਅਲਹਿਦਾ ਅਲਹਿਦਾ ਰਾਵਾਂ ਹਨ, ਅਲੱਗ ਅਲੱਗ ਖਿਆਲ ਹਨ। ਚੇਅਰਮੈਨ ਸਾਹਿਬ, ਜਿਸ ਤਰ੍ਹਾਂ ਰਾਵਣ ਦੇ 10 ਮੂੰਹ ਸਨ ਜੇਕਰ ਇਸੇ ਤਰ੍ਹਾਂ ਇਨ੍ਹਾਂ ਦੀਆਂ (ਆਪੋਜੀਸ਼ਨ ਪਾਰਟੀ ਵੱਲ ਇਸ਼ਾਰਾ) 10 ਰਾਵਾਂ ਰਹੀਆਂ ਤਾਂ ਯਕੀਨ ਕਰਕੇ ਜਾਣਿਉਂ ਜਿਸ ਤਰ੍ਹਾਂ ਦੁਸਹਿਰੇ ਵਾਲੇ ਦਿਨ ਰਾਵਣ ਦਾ ਅੰਤ ਹੁੰਦਾ ਹੈ ਇਸੇ ਤਰ੍ਹਾਂ ਇਨ੍ਹਾਂ ਦੀ ਮੰਗ ਦਾ ਵੀ ਅੰਤ ਹੋਵੇਗਾ। (ਥੰਪਿੰਗ) ਮੈਂ ਜਨਾਬ ਚੇਅਰਮੈਨ ਸਾਹਿਬ,......... (ਵਿਘਨ) (ਸ਼ੋਰ) ਤੁਸੀਂ (ਆਪੋਜੀਸ਼ਨ ਪਾਰਟੀ ਵਲੋਂ ਵਿਘਨ) ਸਾਨੂੰ ਬੋਲਣ ਦਾ ਹੱਕ ਵੀ ਨਹੀਂ ਦੇ ਸਕਦੇ। ਤੁਸੀਂ ਧਰਮ ਦੀ ਅਜ਼ਾਦੀ ਦੀ ਗੱਲ ਕਰਦੇ ਹੋ, ਹੋਰ ਬਹੁਤ ਸਾਰੀਆਂ ਗਲਾਂ ਕਰਦੇ ਹੋ ਪਰ ਇਕ ਮੈਂਬਰ ਦੇ ਵਿਚਾਰ ਵੀ ਹਾਊਸ ਵਿਚ ਨਹੀਂ ਸੁਣ ਸਕਦੇ। ਤੁਹਾਡੇ ਕੋਲ ਟਾਈਮ ਹੈ, ਤੁਸੀਂ ਉਸ ਟਾਈਮ ਵਿਚ ਆਪਣੀ ਰਾਇ ਦੇ ਸਕਦੇ ਹੋ ਪਰ ਹੁਣ ਸਾਨੂੰ ਆਪਣੀ ਰਾਇ ਦੇ ਦੇਣ ਦਿਉ।

ਸੋ ਚੇਅਰਮੈਨ ਸਾਹਿਬ, ਇਨ੍ਹਾਂ ਦੀ ਦੋਗਲੀ ਪਾਲਿਸੀ ਹੈ, ਇਨ੍ਹਾਂ ਦੇ ਦੋ ਮੂੰਹ ਹਨ, ਅੰਦਰ ਹਾਊਸ ਵਿਚ ਹੋਰ ਅਤੇ ਬਾਹਰ ਹੋਰ। ਇਨ੍ਹਾਂ ਦੀ ਵਿਸ਼ਾਲ ਪਾਰਟੀ ਮੁਸਲਿਮ ਲੀਗ ਤੋਂ ਲੈ ਕੇ ਜਨਸੰਘ ਤਕ ਸਾਰਿਆਂ ਨਾਲ ਸਮਝੌਤਾ ਕਰ ਸਕਦੀ ਹੈ। (ਵਿਘਨ) ਇਹ ਇਕ ਐਸੀ ਪਾਰਟੀ ਹੈ ਜਿਹੜੀ ਮੁਸਲਿਮ ਲੀਗ ਨਾਲ, ਸੀ.ਪੀ.ਆਈ. ਨਾਲ, ਸੀ.ਪੀ.ਐਮ. ਨਾਲ, ਸੁਤੰਤਰ ਪਾਰਟੀ ਨਾਲ, ਭਾਰਤੀਯ ਜਨਸੰਘ ਪਾਰਟੀ ਨਾਲ ਅਤੇ ਹੋਰ ਪਤਾ ਨਹੀਂ ਕਿਹੜੀ ਕਿਹੜੀ ਪਾਰਟੀ ਨਾਲ ਬਾਰ ਬਾਰ ਸਮਝੌਤਾ ਕਰਦੀ ਫਿਰਦੀ ਹੈ। ਇਸ ਕਰਕੇ ਇਨ੍ਹਾਂ ਦੀ ਨਾ ਕੋਈ ਵਿਚਾਰਧਾਰਾ ਹੈ, ਨਾ ਕੋਈ ਸਾਂਝ ਹੈ। ਇਨ੍ਹਾਂ ਦੀ ਇਸ ਗਲ ਤੋਂ ਮੈਨੂੰ ਇਕ ਗਲ ਯਾਦ ਆ ਗਈ ਹੈ ਕਿ ਇਕ ਲੜਕਾ ਸੀ ਉਸ ਦੇ ਕੋਲੋਂ ਕੋਈ ਆਦਮੀ ਜਾ ਕੇ ਪੁੱਛਦਾ ਹੈ ਕਿ ਤੂੰ ਕਿਸ ਦਾ ਪੁੱਤਰ ਹੈ। ਉਹ ਕਹਿਣ ਲਗਾ ਮੈਂ ਕੀ ਦੱਸਾਂ ਕਿਉਂਕਿ ਪਹਿਲਾਂ ਉਸਦੀ ਮਾਂ ਕਿਸੇ ਨਾਲ ਨਿਕਲ ਗਈ ਸੀ। (ਹਾਸਾ) (ਵਿਘਨ) ਦੂਜੇ ਆਦਮੀ ਨੇ ਕਿਹਾ ਕਿ ਪਹਿਲਾਂ ਸੀ ਅਸੀਂ ਗੌੜ ਬ੍ਰਹਮਣ, ਫਿਰ ਅਸੀਂ ਬਣੇ ਦਰਜੀ, ਫਿਰ ਬਣੇ ਚੀਮੇ, ਚੌਧਰੀ ਅਗੋਂ ਮਾਂ ਦੀ ਮਰਜੀ। (ਵਿਘਨ) (ਹਾਸਾ) ਜਿਹੜੀ ਪਾਰਟੀ ਤਰ੍ਹਾਂ ਤਰ੍ਹਾਂ ਦੇ ਲੋਕਾਂ ਦਾ ਸਾਥ ਦੇਵੇ ਉਹ ਪਾਰਟੀ ਲੋਕਾਂ ਨੂੰ ਇਨਸਾਫ ਨਹੀਂ ਦੇ ਸਕਦੀ, ਲੋਕਾਂ ਦਾ ਭਲਾ ਨਹੀਂ ਕਰ ਸਕਦੀ। ਮੈਂ ਆਪਣੀ ਰਾਏ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਨਸੰਘ ਨਾਲ ਮਿਲ ਕੇ, ਜਨਤਾ ਪਾਰਟੀ ਨਾਲ ਮਿਲ ਕੇ ਪੰਜਾਬੀ ਸੂਬੇ ਦੀ ਗੱਲ ਕੀਤੀ ਹੈ। ਸਰਦਾਰ ਸੁਖਜਿੰਦਰ ਸਿੰਘ ਹਾਊਸ ਵਿਚ ਬੈਠੇ ਨਹੀਂ ਮੈਂ ਚਾਹੁੰਦਾ ਸੀ ਕਿ ਉਹ ਇਥੇ ਬੈਠੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਦੱਸਦਾ (ਆਵਾਜ਼ਾਂ: ਲਓ, ਉਹ ਆ ਗਏ) ਜੇ ਆ ਗਏ ਹਨ, ਤਾਂ ਚੰਗਾ ਹੈ। ਇਨ੍ਹਾਂ ਨੇ ਪੰਜਾਬੀ ਸੂਬੇ ਦੀ ਗੱਲ ਕੀਤੀ ਹੈ। ਸਰਦਾਰ ਸੁਖਜਿੰਦਰ ਸਿੰਘ ਨੇ ਜਦੋਂ ਪੰਜਾਬੀ ਸੂਬੇ ਵੇਲੇ ਲਾਠੀਆਂ ਚਲੀਆਂ ਸਨ ਤਾਂ ਇਨ੍ਹਾਂ ਨੇ ਲਾਠੀਆਂ ਚਲ-ਵਾਈਆਂ। (ਵਿਘਨ) (ਸ਼ੋਰ) ਸੋ ਮੈਂ, ਚੇਅਰਮੈਨ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦਾ ਨਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਸੰਵਿਧਾਨ ਵਿਚ ਵਿਸ਼ਵਾਸ਼ ਹੈ, ਨਾ ਸੂਬੇ ਦੀ ਤਾਮੀਰੀ ਤਰੱਕੀ ਦੇ ਕੰਮਾਂ ਵਿਚ ਵਿਸ਼ਵਾਸ ਹੈ, ਨਾਂ ਗਰੀਬ ਲੋਕਾਂ ਦੀ ਭਲਾਈ ਵਾਸਤੇ ਅਤੇ ਨਾ ਹਰੀਜਨਾਂ ਦੀ ਭਲਾਈ ਦੇ ਕੰਮਾਂ ਵਿਚ ਵਿਸ਼ਵਾਸ ਹੈ, ਜਿਹੜੀ ਪਾਰਟੀ ਤਰ੍ਹਾਂ ਤਰ੍ਹਾਂ ਦੇ ਰੰਗ ਬਦਲ ਕੇ ਔਰ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਲੈ ਕੇ ਆਏ ਉਹ ਜਨਤਾ ਦਾ ਕੀ ਸੰਵਾਰ ਸਕਦੀ ਹੈ। ਉਹ ਨਾ ਜਨਤਾ ਦਾ ਕੁਝ ਸੰਵਾਰ ਸਕਦੀ ਹੈ ਅਤੇ ਨਾ ਦੇਸ਼ ਦਾ ਕੁਝ ਸੰਵਾਰ ਸਕਦੀ ਹੈ। ਹੁਣ ਸਾਡੀ ਪਾਰਟੀ ਦੇ ਮਹਾਨ ਨੇਤਾ ਸਰਦਾਰ ਦਰਬਾਰਾ ਸਿੰਘ ਜੀ ਜਿਹੜੇ ਸਾਡੀ ਪਾਰਟੀ ਦੇ ਇਸ ਵੇਲੇ ਰਹਿਨੁਮਾ ਹਨ ਔਰ ਉਨ੍ਹਾਂ ਦੀ ਰਹਿਨੁਮਾਈ ਹੇਠ ਜਿਹੜੀ ਨਵੀਂ ਸਰਕਾਰ ਪੰਜਾਬ ਦੀ ਆਈ ਹੈ ਉਹ ਅੰਧੇਰੀ ਰਾਤ ਤੋਂ ਬਾਅਦ ਇਕ ਚਾਨਣ ਦੀ ਕਿਰਨ ਲਿਆਈ ਹੈ। ਇਕ ਕਿਰਨ ਸੂਰਜ ਦੀ ਹੁਣ ਨਜ਼ਰ ਆਈ ਹੈ। (ਥੰਪਿੰਗ) ਗਰੀਬ ਲੋਕਾਂ ਵਾਸਤੇ, ਹਰੀਜਨਾਂ ਵਾਸਤੇ, ਗਰੀਬ ਕਿਸਾਨਾਂ ਵਾਸਤੇ, ਵਿਦਿਆਰਥੀਆਂ ਵਾਸਤੇ, ਲੇਬਰ ਦੇ ਵਾਸਤੇ ਔਰ ਪੰਜਾਬ ਦੇ ਵਿਚ ਐਗਰੀਕਲਚਰਿਸਟਸ ਦੇ ਵਾਸਤੇ ਜੋ ਪ੍ਰੋਗਰਾਮ ਲਿਆਈ ਹੈ, ਮੈਨੂੰ ਯਕੀਨ ਹੈ ਕਿ ਉਹ ਇਸ ਸਾਲ ਦੇ ਅੰਦਰ ਅੰਦਰ ਬੁਨਿਆਦੀ ਤੌਰ ਤੇ ਅਮਲੀ ਜਾਮਾ ਪਹਿਨਾਏਗੀ ਔਰ ਮੈਂ ਇਨ੍ਹਾਂ ਲੋਕਾਂ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਨੂੰ ਕਹਿਣਾ ਚਾਹੁੰਦਾ ਹਾਂ ਕਿ ਸਿਰਫ ਖੱਪ ਪਾਉਣ ਨਾਲ, ਰੌਲਾ ਪਾਉਣ ਨਾਲ ਜਾਂ ਭਾਸ਼ਣਾਂ ਨਾਲ ਜਾਂ ਜਿਵੇਂ ਰੁੱਸੀ ਹੋਈ ਤੀਵੀਂ ਕਰਦੀ ਹੈ ਉਸ ਤਰ੍ਹਾਂ ਵਾਕ ਆਊਟ ਕਰਨ ਨਾਲ ਇਹ ਕੁੱਝ ਨਹੀਂ ਸੰਵਾਰ ਸਕਣਗੇ। (ਵਿਘਨ) ਇਨ੍ਹਾਂ ਸ਼ਬਦਾਂ ਨਾਲ ਮੈਂ ਆਸ ਰੱਖਦਾ ਹਾਂ ਇਹ ਸਰਕਾਰ ਪੰਜਾਬ ਦੀ ਨੁਹਾਰ ਹੁਣ ਬਦਲ ਕੇ ਰੱਖ ਦੇਵੇਗੀ। ਇਹ ਵਾਕ-ਆਊਟ ਦੀ ਗੱਲ ਕਰਦੇ ਹਨ।

They should be thrown out from the political arena of Punjab.

**ਸ੍ਰੀ ਸਭਾਪਤੀ**: ਪਾਰਟੀ ਵਾਈਜ਼ ਜਿਹੜਾ ਟਾਈਮ ਅਲਾਟ ਹੋਇਆ ਸੀ ਉਹ ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ। ਕਾਂਗਰਸ ਪਾਰਟੀ ਨੂੰ 5 ਘੰਟੇ 55 ਮਿੰਟ ਅਲਾਟ ਹੋਏ ਸੀ ਔਰ ਇਨ੍ਹਾਂ ਦੇ 2 ਘੰਟੇ 40 ਮਿੰਟ ਬਾਕੀ ਰਹਿ ਗਏ ਹਨ। ਸ਼੍ਰੋਮਣੀ ਅਕਾਲੀ ਦਲ ਨੂੰ 3 ਘੰਟੇ 10 ਮਿੰਟ ਅਲਾਟ ਹੋਏ ਸੀ ਔਰ ਇਨ੍ਹਾਂ ਦੇ ਸਿਰਫ 23 ਮਿੰਟ ਬਾਕੀ ਹਨ। ਸੀ.ਪੀ.ਆਈ. ਨੂੰ 50 ਮਿੰਟ ਅਲਾਟ ਹੋਏ ਸਨ ਔਰ ਇਹ 55 ਮਿੰਟ ਲੈ ਚੁੱਕੇ ਹਨ। ਸੀ.ਪੀ.ਐਮ ਨੂੰ 28 ਮਿੰਟ ਅਲਾਟ ਹੋਏ ਸੀ, ਇਹ 23 ਮਿੰਟ ਲੈ ਚੁੱਕੇ ਹਨ ਔਰ ਇਨ੍ਹਾਂ ਦੇ 5 ਮਿੰਟ ਬਾਕੀ ਹਨ। ਬੀ.ਜੇ.ਪੀ. ਨੂੰ 5 ਮਿੰਟ ਅਲਾਟ ਹੋਏ ਸਨ ਉਨ੍ਹਾਂ ਦੇ 5 ਮਿੰਟ ਹੀ ਰਹਿੰਦੇ ਹਨ। ਇਸੇ ਤਰ੍ਹਾਂ ਇੰਡੀਪੈਂਡੈਂਟਸ ਨੂੰ 12 ਮਿੰਟ ਅਲਾਟ ਹੋਏ ਸੀ ਪਰ ਉਹ 19 ਮਿੰਟ ਲੈ ਚੁੱਕੇ ਹਨ। (ਕਾਮਰੇਡ ਰਾਜ ਕੁਮਾਰ ਵਲੋਂ ਵਿਘਨ) (ਵਿਘਨ) ਹੁਣ ਤਾਂ ਮੋਸਟਲੀ ਅਕਾਲੀ ਪਾਰਟੀ ਦੇ ਮੈਂਬਰ ਜਾਂ ਕਾਂਗਰਸ ਪਾਰਟੀ ਦੇ ਮੈਂਬਰ ਬੋਲ ਸਕਦੇ ਹਨ, ਬਾਕੀ ਪਾਰਟੀਆਂ ਦਾ ਤਾਂ ਤਕਰੀਬਨ ਟਾਈਮ ਮੁੱਕ ਹੀ ਗਿਆ ਹੈ। (ਵਿਘਨ)

**Comrade Raj Kumar** : According to the Report which has been circulated we have taken 45 minutes and not 55 minutes.

**Mr. Chairman** : According to my information you have already taken 55 minutes.

**Comrade Raj Kumar** : I can show you the circulated Report.

**ਸ੍ਰੀ ਰਾਮ ਸਵਰੂਪ ਬਾਗੀ (ਪਠਾਨਕੋਟ)**: ਚੇਅਰਮੈਨ ਮਹੋਦਯ ਤੇ ਹਾਊਸ ਦੇ ਮੈਂਬਰ ਸਾਹਿਬਾਨ, ਪਹਿਲੇ ਦਿਨ ਗਵਰਨਰ ਦੇ ਭਾਸ਼ਣ ਦੇ ਮਤੇ ਤੇ ਬੋਲਦਿਆਂ ਹੋਇਆਂ ਮੇਰੇ ਮੋਹਤਰਮ, ਮੇਰੇ ਭਾਈ ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਜਿਸ ਸੁਚੱਜੀ ਤੇ ਸੋਹਣੀ ਢੰਗ ਨਾਲ ਉਸ ਦੀ ਸਰਾਹਣਾ ਕੀਤੀ ਹੈ ਉਹ ਸਰਾਹਣਾਯੋਗ ਹੈ। ਨਾਲ ਹੀ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਖਾਸ ਤੌਰ ਤੇ ਅੰਕੜਿਆਂ

Original with;
Punjab Vidhan Sabha
Digitized by;
Panjab Digital Library

ਨਾਲ ਆਪਣੀ ਗਲ ਪੇਸ਼ ਕੀਤੀ ਹੈ ਜਿਹੜੇ ਕਿ ਅੰਕੜੇ ਉਨ੍ਹਾਂ ਨੇ ਪਿਛਲੀ ਸਰਕਾਰ ਦੇ ਰਿਕਾਰਡ ਤੋਂ ਲਏ ਹਨ। ਪਰ ਮੈਨੂੰ, ਚੇਅਰਮੈਨ ਸਾਹਿਬ, ਇਹ ਗੱਲ ਜਾਣ ਕੇ ਉਸ ਵੇਲੇ ਬੜਾ ਦੁੱਖ ਹੋਇਆ ਕਿ ਸਾਡੇ ਮਾਨਯੋਗ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਜਿਹੜੇ ਕਿ ਪਿਛਲੀ ਸਰਕਾਰ ਦੇ ਮੁੱਖ ਮੰਤਰੀ ਸਨ ਉਨ੍ਹਾਂ ਨੇ ਉਸ ਭਾਈ ਦੇ ਭਾਸ਼ਣ ਤੋਂ ਬਾਅਦ ਆਪਣਾ ਭਾਸ਼ਣ ਸ਼ੁਰੂ ਕਰਦਿਆਂ ਇਹ ਗਲ ਕਹੀ ਕਿ ਕਾਂਗਰਸ ਨੂੰ ਝੂਠਾ ਕੇਸ ਪੇਸ਼ ਕਰਨ ਲਈ ਇਕ ਚੰਗਾ ਵਕੀਲ ਮਿਲ ਗਿਆ ਹੈ। ਮੈਨੂੰ ਬੜੀ ਹੈਰਾਨੀ ਹੋਈ ਕਿ ਇਤਨੇ ਵੱਡੇ ਅਹੁਦੇ ਤੇ ਇਕ ਪੁਰਸ਼ ਰਹਿਣ ਵਾਲਾ ਹੋਵੇ, ਪੁਰਾਣੀ ਸਰਕਾਰ ਦੇ ਵੇਲੇ ਚੀਫ ਮਨਿਸਟਰ ਦੇ ਅਹੁਦੇ ਤੇ ਰਹਿਣ ਵਾਲਾ ਸ਼ਖਸ ਜਿਹੜਾ ਕਿ ਇਸ ਵੇਲੇ ਵੀ ਆਪੋਜ਼ੀਸ਼ਨ ਪਾਰਟੀ ਦਾ ਲੀਡਰ ਹੋਵੇ ਉਹ ਇਹ ਗੱਲ ਕਹੇ ਕਿ ਕਾਂਗਰਸ ਨੂੰ ਝੂਠਾ ਕੇਸ ਪੇਸ਼ ਕਰਨ ਵਾਲਾ ਇਕ ਚੰਗਾ ਵਕੀਲ ਮਿਲਿਆ ਹੈ ਜਦੋਂ ਕਿ ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਉਨ੍ਹਾਂ ਦੀ ਸਰਕਾਰ ਦੇ ਵੇਲੇ ਦੇ ਹੀ ਅੰਕੜੇ ਲੈ ਕੇ ਇਥੇ ਪੇਸ਼ ਕੀਤੇ ਹਨ। ਨਾਲ ਹੀ ਮੈਨੂੰ ਇਹ ਜਾਣ ਕੇ ਵੀ ਹੈਰਾਨੀ ਹੋਈ ਜਦੋਂ ਉਨ੍ਹਾਂ ਨੇ ਇਥੇ ਬੜੇ ਫਖਰ ਨਾਲ ਕਿਹਾ ਕਿ ਇਸ ਹਾਊਸ ਵਿਚੋਂ ਅਸੀਂ ਵਾਕ ਆਊਟ ਇਸ ਕਰਕੇ ਕਰ ਗਏ ਸੀ ਕਿਉਂਕਿ ਇਸ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਨਾ ਕੋਈ ਗਰੀਬਾਂ ਦੀ ਗੱਲ ਹੈ, ਨਾ ਕੋਈ 20 ਨੁਕਾਤੀ ਪ੍ਰੋਗਰਾਮ ਦੀ ਗੱਲ ਹੈ ਅਤੇ ਨਾ ਹੀ ਕੋਈ ਹੋਰ ਗੱਲ ਹੈ। ਚੇਅਰਮੈਨ ਸਾਹਿਬ, ਸ਼ਾਇਦ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਜਿਹੜੇ ਕਿ ਚੀਫ ਮਨਿਸਟਰ ਸਾਹਿਬ ਵੀ ਰਹਿ ਚੁੱਕੇ ਹਨ ਉਨ੍ਹਾਂ ਨੇ ਰੂਲਜ਼ ਆਫ ਪ੍ਰੋਸੀਜ਼ਰ ਦਾ ਰੂਲ 17 ਨਹੀਂ ਪੜ੍ਹਿਆ। ਇਸ ਹਾਊਸ ਦੀ ਮਰਯਾਦਾ ਹੈ ਕਿ ਜਦੋਂ ਗਵਰਨਰ ਸਾਹਿਬ ਆਪਣਾ ਭਾਸ਼ਣ ਦੇ ਰਹੇ ਹੋਣ ਤਾਂ ਕੋਈ ਮੈਂਬਰ ਖੜ੍ਹਾ ਹੋ ਕੇ ਬੋਲ ਨਹੀਂ ਸਕਦਾ, ਨਾਹਰੇ ਨਹੀਂ ਲਗਾ ਸਕਦਾ ਮਗਰ ਅੱਜ ਜੇ ਕੋਈ ਮੇਰੇ ਵਰਗਾ ਨਵਾਂ ਮੈਂਬਰ ਉਠ ਕੇ ਕੋਈ ਚੀਜ਼ ਪੜ੍ਹਨ ਲੱਗ ਪਵੇ ਤਾਂ ਕੋਈ ਖਾਸ ਗੱਲ ਨਹੀਂ। ਲੇਕਿਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਡੇ ਮਾਨਯੋਗ ਲੀਡਰ ਆਫ ਦੀ ਆਪੋਜ਼ੀਸ਼ਨ ਹਨ, ਜਿਸ ਹਾਊਸ ਵਿਚ ਇਹ ਰੂਲਜ਼ ਪਾਸ ਹੋਏ ਇਹ ਹਾਊਸ ਸਾਰਿਆਂ ਤੋਂ ਮੁਤਬਰਕ ਹੈ, ਨੇ ਜੋ ਕੁਝ ਕੀਤਾ, ਮੈਂ ਤਾਂ ਕਹਾਂਗਾ ਕਿ ਉਨ੍ਹਾਂ ਨੇ ਇਨ੍ਹਾਂ ਰੂਲਜ਼ ਦੀ ਉਲੰਘਣਾ ਕੀਤੀ ਹੈ। ਉਹ ਇਸ ਹਾਊਸ ਦੇ ਸਾਹਮਣੇ ਪੇਸ਼ ਹੋ ਕੇ ਦੱਸਣ ਕਿ ਆਇਆ ਉਨ੍ਹਾਂ ਨੇ ਇਹ ਰੂਲਜ਼ ਪੜ੍ਹੇ ਨਹੀਂ ਜਾਂ ਕਹਿਣ ਕਿ ਉਨ੍ਹਾਂ ਨੇ ਜਾਣ ਬੁਝ ਕੇ ਉਲੰਘਣਾ ਕੀਤੀ ਹੈ। ਜੇਕਰ ਜਾਣ ਬੁਝ ਕੇ ਇਹ ਚੀਜ਼ ਕੀਤੀ ਹੈ ਤਾਂ ਮਾਫੀ ਮੰਗਣ ਅਗਰ ਮਾਫੀ ਨਹੀਂ ਮੰਗਦੇ ਤਾਂ ਉਨ੍ਹਾਂ ਦੇ ਖਿਲਾਫ ਜੋ ਵੀ ਮੁਨਾਸਿਬ ਕਾਰਵਾਈ ਹੋਵੇ, ਜ਼ਰੂਰ ਹੋਣੀ ਚਾਹੀਦੀ ਹੈ। ਐਡੇ ਵੱਡੇ ਲੀਡਰ ਨੇ ਹਾਊਸ ਦੀ ਤੌਹੀਨ ਕੀਤੀ ਹੈ।

ਇਸ ਤੋਂ ਬਾਅਦ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਲੀਡਰ ਆਫ ਦੀ ਆਪੋਜ਼ੀਸ਼ਨ ਕਹਿੰਦੇ ਹਨ ਕਿ ਇਸ ਵਕਤ 20 ਨੁਕਾਤੀ ਪ੍ਰੋਗਰਾਮ ਨਹੀਂ। ਹਰੀਜਨਾਂ ਬਾਰੇ ਕੋਈ ਪ੍ਰੋਗਰਾਮ ਨਹੀਂ ਅਤੇ ਨਾ ਹੀ ਗਰੀਬਾਂ ਬਾਰੇ ਕੋਈ ਪ੍ਰੋਗਰਾਮ ਹੈ। ਮੈਨੂੰ ਇਸ ਗਲ ਦਾ ਬੜਾ ਦੁੱਖ ਹੋਇਆ। ਇਨ੍ਹਾਂ ਨੇ ਐਡਰੈਸ ਪੜ੍ਹਿਆ ਹੀ ਨਹੀਂ। ਇਸ ਵਿਚ ਚਮੜੇ ਦਾ ਕੰਮ ਕਰਨ ਵਾਲਿਆਂ ਲਈ ਅਤੇ ਹੋਰ ਛੋਟੇ ਛੋਟੇ ਧੰਦੇ ਕਰਨ ਵਾਲਿਆਂ ਲਈ, ਛੋਟੇ ਛੋਟੇ ਟਰਾਂਸਪੋਰਟਰਜ਼ ਲਈ ਅਤੇ ਹੋਰ ਕਈਆਂ ਲਈ ਇਸ ਵਿਚ ਕਈ ਚੀਜ਼ਾਂ ਦੱਸੀਆਂ ਗਈਆਂ ਹਨ। ਮੈਨੂੰ ਸਮਝ ਨਹੀਂ ਆਉਂਦੀ ਇਨ੍ਹਾਂ ਨੇ ਕਿਸ ਤਰ੍ਹਾਂ ਇਹ ਕਹਿ ਦਿੱਤਾ? ਇਹ ਕੀ ਸਮਝਦੇ ਹਨ ਕਿ ਇਸ ਵਿਚ 5 ਸਾਲਾਂ ਦਾ ਹੀ ਪ੍ਰੋਗਰਾਮ ਦੇ ਦਿੱਤਾ ਜਾਂਦਾ। ਅਗਰ ਉਹ ਦੇ ਦਿਤਾ ਜਾਂਦਾ ਤਾਂ ਇਹ ਐਡਾ ਵੱਡਾ ਗ੍ਰੰਥ ਬਣ ਜਾਣਾ ਸੀ ਜਿਹੜਾ ਕਿ ਚੁੱਕਣਾ ਵੀ ਮੁਸ਼ਕਿਲ ਹੋ ਜਾਂਦਾ। ਇਹ ਗਵਰਨਰ ਸਾਹਿਬ ਦਾ ਭਾਸ਼ਣ ਹੈ ਇਸ ਵਿਚ ਸਾਰ ਹੀ ਦੱਸਣਾ ਹੁੰਦਾ ਹੈ। ਇਹ ਗਵਰਨਰ ਸਾਹਿਬ ਦੇ ਭਾਸ਼ਣ ਵਿਚ 20 ਨੁਕਾਤੀ ਪ੍ਰੋਗਰਾਮ ਲਭਦੇ ਹਨ ਜਿਸ ਨੂੰ ਇਹ ਸਾਰੇ ਹਾਊਸ ਵਿਚ ਨਿੰਦਦੇ ਰਹੇ ਔਰ ਹਮੇਸ਼ਾ ਉਸ ਦੀ ਵਿਰੋਧਤਾ ਕਰਦੇ ਰਹੇ। ਇਹ ਤਾਂ 'ਮਾਂ ਨਾਲੋਂ ਹੇਜਲੀ ਫਫੇ ਕੁਟਣੀ' ਵਾਲੀ ਗੱਲ ਕਰ ਦਿੱਤੀ। (ਵਿਘਨ) ਚੇਅਰਮੈਨ ਸਾਹਿਬ, ਉਨ੍ਹਾਂ ਨੇ ਲਾਅ ਐਂਡ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਸਵਰੂਪ ਬਾਗੀ]
ਆਰਡਰ ਦੀ ਗੱਲ ਕੀਤੀ ਸੀ। ਜਿਨ੍ਹਾਂ ਦੇ ਆਪਣੇ ਢਾਈ ਸਾਲਾਂ ਵਿਚ ਲਾਅ ਐਂਡ ਆਰਡਰ ਦੀ ਹਾਲਤ ਬਦਤਰ ਸੀ ਉਹ ਅਜ ਸਾਡੀ ਲਾਅ ਐਂਡ ਆਰਡਰ ਦੀ ਗੱਲ ਕਰਦੇ ਹਨ। ਉਨ੍ਹਾਂ ਦੇ ਰਾਜ ਵਿਚ ਕਿਸੇ ਸ਼ਰੀਫ ਆਦਮੀ ਦੀ ਇਜ਼ਤ ਮਹਿਫੂਜ਼ ਨਹੀਂ ਸੀ, ਕਿਸੇ ਦੀ ਪਗੜੀ ਮਹਿਫੂਜ਼ ਨਹੀਂ ਸੀ। ਉਨ੍ਹਾਂ ਦੇ ਰਾਜ ਦੇ ਵੇਲੇ ਸਧਾਰਣ ਆਦਮੀ ਤਾਂ ਕਿਧਰ ਗਏ ਮੈਂ 3 ਹਸਤੀਆਂ ਦੀ ਗੱਲ ਕਰਦਾ ਹਾਂ ਔਰ ਮਿਸਾਲਾਂ ਪੇਸ਼ ਕਰਦਾ ਹਾਂ ਕਿ ਉਨ੍ਹਾਂ ਦਾ ਕੀ ਹਾਲ ਹੋਇਆ ?

ਪਹਿਲੇ ਸਾਡੇ ਸਤਿਕਾਰ ਯੋਗ ਡਾਕਟਰ ਕੇਵਲ ਕ੍ਰਿਸ਼ਨ ਸੀ ਜੋ ਕਿ ਉਸ ਵੇਲੇ ਵੀ ਐਮ.ਐਲ.ਏ. ਸੀ। ਮੁਕੇਰੀਆਂ ਵਿਚ ਇਕ ਝਗੜਾ ਹੋ ਗਿਆ। ਉਨ੍ਹਾਂ ਨੇ ਥਾਣੇ ਵਿਚ ਟੈਲੀਫੂਨ ਕੀਤਾ। ਥਾਣੇਦਾਰ ਨੇ ਉਸ ਦੀ ਕੋਈ ਪਰਵਾਹ ਨਾ ਕੀਤੀ। ਫਿਰ ਉਹ ਆਪ ਥਾਣੇ ਵਿਚ ਗਏ। ਇਹ ਉਸ ਵੇਲੇ ਦੀ ਗੱਲ ਹੈ ਜਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਦਾ ਰਾਜ ਸੀ। ਪਹਿਲਾਂ ਕੁਤਵਾਲੀ ਦਾ ਦਰਵਾਜ਼ਾ ਹੀ ਨਾ ਖੋਲ੍ਹਿਆ। ਫਿਰ ਬੜੀ ਦੇਰ ਬਾਅਦ ਦਰਵਾਜ਼ਾ ਖੋਲ੍ਹਿਆ। ਅਸੈਂਬਲੀ ਦਾ ਇਕ ਐਮ. ਐਲ ਏ. ਥਾਣੇ ਵਿਚ ਗਿਆ ਥਾਣੇਦਾਰ ਨੇ ਵੇਖ ਕੇ ਲੱਤਾਂ ਮੇਜ਼ ਤੇ ਰੱਖ ਲਈਆਂ ਅਤੇ ਉਸਦੇ ਨਾਲ ਗੱਲ ਕਰਨੀ ਮੁਨਾਸਬ ਨਹੀਂ ਸਮਝੀ ਇਸ ਬਾਰੇ ਬਾਦਲ ਸਾਹਿਬ ਨੂੰ ਲਿਖਿਆ ਗਿਆ ਪਰ ਕੋਈ ਐਕਸ਼ਨ ਨਹੀਂ ਹੋਇਆ। (ਵਿਘਨ)

ਇਸੇ ਤਰ੍ਹਾਂ ਸਾਡੇ ਪਹਿਲੇ ਜਨਰਲ ਸੈਕਟਰੀ ਸਰਦਾਰ ਸੰਤੋਖ ਸਿੰਘ ਰੰਧਾਵਾ, ਜਿਹੜੇ ਕਿ ਸਾਡੇ ਬੜੇ ਆਗੂ ਲੀਡਰ ਹਨ। ਪਹਿਲੇ ਵੀ ਮਨਿਸਟਰ ਰਹਿ ਚੁਕੇ ਹਨ ਅੱਜ ਵੀ ਮਨਿਸਟਰ ਹਨ। ਉਹ ਸਵੇਰੇ ਸਵੇਰੇ ਰਫਾ-ਏ-ਆਮ ਵਾਸਤੇ ਜਾ ਰਹੇ ਸਨ। ਉਹ ਬਿਲਕੁਲ ਖਾਲੀ ਹੱਥ ਸਨ। ਉਨ੍ਹਾਂ ਉਤੇ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਿਸ ਵੇਲੇ ਇਹ ਸ਼ਿਕਾਇਤ ਲਿਖਾਉਣ ਲਈ, ਏ.ਐਸ.ਆਈ ਡੇਰਾ ਬਾਬਾ ਨਾਨਕ ਕੋਲ ਗਏ ਤਾਂ ਉਸ ਨੇ ਸ਼ਿਕਾਇਤ ਲਿਖਣ ਤੋਂ ਇਨਕਾਰ ਕਰ ਦਿੱਤਾ। ਫਿਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਸਾਡੀ ਕਾਂਗਰਸ ਕਮੇਟੀ ਨੇ ਅਤੇ ਹਾਈ ਕਮਾਂਡ ਨੇ ਇਸ ਬਾਰੇ ਲਿਖਿਆ ਪਰ ਫਿਰ ਵੀ ਕੁੱਝ ਨਹੀਂ ਹੋਇਆ। ਉਹ ਏ. ਐਸ. ਆਈ ਉਥੇ ਦਾ ਉਥੇ ਹੈ। ਉਸ ਨੂੰ ਟਰਾਂਸਫਰ ਤਕ ਨਹੀਂ ਕੀਤਾ। ਆਖਿਰ ਸਾਡੀ ਪੰਜਾਬ ਕਾਂਗਰਸ ਨੇ ਪੰਜਾਬ ਵਿਚ ਜਲਸੇ ਕੀਤੇ, ਜਲੂਸ ਕੱਢੇ ਗਏ ਫਿਰ ਵੀ ਕੁਝ ਨਹੀਂ ਕੀਤਾ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਜ ਇਥੇ ਲਾਅ ਐਂਡ ਆਰਡਰ ਦ ਰੌਲਾ ਪਾਉਂਦੇ ਹਨ। ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ। ਚੇਅਰਮੈਨ ਸਾਹਿਬ, ਸਰਦਾਰ ਜਗਮੀਤ ਸਿੰਘ ਨੇ ਝੰਡਾ ਫੜਿਆ ਹੋਇਆ ਸੀ। ਉਸ ਨੂੰ ਨਾਜਾਇਜ਼ ਗ੍ਰਿਫਤਾਰ ਕੀਤਾ ਗਿਆ ਸੀ। ਉਸ ਜਗਮੀਤ ਸਿੰਘ ਤੇ ਇਲਜ਼ਾਮ ਲਾਏ ਗਏ ਔਰ ਉਸ ਨੂੰ ਨਹਿਰ ਤੇ ਲਿਜਾ ਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਸ ਦਾ ਕੀ ਗੁਨਾਹ ਸੀ ? ਉਹ ਤਾਂ ਇਨ੍ਹਾਂ ਦੀ ਐਗਜ਼ੈਕਟਿਵ ਦਾ ਮੈਂਬਰ ਸੀ। ਉਸ ਨੇ ਜਿਹੜੇ ਕਿਸਾਨ ਲੋਕ ਮੋਢਿਆਂ ਤੇ ਖਾਲੀ ਪੀਪੀਆਂ ਲੈ ਕੇ ਡੀਜ਼ਲ ਲਈ ਫਿਰਦੇ ਸਨ ਉਨ੍ਹਾਂ ਲਈ ਰੌਲਾ ਪਾਇਆ ਸੀ। ਉਸ ਦੀ ਇਨ੍ਹਾਂ ਦੀ ਐਗਜ਼ੈਕਟਿਵ ਨਾਲ ਬਣਦੀ ਨਹੀਂ ਸੀ। ਇਨ੍ਹਾਂ ਨੇ ਉਸ ਉਤੇ ਜ਼ੁਲਮ ਕੀਤਾ।

5.42 ਸ਼ਾਮ

(ਇਸ ਸਮੇਂ ਸਰਦਾਰ ਗੁਰਨੈਬ ਸਿੰਘ ਬਰਾੜ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਚੇਅਰਮੈਨ ਸਾਹਿਬ, ਮੇਰੇ ਵੀਰ ਸਰਦਾਰ ਬੀਰਦਵਿੰਦਰ ਸਿੰਘ 5 ਅਗਸਤ ਨੂੰ ਕਾਂਗਰਸ ਵਿਚ ਸ਼ਾਮਲ ਹੋਏ 15 ਅਗੱਸਤ ਨੂੰ ਬਾਦਲ ਸਾਹਿਬ ਦੀ ਸਰਕਾਰ ਨੇ ਉਨ੍ਹਾਂ ਨੂੰ ਹੱਥਕੜੀਆਂ ਲਾ ਦਿੱਤੀਆਂ। ਇਹ ਲੋਕ ਇਥੇ ਲਾਅ ਐਂਡ ਆਰਡਰ ਦਾ ਰੌਲਾ ਪਾਉਂਦੇ ਹਨ।

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਸਵਰੂਪ ਬਾਗੀ]

ਇਸ ਤੋਂ ਅੱਗੇ ਅੰਮ੍ਰਿਤਸਰ ਵਿਚ ਮੇਰੇ ਨਿਰੰਕਾਰੀ ਵੀਰ ਆਪਣੀ ਕਥਾ ਕੀਰਤਨ ਕਰ ਰਹੇ ਸਨ ਉਨ੍ਹਾਂ ਤੇ ਜਾ ਕੇ ਹਮਲਾ ਕਰ ਦਿਤਾ। ਉਨ੍ਹਾਂ ਨੂੰ ਆਪਣਾ ਕੀਰਤਨ ਕਰਨ ਦੀ ਇਜਾਜ਼ਤ ਨਹੀਂ ਸੀ । (ਸ਼ੇਮ, ਸ਼ੇਮ) (ਵਿਘਨ) (ਸ਼ੋਰ)

**ਗਿਆਨੀ ਕੁੰਦਨ ਸਿੰਘ ਪਤੰਗ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਰਾਮ ਸਵਰੂਪ ਬਾਗੀ** : ਚੇਅਰਮੈਨ ਸਾਹਿਬ, ਮੈਂ ਲਾਅ ਐਂਡ ਆਰਡਰ ਦੀ ਗਲ ਕਰ ਰਿਹਾ ਸੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਦੀ ......(ਵਿਘਨ) (ਸ਼ੋਰ) ਇਨ੍ਹਾਂ ਨੂੰ ਕਿਸੇ ਦੇ ਧਰਮ ਦੀ ਇੱਜ਼ਤ ਨਹੀਂ ਸੀ । (ਵਿਘਨ) (ਸ਼ੋਰ)

ਚੇਅਰਮੈਨ ਸਾਹਿਬ, ਜੋ ਇਨ੍ਹਾਂ ਨੇ ਨਿਰੰਕਾਰੀਆਂ ਨਾਲ ਕੀਤਾ ਉਹ ਸਭ ਨੂੰ ਪਤਾ ਹੈ। ਸੋਢਲ ਮੰਦਰ ਜਲੰਧਰ ਦੀ ਜਿਉਂਦੀ ਜਾਗਦੀ ਮਿਸਾਲ ਤੁਹਾਡੇ ਸਾਹਮਣੇ ਹੈ, ਉਹ ਕਿਸੇ ਤੋਂ ਭੁੱਲੀ ਹੋਈ ਨਹੀਂ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੇਰੇ ਬਜ਼ੁਰਗ ਹਨ, ਉਹ ਵੇਖ ਲੈਣ। ਮੈਂ ਇਸ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ। ਫਿਰ ਕਦੇ ਮੌਕਾ ਮਿਲਿਆ ਤਾਂ ਕਹਾਂਗਾ।

ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਡਿਵੈਲਪਮੈਂਟ ਦੀ ਗੱਲ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਕੋਈ ਨਵੀਆਂ ਸਕੀਮਾਂ ਨਹੀਂ ਲਿਆਂਦੀਆਂ। ਮੈਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਈ ਚੇਅਰਮੈਨ ਸਾਹਿਬ ਲੀਡਰ ਆਫ ਦੀ ਆਪੋਜ਼ੀਸ਼ਨ ਐਡਾ ਵੱਡਾ ਲੀਡਰ ਹੋਵੇ ਅਤੇ ਝੂਠ ਬੋਲੇ ਕਿ ਥੇਂਈਂ ਡੈਮ ਦੀ ਮਨਜ਼ੂਰੀ ਆ ਗਈ । ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੈ ਕਿ ਉਸ ਦੀ ਅਜੇ ਤਕ ਮਨਜ਼ੂਰੀ ਨਹੀਂ ਮਿਲੀ ।

(ਇਸ ਸਮੇਂ ਸਰਦਾਰ ਸੰਤ ਸਿੰਘ ਆਪਣੇ ਬੈਂਚ ਉਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਡਰ ਦੀ ਮੰਗ ਕਰ ਰਹੇ ਸਨ। ਹਾਊਸ ਵਿਚ ਬੜਾ ਸ਼ੋਰ ਸੀ।)

**ਸ੍ਰੀ ਸਭਾਪਤੀ** : ਸਰਦਾਰ ਸੰਤ ਸਿੰਘ ਜੀ, ਇਹ ਕੋਈ ਠੀਕ ਤਰੀਕਾ ਨਹੀਂ ਹੈ। ਤੁਸੀਂ ਰੂਲਾਂ ਦੀ ਉਲੰਘਣਾ ਕਰ ਰਹੇ ਹੋ । (ਵਿਘਨ) ( ਸ਼ੋਰ)

## WALK-OUT

**ਸਰਦਾਰ ਸੰਤ ਸਿੰਘ** : ਚੇਅਰਮੈਨ ਸਾਹਿਬ, ਤੁਸੀਂ ਸਾਡੇ ਵੱਲ ਵੇਖਦੇ ਹੀ ਨਹੀਂ । ਤੁਸੀਂ ਉਨ੍ਹਾਂ ਦੀ (ਟ੍ਰੇਜ਼ਰੀ ਬੈਂਚਾਂ ਵੱਲ ਇਸ਼ਾਰਾ) ਹਮਾਇਤ ਕਰਦੇ ਹੋ। ਮੈਂ ਇਸ ਇਸ਼ੂ ਤੇ ਵਾਕ-ਆਊਟ ਕਰਦਾ ਹਾਂ। ਤੁਸੀਂ ਮੇਰਾ ਪੁਆਇੰਟ ਆਫ ਆਰਡਰ ਵੀ ਨਹੀਂ ਸੁਣਦੇ।

(ਇਸ ਸਮੇਂ ਸਰਦਾਰ ਸੰਤ ਸਿੰਘ ਵਾਕ-ਆਊਟ ਕਰ ਗਏ )

**ਸਰਦਾਰ ਜ਼ਸਮਤ ਸਿੰਘ ਢਿੱਲੋਂ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

DISCUSSION ON GOVERNOR'S ADDRESS (*Resumption*)

**ਸ੍ਰੀ ਰਾਮ ਸਵਰੂਪ** : ਬਾਗੀ : ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਪਿਛਲੀ ਸਰਕਾਰ ਦੇ ਚੀਫ਼ ਮਨਿਸਟਰ ਹੋਣ ਅਤੇ ਉਸ ਵੇਲੇ ਇਹ ਕਹਿ ਦੇਣ ਕਿ ਥੇਂਈ ਡੈਮ ਦੀ ਮਨਜ਼ੂਰੀ ਤਾਂ ਮੈਂ ਚਾਹ ਦੀ ਪਿਆਲੀ ਪੀ ਕੇ ਲੈ ਆਵਾਂਗਾ; ਐਡਾ ਵੱਡਾ ਲੀਡਰ ਹਾਊਸ ਵਿਚ ਇਕ ਝੂਠੀ ਸਟੇਟਮੈਂਟ ਦੇ ਦੇਵੇ ਇਹ ਕਿੰਨੀ ਬੁਰੀ ਗੱਲ ਹੈ।

ਚੇਅਰਮੈਨ ਸਾਹਿਬ, ਮੈਂ ਹਾਊਸ ਨੂੰ ਤੁਹਾਡੇ ਰਾਹੀਂ ਜਾਣੂ ਕਰਾਉਣਾ ਚਾਹੁੰਦਾ ਹਾਂ ਕਿ ਅਜ ਤਕ ਥੇਂਈ ਡੈਮ ਦੀ ਮਨਜ਼ੂਰੀ ਨਹੀਂ ਆਈ। ਮੈਂ ਇਹ ਕੇਸ ਚੰਗੀ ਤਰ੍ਹਾਂ ਸਟੱਡੀ ਕੀਤਾ ਹੈ। ਮੈਂ ਦਿੱਲੀ ਵਿਚੋਂ ਵੀ ਇਸ ਕੇਸ ਬਾਰੇ ਇਨਕੁਆਇਰੀ ਕੀਤੀ ਹੈ ਅਤੇ ਆਪਣੇ ਮਨਿਸਟਰ ਤੋਂ ਇਸ ਬਾਰੇ ਇਨਫਰਮੇਸ਼ਨ ਲਈ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਚੇਅਰਮੈਨ ਸਾਹਿਬ, ਇਹ ਬਿਲਕੁਲ ਗਲਤ ਗੱਲਾਂ ਕਰ ਰਹੇ ਹਨ; ਇਸ ਦੀ ਮਨਜ਼ੂਰੀ ਆਈ ਸੀ। 20 ਕਰੋੜ ਰੁਪਿਆ ਸਾਡੇ ਸਮੇਂ ਵਿਚ ਇਸ ਤੇ ਖਰਚ ਹੋ ਚੁੱਕਾ ਹੈ। ਸਾਡੇ ਵੇਲੇ ਇਸ ਪ੍ਰਾਜੈਕਟ ਤੇ ਬਹੁਤ ਤੇਜ਼ੀ ਨਾਲ ਕੰਮ ਹੁੰਦਾ ਰਿਹਾ ਹੈ। ਇਸ ਹਾਊਸ ਦੀ ਡਿਬੇਟ ਨੂੰ ਬਿਲਕੁਲ ਹੇਠਾਂ ਲਿਜਾਇਆ ਜਾ ਰਿਹਾ ਹੈ। ਜੋ ਕੁਝ ਕਿਸੇ ਦੇ ਦਿਲ ਵਿਚ ਆਉਂਦਾ ਹੈ ਉਹ ਇਥੇ ਕਹਿ ਦਿੰਦਾ ਹੈ। ਇਸ ਚੀਜ਼ ਨੂੰ ਚੈਕ ਕਰਨਾ ਚਾਹੀਦਾ ਹੈ।

**ਸ੍ਰੀ ਰਾਮ ਸਵਰੂਪ ਬਾਗੀ**: ਚੇਅਰਮੈਨ ਸਾਹਿਬ, ਥੀਨ ਡੈਮ ਮੇਰੀ ਕੰਸਟੀਚੁਐਂਸੀ ਵਿਚ ਹੈ।

**ਸ੍ਰੀ ਸਭਾਪਤੀ** : ਹੁਣ ਤੁਸੀਂ ਵਾਈਂਡ ਅੱਪ ਕਰੋ ਜੀ।

**ਸ੍ਰੀ ਰਾਮ ਸਵਰੂਪ ਬਾਗੀ** : ਚੇਅਰਮੈਨ ਸਾਹਿਬ, ਇਨ੍ਹਾਂ ਦਾ ਸਭ ਤੋਂ ਵੱਡਾ ਝੂਠ ਇਸ ਗੱਲ ਤੋਂ ਸਾਬਤ ਹੁੰਦਾ ਹੈ ਕਿ ਮੇਰੇ ਹਲਕੇ ਦੀਆਂ ਮਸੂਮ ਬੱਚੀਆਂ ਅਤੇ ਬੱਚਿਆਂ ਨੂੰ ਇਨ੍ਹਾਂ ਨੇ ਭਰਤੀ ਕੀਤਾ ਸੀ ਪਰ ਕਿਉਂਕਿ ਇਸ ਦੀ ਮਨਜ਼ੂਰੀ ਨਹੀਂ ਆਈ, ਇਸ ਕਾਰਣ ਉਹ ਜ਼ਬਰਨ ਕੱਢ ਦਿੱਤੇ ਗਏ ਸਨ। ਹੁਣ ਉਹ ਇਨ੍ਹਾਂ ਦੇ ਖਿਲਾਫ ਜਲੂਸ ਕੱਢ ਰਹੇ ਹਨ।

ਚੇਅਰਮੈਨ ਸਾਹਿਬ, ਇਨ੍ਹਾਂ ਨੇ ਆਪਣੇ ਵੇਲੇ ਦੀ ਡਿਵੈਲਪਮੈਂਟ ਦਾ ਜ਼ਿਕਰ ਕੀਤਾ ਸੀ। ਇਕ ਵਾਰੀ ਇਹ ਨਰੋਟ ਜੈਮਲ ਸਿੰਘ ਦੇ ਇਲਾਕੇ ਵਿਚ ਗਏ ਸਨ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਚੀਫ ਮਨਿਸਟਰ ਸਨ। ਇਨ੍ਹਾਂ ਨੇ ਬੜੇ ਜੋਸ਼ ਨਾਲ ਉਥੇ ਵੀ ਅਤੇ ਇਸ ਹਾਊਸ ਵਿਚ ਵੀ ਕਿਹਾ ਸੀ ਕਿ ਇਸ ਇਲਾਕੇ ਵੱਲ 30 ਸਾਲ ਕਾਂਗਰਸ ਨੇ ਕੋਈ ਧਿਆਨ ਨਹੀਂ ਦਿਤਾ। ਮੈਂ ਇਸ ਨੂੰ ਸਵਰਗ ਬਣਾ ਦੇਵਾਂਗਾ। 30 ਮਹੀਨਿਆਂ ਵਿਚ ਉਥੇ ਦੁਬਾਰਾ ਜਾਣਾ ਤਾਂ ਦੂਰ ਰਿਹਾ, ਇਨ੍ਹਾਂ ਦੀ ਜ਼ਬਾਨ ਤੇ ਵੀ ਉਸ ਦਾ ਜ਼ਿਕਰ ਨਹੀਂ ਆਇਆ। ਚੇਅਰਮੈਨ ਸਾਹਿਬ, ਮੇਰੀ ਕੰਸਟੀਚੁਐਂਸੀ ਵਿਚ ਧਾਰ ਬਲਾਕ ਸਭ ਤੋਂ ਜ਼ਿਆਦਾ ਪਛੜਿਆ ਹੋਇਆ ਇਲਾਕਾ ਹੈ। ਇਥੇ ਬੱਚੀਆਂ ਅਤੇ ਬੁੱਢੇ ਚਾਰ ਚਾਰ, ਪੰਜ ਪੰਜ ਮੀਲ ਤੋਂ ਪਾਣੀ ਲੈਣ ਲਈ ਜਾਂਦੇ ਹਨ। ਸਾਡੀ ਕਾਂਗਰਸ ਸਰਕਾਰ ਨੇ ਜਿਥੇ ਕੋਈ ਸੜਕ ਛੱਡੀ ਸੀ ਜਿਥੇ ਕੋਈ ਖੂਹ ਛੱਡਿਆ ਸੀ, ਇਨ੍ਹਾਂ ਦੇ 30 ਮਹੀਨਿਆਂ ਦੇ ਰਾਜ ਵਿਚ ਉਹ ਉਥੇ ਦਾ ਉਥੇ ਹੀ ਰਿਹਾ। (ਵਿਘਨ)

**ਮਾਲ ਮੰਤਰੀ** : ਚੇਅਰਮੈਨ ਸਾਹਿਬ, ਮੈਂ ਤੁਹਾਡੀ ਮਾਰਫਤ ਆਪਣੇ ਲੀਡਰ ਆਫ ਦੀ ਆਪੋਜ਼ੀਸ਼ਨ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਮੈਂਬਰਜ਼ ਬੜਾ ਇਲਥੀਹੇਵ ਕਰਦੇ ਹਨ। ਮੈਂ ਇਸ ਸਬੰਧ ਵਿੱਚ

Original with;
Punjab Vidhan Sabha
Digitized by;
Panjab Digital Library

ਬਹੁਤ ਹੀ ਮੋਤਬਾਨਾ ਅਰਜ਼ ਕਰਨੀ ਚਾਹੁੰਦਾ ਹਾਂ। ਇਸ ਹਾਊਸ ਦਾ ਕੋਈ ਮਿਆਰ ਹੈ। ਇਨ੍ਹਾਂ ਨੇ ਕਿਹਾ ਹੈ ਕਿ ਡਿਬੇਟ ਦਾ ਮਿਆਰ ਬਹੁਤ ਨੀਵਾਂ ਚਲਾ ਗਿਆ ਹੈ। ਇਥੇ ਇਨ੍ਹਾਂ ਦਾ ਇਕ ਆਨਰੇਬਲ ਮੈਂਬਰ ਬੈਂਚ ਦੇ ਉਤੇ ਖੜ੍ਹਾ ਹੋ ਗਿਆ ਇਹ ਕਿਤਨੀ ਮਾੜੀ ਗੱਲ ਹੈ। ਜਦੋਂ ਵੀ ਕੋਈ ਸਾਡੇ ਪਾਸਿਓਂ ਬੋਲਦਾ ਹੈ ਤਾਂ ਟੋਕਾ ਟਾਕੀ ਕੀਤੀ ਜਾਂਦੀ ਹੈ। ਇਸ ਚੀਜ਼ ਨੂੰ ਇਨ੍ਹਾਂ ਨੂੰ ਚੈਕ ਕਰਨਾ ਚਾਹੀਦਾ ਹੈ। ਮੈਂ ਆਪਣੀ ਪਾਰਟੀ ਵੱਲੋਂ ਪੂਰਾ ਯਕੀਨ ਦਿਵਾਉਂਦਾ ਹਾਂ। (ਵਿਘਨ) ਚੇਅਰਮੈਨ ਸਾਹਿਬ, ਵੇਖੋ ਹੁਣ ਵੀ ਇੰਟਰੱਪਸ਼ਨ ਹੋ ਰਹੀ ਹੈ। ਮੈਂ ਬਾਰ ਬਾਰ ਇਹ ਕਹਿਣਾ ਚਾਹੁੰਦਾ ਹਾਂ ਕਿ ਧਰਮ ਦੀਆਂ ਇਥੇ ਗੱਲਾਂ ਹੁੰਦੀਆਂ ਹਨ। ਹੋਰ ਵੀ ਬੜੀਆਂ ਗੱਲਾਂ ਹੁੰਦੀਆਂ ਹਨ। ਸਾਨੂੰ ਇਥੇ ਕੁਝ ਨਾ ਕੁਝ ਸਟੈਂਡਰਡ ਮੇਨਟੇਨ ਕਰਨਾ ਚਾਹੀਦਾ ਹੈ ਅਸੀਂ ਕਿਸੇ ਦੇ ਧਰਮ ਤੇ ਅਟੈਕ ਨਹੀਂ ਕਰਨਾ ਚਾਹੁੰਦੇ। ਨਾ ਸਾਡੇ ਦਿਲ ਵਿਚ ਕੋਈ ਅਜਿਹੀ ਭਾਵਨਾ ਹੈ। ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੇ ਮੈਂਬਰ ਸਾਹਿਬਾਨ ਨੂੰ ਇਹ ਸਮਝਾਉਣ। ਇਨ੍ਹਾਂ ਦੇ ਮੈਂਬਰ ਕੋਈ ਨਵੇਂ ਨਹੀਂ ਹਨ। ਬਹੁਤ ਸਾਰੇ ਮੈਂਬਰ ਇਨ੍ਹਾਂ ਦੇ ਪੁਰਾਣੇ ਪਾਰਲੀਮੈਂਟੇਰੀਅਨ ਹਨ। ਇਨ੍ਹਾਂ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਹਾਊਸ ਦੀ ਰਿਸਪੈਕਟ ਨੂੰ ਕਾਇਮ ਰਖਣਾ ਹੈ। ਇਸ ਲਈ ਇਸ ਹਾਊਸ ਦੀ ਡਿਗਨਿਟੀ ਨੂੰ ਮੈਨਟੇਨ ਕਰਨਾ ਚਾਹੀਦਾ ਹੈ। ਬਾਹਰ ਦੀ ਜਨਤਾ ਤੇ ਸਾਡਾ ਇੰਪਰੈਸ਼ਨ ਪੈਂਦਾ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਨਾ ਸਾਡੇ ਮੈਂਬਰ ਵੱਲੋਂ ਟੋਕਾ ਟਾਕੀ ਹੋਵੇ ਅਤੇ ਨਾ ਹੀ ਇਨ੍ਹਾਂ ਦੇ ਮੈਂਬਰਾਂ ਵੱਲੋਂ ਟੋਕਾ ਟਾਕੀ ਹੋਵੇ। ਬੈਂਚ ਤੇ ਖੜ੍ਹੇ ਹੋਣਾ ਜਾਂ ਬੁਰੇ ਲਫ਼ਜ਼ ਕਹਿਣਾ, ਇਹ ਬਹੁਤ ਮਾੜੀ ਗੱਲ ਹੈ। ਜੇ ਕਿਸੇ ਨੇ ਵਾਕ ਆਊਟ ਕਰਨਾ ਹੋਵੇ ਤਾਂ ਹੋਰ ਗੱਲ ਹੈ। ਖਾਹ-ਮੁਖਾਹ ਕਿੱਚੜ ਨਹੀਂ ਸੁੱਟਣਾ ਚਾਹੀਦਾ, ਮੈਂ ਇਨ੍ਹਾਂ ਨੂੰ ਫਿਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਚੰਗੀਆਂ ਰਵਾਇਤਾਂ ਨੂੰ ਮੇਨਟੇਨ ਕਰਨੀਆਂ ਚਾਹੀਦੀਆਂ ਹੈ।

---

**Mr. Chairman** : I would request Sardar Parkash Singh Badal to ensure co-operation on behalf of the Opposition.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਚੇਅਰਮੈਨ ਸਾਹਿਬ, ਅਸੀਂ ਤੁਹਾਡੇ ਹੁਕਮ ਦੇ ਪਾਬੰਦ ਹਾਂ। ਪਰ ਤੁਸੀਂ ਇਥੇ ਸਾਨੂੰ ਡੰਡਾ ਵੀ ਵਿਖਾਉਂਦੇ ਹੋ। (ਹਾਸਾ) ਚੇਅਰਮੈਨ ਸਾਹਿਬ, ਜਦੋਂ ਸਰਦਾਰ ਸੁਖਜਿੰਦਰ ਸਿੰਘ ਬੋਲ ਰਹੇ ਸਨ ਤਾਂ ਉਹ ਮਸਾਂ ਅੱਧਾ ਸਮਾਂ ਹੀ ਬੋਲ ਸਕੇ, ਅੱਧਾ ਸਮਾਂ ਇਨ੍ਹਾਂ ਸਾਹਮਣੇ ਬੈਠੇ ਮੈਂਬਰਾਂ ਨੇ ਲੈ ਲਿਆ ਸੀ। ਸਰਦਾਰ ਦਰਬਾਰਾ ਸਿੰਘ ਨੇ ਵੀ ਅਸ਼ਿਓਰ ਕਰਵਾਇਆ ਸੀ ਪਰ ਉਨ੍ਹਾਂ ਦਾ ਆਖਾ ਇਹ ਨਹੀਂ ਮੰਨੇ ਹੁਣ ਇਨ੍ਹਾਂ ਦਾ ਕਿਥੇ ਇਹ ਮੰਨਣਗੇ। ਵੈਸੇ ਇਹ ਚੰਗੀ ਰਵਾਇਤ ਹੈ। ਮੈਂ ਐਸ਼ਿਓਰ ਕਰਾਉਂਦਾ ਹਾਂ, ਪਹਿਲਾਂ ਵੀ ਅਸ਼ਿਓਰ ਕਰਵਾਇਆ ਸੀ, ਅਸੀਂ ਪੂਰੀ ਕੁਆਪਰੇਸ਼ਨ ਦਿਆਂਗੇ ਸੁਚੱਜੇ ਢੰਗ ਨਾਲ ਕਾਰਵਾਈ ਇਥੇ ਚਲਣੀ ਚਾਹੀਦੀ ਹੈ, ਮੈਂ ਆਪਣੇ ਮੈਂਬਰਾਂ ਵੱਲੋਂ ਐਸ਼ਿਓਰ ਕਰਾਉਂਦਾ ਹਾਂ ਕਿ ਅਸੀਂ ਪੂਰੀ ਕੁਆਪਰੇਸ਼ਨ ਦਿਆਂਗੇ।

**ਸ੍ਰੀ ਸਭਾਪਤੀ** : ਰਾਮ ਸਵਰੂਪ ਜੀ, ਤੁਸੀਂ ਹੁਣ ਵਾਈਂਡ ਅੱਪ ਕਰੋ।

**ਸ੍ਰੀ ਰਾਮ ਸਵਰੂਪ ਬਾਗੀ** : ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਧਾਰ ਬਲਾਕ ਵਿੱਚ ਪਿਛਲੇ 30 ਮਹੀਨਿਆਂ ਵਿੱਚ ਇਨ੍ਹਾਂ ਦੇ ਰਾਜ ਸਮੇਂ ਕੋਈ ਕੰਮ ਨਹੀਂ ਹੋਇਆ। ਜਿਥੇ ਬੱਜਰੀ ਖਿਲਰੀ ਪਈ ਸੀ, ਉਹ ਉਸੇ ਤਰ੍ਹਾਂ ਖਿਲਰੀ ਰਹੀ। ਜਿਥੇ ਕਾਂਗਰਸ ਦੀ ਸਰਕਾਰ ਸੜਕ ਬਣਦੀ ਛੋੜ ਗਈ ਸੀ ਉਸੇ ਤਰ੍ਹਾਂ ਹੀ ਉਹ ਪਈ ਰਹੀ। ਮੈਂ ਆਪਣੇ ਲੀਡਰ ਸਰਦਾਰ ਦਰਬਾਰਾ ਸਿੰਘ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਪੱਛੜੇ ਇਲਾਕੇ, ਪੱਛੜੇ ਲੋਕਾਂ, ਹਰੀਜਨਾਂ ਅਤੇ ਕਾਮਿਆਂ ਦੀ ਬੇਹਤਰੀ ਵਾਸਤੇ ਐਲਾਨ ਕੀਤਾ ਹੈ। ਜਿਹੜਾ ਉਨ੍ਹਾਂ ਨੇ ਖਾਸ ਤੌਰ ਤੇ ਲਾਅ ਐਂਡ ਆਰਡਰ ਨੂੰ ਮਹਿਫੂਜ਼

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਸਵਰੂਪ ਬਾਗੀ]

ਰੱਖਣ ਵਾਸਤੇ ਗੁੰਡਿਆਂ ਉਤੇ ਹੱਥ ਪਾਇਆ ਹੈ ਜਿਸਦਾ ਕਸ਼ਟ ਮੇਰੇ ਆਪੋਜ਼ੀਸ਼ਨ ਦੇ ਬਈ ਨੇਤਾਵਾਂ ਨੂੰ ਪਹੁੰਚਿਆ ਹੈ, ਇਹ ਬਹੁਤ ਸ਼ਲਾਘਾਯੋਗ ਹੈ। ਮੈਂ ਚੇਅਰਮੈਨ ਸਾਹਿਬ, ਹੋਰ ਕੁਝ ਨਹੀਂ ਕਹਿਣਾ ਚਾਹੁੰਦਾ, ਜਿਹੜੇ ਮੈਂ ਫੈਕਟਸ ਦਿੱਤੇ ਹਨ, ਇਸਦੀ ਬਕਾਇਦਾ ਇਨਕੁਆਇਰੀ ਕੀਤੀ ਜਾਵੇ। ਅਗਰ ਇਹ ਗੱਲਾਂ ਸੱਚੀਆਂ ਹੋਣ ਤਾਂ ਇਨ੍ਹਾਂ ਤੇ ਐਕਸ਼ਨ ਲਿਆ ਜਾਵੇ ਔਰ ਜੇ ਇਹ ਗੱਲਾਂ ਗਲਤ ਸਾਬਤ ਹੋਈਆਂ ਤਾਂ ਮੇਰੇ ਤੇ ਐਕਸ਼ਨ ਲਿਆ ਜਾਵੇ, ਮੈਂ ਰਿਜ਼ਾਇਨ ਕਰਨ ਨੂੰ ਵੀ ਤਿਆਰ ਹਾਂ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਚੇਅਰਮੈਨ ਸਾਹਿਬ, ਇਨ੍ਹਾਂ ਨੇ ਜੋ ਸਾਰੀਆਂ ਗੱਲਾਂ ਕਹੀਆਂ ਹਨ ਉਨ੍ਹਾਂ ਵਿਚੋਂ 90 ਪ੍ਰਤੀਸ਼ਤ ਗਲਤ ਹਨ। ਇਨ੍ਹਾਂ ਨੇ ਇਕ ਹਲਕੇ ਦਾ ਨਾਂ ਲਿਆ ਹੈ। ਇਹ ਕਹਿੰਦੇ ਹਨ ਕਿ ਉਥੇ ਕੁੱਝ ਨਹੀਂ ਹੋਇਆ। ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਉਹ ਪਹਿਲਾਂ ਹਲਕਾ ਹੈ ਜਿਥੇ ਬਲਾਕ ਅਸੀਂ ਬਣਾਇਆ ਅਤੇ ਪਹਿਲੀ ਸਬ-ਤਹਿਸੀਲ ਵੀ ਅਸੀਂ ਉਸ ਇਲਾਕੇ ਵਿਚ ਹੀ ਬਣਾਈ ਸੀ। ਸਪੀਕਰ ਸਾਹਿਬ, ਇਸ ਵੇਲੇ ਇਥੇ ਬੈਠੇ ਨਹੀਂ ਹਨ। ਮੈਂ ਤੁਹਾਡੇ ਰਾਹੀਂ ਇਕ ਸੁਝਾਉ ਦਿਆਂਗਾ ਕਿ ਇਕ ਦੋ ਘੰਟੇ ਦੀ ਡਿਬੇਟ ਇਥੇ ਕਰ ਲਈ ਜਾਵੇ। ਇਹ ਰੋਜ਼ ਕਹਿੰਦੇ ਹਨ ਕਿ ਅਸੀਂ ਕੁਝ ਨਹੀਂ ਕੀਤਾ ਅਤੇ ਅਸੀਂ ਕਹਿੰਦੇ ਹਾਂ ਕਿ ਇਨ੍ਹਾਂ ਨੇ ਕੁਝ ਨਹੀਂ ਕੀਤਾ। ਕਿਸੇ ਦਿਨ ਦੋ ਘੰਟਿਆਂ ਦੀ ਡਿਬੇਟ ਰੱਖ ਲੈਣ। ਇਕ ਘੰਟੇ ਦਾ ਸਮਾਂ ਦੇ ਦੇਣ ਮੈਨੂੰ ਅਤੇ ਇੱਕ ਘੰਟੇ ਦਾ ਸਮਾਂ ਇਹ ਲੈ ਲੈਣ। ਮੈਂ ਦੱਸਾਂਗਾ ਕਿ ਅਸੀਂ 3 ਸਾਲਾਂ ਦੇ ਰਾਜ ਵਿਚ ਕੀ ਕੀਤਾ ਅਤੇ ਇਹ ਦੱਸ ਦੇਣਗੇ ਕਿ ਇਨ੍ਹਾਂ ਨੇ 30 ਸਾਲ ਦੇ ਰਾਜ ਵਿਚ ਕੀ ਕੀਤਾ ਕੀਤਾ। ਫਿਰ ਪਤਾ ਲਗ ਜਾਵੇਗਾ ਕਿ ਸਾਡਾ ਪਲੜਾ ਭਾਰੀ ਹੈ ਜਾਂ ਇਨ੍ਹਾਂ ਦਾ। (ਆਪੋਜ਼ੀਸ਼ਨ ਵੱਲੋਂ ਤਾੜੀਆਂ)

**Mr. Chairman :** Badal Ji, the people will judge who has done something for the State.

**Sardar Dalip Singh Pandhi :** On a Point of Order, Sir.

**ਸ੍ਰੀ ਪਿਆਰਾ ਰਾਮ ਧੰਨੋਵਾਲੀਆ :** ਚੇਅਰਮੈਨ ਸਾਹਿਬ, ਹੁਣ ਸਾਨੂੰ ਵਕਤ ਮਿਲਣਾ ਚਾਹੀਦਾ ਹੈ ਇਨ੍ਹਾਂ ਨੇ ਪਹਿਲਾਂ ਹੀ ਕਾਫੀ ਵਕਤ ਲੈ ਲਿਆ ਹੈ।

**ਸ੍ਰੀ ਸਭਾਪਤੀ :** ਪਹਿਲਾਂ ਮਿਸਟਰ ਪਾਂਧੀ ਨੂੰ ਬੋਲ ਲੈਣ ਦਿਓ।

**ਸਰਦਾਰ ਦਲੀਪ ਸਿੰਘ ਪਾਂਧੀ :** ਚੇਅਰਮੈਨ ਸਾਹਿਬ, ਮੈਂ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਰਿਕੁਐਸਟ ਕਰਾਂਗਾ....।

**ਸ੍ਰੀ ਸਭਾਪਤੀ :** ਪਾਂਧੀ ਸਾਹਿਬ, ਤੁਹਾਡਾ ਪੁਆਇੰਟ ਆਫ ਆਰਡਰ ਕੀ ਹੈ ?

**ਸਰਦਾਰ ਜਸਮਤ ਸਿੰਘ ਢਿੱਲੋਂ :** ਚੇਅਰਮੈਨ ਸਾਹਿਬ ਮੈਂ ਇੰਡੀਪੈਂਡੈਂਟ ਮੈਂਬਰ ਹਾਂ ਮੈਨੂੰ ਟਾਈਮ ਪਹਿਲਾਂ ਮਿਲਣਾ ਚਾਹੀਦਾ ਹੈ।

**ਸ੍ਰੀ ਸਭਾਪਤੀ :** ਢਿੱਲੋਂ ਜੀ, ਤੁਸੀਂ ਪੰਜ ਮਿੰਟਾਂ ਲਈ ਬੋਲ ਲਓ।

**ਸਰਦਾਰ ਜਸਮਤ ਸਿੰਘ ਢਿੱਲੋਂ :** ਪੰਜ ਮਿੰਟ ਤਾਂ ਬਹੁਤ ਥੋੜ੍ਹੇ ਹਨ ਜੀ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ :** ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ, ਚੇਅਰਮੈਨ ਸਾਹਿਬ, ਇਹ ਹੈ ਕਿ ਤੁਹਾਡੇ ਤੋਂ ਪਹਿਲਾਂ ਸ੍ਰੀ ਯਸ਼ ਜੀ, ਮੈਂਬਰ, ਪੈਨਲ ਆਫ ਚੇਅਰਮੈਨ ਕੁਰਸੀ ਤੇ ਬੈਠੇ ਸਨ। ਉਨ੍ਹਾਂ ਨੇ ਸਾਰੀਆਂ ਪਾਰਟੀਆਂ ਨੂੰ ਜਿਤਨਾ ਜਿਤਨਾ ਟਾਈਮ ਅਲਾਟ ਹੋਇਆ ਸੀ

Original with;
Punjab Vidhan Sabha
Digitized by;
Panjab Digital Library

ਉਹ ਪੁੱਸਿਆ ਸੀ ਅਤੇ ਇਹ ਵੀ ਦੱਸਿਆ ਸੀ ਕਿ ਕਿਤਨਾ ਕਿਤਨਾ ਟਾਈਮ ਸਾਰੀਆਂ ਪਾਰਟੀਆਂ ਲੈ ਚੁੱਕੀਆਂ ਹਨ। ਸਾਰੀਆਂ ਪਾਰਟੀਆਂ ਆਪਣੇ ਅਲਾਟ ਕੀਤੇ ਸਮੇਂ ਤੋਂ ਵਧ ਸਮਾਂ ਲੈ ਚੁੱਕੀਆਂ ਹਨ। ਸਾਡੇ ਬਹੁਤ ਸਾਰੇ ਮੈਂਬਰਾਂ ਨੇ ਅਜੇ ਬੋਲਣਾ ਹੈ। ਕਈ ਨਵੇਂ ਮੈਂਬਰ ਆਏ ਹਨ। ਉਹ ਵੀ ਬੋਲਣਾ ਚਾਹੁੰਦੇ ਹਨ। ਬਰਾਏ-ਮੇਹਰਬਾਨੀ ਪਹਿਲਾਂ ਸਾਨੂੰ ਟਾਈਮ ਦਿਓ ਜੀ।

**Mr. Chairman :** Dhanowalia Ji, you will have time tomorrow. Now I request Sardar Jasmat Singh to speak for five minutes. He is an independent Member and is entitled to have time.

**ਸਰਦਾਰ ਜ਼ਸਮਤ ਸਿੰਘ ਢਿੱਲੋਂ** (ਫਰੀਦਕੋਟ) : ਚੇਅਰਮੈਨ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੇਸ ਤੇ ਪਹਿਲੀ ਵਾਰੀ ਆਨਰੇਬਲ ਮੈਂਬਰ ਸਾਹਿਬਾਨ ਨੂੰ ਸੰਬੋਧਨ ਕਰ ਰਿਹਾਂ ਹਾਂ। ਮੈਂ ਐਡਰੇਸ ਬੜੇ ਧਿਆਨ ਨਾਲ ਪੜ੍ਹਿਆ ਹੈ। ਪਹਿਲੇ ਪਹਿਰੇ ਵਿਚ ਤਾਂ ਮੈਂਬਰਾਂ ਨੂੰ ਜੀ ਆਇਆਂ ਆਖਿਆ ਗਿਆ ਹੈ ਅਤੇ ਦੂਸਰੇ ਪੈਰੇ ਬਾਰੇ ਜੋ ਸਰਦਾਰ ਸੁਖਜਿੰਦਰ ਸਿੰਘ ਜੀ ਨੇ ਦੱਸਿਆ ਹੈ ਉਸ ਨਾਲ ਮੈਂ ਸਹਿਮਤ ਹਾਂ। ਕਿੰਨਾ ਚੰਗਾ ਹੁੰਦਾ ਜੇ ਗਵਰਨਰ ਸਾਹਿਬ ਪਿਛਲੇ ਤਿੰਨ ਸਾਲਾਂ ਦਾ ਜ਼ਿਕਰ ਨਾ ਕਰਦੇ। ਉਨ੍ਹਾਂ ਨੇ ਮਗਰਲੀਆਂ ਗੌਰਮਿੰਟਾਂ ਦਾ ਐਡਰੇਸ ਵਿਚ ਜ਼ਿਕਰ ਕੀਤਾ ਹੈ। ਮੈਂ ਚੇਅਰਮੈਨ ਸਾਹਿਬ, ਕਿਸੇ ਪਾਰਟੀ ਵਲੋਂ ਨਹੀਂ ਆਇਆ। ਮੈਂ ਬਿਲਕੁਲ ਠੀਕ ਗੱਲਾਂ ਜੋ ਪੰਜਾਬ ਵਿਚ ਵਾਪਰ ਰਹੀਆਂ ਹਨ ਉਨ੍ਹਾਂ ਬਾਰੇ ਬੇਨਤੀਆਂ ਕਰਨੀਆਂ ਚਾਹੁੰਦਾ ਹਾਂ। ਚੌਥੇ ਪੈਰੇ ਵਿਚ ਚੇਅਰਮੈਨ ਸਾਹਿਬ, ਗਵਰਨਰ ਸਾਹਿਬ, ਨੇ ਕਿਹਾ ਹੈ ਕਿ 'ਪੰਜਾਬ ਰਿਸ਼ੀਆਂ ਮੁਨੀਆਂ ਦੀ ਧਰਤੀ ਹੈ'। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੀ ਧਰਤੀ ਨੂੰ ਗੁਰੂ ਸਾਹਿਬਾਨ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ ਅਤੇ ਸੂਫ਼ੀ ਫਕੀਰ ਬਾਬਾ ਫਰੀਦ ਜੀ ਇਥੇ ਆਏ ਜਿਨ੍ਹਾਂ ਦੇ ਨਾਮ ਤੇ ਫਰੀਦਕੋਟ ਦਾ ਨਾਮ ਰਖਿਆ ਗਿਆ। ਕਿਤਨਾ ਚੰਗਾ ਹੁੰਦਾ ਜੇਕਰ ਗੁਰੂ ਸਾਹਿਬਾਨ ਦਾ ਔਰ ਸੂਫੀ ਫਕੀਰਾਂ ਦਾ ਨਾਮ ਵੀ ਇਸ ਵਿਚ ਦਰਜ ਕੀਤਾ ਜਾਂਦਾ। ਮੈਂ ਬੇਨਤੀ ਕਰਾਂਗਾ ਕੀ ਸਰਕਾਰ ਨੂੰ ਇਸ ਵਿਚ ਗੁਰੂ ਸਾਹਿਬਾਨ ਦਾ ਤੇ ਸੂਫੀ ਫਕੀਰਾਂ ਦਾ ਨਾਮ ਵੀ ਦਰਜ ਕਰਨਾ ਚਾਹੀਦਾ ਹੈ ਤਾਕਿ ਧਰਮ ਨਿਰਪੱਖਤਾ ਦੀ ਰਵਾਇਤ ਨੂੰ ਕਾਇਮ ਰਖਿਆ ਜਾ ਸਕੇ।

ਇਸ ਤੋਂ ਬਾਅਦ, ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਦਾ ਸਪੈਸ਼ਲ ਸਟੇਟੱਸ ਹੈ। ਜਿਓਗਰਫੀਕਲ ਸਾਈਡ ਤੋ ਪੰਜਾਬ ਇੰਟਰਨੈਸ਼ਨਲ ਬਾਰਡਰ ਤੇ ਵਾਕਿਆ ਹੈ। ਪੰਜਾਬ ਦੇ ਚਾਰ ਵੱਡੇ ਜ਼ਿਲ੍ਹਿਆਂ ਨੂੰ ਮਾਣ ਪ੍ਰਾਪਤ ਹੈ ਕਿ ਉਨ੍ਹਾਂ ਜ਼ਿਲ੍ਹਿਆਂ ਵਿਚੋਂ ਸਭ ਤੋਂ ਵੱਧ ਕਣਕ ਸਾਰੇ ਹਿੰਦੁਸਤਾਨ ਵਿਚ ਜਾਂਦੀ ਹੈ। ਪਰ ਉਨ੍ਹਾਂ ਵਾਸਤੇ ਸਭ ਤੋਂ ਜ਼ਿਆਦਾ ਸਮੱਸਿਆ ਪੀਣ ਦੇ ਪਾਣੀ ਦੀ ਹੈ। ਉਹ ਚਾਰ ਜ਼ਿਲ੍ਹੇ ਹਨ ਫਿਰੋਜ਼ਪੁਰ, ਫਰੀਦਕੋਟ, ਬਠਿੰਡਾ ਤੇ ਸੰਗਰੂਰ। ਮਗਰਲੇ 25/30 ਸਾਲ ਤੋਂ ਜਦੋਂ ਮੈਂ ਕਾਲਜ ਵਿਚ ਪੜ੍ਹਦਾ ਹੁੰਦਾ ਸੀ, ਓਦੋਂ ਤੋਂ ਹੀ ਅਸੀਂ ਸੁਣਦੇ ਆ ਰਹੇ ਹਾਂ ਕਿ ਪੀਣ ਵਾਲੇ ਪਾਣੀ ਦਾ ਪ੍ਰਬੰਧ ਹੋ ਰਿਹਾ ਹੈ। ਜਦੋਂ ਮੈਂ ਲਾਅ-ਕਾਲਜ ਦਾ ਸਟੂਡੈਂਟਸ ਸੀ, ਡਾਕਟਰ ਗੋਪੀ ਚੰਦ ਭਾਰਗਵ ਉਸ ਵੀ ਹੈਲਥ ਮਨਿਸਟਰ ਸਨ, ਉਨ੍ਹਾਂ ਨੇ ਸਦਨ ਨੂੰ ਭਰੋਸਾ ਦਿਵਾਇਆ ਸੀ ਕਿ ਪੀਣ ਵਾਲੇ ਪਾਣੀ ਦਾ ਜਲਦੀ ਹੀ ਪ੍ਰਬੰਧ ਕੀਤਾ ਜਾਵੇਗਾ। ਇਹ ਗੱਲ ਅਸੀਂ ਉਸ ਵੇਲੇ ਸੁਣਦੇ ਹੁੰਦੇ ਸੀ। ਮੈਨੂੰ ਇਹ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਜੇ ਤਕ ਵੀ ਇਹ ਪ੍ਰਬੰਧ ਨਹੀਂ ਹੋਇਆ। ਹਾਂ, ਸੰਨ 1970 ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਗੌਰਮਿੰਟ ਵੇਲੇ ਫਰੀਦਕੋਟ ਵਿਚ ਵਾਟਰ ਸਪਲਾਈ ਸਕੀਮ ਬਣਾਈ ਗਈ ਸੀ ਅਤੇ ਥੋੜਾ ਬਹੁਤ ਉਸ ਸਕੀਮ ਤੇ ਅਮਲ ਹੋਇਆ ਸੀ। ਮੈਂ ਬੇਨਤੀ ਕਰਾਂਗਾ ਕਿ ਫਰੀਦਕੋਟ, ਫਿਰੋਜ਼ਪੁਰ, ਬਠਿੰਡਾ ਤੇ ਸੰਗਰੂਰ ਦੇ ਸਾਰੇ ਇਲਾਕੇ ਦਾ ਪਾਣੀ ਜ਼ਹਿਰ ਵਰਗਾ ਕੌੜਾ ਹੈ। ਇਸ ਦਾ ਅਸਰ ਸਾਡੀਆਂ ਕੀਮਤੀ ਜਵਾਨੀਆਂ ਤੇ ਪੈਂਦਾ ਹੈ ਔਰ ਬੁਢਾਪਾ ਰੋਗਾਂ ਦੀ ਹਾਲਤ ਵਿਚ ਨਿਕਲਦਾ ਹੈ। ਇਸ ਲਈ ਸਰਕਾਰ ਨੂੰ ਜਲਦੀ ਪੀਣ ਵਾਲੇ ਪਾਣੀ ਲਈ ਉਪਰਾਲਾ ਕਰਨਾ ਚਾਹੀਦਾ ਹੈ। ਮੈਂ ਪਹਿਲੀ ਵਾਰੀ ਸਦਨ ਦਾ ਮੈਂਬਰ ਬਣਿਆ ਹਾਂ। ਚੇਅਰਮੈਨ ਸਾਹਿਬ, ਦੋ ਚਾਰ ਦਿਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਮਤ ਸਿੰਘ ਢਿੱਲੋਂ]

ਤੋਂ ਜੋ ਗੱਲਾਂ ਮੈਂ ਸੁਣ ਰਿਹਾ ਹਾਂ ਸਾਰੀਆਂ ਇਸ ਗਲ ਦੀ ਹੀ ਬਹਿਸ ਹੈ ਕਿ ਪਹਿਲਾਂ ਕਿਸ ਪਾਰਟੀ ਨੇ ਕੀ ਕੰਮ ਕੀਤਾ ਹੈ। ਜੋ ਕੰਮ ਹੋਏ ਹਨ, ਉਨ੍ਹਾਂ ਨਾਲ ਮੈਂ ਸਮਝਦਾ ਹਾਂ ਕਿ ਕੁਰੱਪਸ਼ਨ ਵਧੀ ਹੈ, ਹਰ ਰਾਜ ਵਿਚ ਜ਼ਿੰਦਗੀ ਦੀਆਂ ਜ਼ਰੂਰੀ ਚੀਜ਼ਾਂ ਦੀ ਥੁੜ੍ਹ ਵਧੀ ਹੈ, ਮਹਿੰਗਾਈ ਵਧੀ ਹੈ, ਮਿਲਾਵਟ ਵਧੀ ਹੈ। ਮੈਂ ਇਸ ਦੀ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ ਕਿ ਕਿਸ ਨੇ ਕੀ ਕੁਝ ਕੀਤਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਪਿਛਲੀ ਗੌਰਮਿੰਟ ਨਹੀਂ ਕਰ ਸਕੀ ਇਸ ਗੌਰਮਿੰਟ ਨੂੰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਅਪੋਜ਼ੀਸ਼ਨ ਵਿਚ ਬੈਠੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਜੋ ਉਹ ਕੰਮ ਨਹੀਂ ਕਰ ਸਕੇ ਉਹ ਗੌਰਮਿੰਟ ਨੂੰ ਮਿਲਵਰਤਨ ਦੇਣ ਤਾਂ ਜੋ ਪੰਜਾਬ ਦੇ ਲੋਕਾਂ ਦੀ ਅਸੀਂ ਸੇਵਾ ਕਰ ਸਕੀਏ। ਇਸ ਬਾਰੇ ਮੈਂ ਬੇਨਤੀ ਕਰਾਂਗਾ ਕਿ ਮੇਰੇ ਤੋਂ ਪਹਿਲਾਂ ਸਰਦਾਰ ਸੁਖਜਿੰਦਰ ਸਿੰਘ ਜੀ ਬੋਲੇ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਐਗਰੀਕਚਰਲ ਦਾ ਸੂਬਾ ਹੈ। ਇਸ ਵਿਚ ਦੋ ਰਾਵਾਂ ਨਹੀਂ ਹਨ। ਪਰ ਅਸੀਂ ਇਕ ਸੈਚੂਰੇਟਿਡ ਪੁਆਇੰਟ ਤੇ ਪੁਜ ਗਏ ਹਾਂ। ਐਗਰੀਕਲਚਰ ਕੋਈ ਇੰਡਸਟਰੀ ਵਰਗੀ ਨਹੀਂ ਹੈ ਕਿ ਦੋ ਗੁਣਾ ਜਾ ਚਾਰ ਗੁਣਾ ਪ੍ਰੋਡਕਸ਼ਨ ਯਕਲਖਤ ਹੋ ਜਾਵੇ, ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਐਗਰੋ-ਬੇਸਡ ਇੰਡਸਟਰੀਜ਼ ਲਗਾਈਆਂ ਜਾਣ। ਇਸ ਨਾਲ ਪਿੰਡਾਂ ਵਿਚ ਜੋ ਐਮ.ਏ. ਜਾਂ ਬੀ.ਏ., ਪਾਸ ਪੜ੍ਹੇ ਲਿਖੇ ਨੌਜਵਾਨ ਹਨ, ਉਨ੍ਹਾਂ ਨੂੰ ਵੀ ਇੰਪਲਾਏਮੈਂਟ ਮਿਲ ਸਕੇਗੀ। ਜਿਹੜੇ ਕਿ ਚਪੜਾਸੀਆਂ ਦੀਆਂ ਨੌਕਰੀਆਂ ਲਈ ਅਰਜ਼ੀਆਂ ਦਿੰਦੇ ਫਿਰਦੇ ਹਨ ਉਨ੍ਹਾਂ ਨੂੰ ਕੰਮ ਮਿਲ ਸਕੇਗਾ।

ਇਸ ਤੋਂ ਅੱਗੇ ਚੇਅਰਮੈਨ ਸਾਹਿਬ, ਇਹ ਬੇਨਤੀ ਕਰਾਂਗਾ ਕਿ ਜੋ ਸੈਂਟਰ ਸਟੇਟਸ ਰਿਲੇਸ਼ਨ ਹਨ ਉਹ ਵੀ ਠੀਕ ਹੋਣੇ ਚਾਹੀਦੇ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸਾਡੀਆਂ ਜੋ ਸਟੇਟਾਂ ਹਨ, ਉਹ ਸੈਂਟਰ ਨੇ ਮਿਊਂਨਿਸਪੈਲਟੀਆਂ ਦੇ ਬਰਾਬਰ ਬਣਾ ਦਿਤੀਆਂ ਹੋਣ ਅਤੇ ਉਨ੍ਹਾਂ ਨੂੰ ਹਰ ਨਿਕੇ ਨਿਕੇ ਕੰਮਾਂ ਵਾਸਤੇ, ਨਿੱਕੀ ਨਿੱਕੀ ਗੱਲ ਵਾਸਤੇ ਸੈਂਟਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਮੇਰੇ ਸਾਹਮਣੇ ਕਈ ਗੱਲਾਂ ਆਈਆਂ ਹਨ ਜੋ ਕਿ ਮੈਂ ਕਹਿਣੋਂ ਨਹੀਂ ਰਹਿ ਸਕਦਾ। ਪਿਛਲੀ ਅਕਾਲੀ ਗੌਰਮਿੰਟ ਵੇਲੇ ਕਿਹਾ ਗਿਆ ਸੀ ਕਿ ਮੋਰ ਪਾਵਰਜ਼ ਟੂ ਦੀ ਸਟੇਟਸ ਤੇ ਇਕ ਕਾਨਫਰੰਸ ਹੋਵੇਗੀ ਔਰ ਉਸ ਨੂੰ ਪੰਜਾਬ ਗੌਰਮਿੰਟ ਹੋਸਟ ਕਰੇਗੀ। ਥੋੜ੍ਹੇ ਦਿਨਾਂ ਬਾਅਦ ਉਸ ਸਮੇਂ ਦੀ ਦਿਲੀ ਸਰਕਾਰ ਨੇ ਜਿਸ ਵਿਚ ਅਕਾਲੀ ਪਾਰਟੀ ਵੀ ਹਿੱਸੇਦਾਰ ਸੀ, ਦੇ ਇਸ਼ਾਰੇ ਤੇ ਇਨ੍ਹਾਂ ਨੇ ਪੰਜਾਬ ਸਰਕਾਰ ਨੂੰ ਇਹ ਰੋਕਣ ਲਈ ਕਿਹਾ ਫਿਰ ਫਾਇਨੈਂਸ ਮਨਿਸਟਰ ਨੇ ਕਿਹਾ ਕਿ ਨਹੀਂ ਇਹ ਤਾਂ ਮੋਰ ਫਾਇਨਾਂਸ਼ੀਅਲ ਪਾਵਰ ਦੀ ਕਾਨਫਰੰਸ ਕੀਤੀ ਜਾਵੇਗੀ। ਪਰ ਉਹ ਵੀ ਨਹੀਂ ਕੀਤੀ ਗਈ। ਮੇਰੇ ਤੋਂ ਪਹਿਲਾਂ ਜੋ ਜੌਸੋਵਾਲ ਜੀ ਨੇ ਕਿਹਾ ਉਹ ਵੀ ਠੀਕ ਸੀ। ਜਦੋਂ ਪਾਰਟੀਆਂ ਸਰਕਾਰਾਂ ਚਲਾਉਂਦੀਆਂ ਹਨ ਤਾਂ ਉਨ੍ਹਾਂ ਦੀਆਂ ਹੋਰ ਵਿਚਾਰਾਂ ਹੁੰਦੀਆਂ ਹਨ, ਉਨ੍ਹਾਂ ਦਾ ਵੋਟਾਂ ਲੈਣ ਵੇਲੇ ਹੋਰ ਮੈਨੀਫੈਸਟੋ ਹੁੰਦਾ ਹੈ। ਵੱਡੀਆਂ ਵੱਡੀਆਂ ਗੱਲਾਂ ਮੈਨੀਫੈਸਟੋ ਵਿਚ ਲਿਖ ਦਿਤੀਆਂ ਜਾਂਦੀਆਂ ਹਨ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜੋ ਕੁਝ ਐਡਰੈਸ ਵਿਚ ਲਿਖਿਆ ਹੈ ਉਸ ਨੂੰ ਇੰਪਲੀਮੈਂਟ ਕਰਨ ਤੇ ਜ਼ੋਰ ਦਿੱਤਾ ਜਾਵੇ। ਸਕੀਮਾਂ ਕਹਿਣ ਨੂੰ ਸਭ ਅੱਛੀਆਂ ਹੁੰਦੀਆਂ ਹਨ ਪਰ ਉਨ੍ਹਾਂ ਨੂੰ ਇੰਪਲੀਮੈਂਟ ਕਰਨ ਲਈ ਨੇਕ ਨੀਤੀ ਦੀ ਲੋੜ ਹੁੰਦੀ ਹੈ, ਜੇ ਕਰ ਇਸ ਤਰ੍ਹਾਂ ਕੰਮ ਕੀਤਾ ਜਾਵੇ ਤਾਂ ਨਤੀਜੇ ਠੀਕ ਨਿਕਲਦੇ ਹਨ।........

**Mr. Chairman** Please wind up.

**ਸਰਦਾਰ ਜਸਮਤ ਸਿੰਘ ਢਿੱਲੋਂ** : ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਸੂਬੇ ਨੂੰ ਸਪੈਸ਼ਲ ਸਟੇਟੱਸ ਮਿਲਣਾ ਚਾਹੀਦਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਓਹ ਸੈਂਟਰ ਦੀ ਸਰਕਾਰ ਨਾਲ ਜੋ ਇਸ ਤਰ੍ਹਾਂ ਦੇ ਮਸਲੇ ਹਨ ਉਹ ਟੇਕ ਅੱਪ ਕਰੇ ਅਤੇ ਇਸ ਨੂੰ ਕਹੇ ਕਿ ਸਾਨੂੰ, ਜੋ ਸਾਡਾ ਤਿੰਨ ਪਿਛਲੀਆਂ ਲੜਾਈਆਂ ਵਿਚ ਬਹੁਤ ਨੁਕਸਾਨ ਹੋਇਆ ਹੈ ਜੋ ਕਿਸਾਨਾਂ

Original with;
Punjab Vidhan Sabha
Digitized by:
Panjab Digital Library

ਦਾ ਪਾਕਿਸਤਾਨ ਦੀਆਂ ਲੜਾਈਆਂ ਵਿਚ ਨੁਕਸਾਨ ਹੋਇਆ ਹੈ, ਉਸ ਦੇ ਵਾਸਤੇ ਸਾਡੇ ਸੂਬੇ ਨੂੰ ਸਪੈਸ਼ਲ ਸਟੇਟੱਸ ਦਿੱਤਾ ਜਾਵੇ, ਪੰਜਾਬ ਨੂੰ ਬੈਕਵਰਡ ਸਟੇਟ ਡਿਕਲੇਅਰ ਕੀਤਾ ਜਾਵੇ ਤਾਂ ਜੋ ਐਗਰੀ ਕਲਚਰ ਵਿਚ, ਇੰਡਸਟਰੀ ਵਿਚ ਰਿਆਇਤਾਂ ਮਿਲ ਜਾਣ।

**Mr. Chairman** : Please wind up.

**ਸਰਦਾਰ ਜਸਮਤ ਸਿੰਘ ਢਿੱਲੋਂ** : ਮੈਂ ਇਕ ਮਿੰਟ ਹੀ ਲਵਾਂਗਾ ਜੀ। ਚੇਅਰਮੈਨ ਸਾਹਿਬ, ਪਹਿਲਾਂ ਸਰਦਾਰ ਗੁਰਨਾਮ ਸਿੰਘ ਜੀ ਦੀ ਸਰਕਾਰ ਆਈ, ਜਿਸ ਨੇ ਪਹਿਲੀ ਵਾਰ ਸੈਂਟਰ ਨਾਲ ਕੇਸ ਟੇਕ ਅੱਪ ਕੀਤਾ ਅਤੇ ਇਹ ਸਹੂਲਤ ਲਈ ਕਿ ਜੋ ਪੰਜਾਬੀ ਬਾਹਰਲੇ ਦੇਸ਼ਾਂ ਵਿਚ ਵਸਦੇ ਹਨ, ਉਹ ਗਿਫਟ ਦੇ ਤੌਰ ਤੇ ਟਰੈਕਟਰ, ਕੰਬਾਈਨਾਂ ਔਰ ਹੋਰ ਐਗਰੀਕਲਚਰਲ ਇੰਪਲੀਮੈਂਟਸ ਇਧਰ ਆਪਣੇ ਰਿਸ਼ਤੇਦਾਰਾਂ ਨੂੰ ਭੇਜ ਸਕਦੇ ਹਨ। ਉਸ ਤੇ ਤੁਸੀਂ ਜਾਣਦੇ ਹੋ ਕਿ ਕਿਤਨੇ ਟਰੈਕਟਰ ਇਧਰ ਰਿਸ਼ਤੇਦਾਰਾਂ ਨੂੰ ਭੇਜੇ ਗਏ। ਉਸ ਨਾਲ ਪੰਜਾਬ ਦੀ ਐਗਰੀਕਲਚਰਲ ਬੂਸਟ ਹੋਈ। ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ ਸਾਲ ਵਿਚ ਜ਼ੋਰ ਲਗਾਉਣ ਦੇ ਬਾਵਜੂਦ ਵੀ ਸੈਂਟਰ ਨੇ ਇਹ ਸਹੂਲਤ ਨਾ ਦਿਤੀ। ਮੈਂ ਬੇਨਤੀ ਕਰਦਾ ਹਾਂ ਕਿ ਜੋ ਪੰਜਾਬੀਆਂ ਦੀ ਫਾਰਨ ਐਕਸਚੇਂਜ ਇਧਰ ਆਉਂਦੀ ਹੈ, ਉਸ ਵਿਚੋਂ ਪੰਜਾਬ ਨੂੰ ਜ਼ਰੂਰ ਹਿੱਸਾ ਮਿਲਣਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੀ ਫਾਰਨ ਐਕਸਚੇਂਜ ਦੇ ਰਾਹੀਂ ਪੰਜਾਬ ਵਾਸਤੇ ਬਾਹਰੋਂ ਮਸ਼ੀਨਰੀ ਆਦਿ ਮੰਗਵਾ ਸਕੀਏ। ਇਸ ਲਈ ਮੈਂ ਅੰਤ ਵਿਚ ਮੈਂ ਪੁਰਜ਼ੋਰ ਮੰਗ ਕਰਦਾ ਹਾਂ ਕਿ ਪੰਜਾਬ ਅਤੇ ਦੇਸ਼ ਦੇ ਦੂਜੇ ਸੂਬਿਆਂ ਦੇ ਸੈਂਟਰ ਸਟੇਟਸ ਰਿਲੇਸ਼ਨਜ਼ ਬਾਰੇ ਸਮੁੱਚੇ ਤੌਰ ਤੇ ਇਕ ਰੈਜ਼ੋਲਿਊਸ਼ਨ ਪਾਸ ਕਰਨਾ ਚਾਹੀਦਾ ਹੈ ਤਾਂ ਜੋ ਸੂਬਿਆਂ ਦੀ ਤਰੱਕੀ ਹੋ ਸਕੇ।

ਚੇਅਰਮੈਨ ਸਾਹਿਬ, ਇਕ ਬੇਨਤੀ ਮੈਂ ਹੋਰ ਕਰਨੀ ਚਾਹੁੰਦਾ ਹਾਂ, ਇਥੇ ਸਾਰੀਆਂ ਗੱਲਾਂ ਹੋਈਆਂ, ਮਹਿੰਗਾਈ ਦਾ ਜ਼ਿਕਰ ਬਾਰ ਬਾਰ ਆਉਂਦਾ ਰਿਹਾ ਹੈ ਪਰ ਮਿਲਾਵਟ ਦਾ ਜ਼ਿਕਰ ਨਹੀਂ ਆਇਆ। ਅੱਜ ਹਰ ਚੀਜ਼ ਵਿਚ ਮਿਲਾਵਟ ਹੋ ਗਈ ਹੈ। ਇਸ ਚੀਜ਼ ਦਾ ਗਵਰਨਰ ਐਡਰੈਸ ਵਿਚ ਕਿਤੇ ਜ਼ਿਕਰ ਨਹੀਂ ਮੈਂ ਬਾਹਰਲੇ ਕੰਟਰੀਜ਼ ਵਿਚ ਜਾ ਕੇ ਆਇਆ ਹਾਂ। ਰਸ਼ੀਆ ਵਿਚ ਸਭ ਤੋਂ ਜ਼ਿਆਦਾ ਸਜ਼ਾ ਮਿਲਾਵਟ ਕਰਨ ਵਾਲੇ ਨੂੰ ਦਿੱਤੀ ਜਾਂਦੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ ਅਤੇ ਇਸ ਚੀਜ਼ ਨੂੰ ਰੋਕਣ ਲਈ ਸਖਤ ਕਦਮ ਚੁੱਕਣੇ ਚਾਹੀਦੇ ਹਨ। ਕੋਈ ਗਰੀਬ ਆਦਮੀ ਮਹਿੰਗੀ ਚੀਜ਼ ਤਾਂ ਲੈ ਸਕਦਾ ਹੈ, ਪਰ ਜਦੋਂ ਉਹ ਮਹਿਗੇ ਰੇਟ ਤੇ ਮਿਲਾਵਟ ਵਾਲੀ ਚੀਜ਼ ਲੈਂਦਾ ਹੈ ਤਾਂ ਉਸ ਦੇ ਦਿਲ ਤੇ ਬਹੁਤ ਬੁਰੀ ਬੀਤਦੀ ਹੈ। ਉਸ ਨੂੰ ਪਿਓਰ ਚੀਜ਼ ਨਹੀਂ ਮਿਲਦੀ।

ਚੇਅਰਮੈਨ ਸਾਹਿਬ, ਸਾਡੇ ਪੰਜਾਬ ਵਿਚ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਤਾਦਾਦ ਬਹੁਤ ਵੱਧ ਗਈ ਹੈ। ਪੜ੍ਹੇ ਲਿਖੇ ਮੁੰਡੇ ਦਰ ਦਰ ਠੋਕਰਾਂ ਖਾਂਦੇ ਫਿਰਦੇ ਹਨ। ਇਕੋ ਹੀ ਸਰਕਾਰ ਦੀ ਏਜੰਸੀ ਹੈ, ਉਨ੍ਹਾਂ ਨੂੰ ਨੌਕਰੀ ਦੇਣ ਲਈ। ਹੋਰ ਤਾਂ ਕੋਈ ਏਜੈਂਸੀ ਨਹੀਂ। ਅੱਜ ਪੁਲੀਟੀਕਲ ਪਾਰਟੀਆਂ ਉਨ੍ਹਾਂ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਐਕਸਪਲਾਇਟ ਕਰਦੀਆਂ ਹਨ। ਅਕਾਲੀ ਸਰਕਾਰ ਵੇਲੇ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਮਹਿੰਗਾਈ ਭੱਤਾ ਦਿੱਤਾ ਗਿਆ ਸੀ। ਪਰ, ਚੇਅਰਮੈਨ ਸਾਹਿਬ, ਉਹ ਪੂਰਾ ਨਹੀਂ ਦਿੱਤਾ ਗਿਆ ਬਹੁਤ ਥੋੜ੍ਹਾ ਹੈ।

6.10 ਸ਼ਾਮ

(ਇਸ ਸਮੇਂ ਸ੍ਰੀ ਯਸ਼, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

[ਸਰਦਾਰ ਜਸਮਤ ਸਿੰਘ ਢਿੱਲੋਂ]

ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਰਕਾਰ ਨੂੰ ਕੋਈ ਐਸੀ ਸਕੀਮ ਬਣਾਉਣੀ ਚਾਹੀਦੀ ਹੈ, ਜਿਸ ਨਾਲ ਤਾਂ ਸਾਰਿਆਂ ਨੂੰ ਬੇਰੁਜ਼ਗਾਰੀ ਭੱਤਾ ਪੂਰਾ ਮਿਲੇ ਜਾਂ ਸਭ ਨੂੰ ਇੰਪਲਾਇਮੈਂਟ ਮਿਲੇ। ਜੋ ਭੱਤਾ ਦੇਣ ਦਾ ਫੈਸਲਾ ਕੀਤਾ ਹੈ ਉਸ ਦਾ ਉਨ੍ਹਾਂ ਨੂੰ ਕੋਈ ਫਾਇਦਾ ਨਹੀਂ ।

ਇਸ ਦੇ ਨਾਲ ਹੀ ਇਕ ਬੇਨਤੀ ਮੈਂ ਹੋਰ ਕਰਨੀ ਚਾਹੁੰਦਾ ਹਾਂ। ਗਰੀਬ ਅੌਰ ਲਤਾੜੇ ਹੋਏ ਜਿਹੜੇ ਲੋਕ ਹਨ ਜਿਨ੍ਹਾਂ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ, ਮੇਰੇ ਪਾਸ ਮਿਸਾਲਾਂ ਹਨ ਕਈਆਂ ਨੂੰ ਪਿਛਲੇ 2-3 ਸਾਲਾਂ ਤੋਂ ਕੋਈ ਪੈਨਸ਼ਨ ਨਹੀਂ ਮਿਲ ਰਹੀ। ਇਸ ਦਫਤਰ ਦਾ ਹੈਡਕੁਆਰਟਰ ਚੰਡੀਗੜ੍ਹ ਵਿਚ ਹੈ। ਮੈਂ ਕੱਲ੍ਹ ਕਿਸੇ ਕੇਸ ਦੇ ਸਬੰਧ ਵਿਚ ਦਫਤਰ ਗਿਆ ਤਾਂ ਮੈਨੂੰ ਪਤਾ ਲਗਾ ਕਿ ਪਿਛਲੇ ਡੇਢ ਸਾਲ ਤੋਂ ਉਥੇ ਕੋਈ ਡਾਇਰੈਕਟਰ ਹੀ ਨਹੀਂ ਹੈ। ਮੈਂ ਬੇਨਤੀ ਕਰਾਂਗਾ ਕਿ ਪਿਛੇ ਜਿਹੇ ਡੀਸੈਂਟਰੇਲਾਈਜ਼ੇਸ਼ਨ ਦਾ ਨਾਅਰਾ ਲਾਇਆ ਜਾਂਦਾ ਰਿਹਾ ਹੈ । ਪਰ ਇਥੇ ਦਫ਼ਤਰਾਂ ਦੇ ਕੰਮ ਵਿਚ ਸੈਂਟਰਲਾਈਜ਼ੇਸ਼ਨ ਕੀਤੀ ਜਾ ਰਹੀ ਹੈ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪੈਨਸ਼ਨ ਦੇਣ ਦਾ ਅਧਿਕਾਰ ਜ਼ਿਲ੍ਹੇ ਦੇ ਲੈਵਲ ਤੇ ਡਿਪਟੀ ਕਮਿਸ਼ਨਰ ਜਾਂ ਸਬ-ਡਵੀਜ਼ਨਲ ਅਫਸਰ ਨੂੰ ਦੇਣਾ ਚਾਹੀਦਾ ਹੈ ਤਾ ਕਿ ਉਨ੍ਹਾਂ ਗਰੀਬਾਂ ਨੂੰ ਚੰਡੀਗੜ੍ਹ ਵਿਚ ਆ ਕੇ ਤੰਗ ਨਾ ਹੋਣਾ ਪਏ।

**ਸ੍ਰੀ ਸਭਾਪਤੀ** : ਢਿੱਲੋਂ ਸਾਹਿਬ, ਤੁਸੀਂ ਬੈਠੋ, ਤੁਹਾਡਾ ਟਾਈਮ ਖਤਮ ਹੋ ਗਿਆ ਹੈ । ਧੰਨੋਂਵਾਲੀਆ ਜੀ, ਤੁਸੀਂ ਬੋਲੋ।

**ਸਰਦਾਰ ਜਸਮਤ ਸਿੰਘ ਢਿੱਲੋਂ** : ਮੈਨੂੰ ਇਕ ਮਿੰਟ ਬੋਲ ਲੈਣ ਦਿਓ। ਮੈਂ ਹੁਣੇ ਹੀ ਆਖਰੀ ਗੱਲ ਕਹਿ ਕੇ ਖਤਮ ਕਰ ਦਿੰਦਾ ਹਾਂ। ਮਾਘੀ ਦੇ ਮੇਲੇ ਤੇ ਢਾਡੀ ਵਾਰਾਂ ਗਾਉਂਦੇ ਹਨ–

"ਅਮਲਾਂ ਤੇ ਹੋਣ ਨਬੇੜੇ ਜ਼ਾਤ ਕਿਸੇ ਪੁੱਛਣੀ ਨਹੀਂ"

ਇਸ ਲਈ ਮੈਂ ਇਸ ਸਰਕਾਰ ਨੂੰ ਕਹਿੰਦਾ ਹਾਂ ਕਿ ਉਸ ਨੇ ਜਿਹੜੇ ਵੀ ਵਾਇਦੇ ਕੀਤੇ ਹਨ ਉਹ ਉਨ੍ਹਾਂ ਤੇ ਅਮਲ ਕਰਨ । ਲੋਕਾਂ ਨੇ ਤਾਂ ਅਮਲਾਂ ਵੱਲ ਵੇਖਣਾ ਹੈ। ਪਹਿਲੋਂ ਅਕਾਲੀ ਉਧਰਲੇ ਬੈਂਚਾਂ ਤੇ ਬੈਠੇ ਸੀ ਤੇ ਅੱਜ ਉਹ ਇਧਰਲੇ ਬੈਂਚਾਂ ਤੇ ਬੈਠੇ ਹਨ। ਇਹ ਸਰਕਾਰ ਤਾਂ ਆਉਣੀ ਜਾਣੀ ਰਹਿਣੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਸਰਕਾਰ ਆਪਣੇ ਕੀਤੇ ਵਾਅਦਿਆਂ ਤੇ ਅਮਲ ਕਰੇ।

(ਇਸ ਵੇਲੇ ਸ੍ਰੀ ਸਭਾਪਤੀ ਨੇ ਸ੍ਰੀ ਪਿਆਰਾ ਰਾਮ ਧੰਨੋਂਵਾਲੀਆ ਨੂੰ ਬੋਲਣ ਲਈ ਕਿਹਾ ।)

**ਸਰਦਾਰ ਦਲੀਪ ਸਿੰਘ ਪਾਂਧੀ** : ਚੇਅਰਮੈਨ ਸਾਹਿਬ, ਤੁਸੀਂ ਇਕ ਨਵੀਂ ਪ੍ਰਥਾ ਪਾ ਰਹੇ ਹੋ। ਪਹਿਲੇ ਜਿਹੜੇ ਚੇਅਰਮੈਨ ਬੈਠੇ ਸਨ, ਉਨ੍ਹਾਂ ਨੂੰ ਜਾਂ ਤਾਂ ਸਪੀਕਰ ਜਾਂ ਡਿਪਟੀ ਸਪੀਕਰ ਉਠਾ ਸਕਦਾ ਹੈ, ਕਿਉਂਕਿ ਤੁਹਾਡਾ ਦੋਨੋਂ ਦਾ ਤਾਂ ਰੁਤਬਾ ਇਕ ਹੈ। (ਵਿਘਨ) ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਚੇਅਰ ਨੇ ਮੈਨੂੰ ਬੋਲਣ ਲਈ ਕਿਹਾ ਸੀ ਪਰ ਬਾਅਦ ਵਿਚ ਸਰਦਾਰ ਜਸਮਤ ਸਿੰਘ ਢਿੱਲੋਂ ਨੂੰ ਐਡਜਸਟ ਕਰਨ ਲਈ ਟਾਈਮ ਦੇ ਦਿੱਤਾ ਸੀ ਅਤੇ ਮੈਨੂੰ ਉਨ੍ਹਾਂ ਤੋਂ ਬਾਅਦ ਬੋਲਣ ਲਈ ਕਿਹਾ ਸੀ। ਤੁਸੀਂ ਮੈਨੂੰ ਟਾਈਮ ਹੀ ਨਹੀਂ ਦੇ ਰਹੇ।

**ਸ੍ਰੀ ਸਭਾਪਤੀ** : ਪਹਿਲੇ ਮੈਨੂੰ ਰਿਕਾਰਡ ਕਨਸਲਟ ਕਰ ਲੈਣ ਦਿਓ ਕਿ ਤੁਹਾਨੂੰ ਸਪੀਚ ਕਰਨ ਲਈ ਕਿਹਾ ਸੀ ਜਾਂ ਪੁਆਇੰਟ ਆਫ ਆਰਡਰ ਤੇ ਬੋਲਣ ਲਈ ਕਿਹਾ ਸੀ। (ਵਿਘਨ) ਤੁਸੀਂ ਪਹਿਲੇ ਹੀ ਬਹੁਤ ਬੋਲ ਚੁੱਕੇ ਹੋ। ਹੁਣ ਉਨ੍ਹਾਂ ਨੂੰ ਬੋਲਣ ਲੈਣ ਦਿਓ । (ਵਿਘਨ) ਤੁਹਾਡੇ ਹਿਸੇ ਦੇ ਸਿਰਫ 20 ਮਿੰਟ ਰਹਿ ਗਏ ਹਨ। ਹੁਣ ਤੁਸੀਂ ਬੈਠ ਜਾਓ। ਹਾਲੇ ਕਈ ਮੈਂਬਰਾਂ ਨੇ ਬੋਲਣਾ ਹੈ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਪਿਆਰਾ ਰਾਮ ਧੰਨੋਵਾਲੀਆ (ਫਗਵਾੜਾ) : ਜਨਾਬ ਚੇਅਰਮੈਨ ਸਾਹਿਬ, ਗਵਰਨਰ ਭਾਸ਼ਣ ਤੇ ਜਿਹੜਾ ਧੰਨਵਾਦ ਦਾ ਮੱਤਾ ਮੇਰੇ ਫਾਜ਼ਲ ਦੋਸਤ ਸਰਦਾਰ ਬੀਰ ਦਵਿੰਦਰ ਸਿੰਘ ਜੀ ਨੇ ਪੇਸ਼ ਕੀਤਾ ਹੈ ਅਤੇ ਸਰਦਾਰ ਸੁਰਿੰਦਰ ਸਿੰਘ ਕੈਰੋਂ ਨੇ ਉਸ ਨੂੰ ਸੈਕਿੰਡ ਕੀਤਾ ਹੈ ਮੈਂ ਉਸ ਦੀ ਮਜ਼ੀਦ ਤਾਈਦ ਕਰਨ ਲਈ ਖੜ੍ਹਾ ਹੋਇਆ ਹਾਂ। ਗਵਰਨਰ ਦਾ ਐਡਰੈਸ ਗੌਰਮਿੰਟ ਦਾ ਇਕ ਅਕਸ ਹੁੰਦਾ ਹੈ। ਇਸ ਵਿਚ ਗੌਰਮਿੰਟ ਦੇ ਪ੍ਰੋਗਰਾਮਾਂ ਦਾ ਭਲੀ ਪ੍ਰਕਾਰ ਪਤਾ ਲਗਦਾ ਹੈ। ਇਥੇ ਸਰਦਾਰ ਸੁਖਜਿੰਦਰ ਸਿੰਘ ਜੀ ਨੇ ਭਾਸ਼ਣ ਦਿੰਦੇ ਹੋਏ ਦੱਸਿਆ ਕਿ ਇਸ ਗਵਰਨਰ ਐਡਰੈਸ ਦੇ 32 ਪੈਰ੍ਹੇ ਹਨ, ਉਨ੍ਹਾਂ ਵਿਚ ਜਿਹੜਾ ਪਹਿਲਾ ਪੈਰ੍ਹਾ ਹੈ ਉਹ ਜੀ ਆਇਆਂ ਹੀ ਕਹਿੰਦਾ ਹੈ ਅਤੇ ਅਖੀਰਲਾ ਪੈਰ੍ਹਾ ਜਿਹੜਾ ਹੈ ਉਸ ਵਿਚ ਧੰਨਵਾਦ ਕੀਤਾ ਗਿਆ ਹੈ ਬਾਕੀ ਤਾਂ ਐਵੇਂ ਹੀ ਹੈ। ਪਰ ਦੂਜਾ ਪੈਰ੍ਹਾ ਇਨ੍ਹਾਂ ਨੇ ਪੜ੍ਹਿਆ ਨਹੀਂ। ਉਸ ਵਿਚ ਲਿਖਿਆ ਹੈ:—

> "ਪਿਛਲੇ ਤਿੰਨਾਂ ਸਾਲਾਂ ਦੇ ਦੌਰਾਨ ਕਾਨੂੰਨ ਵਿਵਸਥਾ ਦੇ ਖੇਤਰ ਵਿਚ ਬੜੀ ਅਸਥਿਰਤਾ ਆਰਥਿਕ ਹਾਲਤ ਵਿਚ ਮੰਦਹਾਲੀ, ਜ਼ਰੂਰੀ ਵਸਤਾਂ ਦੀ ਲਗਾਤਾਰ ਥੁੜ੍ਹ ਅਤੇ ਸਿੱਕੇ ਦੇ ਫੈਲਾਓ ਦਾ ਦਬਾ ਰਿਹਾ ਹੈ। ਇਸ ਤੋਂ ਵੀ ਵਧੀਕ ਦੁਖਦਾਈ ਗੱਲ ਹੈ ਕਿ ਉਸ ਵੇਲੇ ਦੀ ਸਿਆਸੀ ਖਿੱਚੋਤਾਣ, ਫਿਰਕੂ ਤਣਾਓ ਅਤੇ ਜਮਹੂਰੀ ਸਿਧਾਂਤਾਂ ਪ੍ਰਤੀ ਵਧ ਰਹੇ ਤ੍ਰਿਸਕਾਰ ਨੇ ਲੋਕਾਂ ਅਤੇ ਖਾਸ ਕਰ ਗਰੀਬਾਂ ਅਤੇ ਲਿਤਾੜੇ ਵਰਗਾਂ ਦੇ ਦਿਲਾਂ ਵਿਚ ਇਕ ਡੂੰਘੇ ਸਹਿਮ, ਮਾਯੂਸੀ ਅਤੇ ਨਿਰਾਸਤਾ ਦੀ ਭਾਵਨਾ ਪੈਦਾ ਪੈਦਾ ਕਰ ਦਿੱਤੀ ਸੀ।"

ਜੋ ਕੁਝ ਪਿਛਲੇ 3 ਸਾਲਾਂ ਵਿਚ ਸਰਕਾਰ ਨੇ ਕੀਤਾ ਉਸ ਦਾ ਜ਼ਿਕਰ ਇਥੇ ਕੀਤਾ ਗਿਆ ਹੈ। ਇਸ ਦੇ ਨਾਲ ਹੀ ਹਿੰਦ ਸਮਾਚਾਰ ਵਿਚ ਸ਼੍ਰੀ ਰਮੇਸ਼ ਜੀ ਨੇ ਜੋ ਇਨ੍ਹਾਂ ਬਾਰੇ ਰਿਮਾਰਕਸ ਦਿੱਤੇ ਹਨ, ਉਹ ਵੀ ਮੈਂ ਇਥੇ ਪੜ੍ਹ ਕੇ ਸੁਣਾਉਂਦਾ ਹਾਂ। ਉਸ ਨੇ ਲਿਖਿਆ ਹੈ ਕਿ ਇਨ੍ਹਾਂ ਕੇ ਕਿਆ ਖੋਇਆ ਔਰ ਕਿਆ ਪਾਇਆ'। ਇਹ ਤਿੰਨ ਪਾਰਟੀਆਂ ਜਿਹੜੀਆਂ ਪਹਿਲੇ ਮਿਲ ਕੇ ਇਥੇ ਜਿੱਤ ਕੇ ਆਈਆਂ ਸਨ, ਉਨ੍ਹਾਂ ਨੇ ਜੋ ਕੁਝ ਕੀਤਾ ਉਸ ਦਾ ਰਿਜ਼ਲਟ ਅਜ ਇਹ ਹੈ ਕਿ ਉਨ੍ਹਾਂ ਵਿਚੋਂ ਜਿਹੜੀ 25 ਬੰਦਿਆਂ ਦੀ ਪਾਰਟੀ ਸੀ, ਉਨ੍ਹਾਂ ਵਿਚੋਂ ਅੱਜ ਸਿਰਫ ਇਕ ਹੀ ਜਿੱਤ ਕੇ ਆਇਆ ਹੈ ਜੋ ਕਿ ਖੂੰਜੇ ਲੱਗਾ ਬੈਠਾ ਹੈ। ਹੋਰ ਕੋਈ ਨਹੀਂ ਜਿੱਤ ਸਕਿਆ। ਇਸ ਬਾਰੇ ਹਿੰਦ ਸਮਾਚਾਰ ਨੇ ਇਹ ਲਿਖਿਆ ਹੈ :—

"ਇਸ ਮੇਂ ਕੋਈ ਸ਼ੱਕ ਨਹੀਂ ਕਿ ਬਾਦਲ ਸਰਕਾਰ ਕੇ ਅਹਿਦ ਕੋ ਸਬ ਸੇ ਬੜਾ ਧੱਕਾ ਤਬ ਲਗਾ ਜਬ 1978 ਕੀ ਵੈਸਾਖੀ ਪਰ ਅੰਮ੍ਰਿਤਸਰ ਮੇਂ ਨਿਰੰਕਾਰੀਓਂ ਕੇ ਸਾਥ ਮੁੱਠ ਭੇੜ ਹੋਈ, ਜਿਸ ਮੇਂ 19 ਅਸ਼ਖਾਸ ਮਾਰੇ ਗਏ। ਇਸ ਸਿਲਸਿਲਾ ਮੇਂ ਜੋ ਮੁਕੱਦਮਾ ਬਾਦਲ ਸਰਕਾਰ ਨੇ ਨਿਰੰਕਾਰੀਓਂ ਕੇ ਖਿਲਾਫ ਬਣਾਇਆ ਇਸ ਮੇਂ ਭੀ ਬਾਦਲ ਸਰਕਾਰ ਕੋ ਹਾਰ ਹੋਈ ਔਰ ਇੱਕ ਤਰ੍ਹਾਂ ਸੇ ਯੇ ਇਲਜ਼ਾਮ ਸਾਬਤ ਹੋ ਗਿਆ ਕਿ ਹਮਲਾ ਨਿਰੰਕਾਰੀਓਂ ਨੇ ਨਹੀਂ ਬਲਕਿ ਨਿਰੰਕਾਰੀਓਂ ਪਰ ਕੀਆ ਗਿਆ ਥਾ।'.........(ਵਿਘਨ) (ਸ਼ੋਰ)

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ)

**ਗਿਆਨੀ ਅਰਜਣ ਸਿੰਘ ਲਿੱਟ** : ਚੇਅਰਮੈਨ ਸਾਹਿਬ, ਵਿਧਾਨ ਸਭਾ ਵਿਚ ਕੋਈ ਇਸ ਤਰ੍ਹਾਂ ਅਖਬਾਰ ਨਹੀਂ ਪੜ੍ਹ ਸਕਦਾ। (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਨੂੰ ਉਹ ਸੁਣਾ ਰਿਹਾ ਹਾਂ ਜਿਹੜਾ ਫੈਸਲਾ ਕਰਨਾਲ ਦੇ ਸੈਸ਼ਨ ਜੱਜ ਦਿੱਤਾ। ਉਸ ਵਿਚ ਦੱਸਿਆ ਹੈ ਕਿ ਇਹ ਅਕਾਲੀ ਇਸ ਘਟਨਾ ਲਈ ਜ਼ਿਮੇਵਾਰ ਹਨ। । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਜੱਜਮੈਂਟ ਨੂੰ ਮੰਗਵਾਓ। (ਵਿਘਨ) (ਸ਼ੋਰ) ਚੇਅਰਮੈਨ ਸਾਹਿਬ, ਇਸੇ ਕਰਕੇ ਹੀ ਇਨ੍ਹਾਂ ਅਕਾਲੀਆਂ ਦੀ ਗਿਣਤੀ ਪਹਿਲਾਂ ਜਿਹੜੀ 58 ਸੀ, ਉਹ ਹੁਣ ਸਿਰਫ 37 ਰਹਿ ਗਈ ਹੈ ਔਰ ਜਨਤਾ ਪਾਰਟੀ ਬਿਲਕੁਲ ਹੀ ਡੁੱਬ ਗਈ ਹੈ। ਉਨ੍ਹਾਂ ਦਾ ਕੇਵਲ ਇਕ ਹੀ ਬੰਦਾ ਰਹਿ ਗਿਆ ਹੈ। ਵਿਘਨ) (ਸ਼ੋਰ)

**ਸ੍ਰੀ ਸਭਾਪਤੀ** : ਤੁਸੀਂ ਗਵਰਨਰ ਐਡਰੈਸ ਤੇ ਬੋਲੋ।

**ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ**: ਜੇਕਰ ਇਹ ਧੰਨੋਵਾਲੀਆ ਜੀ ਇਥੇ ਇਸੇ ਤਰ੍ਹਾਂ ਅਖਬਾਰ ਪੜ੍ਹਨਗੇ ਤਾਂ ਫਿਰ ਅਸੀਂ ਵੀ ਇੰਦਰਾ ਗਾਂਧੀ ਬਾਰੇ ਅਲਾਹਾਬਾਦ ਹਾਈ ਕੋਰਟ ਦੀ ਜੱਜਮੈਂਟ ਪੜ੍ਹਾਂਗੇ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਚੇਅਰਮੈਨ ਸਾਹਿਬ ਅੱਜ ਇਹ (ਆਪੋਜੀਸ਼ਨ ਵੱਲ ਇਸ਼ਾਰਾ) ਕਹਿੰਦੇ ਹਨ ਕਿ ਚੀਜਾਂ ਦੀ ਥੁੜ੍ਹ ਹੋ ਗਈ ਹੈ, ਔਰ ਕੀਮਤਾਂ ਵਧ ਗਈਆਂ ਹਨ, ਪਰ ਇਨ੍ਹਾਂ ਅਕਾਲੀਆਂ ਦੇ ਰਾਜ ਵਿਚ ਮਿੱਟੀ ਦਾ ਤੇਲ ਡੀਜ਼ਲ ਅਤੇ ਸੀਮਿੰਟ ਨਹੀਂ ਮਿਲਦਾ ਸੀ ਅਤੇ ਇਹ ਸਾਰੇ ਮਿਲਕੇ ਛੱਕ ਜਾਂਦੇ ਸਨ। (ਵਿਘਨ) (ਸ਼ੋਰ)

**ਸਰਦਾਰ ਬਲਦੇਵ ਸਿੰਘ ਖਿਆਲਾ** : ਚੇਅਰਮੈਨ ਸਾਹਿਬ, ਆਪ ਜੀ ਨੇ ਕਿਹਾ ਸੀ ਕਿ ਜਦ ਕੋਈ ਮੈਂਬਰ ਸਾਹਿਬ ਬੋਲਦਾ ਹੈ ਤਾਂ ਕਿਸੇ ਮੈਂਬਰ ਨੂੰ ਵੀ ਟੋਕਾ-ਟਾਕੀ ਨਹੀਂ ਕਰਨੀ ਚਾਹੀਦੀ। ਇਹ ਚੰਗੀ ਗੱਲ ਹੈ ਪਰ ਇਸ ਦੇ ਨਾਲ ਹੀ ਨਾਲ ਜੋ ਮੈਂਬਰ ਸਾਹਿਬ ਬੋਲਦੇ ਹੋਣ, ਉਸਨੂੰ ਵੀ ਸਹੀ ਤਰੀਕੇ ਨਾਲ ਬੋਲਣਾ ਚਾਹੀਦਾ ਹੈ। ਜੇਕਰ ਇਹ ਬੋਲਣਾ ਚਾਹੁੰਦੇ ਹਨ ਤਾਂ ਦੱਸਣ ਕਿ ਅਕਾਲੀ ਸਰਕਾਰ ਵੇਲੇ ਚੀਜ਼ਾਂ ਦੇ ਭਾਅ ਇਹ ਸਨ ਅਤੇ ਹੁਣ ਕਾਂਗਰਸ ਸਰਕਾਰ ਵੇਲੇ ਚੀਜ਼ਾਂ ਦੇ ਭਾਅ ਇਹ ਹਨ। ਇਸ ਤਰ੍ਹਾਂ ਕਰਕੇ ਦੱਸਣ ਤਾਂਕਿ ਲੋਕਾਂ ਨੂੰ ਸਹੀ ਪੁਜੀਸ਼ਨ ਦਾ ਪਤਾ ਲੱਗੇ। ਚੇਅਰਮੈਨ ਸਾਹਿਬ, ਸਾਡੀ ਸਰਕਾਰ ਵੇਲੇ ਗੁੜ ਦਾ ਭਾਅ 90 ਪੈਸੇ ਕਿੱਲੋ ਸੀ ਪਰ ਹੁਣ ਕਾਂਗਰਸ ਰਾਜ ਵੇਲੇ 4 ਰੁਪਏ 30 ਪੈਸੇ ਕਿੱਲੋ ਵਿਕਦਾ ਹੈ। ਸਾਡੀ ਸਰਕਾਰ ਵੇਲੇ ਚੀਨੀ 2 ਰੁਪਏ 75 ਪੈਸੇ ਕਿਲੋ ਵਿਕਦੀ ਸੀ, ਪਰ ਅਜ ਕਾਂਗਰਸ ਸਰਕਾਰ ਵੇਲੇ 7 ਰੁਪਏ ਕਿਲੋ ਵਿਕਦੀ ਹੈ। ਚੇਅਰਮੈਨ ਸਾਹਿਬ ਹੁਣ ਕੋਈ ਚੀਜ਼ ਵੀ ਮਿਲਦੀ ਨਹੀਂ ਹੈ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਚੇਅਰਮੈਨ ਸਾਹਿਬ, ਇਨ੍ਹਾਂ ਦੇ ਵੇਲੇ ਜੱਟਾਂ ਦਾ ਰਾਜ ਸੀ। ਸਰਦਾਰ ਬਲਵਿੰਦਰ ਸਿੰਘ ਭੂੰਦੜ ਐਗਰੀਕਲਚਰ ਮਨਿਸਟਰ ਇਥੇ ਸਨ, ਜੋ ਕਿ ਬੈਠੇ ਨਹੀਂ ਹਨ। ਸਰਦਾਰ ਸੁਰਜੀਤ ਸਿੰਘ ਬਰਨਾਲਾ ਸੈਂਟਰ ਵਿਚ ਐਗਰੀਕਲਚਰ ਮਨਿਸਟਰ ਸਨ। ਸ੍ਰੀ ਚਰਨ ਸਿੰਘ ਵੀ ਜੱਟ ਸੀ ਪਰ ਇਨ੍ਹਾਂ ਤਿੰਨ ਚਾਰ ਜੱਟਾਂ ਦੇ ਹੁੰਦਿਆਂ ਹੋਇਆਂ ਆਲੂਆਂ ਦੀ ਹਾਲਤ ਕੀ ਹੋਈ? ਲੋਕਾਂ ਨੂੰ ਆਲੂਆਂ ਦੀ ਪੂਰੀ ਕੀਮਤ ਵੀ ਨਹੀਂ ਸੀ ਮਿਲਦੀ। ਆਲੂਆਂ ਦੇ ਢੇਰਾਂ ਦੇ ਢੇਰ ਸੁੱਟੇ ਗਏ। ਚੇਅਰਮੈਨ ਸਾਹਿਬ, ਨਰਮੇ ਦੀ ਕੀ ਹਾਲਤ ਹੋਈ? ਲੋਕਾਂ ਨੇ ਅਕਾਲੀ ਜਨਤਾ ਰਾਜ ਵੇਲੇ ਨਰਮਾ ਪਾਰਲੀਆਮੈਂਟ ਦੇ ਸਾਹਮਣੇ ਸਾੜਿਆ ਗਿਆ। (ਸ਼ੇਮ, ਸ਼ੇਮ) ਉਸ ਵੇਲੇ ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਕਹਿੰਦੇ ਸਨ ਕਿ ਨਰਮੇ ਦਾ ਭਾਅ 1,000 ਰੁਪਏ ਕੁਇੰਟਲ ਫਿਕਸ ਕੀਤਾ ਜਾਵੇਗਾ ਪਰ ਨਰਮਾ 260 ਰੁਪਏ ਜਾਂ 300 ਰੁਪਏ ਕੁਇੰਟਲ ਵਿਕਿਆ। (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚੰਦ ਸਿੰਘ :** ਚੇਅਰਮੈਨ ਸਾਹਿਬ, ਹਰੀਜਨ ਨੂੰ ਨਰਮੇ ਦਾ ਭਾਅ ਦੇ ਕੀ ਪਤਾ? (ਹਾਸਾ) (ਵਿਘਨ) (ਸ਼ੋਰ) (ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਇਕੱਠੇ ਹੀ ਬੋਲ ਰਹੇ ਸਨ, ਪਰ ਸਦਨ ਵਿਚ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

**ਸ੍ਰੀ ਸਭਾਪਤੀ :** ਧੰਨੋਵਾਲੀਆ ਜੀ ਤੁਸੀਂ ਬੋਲੀ ਜਾਓ ਤੁਹਾਡੇ ਪੰਜ ਮਿੰਟ ਬਾਕੀ ਰਹਿ ਗਏ ਹਨ। (ਵਿਘਨ)

**ਸਰਦਾਰ ਹਰਚੰਦ ਸਿੰਘ** ਬਰਾੜ : ਚੇਅਰਮੈਨ ਸਾਹਿਬ, ਮੈਨੂੰ ਵੀ ਬੋਲਣ ਲਈ ਦੋ ਮਿੰਟ ਟਾਈਮ ਦਿਓ। ਮੇਰਾ ਨਾਂ ਪਾਰਟੀ ਲੀਡਰ ਨੇ ਲਿਖ ਕੇ ਤੁਹਾਨੂੰ ਦਿੱਤਾ ਹੈ, ਪਰ ਤੁਸੀਂ ਮੈਨੂੰ ਟਾਈਮ ਨਹੀਂ ਦਿੰਦੇ ਅਤੇ ਤੁਸੀਂ ਸ਼ਰਾਫਤ ਦਾ ਨਾਜਾਇਜ਼ ਫਾਇਦਾ ਉਠਾ ਰਹੇ ਹੋ। ਅਸੀਂ ਵੀ ਨੁਮਾਇੰਦੇ ਹਾਂ। (ਇਸ ਵੇਲੇ ਕਈ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਪੈ ਰਿਹਾ ਸੀ।)

**ਸ੍ਰੀ ਸਭਾਪਤੀ :** ਤੁਸੀਂ ਸਾਰੇ ਬੈਠ ਜਾਓ। ਜਦੋਂ ਮੈਂ ਖੜ੍ਹਾ ਹਾਂ ਤਾਂ ਤੁਹਾਨੂੰ ਸਾਰਿਆਂ ਨੂੰ ਬੈਠ ਜਾਣਾ ਚਾਹੀਦਾ ਹੈ। ਮੇਰੀ ਸਭ ਅੱਗੇ ਬੇਨਤੀ ਹੈ ਕਿ ਸ੍ਰੀ ਪਿਆਰਾ ਰਾਮ ਧੰਨੋਵਾਲੀਆ ਜੀ ਨੂੰ ਸੁਣੋ। 2-4 ਮਿੰਟ ਬਾਕੀ ਰਹਿ ਗਏ ਹਨ। (ਕਾਂਗਰਸ ਪਾਰਟੀ ਵੱਲ ਇਸ਼ਾਰਾ) ਤੁਸੀਂ ਆਪਣੇ ਮੈਂਬਰ ਨੂੰ ਕਿਉਂ ਇੰਟਰੱਪਟ ਕਰ ਰਹੇ ਹੋ ? (ਥੰਪਿੰਗ)

**ਸ੍ਰੀ ਪਿਆਰਾ ਰਾਮ ਧੰਨੋਵਾਲੀਆ :** ਚੇਅਰਮੈਨ ਸਾਹਿਬ, ਗਵਰਨਰ ਐਡਰੇਸ ਵਿਚ ਤਾਲੀਮ ਬਾਰੇ ਜ਼ਿਕਰ ਕੀਤਾ ਗਿਆ ਹੈ। ਸਾਡੇ ਸੂਬੇ ਵਿਚ 12188 ਪਿੰਡ ਹਨ। ਹਰ ਇਕ ਪਿੰਡ ਵਿਚ ਸਕੂਲ ਖੋਲ੍ਹਿਆ ਗਿਆ ਹੈ। ਇਨ੍ਹਾਂ ਦੀ (ਆਪੋਜੀਸ਼ਨ ਵੱਲ ਇਸ਼ਾਰਾ) ਪਾਲਸੀ ਇਹ ਰਹੀ ਹੈ ਕਿ ਮਾਡਲ ਸਕੂਲ ਬਣਾਈਏ। ਚੇਅਰਮੈਨ ਸਾਹਿਬ, ਮੈਂ ਮਾਡਲ ਸਕੂਲਾਂ ਦੇ ਹੱਕ ਵਿਚ ਨਹੀਂ ਹਾਂ। ਮੈਂ ਕਹਿੰਦਾ ਹਾਂ ਕਿ ਜਿਤਨੇ ਵੀ ਸਾਡੇ ਪ੍ਰਾਇਮਰੀ ਸਕੂਲਜ਼ ਹਨ, ਉਨ੍ਹਾਂ ਸਕੂਲਾਂ ਨੂੰ ਹੀ ਮਾਡਲ ਸਕੂਲ ਬਣਾ ਦੇਈਏ। ਸਾਡੇ ਪ੍ਰਾਇਮਰੀ ਸਕੂਲਾਂ ਵਿਚ ਬਹੁਤ ਕਮੀਆਂ ਹਨ। ਉਨ੍ਹਾਂ ਕਮੀਆਂ ਨੂੰ ਦੂਰ ਕਰੀਏ। ਚੇਅਰਮੈਨ ਸਾਹਿਬ, ਅਸੀਂ ਯੂਨੀਵਰਸਿਟੀਆਂ ਤੇ ਕਰੋੜਾਂ ਰੁਪਏ ਖਰਚ ਕਰ ਰਹੇ ਹਾਂ ਪਰ ਮੈਂ ਸਰਕਾਰ ਅੱਗੇ ਅਰਜ਼ ਕਰਾਂਗਾ ਕਿ ਉਹ ਪ੍ਰਾਇਮਰੀ ਸਕੂਲਾਂ ਵੱਲ ਵੀ ਧਿਆਨ ਦੇਣ।

ਇਸਦੇ ਨਾਲ ਹੀ ਮੈਂ ਪੰਜਾਬ ਸਰਕਾਰ ਨੂੰ ਅਰਜ਼ ਕਰਾਂਗਾ ਕਿ ਇਹ ਮਾਡਲ ਸਕੂਲਾਂ ਦੇ ਜ਼ਰੀਏ ਨਵੀਂ ਜਮਾਤ ਜੋ ਇਥੇ ਖੜ੍ਹੀ ਕਰ ਰਹੇ ਸੀ ਇਸ ਨਾਲ ਵਿਤਕਰਾ ਪੈਦਾ ਹੋਣਾ ਸੀ। ਇਨ੍ਹਾਂ ਦੇ ਵੇਲੇ ਅਮੀਰ ਵਧੇਰੇ ਅਮੀਰ ਹੋ ਗਏ ਔਰ ਗਰੀਬ ਵਧੇਰੇ ਗਰੀਬ ਹੋ ਗਏ। ਮਾਡਲ ਸਕੂਲ ਲੜਾਈ ਝਗੜੇ ਦਾ ਕਾਰਣ ਬਣੇ ਕਿ ਕੌਣ ਉਨ੍ਹਾਂ ਸਕੂਲਾਂ ਵਿਚ ਦਾਖਲ ਹੋਏ ਔਰ ਕੌਣ ਨਾ ਦਾਖਲ ਹੋਏ। ਕਾਂਗਰਸ ਸਰਕਾਰ ਵੇਲੇ ਆਈ. ਏ. ਐਸ. ਔਰ ਆਈ. ਪੀ. ਐਸ. ਸ਼ਡਿਊਲਡ ਕਾਸਟਸ ਵਾਸਤੇ ਕੋਚਿੰਗ ਸੈਂਟਰ ਸੀ ਉਸ ਨੂੰ ਅਕਾਲੀ ਸਰਕਾਰ ਵੇਲੇ ਇਥੋਂ ਚੰਡੀਗੜ੍ਹ ਤੋਂ ਸ਼ਿਫਟ ਕਰਕੇ ਪਟਿਆਲੇ ਲੈ ਗਏ। ਮੈਂ ਬੇਨਤੀ ਕਰਾਂਗਾ ਕਿ ਇਥੇ ਚੰਡੀਗੜ੍ਹ ਵਿਚ ਵਿਦਿਆਰਥੀਆਂ ਨੂੰ ਜ਼ਿਆਦਾ ਸਹੂਲਤਾਂ ਹੋ ਸਕਦੀਆਂ ਹਨ। ਇਸ ਲਈ ਇਸ ਸੈਂਟਰ ਨੂੰ ਪਟਿਆਲਾ ਤੋਂ ਬਦਲ ਕੇ ਚੰਡੀਗੜ੍ਹ ਲਿਆਉਣਾ ਚਾਹੀਦਾ ਹੈ......।

Original with;
Punjab Vidhan Sabha
Digitized by;
Panjab Digital Library

**ਮਾਸਟਰ ਬਾਬੂ ਸਿੰਘ**: ਆਨ ਏ ਪੁਆਇੰਟ ਆਫ ਇਨਫਰਮੇਸ਼ਨ (ਵਿਘਨ) ਇ[illegible]ੱਸਣ ਕਿ ਇਹ ਸੈਂਟਰ ਕਾਂਗਰਸ ਸਰਕਾਰ ਵੇਲੇ ਚੰਡੀਗੜ੍ਹ ਤੋਂ ਪਟਿਆਲੇ ਸ਼ਿਫਟ ਹੋਇਆ ਸੀ ਜਾਂ ਅਕਾਲੀ ਸਰਕਾਰ ਵੇਲੇ?

**Mr. Chairman** : The House stands adjourned till 9·00 A.M. on Tuesday, the 8th July, 1980.

*6·30 P.M. | (*The Sabha then *adjourned till* 9·00 *A.M. on Tuesday, the 8th July*, 1980).

---

43228/PVS—Govt. Press, Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©1980
Published under the authority of the Punjab Vidhan Sabha and printed by the Controller Government Press, Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*8th July, 1980*

**Vol. I—No. 7**

**OFFICIAL REPORT**

CONTENTS

*Tuesday, the 8th July,* 1980


| | | Page |
|---|---|---|
| Starred Questions and Answers | .. | (7) 1 |
| Points of Order reg. Adjournment Motion | .. | (7)14 |
| Call Attention Notice under Rule 66 | .. | (7)16 |
| Papers laid on the Table of the House | .. | (7)17 |



Punjab Vidhan Sabha Secretariat, Chandigarh

Price : Rs. 29.00



Original with;
Punjab Vidhan Sabha
Digitized by;
Panjab Digital Library

| | | |
|---|---|---|
| Election of Deputy Speaker | .. | (7)17 |
| Resumption of Discussion on Governor's Address | .. | (7)21 |
| Extension of time of the Sitting | .. | (7)55 |
| Discussion on Governor's Address (*Resumption*) | .. | (7)56 |
| Extension of time of the Sitting | .. | (7)83 |
| Discussion on Governor's Address (*Resumption*) | .. | (7)83 |
| Extension of time of the Sitting | .. | (7)86 |
| Discussion on Governor's Address (*Resumption*) | .. | (7)87 |


Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Tuesday, the 8th July,* 1980

*The Vidhan Sabha met in the Punjab Vidhan Sabha Hall, Vidhan Bhavan, Chandigarh at* 9.00 *A.M. of the Clock. Mr. Speaker (Shri Brij Bhushan Mehra) in the Chair.*

---

## STARRED QUESTIONS AND ANSWERS

### Construction of 25 Bed Hospital at Village Mehraj, District Bhatinda

*20. **Master Babu Singh** : Will the Chief Minister be pleased to state:—

(a) whether the construction of 25 bed Hospital at village Mehraj (District Bhatinda) has been stopped by the P.W.D. authorities; if so, the reason therefor ;

(b) the time likely to be taken to restart the said work ?

**Sardar Darbara Singh :** (a) The Construction of the Hospital was taken up by the Indian Red Cross Society, District Branch, Bhatinda and not by the Public Works Department.

(b) The work has since been completed.

**ਮਾਸਟਰ ਬਾਬੂ ਸਿੰਘ** : ਕੀ ਚੀਫ਼ ਮਨਿਸਟਰ ਸਾਹਿਬ ਦੱਸਣਗੇ ਕਿ ਬਿਲਡਿੰਗ ਪੂਰੀ ਹੋਣ ਤੋਂ ਪਿਛੋਂ ਕੁਝ ਡਾਕਟਰਜ਼ ਅਤੇ ਫਾਰਮੇਸਿਸਟਸ ਉਥੇ ਲਗਾ ਦਿਤੇ ਗਏ ਸਨ। ਪਰ ਗਵਰਨਰ ਰਾਜ ਵਿਚ ਉਨਾਂ ਨੂੰ ਫਿਰ ਉਥੋਂ ਹਟਾ ਦਿਤਾ ਗਿਆ। ਦੂਜੀ ਗੱਲ ਇਹ ਹੈ ਕਿ ਕੱਲ੍ਹ ਡਿਵੈਲਪ-ਮੈਂਟ ਮਨਿਸਟਰ ਸਾਹਿਬ ਨੇ ਦੱਸਿਆ ਸੀ ਕਿ ਡਿਪਟੀ ਕਮਿਸ਼ਨਰ ਦੀ ਪਰਮਿਸ਼ਨ ਨਾਲ ਜਾਂ ਡਿਪਟੀ ਕਮਿਸ਼ਨਰ ਦੀ ਡਿਸਕਸ਼ਨ ਨਾਲ ਮਹਿਰਾਜ ਨੂੰ ਫੋਕਲ ਪੁਆਇੰਟ ਨਹੀਂ ਸੀ ਲਿਆ ਗਿਆ। ਪਰ ਅੱਜ ਉਨ੍ਹਾਂ ਨੇ ਦੱਸਿਆ ਹੈ ਕਿ ਡਿਪਟੀ ਕਮਿਸ਼ਨਰ ਖ਼ੁਦ ਹਸਪਤਾਲ ਦੀ ਬਿਲਡਿੰਗ ਇੰਡੀਅਨ ਰੈਡ ਕਰਾਸ ਵੱਲੋਂ ਬਣਾਉਂਦਾ ਹੈ। ਇਸ ਦਾ ਮਤਲਬ ਹੈ ਕਿ ਡਿਪਟੀ ਕਮਿਸ਼ਨਰ ਇਸ ਕੰਮ ਨਾਲ ਸਹਿਮਤ ਸੀ। ਕੀ ਮੁੱਖ ਮੰਤਰੀ ਜੀ ਇਸ ਬਾਰੇ ਦੱਸਣਗੇ ?

**ਮੁੱਖ ਮੰਤਰੀ** : ਇਹ ਹਸਪਤਾਲ ਇੰਡੀਅਨ ਰੈਡ ਕਰਾਸ ਸੁਸਾਇਟੀ ਨੇ ਬਣਾਇਆ ਔਰ ਇਹ ਹਰ ਪਹਿਲੂ ਤੋਂ ਮੁਕੰਮਲ ਹੋ ਚੁੱਕਾ ਹੈ। ਉਮੀਦ ਹੈ ਕਿ 14, 15 ਦਿਨਾਂ ਦੇ ਵਿਚ ਉਹ ਹੈਲਥ ਡਿਪਾਰਟਮੈਂਟ ਦੇ ਸਪੁਰਦ ਕਰ ਦਿਤਾ ਜਾਵੇਗਾ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਹਰ ਬਲਾਕ ਵਿਚ ਇੰਡੀਅਨ ਰੈਡ ਕਰਾਸ ਵਲੋਂ ਜਾਂ ਕਿਸੇ ਵੱਲੋਂ ਵੀ 25 ਬੈਡਜ਼ ਦੇ ਹਸਪਤਾਲ ਬਣਾਉਣ ਦਾ ਫੈਸਲਾ ਕੀਤਾ ਸੀ ਪਰ ਗਵਰਨਰ ਰਾਜ ਵਿਚ ਉਨ੍ਹਾਂ ਦੀ ਉਸਾਰੀ ਦਾ ਕੰਮ ਬੰਦ ਹੋ ਗਿਆ। ਪਹਿਲਾਂ ਜਿੱਥੇ ਸਟਾਫ ਭੇਜ ਦਿਤਾ ਗਿਆ ਸੀ ਉਥੋਂ ਉਹ ਸਟਾਫ ਵਾਪਿਸ ਕਰ ਦਿੱਤਾ ਗਿਆ। ਇਸ ਲਈ ਮੈਂ ਚੀਫ਼ ਮਨਿਸਟਰ ਸਾਹਿਬ ਤੋਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਦੀ ਪਾਲਿਸੀ ਇਹ ਹਸਪਤਾਲ ਚਲਾਉਣ ਦੀ ਹੈ ਜਾਂ ਬੰਦ ਕਰਨ ਦੀ ਹੈ? ਨਾਭਾ ਬਲਾਕ ਵਿਚ ਟੋਹੜਾ ਪਿੰਡ ਹੈ। ਉਥੇ ਸਾਰਾ ਕੰਮ ਕੰਪਲੀਟ ਹੋ ਗਿਆ ਸੀ ਪਰ ਉਥੇ ਜਿਹੜਾ ਸਟਾਫ ਭੇਜਿਆ ਗਿਆ ਸੀ ਉਹ ਵਾਪਸ ਲੈ ਲਿਆ ਗਿਆ। ਇਸੇ ਤਰ੍ਹਾਂ ਪਿੰਡ ਮਾਲੋਵਾਲ ਬਲਾਕ ਸਰਹਿੰਦ ਵਿਚ ਹੈ ਉਥੋਂ ਵੀ ਸਟਾਫ ਵਾਪਸ ਲੈ ਲਿਆ ਗਿਆ। ਇਸ ਲਈ ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਉਨ੍ਹਾਂ ਦੀ ਪਾਲਿਸੀ ਕੀ ਹੈ?

**ਮੁੱਖ ਮੰਤਰੀ:** ਰਿਕਾਰਡ ਦੇ ਮੁਤਾਬਿਕ ਸਾਡੀ ਪਾਲਿਸੀ ਇਹ ਹੈ ਕਿ ਜੋ ਕੰਮ ਚਾਲੂ ਹੈ ਉਸਨੂੰ ਹਟਾਉਣਾ ਨਹੀਂ। ਜਿਹੜੇ ਪਿੰਡਾਂ ਦੇ ਨਾਮ ਤੁਸੀਂ ਦੱਸੇ ਹਨ, ਉਨ੍ਹਾਂ ਬਾਰੇ ਤੁਸੀਂ ਮੈਨੂੰ ਲਿਖ ਕੇ ਦੇ ਦਿਉ। ਉਸ ਬਾਰੇ ਪੂਰੀ ਗਿਆਤ ਤੁਹਾਨੂੰ ਕਰਾ ਦਿਆਂਗਾ।

**ਮਾਸਟਰ ਬਾਬੂ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੀ ਪਰੋਟੈਕਸ਼ਨ ਚਾਹੁੰਦਾ ਹਾਂ। ਕਲ ਡਿਵੈਲਪਮੈਂਟ ਮਨਿਸਟਰ ਨੇ ਮਹਿਰਾਜ ਪਿੰਡ ਦੇ ਬਾਰੇ ਦੱਸਿਆ ਸੀ ਕਿ ਉਥੇ ਕੋਈ ਹਸਪਤਾਲ ਦੀ ਬਿਲਡਿੰਗ ਨਹੀਂ, ਵੈਟਰਨਰੀ ਹਸਪਤਾਲ ਨਹੀਂ ਅਤੇ ਟੈਲੀਫੋਨ ਨਹੀਂ ਲੱਗਾ। ਮੈਂ ਦਸਣਾ ਚਾਹੁੰਦਾ ਹਾਂ ਕਿ ਸਾਰੇ ਕੰਮ ਬਾਰੇ ਪੈਸੇ ਜਮ੍ਹਾਂ ਕਰਾ ਦਿਤੇ ਗਏ ਪਰ ਇਹ ਕਹਿੰਦੇ ਹਨ ਕਿ ਉਥੇ ਹੋਇਆ ਹੀ ਕੁਝ ਨਹੀਂ। ਪਰ ਅੱਜ ਦੇ ਜਵਾਬ ਵਿਚ ਦਸਿਆ ਗਿਆ ਹੈ ਕਿ ਹਸਪਤਾਲ ਦੀ ਬਿਲਡਿੰਗ ਕੰਪਲੀਟ ਹੋ ਚੁੱਕੀ ਹੈ। ਸਪੀਕਰ ਸਾਹਿਬ, ਇਹ ਦੋ ਕਿਸਮ ਦੇ ਜਵਾਬ 24 ਘੰਟਿਆਂ ਦੇ ਅੰਦਰ ਅੰਦਰ ਆ ਰਹੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕਹਿੰਦੇ ਹਨ ਕਿ ਕਲੱਸਟਰ ਵਿਲੇਜਿਜ਼ ਹੋਣੇ ਚਾਹੀਦੇ ਹਨ (ਵਿਘਨ) ਮੈਂ ਮਹਿਰਾਜ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਉਥੇ ਚਾਰ ਪੰਚਾਇਤਾਂ ਹਨ ਅਤੇ 7,8 ਹਜ਼ਾਰ ਵੋਟਾਂ ਹਨ। ਮਹਿਰਾਜ ਨੂੰ ਨਥਾਣਾ ਰਿਜ਼ਰਵ ਕੰਸਟੀਚੂਐਂਸੀ ਵਿੱਚੋਂ ਵੱਖ ਕੀਤਾ ਗਿਆ ਅਤੇ ਇਸ ਨੂੰ ਬੈਕਵਰਡ ਏਰੀਆ ਡਿਕਲੇਅਰ ਕੀਤਾ ਗਿਆ। ਉਥੇ ਦੇ ਲੋਕਾਂ ਨੇ ਪੈਸੇ ਵੀ ਜਮ੍ਹਾਂ ਕਰਵਾ ਦਿਤੇ ਹਨ ਕੀ ਚੀਫ ਮਨਿਸਟਰ ਸਾਹਿਬ ਇਸ ਕੇਸ ਨੂੰ ਦੇਖ ਕੇ ਉਥੇ ਦੇ ਲੋਕਾਂ ਨਾਲ ਪੂਰਾ ਜਸਟਿਸ ਕਰਨਗੇ?

**ਮੁੱਖ ਮੰਤਰੀ:** ਤੁਹਾਨੂੰ ਉਮੀਦ ਹੋਣੀ ਚਾਹੀਦੀ ਹੈ ਕਿ ਜਸਟਿਸ ਹੋਵੇਗਾ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ:** ਲੁਧਿਆਣੇ ਵਿਚ ਸਿਵਲ ਹਸਪਤਾਲ ਬਹੁਤ ਛੋਟਾ ਜਿਹਾ ਹੈ ਪਰ ਲੁਧਿਆਣਾ ਸ਼ਹਿਰ ਦੀ ਆਬਾਦੀ 5,6 ਲੱਖ ਦੀ ਹੋ ਗਈ ਹੈ। ਉਥੇ ਲਈ 200 ਬੈਡਜ਼ ਦਾ ਹਸ-ਪਤਾਲ ਮਨਜ਼ੂਰ ਹੋ ਚੁੱਕਾ ਹੈ ਅਤੇ ਇਸ ਬਾਰੇ ਬਜਟ ਵਿਚ ਪ੍ਰੋਵੀਜ਼ਨ ਵੀ ਕੀਤੀ ਗਈ ਹੈ। ਕੀ ਇਸ ਕੰਮ ਨੂੰ ਸਰਕਾਰ ਜਲਦੀ ਸ਼ੁਰੂ ਕਰਵਾ ਦੇਵੇਗੀ?

**ਮੁੱਖ ਮੰਤਰੀ:** ਮੈਨੂੰ ਇਸ ਦੀ ਪੁਜ਼ੀਸ਼ਨ ਦਾ ਪਤਾ ਨਹੀਂ ਹੈ। ਤੁਸੀਂ ਜਿਹੜੀ ਇਨਫਰਮੇਸ਼ਨ ਮੰਗਦੇ ਹੋ ਉਹ ਮੈਂ ਇਕੱਠੀ ਕਰਕੇ ਤੁਹਾਨੂੰ ਭਿਜਵਾ ਦਿਆਂਗਾ।

**ਮਾਸਟਰ ਦਲੀਪ ਚੰਦ:** ਬਲਾਚੌਰ ਵਿਚ 1974-75 ਵਿਚ 50 ਬੈਡਜ਼ ਦਾ ਹਸਪਤਾਲ ਮਨਜ਼ੂਰ ਹੋਇਆ ਸੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਦੀ ਬਿਲਡਿੰਗ ਦਾ ਕੰਮ ਕਦੋਂ ਤਕ ਸ਼ੁਰੂ ਕਰਵਾ ਦੇਣਗੇ?

**ਮੁੱਖ ਮੰਤਰੀ:** ਇਸ ਦੇ ਲਈ ਵੱਖਰਾ ਨੋਟਿਸ ਚਾਹੀਦਾ ਹੈ ਤਾਂ ਮੈਂ ਪੂਰਾ ਜਵਾਬ ਦੇ ਸਕਾਂਗਾ।

**ਕਾਮਰੇਡ ਬਲਦੇਵ ਸਿੰਘ ਲੂੰਬਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੁਨਾਮ ਬਲਾਕ ਵਿਚ ਪਿੰਡ ਬਲਾਸਪੁਰ ਵਿਚ ਹਸਪਤਾਲ ਦੀ ਬਿਲਡਿੰਗ

Original with;
Punjab Vidhan Sabha
Digitized by;
Panjab Digital Library

ਪੂਰੀ ਹੋ ਚੁੱਕੀ ਹੈ ਅਤੇ ਪਲੱਸਤਰ ਵੀ ਹੋ ਚੁੱਕਾ ਹੈ, ਸਭ ਕੁਝ ਮੁਕੰਮਲ ਹੋ ਗਿਆ ਹੈ ਸਿਰਫ ਪੌੜੀਆਂ ਜਿੰਹੜੀਆਂ ਉਪਰ ਚੜ੍ਹਦੀਆਂ ਹਨ ਉਹ ਪਲੱਸਤਰ ਹੋਣੋਂ ਰਹਿ ਗਈਆਂ ਹਨ। ਜਦ ਗਵਰਨਰ ਰਾਜ ਆਇਆ ਤਾਂ ਪੌੜੀਆਂ ਦਾ ਕੰਮ ਵਿਚੇ ਹੀ ਰਹਿ ਗਿਆ ਅਤੇ ਅਜੇ ਤੱਕ ਚਾਲੂ ਨਹੀਂ ਕੀਤਾ ਗਿਆ। ਪੌੜੀਆਂ ਨੂੰ ਪਲੱਸਤਰ ਹੋਣਾ ਰਹਿੰਦਾ ਹੈ। ਇਹ ਸਾਰੀ ਲੋਕਾਂ ਦੀ ਪ੍ਰਾਪਰਟੀ ਹੈ, ਲੋਕਾਂ ਦਾ ਪੈਸਾ ਲੱਗਾ ਹੈ, ਇਸ ਲਈ ਕੀ ਸਰਕਾਰ ਪੌੜੀਆਂ ਪਲੱਸਤਰ ਕਰਵਾਕੇ ਉਸ ਹਸਪਤਾਲ ਨੂੰ ਚਾਲੂ ਕਰੇਗੀ ?

**ਮੁੱਖ ਮੰਤਰੀ** : ਜੇ ਪਲਸਤਰ ਰਹਿੰਦਾ ਹੈ ਤਾਂ ਜਲਦੀ ਪੂਰਾ ਕਰਵਾ ਦਿਤਾ ਜਾਵੇਗਾ।

**ਸ੍ਰੀ ਸਪੀਕਰ** : ਅਗਲਾ ਸਵਾਲ ਨੰ: 21.

**ਸਰਦਾਰ ਆਤਮਾ ਸਿੰਘ** : ਸਪਲੀਮੈਂਟਰੀ, ਸਰ।

**ਸ੍ਰੀ ਸਪੀਕਰ** : ਮੈਂ ਅਗਲਾ ਸਵਾਲ ਕਾਲ ਅਪਾਨ ਕਰ ਲਿਆ ਹੈ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਇਹ ਜ਼ਰੂਰੀ ਸਵਾਲ ਹੈ, ਜੀ। (ਵਿਘਨ)

**ਸ੍ਰੀ ਸਪੀਕਰ** : ਅਗਲਾ ਸਵਾਲ ਨੰ: 21, ਵਲੋਂ ਮਾਸਟਰ ਬਾਬੂ ਸਿੰਘ।

---

**ਪਿੰਡ ਪੀਰਕੋਟ, ਤਹਿਸੀਲ ਫੂਲ ਵਿਚ ਹਰੀਜਨਾਂ ਤੇ ਅੰਧਾਧੁੰਦ ਗੋਲੀ ਚਲਾਉਣਾ।**

*21. **ਮਾਸਟਰ ਬਾਬੂ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਪੰਜਾਬ ਵਿਧਾਨ ਸਭਾ ਦੀਆਂ ਮੱਧਕਾਲੀ ਚੋਣਾਂ ਤੋਂ ਬਾਅਦ ਮਈ, 1980 ਵਿਚ ਪਿੰਡ ਪੀਰਕੋਟ, ਤਹਿਸੀਲ ਫੂਲ (ਬਠਿੰਡਾ) ਵਿਚ ਹਰੀਜਨਾਂ ਤੇ ਕੁਝ ਸਮਾਜ ਵਿਰੋਧੀ ਅਨਸਰਾਂ ਨੇ ਅੰਧਾ ਧੁੰਦ ਗੋਲੀ ਚਲਾਈ;

(ਅ) ਜੇਕਰ ਉਕਤ ਭਾਗ (ੳ) ਦਾ ਉਤਰ 'ਹਾਂ' ਵਿਚ ਹੋਵੇ, ਤਾਂ ਹਿਰਾਸਤ ਵਿਚ ਲਏ ਗਏ ਵਿਅਕਤੀਆਂ ਦੇ ਨਾਂ ਕੀ ਕੀ ਹਨ ਅਤੇ ਰਾਜ ਵਿਚ ਹਰੀਜਨਾਂ ਦੀ ਜਾਨ ਦੀ ਸੁਰਖਿਆ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ਹੈ ?

**ਸਰਦਾਰ ਦਰਬਾਰਾ ਸਿੰਘ** : (ੳ) ਇਸ ਸਬੰਧੀ ਸੰਖੇਪ ਹਾਲਾਤ ਇਸ ਪ੍ਰਕਾਰ ਹਨ ਕਿ ਜੋਗਿੰਦਰ ਸਿੰਘ ਹਰੀਜਨ, ਪਿੰਡ ਪੀਰਕੋਟ ਨੂੰ ਸਰਕਾਰ ਦੀਆਂ ਹਦਾਇਤਾਂ ਦੇ ਵਿਰੁੱਧ ਸ਼ਿਕਾਰ ਖੇਡਣ ਉਤੇ ਸਰਪੰਚ ਨੇ ਫਿਟਕਾਰ ਪਾਈ, ਜਿਸ ਦਾ ਵਿਰੋਧ ਹਰੀਜਨ ਮੈਂਬਰ ਪੰਚਾਇਤ ਜ਼ੈਬਰਾ ਸਿੰਘ ਨੇ ਕੀਤਾ। ਇਸ ਕਾਰਨ ਹਰੀਜਨ ਅਤੇ ਜ਼ਿਮੀਦਾਰਾਂ ਵਿਚਕਾਰ ਝਗੜਾ ਹੋ ਗਿਆ। ਹਰੀ-ਜਨਾਂ ਦੇ ਜੱਥੇ ਨੇ ਗੁਰਪ੍ਰੀਤ ਸਿੰਘ ਸਰਪੰਚ ਦੇ ਘਰ ਜਾ ਕੇ ਸਰਪੰਚ ਅਤੇ ਦੂਸਰੇ ਜ਼ਿਮੀਦਾਰਾਂ ਨਾਲ ਗਰਮਾ ਗਰਮੀ ਦੇ ਇਲਫਾਜ਼ ਵਰਤੇ ਅਤੇ ਮਾਮਲਾ ਉਲਝ ਪਿਆ। ਜ਼ਿਮੀਦਾਰ ਨੇ ਆਪਣੀ ਰਖਿਆ ਲਈ ( Self Defence ) ਇਕੱਠ ਨੂੰ ਤਿੱਤਰ ਬਿੱਤਰ ਕਰਨ ਹਿਤ ਗੋਲੀ ਚਲਾਈ। ਮਗਰੋਂ ਬਾ ਰਸੂਖ ਵਿਅਕਤੀਆਂ ਨੇ ਵਿਚ ਪੈ ਕੇ ਰਾਜ਼ੀਨਾਮਾ ਕਰਵਾ ਦਿੱਤਾ। ਪੁਲਿਸ ਕੜੀ ਨਜ਼ਰ ਰੱਖ ਰਹੀ ਹੈ। ਇਸ ਘਟਨਾ ਦਾ ਸਬੰਧ ਨਾਂ ਤਾਂ ਮੱਧਕਾਲੀ ਚੋਣਾਂ ਨਾਲ ਹੈ ਅਤੇ ਨਾਂ ਹੀ ਹਰੀਜਨ ਅਤੇ ਗ਼ੈਰ ਹਰੀਜਨ ਦੇ ਮਸਲੇ ਨਾਲ। ਇਹ ਕਹਿਣਾ ਕਿ ਸਮਾਜ ਵਿਰੋਧੀ ਅਨਸਰਾਂ ਨੇ ਹਰੀਜਨਾਂ ਉਤੇ ਅੰਧਾ ਧੁੰਦ ਗੋਲੀ ਚਲਾਈ, ਗਲਤ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਅ) ਘਟਨਾ ਦੇ ਹਾਲਾਤ ਨੂੰ ਵੇਖਦੇ ਹੋਏ ਕਿਸੇ ਵਿਅਕਤੀ ਦੇ ਹਿਰਾਸਤ ਵਿਚ ਲੈਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਸਰਕਾਰ ਵੱਲੋਂ ਹਦਾਇਤ ਦਿਤੀ ਗਈ ਹੈ ਕਿ ਹਰੀਜਨਾਂ ਉਤੇ ਕੀਤੇ ਗਏ ਅਤਿਆਚਾਰਾਂ ਬਾਰੇ ਕਥਿਤ ਵਾਰਦਾਤਾਂ ਦੀ ਪੜਤਾਲ ਐਸ. ਡੀ. ਐਮ. ਅਤੇ ਉਪ-ਪੁਲਿਸ ਕਪਤਾਨ ਮੌਕੇ ਤੇ ਜਾ ਕੇ ਕਰਨਗੇ ।

**ਮਾਸਟਰ ਬਾਬੂ ਸਿੰਘ**: ਕੀ ਸੀ. ਐਮ. ਸਾਹਿਬ ਨੇ ਜਿਹੜਾ ਜਵਾਬ ਦਿੱਤਾ ਹੈ ਉਸ ਤੇ ਹੋਰ ਵਿਚਾਰ ਕਰਨਗੇ ? ਇਹ ਜਿਹੜਾ ਉਨ੍ਹਾਂ ਨੇ ਜਵਾਬ ਦਿਤਾ ਹੈ ਇਹ ਆਪ ਵਿਰੋਧੀ ਹੈ। ਉਨ੍ਹਾਂ ਨੇ ਜਵਾਬ ਇਸ ਤਰ੍ਹਾਂ ਦਿੱਤਾ ਹੈ:—

"........ਇਸ ਕਾਰਨ ਹਰੀਜਨ ਅਤੇ ਜ਼ਿਮੀਦਾਰਾਂ ਵਿਚਕਾਰ ਝਗੜਾ ਹੋ ਗਿਆ"।

ਫਿਰ ਉਨ੍ਹਾਂ ਨੇ ਕਿਹਾ ਹੈ:—

"...........ਇਸ ਘਟਨਾ ਦਾ ਸਬੰਧ ਨਾ ਤਾਂ ਮੱਧਕਾਲੀ ਚੋਣਾਂ ਨਾਲ ਹੈ ਅਤੇ ਨਾ ਹੀ ਹਰੀਜਨ ਅਤੇ ਗੈਰ ਹਰੀਜਨ ਦੇ ਮਸਲੇ ਨਾਲ।"

ਅੱਗੇ ਜਾਕੇ ਇਕ ਪਾਸੇ ਤਾਂ ਇਹ ਮੰਨਦੇ ਹਨ ਕਿ ਹਰੀਜਨ ਸਰਪੰਚ ਦੇ ਘਰ ਗਏ ਅਤੇ ਉਥੇ ਗੋਲੀ ਚਲਾਈ ਗਈ ਪਰ ਦੂਸਰੇ ਪਾਸੇ ਇਹ ਕਹਿੰਦੇ ਹਨ ਕਿ ਹਰੀਜਨਾਂ ਦਾ ਅਤੇ ਗੈਰ ਹਰੀਜਨਾਂ ਦਾ ਜਾਂ ਜ਼ਿਮੀਦਾਰਾਂ ਦਾ ਕੋਈ ਝਗੜਾ ਨਹੀਂ ਹੈ। ਇਸ ਤੋਂ ਇਲਾਵਾ ਪਾਰਟ 'ਬੀ' ਵਿਚ ਇਹ ਦਸਿਆ ਗਿਆ ਹੈ :

"ਘਟਨਾ ਦੇ ਹਾਲਾਤ ਨੂੰ ਵੇਖਦੇ ਹੋਏ ਕਿਸੇ ਵਿਅਕਤੀ ਦੇ ਹਿਰਾਸਤ ਵਿਚ ਲੈਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਸਰਕਾਰ ਵਲੋਂ ਹਦਾਇਤ ਦਿੱਤੀ ਗਈ ਹੈ ਕਿ ਹਰੀਜਨਾਂ ਉਤੇ ਕੀਤੇ ਗਏ ਅਤਿਆਚਾਰਾਂ ਬਾਰੇ ਕਥਿਤ ਵਾਰਦਾਤਾਂ ਦੀ ਪੜਤਾਲ ਐਸ.ਡੀ. ਐਮ. ਅਤੇ ਉਪ-ਪੁਲਿਸ ਕਪਤਾਨ ਮੌਕੇ ਤੇ ਜਾ ਕੇ ਕਰਨਗੇ।"

ਜੇ ਵਾਕਿਆ ਨਹੀ ਹੋਇਆ ਤਾਂ ਐਸ. ਡੀ. ਐਮ. ਅਤੇ ਡੀ. ਐਸ. ਪੀ. ਕਿਸ ਵਾਸਤੇ ਉਥੇ ਜਾਣਗੇ ?

ਦੂਸਰੀ ਗੱਲ ਇਹ ਹੈ ਕਿ ਜਿਹੜੀ ਉਥੇ ਫਾਇਰਿੰਗ ਹੋਈ ਹੈ ਭਾਵੇਂ ਸੈਲਫ ਡਿਫੈਂਸ ਵਾਸਤੇ ਹੋਈ ਹੈ ਤਾਂ ਕੀ ਕਿਸੇ ਨੂੰ ਇਸ ਕੇਸ ਵਿਚ ਥਾਣੇ ਵਿਚ ਬੁਲਾਇਆ ਗਿਆ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੇ ਗਿਆਤ ਵਾਸਤੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੋ ਜਵਾਬ ਵਿਚ ਲਿਖਿਆ ਹੈ ਉਹ ਇਕ ਜਨਰਲ ਚੀਜ਼ ਹੈ। ਇਸ ਸਵਾਲ ਨੂੰ ਇਸ ਖਿਆਲ ਨਾਲ ਨਹੀਂ ਵੇਖਣਾ ਚਾਹੀਦਾ ਕਿ ਹਰੀਜਨਾਂ ਔਰ ਜ਼ਿਮੀਦਾਰਾਂ ਦਾ ਕੋਈ ਝਗੜਾ ਹੈ, ਕੁਝ ਵਿਅਕਤੀਆਂ ਦਾ ਆਪਸ ਵਿਚ ਝਗੜਾ ਹੋ ਸਕਦਾ ਹੈ। ਇਸ ਜਵਾਬ ਵਿਚ ਇਕ ਜਨਰਲ ਗਲ ਦੱਸੀ ਗਈ ਹੈ। ਦੂਸਰੇ ਇਹ ਕਿ ਐਸ. ਡੀ. ਐਮ. ਔਰ ਡੀ. ਐਸ. ਪੀ. ਮੌਕੇ ਤੇ ਜਾਇਆ ਕਰਨਗੇ ਇਸ ਦਾ ਮਤਲਬ ਵੀ ਇਸ ਕੇਸ ਨਾਲ ਤੁਅਲਕ ਨਹੀਂ ਰਖਦਾ, ਇਸ ਗਲ ਦਾ ਤੁਅਲਕ ਜਨਰਲ ਹੈ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹਰੀਜਨਾਂ ਤੇ ਜਿਹੜੀਆਂ ਅਤਿਆਚਾਰ ਦੀਆਂ ਘਟਨਾਵਾਂ ਵੱਧ ਰਹੀਆਂ ਹਨ ਉਸ ਦੇ

Original with;
Punjab Vidhan Sabha
Digitized by;
Panjab Digital Library

ਵਾਸਤੇ ਇਨ੍ਹਾਂ ਨੇ ਦੱਸਿਆ ਹੈ ਕਿ ਉਥੋਂ ਦੇ ਲੋਕਲ ਐਸ ਡੀ ਐਮ. ਜਾਂ ਡੀ. ਐਸ. ਪੀ. ਇਨਕੁਆਇਰੀ ਵਾਸਤੇ ਜਾਇਆ ਕਰਨਗੇ। ਉਨ੍ਹਾਂ ਦੇ ਜਾਣ ਨਾਲ ਇਨ੍ਹਾਂ ਬੰਦਿਆਂ ਨੂੰ ਇਨਸਾਫ ਨਹੀਂ ਮਿਲ ਸਕਦਾ, ਕੀ ਮੁੱਖ ਮੰਤਰੀ ਸਾਹਿਬ ਕੋਈ ਉਚ ਪੱਧਰ ਦੀ ਕਮੇਟੀ ਬਣਾ ਕੇ ਹਰੀਜਨਾਂ ਤੇ ਜੋ ਅੱਤਿਆਚਾਰ ਹੋ ਰਹੇ ਹਨ ਉਨ੍ਹਾਂ ਦੀ ਇਨਕੁਆਇਰੀ ਕਰਾਉਣਗੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜੋ ਸਵਾਲ ਉਠਾਇਆ ਹੈ ਉਸ ਬਾਰੇ ਮੈਂ ਇੰਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੋਈ ਐਸੀ ਕਮੇਟੀ ਤਾਂ ਬਣਾਈ ਜਾ ਸਕਦੀ ਹੈ ਜਿਹੜੀ ਇਨ੍ਹਾਂ ਵਾਰਦਾਤਾਂ ਨੂੰ ਰੋਕਣ ਲਈ ਕਿਹੜੇ ਤਰੀਕੇ ਇਸਤੇਮਾਲ ਕੀਤੇ ਜਾ ਸਕਦੇ ਹਨ ਉਹ ਦੱਸੇ ਅਤੇ ਉਨ੍ਹਾਂ ਉਤੇ ਵਿਚਾਰ ਕੀਤੀ ਜਾ ਸਕਦੀ ਹੈ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਦਾ ਇਰਾਦਾ ਤਾਂ ਬੜਾ ਚੰਗਾ ਹੈ ਪਰ ਬਦਕਿਸਮਤੀ ਇਹ ਹੈ ਕਿ ਰਾਸ਼ਟਰਪਤੀ ਰਾਜ ਵਿਚ ਜਿਹੜਾ ਇਥੇ ਆਈ. ਜੀ. ਲਾਇਆ ਉਹ ਕਤਲ ਕਰਾਉਣ ਵਿਚ ਬੜਾ ਐਕਸਪਰਟ ਹੈ, ਕਰਨਾਲ ਵਿਚ ਵੀ ਉਸ ਨੇ ਕਤਲ ਕਰਵਾਇਆ ਸੀ। ਦਿਨੋਂ ਦਿਨ ਪੰਜਾਬ ਵਿਚ ਹੁਣ ਵੀਕਰ ਸੈਕਸ਼ਨ ਤੇ ਜ਼ਿਆਦਤੀਆਂ ਵੱਧ ਰਹੀਆਂ ਹਨ ਔਰ ਔਰਤਾਂ ਦੇ ਕੇਸਿਜ਼, ਰੇਪ ਦੇ ਕੇਸਿਜ਼ ਜ਼ਿਆਦਾ ਹੋ ਰਹੇ ਹਨ। ਫਿਰ ਹਰੀਜਨ ਲਫਜ਼ ਜਿਹੜਾ ਸੀ ਉਹ ਕਾਂਗਰਸ ਸਰਕਾਰ ਨੇ ਲਾਇਆ ਸੀ ਪਰ ਪਿਛਲੀ ਸਰਕਾਰ ਨੇ ਇਹ ਹਰੀਜਨ ਲਫਜ਼ ਬਦਲ ਕੇ ਅਨੁਸੂਚਿਤ ਜਾਤੀਆਂ ਦਾ ਲਫਜ਼ ਕਰ ਦਿਤਾ ਸੀ। ਇਕ ਤਾਂ ਕੀ ਇਹ ਹਦਾਇਤ ਕਰਨਗੇ ਕਿ ਹਰੀਜਨ ਦੀ ਥਾਂ ਤੇ ਅਨੁਸੂਚਿਤ ਜਾਤੀਆਂ ਦਾ ਲਫਜ਼ ਪੜ੍ਹਿਆ ਜਾਇਆ ਕਰੇ? ਔਰ ਦੂਸਰਾ ਇਸ ਮਾਮਲੇ ਨੂੰ ਨਜਿੱਠਣ ਲਈ ਜਿਹੜਾ ਕਿ ਹਸਨਪੁਰ ਵਿਚ ਕੇਸ ਹੋਇਆ ਹੈ ਜਿਵੇਂ ਸਾਡੇ ਸੈਂਟਰਲ ਸਰਕਾਰ ਦੇ ਹੋਮ ਮਨਿਸਟਰ, ਗਿਆਨੀ ਜ਼ੈਲ ਸਿੰਘ ਅਤੇ ਇੰਦਰਾ ਗਾਂਧੀ ਨੇ ਆਪ ਜਾ ਕੇ ਇਸ ਤਰ੍ਹਾਂ ਦੇ ਮਾਮਲਿਆਂ ਦੀ ਪੜਤਾਲ ਕੀਤੀ ਹੈ ਕੀ ਸਾਡੇ ਚੀਫ ਮਨਿਸਟਰ ਸਾਹਿਬ ਵੀ ਹਸਨਪੁਰ ਦੇ ਕੇਸ ਵਿਚ ਆਪ ਜਾਕੇ ਮੌਕੇ ਤੇ ਇਨਕੁਆਇਰੀ ਕਰਨਗੇ ਤਾਂਕਿ ਅਸਲੀਅਤ ਦਾ ਪਤਾ ਲਗ ਸਕੇ ਕਿ ਪੁਲਿਸ ਨੇ ਆਪ ਗੋਲੀ ਚਲਾਈ ਹੈ ਜਾਂ ਲੈਂਡ ਲਾਰਡਜ਼ ਨੇ ਸੈਲਫ ਡਿਫੈਂਸ ਵਿਚ ਗੋਲੀ ਚਲਾਈ ਹੈ। ਫਿਰ ਇਸ ਤੇ ਕੋਈ ਐਕਸ਼ਨ ਵੀ ਨਹੀਂ ਹੋਇਆ, ਇਨ੍ਹਾਂ ਨੇ ਜਵਾਬ ਵਿਚ ਦੱਸ ਦਿਤਾ ਕਿ ਅਸੀਂ ਜਨਰਲ ਹਦਾਇਤ ਕਰ ਦਿਤੀ ਹੈ। ਕੀ ਇਹ ਐਸ. ਡੀ. ਐਮ. ਜਾਂ ਡੀ. ਐਸ. ਪੀ. ਨੂੰ ਹਦਾਇਤ ਕਰਨ ਦੀ ਬਜਾਏ ਆਪ ਜਾ ਕੇ ਮੌਕੇ ਤੇ ਇਨਕੁਆਇਰੀ ਕਰਨਗੇ ? ਕਾਂਗਰਸ ਸਰਕਾਰ ਤਾਂ ਸ਼ੈਡਿਊਲਡ ਕਾਸਟਸ ਦੀ ਠੇਕੇਦਾਰ ਬਣੀ ਹੋਈ ਹੈ ਪਰ ਇਨ੍ਹਾਂ ਦੇ ਰਾਜ ਵਿਚ ਇਨ੍ਹਾਂ ਲੋਕਾਂ ਤੇ ਜ਼ੁਲਮ ਵੱਧ ਰਹੇ ਹਨ ।

**Mr. Speaker :** Question Hour is for seeking information.

**ਕਾਮਰੇਡ ਸੋਹਨ ਸਿੰਘ :** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਤਕਰੀਬਨ 75% ਕਾਰਖਾਨੇ ਬੰਦ ਪਏ ਹਨ, ਮੈਂ ਆਪ ਮਜ਼ਦੂਰ ਹਾਂ ਅਤੇ ਲੂਣ ਦਾ ਕੰਮ ਕਰਨਾ ਵਾਲਾ ਹਾਂ, ਕੀ ਇਹ ਹਾਊਸ ਨੂੰ ਜਾਣਕਾਰੀ ਦੇਣਗੇ ...... (ਵਿਘਨ)

**ਸ੍ਰੀ ਸਪੀਕਰ :** ਇਸ ਕੁਐਸਚਨ ਦੇ ਮੁਤੱਲਕ ਕੋਈ ਸਪਲੀਮੈਂਟਰੀ ਕਰਨਾ ਚਾਹੁੰਦੇ ਹੋ ਤਾਂ ਕਰੋ। (ਵਿਘਨ) ਇਹ ਸਪਲੀਮੈਂਟਰੀ ਨਹੀਂ ਹੈ। ਸਪਲੀਮੈਂਟਰੀ ਸਬੰਧਤ ਕੁਐਸਚਨ ਨੂੰ ਰਿਲੇਟ ਕਰਦਾ ਹੋਣਾ ਚਾਹੀਦਾ ਹੈ। (ਵਿਘਨ)

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਜਿਹੜਾ ਜਵਾਬ ਦਿੱਤਾ ਹੈ, ਮੈਂ ਸਮਝਦਾ ਹਾਂ ਕਿ ਮੈਂ ਗਵਾਂਢੀ ਹਲਕੇ ਨੂੰ ਰਿਪਰਜ਼ੈਂਟ ਕਰਦਾ ਹਾਂ ਵੈਸੇ ਖਿਆਲਾ ਸਾਹਿਬ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਦਾ ਇਹ ਹਲਕਾ ਹੈ, ਮੈਂ ਉਸ ਦੇ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਮਾਮਲੇ ਦੀ ਦੁਬਾਰਾ ਕੋਈ ਪੜਤਾਲ ਕਰਾਉਣਗੇ ਕਿਉਂਕਿ ਜਵਾਬ ਕੋਈ ਸੈਟਿਸਫੈਕਟਰੀ ਨਹੀਂ ਹੈ। ਅਫਸ਼ਰਸ਼ਾਹੀ ਨੇ ਗੋਲ ਮੋਲ ਜਿਹਾ ਜਵਾਬ ਤਿਆਰ ਕਰਕੇ ਭੇਜ ਦਿੱਤਾ ਹੈ। ਕੀ ਇਹ ਦੁਬਾਰਾ ਬਕਾਇਦਾ ਤੌਰ ਤੇ ਸੀ. ਆਈ. ਡੀ. ਤੋਂ ਜਾਂ ਕਿਸੇ ਹੋਰ ਏਜੰਸੀ ਤੋਂ ਇਨਕੁਆਇਰੀ ਕਰਾਉਣ ਨੂੰ ਤਿਆਰ ਹਨ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਜਵਾਬ ਕਲੀਅਰ ਦਿੱਤਾ ਗਿਆ ਹੈ ਔਰ ਕੋਈ ਗੋਲ ਮੋਲ ਗਲ ਨਹੀਂ ਕੀਤੀ ਗਈ ਜਾਂ ਕੋਈ ਗੱਲ ਲੁਕੋ ਕੇ ਨਹੀਂ ਰਖੀ। ਫਿਰ ਵੀ ਜੇ ਮੈਂਬਰ ਸਾਹਿਬ ਚਾਹੁਣ ਤਾਂ ਦੁਬਾਰਾ ਵੀ ਇਨਕੁਆਇਰੀ ਕਰਵਾਈ ਜਾ ਸਕਦੀ ਹੈ। ਐਸੀ ਕੋਈ ਗਲ ਨਹੀਂ ਹੈ।

**ਸਰਦਾਰ ਸੁਰਿੰਦਰ ਸਿੰਘ ਕੈਰੋਂ**: ਸਪੀਕਰ ਸਾਹਿਬ, ਅਸੈਂਬਲੀ ਨੂੰ ਇਕ ਫੋਰਮ ਬਣਾਇਆ ਜਾ ਰਿਹਾ ਹੈ ਇਹੋ ਜਿਹੀਆਂ ਗੱਲਾਂ ਵਾਸਤੇ। (ਵਿਘਨ) ਪਿਛਲੀ ਸਰਕਾਰ ਦੇ ਵੇਲੇ ਹਰੀਜਨਾਂ ਤੇ ਇਤਨੇ ਧੱਕੇ ਹੋਏ, ਜ਼ਿਆਦਤੀਆਂ ਹੋਈਆਂ ਕੀ ਪਿਛਲੀ ਸਰਕਾਰ ਨੇ ਕੋਈ ਇਨਕੁਆਇਰੀ ਡੀ. ਐਸ. ਪੀ. ਤੋਂ ਜਾਂ ਐਸ. ਡੀ. ਐਮ. ਤੋਂ ਕਰਵਾਈ ਸੀ ਜਾਂ ਕੋਈ ਕਮੇਟੀ ਬਣਾਈ ਸੀ ? (ਵਿਘਨ)

**ਸ੍ਰੀ ਸਪੀਕਰ**: ਇਹ ਕੋਈ ਸਪਲੀਮੈਂਟਰੀ ਨਹੀਂ ਹੈ। Next question.

---

## ਧਾਰੀਵਾਲ ਮਿਉਂਸਪਲ ਕਮੇਟੀ ਦੇ ਪ੍ਰਧਾਨ ਵਿਰੁਧ ਸ਼ਿਕਾਇਤ

*33. **ਕਾਮਰੇਡ ਰਾਜ ਕੁਮਾਰ**: ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਮਿਉਂਸਪਲ ਕਮੇਟੀ, ਧਾਰੀਵਾਲ ਦੇ ਤਿੰਨ ਮਿਉਂਸਪਲ ਕਮਿਸ਼ਨਰਾਂ ਨੇ ਨਵੰਬਰ, 1979 ਵਿਚ ਡਾਇਰੈਕਟਰ, ਸਥਾਨਕ ਸਵੈ ਸ਼ਾਸ਼ਨ, ਪੰਜਾਬ ਨੂੰ ਮਿਉਂਸਪਲ ਕਮੇਟੀ ਧਾਰੀਵਾਲ ਦੇ ਪ੍ਰਧਾਨ ਵਿਰੁੱਧ ਉਸ ਵਲੋਂ ਆਪਣੇ ਅਧਿਕਾਰਾਂ ਦਾ ਗਲਤ ਇਸਤੇਮਾਲ ਅਤੇ ਕੁਵਰਤੋਂ ਕਰਨ ਸਬੰਧੀ ਕੋਈ ਸ਼ਿਕਾਇਤ ਮਿਲੀ, ਜੇਕਰ ਅਜਿਹਾ ਹੋਵੇ, ਤਾਂ ਉਸ ਸ਼ਿਕਾਇਤ ਦੇ ਵੇਰਵੇ ਕੀ ਹਨ;

(ਅ) ਕੀ ਉਕਤ ਸ਼ਿਕਾਇਤ ਵਿਚ ਵਰਣਿਤ ਦੋਸ਼ਾਂ ਦੀ ਕੋਈ ਪੜਤਾਲ ਕੀਤੀ ਗਈ ਹੈ; ਜੇਕਰ ਅਜਿਹਾ ਹੈ, ਤਾਂ ਪੜਤਾਲੀਆ ਅਫਸਰ ਦੇ ਸਿੱਟੇ ਕੀ ਹਨ, ਜੇਕਰ ਹੁਣ ਤਕ ਕੋਈ ਪੜਤਾਲ ਨਹੀਂ ਕੀਤੀ ਗਈ ਤਾਂ ਉਸਦੇ ਕੀ ਕਾਰਣ ਹਨ ?

**ਡਾਕਟਰ ਕੇਵਲ ਕ੍ਰਿਸ਼ਨ**: (ੳ) ਹਾਂ ਜੀ, ਸ਼ਿਕਾਇਤ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਹਾਂ ਜੀ, ਇਨਕੁਆਇਰੀ ਸੰਯੁਕਤ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਵਲੋਂ ਕੀਤੀ ਜਾ ਰਹੀ ਹੈ ਅਤੇ ਉਸਦੀ ਰਿਪੋਰਟ ਦੀ ਉਡੀਕ ਹੈ।

Original with;
Punjab Vidhan Sabha
Digitized by;
Panjab Digital Library

## ANNEXURE 'A'

From
Dharmendra Nath, Dr. Vidya Bhushan Dugal and Roop Chand,
Municipal Commissioners, Dhariwal, Municipal Committee, Dhariwal,
(District Gurdaspur).

To
The Director,
Local Self-Government, Punjab,
Chandigarh.

*Subject.*—Complaint against Shri Prabh Dyal, President, Municipal Committee, Dhariwal on abuse and misuse of the powers and position of President.

Sir,

We, the signatories of the following paragraphs representing more than half population of the town, have been compelled to draw the attention of the Government to matters of urgent public importance, namely the gross misuse of power and position of the President by Shri Prabh Dyal which is resulting in a steep fall of the credibility of the Municipal Committee in the estimation of the people. We mention below some of his known acts of misconduct and flagrant abuse of his position as member and President.

**1. Use of Sullage Water belonging to Municipal Committee without any payment :**

He is irrigating his agricultural land situated in Ward No. 11 (eleven) by diverting the out fall drain carrying sullage water of Ward Nos. 10, 11 and 12 into his fields without obtaining permission of, and payment to, the municipality.

**2. Evasion of House Tax Payments :**

He is general attorney in respect of very big immovable property in Dhariwal Municipal limits of his sons, brothers, sons of his brothers etc. etc., of whom some reside here and others far away from here. As general Attorney for all of them, Shri Prabh Dyal owes to Municipal Committee, Dhariwal a large sum of House Tax since quite sometime. Instead of straight away making payments of the arrears of house tax due against him as general attorney he involved the Municipal Committee in expensive litigation up to High Court and deposit loosing his case against the Municipal Committee and order of the High Court to deposit all arrears of house tax, he has not done so and thus through misuse of his position as President of Municipal Committee has been guilty of misconduct and been responsible for the loss of committee money. This is in a way a clear temporary embezzlement of committee money or its mis-application.

**3. Misconduct in carrying on the Business of the Meetings of the Committee as Chairman**

(a) On 31st August, 1979 six Municipal Commissioners gave a requisition notice for the purpose of holding a meeting to discuss nine Municipal matters of urgent public importance. He was required to call the meeting of the Municipal Committee under sub clause 3 of section 25 of the Punjab Municipal Act, but he failed to do so. Inspite of repeated reminders, requests and even protests he acted in this manner to avoid discussion in the committee about items of the requisition which are in convenient to him, particularly item No. 4. After lapse of a period of approximately three months and vehement protests during the intervening meetings of the Committee, the requisition was brought on the Agenda without inscribing each item on record separately.

(b) In special meeting of the Municipal Committee on 27th November, 1979 on reaching item No. 4 of the requisition, the President abruptly adjourned the meeting by falsely recording in the proceedings that quorum necessary for the transaction of the business at the meeting had ceased to exist. In fact necessary quorum for the transaction of business was present. The President acted as such to avoid mention of his name on record of the proceedings as defaulter and evader of house tax.

(c) On 19th October, 1979 the President adjourned the meeting of the Committee again by falsely recording in the proceeding that quorum necessary for the transaction of the business did not exist. He refused to mark attendance of all the six members belong-

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ging to Sanjha Morcha who were present. A telegram to this effect was immediately sent at your address, besides the Deputy Director, Local Bodies, Amritsar and the Executive Officer, Municipal Committee, Dhariwal. A letter in confirmation of the same was sent on 31st October, 1979.

(d) Against age long practice of giving the record of proceedings to the members, in advance, before the date of confirmation of the recorded proceedings in the subsequent meetings, Shri Prabh Dyal, President has stopped the practice and to cap this un-democratic practice, he invariably does not cause the reading of the record of the proceedings for confirmation in the meeting. This practice is unfair and un-democratic. It led to vehement protest in some of the meetings. The President invariably fails to record our protests, walk-outs etc. in the record of the proceedings.

**4. A Convict of Chief Constituting Act of Moral Turpitude**

(a) Till year 1975-76 Shri Prabh Dyal son of Shri Charan Dass (Now President, Municipal Committee, Dhariwal) was a licenced Cement dealer in the town. As a result of a case of abuse and misuse even misapplication of the provisions of Essential Commodities Act, his licence was cancelled. He was punished with a day's internment in Court room till the rising of the court and was bound down against surety for good conduct for a year. This in our opinion is a defect of character which renders him unfit to be President or even to be member of the Municipal Committee.

(b) He fraudulently obtained from the Municipal Committee a no due certificate at the time of Municipal Elections, though he was and is liable to pay large arrears of house tax of the portions mentioned in the paragraph No. 2 of this memorandum. The fraudulent practice on his part is sufficient for his disqualification to be President or even to remain a member of the Municipal Committee.

5. In view of the obvious seriousness and importance of the charges against the President, Municipal Committee, Dhariwal, it is requested that the Government may be pleased to order immediate enquiry against him through an officer of known high integrity.

With regards.

Yours faithfully,

1. Sd/-Dr. Dharmendra Nath, M. C., Dhariwal.
2. Sd/-Vidyabhushan Duggal, M. C., Dhariwal.
3. Sd/-Roop Chand Sood, M. C., Dhariwal.

Dhariwal,

Dated :

Copy to—

Deputy Director, Local Bodies, Amritsar, for information.

Secretary to Govt. of Punjab, Local Self Govt. Deptt., Chandigarh.

Minister, Local Govt. Deptt., Punjab, Chandigarh.

Office Copy.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਨਵੰਬਰ, 1979 ਦੇ ਵਿਚ ਧਾਰੀਵਾਲ ਮਿਉਂਸਪਲ ਕਮੇਟੀ ਦੇ ਪ੍ਰਧਾਨ ਦੇ ਖਿਲਾਫ ਅਬਿਊਜ਼ਿਜ਼ ਆਫ ਪਾਵਰਜ਼, ਕੁਰੱਪਸ਼ਨ ਅਤੇ ਹੋਰ ਅਜਿਹੀਆਂ ਚੀਜ਼ਾਂ ਦਾ ਇਕ ਮੈਮੋਰੰਡਮ ਉਥੇ ਦੇ ਤਿੰਨ ਮਿਉਂਸਪਲ ਕਮਿਸ਼ਨਰਾਂ ਨੇ ਦਿਤਾ ਸੀ ਜਿਸ ਦਾ ਵਿੱਤ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਜੁਆਇੰਟ ਡਾਇਰੈਕਟਰ ਇਨਕੁਆਇਰੀ ਤੇ ਲਗਾ ਦਿਤਾ ਹੈ । ਮੈਂ ਵਿੱਤ ਮੰਤਰੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਨਵੰਬਰ, 1979 ਦੀ ਕੰਪਲੇਂਟ ਦੇ ਉਤੇ ਇਨ੍ਹਾਂ ਨੇ ਜੁਆਇੰਟ ਡਾਇਰੈਕਟਰ ਨੂੰ ਕਿਸ ਤਾਰੀਖ ਨੂੰ ਨਿਯੁਕਤ ਕੀਤਾ ਹੈ, ਦੂਸਰਾ ਉਸ ਜੁਆਇੰਟ ਡਾਇਰੈਕਟਰ

Original with;
Punjab Vidhan Sabha
Digitized by;
Panjab Digital Library

ਨੇ ਕਿੰਨੀਆਂ ਸਿਟਿੰਗਜ਼ ਕੀਤੀਆਂ ਹਨ ਔਰ ਤੀਸਰਾ ਕੀ ਉਸ ਨੇ ਕੋਈ ਆਪਣਾ ਇਨਟੈਰਿਮ ਰਿਪ-ਲਾਈ ਦਿੱਤਾ ਹੈ ; ਜੇ ਦਿੱਤਾ ਹੈ ਤਾਂ ਇਸ ਸਾਰੀ ਡੀਲੇਅ ਦਾ ਕਾਰਨ ਕੀ ਹੈ ?

**ਮੰਤਰੀ :** ਸਪੀਕਰ ਸਾਹਿਬ, ਉਨ੍ਹਾਂ ਦੀ ਸ਼ਿਕਾਇਤ ਨਵੰਬਰ ਵਿਚ ਭੇਜੀ ਹੋਈ ਹੋ ਸਕਦੀ ਹੈ ਪਰ ਇਹ 15 ਦਸੰਬਰ, 1979 ਨੂੰ ਦਫਤਰ ਵਿਚ ਮਿਲੀ ਹੈ ਔਰ ਉਸ ਨੂੰ ਫੌਰਨ ਭੇਜ ਦਿਤਾ ਗਿਆ ਹੈ। ਡਿਪਟੀ ਡਾਇਰੈਕਟਰ ਰਿਜਨਲ, ਅੰਮ੍ਰਿਤਸਰ ਨੂੰ ਉਹ ਸ਼ਿਕਾਇਤ ਭੇਜ ਦਿੱਤੀ ਹੈ ਕਿ ਇਸ ਦੀ ਇਨਕੁਆਇਰੀ ਕੀਤੀ ਜਾਵੇ। ਉਹ ਇਨਕੁਆਇਰੀ ਕਰਾਉਣ ਵਾਸਤੇ ਉਨ੍ਹਾਂ ਨੇ 20 ਜਨਵਰੀ, 1980 ਨੂੰ ਈ. ਓ. ਨੂੰ ਨੋਟਿਸ ਦਿੱਤਾ ਹੈ ਕਿ ਉਹ 15 ਦਿਨਾਂ ਦੇ ਅੰਦਰ ਅੰਦਰ ਇਨਕੁਆਇਰੀ ਕਰਕੇ ਭੇਜ ਦੇਵੇ ਪਰ ਉਨ੍ਹਾਂ ਨੇ ਨਹੀਂ ਭੇਜੀ। ਮਿਤੀ 13 ਫਰਵਰੀ, 1980 ਨੂੰ ਅਤੇ 26 ਫਰਵਰੀ, 1980 ਨੂੰ ਰੀਮਾਈਂਡਰ ਵੀ ਦਿੱਤੇ ਗਏ ਪਰ ਮੈਨੂੰ ਇਹ ਕਹਿੰਦਿਆਂ ਬੜਾ ਅਫਸੋਸ ਹੁੰਦਾ ਹੈ ਕਿ ਉਸ ਵੇਲੇ ਦੀ ਸਰਕਾਰ ਨੇ ਇਸ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਦਿਤਾ। ਚੇਅਰਮੈਨ ਸਾਹਿਬ ਨੂੰ ਈ. ਓ. ਨੇ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਇਹ ਮਾਮਲਾ ਤੇਰੇ ਖਿਲਾਫ ਹੈ ਦੱਸ ਤੂੰ ਕੀ ਕਹਿਣਾ ਹੈ। ਉਸ ਤੇ ਈ. ਓ. ਸਾਹਿਬ ਨੇ ਕੁਮੈਂਟ ਕਰਕੇ ਡਿਪਟੀ ਡਾਇਰੈਕਟਰ, ਅੰਮ੍ਰਿਤਸਰ ਜੋ ਸੀ ਉਸ ਨੂੰ ਰਿਪਲਾਈ ਕਰ ਦਿੱਤਾ ਅਤੇ ਉਹ ਮੈਂ ਜਦੋਂ ਸਾਰਾ ਕੁਝ ਦੇਖਿਆ ਤਾਂ ਉਸ ਤੇ ਮੈਂ ਸੈਟਿਸਫਾਈ ਨਹੀਂ ਹੋਇਆ। ਮੈਂ ਦੁਬਾਰਾ ਜੁਆਇੰਟ ਡਾਇਰੈਕਟਰ ਨੂੰ ਆਦੇਸ਼ ਦਿੱਤਾ ਹੈ ਕਿ ਉਹ 10 ਦਿਨਾਂ ਦੇ ਅੰਦਰ ਅੰਦਰ ਇਨਕੁਆਇਰੀ ਕਰਕੇ ਫੌਰਨ ਰਿਪੋਰਟ ਭੇਜੇ। ਮੈਨੂੰ ਇਹ ਪਤਾ ਹੈ ਕਿ delay breads corruption. ਮੇਰਾ ਆਪਣਾ ਵਿਚਾਰ ਹੈ ਕਿ ਕੰਮ ਇਸ ਢੰਗ ਨਾਲ ਹੋਣਾ ਚਾਹੀਦਾ ਹੈ ਕਿ ਡੀਲੇਅ ਨਾ ਹੋਵੇ। ਜੋ ਕੁਰੱਪਸ਼ਨ ਚਾਰਜਿਜ਼ ਹੋਣ ਉਨ੍ਹਾਂ ਦਾ ਫੈਸਲਾ ਜਲਦੀ ਤੋਂ ਜਲਦੀ ਹੋਣਾ ਚਾਹੀਦਾ ਹੈ। ਮੈਂ ਇਸ ਹਾਊਸ ਨੂੰ ਯਕੀਨ ਦਿਲਾਉਂਦਾ ਹਾਂ ਕਿ ਜਿਸ ਵੇਲੇ ਜੁਆਇੰਟ ਡਾਇਰੈਕਟਰ ਦੀ ਰਿਪੋਰਟ ਆ ਜਾਏਗੀ ਉਸ ਤੇ ਫੌਰਨ ਐਕਸ਼ਨ ਲਿਆ ਜਾਏਗਾ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਇਨ੍ਹਾਂ ਦੇ ਕਹਿਣ ਦੇ ਮੁਤਾਬਿਕ ਪਿਛੇ ਤਾਂ ਢਿਲ ਹੋ ਗਈ ਪਰ ਕੀ ਇਹ ਸਰਕਾਰ ਹਾਊਸ ਨੂੰ ਦੁਬਾਰਾ ਯਕੀਨ ਦਿਲਾਏਗੀ ਕਿ ਇਕ ਹਫਤੇ ਦੇ ਅੰਦਰ ਅੰਦਰ ਇਨਕੁਆਇਰੀ ਕਰਾ ਕੇ ਹਾਊਸ ਨੂੰ ਦਸਿਆ ਜਾਏਗਾ ?

**ਮੰਤਰੀ :** ਮੈਂ 10 ਦਿਨਾਂ ਦਾ ਸਮਾਂ ਦਿੱਤਾ ਹੈ। 10 ਦਿਨਾਂ ਬਾਅਦ ਉਨ੍ਹਾਂ ਦੀ ਰਿਪੋਰਟ ਆ ਜਾਏਗੀ। ਮੈਂ ਯਕੀਨ ਦਿਲਾਉਂਦਾ ਹਾਂ ਕਿ ਜਿਹੜੀ ਵੀ ਰਿਪੋਰਟ ਆਏਗੀ ਉਸ ਤੇ ਸਰਕਾਰ ਛੇਤੀ ਤੋਂ ਛੇਤੀ ਐਕਸ਼ਨ ਲਵੇਗੀ। ਜਿਨ੍ਹਾਂ ਨੇ ਅਣਗਹਿਲੀ ਕੀਤੀ ਹੋਵੇਗੀ ਉਨ੍ਹਾਂ ਦੋਸ਼ੀਆਂ ਨੂੰ ਜ਼ਰੂਰ ਸਜ਼ਾ ਦਿੱਤੀ ਜਾਏਗੀ।

---

### Spur washed away on River Ravi near Chakri, Tehsil and District Gurdaspur

*34. **Comrade Raj Kumar** : Will the Chief Minister be pleased to state:—

(a) whether during July, 1979 any spur on River Ravi near Chakri, Tehsil and District Gurdaspur was washed away or partially damaged; if so, the extent of the damage ;

(b) whether the spur was repaired or rebuilt, if so, the total amount spent thereon alongwith the detailed information about the contractor who executed the work ;

Original with;
Punjab Vidhan Sabha
Digitized by;
Panjab Digital Library

[Comrade Raj Kumar]

(c) whether any Officer/Officers of the Gurdaspur Drainage Division of Amritsar Drainage Circle were charge-sheeted for over spending on repairs of the spur and transfer orders were passed; if so, their names and the exact amount over spent alongwith the details of the other action taken in the matter ?

**Sardar Darbara Singh :** (a) Yes. The Cross Spur at R.D. 4600 of Main Chakri Spur near village Chakri was partially damaged during the floods of July and August, 1979. The damage is being assessed.

(b) Yes, the cross spur was repaired. The estimated expenditure has been Rs. 3,71,688.

The payment has been made to the contractor Shri Ranjit Kumar Verma for supply of boulder Rs. 1.41 lacs and for work done Rs. 0.64 lacs and Shri Vijay Kumar for supply of boulder Rs. 0.61 lacs.

(c) No. No officer/official has been transferred or charge-sheeted as a result of this case.

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਵਿਚ ਜੁਲਾਈ, 1979 ਵਿਚ ਰਿਵਰ ਰਾਵੀ ਅਤੇ ਚਕਰੀ ਦਾ ਸਪੱਰ ਡੈਮੇਜ ਹੋ ਗਿਆ ਸੀ। ਉਸ ਦਾ ਚੀਫ ਮਨਿਸਟਰ ਸਾਹਿਬ ਨੇ ਉੱਤਰ ਦਿੱਤਾ ਹੈ ਕਿ ਉਹ ਰਿਪੇਅਰ ਹੋ ਗਿਆ ਹੈ ਔਰ ਉਸ ਤੇ 3,71,688 ਰੁਪਏ ਖਰਚ ਆਇਆ ਹੈ। ਮੈਂ ਮੁੱਖ ਮੰਤਰੀ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ 3,71,688 ਰੁਪਏ ਦਾ ਖਰਚ ਹੈ ਕੀ ਇਹ ਸਟੋਨ ਬੋਲਡਰਜ਼ ਦੀ ਕੀਮਤ ਹੈ ਜਿਹੜੇ ਉਥੇ ਡਾਪ ਕੀਤੇ ਗਏ ਹਨ ਜਾਂ ਕਿ ਇਹ ਜੋ ਐਂਟੀਸੀਪੇਟਿਡ ਖਰਚ ਸੀ ਉਹ ਹੈ ?

**ਮੁੱਖ ਮੰਤਰੀ :** ਜਿੰਨਾ ਖਿਆਲ ਸੀ ਕਿ ਇੰਨਾ ਖਰਚ ਆਏਗਾ ਉਸ ਤੋਂ ਵੀ ਜ਼ਿਆਦਾ ਖਰਚ ਆਇਆ ਹੈ।

**ਕਾਮਰੇਡ ਰਾਜ ਕੁਮਾਰ :** ਸ਼ਪੀਕਰ ਸਾਹਿਬ, ਮੈਂ ਸੁਆਲ ਇਹ ਪੁੱਛਣਾ ਹੈ ਕਿ ਇਹ ਜਿਹੜਾ 3,71,688 ਰੁਪਏ ਦਾ ਖਰਚਾ ਆਇਆ ਹੈ ਇਹ ਜੋ ਐਂਟੀਸੀਪੇਟਰੀ ਸੈਂਕਸ਼ਨ ਸੀ ਉਸੇ ਕੰਮ ਦਾ ਹੈ ਅਤੇ ਕੀ ਐਂਟੀਸੀਪੇਟਿਡ ਖਰਚੇ ਤੋਂ ਇਹ ਜ਼ਿਆਦਾ ਆਇਆ ਹੈ ਜਦ ਕਿ ਸੈਂਕਸ਼ਨ ਘੱਟ ਸੀ ?

**ਮੁੱਖ ਮੰਤਰੀ :** ਮੈਂ ਤਾਂ ਇਹ ਅਰਜ਼ ਕੀਤੀ ਹੈ ਕਿ ਖਰਚ ਐਂਟੀਸਿਪੇਟਰੀ ਸੈਂਕਸ਼ਨ ਨਾਲੋਂ ਜ਼ਿਆਦਾ ਹੋਇਆ ਹੈ।

**ਕਾਮਰੇਡ ਸਰਵਣ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਥੇ ਇਕ ਲੱਖ ਕਿਊਬਿਕ ਫੁੱਟ ਪੱਥਰ ਲਾਉਣ ਵਾਸਤੇ 2 ਚਿੱਠੀਆਂ ਇਸ਼ੂ ਕੀਤੀਆਂ ਗਈਆਂ ਇਕ 9 ਅਗਸਤ, 1979 ਨੂੰ ਅਤੇ ਦੂਜੀ 4 ਅਕਤੂਬਰ, 1979 ਨੂੰ ?

**ਮੁੱਖ ਮੰਤਰੀ :** ਚਿੱਠੀਆਂ ਬਾਰੇ ਤਾਂ ਇਸ ਵੇਲੇ ਮੇਰੇ ਪਾਸ ਕੋਈ ਇਤਲਾਹ ਨਹੀਂ ਅਗਰ ਮੈਂਬਰ ਸਾਹਿਬ ਕਹਿਣਗੇ ਤਾਂ ਉਹ ਵੀ ਦੱਸ ਦਿਆਂਗਾ।

**ਸਰਦਾਰ ਆਤਮਾ ਸਿੰਘ :** ਕੀ ਮੁੱਖ ਮੰਤਰੀ ਸਾਹਿਬ ਦੇ ਨੋਟਿਸ ਵਿਚ ਇਹ ਗਲ ਹੈ ਕਿ ਪਾਕਿਸਤਾਨ ਸਰਕਾਰ ਨੇ ਦਰਿਆ ਰਾਵੀ ਦਾ ਰਖ ਮੋੜਨ ਲਈ ਡੇਰਾ ਬਾਬਾ ਨਾਨਕ ਵਲ ਨਹਿਰ

Original with;
Punjab Vidhan Sabha
Digitized by;
Panjab Digital Library

ਪੱਟੀ ਹੈ ਅਤੇ ਉਸ ਨਹਿਰ ਦੇ ਪਾਣੀ ਆਉਣ ਨਾਲ ਜਿਹੜੇ ਉਸ ਇਲਾਕੇ ਦੇ ਪਿੰਡ ਹਨ ਉਨ੍ਹਾਂ ਨੂੰ ਖਤਰਾ ਹੈ; ਅਤੇ ਜੇ ਹੈ ਤਾਂ ਉਸ ਖਤਰੇ ਨੂੰ ਰੋਕਣ ਲਈ ਇਨ੍ਹਾਂ ਨੇ ਕੀ ਪ੍ਰਬੰਧ ਕੀਤਾ ਹੈ ?

**ਮੁੱਖ ਮੰਤਰੀ :** ਤੁਸੀਂ ਹੁਣ ਸੁਆਲ ਕੀਤਾ ਹੈ, ਮੈਂ ਸਾਰੀ ਜਾਂਚ ਕਰਵਾ ਕੇ ਜਿਥੇ ਵੀ ਮੈਂਬਰ ਸਾਹਿਬ ਮੁਨਾਸਿਬ ਸਮਝਣਗੇ, ਦੱਸ ਦਿਆਂਗਾ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਇਹ ਜਿਹੜਾ ਰਾਵੀ ਦਰਿਆ ਦਾ ਵਾਕਿਆ ਹੈ ਇਹ ਜੁਲਾਈ 1979 ਦਾ ਹੈ। ਸੀ. ਐਮ. ਸਾਹਿਬ ਨੇ ਕਿਹਾ ਹੈ ਕਿ damage is being assessed ਯਾਨੀ ਕਿੰਨਾ ਨੁਕਸਾਨ ਹੋਇਆ ਹਾਲੇ ਤੱਕ ਕੋਈ ਪਤਾ ਨਹੀਂ, 10 ਸਾਲਾਂ ਵਿੱਚ ਇਹ ਮਹਿਕਮਾ ਇਸ ਗਲ ਦੀ ਪੜਤਾਲ ਕਰੇਗਾ ਫਿਰ ਉਹ ਮਹਿਕਮਾ ਕਹੇਗਾ ਕਿ ਇਸਦੀ ਮੁਰੰਮਤ ਵਿੱਚ ਕਿਸੇ ਦੀ ਕੋਈ ਕੁਤਾਹੀ ਨਹੀਂ ਹੈ। ਨਾ ਕਿਸੇ ਨੂੰ ਕੋਈ ਚਾਰਜਸ਼ੀਟ ਕੀਤਾ ਹੈ ਅਤੇ ਨਾ ਹੀ ਕਿਸੇ ਦੀ ਤਬਦੀਲੀ ਕੀਤੀ ਹੈ। ਮੈਂ ਇਹ ਪੁੱਛਦਾ ਹਾਂ ਕਿ ਇਹ ਨੁਕਸਾਨ ਕਦ ਤਕ ਅਸੈਸ ਹੋ ਸਕੇਗਾ ਔਰ ਕਿਸ ਦੀ ਅਣਗਹਿਲੀ ਹੋਈ ਹੈ ? ਇਹ ਜਿਹੜਾ ਡਰੇਨੇਜ ਦਾ ਮਹਿਕਮਾ ਹੈ ਇਹ ਬਹੁਤ ਬਦਨਾਮ ਹੈ। ਲੁਧਿਆਣਾ ਵਿਚ ਸਤਲੁਜ ਬੰਧ ਟੁੱਟ ਗਿਆ ਸੀ ਉਸ ਦਾ ਕੁਝ ਨਹੀਂ ਸੀ ਕੀਤਾ ਗਿਆ। ਕੀ ਮੁੱਖ ਮੰਤਰੀ ਸਾਹਿਬ ਇਸ ਮਹਿਕਮੇਂ ਦੇ ਅਫਸਰ ਤੋਂ ਇਲਾਵਾ ਇਨਕੁਆਇਰੀ ਲਈ ਕੋਈ ਹੋਰ ਅਫਸਰ ਲਾਉਣਗੇ ਤਾਂ ਕਿ ਸਹੀ ਇਨਕੁਆਇਰੀ ਹੋ ਸਕੇ ? ਇਹ ਜਿਹੜਾ ਨੁਕਸਾਨ ਹੋਇਆ ਹੈ ਇਸ ਵਿਚ ਜ਼ਰੂਰ ਕੋਈ ਗਲ ਨਿਕਲੇਗੀ ?

(ਕੋਈ ਉੱਤਰ ਨਹੀਂ ਆਇਆ)

**ਸਰਦਾਰ ਸੁਰਿੰਦਰ ਸਿੰਘ ਕੈਰੋਂ :** ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ।

**ਸ੍ਰੀ ਸਪੀਕਰ :** ਕੁਐਸਚਨ ਆਵਰ ਵਿਚ ਪੁਆਇੰਟ ਆਫ ਆਰਡਰ ਨਹੀਂ ਹੋ ਸਕਦਾ।

**ਸਰਦਾਰ ਸੁਰਿੰਦਰ ਸਿੰਘ ਕੈਰੋਂ :** ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਦਾ ਹਾਂ ਜੀ। ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਜਿਹੜਾ ਜੁਲਾਈ, 1979 ਦਾ ਵਾਕਿਆ ਹੈ ਇਹ ਅਕਾਲੀ ਸਰਕਾਰ ਦੇ ਵੇਲੇ ਦਾ ਹੈ, ਸੱਪਰ ਡੈਮੇਜ ਹੋ ਗਿਆ ਇਸ ਵਿਚ ਕਿਸ ਦਾ ਹੱਥ ਹੈ ਔਰ ਕਿਸ ਦੀ ਜ਼ਿੰਮੇਵਾਰੀ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਸੁਆਲ ਦਾ ਜੋ ਮੈਂ ਜਵਾਬ ਦਿੱਤਾ ਹੈ ਉਸ ਦੇ ਵਿਚੋਂ ਤਾਂ ਇਹ ਉਠਦਾ ਨਹੀਂ। ਜਦ ਤਕ ਮੈਂ ਇਸ ਦਾ ਕੱਚਾ ਚਿੱਠਾ ਨਾ ਵੇਖ ਲਵਾਂ ਕਿ ਕਿਸ ਦੀ ਅਣਗਹਿਲੀ ਸੀ ਅਤੇ ਸਜ਼ਾ ਕਿਉਂ ਨਹੀਂ ਦਿੱਤੀ ਗਈ, ਉਦੋਂ ਤੱਕ ਮੈਂ ਕੁਝ ਨਹੀਂ ਕਹਿ ਸਕਦਾ। ਇਸ ਵਿਚ ਸਾਡਾ ਕਸੂਰ ਨਹੀਂ, ਪਿਛਲੀ ਸਰਕਾਰ ਨੇ ਡੀਲੇਅ ਕੀਤੀ ਸੀ, ਹੁਣ ਸਾਡੀ ਸਰਕਾਰ ਇਸ ਦੀ ਸਾਰੀ ਦੀ ਸਾਰੀ ਪੜਚੋਲ ਕਰਾਏਗੀ ਅਤੇ ਮੈਂ ਦੱਸ ਦਿਆਂਗਾ।

**ਮਾਸਟਰ ਬਾਬੂ ਸਿੰਘ :** ਕੀ ਮੁੱਖ ਮੰਤਰੀ ਸਾਹਿਬ ਕਿਰਪਾ ਕਰਕੇ ਇਹ ਦੱਸਣਗੇ ਕਿ ਇਹ ਜਿਹੜਾ ਬੰਨ੍ਹ ਬਣਾਇਆ ਗਿਆ ਸੀ ਉਸ ਦਾ ਕਿੰਨਾ ਖਰਚ ਆਇਆ ਸੀ ਅਤੇ ਇਹ ਜਿਹੜਾ ਹੁਣ ਰਿਪੇਅਰ ਤੇ 3,71,688 ਰੁਪਏ ਖਰਚਾ ਆਇਆ ਹੈ ਕੀ ਇਹ ਉਸ ਖਰਚੇ ਤੋਂ ਵੱਧ ਹੈ ? ਕਿਤੇ ਇਹ ਤਾਂ ਨਹੀਂ ਕਿ ਦਾੜ੍ਹੀ ਨਾਲੋਂ ਮੁੱਛਾਂ ਭਾਰੀ ਹੋ ਗਈਆਂ ਹੋਣ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਦਾੜ੍ਹੀ ਮੁੱਛਾਂ ਦੀ ਗੱਲ ਛੱਡਕੇ ਮੌਕਾ ਸੰਭਾਲਣ ਦੀ ਗੱਲ ਕਰੋ।

**ਜੱਥੇਦਾਰ ਉਜਾਗਰ ਸਿੰਘ ਸੇਖਵਾਂ:** ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1964 ਤੋਂ ਲੈ ਕੇ 1967 ਤਕ ਧੁਸੀਆਂ ਬਣੀਆਂ ਸਨ। ਬਹੁਤੇ ਥਾਈਂ ਉਹ ਧੁਸੀਆਂ ਟੁੱਟ ਗਈਆਂ ਅਤੇ ਕਾਫ਼ੀ ਨੁਕਸਾਨ ਹੋਇਆ। ਕਾਨੂੰਆਂ ਵਿਚ ਵੀ ਸੱਪਰ ਟੁੱਟਣ ਕਰਕੇ ਕਾਫੀ ਨੁਕਸਾਨ ਹੋਇਆ ਹੈ। ਜਦੋਂ ਜ਼ਿਆਦਾ ਬਾਰਸ਼ ਹੁੰਦੀ ਹੈ ਧੁਸੀ ਟੁੱਟਣ ਦਾ ਖਾਸਾ ਖਤਰਾ ਹੁੰਦਾ ਹੈ ਅਤੇ ਉਨ੍ਹਾਂ ਨਾਲ ਕਾਫੀ ਨੁਕਸਾਨ ਹੋ ਜਾਂਦਾ ਹੈ। ਇਨ੍ਹਾਂ ਸਾਰੀਆਂ ਧੁਸੀਆਂ ਦੀ ਪੜਤਾਲ ਕਰਾਕੇ ਜਿਹੜੀਆਂ ਖਸਤਾ ਹਾਲਤ ਵਿਚ ਹਨ ਕੀ ਉਨ੍ਹਾਂ ਨੂੰ ਮੁੜ ਠੀਕ ਕਰਨ ਤੇ ਵਿਚਾਰ ਕਰਨਗੇ ?

**ਸ੍ਰੀ ਸਪੀਕਰ :** ਇਸ ਕੁਐਸਚਨ ਵਿਚੋਂ ਇਹ ਸਪਲੀਮੈਂਟਰੀ ਅਰਾਈਜ਼ ਨਹੀਂ ਹੁੰਦਾ।

**ਸਰਦਾਰ ਪ੍ਰਿਥੀਪਾਲ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਸ ਸਬੰਧ ਵਿੱਚ ਸਾਰੀ ਡਿਟੇਲ ਦੱਸੀ ਹੈ ਪਰ ਉਸ ਅਫਸਰ ਦਾ ਨਾਂ ਨਹੀਂ ਦਸਿਆ। ਮੈਨੂੰ ਮਾਲੂਮ ਹੁੰਦਾ ਹੈ ਕਿ ਸਾਹਮਣੇ ਬੈਠੇ ਵਿਧਾਇਕਾਂ ਵਿਚੋਂ ਕਿਸੇ ਦਾ ਕੋਈ ਰਿਸ਼ਤੇਦਾਰ ਹੈ।

(ਕੋਈ ਉੱਤਰ ਨਹੀਂ ਆਇਆ)

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਦੋ ਸਾਲ ਹੋਏ ਲੁਧਿਆਣੇ ਦੇ ਨੇੜੇ ਸਤਲੁਜ ਦਾ ਬੰਨ੍ਹ ਟੁੱਟ ਗਿਆ ਸੀ। ਇਸੇ ਹਾਊਸ ਵਿੱਚ ਖੁਲਮ ਖੁਲ੍ਹੀਆਂ ਐਲੀਗੇਸ਼ਨਜ਼ ਲਗਾਈਆਂ ਗਈਆਂ ਸਨ ਕਿ ਉਹ ਕਿਸੇ ਦੀ ਸਾਜਿਸ਼ ਨਾਲ ਤੋੜਿਆ ਗਿਆ ਹੈ ਇਸ ਦੇ ਵਿੱਚ ਕਈ ਕਰਮਚਾਰੀ ਅਤੇ ਇੱਕ ਜੱਥੇਦਾਰ ਦਾ ਲੜਕਾ ਵੀ ਸ਼ਾਮਲ ਸੀ। ਉਸ ਦੀ ਇਨਕੁਆਇਰੀ ਨੂੰ ਦਬਾਅ ਦਿੱਤਾ ਗਿਆ ਸੀ। ਕੀ ਮੁੱਖ ਮੰਤਰੀ ਜੀ ਉਸ ਦੀ ਦੁਬਾਰਾ ਪੜਤਾਲ ਕਰਕੇ ਹਾਊਸ ਨੂੰ ਦੱਸਣਗੇ ਕਿ ਉਸ ਦੇ ਵਿੱਚ ਸਚਾਈ ਕੀ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਇਸ ਹਾਊਸ ਦੀਆਂ ਪਰੰਪਰਾਵਾਂ ਨੂੰ ਕਾਇਮ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਸ ਹਾਊਸ ਵਿੱਚ ਜਿਹੜਾ ਬੰਦਾ ਗੈਰ ਹਾਜ਼ਰ ਹੋਵੇ ਮੈਂ ਉਸਦਾ ਨਾਂ ਨਹੀਂ ਲੈਣਾ ਚਾਹੁੰਦਾ। ਇਸ ਕਰਕੇ ਮੈਂ ਨਾਂ ਲੈਣ ਤੋਂ ਹੈਸੀਟੇਸ਼ਨ ਕੀਤੀ ਹੈ। ਭਾਵੇਂ ਉਹ ਆਦਮੀ ਸਾਡੇ ਸਾਹਮਣੇ ਬੈਠੇ ਆਪੋਜੀਸ਼ਨ ਦੇ ਕਿਸੇ ਮੈਂਬਰ ਦਾ ਰਿਸ਼ਤੇਦਾਰ ਹੋਵੇ। ਮੈਂ ਉਸਦਾ ਨਾਂ ਨਹੀਂ ਲੈ ਸਕਦਾ। ਇਹ ਠੀਕ ਗੱਲ ਨਹੀਂ ਹੋਵੇਗੀ। ਮੈਂ ਚਾਹੁੰਦਾ ਹਾਂ ਕਿ ਜੋ ਫੈਕਟਸ ਹੋਣ ਉਨ੍ਹਾਂ ਨੂੰ ਹੀ ਬਿਆਨ ਕਰਾਂ। ਕੌਣ ਫਾਲਟਰ ਕਰਦਾ ਹੈ। ਜੋ ਉਸ ਦੇ ਨਾਲ ਮੁਤੱਲਕਾ ਸਬੰਧਤ ਗੱਲਾਂ ਹਨ ਮੈਂ ਉਹੀ ਦੱਸੀਆਂ ਹਨ। ਮੈਂ ਕਿਸੇ ਨੂੰ ਮੈਲਾਈਨ ਨਹੀਂ ਕਰਨਾ ਚਾਹੁੰਦਾ। ਇਸ ਹਾਊਸ ਵਿਚ ਕੋਈ ਨਵੀਆਂ ਅਤੇ ਚੰਗੀਆਂ ਪਰੰਪਰਾਵਾਂ ਪਾਈਆਂ ਜਾਣ। ਗਾਲ੍ਹਾਂ ਕੱਢਣ ਤਕ ਹੀ ਮਹਿਦੂਦ ਨਾ ਰਿਹਾ ਜਾਵੇ। (ਤਾੜੀਆਂ) ਜੋ ਸੇਖਵਾਂ ਜੀ ਨੇ ਸੁਆਲ ਉਠਾਏ ਹਨ, ਮੈਂ ਉਨ੍ਹਾਂ ਦੀ ਪੜਤਾਲ ਕਰਕੇ ਉਸ ਦਾ ਨੋਟਿਸ ਲਵਾਂਗਾ ਬਾਵਜੂਦ ਇਸ ਗੱਲ ਦੇ ਕੇ ਇਸ ਸਵਾਲ ਵਿਚੋਂ ਉਨ੍ਹਾਂ ਦੀ ਸਪਲੀ-ਮੈਂਟਰੀ ਉਠਦਾ ਹੀ ਨਹੀਂ।

**ਜੱਥੇਦਾਰ ਉਜਾਗਰ ਸਿੰਘ ਸੇਖਵਾਂ :** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਠੀਕ ਗੱਲ ਕਹੀ ਹੈ। ਇਥੇ ਠੀਕ ਰਵਾਇਤਾਂ ਕਾਇਮ ਰਖਣੀਆਂ ਚਾਹੀਦੀਆਂ ਹਨ। ਜਿਹੜਾ ਮੈਂ ਸਵਾਲ ਕੀਤਾ ਸੀ ਉਸ ਦੀ ਅਹਿਮੀਅਤ ਕੀ ਹੈ ਅਤੇ ਜੋ ਸਪਲੀਮੈਂਟਰੀ ਗੁਪਤਾ ਜੀ ਨੇ ਕੀਤੀ ਹੈ ਉਸ ਦੀ ਅਹਿਮੀਅਤ

Original with;
Punjab Vidhan Sabha
Digitized by;
Panjab Digital Library

ਕੀ ਹੈ। ਇਹ ਤੁਸੀਂ ਵੇਖ ਲਵੋ ਪਰ ਮੇਰੀ ਗਲ ਦਾ ਪਿਹਲਾਂ ਉੱਤਰ ਨਹੀਂ ਆਇਆ। ਮੈਂ ਚੀਫ਼ ਮਨਿਸਟਰ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੇਰੇ ਸਵਾਲ ਦਾ ਜਵਾਬ ਦਿੱਤਾ ਹੈ। ਅਸੀਂ ਚੇਅਰ ਕੋਲੋਂ ਇਹ ਆਸ ਰਖਦੇ ਹਾਂ ਕਿ ਜਿਹੜੀ ਠੀਕ ਗੱਲ ਹੈ ਉਹ ਸਾਰਿਆਂ ਵਾਸਤੇ ਠੀਕ ਹੈ ਅਤੇ ਜਿਹੜੀ ਗਲਤ ਹੈ ਉਹ ਸਾਰਿਆਂ ਵਾਸਤੇ ਗਲਤ ਹੈ।

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ਸਪੀਕਰ ਸਾਹਿਬ, ਮੈਂ ਮਾਨਯੋਗ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਾਫੀ ਸਮੇਂ ਤੋਂ ਜਦੋਂ ਵੀ ਹੜ੍ਹ ਆਉਂਦੇ ਹਨ ਦਰਿਆ ਦੇ ਦੋਨੋਂ ਪਾਸਿਆਂ ਤੇ ਚਾਹੇ ਤਾਂ ਉਥੇ ਚੂਹਿਆਂ ਦੀਆਂ ਖੁੱਡਾਂ ਹੋਣ ਚਾਹੇ ਸਰਕਾਰੀ ਅਫ਼ਸਰਾਂ ਨੇ ਠੀਕ ਮਿੱਟੀ ਨਾ ਪਵਾਈ ਹੋਵੇ ਪਰ ਨੁਕਸਾਨ ਪਿੰਡਾਂ ਦੇ ਲੋਕਾਂ ਦਾ ਅਤੇ ਫਸਲਾਂ ਦਾ ਹੁੰਦਾ ਹੈ। ਕੀ ਸਰਕਾਰ ਕੋਈ ਐਸਾ ਪ੍ਰਬੰਧ ਕਰੇਗੀ ਕਿ ਦਰਿਆ ਦੇ ਦੋਨਾਂ ਪਾਸਿਆਂ ਤੇ ਪੱਕੀ ਸੜਕ ਬਣਾ ਦਿੱਤੀ ਜਾਵੇ ਤਾਂ ਕਿ ਲੋਕਾਂ ਦਾ ਨੁਕਸਾਨ ਨਾ ਹੋਵੇ।

**ਮੁੱਖ ਮੰਤਰੀ** : ਸਾਡੇ ਆਨਰੇਬਲ ਮੈਂਬਰ ਦੀ, ਸਪੀਕਰ ਸਾਹਿਬ, ਤਜਵੀਜ਼ ਬੜੀ ਅੱਛੀ ਹੈ। ਜੇ ਫੰਡਜ਼ ਅਲਾਓ ਕਰਨਗੇ ਤਾਂ ਇਹ ਜ਼ਰੂਰ ਕਰਨ ਦੀ ਕੋਸ਼ਿਸ਼ ਕਰਾਂਗੇ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਰਸਾਤਾਂ ਦਾ ਮੌਸਮ ਆ ਗਿਆ ਹੈ। 1977 ਵਿੱਚ ਕਾਂਗਰਸ ਰਾਜ ਵੇਲੇ ਜਲੰਧਰ ਡਰੇਨੇਜ ਡਿਵੀਜ਼ਨ ਬਣਿਆ ਸੀ ਜਿਹੜਾ ਕਿ ਸ਼ਾਹਪੁਰ ਨਹਿਰ ਨੂੰ ਕਵਰ ਕਰਦਾ ਸੀ। ਸਾਨੂੰ ਪਤਾ ਲੱਗਾ ਹੈ ਕਿ ਉਸ ਮਕੈਨੀਕਲ ਡਿਵੀਜ਼ਨ ਨੂੰ ਇਹ ਸਰਕਾਰ ਤੋੜ ਰਹੀ ਹੈ। ਕੀ ਮੁੱਖ ਮੰਤਰੀ ਜੀ ਇਸ ਗੱਲ ਦਾ ਯਕੀਨ ਦਿਵਾਉਣਗੇ ਕਿ ਇਹ ਡਿਵੀਜ਼ਨ ਨਹੀਂ ਤੋੜਿਆ ਜਾਵੇਗਾ ?

**ਸ੍ਰੀ ਸਪੀਕਰ** : ਇਹ ਰੈਲੇਵੈਂਟ ਨਹੀਂ ਹੈ। ਇਹ ਇਸ ਸਵਾਲ ਵਿਚੋਂ ਅਰਾਈਜ਼ ਨਹੀਂ ਹੁੰਦਾ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਇਹ ਬੜਾ ਕਲ਼ੀਅਰ ਕਟ ਸਵਾਲ ਹੈ। ਫਲੱਡਜ਼ ਆ ਸਕਦੇ ਹਨ। ਇਹ ਮਕੈਨੀਕਲ ਡਿਵੀਜ਼ਨ ਨੂੰ ਤੋੜਨ ਲੱਗੇ ਹਨ।

**ਸ੍ਰੀ ਸਪੀਕਰ** : ਤੁਸੀਂ ਬੈਠ ਜਾਓ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਕੀ ਮੁੱਖ ਮੰਤਰੀ ਜੀ ਦੱਸਣਗੇ ਕਿ ਜਿਹੜਾ ਸਤਲੁਜ ਦਾ ਬੰਨ੍ਹ ਹੈ ਇਸ ਦਾ ਜ਼ਿਆਦਾ ਹਿੱਸਾ ਮੇਰੇ ਹਲਕੇ ਵਿਚੋਂ ਦੀ ਲੰਘਦਾ ਹੈ। ਜਦੋਂ ਹੜ੍ਹ ਆਉਂਦਾ ਹੈ ਤਾਂ ਹੜ੍ਹ ਦਾ ਪਾਣੀ ਖੇਤਾਂ ਵਿੱਚ ਬਹੁਤ ਦੂਰ ਤਕ ਮਾਰ ਕਰਦਾ ਹੈ। ਬਹੁਤ ਸਾਰੀ ਜ਼ਮੀਨ ਦਰਿਆ ਦੇ ਅੰਦਰ ਆ ਗਈ ਹੈ। ਇਸ ਕਾਰਨ ਉਹ ਗਰੀਬ ਕਿਸਾਨ ਉਥੇ ਕਾਸ਼ਤ ਨਹੀਂ ਕਰ ਸਕਦੇ। ਨਾ ਹੀ ਉਥੇ ਕੋਈ ਉਪਜ ਪੈਦਾ ਹੁੰਦੀ ਹੈ। ਲੋਕਾਂ ਦੀ ਬਹੁਤ ਥੋੜੀ ਜ਼ਮੀਨ ਰਹਿ ਗਈ ਹੈ। ਇਸ ਬੰਨ੍ਹ ਨੂੰ ਪੱਕਾ ਕਰਨਾ ਚਾਹੀਦਾ ਹੈ। ਜਿਹੜੇ ਗਰੀਬ ਹਰੀਜਨਾਂ ਦੀ ਜ਼ਮੀਨ ਉਸ ਦਰਿਆ ਦੇ ਵਿੱਚ ਆ ਗਈ ਹੈ, ਕੀ ਉਸ ਦੇ ਆਲਟਰਨੇਟਿਵ ਵਿੱਚ ਉਨ੍ਹਾਂ ਨੂੰ ਕਿਸੇ ਹੋਰ ਥਾਂ ਜ਼ਮੀਨ ਦਿੱਤੀ ਜਾਵੇਗੀ ?

**ਮੁੱਖ ਮੰਤਰੀ** : ਆਫ ਹੈਂਡ ਮੈਂ ਇਸ ਦਾ ਜਵਾਬ ਨਹੀਂ ਦੇ ਸਕਦਾ। ਲੇਕਿਨ ਵਿਚਾਰ ਕੀਤੀ ਜਾ ਸਕਦੀ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਸਵਾਲ ਖਤਮ ਹੋ ਗਏ ਹਨ। ਕਾਲ ਅਟੈਨਸ਼ਨ ਮੋਸ਼ਨਜ਼।

## POINTS OF ORDER REGARDING ADJOURNMENT MOTION

**ਸਰਦਾਰ ਦਲੀਪ ਸਿੰਘ ਪਾਂਧੀ :** ਆਨ ਏ ਪੁਆਇੰਟ ਆਫ ਆਰਡਰ, ਸਰ। ਜਨਾਬ ਕੱਲ੍ਹ ਹਸਨਪੁਰ ਦੇ ਬਾਰੇ ਵਿਚ ਜਿਹੜੀ ਐਡਜਰਨਮੈਂਟ ਮੋਸ਼ਨ ਆਈ ਸੀ. ਉਸ ਤੇ ਆਪ ਨੇ ਕਿਹਾ ਸੀ ਕਿ ਦੁਬਾਰਾ ਗੌਰ ਕਰ ਲਵਾਂਗੇ। ਅੱਜ ਵੀ ਅਖ਼ਬਾਰ ਵਿੱਚ ਆਇਆ ਹੈ। ਸੀ. ਐਮ. ਸਾਹਿਬ ਇਸ ਸਬੰਧ ਵਿਚ ਕੋਈ ਸਟੇਟਮੈਂਟ ਦੇਣ. ਹਾਊਸ ਦੇ ਮੈਂਬਰਾਂ ਦੀ ਕੋਈ ਕਮੇਟੀ ਬਣਾ ਦੇਣ। ਉਸ ਮਾਮਲੇ ਦੀ ਤਸੱਲੀ ਨਹੀਂ ਹੋਈ। ਉਥੇ ਅਜੇ ਵੀ ਪੁਲਿਸ ਦਹਿਸ਼ਤ ਹੈ। ਜਨਾਬ ਨੇ ਆਪ ਫੁਰ-ਮਾਇਆ ਸੀ ਕਿ ਮਾਮਲਾ ਬੜਾ ਗੰਭੀਰ ਹੈ। ਇਸ ਲਈ ਤੁਹਾਡੀ ਮੇਹਰਬਾਨੀ ਹੋਵੇਗੀ ਜੇ ਤੁਸੀਂ ਅੱਜ ਜਾਂ ਕੱਲ੍ਹ ਕਿਸੇ ਸਮੇਂ ਹਾਊਸ ਦੇ ਵਿੱਚ ਟਾਈਮ ਦੇ ਦਿਓ, ਤੁਹਾਨੂੰ ਅਧਿਕਾਰ ਹੈ। ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ। ਤੁਸੀਂ ਆਪ ਮਹਿਸੂਸ ਕੀਤਾ ਹੈ ਕਿ ਮਾਮਲਾ ਬੜਾ ਗੰਭੀਰ ਹੈ। ਤੁਸੀਂ ਆਪਣੇ ਨੁਮਾਇੰਦੇ ਭੇਜ ਕੇ ਪਤਾ ਕਰਵਾ ਲਓ। ਸੀ. ਐਮ. ਸਾਹਿਬ ਆਪ ਜਾ ਆਉਣ ਜਾਂ ਪਤਾ ਕਰਵਾ ਲੈਣ। ਇਸ ਗੱਲ ਦਾ ਪਤਾ ਲੱਗ ਜਾਵੇ ਕਿ ਆਈ. ਜੀ ਸਾਹਿਬ ਠੀਕ ਹਨ, ਲੋਕ ਠੀਕ ਹਨ ਜਾਂ ਥਾਣੇਦਾਰ ਠੀਕ ਹੈ। ਕਿਸ ਨੇ ਜ਼ਿਆਦਤੀ ਕੀਤੀ ਹੈ ? ਕੀ ਗੋਲੀ ਚਲਾਈ ਗਈ ਹੈ ਜਾਂ ਨਹੀਂ ? ਸਾਰੇ ਫੈਕਟਸ ਦਾ ਤੁਹਾਨੂੰ ਪਤਾ ਲਗਣਾ ਚਾਹੀਦਾ ਹੈ। ਸੋ ਮੇਰੀ ਸਬਮਿਸ਼ਨ ਹੈ ਕਿ ਮਾਮਲਾ ਬੜਾ ਸੀਰੀਅਸ ਹੈ। ਇਸ ਮਸਲੇ ਤੇ ਅੱਜ ਜਾਂ ਕੱਲ੍ਹ ਡਿਸਕਸ਼ਨ ਹੋਣੀ ਚਾਹੀਦੀ ਹੈ। ਉਥੇ ਵੀਕਰ ਸੈਕਸ਼ਨਜ਼ ਦੇ ਲੋਕ ਮਹਿਫੂਜ਼ ਨਹੀਂ। ਜਿਸ ਤਰ੍ਹਾਂ ਮੋਗੇ ਵਿਚ ਚੀਫ ਮਨਿਸਟਰ ਸਾਹਿਬ ਨੇ ਕੀਤਾ ਹੈ, ਇਕ ਏ. ਐਸ. ਆਈ ਸੱਸਪੈਂਡ ਕਰ ਦਿੱਤਾ। ਉਥੇ ਇਕ ਬੰਦੇ ਨੂੰ ਟਾਰਚਰ ਕਰਕੇ ਪੁਲਿਸ ਨੇ ਮਾਰ ਦਿੱਤਾ। ਚੀਫ ਮਨਿਸਟਰ ਸਾਹਿਬ ਇਥੇ ਹੋਮ ਮਨਿਸਟਰ ਪਹਿਲਾਂ ਰਹੇ ਹਨ। ਇਹ ਹੱਥ ਪਾਉਣਾ ਜਾਣਦੇ ਹਨ। ਇਨ੍ਹਾਂ ਨੇ ਪਹਿਲਾਂ ਵੀ ਬੜੇ ਜਲਵੇ ਵਿਖਾਏ ਹਨ। ਜਿਵੇਂ ਮੋਗੇ ਵਿਚ ਜਲਵਾ ਵਿਖਾਇਆ ਹੈ ਮੋਗੇ ਦੇ ਇੱਕ ਬੰਦੇ ਨੂੰ ਨਕਸਲਵਾੜੀਆ ਬਣਾ ਕੇ ਕੁੱਟ ਕੇ ਮਾਰ ਦਿਤਾ। ਇਸ ਲਈ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਸ ਮਸਲੇ ਤੇ ਵਿਚਾਰ ਹੋਣਾ ਚਾਹੀਦਾ ਹੈ। ਅਸੀਂ ਇਸ ਪੁਆਇੰਟ ਤੇ ਬੜੇ ਐਜੀਟੇਟਿਡ ਹਾਂ। ਸਾਡੇ ਕੋਲ ਬੰਦੇ ਆਏ ਹੋਏ ਹਨ। ਜਨਾਬ ਕਹਿਣ ਤਾਂ ਤੁਹਾਡੇ ਕੋਲ ਭੇਜ ਦਿੰਦੇ ਹਾਂ। ਇਸ ਤੇ ਜ਼ਰੂਰ ਸਾਨੂੰ ਬੋਲਣ ਲਈ ਸਮਾਂ ਮਿਲਣਾ ਚਾਹੀਦਾ ਹੈ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਰੂਲ 105 ਵੱਲ ਦਿਵਾਉਣਾ ਚਾਹੁੰਦਾ ਹਾਂ। ਪੁਆਇੰਟਸ ਆਫ ਆਰਡਰ ਰੇਜ਼ ਕਰਕੇ ਰੋਜ਼ ਹਾਊਸ ਦਾ ਸਮਾਂ ਜ਼ਾਇਆ ਹੁੰਦਾ ਹੈ।

**ਇੱਕ ਆਵਾਜ਼ :** ਇਹ ਜ਼ੀਰੋ ਆਵਰ ਹੈ।

**ਵਿੱਤ ਮੰਤਰੀ** . ਕੋਈ ਜ਼ੀਰੋ ਆਵਰ ਨਹੀਂ ਹੈ। Rules of Procedure and Conduct of Business in the Punjab Vidhan Sabha ਦਾ ਰੂਲ 105 ਇਸ ਤਰ੍ਹਾਂ ਹੈ:—

"(1) A point of order shall relate to the interpretation or enforcement of these Rules or such Articles of the Constitution as regulate the business of the House and shall raise a question which is within the cognizance of the Speaker.

(2) A point of order may be raised in relation to the business before the House at the moment".

ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਹਾਊਸ ਰੂਲਜ਼ ਦੇ ਮੁਤਾਬਿਕ ਚਲਣਾ ਚਾਹੀਦਾ ਹੈ। ਜ਼ੀਰੋ ਆਵਰ ਦੀ ਰੂਲਜ਼ ਵਿਚ ਕੋਈ ਪ੍ਰੋਵੀਜ਼ਨ ਨਹੀਂ ਹੈ। ਅਗਰ ਕਿਸੇ ਨੇ ਕਾਲ ਅਟੈਂਨਸ਼ਨ

Original with;
Punjab Vidhan Sabha
Digitized by;
Panjab Digital Library

ਮੋਸ਼ਨ ਜਾਂ ਐਡਜਰਨਮੈਂਟ ਮੋਸ਼ਨ ਦਿਤੀ ਹੈ, ਉਹ ਇਕ ਦੋ ਮਿੰਟ ਉਸਤੇ ਬੋਲ ਸਕਦਾ ਹੈ। ਲੇਕਿਨ ਤੁਹਾਡੀ ਰੂਲਿੰਗ ਤੋਂ ਬਾਅਦ ਕੋਈ ਡਿਸਕਸ਼ਨ ਨਹੀਂ ਹੋਣੀ ਚਾਹੀਦੀ ਹੈ। ਇਹ ਹਾਊਸ ਦੀ ਪਰੰਪਰਾ ਰਹੀ ਹੈ। ਹਾਊਸ ਰੂਲਜ਼ ਦੇ ਮੁਤਾਬਿਕ ਚਲਣਾ ਚਾਹੀਦਾ ਹੈ।

(ਇਸ ਸਮੇਂ ਕੁਝ ਮਾਨਯੋਗ ਮੈਂਬਰਜ਼ ਖੜ੍ਹੇ ਹੋਕੇ ਪੁਆਇੰਟਸ ਆਫ ਆਰਡਰ ਦੀ ਮੰਗ ਕਰ ਰਹੇ ਸਨ)

**Chief Minister** : I would like to submit before you something on it.

ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਕੱਲ੍ਹ ਇਹ ਮਸਲਾ ਇਥੇ ਉਠਾਇਆ ਗਿਆ ਸੀ। ਮੈਂ ਕੋਈ ਮਰਿਆਦਾ ਭੰਗ ਨਹੀਂ ਸੀ ਕਰਨਾ ਚਾਹੁੰਦਾ। ਇਸ ਲਈ ਮੈਂ ਬੈਠਾ ਰਿਹਾ। ਹਸਨਪੁਰ ਦੇ ਇਨਸੀਡੈਂਟ ਬਾਰੇ ਇਹ ਜਵਾਬ ਲੈਣ ਲਈ ਜ਼ਿੱਦ ਕਰ ਰਹੇ ਸਨ। ਤੁਸੀਂ ਇਸ ਨੂੰ ਕਾਲ ਅਟੈਂਨਸ਼ਨ ਮੋਸ਼ਨ ਵਿਚ ਕਨਵਰਟ ਕਰ ਦਿਓ, ਮੈਂ ਸਟੇਟਮੈਂਟ ਦੇ ਦੇਵਾਂਗਾ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਜੋ ਸੁਝਾਓ ਚੀਫ ਮਨਿਸਟਰ ਸਾਹਿਬ ਨੇ ਦਿੱਤਾ ਹੈ ਉਸ ਦੇ ਮੁਤਾਬਿਕ ਜਿਹੜੀ ਕੱਲ੍ਹ ਮੇਰੀ ਐਡਜਰਨਮੈਂਟ ਮੋਸ਼ਨ ਸੀ ਉਸ ਨੂੰ ਭਾਵੇਂ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰ ਦਿਓ ਪਰ ਤੁਸੀਂ ਡੈਫੀਨਿਟਲੀ ਇਸ ਉਪਰ ਆਪਣਾ ਫੈਸਲਾ ਦਿਓ, ਰੂਲਿੰਗ ਦਿਓ ਕਿ ਆਇਆ ਇਹ ਐਡਜਰਨਮੈਂਟ ਮੋਸ਼ਨ ਦੇ ਰੂਪ ਵਿਚ ਐਡਮਿਟ ਹੋਵੇਗੀ ਜਾਂ ਕਾਲ ਅਟੈਨਸ਼ਨ ਮੋਸ਼ਨ ਦੇ ਰੂਪ ਵਿਚ ਕਨਵਰਟ ਹੋਵੇਗੀ ਔਰ ਹੁਕਮ ਦੇ ਦਿਓ ਕਿ ਇਤਨੇ ਦਿਨਾਂ ਵਿਚ ਸਰਕਾਰ ਸਟੇਟਮੈਂਟ ਦੇ ਦੇਵੇ। ਜੇਕਰ ਸਰਕਾਰ ਪਾਸ ਸਟੇਟਮੈਂਟ ਤਿਆਰ ਹੋਵੇ ਤਾਂ ਇਹ ਹੁਣੇ ਹੀ ਸਟੇਟਮੈਂਟ ਦੇ ਦੇਣ। ਇਸ ਲਈ ਮੇਰੀ ਬੇਨਤੀ ਹੈ ਕਿ ਇਹ ਗੱਲ ਫਾਈਨੇਲਾਈਜ਼ ਹੋਣੀ ਚਾਹੀਦੀ ਹੈ।

**ਸ਼੍ਰੀ ਸਪੀਕਰ** : ਤੁਹਾਨੂੰ ਯਾਦ ਹੋਵੇਗਾ ਕਿ ਕੱਲ੍ਹ ਮੈਂ ਤੁਹਾਨੂੰ ਕਿਹਾ ਸੀ ਕਿ ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ ਇਹ ਮਾਮਲਾ ਉਥੇ ਬੈਠ ਕੇ ਵਿਚਾਰ ਲਵਾਂਗੇ ਪਰ ਕੱਲ ਇਸ ਤੇ ਕੋਈ ਮੈਂਬਰ ਮੇਰੇ ਚੈਂਬਰ ਵਿਚ ਨਹੀਂ ਆਇਆ। ਇਸ ਲਈ ਤੁਸੀਂ ਉਥੇ ਆ ਜਾਣਾ ਫੈਸਲਾ ਹੋ ਜਾਵੇਗਾ। ਫਿਰ ਵੀ ਲੀਡਰ ਆਫ ਦੀ ਹਾਊਸ ਨੇ ਗਰੇਸਫੁਲੀ ਇਕ ਸਟੇਟਮੈਂਟ ਦਿੱਤੀ ਹੈ ਔਰ ਉਸ ਦੇ ਬਾਅਦ ਮੈਂ ਸਮਝਦਾ ਹਾਂ ਕਿ ਸਾਰੇ ਹਾਊਸ ਨੂੰ ਸੰਤੁਸ਼ਟ ਹੋ ਜਾਣਾ ਚਾਹੀਦਾ ਹੈ। (ਵਿਘਨ)

(ਇਸ ਸਮੇਂ ਕੁਝ ਮਾਨਯੋਗ ਮੈਂਬਰਜ਼ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**Mr. Speaker** : No points of order please. Call Attention Motion No. 43.

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**ਸ਼੍ਰੀ ਸਪੀਕਰ** : ਜੋ ਕੁਝ ਇਹ ਬਗੈਰ ਇਜਾਜ਼ਤ ਦੇ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ।

---

****Not recorded as ordered by the Chair.**

Original with;
Punjab Vidhan Sabha
Digitized by;
Panjab Digital Library

CALL ATTENTION NOTICE UNDER RULE 66

(ਕ੍ਰਮ ਨੰ : 43)

1. **ਕਾਮਰੇਡ ਬਲਵੰਤ ਸਿੰਘ**
2. **ਮਾਸਟਰ ਚੰਦ ਸਿੰਘ**

} ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਕਿ ਹਲਕਾ ਸ਼ੇਰ ਪੁਰ ਦੇ ਕੋਈ 60 ਪਿੰਡਾਂ ਵਿੱਚ ਪਾਣੀ ਦੀ ਸਤਹ ਬਹੁਤ ਡੂੰਘੀ ਹੈ। ਸੋਕੇ ਕਾਰਨ ਪਾਣੀ ਦੀ ਸਤਹ ਹੋਰ ਵੀ ਨੀਵੀਂ ਹੋ ਗਈ ਹੈ। ਟਿਊਬਵੈਲ ਲਾਉਣ ਲਈ ਘੱਟੋ ਘੱਟ 70 ਫੁੱਟ ਡੂੰਘੀ ਖੂਹੀ ਪੁੱਟਣੀ ਪੈਂਦੀ ਹੈ ਜਿਸ ਨਾਲ ਕਿ ਜਾਨੀ ਨੁਕਸਾਨ ਹੋਣ ਦਾ ਹਰ ਵਕਤ ਖਤਰਾ ਬਣਿਆ ਰਹਿੰਦਾ ਹੈ। ਪੀਣ ਵਾਲੇ ਪਾਣੀ ਅਤੇ ਸਿੰਜਾਈ ਲਈ ਟਿਊਬਵੈਲਾਂ ਦਾ ਪ੍ਰਬੰਧ ਕਰਨਾ ਆਮ ਕਿਸਾਨ ਦੀ ਪਹੁੰਚ ਤੋਂ ਬਾਹਰ ਦਾ ਕੰਮ ਹੈ। ਸਰਕਾਰ ਇਸ ਸਬੰਧ ਵਿਚ ਸਦਨ ਵਿਚ ਬਿਆਨ ਦੇਵੇ।

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ) : ਸ਼ੇਰ ਪੁਰ ਹਲਕੇ ਵਿਚ ਜਿਹੜਾ ਲੈਵਲ ਸੀ ਉਹ ਪਿਛਲੇ ਸਾਲਾਂ ਵਿਚ ਥੱਲੇ ਚਲਾ ਗਿਆ ਔਰ ਅੱਗੇ ਹੀ 30/40 ਫੁੱਟ ਥੱਲੇ ਲੈਵਲ ਹੈ ਉਸ ਤੋਂ ਵੀ ਇਹ ਥੱਲੇ ਚਲਾ ਗਿਆ ਹੈ। ਜਿਥੋਂ ਤੱਕ ਪੀਣ ਵਾਲੇ ਪਾਣੀ ਦੀਆਂ ਸਕੀਮਾਂ ਦਾ ਤੁਅੱਲਕ ਹੈ ਗੌਰਮਿੰਟ ਆਫ ਇੰਡੀਆ ਨੇ ਇਸ ਦੇ ਲਈ ਕੁਝ ਨਾਰਮਜ਼ ਰੱਖੇ ਹਨ। ਜਿੱਥੇ ਪਾਣੀ ਦੀ ਸਕੇਰਸਿਟੀ ਹੋਵੇ, ਥੁੜ ਹੋਵੇ ਉਨ੍ਹਾਂ ਬਾਰੇ ਪੀਣ ਵਾਲੇ ਪਾਣੀ ਦੀ ਸਪਲਾਈ ਦੀ ਇਕ ਸਕੀਮ ਹੈ। ਜਿਸ ਨੂੰ ਉਨ੍ਹਾਂ ਪਿੰਡਾਂ ਵਿਚ ਫੇਜ਼ਡ ਪ੍ਰੋਗਰਾਮ ਦੇ ਨਾਲ ਲਾਗੂ ਕੀਤਾ ਜਾਵੇਗਾ। ਹੋਰ ਪਿੰਡ ਜਿਹੜੇ ਉਸ ਏਰੀਏ ਦੇ ਹਨ ਉਨ੍ਹਾਂ ਵਾਸਤੇ ਪਾਈਪ ਦੇ ਜ਼ਰੀਏ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਸਕੀਮਾਂ ਬਣਾਈਆਂ ਹਨ। ਛੇ ਹੋਰ ਪਿੰਡਾਂ ਲਈ ਵੀ ਇਹ ਸਕੀਮ ਮਨਜ਼ੂਰ ਹੋ ਗਈ ਹੈ। ਜਦੋਂ ਫੰਡਜ਼ ਅਵੇਲੇਬਲ ਹੋ ਜਾਣਗੇ, ਇਸ ਸਮਸਿਆ ਨੂੰ ਹੱਲ ਕਰਨ ਦੀ ਜਲਦੀ ਤੋਂ ਜਲਦੀ ਕੋਸ਼ਿਸ਼ ਕਰਾਂਗੇ। ਜਿੱਥੋਂ ਤੱਕ ਖੇਤੀਬਾੜੀ ਦੇ ਪਾਣੀ ਦਾ ਤੁਅੱਲਕ ਹੈ ਜਿਹੜੀਆਂ ਨਹਿਰੀ ਪਾਣੀ ਦੀਆਂ ਸਕੀਮਾਂ ਹਨ ਜਿੱਥੋਂ ਤੱਕ ਪਾਸੀਬਲ ਹੋ ਸਕੇਗਾ, ਮੁਮਕਿਨ ਹੋ ਸਕੇਗਾ ਉਨ੍ਹਾਂ ਨੂੰ ਲਾਗੂ ਕਰਕੇ ਪਾਣੀ ਸਪਲਾਈ ਕਰਾਂਗੇ। ਮਲੇਰਕੋਟਲਾ ਮਾਈਨਰ ਜਿਹੜਾ ਹੈ ਉਸ ਦੇ ਬਣਨ ਨਾਲ 23 ਪਿੰਡਾਂ ਲਈ ਇਰੀਗੇਸ਼ਨ ਦਾ ਪ੍ਰਬੰਧ ਹੋ ਸਕਿਆ ਹੈ। ਦੂਸਰੀਆਂ ਸਕੀਮਾਂ ਜਿਹੜੀਆਂ ਸਾਡੇ ਪਾਸ ਹਨ ਉਹ ਵਿਚਾਰ ਗੋਚਰੇ ਹਨ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਜਿਹੜਾ ਪਾਣੀ ਦੀ ਸਤਹ ਬਾਰੇ ਦਸਿਆ ਹੈ, ਇਹ ਬੜਾ ਸੀਰੀਅਸ ਮਸਲਾ ਹੈ। ਪਾਣੀ ਦੀ ਸਤਹ ਬਹੁਤ ਨੀਚੇ ਚਲੀ ਗਈ ਹੈ। ਤਿੰਨ ਫੁੱਟ ਹਰ ਸਾਲ ਨੀਚੇ ਚਲੀ ਜਾਂਦੀ ਹੈ। ਜ਼ਿਮੀਦਾਰ ਆਪਣੀਆਂ ਜ਼ਮੀਨਾਂ ਨੂੰ ਛੱਡ ਕੇ ਜਾ ਰਹੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਅਹਿਮਦਗੜ੍ਹ ਵਾਲੀ ਤੇ ਬਨਭੌਰਾ ਵਾਲਿਆਂ ਆਦਿ ਦੇ ਇਲਾਕੇ ਵਿਚ ਦੋ ਨਹਿਰਾਂ ਹਨ ਜੇਕਰ ਕੋਈ ਉਨ੍ਹਾਂ ਜੰਡਾਂ, ਆਦਮਪੁਰ ਅਤੇ ਮਾਨਕਪੁਰ ਵਿੱਚੋਂ ਮਾਈਨਰ ਕਢਕੇ ਉਨ੍ਹਾਂ ਪਿੰਡਾਂ ਨੂੰ ਪਾਣੀ ਦਿੱਤਾ ਜਾਵੇ ਤਾਂ ਉਹ ਲੋਕ ਬਚ ਸਕਦੇ ਹਨ ਜਿਸ ਤਰ੍ਹਾਂ ਕਿ ਮਾਨ ਪੁਰ ਹੈ ਜਾਂ ਇਸ ਤਰ੍ਹਾਂ ਦੇ ਹੋਰ ਕੁਝ ਪਿੰਡ ਹਨ ਉਨ੍ਹਾਂ ਨੂੰ ਪਾਣੀ ਮਿਲਣਾ ਚਾਹੀਦਾ ਹੈ। ਜੇਕਰ ਇਸ ਤਰ੍ਹਾਂ ਦਾ ਮਾਈਨਰ ਕੱਢਣਾ ਮੁਨਾਸਿਬ ਨਹੀਂ ਹੈ ਤਾਂ ਕੀ ਸਰਕਾਰ ਕੋਈ ਨਹਿਰ ਬਣਾ ਕੇ ਉਚੇਚਾ ਪ੍ਰਬੰਧ ਉਸ ਇਲਾਕੇ ਨੂੰ ਪਾਣੀ ਦੇਣ ਦਾ ਕਰੇਗੀ ਤਾਂ ਜੋ ਕਿਸਾਨ ਸੰਤੁਸ਼ਟ ਹੋ ਸਕਣ। ਇਸ ਵੇਲੇ ਕਿਸਾਨਾਂ ਵਿਚ ਪਾਣੀ ਨਾ ਮਿਲਣ ਕਰਕੇ ਬਹੁਤ ਅਨਰੈਸਟ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਗਿਆਤ ਵਾਸਤੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਪਾਣੀ ਪੀਣ ਵਾਸਤੇ ਸਕੀਮਜ਼ ਹਨ ਉਹ ਚਾਲੂ ਰਹਿਣਗੀਆਂ। ਬਾਕੀ

Original with;
Punjab Vidhan Sabha
Digitized by;
Panjab Digital Library

ਜਿੱਥੋਂ ਤੱਕ ਖੇਤੀ ਵਾਸਤੇ ਪਾਣੀ ਦਾ ਤੁਅੱਲਕ ਹੈ ਉਸ ਬਾਰੇ ਦੱਸ ਦੇਵਾਂ ਕਿ ਜਿਹੜਾ ਨਹਿਰ ਵਿਚੋਂ ਮਾਈਨਰ ਨਿਕਲਿਆ ਹੋਇਆ ਹੈ ਜੋ ਉਸ ਨਾਲ ਜ਼ਮੀਨ ਸੈਰਾਬ ਹੁੰਦੀ ਹੈ ਉਹ ਤਾਂ ਹੋਵੇਗੀ ਹੀ ਅਤੇ ਬਾਕੀ ਦੇ ਪਾਣੀ ਬਾਰੇ ਕਿਸੇ ਹੋਰ ਪਾਸਿਉਂ ਪ੍ਰਬੰਧ ਕਰਕੇ ਇਸ ਸਮੱਸਿਆ ਨੂੰ ਜ਼ਰੂਰ ਹੱਲ ਕਰਾਂਗੇ ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡਾਂ ਦੇ ਵਿਚ ਕਈ ਮੌਤਾਂ ਹੋ ਜਾਂਦੀਆਂ ਹਨ, ਮਜ਼ਦੂਰ, ਕਿਸਾਨ ਨੱਕਾ ਤੋੜਨ ਗਿਆ ਜਾਨੋ ਚਲਾ ਜਾਂਦਾ ਹੈ। ਇਸ ਤਰ੍ਹਾਂ ਇਕ ਪਾਸੇ ਤਾਂ ਕਈ ਮੌਤਾਂ ਹੋ ਰਹੀਆਂ ਹਨ ਅਤੇ ਦੂਸਰੇ ਪਾਸੇ ਫਸਲਾਂ ਤਬਾਹ ਹੋ ਰਹੀਆਂ ਹਨ, ਉਜਾੜਾ ਹੋ ਰਿਹਾ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹ ਕਿ ਕੀ ਨਹਿਰੀ ਇਲਾਕੇ ਨੂੰ ਕਿਸੇ ਕਿਸਮ ਦਾ ਮੁਆਵਜ਼ਾ ਦੇਣ ਵਾਸਤੇ ਸਰਕਾਰ ਸੋਚ ਰਹੀ ਹੈ; ਕੋਈ ਸਬਸਿਡੀ ਜਾਂ ਕਿਸੇ ਹੋਰ ਸ਼ਕਲ ਵਿਚ ਮੁਆਵਜ਼ਾ ਦੇਣ ਲਈ ਕੀ ਮੁੱਖ ਮੰਤਰੀ ਸਾਹਿਬ ਤਿਆਰ ਹਨ ?

**ਮੁੱਖ ਮੰਤਰੀ** : ਇਹ ਪੁਰਾਣਾ ਦੇਰ ਦਾ ਕਿੱਸਾ ਹੈ ਜਿਹੜਾ ਕਿ ਅੱਜ ਤੱਕ ਕਿਸੇ ਪਿੱਛਲੀ ਸਰਕਾਰ ਨੇ ਨਿਪਟਾਇਆ ਨਹੀਂ। ਹੁਣ ਜੋ ਸਵਾਲ ਕਾਲ ਅਟੈਨਸ਼ਨ ਮੋਸ਼ਨ ਰਾਹੀਂ ਆਇਆ ਹੈ ਉਸ ਬਾਰੇ ਮੈਂ ਦਸਿਆ ਹੈ ਕਿ ਪੀਣ ਲਈ ਔਰ ਖੇਤੀ ਬਾੜੀ ਲਈ ਜੋ ਪਾਣੀ ਚਾਹੀਦਾ ਹੈ ਉਸ ਲਈ ਉਪਰਾਲਾ ਕਰਾਂਗੇ। ਇਸ ਦੇ ਇਲਾਵਾ ਸਵਾਲ ਹੈ ਕਿ ਰਿਜ਼ਲਟੈਂਟ ਮੌਤਾਂ ਹੋਈਆਂ ਹਨ, ਉਸ ਦੇ ਬਾਰੇ ਵਿਚਾਰ ਕਰਾਂਗੇ ਕਿ ਕੀ ਹੋ ਸਕਦਾ ਹੈ।

## PAPERS LAID ON THE TABLE OF THE HOUSE

**Doctor Kewal Krishan (Finance Minister)** : Sir, I beg to lay on the Table--

(i) the Punjab Prevention of Beggary (First Amendment) Rules, 1979, as required under section 17(3) of the Punjab Prevention of Beggary Act, 1971 ;

(ii) the Punjab Courts (Second Amendment) Ordinance, 1980 (Punjab Ordinance No. 4 of 1980), as required under Article 213(2) (a) of the Constitution of India ;

(iii) the Annual Reports of the Punjab State Small Industries Corporation Limited for the years 1973-74, 1974-75, 1975-76 and 1976-77, as required under section 619A (3) (b) of the Companies Act, 1956 ; and

(iv) the Twenty-seventh Annual Report and Accounts for the year 1979-80 of the Punjab Financial Corporation as required under section 37(7) of the State Financial Corporation Act, 1951.

## ELECTION OF DEPUTY SPEAKER

**Chief Minister (Sardar Darbara Singh)** : Sir, I beg to move—

That Sardar Gulzar Singh, a Member of the Punjab Vidhan Sabha, who is present in the House, be elected as Deputy Speaker of the House.

**Shri Joginder Pal Pandey (Ludhiana West)** : Sir, I second the motion

**Mr. Speaker** : Motion moved—

That Sardar Gulzar Singh, a Member of the Punjab Vidhan Sabha, who is present in the House, be elected as Deputy Speaker of the House.

Original with;
Punjab Vidhan Sabha
Digitized by;
Panjab Digital Library

Is there any other proposal ?

**ਸਰਦਾਰ ਪ੍ਰਕਾਸ਼ ਸਿੰਘ ਬਾਦਲ** (ਗਿਦੜਬਾਹਾ) : ਮੈਂ ਪ੍ਰਸਤਾਵ ਕਰਦਾ ਹਾਂ ਕਿ ਪੰਜਾਬ ਵਿਧਾਨ ਸਭਾ ਦੇ ਮੈਂਬਰ ਕਾਮਰੇਡ ਬਲਦੇਵ ਸਿੰਘ ਲੂੰਬਾ, ਜੋ ਕਿ ਇਸ ਸਦਨ ਵਿਚ ਹਾਜ਼ਰ ਹਨ, ਨੂੰ ਹਾਊਸ ਦੇ ਡਿਪਟੀ ਸਪੀਕਰ ਵਜੋਂ ਚੁਣਿਆ ਜਾਵੇ ।

**ਮਾਸਟਰ ਚੰਦ ਸਿੰਘ** (ਸ਼ੇਰਪੁਰ ਐਸ.ਸੀ.) : ਮੈਂ ਇਸ ਦੀ ਪ੍ਰੋੜਤਾ ਕਰਦਾ ਹਾਂ ।

**Mr. Speaker** : Motion moved—

> That Comrade Baldev Singh Loomba, a Member of the Punjab Vidhan Sabha, who is present in the House be elected as Deputy Speaker of the House.

Now I will put to the vote of the House the motion moved by the Chief Minister and seconded by Shri Joginder Pal Pandey.

**Mr. Speaker** : Question is—

> **That Sardar Gulzar Singh, a Member of the Punjab Vidhan Sabha, who is present in the House, be elected as Deputy Speaker of the House.**

*(After ascertaining the votes of the House by voices, Mr. Speaker said 'I think Ayes have it'. This opinion was challenged. The bells were sounded. The question was put again and Mr. Speaker said 'I think Ayes have it'. Again it was challenged.. The Members were asked to rise in their places. 61 Members rose in support of the Motion and 47 Members against the Motion. The motion was declared as carried).*

*The motion was carried*

(At this stage the Chief Minister conducted Sardar Gulzar Singh to the Chair of the Deputy Speaker.)

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਸਪੀਕਰ ਸਾਹਿਬ, ਇਹ ਯੂ. ਪੀ. ਦੇ ਭਈਏ ਨੂੰ ਵੀ ਵਿਚ ਗਿਣ ਗਏ ਹਨ ।

**ਸ੍ਰੀ ਸਪੀਕਰ** : ਆਨਰੇਬਲ ਮੈਂਬਰਜ਼ ਨੂੰ ਭਈਏ ਕਿਉਂ ਕਹਿੰਦੇ ਹੋ । ਜੇ ਇਥੇ ਕਿਸੇ ਨੇ ਓਥ ਲਈ ਹੋਵੇ ਤਾਂ ਭਈਏ ਵੀ ਗਿਣੇ ਜਾਣਗੇ ।

**Chief Minister (Sardar Darbara Singh)** : Speaker Sahib, Sardar Gulzar Singh, a young man of 39 years is the first congress man to have won the Nathana Assembly seat since the constituency was carved out in 1967. He defeated his rival Sardar Teja Singh Dardi, Junior Vice-President of the Akali Dal. He was born at Village Lehra Khanna, near Bhucho Mandi in District Bhatinda. He graduated from the local Government Rajendra College and passed his M.A. in Punjabi as a private student. He served in the Bhakra Management Board as Public Relations Officer for about ten years. He also served in the Punjab State Electricity Board as Information Officer from where he resigned in 1975. He is a social worker. He is the President of the Harijan section of the Congress in Bhatinda. He participated in a number of agitations. He courted arrest and remained in jail for one month when Mrs. Indira Gandhi was expelled from the Parlia-

Original with;
Punjab Vidhan Sabha
Digitized by;
Panjab Digital Library

ment and sent to jail. He contested the Lok Sabha election in 1977 on the Congress ticket and the Assembly election from the Nathana constituency in June, 1977, but could not succeed.

ਸਪੀਕਰ ਸਾਹਿਬ, ਇਹ ਇਸ ਹਾਊਸ ਲਈ ਬੜੀ ਖੁਸ਼ੀ ਦੀ ਗੱਲ ਹੈ ਕਿ ਇਹ ਹਰੀਜਨ ਹਨ ਔਰ ਅੱਜ ਡਿਪਟੀ ਸਪੀਕਰ ਦਾ ਔਹਦਾ ਜਿਹੜਾ ਹੈ ਉਹ ਇਕ ਹਰੀਜਨ ਨੂੰ ਗਿਆ ਹੈ ਜਿਨ੍ਹਾਂ ਨੂੰ ਅਸੀਂ ਪਛੜੇ ਵਰਗ ਜਾਂ ਸ਼ੱਡਿਊਲਡ ਕਾਸਟਸ ਵਿਚ ਸ਼ਾਮਲ ਕਰਦੇ ਹਾਂ। ਇਹ ਪਹਿਲੀ ਵਾਰ ਹੈ ਕਿ ਹਰੀਜਨ ਨੂੰ ਡਿਪਟੀ ਸਪੀਕਰ ਬਣਾਇਆ ਗਿਆ ਹੈ। ਇਸ ਤੇ ਮੈਂ ਖੁਸ਼ੀ ਦਾ ਪ੍ਰਗਟਾਵਾ ਕਰਦਾ ਹਾਂ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** (ਗਿੱਦੜਬਾਹਾ) : ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸਰਦਾਰ ਗੁਲਜ਼ਾਰ ਸਿੰਘ, ਐਮ. ਐਲ. ਏ., ਨੂੰ ਇਸ ਉਚੇ ਅਤੇ ਸੁਚੇ ਅਹੁਦੇ ਤੇ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ। ਮੈਂ ਉਨ੍ਹਾਂ ਤੋਂ ਆਸ ਕਰਦਾ ਹਾਂ ਕਿ ਉਹ ਇਸ ਅਹੁਦੇ ਦੀ ਡਿਗਨਿਟੀ, ਉਚੱਤਾ ਸੁੱਚਤਾ ਅਤੇ ਇੰਪਾਰਸ਼ੈਲਿਟੀ ਨੂੰ ਕਾਇਮ ਰੱਖਣਗੇ। ਸਪੀਕਰ ਸਾਹਿਬ, ਮੈਂ ਇਕ ਗਲ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਸਪੀਕਰ ਦਾ ਅਹੁਦਾ ਹੋਵੇ ਜਾਂ ਡਿਪਟੀ ਸਪੀ-ਕਰ ਦਾ ਅਹੁਦਾ ਹੋਵੇ ਪਰ ਇਹ ਅਹੁਦਾ ਬਹੁਤ ਉੱਚਾ ਹੁੰਦਾ ਹੈ। ਪਾਰਟੀਸ਼ਨ ਤੋਂ ਪਹਿਲਾਂ ਵੀ ਅਤੇ ਬਾਅਦ ਵੀ ਪਾਰਲੀਮੈਂਟ ਅਤੇ ਅਸੈਂਬਲੀਆਂ ਵਿਚ ਇਨ੍ਹਾਂ ਅਹੁਦਿਆਂ ਤੇ ਇਹੋ ਜਿਹੀਆਂ ਸ਼ਖਸੀਅਤਾਂ ਬੈਠੀਆਂ ਹਨ ਜਿਨ੍ਹਾਂ ਨੇ ਦੇਸ਼ ਦਾ ਨਾਂ ਉੱਚਾ ਕੀਤਾ। ਇਨ੍ਹਾਂ ਅਹੁਦਿਆਂ ਦੀ ਸਭ ਤੋਂ ਵੱਡੀ ਗੱਲ ਇਹ ਹੈ ਕਿ ਜਿਨ੍ਹਾਂ ਮਹਾਨ ਵਿਅਕਤੀਆਂ ਦੀ ਇਨ੍ਹਾਂ ਅਹੁਦਿਆਂ ਲਈ ਚੋਣ ਹੋ ਜਾਂਦੀ ਹੈ ਉਹ ਆਪਣੀ ਪਾਰਟੀ ਨੂੰ ਛੱਡ ਦਿੰਦੇ ਹਨ। ਭਾਵੇਂ ਉਹ ਕਾਂਗਰਸ ਪਾਰਟੀ ਦਾ ਬੰਦਾ ਹੋਵੇ ਜਾਂ ਕਿਸੇ ਹੋਰ ਪਾਰਟੀ ਦਾ ਬੰਦਾ ਹੋਵੇ, ਉਹ ਆਪਣੀ ਪਾਰਟੀ ਨਾਲੋਂ ਸਬੰਧ ਤੋੜਦੇ ਰਹੇ ਹਨ ਅਤੇ ਨਿਊਟਰਲ ਹੋ ਕੇ ਕੰਮ ਕਰਦੇ ਰਹੇ ਹਨ। ਲੇਕਿਨ, ਸਪੀਕਰ ਸਾਹਿਬ, ਅੱਜ ਲੈਜਿਸਲੇਟਰਾਂ ਵਿੱਚ ਅਤੇ ਆਮ ਜਨਤਾ ਵਿੱਚ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜੋ ਇਸ ਅਹੁਦੇ ਤੇ ਬੈਠਦਾ ਹੈ ਉਸ ਦਾ ਝੁਕਾਓ ਆਪਣੀ ਪਾਰਟੀ ਵੱਲ ਹੁੰਦਾ ਹੈ। ਇਸ ਲਈ, ਸਪੀਕਰ ਸਾਹਿਬ, ਸਾਨੂੰ ਚਾਹੀਦਾ ਹੈ ਕਿ ਜੋ ਵੀ ਇਸ ਅਹੁਦੇ ਤੇ ਬੈਠਾ ਹੋਵੇ ਉਸ ਨੂੰ ਇੰਪਾਰਸ਼ਲ ਤੌਰ ਤੇ ਕੰਮ ਕਰਨਾ ਚਾਹੀਦਾ ਹੈ। ਹਾਊਸ ਦੀ ਮਰਿਆਦਾ ਨੂੰ ਕਾਇਮ ਰੱਖਣਾ ਚਾਹੀਦਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਸਰਦਾਰ ਗੁਲਜ਼ਾਰ ਸਿੰਘ ਜੀ ਜਦੋਂ ਵੀ ਇਸ ਅਹੁਦੇ ਨੂੰ ਸੰਭਾਲਣਗੇ ਉਹ ਇਨ੍ਹਾਂ ਗੱਲਾਂ ਦਾ ਖਿਆਲ ਰੱਖਣਗੇ। ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇੱਕ ਵਾਰ ਫਿਰ ਸਰਦਾਰ ਗੁਲਜ਼ਾਰ ਸਿੰਘ ਜੀ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ।

**ਕਾਮਰੇਡ ਰਾਜ ਕੁਮਾਰ** (ਧਾਰੀਵਾਲ) : ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਦੀ ਤਰਫੋਂ ਸਰਦਾਰ ਗੁਲਜ਼ਾਰ ਸਿੰਘ ਜੀ ਨੂੰ ਡਿਪਟੀ ਸਪੀਕਰ ਚੁਣੇ ਜਾਣ ਦੀ ਹਾਰਦਿਕ ਵਧਾਈ ਦਿੰਦਾ ਹਾਂ। ਸਰਦਾਰ ਗੁਲਜ਼ਾਰ ਸਿੰਘ ਇੱਕ ਹਰੀਜਨ ਘਰਾਣੇ ਵਿਚ ਪੈਦਾ ਹੋਣ ਤੋਂ ਬਾਅਦ ਅਤੇ ਉਚੀ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਇਸ ਅਹੁਦੇ ਤੇ ਪਹੁੰਚੇ ਹਨ। ਸਪੀਕਰ ਸਾਹਿਬ, ਇਹ ਅਹੁਦਾ ਇੱਕ ਅਹਿਮ ਅਹੁਦਾ ਹੁੰਦਾ ਹੈ। ਇਸ ਅਹੁਦੇ ਤੇ ਬੈਠ ਕੇ ਆਦਮੀ ਦੀ ਕੀਮਤ ਵੱਧਦੀ ਵੀ ਹੈ ਅਤੇ ਘਟਦੀ ਵੀ ਹੈ। ਜੋ ਵੀ ਮਹਾਨ ਵਿਅੱਕਤੀ ਇਸ ਅਹੁਦੇ ਤੇ ਪਹੁੰਚਦਾ ਹੈ ਅਤੇ ਇਸ ਅਹੁਦੇ ਤੇ ਪਹੁੰਚਣ ਤੋਂ ਬਾਅਦ ਉਹ ਆਪਣੀ ਸ਼ੋਭਾ ਨੂੰ ਵਧਾਉਣਾ ਚਾਹੁੰਦਾ ਹੈ ਤਾਂ ਉਸ ਦਾ ਫਰਜ਼ ਬਣਦਾ ਹੈ ਕਿ ਉਹ ਇਸ ਅਹੁਦੇ ਨੂੰ ਚੰਗੀ ਤਰ੍ਹਾਂ ਸੰਭਾਲੇ। ਮੈਂ ਇਸ ਗੱਲ ਦੀ ਆਸ ਕਰਦਾ ਹਾਂ ਕਿ ਜਿਸ ਤਰ੍ਹਾਂ ਦਾ ਉੱਚਾ ਤੇ ਸੁੱਚਾ ਜੀਵਨ ਸਰਦਾਰ ਗੁਲਜ਼ਾਰ ਸਿੰਘ ਜੀ ਨੇ ਪਿਛੇ ਬਿਤਾਇਆ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਹੈ, ਅੱਜ ਤੋਂ ਬਾਅਦ ਜਦੋਂ ਵੀ ਉਹ ਇਸ ਸਦਨ ਦੀ ਪਵਿੱਤਰ ਕੁਰਸੀ ਤੇ ਬੈਠਣਗੇ ਤਾਂ ਹਾਊਸ ਦੀ ਮਰਿਆਦਾ ਨੂੰ ਕਾਇਮ ਰੱਖਣਗੇ। ਸਪੀਕਰ ਸਾਹਿਬ, ਸਰਦਾਰ ਗੁਲਜ਼ਾਰ ਸਿੰਘ ਜੀ ਨੂੰ ਇੱਕ ਬਹੁਤ ਉਚਾ ਅਹੁਦਾ ਪ੍ਰਾਪਤ ਹੋਇਆ ਹੈ। ਮੈਂ ਆਸ ਕਰਦਾ ਹਾਂ ਕਿ ਮੁਲਕ ਵਿਚ ਜਿਨ੍ਹਾਂ ਚੀਜ਼ਾਂ ਦੀ ਘਾਟ ਹੈ ਸਰਦਾਰ ਗੁਲਜ਼ਾਰ ਸਿੰਘ ਜੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਉਨ੍ਹਾਂ ਨੂੰ ਉਹ ਪੂਰਾ ਕਰਨ ਦੀ ਕੋਸ਼ਿਸ਼ ਕਰਨਗੇ। ਅਜ, ਸਪੀਕਰ ਸਾਹਿਬ, ਪੰਜਾਬ ਦੇ ਇੱਕ ਹਰੀਜਨ ਭਰਾ ਨੂੰ ਅਤੇ ਪਛੜੇ ਵਰਗ ਨੂੰ ਇਹ ਅਹੁਦਾ ਦਿੱਤਾ ਗਿਆ ਹੈ, ਮੈਂ ਉਸ ਦੇ ਲਈ ਆਪਣੀ ਪਾਰਟੀ ਵਲੋਂ ਫਿਰ ਇੱਕ ਵਾਰ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ। (ਥੰਪਿੰਗ)

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ.ਸੀ.) : ਸਪੀਕਰ ਸਾਹਿਬ, ਮੈਂ ਸਰਦਾਰ ਗੁਲਜ਼ਾਰ ਸਿੰਘ, ਐਮ. ਐਲ. ਏ., ਨੂੰ ਜੋ ਕਿ ਡਿਪਟੀ ਸਪੀਕਰ ਦੇ ਅਹੁਦੇ ਤੇ ਚੁਣੇ ਗਏ ਹਨ ਹਾਰਦਿਕ ਵਧਾਈ ਦਿੰਦਾ ਹਾਂ। ਸਪੀਕਰ ਸਾਹਿਬ, ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਸਰਦਾਰ ਗੁਲਜ਼ਾਰ ਸਿੰਘ ਇੱਕ ਪੜ੍ਹੇ ਲਿਖੇ ਨੌਜਵਾਨ ਹਨ ਅਤੇ ਹਰੀਜਨ ਵਰਗ ਵਿਚੋਂ ਹਨ। ਮੈਂ ਉਮੀਦ ਰੱਖਦਾ ਹਾਂ ਕਿ ਜੋ ਜਮਹੂਰੀ ਕਦਰਾਂ ਨੂੰ ਅਗੇ ਵਧਾਉਣ ਦੀ ਲੋੜ ਹੈ ਉਹ ਉਨ੍ਹਾਂ ਨੂੰ ਵਧਾਉਣਗੇ। ਇਹੋ ਜਿਹੇ ਮਹਾਨ ਵਿਅਕਤੀ ਦੇ ਕੁਰਸੀ ਤੇ ਬੈਠਣ ਨਾਲ ਦੇਸ਼ ਨੂੰ ਅਗੇ ਲਿਜਾਣ ਵਿਚ ਬੜੀ ਤਕੜੀ ਹੌਸਲੇ ਵਾਲੀ ਗੱਲ ਹੋਵੇਗੀ। ਮੈਂ, ਸਪੀਕਰ ਸਾਹਿਬ, ਸਰਦਾਰ ਗੁਲਜ਼ਾਰ ਸਿੰਘ ਜੀ ਤੋਂ ਆਸ ਕਰਦਾ ਹਾਂ ਕਿ ਜਦੋਂ ਵੀ ਉਹ ਕੁਰਸੀ ਤੇ ਬੈਠਣਗੇ ਤਾਂ ਉਹ ਇੰਪਾਰਸ਼ਲ ਤਰੀਕੇ ਨਾਲ ਕੰਮ ਕਰਨਗੇ ਅਤੇ ਹਾਊਸ ਦੀ ਮਰਿਆਦਾ ਨੂੰ ਬਣਾਈ ਰੱਖਣਗੇ। ਮੈਂ ਇਨ੍ਹਾਂ ਕੋਲੋਂ ਇਹ ਵੀ ਆਸ ਕਰਦਾ ਹਾਂ ਕਿ ਉਹ ਆਪਣੀ ਪਾਰਟੀ ਦੇ ਇਨਟਰੇਸਟ ਤੋਂ ਉਪਰ ਉਠਕੇ ਸਾਰਿਆਂ ਨੂੰ ਇੱਕੋ ਨਜ਼ਰ ਨਾਲ ਵੇਖਣਗੇ ਅਤੇ ਹਾਊਸ ਦੀ ਕਾਰਵਾਈ ਨੂੰ ਸਹੀ ਢੰਗ ਨਾਲ ਚਲਾਉਣਗੇ। ਸਪੀਕਰ ਸਾਹਿਬ, ਅੱਜ ਲੋੜ ਹੈ ਕਿ ਹਾਊਸ ਦੀ ਮਰਿਆਦਾਂ ਨੂੰ ਤਕੜਾ ਬਣਾਇਆ ਜਾਵੇ ਅਤੇ ਮੈਂ ਉਮੀਦ ਕਰਦਾ ਹਾਂ ਕਿ ਉਹ ਇਸ ਦੇ ਲਈ ਆਪਣਾ ਪੂਰਾ ਯਤਨ ਕਰਨਗੇ। ਮੈਂ ਇਹ ਵੀ ਉਮੀਦ ਕਰਦਾ ਹਾਂ ਕਿ ਉਹ ਗਰੀਬ ਹਰੀਜਨ ਘਰਾਣੇ ਵਿਚੋਂ ਹੁੰਦੇ ਹੋਏ ਗਰੀਬਾਂ ਵੱਲ ਉਚੇਚਾ ਧਿਆਨ ਦੇਣਗੇ ਕਿਉਂਕਿ, ਸਪੀਕਰ ਸਾਹਿਬ, ਅਜ ਗਰੀਬਾਂ ਵੱਲ ਧਿਆਨ ਦੇਣ ਦੀ ਲੋੜ ਵੀ ਹੈ। ਮੈਂ ਇਕ ਵਾਰ ਫਿਰ ਸਰਦਾਰ ਗੁਲਜ਼ਾਰ ਸਿੰਘ ਨੂੰ ਡਿਪਟੀ ਸਪੀਕਰ ਦੇ ਅਹੁਦੇ ਤੇ ਚੁਣੇ ਜਾਣ ਲਈ ਵਧਾਈ ਦਿੰਦਾ ਹਾਂ।

**ਸਰਦਾਰ ਦਿਲਬਾਗ ਸਿੰਘ** (ਨਵਾਂ ਸ਼ਹਿਰ): ਸਪੀਕਰ ਸਾਹਿਬ, ਤੁਹਾਡਾ ਅਤੇ ਡਿਪਟੀ ਸਪੀਕਰ ਸਾਹਿਬ ਦਾ ਅਹੁਦਾ ਬਹੁਤ ਉਚਾ ਅਹੁਦਾ ਹੈ। ਡਿਪਟੀ ਸਪੀਕਰ ਦਾ ਅਹੁਦਾ ਦੂਜੇ ਨੰਬਰ ਤੇ ਆਉਂਦਾ ਹੈ। ਮੈਂ ਸਰਦਾਰ ਗੁਲਜ਼ਾਰ ਸਿੰਘ ਜੀ ਨੂੰ ਡਿਪਟੀ ਸਪੀਕਰ ਦੇ ਅਹੁਦੇ ਤੇ ਚੁਣੇ ਜਾਣ ਲਈ ਵਧਾਈ ਦਿੰਦਾ ਹਾਂ। ਉਹ ਇੱਕ ਪੜ੍ਹੇ ਲਿਖੇ ਨੌਜਵਾਨ ਹਨ ਅਤੇ ਹਰੀਜਨ ਘਰਾਣੇ ਨਾਲ ਸਬੰਧ ਰੱਖਦੇ ਹਨ। ਸਪੀਕਰ ਸਾਹਿਬ, ਮੈਂ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਨੂੰ ਵੀ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਪਹਿਲੀ ਦਫਾ ਪੰਜਾਬ ਦੀ ਅਸੈਂਬਲੀ ਵਿੱਚ ਹਰੀਜਨ ਭਰਾ ਨੂੰ ਡਿਪਟੀ ਸਪੀਕਰ ਬਣਾਇਆ, ਇਹ ਅਹੁਦਾ ਦੂਸਰੇ ਨੰਬਰ ਤੇ ਆਉਂਦਾ ਹੈ ਅਤੇ ਬਹੁਤ ਉਚਾ ਅਹੁਦਾ ਹੈ, ਇਸ ਲਈ ਮੈਂ ਸਮਝਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਜੀ ਨੇ ਪਛੜੇ ਵਰਗ ਨੂੰ ਇਹ ਅਹੁਦਾ ਦੇਣ ਵਿਚ ਬੜੀ ਮਿਹਰਬਾਨੀ ਕੀਤੀ ਹੈ। ਉਨ੍ਹਾਂ ਨੇ ਸਚੇ ਦਿਲੋਂ ਅਤੇ ਸਹੀ ਮਾਅਨਿਆਂ ਵਿਚ ਪਛੜੇ ਵਰਗ ਦਾ ਖਿਆਲ ਰਖਿਆ ਹੈ। ਸਪੀਕਰ ਸਾਹਿਬ, ਸਿਰਫ ਲੈਕਚਰਾਂ ਨਾਲ ਹੀ ਨਹੀਂ ਬਲਕਿ ਪ੍ਰੈਕਟੀਕਲੀ ਸਰਦਾਰ ਗੁਲਜ਼ਾਰ ਸਿੰਘ, ਐਮ. ਐਲ. ਏ., ਨੂੰ ਡਿਪਟੀ ਸਪੀਕਰ ਦੇ ਅਹੁਦੇ ਤੇ ਹੁਣ ਚੁਣ ਕੇ ਹਰੀਜਨਾਂ ਨੂੰ ਨੁਮਾਇੰਦਗੀ ਦੇ ਕੇ, ਦਿਖਾਇਆ ਹੈ। ਮੈਂ ਸਮਝਦਾ ਹਾਂ ਕਿ ਜਿਨ੍ਹਾਂ ਨੇ ਇਸ ਮਤੇ ਦੀ ਮੁਖਾਲਫਤ ਕੀਤੀ ਹੈ, ਉਨ੍ਹਾਂ ਨੂੰ ਨਹੀਂ ਸੀ ਕਰਨੀ ਚਾਹੀਦੀ (ਵਿਘਨ) (ਸ਼ੋਰ) ਇਹ ਮੇਰੇ ਸਾਥੀ (ਅਕਾਲੀ ਪਾਰਟੀ

Original with;
Punjab Vidhan Sabha
Digitized by;
Panjab Digital Library

ਵਲ ਇਸ਼ਾਰਾ ਕਰਕੇ) ਜਿਹੜੇ ਇਥੇ ਢਾਈ ਸਾਲ ਰਾਜ ਕਰਦੇ ਰਹੇ ਹਨ। ਉਸ ਵੇਲੇ ਇਨ੍ਹਾਂ ਨੇ ਹਰੀਜਨਾਂ ਦਾ ਖਿਆਲ ਨਹੀਂ ਆਇਆ, ਉਸ ਵੇਲੇ ਹਰੀਜਨਾਂ ਦੇ ਮੁੰਡਿਆਂ ਨੂੰ ਅਫਸਰ ਨਹੀਂ ਲਗਾਇਆ ਗਿਆ, ਲੇਕਿਨ ਅੱਜ ਇਨ੍ਹਾਂ ਨੂੰ ਹਰੀਜਨਾਂ ਨਾਲ ਪਿਆਰ ਕਰਨਾ ਯਾਦ ਆ ਗਿਆ ਹੈ। ਸਪੀਕਰ ਸਾਹਿਬ, ਮੈਂ ਸਰਦਾਰ ਗੁਲਜ਼ਾਰ ਸਿੰਘ ਜੀ ਨੂੰ ਇਕ ਬੇਨਤੀ ਕਰਾਂਗਾ ਕਿ ਉਹ ਮਾਈਨਾਰਿਟੀ ਗਰੁਪ ਦਾ ਖਿਆਲ ਰੱਖਣ ਅਤੇ ਮੈਨੂੰ ਉਮੀਦ ਹੈ ਕਿ ਉਹ ਜ਼ਰੂਰ ਇਸ ਗੱਲ ਦਾ ਖਿਆਲ ਰੱਖਣਗੇ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਸਰਦਾਰ ਗੁਲਜ਼ਾਰ ਸਿੰਘ ਜੀ ਨੂੰ ਡਿਪਟੀ ਸਪੀਕਰ ਦੇ ਅਹੁਦੇ ਤੇ ਚੁਣੇ ਜਾਣ ਲਈ ਇਕ ਵਾਰੀ ਫਿਰ ਵਧਾਈ ਦਿੰਦਾ ਹਾਂ। (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਮੈਂ ਅੱਜ ਸਰਦਾਰ ਗੁਲਜ਼ਾਰ ਸਿੰਘ ਜੀ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੇ ਹਾਰਦਿਕ ਵਧਾਈ ਦਿੰਦਾ ਹਾਂ। ਮੈਂ ਲੀਡਰ ਆਫ ਦੀ ਹਾਊਸ ਦਾ ਬਹੁਤ ਰਿਣੀ ਹਾਂ ਜਿਨ੍ਹਾਂ ਨੇ ਕਿ ਇਕ ਪੜ੍ਹੇ ਲਿਖੇ ਨੌਜਵਾਨ ਅਤੇ ਹਰੀਜਨ ਮੈਂਬਰ ਨੂੰ ਡਿਪਟੀ ਸਪੀਕਰ ਬਣਾ ਕੇ ਮੇਰਾ ਸਾਥੀ ਬਣਾਇਆ ਹੈ। ਮੈਂ ਸਮਝਦਾ ਹਾਂ ਕਿ ਇਹ ਕੁਰਸੀ ਸਹੀ ਤੌਰ ਤੇ ਅਜ ਪਵਿੱਤਰ ਹੋਵੇਗੀ ਜਿਸ ਵੇਲੇ ਇਕ ਹਰੀਜਨ ਆ ਕੇ ਇਸ ਕੁਰਸੀ ਤੇ ਬੈਠੇਗਾ ਔਰ ਮੈਨੂੰ ਪੂਰੀ ਆਸ ਹੈ ਕਿ ਇਹ ਨੌਜਵਾਨ ਸਾਥੀ ਜਿਸ ਵਿਚ ਆਦਰ ਵਿਦਿਵਤਾ ਬਹੁਤ ਹੈ, ਇਸ ਕੁਰਸੀ ਦੀ ਸ਼ੋਭਾ ਵਧਾਏਗਾ। ਇਨ੍ਹਾਂ ਸ਼ਬਦਾਂ ਨਾਲ ਮੈਂ ਸਰਦਾਰ ਗੁਲਜ਼ਾਰ ਸਿੰਘ ਨੂੰ ਫਿਰ ਵਧਾਈ ਦਿੰਦਾ ਹਾਂ। (ਵਿਘਨ)

**ਸ੍ਰੀ ਡਿਪਟੀ ਸਪੀਕਰ (ਸਰਦਾਰ ਗੁਲਜ਼ਾਰ ਸਿੰਘ)** : ਆਨਰੇਬਲ ਸਪੀਕਰ ਸਾਹਿਬ, ਬੇਸ਼ਕ ਮੈਂ ਇਲੈਕਸ਼ਨਜ਼ ਰਾਹੀਂ ਐਡੀ ਵੱਡੀ ਮਹਾਨਤਾ ਵਾਲੀ ਕੁਰਸੀ ਤੇ ਸ਼ਸ਼ੋਭਤ ਹੋਇਆ ਹਾਂ ਪਰ ਫਿਰ ਵੀ ਮੈਂ ਇਸ ਸਾਰੇ ਸਦਨ ਦਾ, ਸਾਰੇ ਹਾਊਸ ਦਾ, ਸ਼ੁਕਰੀਆ ਅਦਾ ਕਰਦਾ ਹਾਂ (ਥੰਪਿੰਗ) ਖਾਸ ਕਰਕੇ ਲੀਡਰ ਆਫ ਦੀ ਹਾਊਸ ਦਾ ਮੈਂ ਸ਼ੁਕਰੀਆ ਅਦਾ ਕਰਦਾ ਹਾਂ ਅਤੇ ਸਾਰੇ ਪੰਜਾਬ ਦੇ ਹਰੀਜਨ ਅਤੇ ਪੱਛੜੀਆਂ ਜਾਤੀਆਂ ਦੇ ਜੋ ਲੋਕ ਹਨ ਉਹ ਲੀਡਰ ਆਫ ਦੀ ਹਾਊਸ ਦਾ ਸ਼ੁਕਰੀਆ ਅਦਾ ਕਰਦੀਆਂ ਹਨ (ਥੰਪਿੰਗ) ਕਿਉਂਕਿ ਇਨ੍ਹਾਂ ਨੇ ਸ਼ਾਇਦ ਪਹਿਲੀ ਵਾਰੀ ਹੈ ਜਦ ਇਕ ਹਰੀਜਨ ਨੂੰ ਇਸ ਮਹਾਨਤਾ ਵਾਲੀ ਕੁਰਸੀ ਤੇ ਬੈਠਣ ਦਾ ਮਾਣ ਬਖਸ਼ਿਆ ਹੈ। ਇਸ ਵਾਸਤੇ ਮੈਂ ਸਾਰੇ ਸਦਨ ਨੂੰ ਆਪਣੇ ਵਲੋਂ ਇਹ ਯਕੀਨ ਦਿਲਾਉਂਦਾ ਹਾਂ ਕਿ ਜਿਥੇ ਮੇਰੇ ਤੇ ਭਰੋਸਾ ਕਰਕੇ, ਯਕੀਨ ਕਰਕੇ, ਇਸ ਉਚੀ ਅਤੇ ਸੁੱਚੀ ਪਦਵੀ ਲਈ ਮੈਨੂੰ ਚੁਣਿਆ ਹੈ ਉਥੇ ਮੈਂ ਆਪਣੇ ਵਲੋਂ ਨਿਰਪੱਖ ਤੌਰ ਤੇ ਸਾਰਿਆਂ ਨੂੰ ਇੱਕੋ ਜਿਹਾ ਸਮਝਦਾ ਹੋਇਆ ਇਸ ਪਦਵੀ ਦੀ ਸਵੱਛਤਾ ਨੂੰ ਕਾਇਮ ਰਖਾਂਗਾ। ਇਸ ਕੁਰਸੀ ਤੇ ਬਹੁਤ ਸਾਰੇ ਵੱਡੇ ਵੱਡੇ ਨੇਤਾ, ਮਹਾਨ ਲੀਡਰ, ਆਏ ਹਨ ਅਤੇ ਲੀਡਰ ਆਫ ਦੀ ਹਾਊਸ ਜਿਨ੍ਹਾਂ ਨੇ ਮੈਨੂੰ, ਬੇਸ਼ੱਕ ਮੈਂ ਨਵਾਂ ਹਾਂ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧ ਰਖਦਾ ਹਾਂ, ਚੁਣ ਕੇ ਇਹ ਮਾਣ ਬਖਸ਼ਿਆ ਹੈ, ਉਸ ਦੇ ਲਈ ਮੈਂ ਸਾਰੇ ਹਾਊਸ ਦਾ ਸਤਿਕਾਰ ਕਾਇਮ ਰੱਖਣ ਵਾਸਤੇ ਇੰਪਾਰਸ਼ਲ ਤਰੀਕੇ ਨੂੰ ਅਪਣਾਉਂਦਾ ਹੋਇਆ ਰੂਲਜ਼ ਐਂਡ ਰੈਗੂਲੇਸ਼ਨਜ਼ ਨੂੰ ਅਪਣਾਉਂਦਾ ਹੋਇਆ ਸਾਰਿਆਂ ਨੂੰ ਇੱਕੋ ਅੱਖ ਨਾਲ ਦੇਖਦਾ ਹੋਇਆ, ਸਾਰਿਆਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਮੇਰੇ ਵਲੋਂ, ਕਿਸੇ ਕਿਸਮ ਦਾ ਵਿਤਕਰਾ ਨਹੀਂ ਹੋਵੇਗਾ ਅਤੇ ਮੇਰੇ ਵਲੋਂ ਪੂਰੀ ਕੋਆਪ੍ਰੇਸ਼ਨ ਤੁਹਾਨੂੰ ਮਿਲਦੀ ਰਹੇਗੀ। ਮੈਂ ਉਮੀਦ ਰਖਦਾ ਹਾਂ ਕਿ ਸਾਰੀਆਂ ਪਾਰਟੀਆਂ ਦੇ ਆਨਰੇਬਲ ਮੈਂਬਰਜ਼ ਵਲੋਂ ਵੀ ਕੋਆਪਰੇਸ਼ਨ ਮੈਨੂੰ ਮਿਲਦੀ ਰਹੇਗੀ।

## RESUMPTION OF DISCUSSION ON GOVERNOR'S ADDRESS

**ਸ੍ਰੀ ਸਪੀਕਰ** : ਹੁਣ ਹਾਊਸ ਉਸ ਮਤੇ ਤੇ, ਜਿਹੜਾ ਕਿ ਗਵਰਨਰ ਦੇ ਐਡਰੈਸ ਤੇ ਧੰਨਵਾਦ ਦਾ *ਮਤਾ ਹੈ, ਜਿਸ ਨੂੰ ਸਰਦਾਰ ਬੀਰ ਦਵਿੰਦਰ ਸਿੰਘ ਨੇ ਮੂਵ ਕੀਤਾ ਅਤੇ ਸਰਦਾਰ ਸੁਰਿੰਦਰ ਸਿੰਘ ਕੈਰੋਂ

*That an address be presented to the Governor in the following terms :—
That the Members of this House assembled in this Session are deeply grateful to the Governor for the Address which he has been pleased to deliver to the House on the 2nd July, 1980.

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਨੇ ਸੈਕਿੰਡ ਕੀਤਾ ਹੈ, ਬਹਿਸ ਕਰੇਗਾ। ਮੈਂ ਸ੍ਰੀ ਪਿਆਰਾ ਰਾਮ ਧੰਨੋਵਾਲੀ ਨੂੰ ਕਹਾਂਗਾ ਕਿ ਉਹ ਆਪਣੀ ਸਪੀਚ ਸ਼ੁਰੂ ਕਰਨ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਇਹ ਵੀ ਅਰਜ਼ ਕਰਾਂਗਾ ਕਿ ਬੋਲਣ ਵਾਲਿਆਂ ਦੀ ਬੜੀ ਲੰਬੀ ਲਿਸਟ ਹੈ। ਰੂਲਜ਼ ਦੇ ਮੁਤਾਬਿਕ 15 ਮਿੰਟ ਲਈ ਇੱਕ ਮੈਂਬਰ ਬੋਲ ਸਕਦਾ ਹੈ ਕਿਉਂਕਿ ਮੈਂਬਰ ਸਾਹਿਬਾਨ ਨੇ ਅੱਗੇ ਹੀ ਕਾਫੀ ਸਮਾਂ ਲੈ ਲਿਆ ਹੈ, ਇਸ ਲਈ ਹਰ ਇੱਕ ਮਾਨਯੋਗ ਮੈਂਬਰ ਨੂੰ ਬੋਲਣ ਲਈ 15 ਮਿੰਟਾਂ ਤਕ ਸੀਮਤ ਰਹਿਣਾ ਚਾਹੀਦਾ ਹੈ। ਕੀ ਇਹ ਠੀਕ ਹੈ ਕਿ 15, 15 ਮਿੰਟਾਂ ਲਈ ਹਰ ਮੈਂਬਰ ਸਾਹਿਬ ਬੋਲੇ ?

**ਆਵਾਜ਼ਾਂ** : ਠੀਕ ਹੈ ਜੀ, ਠੀਕ ਹੈ ਜੀ।

**ਸ੍ਰੀ ਸਪੀਕਰ** : ਸ੍ਰੀ ਪਿਆਰਾ ਰਾਮ ਧੰਨੋਵਾਲੀਆ ਜੀ, ਹੁਣ ਤੁਸੀਂ ਸ਼ੁਰੂ ਕਰੋ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** (ਫਗਵਾੜਾ, ਐਸ.ਸੀ.) : ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਧੰਨਵਾਦ ਦੇ ਮਤੇ ਤੇ ਜੋ ਕਿ ਸਰਦਾਰ ਬੀਰ ਦਵਿੰਦਰ ਸਿੰਘ ਹੋਰਾਂ ਨੇ ਮੂਵ ਕੀਤਾ ਸੀ ਔਰ ਸਰਦਾਰ ਸੁਰਿੰਦਰ ਸਿੰਘ ਕੈਰੋਂ ਨੇ ਸੈਕਿੰਡ ਕੀਤਾ ਸੀ, ਇਸ ਮਤੇ ਤੇ ਮੈਂ ਕੱਲ੍ਹ ਬੋਲਿਆ ਸੀ। ਮੈਂ ਕੱਲ੍ਹ ਇਹ ਜ਼ਿਕਰ ਕਰ ਰਿਹਾ ਸੀ ਕਿ ਤਾਲੀਮ ਦੇ ਸਬੰਧ ਵਿਚ 12,188 ਪਿੰਡ ਹਨ ਅਤੇ ਜਦੋਂ ਗਿਆਨੀ ਜ਼ੈਲ ਦੀ ਕਾਂਗਰਸ ਦੀ ਸਰਕਾਰ ਸੀ ਤਾਂ ਉਸ ਵੇਲੇ ਹਰ ਪਿੰਡ ਵਿਚ ਸਕੂਲ ਖੋਲ੍ਹਿਆ ਗਿਆ। ਉਸ ਤੋਂ ਬਾਅਦ ਅਕਾਲੀ-ਜਨਤਾ ਸਰਕਾਰ ਵੇਲੇ ਜਿਨ੍ਹਾਂ ਦੀ ਪਿਛੇ ਢਾਈ ਤਿੰਨ ਸਾਲ ਸਰਕਾਰ ਰਹੀ ਇਸ ਬਾਰੇ ਕੁਝ ਵਿੱਤਕਰਾ ਹੋਇਆ। ਇਕ ਨਵੀਂ ਸਕੀਮ ਮਾਡਲ ਸਕੂਲ ਖੋਲ੍ਹਣ ਲਈ ਬਣਾਈ ਗਈ। ਇੱਕ ਹੋਰ ਨਵੀਂ ਕਲਾਸ ਖੜੀ ਕਰਨ ਲਈ ਮਾਡਲ ਸਕੂਲ ਖੋਲ੍ਹ ਦਿੱਤੇ ਪਰ ਪਿੰਡਾਂ ਵਿਚ ਜ਼ਿਆਦਾ ਤਰ ਗਰੀਬਾਂ ਦੇ ਬੱਚੇ ਆਮ ਸਕੂਲਾਂ ਵਿਚ ਪੜ੍ਹਦੇ ਹਨ ਅਤੇ ਜਿਹੜੇ ਤਕੜੇ ਲੋਕ ਹਨ, ਉਹ ਆਪਣੇ ਬੱਚਿਆਂ ਨੂੰ ਮਾਡਲ ਸਕੂਲਾਂ ਵਿਚ ਪੜ੍ਹਾਉਂਦੇ ਹਨ, ਇਸ ਨਾਲ ਇੱਕ ਹੋਰ ਨਵੀਂ ਕਲਾਸ ਖੜੀ ਹੋ ਜਾਏਗੀ। ਸਾਨੂੰ ਆਪਣੀ ਸੁਸਾਇਟੀ ਨੂੰ ਕਲਾਸਲੈਸ ਬਣਾਉਣਾ ਚਾਹੀਦਾ ਹੈ। ਪਿੰਡਾਂ ਵਿਚ ਉਨ੍ਹਾਂ ਮਾਡਲ ਸਕੂਲਾਂ ਵਿਚ ਕਿਨ੍ਹਾਂ ਲੋਕਾਂ ਦੇ ਬੱਚੇ ਦਾਖਲ ਹੋਣਗੇ ? ਸਿਰਫ਼ ਅਮੀਰਾਂ ਦੇ ਬੱਚੇ ਹੀ ਉਨ੍ਹਾਂ ਸਕੂਲਾਂ ਵਿਚ ਦਾਖਲ ਹੋ ਸਕਣਗੇ। ਇਹ ਨਹੀਂ ਚਾਹੀਦਾ ਹੈ। ਮੈਂ ਆਪਣੀ ਸਰਕਾਰ ਨੂੰ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਾਂਗਾ ਕਿ ਪਿੰਡਾਂ ਵਿਚ ਹਰ ਪ੍ਰਾਇਮਰੀ ਸਕੂਲ ਨੂੰ ਮਾਡਲ ਬਣਾਇਆ ਜਾਏ ਅਤੇ ਉਥੇ ਟਾਟ ਕੁਰਸੀਆਂ, ਮੇਜ਼, ਤਪੜ ਅਤੇ ਹੋਰ ਲੋੜੀਂਦਾ ਸਾਮਾਨ ਦਿੱਤਾ ਜਾਏ। ਜਿਸ ਤਰ੍ਹਾਂ ਨਰਸਰੀ ਸਕੂਲ ਹਨ ਉਸੇ ਤਰ੍ਹਾਂ ਹੀ ਉਹ ਸਕੂਲ ਬਣਾਏ ਜਾਣ ਤਾਕਿ ਸਾਡੇ ਬਚਿਆਂ ਦੀ ਬੁਨਿਆਦ ਪੱਕੀ ਹੋ ਸਕੇ। ਕਰੋੜਾਂ ਰੁਪਏ ਜੋ ਕਿ ਅਸੀਂ ਯੂਨੀਵਰਸਿਟੀਆਂ ਤੇ ਖਰਚ ਕਰਦੇ ਹਾਂ, ਉਸ ਦੀ ਲੋੜ ਬਹੁਤੀ ਨਹੀਂ ਹੈ। ਸਾਨੂੰ ਪ੍ਰਾਇਮਰੀ ਤਾਲੀਮ ਜੋ ਕਿ ਬਹੁਤ ਜ਼ਰੂਰੀ ਹੈ ਇਸ ਦੀ ਤਰਫ ਧਿਆਨ ਦੇਣਾ ਚਾਹੀਦਾ ਹੈ। ਪ੍ਰਾਇਮਰੀ ਸਕੂਲਾਂ ਵਿਚ ਟਾਟ, ਤੱਪੜ ਅਤੇ ਬਿਲਡਿੰਗਾਂ ਆਦਿ ਮੁਹੱਈਆ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਸਕੂਲਾਂ ਵਿਚ ਹਰ ਕਿਸਮ ਦਾ ਸਾਮਾਨ ਮੁਹੱਈਆ ਕਰਨਾ ਚਾਹੀਦਾ ਹੈ ਤਾਕਿ ਬੱਚਿਆਂ ਦੀ ਬੁਨਿਆਦ ਮਜ਼ਬੂਤ ਹੋਵੇ।

ਐਡਰੈਸ ਦੇ ਸਫਾ-3, ਪੈਰਾ-6, ਤੇ ਸਰਕਾਰੀ ਕਰਮਚਾਰੀਆਂ ਵਾਸਤੇ ਪੇ ਕਮਿਸ਼ਨ ਦੀ ਰਿਪੋਰਟ ਦਾ ਜ਼ਿਕਰ ਕੀਤਾ ਗਿਆ ਹੈ। ਇਸ ਰਿਪੋਰਟ ਨੂੰ ਮਨਜ਼ੂਰ ਕਰ ਲਿਆ ਲੇਕਿਨ ਉਸ ਨੂੰ ਇਨ੍ਹਾਂ ਨੇ

Original with;
Punjab Vidhan Sabha
Digitized by;
Panjab Digital Library

(ਅਕਾਲੀ ਪਾਰਟੀ ਵੱਲ ਇਸ਼ਾਰਾ) ਲਾਗੂ ਨਹੀਂ ਕੀਤਾ ਔਰ ਸਪੀਕਰ ਸਾਹਿਬ, ਇਸ ਢਾਈ ਤਿੰਨ ਸਾਲ ਦੇ ਅਰਸੇ ਵਿਚ ਇਨ੍ਹਾਂ ਨੇ ਇਸ ਨੂੰ ਲਾਗੂ ਨਹੀਂ ਕੀਤਾ ਜਿਸ ਕਰਕੇ ਸਰਕਾਰੀ ਕਰਮਚਾਰੀਆਂ ਨੂੰ ਹੜਤਾਲਾਂ ਕਰਨੀਆਂ ਪਈਆਂ। ਪੁਲਿਸ ਜਿਹੜੀ ਕਿ ਸਾਡੀ ਡਿਸਿਪਲਿਨਡ ਫੋਰਸ ਹੈ, ਉਸ ਨੂੰ ਵੀ ਹੜਤਾਲਾਂ ਕਰਨੀਆਂ ਪਈਆਂ ਔਰ ਉਨ੍ਹਾਂ ਦੇ ਬਹੁਤ ਸਾਰੇ ਕਰਮਚਾਰੀ ਅਕਾਲੀ-ਜਨਤਾ ਸਰਕਾਰ ਨੇ ਆਪਣੇ ਵੇਲੇ ਹਟਾ ਦਿੱਤੇ। ਅੱਜ ਵੀ ਉਹ ਬਾਹਰ ਫਿਰ ਰਹੇ ਹਨ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਦੇ ਕੇਸਿਜ਼ ਵਲ ਜ਼ਰੂਰ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਇਨ੍ਹਾਂ ਦੀ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਸਰਕਾਰ ਵੇਲੇ, ਅਕਾਲੀ-ਜਨਤਾ ਸਰਕਾਰ ਵੇਲੇ, ਜੁਡੀਸ਼ਰੀ ਨੇ ਵੀ, ਜਿਨ੍ਹਾਂ ਨੇ ਹਿੰਦੁਸਤਾਨ ਦੀ ਹਿਸਟਰੀ ਵਿਚ ਕਦੇ ਇਸ ਤਰ੍ਹਾਂ ਨਹੀਂ ਕੀਤਾ ਸੀ ਕਾਲੇ ਬਿੱਲੇ ਲਗਾ ਕੇ ਪੇ ਕਮਿਸ਼ਨ ਦੀ ਰਿਪੋਰਟ ਤੇ ਅਮਲ ਕਰਾਉਣ ਲਈ ਮੁਜ਼ਾਹਰੇ ਕੀਤੇ। (ਵਿਘਨ)

ਗਵਰਨਰ ਐਡਰੈਸ ਦੇ ਸਫਾ-5, ਪੈਰਾ-9, ਤੇ ਸ਼ੈਡਿਊਲਡ ਕਾਸਟਸ ਬਾਰੇ, ਜੋਕਿ ਸਮਾਜ ਦਾ ਕਮਜ਼ੋਰ ਵਰਗ ਹੈ, ਜ਼ਿਕਰ ਕੀਤਾ ਗਿਆ ਹੈ। ਕਾਂਗਰਸ ਸਰਕਾਰ ਵੇਲੇ ਹਰੀਜਨਾਂ ਦੀ ਬਿਹਤਰੀ ਲਈ ਕਈ ਸਕੀਮਾਂ ਬਣਾਈਆਂ ਗਈਆਂ ਸਨ, ਰਿਜ਼ਰਵੇਸ਼ਨ ਦੀ ਪਾਲਿਸੀ ਬਣਾਈ ਗਈ ਸੀ ਅਤੇ ਉਨ੍ਹਾਂ ਗਲਾਂ ਤੇ ਅਮਲ ਕਰਾਉਣ ਲਈ ਸਕੱਤਰੇਤ ਵਿਚ ਇਕ ਸਪੈਸ਼ਲ ਸੈਲ ਬਣਾਇਆ ਗਿਆ ਸੀ ਲੇਕਿਨ ਅਕਾਲੀ-ਜਨਤਾ ਸਰਕਾਰ ਵੇਲੇ ਇਸ ਸੈਲ ਨੂੰ ਆਹਿਸਤਾ ਆਹਿਸਤਾ ਖ਼ਤਮ ਕੀਤਾ ਗਿਆ। ਰਿਜ਼ਰ-ਵੇਸ਼ਨ ਦੀ ਪਾਲਿਸੀ ਨੂੰ ਖਤਮ ਕਰਨ ਲਈ ਇਹ ਇਸ ਹੱਦ ਤਕ ਚਲੇ ਗਏ, ਇਸ ਬਾਰੇ ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਪੰਜਾਬ ਬਿਜਲੀ ਬੋਰਡ ਵਿਚ ਐਸ.ਡੀ.ਓ. ਤੋਂ ਐਕਸੀਅਨ ਬਣਨ ਲਈ ਦਸ ਸਾਲ ਦਾ ਸਮਾਂ ਲਗਦਾ ਸੀ ਅਤੇ ਹਰੀਜਨਾਂ ਦੀ ਵਾਰੀ ਤਿੰਨ ਸਾਲ ਬਾਅਦ ਆ ਜਾਂਦੀ ਸੀ। (ਵਿਘਨ) ਜਿਸ ਹਰੀਜਨ ਦੀ 3 ਸਾਲ ਬਾਅਦ ਵਾਰੀ ਆਉਂਦੀ ਸੀ ਜਾਂ 4 ਸਾਲ ਬਾਅਦ ਵਾਰੀ ਆਉਂਦੀ ਸੀ ਉਨ੍ਹਾਂ ਦੀ ਰਿਜ਼ਰਵੇਸ਼ਨ ਪਾਲਿਸੀ ਨੂੰ ਖ਼ਤਮ ਕਰਨ ਲਈ ਇਨ੍ਹਾਂ (ਆਪੋਜ਼ੀਸ਼ਨ ਵਲ ਇਸ਼ਾਰਾ) ਨੇ ਇਕ ਰੋਕ ਲਗਾ ਦਿੱਤੀ ਕਿ ਹਰੀਜਨ ਨੂੰ ਵੀ ਬਤੌਰ ਐਸ.ਡੀ.ਓ. 10 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ ਤਾਂ ਉਹ ਐਕਸੀਅਨ ਬਣ ਸਕਦਾ ਹੈ। ਇਸ ਤਰੀਕੇ ਨਾਲ ਰਿਜ਼ਰ-ਵੇਸ਼ਨ ਦੀ ਪਾਲਿਸੀ ਖਤਮ ਕੀਤੀ ਗਈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਰਾਜ ਵਿਚ ਕਿਤਨੇ ਹਰੀਜਨਾਂ ਉਤੇ ਜ਼ੁਲਮ ਅਤੇ ਅਤਿਆਚਾਰ ਹੋਏ। ਜ਼ਿਲ੍ਹਾ ਜਲੰਧਰ ਵਿਚ ਬਿਲਗਾ ਪਿੰਡ ਹੈ। ਉਥੋਂ ਦੇ ਗਿੱਟੋ ਨਾਮ ਦੇ ਹਰੀਜਨ ਨੂੰ ਕਤਲ ਕੀਤਾ ਗਿਆ। ਇਸੇ ਤਰ੍ਹਾਂ ਹੀ ਮੇਰੇ ਹਲਕੇ ਫਗਵਾੜਾ ਵਿਚ ਇਕ ਹਰੀਜਨ ਚਨਣ ਰਾਮ ਪੁਲਿਸ ਕਸਟਡੀ ਵਿਚ ਮਰ ਗਿਆ। ਉਸ ਦੀ ਕੋਈ ਪੁੱਛ ਪੜਤਾਲ ਨਹੀਂ ਕੀਤੀ। ਇਸ ਤਰ੍ਹਾਂ ਦੀਆਂ ਵਧੀਕੀਆਂ ਅਤੇ ਜ਼ੁਲਮ ਇਨ੍ਹਾਂ ਦੇ ਰਾਜ ਵਿਚ ਹਰੀਜਨਾਂ ਦੇ ਉਤੇ ਹੋਏ ਹਨ। ਇਸ ਦਾ ਨਿਪਟਾਰਾ ਕਰਨ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਕ ਪਰਮਾਨੈਂਟ ਸੈਲ ਸੈਕਟਰੀਏਟ ਵਿਚ ਕਾਇਮ ਕੀਤਾ ਜਾਵੇ ਅਤੇ ਉਸ ਦਾ ਮੁੱਖੀ ਕਮ-ਅਜ਼-ਕਮ ਐਸ.ਪੀ. ਲੈਵਲ ਦਾ ਅਫ਼ਸਰ ਹੋਵੇ। ਉਹ ਸਪੈਸ਼ਲ ਸੈਲ ਜਿਥੇ ਕੋਈ ਘਟਨਾ ਹੋਵੇ ਮੌਕੇ ਤੇ ਜਾ ਕੇ ਪੜਤਾਲ ਕਰੇ। ਉਹ ਮੌਕੇ ਤੇ ਜਾਕੇ ਪੜਤਾਲ ਕਰਕੇ ਥਾਣੇ ਵਿਚ ਰਿਪੋਰਟ ਲਿਖਵਾਏ ਤਾਕਿ ਹਰੀਜਨਾਂ ਨੂੰ ਜਿਨ੍ਹਾਂ ਉਤੇ ਅਤਿਆਚਾਰ ਅਤੇ ਜ਼ੁਲਮ ਹੋ ਰਹੇ ਹਨ, ਉਨ੍ਹਾਂ ਨੂੰ ਇਨਸਾਫ ਮਿਲ ਸਕੇ।

**ਸ੍ਰੀ ਸਪੀਕਰ:** ਤੁਸੀਂ ਵਾਈਂਡ ਅੱਪ ਕਰੋ ਜੀ। ਮੇਰੇ ਪਾਸ ਬਹੁਤ ਲੰਬੀ ਚੌੜੀ ਮਾਨਯੋਗ ਮੈਂਬਰਾਂ ਦੇ ਨਾਵਾਂ ਦੀ ਲਿਸਟ ਹੈ ਜਿਨ੍ਹਾਂ ਨੇ ਹਾਲਾਂ ਬੋਲਣਾ ਹੈ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ:** ਸਪੀਕਰ ਸਾਹਿਬ, ਮੈਂ ਥੋੜ੍ਹਾ ਟਾਈਮ ਹੀ ਹੋਰ ਲੈਣਾ ਹੈ।

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਪਿਆਰਾ ਰਾਮ ਧੰਨੋਵਾਲੀਆ ]

ਅਗਲੀ ਗੱਲ ਮੈਂ ਫੋਕਲ ਪੁਆਇੰਟਾਂ ਬਾਰੇ ਕਹਿਣਾ ਚਾਹੁੰਦਾ ਹਾਂ। ਇਨ੍ਹਾਂ ਨੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਇਲੈਕਸ਼ਨਾਂ ਵੀ ਨਹੀਂ ਕਰਵਾਈਆਂ। ਇਨ੍ਹਾਂ ਨੇ ਆਉਂਦਿਆਂ ਹੀ ਪੰਚਾਂ ਅਤੇ ਸਰਪੰਚਾਂ ਨੂੰ ਮੁਅੱਤਲ ਕਰ ਦਿਤਾ। ਉਨ੍ਹਾਂ ਉਤੇ ਕੇਸ ਬਣਾਏ ਗਏ। ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਰਾਣੀ-ਪੁਰ ਰਾਜਪੂਤਾਂ ਪਿੰਡ ਹੈ ਉਥੇ ਦਾ ਸਰਪੰਚ ਨਿਰਮਲ ਸਿੰਘ ਪਹਿਲਾਂ ਵੀ ਸਰਪੰਚ ਸੀ ਅਤੇ ਦੂਜੀ ਵਾਰ ਫਿਰ ਉਹ ਸਰਪੰਚ ਚੁਣਿਆ ਗਿਆ। ਉਸ ਨੂੰ ਇਨ੍ਹਾਂ ਨੇ ਚਾਰਜ ਨਹੀਂ ਲੈਣ ਦਿਤਾ। ਉਸ ਨੂੰ ਇਨ੍ਹਾਂ ਨੇ ਮੁਅੱਤਲ ਕਰੀ ਰੱਖਿਆ। ਇਹਨਾਂ ਅਕਾਲੀਆਂ ਨੇ ਉਥੇ ਫੋਕਲ ਪੁਆਇੰਟ ਬਣਾਇਆ ਸੀ। ਲੋਕਾਂ ਨੇ ਬੜਾ ਪਰੋਟੈਸਟ ਕੀਤਾ ਕਿ ਇਥੇ ਫੋਕਲ ਪੁਆਇੰਟ ਨਹੀਂ ਬਣਨਾ ਚਾਹੀਦਾ ਪਰ ਸਰਕਾਰ ਨੇ ਉਨ੍ਹਾਂ ਦੀ ਕੋਈ ਨਾ ਸੁਣੀ। ਉਸ ਵੇਲੇ ਵਿਕਾਸ ਮੰਤਰੀ ਸਰਦਾਰ ਆਤਮਾ ਸਿੰਘ ਉਥੇ ਗਏ ਅਤੇ ਇਨ੍ਹਾਂ ਨੇ ਜਾ ਕੇ ਉਸ ਸਰਪੰਚ ਨੂੰ ਮੁਅੱਤਲ ਕਰ ਦਿੱਤਾ। ਸਪੀਕਰ ਸਾਹਿਬ, ਇਨ੍ਹਾਂ ਗੱਲਾਂ ਦੀ ਪੜਤਾਲ ਹੋਣੀ ਚਾਹੀਦੀ ਹੈ। ਜਿਹੜੇ ਫੋਕਲ ਪੁਆਇੰਟ ਇਨ੍ਹਾਂ ਦੇ ਰਾਜ ਵਿਚ ਦਿੱਤੇ ਗਏ ਉਹ ਨੀਵੀਆਂ ਜਗ੍ਹਾਂ ਵਿਚ, ਟੋਇਆਂ ਵਿਚ ਦਿੱਤੇ ਗਏ। ਮੈਂ ਕਹਾਂਗਾ ਕਿ ਇਹ ਜਿਹੜੇ ਫੋਕਲ ਪੁਆਇੰਟਾਂ ਦਾ ਪ੍ਰੋਗਰਾਮ ਹੈ ਇਸ ਉਤੇ ਦੁਬਾਰਾ ਗੌਰ ਕਰਕੇ, ਪੜਤਾਲ ਕਰਕੇ, ਯੋਗ ਥਾਂ ਤੇ ਦਿੱਤੇ ਜਾਣ।

ਮੈਂ, ਸਪੀਕਰ ਸਾਹਿਬ, ਜ਼ਿਆਦਾ ਨਾ ਕਹਿੰਦਾ ਹੋਇਆ ਇਕ ਦੋ ਗੱਲਾਂ ਦਾ ਹੋਰ ਜ਼ਿਕਰ ਕਰਨਾ ਚਾਹੁੰਦਾ ਹਾਂ। ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਫਾਈਨੈਂਸ ਕਾਰਪੋਰੇਸ਼ਨ ਅਤੇ ਨਾਲ ਹੀ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਦਾ ਜ਼ਿਕਰ ਕੀਤਾ ਗਿਆ ਹੈ। (ਆਪੋਜ਼ੀਸਨ ਪਾਰਟੀ ਵਲ ਇਸ਼ਾਰਾ)। ਇਨ੍ਹਾਂ ਦੇ ਰਾਜ ਵਿਚ ਕਿਸ ਤਰ੍ਹਾਂ ਵੱਡੇ ਵੱਡੇ ਲੋਕਾਂ ਨੂੰ ਇਕਨਾਮੀਕਲੀ ਬੈਕਵਰਡ ਕਰਾਰ ਦੇ ਕੇ ਉਨ੍ਹਾਂ ਦੀ ਮਦਦ ਕੀਤੀ ਗਈ। ਮੈਂ ਦਸਣਾ ਚਾਹੁੰਦਾ ਹਾਂ ਕਿ ਸਰਦਾਰ ਉਮਰਾਨੰਗਲ ਜੀ, ਜੋ ਕਿ ਮਨਿਸਟਰ ਰਹੇ ਹਨ, ਦੇ ਲੜਕੇ ਨੇ ਆਪਣੇ ਆਪ ਨੂੰ ਇਕਨਾਮੀਕਲੀ ਬੈਕਵਰਡ ਸ਼ੋ ਕਰਕੇ ਇਸ ਕਾਰਪੋਰੇਸ਼ਨ ਵਿਚੋਂ ਕਰਜ਼ਾ ਲਿਆ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਇਸ ਕਿਸਮ ਦੀਆਂ ਗੱਲਾਂ ਬੰਦ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਦੋ ਕਾਰਪੋਰੇਸ਼ਨਾਂ ਬਾਰੇ ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਵਧੇਰੇ ਰਕਮ ਰਖੇ।

**ਸ਼੍ਰੀ ਸਪੀਕਰ** : ਤੁਸੀਂ ਹੁਣ ਵਾਈਂਡ ਅੱਪ ਕਰੋ। ਕੱਲ੍ਹ ਵੀ ਤੁਸੀਂ ਟਾਈਮ ਲਿਆ ਸੀ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ** : ਹੁਣ ਮੈਂ ਹਰੀਜਨ ਬਸਤੀ ਸੁਧਾਰ ਦੀ ਗੱਲ ਕਰਦਾ ਹਾਂ। ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਆਉਂਦਿਆਂ ਹੀ ਹਰੀਜਨ ਬਸਤੀ ਸੁਧਾਰ ਸਕੀਮ ਨੂੰ ਬੰਦ ਕਰ ਦਿੱਤਾ ਸੀ। ਵੈਦ ਕਰਤਾਰ ਸਿੰਘ ਉਸ ਕਮੇਟੀ ਦੇ ਮੈਂਬਰ ਸਨ।...... (ਵਿਘਨ)

**ਸ਼੍ਰੀ ਸਪੀਕਰ** : ਤੁਸੀਂ ਹੁਣ ਖ਼ਤਮ ਕਰੋ ਜੀ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ** : ਹੁਣ ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਖਤਮ ਹੀ ਕਰਨ ਲੱਗਾ ਹਾਂ ਜੀ। ਇਨ੍ਹਾਂ ਨੇ ਆਪਣੇ 3 ਸਾਲਾਂ ਦੇ ਸਮੇਂ ਵਿਚ ਕੋਈ ਇੱਟ ਨਹੀਂ ਸੀ ਲਾਈ। ਸਗੋਂ ਜਿਹੜੀਆਂ ਲਗੀਆਂ ਸਨ ਉਹ ਵੀ ਉਖਾੜ ਦਿਤੀਆਂ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਤਨਾ ਕੁਝ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਬੰਦ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਦਲੀਪ ਸਿੰਘ ਪਾਂਧੀ** : ਪੁਆਇੰਟ ਆਫ ਆਰਡਰ, ਸਰ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਸ ਤਰ੍ਹਾਂ ਹਾਊਸ ਦਾ ਵਕਤ ਜ਼ਾਇਆ ਨਾ ਕੀਤਾ ਜਾਵੇ। ਪਾਂਧੀ ਸਾਹਿਬ, ਤੁਸੀਂ ਫਿਰ ਆਪਣਾ ਪੁਆਇੰਟ ਆਫ ਆਰਡਰ ਕਰ ਲੈਣਾ।

**ਸਰਦਾਰ ਬੀਰ ਪਾਲ ਸਿੰਘ (ਲੁਧਿਆਣਾ,** ਦਿਹਾਤੀ) : ਸਪੀਕਰ ਸਾਹਿਬ, ਮੇਰੇ ਸਾਥੀ ਸਰਦਾਰ ਬੀਰਦਵਿੰਦਰ ਸਿੰਘ ਨੇ ਗਵਰਨਰ ਦੇ ਐਡਰੈਸ ਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਸਰਦਾਰ ਸੁਰਿੰਦਰ ਸਿੰਘ ਕੈਰੋਂ ਨੇ ਉਸ ਦੀ ਪ੍ਰੋੜ੍ਹਤਾ ਕੀਤੀ, ਉਸ ਬਾਰੇ ਮੇਰੇ ਬਹੁਤ ਸਾਰੇ ਆਨਰੇਬਲ ਮੈਂਬਰਾਂ ਨੇ, ਇਧਰੋਂ ਅਤੇ ਉਧਰੋਂ, ਬਹੁਤ ਸਾਰੀਆਂ ਗੱਲਾਂ ਕਹੀਆਂ ਹਨ। ਮੇਰੀ ਪਾਰਟੀ ਨੇ ਵੀ ਮੈਨੂੰ ਥੋੜ੍ਹੀਆਂ ਜਿਹੀਆਂ ਗੱਲਾਂ ਇਸ ਸਬੰਧ ਵਿਚ ਕਹਿਣ ਦਾ ਮੌਕਾ ਬਖਸ਼ਿਆ ਹੈ। ਜਿਸ ਦਿਨ ਗਵਰਨਰ ਸਾਹਿਬ ਨੇ ਆਪਣਾ ਐਡ-ਰੈਸ ਪੇਸ਼ ਕੀਤਾ ਸੀ ਉਸ ਦਿਨ ਅਪੋਜ਼ੀਸ਼ਨ ਦੇ ਲੀਡਰ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਨੇ ਆਪਣੀ ਪਾਰਟੀ ਦੇ ਸਾਥੀਆਂ ਸਮੇਤ ਹਾਊਸ ਵਿਚੋਂ ਵਾਕ ਆਊਟ ਕੀਤਾ ਸੀ। ਉਨ੍ਹਾਂ ਨੇ ਇਸ ਮਤੇ ਤੇ ਬੋਲਦੇ ਹੋਏ ਬੜੀਆਂ ਤੱਤੀਆਂ, ਠੰਢੀਆਂ ਗੱਲਾਂ ਵੀ ਕਹੀਆਂ ਸਨ ਅਤੇ ਕਿਹਾ ਸੀ ਕਿ ਅਸੀਂ ਇਸ ਕਰਕੇ ਵਾਕ ਆਊਟ ਕੀਤਾ ਸੀ ਕਿ ਜੋ ਸਰਕਾਰ ਨੇ, ਗਵਰਨਰ ਨੇ, ਇਹ ਚੋਣਾਂ ਕਰਵਾਈਆਂ ਸਨ ਇਹ ਨਿਰਪੱਖ ਨਹੀਂ ਹੋਈਆਂ। ਇਹ ਚੋਣਾਂ ਫਰੀ ਐਂਡ ਫੇਅਰ ਨਹੀਂ ਹੋਈਆਂ। ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਫਰੀ ਐਂਡ ਫੇਅਰ ਇਲੈਕਸ਼ਨਜ਼ ਨਾ ਹੁੰਦੇ ਤਾਂ ਇਹ ਜਿਹੜੇ ਮੇਰੇ ਸਾਥੀ ਆਪੋਜ਼ੀਸ਼ਨ ਵਿਚ ਐਨੀ ਗਿਣਤੀ ਵਿਚ ਸ਼ਸ਼ੋਭਤ ਹਨ ਇਹ ਐਨੀ ਤਾਦਾਦ ਵਿਚ ਇਥੇ ਨਾ ਆਉਂਦੇ। ਸੋ ਇਹ ਇਨ੍ਹਾਂ ਦੀ ਦਲੀਲ ਬਿਲਕੁਲ ਗਲਤ ਹੈ। ਆਪੋਜ਼ੀਸ਼ਨ ਪਾਰਟੀ ਦੇ ਲੀਡਰ ਜੋ ਕਿ ਆਪਣੀ ਪਾਰਟੀ ਵਿਚ ਬੜੇ ਹਰਮਨ ਪਿਆਰੇ ਹਨ, ਉਨ੍ਹਾਂ ਦੀ ਐਗਜ਼ੈਕਟਿਵ ਪਾਰਟੀ ਦੀ ਜਦੋਂ ਮੀਟਿੰਗ ਹੋਈ ਸੀ (ਵਿਘਨ) ਇਸ ਗੱਲ ਵਿਚ ਮੈਂ ਜ਼ਿਆਦਾ ਨਾ ਜਾਂਦਾ ਹੋਇਆ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਕਹਿੰਦੇ ਹਨ ਕਿ ਇਹ ਇਲੈਕਸ਼ਨ ਫਰੀ ਐਂਡ ਫੇਅਰ ਨਹੀਂ ਹੋਏ, ਇਹ ਗਲਤ ਗੱਲ ਹੈ। ਇਹ ਜਿਹੜਾ ਕਹਿੰਦੇ ਹਨ ਕਿ ਸਰਕਾਰੀ ਮਸ਼ੀਨਰੀ ਦਾ ਇਸਤੇਮਾਲ ਹੋਇਆ ਅਤੇ ਕਈ ਕਰਮਚਾ-ਰੀਆਂ ਨੇ ਬਹੁਤ ਜ਼ਿਆਦਾ ਵਧੀਕੀਆਂ ਕੀਤੀਆਂ, ਇਹ ਬਿਲਕੁਲ ਗਲਤ ਗੱਲ ਹੈ।

ਇਸ ਗਵਰਨਰ ਐਡਰੈਸ ਦੇ ਪੈਰਾ 2 ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ। ਇਸ ਪੈਰੇ ਵਿਚ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) 3 ਸਾਲ ਰਾਜ ਕੀਤਾ। ਇਨ੍ਹਾਂ ਨੇ 3 ਸਾਲ ਰਾਜ ਬੜਾ ਵੱਜ ਕੇ ਕੀਤਾ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਮਗਰ ਜਦ ਇਨ੍ਹਾਂ ਦਾ ਰਾਜ ਸੀ ਤਾਂ ਉਸ ਸਮੇਂ ਵਿਚ ਬਹੁਤ ਸਾਰੀਆਂ ਗਲਤ ਗੱਲਾਂ ਕੀਤੀਆਂ ਗਈਆਂ। ਜੇ ਮੈਂ ਉਨ੍ਹਾਂ ਗੱਲਾਂ ਨੂੰ ਬਿਆਨ ਕਰਨਾ ਸ਼ੁਰੂ ਕਰਾਂ ਤਾਂ ਸਾਲ-ਹ-ਸਾਲ ਵਿਚ ਉਹ ਕਹੀਆਂ ਜਾ ਸਕਣਗੀਆਂ। ਮੈਂ ਇਹ ਗਲ ਕਹਾਂਗਾ ਕਿ ਲਾਅ ਐਂਡ ਆਰਡਰ ਦੀ ਹਾਲਤ ਬਾਰੇ ਬਹੁਤ ਸਾਰੇ ਦੋਸ-ਤਾਂ ਨੇ ਚਾਨਣਾ ਪਾਇਆ ਹੈ। ਉਸ ਸਮੇਂ ਬਹੁਤ ਸਾਰੇ ਲੋਕਾਂ ਨਾਲ ਬਹੁਤ ਵਧੀਕੀਆਂ ਹੋਈਆਂ ਸਨ। ਮੈਂ ਇਸ ਹਾਊਸ ਵਿਚ ਬੜੇ ਅਦਬ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਬਾਰੇ ਕੋਈ ਸਜਣ ਇਹ ਨਹੀਂ ਸੋਚ ਵਿਚਾਰ ਸਕਦਾ ਕਿ ਉਹ ਸ਼ਰੀਫ ਨਹੀਂ। (ਤਾੜੀਆਂ) ਇਸ ਗੱਲ ਨੂੰ ਮੈਂ ਖੁਦ ਵੀ ਮੰਨਦਾ ਹਾਂ ਮਗਰ ਇਨ੍ਹਾਂ ਦੇ ਸ਼ਰੀਫ ਹੋਣ ਤੇ ਨਾਤੇ ਇਨ੍ਹਾਂ ਦੇ ਕਈ ਸਾਥੀਆਂ ਨੇ ਬਹੁਤ ਸਾਰੀਆਂ ਵਧੀਕੀਆਂ ਕਰਵਾਈਆਂ ਅਤੇ ਕਈ ਬਹੁਤ ਸਾਰੀਆਂ ਅਨੋਖੀਆਂ ਗੱਲਾਂ ਕਰਵਾਈਆਂ ਜੋ ਕਿ ਸਾਰਿਆਂ ਦੇ ਸਾਹਮਣੇ ਹਨ। ਸਪੀਕਰ ਸਾਹਿਬ, ਮੈਂ ਇਕ ਮਿਸਾਲ ਪੇਸ਼ ਕਰਨੀ ਚਾਹੁੰਦਾ ਹਾਂ। ਇਕ ਨੌਜਵਾਨ ਜੋ ਬਾਦਲ ਸਾਹਿਬ ਦੇ ਹਲਕੇ ਦਾ ਹੈ ਉਹ ਇਨ੍ਹਾਂ ਨਾਲ ਚੋਣ ਲੜਿਆ। ਉਸ ਨੌਜਵਾਨ ਨੇ ਕਿਸਾਨਾਂ ਦੀ ਮੰਗ ਦਾ ਸਮਰਥਨ ਕੀਤਾ। ਉਸ ਨੇ ਡੀਜ਼ਲ, ਖਾਦ ਤੇ ਟਰੈਕਟਰ ਦੇ ਬਾਰੇ ਕਿਸਾਨਾਂ ਦੀ ਮੰਗ ਦੀ ਮਦਦ ਕੀਤੀ (ਵਿਘਨ) ਪਰ, ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਬਹੁਤ ਵਡੇ ਆਪਣੇ ਆਪ ਨੂੰ ਧਨਾਢ ਕਹਿੰਦੇ ਹਨ, ਇਨ੍ਹਾਂ ਦੀ ਸਰਕਾਰ ਧਨਾਢਾਂ ਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਪਾਲ ਸਿੰਘ]
ਨੁਮਾਇੰਦਗੀ ਕਰਦੀ ਸੀ, ਇਨ੍ਹਾਂ ਦੇ ਦਿਲ ਵਿਚ ਉਨ੍ਹਾਂ ਪ੍ਰਤੀ ਹਾਲਾਂ ਵੀ ਤੜਪ ਹੈ, ਉਨ੍ਹਾਂ ਪ੍ਰਤੀ ਹਮਦਰਦੀ ਹੈ। (ਵਿਘਨ) ਮੈਂ ਅਰਜ਼ ਕਰ ਰਿਹਾ ਸੀ ਕਿ ਉਸ ਨੌਜਵਾਨ ਦੇ ਉਤੇ ਝੂਠੇ ਮੁਕਦਮੇ ਬਣਾ ਕੇ ਉਸ ਨੂੰ ਅਕਾਲੀ ਪਾਰਟੀ ਦੀ ਹਾਈ ਕਮਾਂਡ ਦੇ ਮੈਂਬਰ ਦੇ ਤੌਰ ਤੇ ਉਸ ਨੂੰ ਜੇਲ੍ਹ ਵਿਚ ਸੁਟਿਆ ਗਿਆ। ਉਸ ਉਤੇ ਝੂਠਾ ਮੁਕੱਦਮਾ ਬਣਾ ਕੇ ਮੁਕਤਸਰ ਦੇ ਥਾਣੇ ਵਿਚ 110 ਦਾ ਪਰਚਾ ਦਿੱਤਾ ਗਿਆ। ਉਸ ਨੂੰ 8, 9 ਮਹੀਨੇ ਜੇਲ੍ਹ ਵਿਚ ਰੱਖਿਆ ਗਿਆ। ਉਸ ਉਤੇ ਬਹੁਤ ਅੱਤਿਆਚਾਰ ਕੀਤਾ ਗਿਆ। ਉਹ ਨੌਜਵਾਨ ਲਾਅ ਦਾ ਤਾਲਬਇਲਮ ਸੀ। ਉਸ ਵਕਤ ਉਸ ਨੇ ਵਕਾਲਤ ਦਾ ਇਮਤਿਹਾਨ ਦੇਣਾ ਸੀ। (ਵਿਘਨ)

**ਸਰਦਾਰ ਹਰਚੰਦ ਸਿੰਘ ਬਰਾੜ :** ਇਹ ਗਲਤ ਗੱਲਾਂ ਕਰ ਰਿਹਾ ਹੈ।

**ਸਰਦਾਰ ਬੀਰ ਪਾਲ ਸਿੰਘ :** ਉਸ ਨੌਜਵਾਨ ਨੂੰ ਪਟਿਆਲਾ ਜੇਲ੍ਹ ਵਿਚ ਸੁਟਿਆ ਗਿਆ। ਉਸਨੇ ਜਿਸ ਵੇਲੇ ਵਕਾਲਤ ਦਾ ਇਮਤਿਹਾਨ ਦੇਣਾ ਸੀ ਤਾਂ ਉਸ ਦੇ ਇਕ ਹੱਥ ਵਿਚ ਹੱਥਕੜੀ ਸੀ ਔਰ ਦੂਸਰੇ ਹੱਥ ਵਿਚ ਕਲਮ ਸੀ। ਉਹ ਇਸ ਤਰ੍ਹਾਂ ਆਪਣੀ ਕਲਮ ਨਾਲ ਇਮਤਿਹਾਨ ਦਿੰਦਾ ਰਿਹਾ ਅਤੇ ਉਸ ਨੇ ਉਹ ਇਮਤਿਹਾਨ ਪਾਸ ਕੀਤਾ। ਉਸ ਤੇ ਇਤਨਾ ਵੱਡਾ ਜ਼ੁਲਮ ਕੀਤਾ, ਉਸ ਤੇ ਇਤਨਾ ਵੱਡਾ ਅਤਿਆਚਾਰ ਕੀਤਾ ਔਰ ਫਿਰ ਕਾਲੀ ਬੋਲੀ ਅੰਨ੍ਹੇਰੀ ਰਾਤ ਨੂੰ ਉਸ ਨੂੰ ਮਾਰਨ ਦੀ ਸਾਜ਼ਸ਼ ਕੀਤੀ ਗਈ ਸੀ। ਇਹੋ ਜਿਹੀਆਂ ਗਲਾਂ ਪੰਜਾਬ ਦੇ ਵਿਚ ਇਨ੍ਹਾਂ ਦੇ ਰਾਜ ਵਿਚ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਵਾਪਰੀਆਂ ਹਨ ਜਿਹੜੀਆਂ ਮੈਂ ਬੜੇ ਅਦਬ ਦੇ ਨਾਲ ਇਸ ਹਾਊਸ ਦੇ ਵਿਚ ਲਿਆਉਣਾ ਚਾਹੁੰਦਾ ਹਾਂ। ਜੋ ਕੁਝ ਉਸ ਵੇਲੇ ਦਾ ਚੀਫ਼ ਮਨਿਸਟਰ ਕਰਦਾ ਰਿਹਾ ਮੈਂ ਸਮਝਦਾ ਹਾਂ ਕਿ ਆਉਣ ਵਾਲੀਆਂ ਸਰਕਾਰਾਂ ਜਾਂ ਆਉਣ ਵਾਲੇ ਸਮੇਂ ਦੀਆਂ ਸਰਕਾਰਾਂ ਜਿਨ੍ਹਾਂ ਨੇ ਚਲਾਉਣੀਆਂ ਹਨ ਜੇ ਉਹ ਵੀ ਬਦਲੇ ਦੀ ਭਾਵਨਾ ਨਾਲ, ਮਾੜੀ ਨੀਤੀ ਨਾਲ ਗਲਾਂ ਕਰਨਗੇ ਤਾਂ ਮੈਂ ਕਹਿੰਦਾ ਹਾਂ ਕਿ ਉਹ ਸਰਕਾਰ ਕਦੇ ਵੀ ਨਹੀਂ ਚਲ ਸਕਦੀ ਅਤੇ ਉਨ੍ਹਾਂ ਨੂੰ ਲੋਕ ਕਦੇ ਵੀ ਮੁਆਫ਼ ਨਹੀਂ ਕਰਨਗੇ। ਇਹੀ ਕਾਰਨ ਹਨ ਕਿ ਸਾਹਮਣੇ ਬੈਠੇ ਵੀਰਾਂ ਦੀ ਸਰਕਾਰ ਨੂੰ ਜਨਤਾ ਨੇ ਫਤਵਾ ਦੇ ਦਿੱਤਾ, ਜੰਤਾ ਨੇ ਆਪਣਾ ਵਰਡਿਕਟ ਦੇ ਕੇ ਉਨ੍ਹਾਂ ਨੂੰ ਪਿਛੇ ਸੁਟ ਦਿੱਤਾ ਹੈ। ਮੈਂ ਪੰਜਾਬ ਦੀ ਉਸ ਪਾਰਟੀ ਦੇ ਨਾਲ ਜੋ ਜੋਧੇ, ਕਾਮੇ, ਵਰਕਰ, ਕਿਰਤੀਆਂ ਦੇ ਹੱਕ ਦੇਣ ਵਾਲੀ ਹੈ, ਉਨ੍ਹਾਂ ਦਾ ਹੱਥ ਵਟਾਉਣ ਵਾਲੀ ਹੈ ਅਤੇ ਜਿਨ੍ਹਾਂ ਦੀ ਲੜਾਈ ਫਿਊਡਲਾਂ ਦੇ ਖਿਲਾਫ਼ ਹੈ, ਫਿਰਕਾਪ੍ਰਸਤੀ ਦੇ ਖਿਲਾਫ ਹੈ ਜਿਸ ਦੀ ਰਹਿ-ਨਮਾਈ ਇਸ ਵੇਲੇ ਸਾਡੇ ਚੀਫ਼ ਮਨਿਸਟਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਕਰ ਰਹੇ ਹਨ, ਉਸ ਦੀ ਗਲ ਕਰਨਾ ਚਾਹੁੰਦਾ ਹਾਂ ਜਿਸ ਨੇ ਪੰਜਾਬ ਦੇ ਅੰਦਰ ਹੱਥ ਲਗਦੇ ਸਾਰ ਹੀ ਉਨ੍ਹਾਂ ਗੁੰਡਿਆਂ ਨੂੰ ਜਿਨ੍ਹਾਂ ਦੀ ਇਹ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਸਰਪ੍ਰਸਤੀ ਕਰਦੇ ਸਨ, ਜਿਹੜੇ ਦੰਗੇ ਫਸਾਦ ਕਰਦੇ ਹਨ, ਜਿਹੜੇ ਦਿਨ ਦਿਹਾੜੇ ਆਪਣੇ ਜ਼ੋਰ ਦੇ ਬਲ ਬੋਤੇ ਨਚਦੇ ਟੱਪਦੇ ਫਿਰਦੇ ਸਨ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁਟ ਦਿੱਤਾ। ਜਦੋਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਬਣੀ ਤਾਂ ਇਕ ਆਨਰੇਬਲ ਮੈਂਬਰ ਨੇ ਇਕ ਸਟੇਟਮੈਂਟ ਦਿਤਾ ਸੀ ਕਿ ਸਰਦਾਰ ਦਰਬਾਰਾ ਸਿਘ ਇੰਨਡਿਸਾਈਸਿਵ ਹੈ, ਉਸ ਦੇ ਵਿਚ ਫੈਸਲਾ ਕਰਨ ਦੀ ਯੋਗਤਾ ਨਹੀਂ ਹੈ। ਜਦੋਂ ਸਰਦਾਰ ਦਰਬਾਰਾ ਸਿਘ ਜੀ ਨੇ ਪੰਜਾਬ ਦੇ ਲੋਕਾਂ ਦੀ ਪੰਜਾਬ ਦੀ ਸਰਕਾਰ ਦੀ ਵਾਗ ਡੋਰ ਸੰਭਾਲੀ ਤਾਂ ਉਸ ਨੇ ਸਭ ਤੋਂ ਪਹਿਲਾਂ ਕੰਮ ਇਹੀ ਕੀਤਾ, ਸਭ ਤੋਂ ਪਹਿਲਾ ਫੈਸਲਾ ਇਹੀ ਕੀਤਾ ਜਿਸ ਦੀ ਸ਼ਲਾਘਾ ਸਾਰੇ ਪੰਜਾਬ ਦੇ ਲੋਕਾਂ ਨੇ ਕੀਤੀ ਜਿਸ ਦੀ ਸ਼ਲਾਘਾ ਪ੍ਰੈਸ ਨੇ ਬਹੁਤ ਕੀਤੀ ਹੈ। ਜਿਹੜੇ ਲੋਕ ਸਾਡੇ ਮਹਾਨ ਨੇਤਾ ਸਰਦਾਰ ਦਰਬਾਰਾ ਸਿੰਘ ਜੀ ਨੂੰ ਇੰਨਡਿਸਾਈਸਿਵ ਕਹਿੰਦੇ ਹਨ ਉਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਜਿਨ੍ਹਾਂ ਦੀਆਂ ਕਲਮਾਂ ਨਾਲ ਬੀ.ਡੀ.ਓ. ਲਗਾ ਕੇ ਭੇਜੇ ਗਏ ਉਹ ਉਚੀਆਂ ਉਚੀਆਂ ਗਲਾਂ ਕਰਦੇ ਹਨ। (ਵਿਘਨ)

Original with;
Punjab Vidhan Sabha
Digitized by;
Panjab Digital Library

ਮੈਂ ਕਹਿੰਦਾ ਹਾਂ ਕਿ ਜਦੋਂ ਸਮਾਂ ਆਵੇਗਾ ਉਦੋਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਇਹ ਵੀ ਦੇਖ ਲਵੇਗੀ। ਅੱਜ ਇਹ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਲਾਅ ਐਂਡ ਆਰਡਰ ਦੀ ਗੱਲ ਕਰਦੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ 13 ਅਪ੍ਰੈਲ ਦਾ ਦਿਨ ਸਾਡੇ ਵਾਸਤੇ ਬੜਾ ਮਹਾਨਤਾ ਰਖਦਾ ਹੈ ਮਗਰ ਪੰਜਾਬ ਵਿਚ ਉਸ ਦਿਨ ਇਕ ਬੜਾ ਘਲੂਘਾਰਾ ਹੋਇਆ ਅਤੇ ਜਿਸ ਘਲੂਘਾਰੇ ਵਿਚ ਸਾਰੇ ਹਿੰਦੁਸਤਾਨ ਵਿਚ ਕਸ਼ੀਦਗੀ ਪੈਦਾ ਹੋਈ। ਮੇਰੇ ਮੋਹਤਰਮ ਲੀਡਰ ਸਰਦਾਰ ਦਰਬਾਰਾ ਸਿੰਘ ਜੀ ਅਤੇ ਅਸੀਂ ਜਦੋਂ ਅੰਮ੍ਰਿਤਸਰ ਜਾ ਕੇ ਦੇਖਿਆ ਤਾਂ ਸਾਨੂੰ ਪਤਾ ਲਗਾ ਕਿ ਉਥੇ ਕੀ ਕੁਝ ਹੋਇਆ ਹੈ ਔਰ ਉਸ ਸਮੇਂ ਦੇ ਜੋ ਚੀਫ ਮਨਿਸਟਰ ਸਾਹਿਬ ਸਨ ਜਿਹੜੇ ਕਿ ਅੱਜ ਇਸ ਹਾਊਸ ਦੇ ਆਪੋਜ਼ੀਸ਼ਨ ਦੇ ਲੀਡਰ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ, ਹਨ ਉਸ ਸਮੇਂ ਫਿਲਮ ਸਟਾਰਾਂ ਦੇ ਨਾਲ ਬੰਬਈ ਦੇ ਅੰਦਰ ਆਪਣੇ ਮਨ ਪ੍ਰਚਾਵੇ ਵਿਚ ਲਗੇ ਹੋਏ ਸਨ। ਜਦੋਂ ਅੰਮ੍ਰਿਤਸਰ ਵਿਚ ਅੱਗ ਲਗੀ ਹੋਈ ਸੀ ਤਾਂ ਉਹ ਬੰਬਈ ਦੇ ਵਿਚ ਆਪਣਾ ਮਨ ਪ੍ਰਚਾਵਾ ਕਰ ਰਹੇ ਸਨ। (ਵਿਘਨ) ਜੋ ਨਿਰੰਕਾਰੀਆਂ ਦੇ ਨਾਲ ਅੰਮ੍ਰਿਤਸਰ ਦੇ ਵਿਚ ਝਗੜਾ ਹੋਇਆ ਹੈ ਅਗਰ ਪੰਜਾਬ ਦੀ ਸਰਕਾਰ ਕੋਲ ਕੋਈ ਸੀ.ਆਈ.ਡੀ. ਦਾ ਨੋਟ ਹੁੰਦਾ ਤਾਂ ਉਸ ਸਮੇਂ ਇਹ ਗਲ ਕਦੇ ਨਾ ਵਾਪਰਦੀ। (ਵਿਘਨ) ਇਥੋਂ ਤਕ, ਸਪੀਕਰ ਸਾਹਿਬ, ਕਿ ਇਸ ਪੰਜਾਬ ਦੇ ਅੰਦਰ ਹਰੀਜਨਾਂ ਦੇ ਉਦੋਂ ਕਤਲ ਹੋਏ ਮੇਰੇ ਮੋਹਤਰਮ ਸਾਥੀ ਨੇ ਵੀ ਇਹ ਗੱਲ ਕਹੀ ਹੈ ਕਿ ਇਥੇ ਹਰੀਜਨਾਂ ਦੀਆਂ ਛਾਤੀਆਂ ਵਿਚ ਛੁਰੀਆਂ ਮਾਰੀਆਂ ਗਈਆਂ। (ਸਰਦਾਰ ਹਰਚੰਦ ਸਿੰਘ ਜੀ ਵਲੋਂ ਵਿਘਨ) ਕਿਸ ਕਿਸ ਦਾ ਨਾਮ ਲਵਾਂ ਮੈਂ ਤਾਂ ਕਹਿੰਦਾ ਹਾਂ ਕਿ ਜਦੋਂ ਅਕਾਲੀਆਂ ਦੀ ਸਰਕਾਰ ਸੀ ਤਾਂ ਉਦੋਂ ਦਿਨ ਦਿਹਾੜੇ, ਸ਼ਰੇ ਆਮ ਹਰੀਜਨਾਂ ਨੂੰ ਮਾਰਿਆ ਗਿਆ ਹੈ। (ਵਿਘਨ)

ਇਕ ਗੱਲ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਨ੍ਹਾਂ ਨੇ ਅਯੋਗ ਵਰਤੋਂ ਕੀਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਇੰਨੀ ਸੈਂਕਟਿਟੀ ਵਾਲੀ ਥਾਂ ਹੈ, ਇੰਨੀ ਪਵਿੱਤਰ ਥਾਂ ਹੈ ਜਿਸ ਦੇ ਅੱਗੇ ਹਰ ਆਦਮੀ ਦਾ ਸਿਰ ਝੁਕਦਾ ਹੈ ਪਰ ਇਨ੍ਹਾਂ ਸਜਣਾਂ ਨੇ ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਉਸ ਜਗ੍ਹਾ ਨੂੰ ਇਕ ਪੁਲੀਟੀਕਲ ਅਖਾੜਾ ਬਣਾ ਲਿਆ ਹੈ। ਸਾਰੇ ਲੋਕਾਂ ਦੇ ਦਿਲਾਂ ਵਿਚ ਇਸ ਪਵਿੱਤਰ ਜਗ੍ਹਾ ਦਾ, ਇਸ ਸਥਾਨ ਦਾ ਪੂਰਾ ਮਾਣ ਹੈ। ਇਹ ਲਾਅ ਐਂਡ ਆਰਡਰ ਦੀਆਂ ਗਲਾਂ ਕਰਦੇ ਹਨ, ਧਰਮ ਦੀਆਂ ਗਲਾਂ ਕਰਦੇ ਹਨ ਔਰ ਫਰੀਡਮ ਆਫ ਵਰਸ਼ਿਪ ਦੀਆਂ ਗਲਾਂ ਕਰਦੇ ਹਨ। ਉਸ ਵੇਲੇ ਇਨ੍ਹਾਂ ਦੀਆਂ ਇਹ ਚੀਜ਼ਾਂ ਕਿਥੇ ਗਈਆਂ ਸਨ ? ਜਦੋਂ ਲੋਕੀਂ ਵੱਖ ਵੱਖ ਧਰਮਾਂ ਨੂੰ ਮੰਨਣ ਵਾਲੇ, ਵੱਖ ਵੱਖ ਬੋਲੀਆਂ ਬੋਲਣ ਵਾਲੇ ਲੋਕ ਫਰੀਡਮ ਆਫ ਵਰਸ਼ਿਪ ਇਨ੍ਹਾਂ ਦੇ ਰਾਜ ਵਿਚ ਮੰਗਦੇ ਸਨ ਤਾਂ ਉਸ ਵੇਲੇ ਜਦੋਂ ਇਥੇ ਪੰਜਾਬ ਦੇ ਅੰਦਰ ਅਕਾਲੀ ਸਰਕਾਰ ਸੀ ਉਦੋਂ ਇਨ੍ਹਾਂ ਨੇ ਫਰੀਡਮ ਆਫ ਵਰਸ਼ਿਪ ਨੂੰ ਡਾਂਗ ਦੇ ਜ਼ੋਰ ਨਾਲ ਕਰਵਾਇਆ ਹੈ। ਇਨ੍ਹਾਂ ਦੀ ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਕਾਰਕਰਦਗੀ ਇਹ ਰਹੀ ਹੈ ਕਿ ਹਰੀਜਨਾਂ ਨੂੰ ਦਬਾ ਕੇ ਵੋਟਾਂ ਉਨ੍ਹਾਂ ਤੋਂ ਲਈਆਂ ਹਨ, ਉਨ੍ਹਾਂ ਨੂੰ ਡਾਂਗਾਂ ਦੇ ਜ਼ੋਰ ਨਾਲ ਵੋਟਾਂ ਨਹੀਂ ਪਾਉਣ ਦਿੱਤੀਆਂ ਅਤੇ ਉਨ੍ਹਾਂ ਤੇ ਹਰ ਕਿਸਮ ਦੀਆਂ ਵਧੀਕੀਆਂ ਕੀਤੀਆਂ ਹਨ। ਇਸ ਕਰਕੇ ਲੋਕਾਂ ਨੂੰ ਜੋ ਸਵਰਗੀ ਜਵਾਹਰ ਲਾਲ ਨਹਿਰੂ ਜੀ ਨੇ ਵੋਟਾਂ ਪਾਉਣ ਦਾ ਅਧਿਕਾਰ ਦਿੱਤਾ ਸੀ ਉਨ੍ਹਾਂ ਵੋਟਾਂ ਦੀਆਂ ਪਰਚੀਆਂ ਨਾਲ ਅੱਜ ਲੋਕਾਂ ਨੇ ਇਨ੍ਹਾਂ ਨੂੰ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਬਦਲ ਦਿੱਤਾ ਹੈ ਅਤੇ ਅੱਜ ਪੰਜਾਬ ਦੇ ਅੰਦਰ ਸਰਦਾਰ ਦਰਬਾਰਾ ਸਿੰਘ ਜੀ ਦੀ ਰਹਿਨੁਮਾਈ ਵਿਚ ਕਾਂਗਰਸ ਪਾਰਟੀ ਦਾ ਰਾਜ ਲਿਆਂਦਾ ਹੈ। ਮੈਂ ਅਕਾਲੀ ਲੀਡਰ ਸਾਹਿਬਾਨ ਬਾਬਾ ਖੜਗ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ ਅਤੇ ਜਰਨੈਲ ਸ਼ਾਮ ਸਿੰਘ ਜੀ ਸਨ ਜਿਨ੍ਹਾਂ ਨੇ ਸਹੀ ਮਾਅਨਿਆਂ ਵਿਚ ਲੋਕਾਂ ਦੀ ਅਗਵਾਈ ਕੀਤੀ ਹੈ ਉਨ੍ਹਾਂ ਦਾ ਪੂਰਾ ਸਤਿਕਾਰ ਕਰਦਾ ਹਾਂ। ਸਪੀਕਰ ਸਾਹਿਬ, ਜਰਨੈਲ ਸ਼ਾਮ ਸਿੰਘ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰ ਪਾਲ ਸਿੰਘ]

ਸਾਡੇ ਜ਼ਿਲ੍ਹੇ ਨੂੰ ਬਿਲੋਂਗ ਕਰਦੇ ਸਨ, ਉਹ ਬੜੇ ਮਹਾਨ ਅਤੇ ਪਵਿੱਤਰ ਉਚ ਕੋਟੀ ਦੇ ਸਜਣਾਂ ਵਿਚੋਂ ਹਿਸਟਰੀ ਵਿਚ ਮੰਨੇ ਜਾਂਦੇ ਹਨ। ਹਿਸਟਰੀ ਵੀ ਇਸ ਗਲ ਦੀ ਗਵਾਹ ਹੈ ਕਿ ਉਨ੍ਹਾਂ ਨੇ ਸਾਡੇ ਲਈ ਕੀ ਕੁਝ ਕੀਤਾ ਹੈ। ਉਸ ਸਮੇਂ ਜਦੋਂ ਗੁਰਦੁਆਰਿਆਂ ਦੀ ਲਹਿਰ ਚਲ ਰਹੀ ਸੀ ਤਾਂ ਉਸ ਵਿਚ ਮਹਾਨ ਲੀਡਰਾਂ ਨੇ ਅਪਣੀਆਂ ਗ੍ਰਿਫਤਾਰੀਆਂ ਦਿੱਤੀਆਂ। ਜਦੋਂ ਜੈਤੋ ਦਾ ਮੋਰਚਾ ਲਗਿਆ ਸੀ ਤਾਂ ਸਾਡੇ ਮਹਾਨ ਲੀਡਰਾਂ ਨੇ ਬੜੀਆਂ ਕੁਰਬਾਨੀਆਂ ਦਿੱਤੀਆਂ, ਗ੍ਰਿਫਤਾਰੀਆਂ ਦਿੱਤੀਆਂ। ਜਿਹੜੇ ਲੀਡਰ ਕਮਿਊਨਲ ਆਊਟ ਲੁਕ ਨਹੀਂ ਰਖਦੇ ਲੋਕ ਹਮੇਸ਼ਾਂ ਉਨ੍ਹਾਂ ਦੀ ਕਦਰ ਕਰਦੇ ਹਨ। ਸਵਰਗਵਾਸੀ ਸਦਾ ਨੰਦ ਜੀ ਨੇ ਅੰਮ੍ਰਿਤਸਰ ਦੇ ਮੋਰਚੇ ਵਿਚ ਲਾਠੀਆਂ ਖਾਧੀਆਂ ਅਤੇ ਗ੍ਰਿਫਤਾਰੀ ਦਿੱਤੀ। (ਵਿਘਨ) ਪਰ ਅੱਜ ਦੇ ਜੋ ਬੋਗਸ ਲੋਕ ਹਨ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਉਹ ਹਮੇਸ਼ਾ ਗਲਤ ਗਲਾਂ ਕਰਦੇ ਹਨ। ਉਨ੍ਹਾਂ ਲੋਕਾਂ ਨੂੰ ਜੋ ਇਸ ਤਰ੍ਹਾਂ ਦੇ ਹਨ ਉਨ੍ਹਾਂ ਨੂੰ ਹਿਸਟਰੀ ਕਦੇ ਵੀ ਮੁਆਫ ਨਹੀਂ ਕਰੇਗੀ। ਮੈਂ ਇਸ ਹਾਊਸ ਵਿਚ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਦੇਸ਼ ਦੇ ਅੰਦਰ ਬੜੇ ਬੜੇ ਲੋਕਾਂ ਨੇ ਆਜ਼ਾਦੀ ਦੇ ਵਿਚ ਆਪਣਾ ਹਿੱਸਾ ਪਾਇਆ। ਉਸ ਦੇ ਵਿਚ ਬੜੇ ਗੁਰਮੁਖ ਸਜਣਾਂ ਨੇ ਆਪਣਾ ਹਿੱਸਾ ਪਾਇਆ ਹੈ ਅਤੇ ਕਾਂਗਰਸ ਪਾਰਟੀ ਨੇ ਇਸ ਦੇ ਵਾਸਤੇ ਬੜੀਆਂ ਕੁਰ-ਬਾਨੀਆਂ ਕਰਕੇ ਦੇਸ਼ ਦੀ ਆਜ਼ਾਦੀ ਲਿਆਂਦੀ ਹੈ। ਮੈਂ ਉਨ੍ਹਾਂ ਸਾਰਿਆਂ ਸਜਣਾਂ ਦੀ ਕਦਰ ਕਰਦਾ ਹਾਂ, ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ ਮਗਰ ਇਥੇ ਇਹ ਲੋਕੀਂ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਜ਼ਿਨ੍ਹਾਂ ਨੇ ਇਥੇ ਪੰਜਾਬ ਵਿਚ ਸਰਕਾਰ ਚਲਾਈ ਹੈ ਉਨ੍ਹਾਂ ਨੂੰ ਲੋਕਾਂ ਨੇ ਫਤਵਾ ਦਿੱਤਾ ਹੈ। (ਵਿਘਨ)

**ਸ੍ਰੀ ਸਪੀਕਰ** : ਸਰਦਾਰ ਬੀਰ ਪਾਲ ਸਿੰਘ ਜੀ, ਹੁਣ ਵਾਈਂਡ ਅੱਪ ਕਰੋ।

**ਸਰਦਾਰ ਬੀਰ ਪਾਲ ਸਿੰਘ** : ਸਪੀਕਰ ਸਾਹਿਬ, ਹੁਣ ਕਾਂਗਰਸ (ਆਈ) ਦਾ ਰਾਜ ਆਇਆ ਹੈ ਸ੍ਰੀਮਤੀ ਇੰਦਰਾ ਗਾਂਧੀ ਜੀ ਸਾਡੇ ਦੇਸ਼ ਦੀ ਲੀਡਰ ਹੀ ਨਹੀਂ ਬਲਕਿ ਸਾਰੇ ਸੰਸਾਰ ਦੀ ਮਾਈਟੀਅਸ ਵਿਮੰਨ ਉਨ੍ਹਾਂ ਨੂੰ ਕਿਹਾ ਜਾਂਦਾ ਹੈ। She is the mightiest woman of the World. ਉਹ ਸਾਡੇ ਦੇਸ਼ ਦੀ ਨੁਮਾਇੰਦਗੀ ਕਰ ਰਹੇ ਹਨ ਅਤੇ ਉਨ੍ਹਾਂ ਨੇ ਇਸ ਪੰਜਾਬ ਦੀ ਸਰਦਾਰ ਦਰਬਾਰਾ ਸਿੰਘ ਜੀ ਨੂੰ ਸੇਵਾ ਕਰਨ ਦਾ ਮਾਣ ਬਖਸ਼ਿਆ ਹੈ। ਮੈਂ ਇਹ ਗਲ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਉਨ੍ਹਾਂ ਨੇ ਪੰਜਾਬ ਨੂੰ ਇਕ ਸਾਫ ਸੁੱਥਰੀ ਐਡਮਨਿਸਟਰੇਸ਼ਨ ਦਿੱਤੀ ਹੈ। ਇਸ ਦੇ ਬਾਰੇ ਪ੍ਰੈਸ ਨੇ ਵੀ ਬੜੀ ਸ਼ਲਾਘਾ ਕੀਤੀ ਹੈ ਅਤੇ ਲੋਕਾਂ ਨੇ ਵੀ ਸ਼ਲਾਘਾ ਕੀਤੀ ਹੈ। ਸਰਦਾਰ ਦਰਬਾਰਾ ਸਿਘ ਜੀ ਦੀ ਵੱਡੇ ਵੱਡੇ ਲੀਡਰਾਂ ਨੇ ਹੌਸਲਾ ਅਫ਼ਜ਼ਾਈ ਕੀਤੀ ਹੈ ਔਰ ਮੈਨੂੰ ਉਮੀਦ ਹੈ ਕਿ ਉਹ ਇਸੇ ਤਰ੍ਹਾਂ ਹੀ ਗਰੀਬਾਂ ਦੀ, ਵੀਕਰ ਸੈਕਸ਼ਨ ਦੀ ਰਹਿਨਮਾਈ ਕਰਦੇ ਰਹਿਣਗੇ ਅਤੇ ਉਨ੍ਹਾਂ ਨੂੰ ਇਨ-ਸਾਫ ਦੇਣਗੇ। ਮੈਂ ਇਹ ਵੀ ਆਸ ਰਖਾਂਗਾ ਕਿ ਆਪੋਜ਼ੀਸ਼ਨ ਇਨ੍ਹਾਂ ਦੇ ਚੰਗੇ ਕੰਮਾਂ ਵਿਚ ਸਾਡਾ ਸਾਥ ਦੇਵੇਗੀ। (ਸਰਦਾਰ ਹਰਚੰਦ ਸਿੰਘ ਵਲੋਂ ਵਿਘਨ) ਸਪੀਕਰ ਸਾਹਿਬ, ਇਹ ਉਹ ਹਨ ਜਿਹੜੇ ਫਿਊ-ਡਲ ਹਨ, ਜਿਨਾਂ ਨੂੰ ਡੈਮੋਕਰੇਸੀ ਦੀ ਕਦਰ ਨਹੀਂ, ਜਿਨ੍ਹਾਂ ਨੇ ਲੋਕ ਰਾਜ ਨੂੰ ਪਛਾੜਿਆ ਹੈ, ਜਿਨ੍ਹਾਂ ਨੇ ਪੰਚਾਇਤੀ ਰਾਜ ਨੂੰ ਖ਼ਤਮ ਕਰ ਦਿੱਤਾ ਸੀ ਪਰ ਸਾਡੇ ਸਰਦਾਰ ਸੰਤੋਖ ਸਿੰਘ ਰੰਧਾਵਾ ਜੀ ਜਿਹੜੇ ਕਿ ਇਸ ਵੇਲੇ ਪੰਜਾਬ ਦੇ ਡਿਵੈਲਪਮੈਂਟ ਮਨਿਸਟਰ ਹਨ ਉਨ੍ਹਾਂ ਨੇ ਫਿਰ ਪੰਜਾਬ ਦੇ ਵਿਚ ਥਰੀ ਟਾਇਰ ਸਿਸਟਮ ਲਿਆਉਣ ਦੀ ਗਲ ਕੀਤੀ ਹੈ। ਉਹ ਮਜ਼ਬੂਤੀ ਨਾਲ ਕੰਮ ਕਰਨਗੇ ਔਰ ਉਨ੍ਹਾਂ ਦੇ ਸਾਥੀ ਡਾਕਟਰ ਕੇਵਲ ਕ੍ਰਿਸ਼ਨ ਜੀ ਸਾਡੇ ਕੈਬਨਿਟ ਮਨਿਸਟਰ ਹਨ ਅਤੇ ਹੋਰ ਮਨਿਸਟਰ ਸਾਹਿਬਾਨ ਵੀ ਸਰਦਾਰ ਦਰਬਾਰਾ ਸਿੰਘ ਜੀ ਨੂੰ ਆਪਣਾ ਪੂਰਾ ਪੂਰਾ ਸਾਥ ਦੇਣਗੇ ਔਰ ਮੈਂ ਆਪੋਜ਼ੀਸ਼ਨ ਤੋਂ ਵੀ ਇਹ ਆਸ ਰਖਦਾ ਹਾਂ ਕਿ ਜਿਹੜੀਆਂ ਸਰਦਾਰ ਦਰਬਾਰਾ ਸਿੰਘ ਜੀ ਦੀਆਂ ਚੰਗੀਆਂ ਗਲਾਂ ਹੋਣ-

Original with;
Punjab Vidhan Sabha
Digitized by;
Panjab Digital Library

ਗੀਆਂ, ਜਿਹੜੀਆਂ ਉਹ ਚੰਗੀਆਂ ਗਲਾਂ ਪ੍ਰੈਕਟਿਸ ਵਿਚ ਲਿਆਉਣਗੇ ਉਨ੍ਹਾਂ ਦਾ ਇਹ (ਆਪੋਜ਼ੀਸ਼ਨ ਵਲ ਇਸ਼ਾਰਾ) ਸਾਥ ਦੇਵੇਗੀ।

**ਸਪੀਕਰ** ਸਾਹਿਬ, ਜਿਹੜਾ ਇਹ ਐਗਰੀਕਲਚਰ ਬਾਰੇ ਰੌਲਾ ਪਾਉਂਦੇ ਹਨ, ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਕਿੰਨਾਂ ਗੰਨਾ ਇਨ੍ਹਾਂ ਦੇ ਸਮੇਂ ਸਾੜਿਆ ਗਿਆ ? ਇਥੇ ਬਾਦਲ ਸਾਹਿਬ ਸਨ ਅਤੇ ਉਪਰ ਚੌਧਰੀ ਚਰਨ ਸਿੰਘ ਜੀ ਬੈਠੇ ਸਨ, ਇਹ ਦੱਸਣ ਕਿ, ਇਨ੍ਹਾਂ ਨੇ ਕੀ ਕੀਤਾ ? ਮੈਂ ਕਹਿੰਦਾ ਹਾਂ ਕਿ Rome was not built in a day. ਗੰਨਾ ਪੁਦੀਨੇ ਵਾਂਗ ਨਹੀਂ ਕਿ ਅੱਜ ਬੀਜਿਆ ਤੇ ਕੱਲ ਨੂੰ ਇਸ ਦੀਆਂ ਪਤੀਆਂ ਨਿਕਲ ਆਈਆਂ ਅਤੇ ਚੱਟਣੀ ਬਣਾ ਲਈ। ਗੰਨਾ ਪਹਿਲਾਂ ਬੀਜਣਾ ਪੈਂਦਾ ਹੈ ਫਿਰ ਉਹ ਵੱਡਾ ਹੁੰਦਾ ਹੈ ਅਤੇ ਫਿਰ ਵੱਢ ਕੇ ਪੀੜਿਆ ਜਾਂਦਾ ਹੈ ਅਤੇ ਫਿਰ ਜਾ ਕੇ ਚੀਨੀ ਕੱਢੀ ਜਾਂਦੀ ਹੈ। ਇਹ ਬੜੇ ਕਿਸਾਨਾਂ ਦੇ ਹਮਦਰਦ ਬਣਦੇ ਹਨ ਅਗਰ ਇਨ੍ਹਾਂ ਨੇ ਆਪ ਹੱਥ ਨਾਲ ਸਾਰਾ ਖੇਤੀ ਦਾ ਪ੍ਰਾਸੈਸ ਕੀਤਾ ਹੋਵੇ ਤਾਂ ਇਨ੍ਹਾਂ ਨੂੰ ਪਤਾ ਲਗਦਾ ਕਿਸ ਭਾਅ ਕੋਈ ਚੀਜ਼ ਵਿਕਦੀ ਹੈ।

ਇਹ ਇਥੇ ਆਲੂਆਂ ਦੀ ਗਲ ਕਰਦੇ ਹਨ। ਉਹ ਮੈਂਬਰ ਸਾਹਿਬ ਇਥੇ ਹਾਊਸ ਵਿਚ ਬੈਠ ਨਹੀਂ, ਉਨ੍ਹਾਂ ਦਾ ਇਕ ਰਿਸ਼ਤੇਦਾਰ ਸੀ ਜਿਸ ਨੇ ਸੂਏਸਾਈਡ ਕੀਤਾ, ਉਸ ਨੂੰ ਆਲੂ ਸਾੜਨਾ ਪਿਆ ਸੀ। ਉਸ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ। ਇਹ ਜਲੰਧਰ ਜ਼ਿਲ੍ਹੇ ਦਾ ਵਾਕਿਆ ਹੈ ਸਪੀਕਰ ਸਾਹਿਬ, ਮੈਂ ਇੰਨੀਆਂ ਗਲਾਂ ਕਹਿੰਦਾ ਹੋਇਆ ਤੁਹਾਡਾ ਸਮਾਂ ਜ਼ਿਆਦਾ ਨਹੀਂ ਲੈਂਦਾ, ਫਿਰ ਜਦੋਂ ਮੌਕਾ ਮਿਲੇਗਾ ਇਨ੍ਹਾਂ ਦੋਸਤਾਂ ਦੇ ਚਰਨਾਂ ਵਿਚ ਅਰਜ਼ ਕਰਾਂਗਾ। ਅਗਰ ਕਿਸੇ ਨੂੰ ਕੋਈ ਗੱਲ ਮੇਰੀ ਮਹਿਸੂਸ ਹੋਈ ਹੈ ਤਾਂ ਮਹਿਸੂਸ ਨਹੀਂ ਕਰਨੀ ਚਾਹੀਦੀ ਕਿਉਂਕਿ fact is a fact and the fact cannot be denied. Thank you very much.

(ਇਸ ਸਮੇਂ ਕਈ ਮਾਨਯੋਗ ਮੈਂਬਰਜ਼ ਬੋਲਣ ਲਈ ਖੜੇ ਸਨ।)

**ਸ੍ਰੀ ਸਪੀਕਰ**: ਮੈਂ ਮਾਨਯੋਗ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਰ ਇਕ ਪਾਰਟੀ ਦਾ ਟਾਈਮ ਮੇਰੇ ਕੋਲ ਲਿਖਿਆ ਹੋਇਆ ਹੈ ਅਤੇ ਅਕਾਲੀ ਪਾਰਟੀ ਦੇ 20 ਮਿੰਟ ਬਾਕੀ ਰਹਿ ਗਏ ਹਨ। ਹੁਣ ਅਕਾਲੀ ਪਾਰਟੀ ਵਲੋਂ ਸਰਦਾਰ ਹਰਚੰਦ ਸਿੰਘ ਜੀ ਬੋਲਣਗੇ।

**ਸਰਦਾਰ ਹਰਚੰਦ ਸਿੰਘ ਬਰਾੜ** (ਮੁਕਤਸਰ): ਸਪੀਕਰ ਸਾਹਿਬ, ਮੇਰੀ ਪਹਿਲੀ ਅਰਜ਼ ਇਹ ਹੈ ਮੇਰੇ ਕਰਕੇ ਤੁਹਾਡਾ ਇਹ ਚੀਫ ਮਨਿਸਟਰ ਬਣਿਆ ਹੈ ਅਤੇ ਤੁਸੀਂ ਬਣੇ ਹੋ। ਜੇਕਰ ਚੀਫ ਮਨਿਸਟਰ ਹਰਚਰਨ ਸਿੰਘ ਬਰਾੜ ਹੁੰਦਾ ਤਾਂ ਸਪੀਕਰ ਵੀ ਕੋਈ ਹੋਰ ਹੁੰਦਾ। ਇਸ ਕਰਕੇ ਮੇਰੀ ਬੇਨਤੀ ਹੈ ਕਿ ਤੁਸੀਂ ਮੈਨੂੰ ਸੁਣਿਆਂ ਕਰੋ।

ਸਪੀਕਰ ਸਾਹਿਬ, ਲਾਅ ਐਂਡ ਆਰਡਰ ਤੇ ਜੋ ਗਵਰਨਰ ਸਾਹਿਬ ਨੇ ਕਾਰਨਾਮੇ ਕੀਤੇ ਉਹ ਸਭ ਕੁਝ ਦਸਾਂਗਾ, ਪਰ ਇਨ੍ਹਾਂ ਕੁਰਸੀ ਵਾਲਿਆਂ ਨੇ (ਟਰੈਜ਼ਰੀ ਬੈਂਚਿਜ਼ ਵਲ ਇਸ਼ਾਰਾ ਕਰਦੇ ਹੋਏ) ਵੀ ਕੋਈ ਘੱਟ ਨਹੀਂ ਕੀਤੀ। ਲਾਅ ਐਂਡ ਆਰਡਰ ਦੀ ਉਹ ਹਾਲਤ ਭੈੜੀ ਹੈ ਜਿਹੜੀ ਕਿ ਦੱਸੀ ਨਹੀਂ ਜਾ ਸਕਦੀ। ਮੈਂ ਸੱਚ ਕਹਾਂਗਾ। ਪਾਕਿਸਤਾਨ ਵਰਗੀ ਪੰਜਾਬ ਦੀ ਹਾਲਤ ਨਾ ਬਣਾਓ। 70, 70 ਅਤੇ 80, 80 ਸਾਲ ਦੇ ਤੁਰੇ ਜਾਂਦੇ ਸ਼ਰੀਫ ਬੰਦੇ ਨੂੰ ਇਕ ਕਾਂਸਟੇਬਲ 107/151 ਲਾ ਕੇ ਜੇਲ੍ਹ ਵਿਚ ਤੁਨ ਦਿੰਦਾ ਹੈ। ਸਪੀਕਰ ਸਾਹਿਬ, ਬਹੁਤ ਕੁਝ ਗਵਰਨਰ ਸਾਹਿਬ ਦੇ ਰਾਜ਼ ਵਿਚ ਹੋਇਆ ਪਰ ਉਸ ਤੋਂ ਵੀ ਵੱਧ ਹੁਣ ਹੋ ਰਿਹਾ ਹੈ। 3, 4 ਦਿਨਾਂ ਦੀ ਗੱਲ ਹੈ ਮੁਕਤਸਰ ਵਿਚ ਚਾਰ ਬੰਦੇ ,ਬੈਠੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚੰਦ ਸਿੰਘ ਬਰਾੜ]

ਤਾਸ਼ ਖੇਡ ਰਹੇ ਸਨ। ਉਥੇ ਉਨ੍ਹਾਂ ਨੂੰ ਆ ਕੇ ਗੁੰਡਿਆਂ ਨੇ ਰਾਈਫਲਾਂ ਦੀਆਂ ਬੱਟਾਂ ਮਾਰੀਆ 5-7 ਚਾਕੂ ਮਾਰੇ ਪਰ ਕੋਈ ਪਰਚਾ ਨਹੀਂ ਹੋਇਆ। ਉਥੇ ਓਮ ਪ੍ਰਕਾਸ਼ ਹੈ ਉਸ ਨੇ 24 ਦਾ ਪਰਚਾ ਦਸ ਦਿਤਾ ਜਦੋਂ ਕਿ 307 ਦਾ ਪਰਚਾ ਬਣਦਾ ਸੀ। ਪੁਲਿਸ ਗੁੰਡਿਆਂ ਨਾਲ ਰਲੀ ਹੋਈ ਹੈ ਉਹ ਪਰਚਾ 24 ਵਿਚ ਦਰਜ ਹੋਇਆ ਅਤੇ ਗੁੰਡੇ ਸ਼ਰੇਆਮ ਤੁਰੇ ਫਿਰਦੇ ਹਨ। ਸਪੀਕਰ ਸਾਹਿਬ, ਕਿਹੜੀ ਕਿਹੜੀ ਗੱਲ ਦਸਾਂ ਜੋ ਜਨਤਾ ਨਾਲ ਬੀਤ ਰਹੀ ਹੈ, ਜਨਤਾ ਵਿਚਾਰੀ ਤੜਫਦੀ ਫਿਰਦੀ ਹੈ। ਇਥੇ ਕੋਈ ਪੁੱਛਦਾ ਹੀ ਨਹੀਂ, ਹਰ ਥਾਂ ਪੈਸਾ ਚਲਦਾ ਹੈ। ਪੁਲਿਸ ਨੇ ਰੁਪਿਆ ਖਾ ਲਿਆ ਅਤੇ ਉਨ੍ਹਾਂ ਬੰਦਿਆਂ ਨੂੰ ਕੁਝ ਨਹੀਂ ਕਿਹਾ। ਉਹ ਬੰਦੇ ਸਰਮਾਇਆਦਾਰ ਹਨ। ਸਪੀਕਰ ਸਾਹਿਬ, ਆਪ ਹੀ ਗੌਰਮਿੰਟ ਦੀ ਤਵੱਜੋ ਇਸ ਪਾਸੇ ਵਲ ਦਿਵਾਓ।

ਸਪੀਕਰ ਸਾਹਿਬ, ਮੇਰੇ ਹਲਕੇ ਦਾ ਇਕ ਪਿੰਡ ਸਾਹਨੇਵਾਲ ਹੈ ਉਥੇ ਹੁਣੇ ਹੁਣੇ ਖਾਦ ਦੇ ਇਕ ਕੱਟੇ ਦੀ ਕੀਮਤ 28 ਰੁਪਏ ਵੱਧ ਗਈ ਹੈ। ਉਥੇ ਉਸ ਦਿਨ ਖਾਦ ਦਾ ਸਟਾਕ ਫੜਿਆ, ਉਹ ਲੋਕ ਉਥੋਂ ਚੁੱਕਣਾ ਚਾਹੁੰਦੇ ਸਨ ਪਰ ਉਥੇ ਦੀ ਪੰਚਾਇਤ ਬੜੀ ਤਕੜੀ ਹੈ, ਉਸ ਨੇ ਪਹਿਰਾ ਲਗਾ ਦਿਤਾ ਔਰ ਉਥੋਂ ਖਾਦ ਨਾ ਕੱਢਣ ਦਿੱਤੀ। ਮੇਰੇ ਵੀਰੋ ਖਾਦ ਕੱਢਣ ਨਾ ਦਿਓ ਮਹਿਕਮੇ ਦੇ ਮੁਲਾਜ਼ਮ ਤੇ ਉਹ ਲੋਕ ਰਲ ਕੇ ਪੈਸਾ ਖਾ ਜਾਂਦੇ ਹਨ। ਇਥੇ ਹੀ ਬਸ ਨਹੀਂ ਮੈਂ ਦੱਸਦਾ ਹਾਂ ਕਿ ਪਿੰਡ ਫਤਨਾਲ-ਚਕ ਬਦਾਈ ਤੇ 2 ਐਲ ਮੁਦਗੀ ਮੋਘਾ ਨੰਬਰ 69 ਹੈ ਜਿਸ ਨਾਲ 1100 ਏਕੜ ਰਕਬਾ ਸੈਰਾਬ ਹੁੰਦਾ ਸੀ। ਹੁਣ ਉਸ ਵਿਚੋਂ ਇਕ ਹਜ਼ਾਰ ਰਕਬਾ ਕੱਢ ਲਿਆ ਅਤੇ ਉਸ ਨੂੰ 61 ਨੰਬਰ ਵਿਚ ਪਾ ਦਿੱਤਾ ਇਹ 30 ਜੂਨ, 1980 ਦੀ ਗਲ ਹੈ। ਸਪੀਕਰ ਸਾਹਿਬ, ਇਸ ਨਾਲ 4 ਪਿੰਡਾਂ ਦੀ ਜੋ ਹਾਲਤ ਹੋਈ ਉਸ ਦਾ ਕੋਈ ਹਿਸਾਬ ਨਹੀਂ। ਮੈਂ ਕਹਿੰਦਾ ਹਾਂ ਕਿ 1100 ਏਕੜ ਰਕਬੇ ਵਿਚੋਂ ਅਗਰ ਇਕ ਹਜ਼ਾਰ ਏਕੜ ਰਕਬਾ ਕੱਢ ਦਿੱਤਾ ਜਾਵੇ ਤਾਂ ਆਪ ਵੇਖੋ ਕਿ ਲੋਕਾਂ ਦਾ ਹਸ਼ਰ ਕੀ ਹੋਵੇਗਾ। ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਨਾਜਾਇਜ਼ ਗਲਾਂ ਹੁੰਦੀਆਂ ਹਨ ਜਿਹੜੀਆਂ ਅੱਜ ਤਾਈਂ ਨਹੀਂ ਹੋਈਆਂ ਔਰ ਵੇਖਣ ਵਿਚ ਨਹੀਂ ਆਈਆਂ। ਮੁਕਤਸਰ ਕਸਬਾ ਇਕ ਗੁਰੂ ਦਾ ਕਸਬਾ ਹੈ। ਅੱਜ ਇਸ ਵੇਲੇ ਉਹ ਕਸਬਾ ਪਾਣੀ ਵਿਚ ਡੁਬ ਰਿਹਾ ਹੈ। ਸੀਵਰੇਜ ਦਾ ਪਾਣੀ ਹਰ ਸੜਕ ਤੇ ਫਿਰਦਾ ਹੈ। ਪ੍ਰਾਈਮ ਮਨਿਸਟਰ ਸਾਹਿਬਾ ਨੇ ਤਸ਼ਰੀਫ਼ ਲਿਆਉਣਾ ਸੀ ਤਾਂ ਰਾਤ ਦਿਨ ਲਾ ਕੇ ਸੜਕ ਸਾਫ਼ ਕਰ ਦਿੱਤੀ। ਸਪੀਕਰ ਸਾਹਿਬ, ਉਸ ਵੇਲੇ ਮੇਨ ਸੜਕ ਤਾ ਸਾਫ਼ ਕਰ ਦਿੱਤੀ ਪਰ ਜਿਨ੍ਹਾਂ ਹਲਕਿਆਂ ਵਿਚ ਗਰੀਬ ਲੋਕ ਵਸਦੇ ਸਨ ਉਥੇ ਪਾਣੀ ਉਸੇ ਤਰ੍ਹਾਂ ਫਿਰਦਾ ਸੀ। ਮੈਂ ਉਥੇ ਗਿਆ ਅਤੇ ਉਥੇ ਦੀ ਹਾਲਤ ਬਾਰੇ ਕੁਝ ਨਹੀਂ ਕਹਿ ਸਕਦਾ, ਉਥੇ ਦੀ ਬੁਰੀ ਹਾਲਤ ਹੈ। ਇਸ ਗੌਰਮਿੰਟ ਨੂੰ ਉਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ। ਮੁਕਤਸਰ ਦੇ ਇਲਾਕੇ ਵਿਚ ਇਕ ਲੜਕੀਆਂ ਦਾ ਕਾਲਜ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਮਿਹਰਬਾਨੀ ਨਾਲ ਖੋਲ੍ਹਿਆ ਗਿਆ ਸੀ। ਉਥੇ ਹੁਣ ਬੋਰਡਿੰਗ ਦਾ ਕੋਈ ਪ੍ਰਬੰਧ ਨਹੀਂ, ਹੋਰ ਕੋਈ ਇੰਤਜ਼ਾਮ ਨਹੀਂ। ਸਪੀਕਰ ਸਾਹਿਬ, ਗੌਰਮਿੰਟ ਨੂੰ ਕਹੋ ਕਿ ਉਸ ਵਲ ਧਿਆਨ ਦੇਵੇ। ਮੁਕਤਸਰ ਇਕ ਇਤਿਹਾਸਿਕ ਸ਼ਹਿਰ ਹੈ ਅਤੇ ਅੰਮ੍ਰਿਤਸਰ ਦੇ ਬਾਅਦ ਉਸ ਦਾ ਨਾਂ ਆਉਂਦਾ ਹੈ। ਉਥੇ 40 ਮੁਕਤੇ ਸ਼ਹੀਦ ਹੋਏ, ਗੁਰੂ ਗੋਬਿੰਦ ਸਿੰਘ ਜੀ ਨੇ ਆਖਰੀ ਜੰਗ ਲੜੀ। ਉਸ ਸ਼ਹਿਰ ਦੀ ਬੁਰੀ ਹਾਲਤ ਹੈ। ਇਸ ਵਾਸਤੇ ਮੈਂ ਗੌਰਮਿੰਟ ਨੂੰ ਇਹ ਅਰਜ਼ ਕਰਾਂਗਾ ਕਿ ਮੁਕਤਸਰ ਵਲ ਕੁਝ ਧਿਆਨ ਦੇਵੇ।

ਸਪੀਕਰ ਸਾਹਿਬ, ਇਹ ਸਰਕਾਰ ਆਪਣੇ ਪੁਲਿਸ ਦੇ ਮਹਿਕਮੇ ਨੂੰ ਸੁਧਾਰੇ ਤਾਂ ਕਿ ਲੋਕਾਂ ਨੂੰ ਇਨਸਾਫ਼ ਮਿਲੇ। ਸਾਡੇ ਆਜ਼ਾਦ ਮੁਲਕ ਨੂੰ ਪਾਕਿਸਤਾਨ ਨਾਲ ਨਾ ਰਲਾਓ। ਅਸੀਂ ਤਾਂ ਉਨ੍ਹਾਂ ਨਾਲ ਹੀ ਰਲ ਗਏ ਹਾਂ, ਸਾਨੂੰ ਬਚਾਓ। ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਹ ਹਾਲ, ਸਪੀਕਰ ਸਾਹਿਬ, ਇਥੇ ਹੋ ਰਿਹਾ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਰਗਾ ਚੀਫ਼ ਮਨਿਸਟਰ ਮੈਂ ਅੱਜ ਤਾਈਂ ਨਹੀਂ ਵੇਖਿਆ।

**ਸ਼੍ਰੀ ਸਪੀਕਰ**: ਹੁਣ ਤੁਸੀਂ ਵਾਈਂਡ ਅੱਪ ਕਰੋ। 12 ਮਿੰਟ ਤੁਸੀਂ ਬੋਲ ਚੁੱਕੇ ਹੋ।

**ਸਰਦਾਰ ਹਰਚੰਦ ਸਿੰਘ**: ਸਪੀਕਰ ਸਾਹਿਬ, ਤੁਹਾਨੂੰ ਮੇਰੀ ਗੱਲ ਚੰਗੀ ਨਹੀਂ ਲਗਦੀ ਤਾਂ ਮੈਂ ਬੈਠ ਜਾਂਦਾ ਹਾਂ। ਸਪੀਕਰ ਸਾਹਿਬ, ਮੈਂ ਕਦੇ ਝੂਠ ਨਹੀਂ ਬੋਲਿਆ। ਇਥੇ ਵਿਧਾਨ ਸਭਾ ਨੂੰ ਦਰਬਾਰ ਸਾਹਿਬ ਸਮਝਣਾ ਚਾਹੀਦਾ ਹੈ।

**ਸਰਦਾਰ ਜਗਦੇਵ ਸਿੰਘ ਜੱਸੋਵਾਲ**: ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜੋ ਕੁਝ ਆਨਰੇਬਲ ਮੈਂਬਰ ਕਹਿ ਰਹੇ ਹਨ ਇਸ ਦਾ ਅਦਾਲਤ ਤੇ ਠੀਕ ਅਸਰ ਨਹੀਂ ਪਵੇਗਾ। ਇਹ ਕੇਸ ਸਬ-ਜੁਡਿਸ ਹੈ। ਇਸ ਲਈ ਇਨ੍ਹਾਂ ਗੱਲਾਂ ਦੇ ਗਲਤ ਨਤਾਇਜ ਨਿਕਲਣਗੇ। ਬਾਕੀ ਇਹ ** ** ਗੱਲਾਂ ਕਰਦੇ ਹਨ। ਉਹ ਹਾਊਸ ਵਿੱਚ ਹਾਜ਼ਰ ਨਹੀਂ ਹਨ। ਇਸ ਲਈ ਇਹ ਹਿੱਸਾ ਹਾਊਸ ਦੀ ਕਾਰਵਾਈ ਵਿਚੋਂ ਖਤਮ ਕੀਤਾ ਜਾਵੇ।

**ਸ਼੍ਰੀ ਸਪੀਕਰ**: ਇਹ ਮਾਮਲਾ ਸਬ-ਜੁਡਿਸ ਹੈ, ਇਸ ਲਈ ਇਹ ਪੋਰਸ਼ਨ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਹਰਚੰਦ ਸਿੰਘ ਬਰਾੜ**: ਸਪੀਕਰ ਸਾਹਿਬ, ਮੈਂ ਹਾਊਸ ਵਿਚ ਬਿਲਕੁਲ ਸੱਚੀ ਗੱਲ ਕਰਦਾ ਹਾਂ। ਜੇ ** ** ਤਾਂ ਉਹ ਇਥੇ ਦਰਬਾਰ ਸਾਹਿਬ ਦੀ ਕਸਮ ਖਾਵੇ ਜੀ। (ਵਿਘਨ)

**ਸ਼੍ਰੀ ਸੁਰਿੰਦਰ ਕਪੂਰ**: ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਹੁਣੇ ਸਰਦਾਰ ਸਾਹਿਬ ਨੇ ਕਿਹਾ ਹੈ ਕਿ ਮੈਂ ਇਸ ਹਾਊਸ ਨੂੰ ਬੇਕਾਰ ਸਮਝਦਾ ਹਾਂ। ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਾਊਸ ਬੇਕਾਰ ਹੈ? ਇਹ ਆਪਣੇ ਲਫਜ਼ ਵਾਪਸ ਲੈਣ।

**ਸਰਦਾਰ ਹਰਚੰਦ ਸਿੰਘ ਬਰਾੜ**: ਸਪੀਕਰ ਸਾਹਿਬ, ਮੈਂ ਤਾਂ ਇਸ ਹਾਊਸ ਨੂੰ ਦਰਬਾਰ ਸਾਹਿਬ ਦੀ ਤਰ੍ਹਾਂ ਸਮਝਦਾ ਹਾਂ। ਜਿਹੜੇ ਇਸ ਹਾਊਸ ਵਿੱਚ ਝੂਠ ਬੋਲਦੇ ਹਨ, ਉਨ੍ਹਾਂ ਨੂੰ ਰੱਬ ਕਰੇ ਕੀੜੇ ਪੈਣ। ਅਗਰ ਸਰਦਾਰ ਹਰਚਰਨ ਸਿੰਘ ਬਰਾੜ ਬਾਰੇ ਜਿਹੜੀ ਮੈਂ ਗਲ ਕਹੀ ਹੈ ਉਹ ਗਲਤ ਸਾਬਤ ਹੋਵੇ ਤਾਂ ਮੈਨੂੰ ਜੋ ਮਰਜ਼ੀ ਸਜ਼ਾ ਦਿਓ (ਆਪੋਜ਼ੀਸ਼ਨ ਬੈਂਚਾਂ ਵੱਲੋਂ ਤਾੜੀਆਂ) ਕਿਸੇ ਨੇ, ਸਪੀਕਰ ਸਾਹਿਬ, ਵਜ਼ੀਰੀ ਲੈਣੀ ਹੋਣੀ ਹੈ, ਕਿਸੇ ਨੇ ਕੁਝ ਹੋਰ ਲੈਣਾ ਹੈ, ਮੈਂ ਕੁਝ ਨਹੀਂ ਲੈਣਾ।

**ਸਰਦਾਰ ਜਗਦੇਵ ਸਿੰਘ ਜੱਸੋਵਾਲ**: ਆਨ ਏ ਪਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜੋ ਆਦਮੀ ਇਸ ਹਾਊਸ ਵਿੱਚ ਹਾਜ਼ਰ ਨਹੀਂ ਹੈ, ਉਸ ਦਾ ਨਾਂ ਨਹੀਂ ਲਿਆ ਜਾ ਸਕਦਾ ਕਿਉਂਕਿ ਉਹ ਆਪਣੇ ਆਪ ਨੂੰ ਡਿਫੈਂਡ ਨਹੀਂ ਕਰ ਸਕਦਾ।

**ਸ਼੍ਰੀ ਸਪੀਕਰ**: ਸਰਦਾਰ ਹਰਚੰਦ ਸਿੰਘ ਜੀ, ਤੁਸੀਂ 15 ਮਿੰਟ ਬੋਲ ਚੁੱਕੇ ਹੋ। ਹੁਣ ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਹਰਚੰਦ ਸਿੰਘ ਬਰਾੜ**: ਸਪੀਕਰ ਸਾਹਿਬ, ਹਰੀਜਨਾਂ ਨਾਲ ਬੜੀਆਂ ਜ਼ਿਆਦਤੀਆਂ ਹੋਈਆਂ ਹਨ। ਕੋਈ ਇਥੇ ਗਰੀਬਾਂ ਦੀ ਗੱਲ ਸੁਣਨ ਵਾਸਤੇ ਤਿਆਰ ਨਹੀਂ। ਇਥੇ ਗਵਰਨਰੀ ਰਾਜ ਆਇਆ। ਉਦੋਂ ਵੀ ਬਹੁਤ ਜ਼ਿਆਦਤੀਆਂ ਹੋਈਆਂ। ਮੁੱਖ ਮੰਤਰੀ ਸਾਹਿਬ ਬੈਠੇ ਨਹੀਂ ਹਨ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ ਸਰਦਾਰ ਹਰਚੰਦ ਸਿੰਘ ਬਰਾੜ ]

ਉਹ ਮੇਰੇ ਹਲਕੇ ਵਿਚ ਜਾ ਕੇ ਵੇਖਣ ਕੇ ਉਥੇ ਕੀ ਹੋ ਰਿਹਾ ਹੈ। ਇਹ ਰੋਜ਼ ਦਿੱਲੀ ਜਾਂਦੇ ਰਹਿੰਦੇ ਹਨ। ਚੀਫ ਮਨਿਸਟਰੀ ਤਾਂ ਪੰਜਾਬ ਦੀ ਕਰਨੀ ਹੈ ਫਿਰ ਦਿੱਲੀ ਨੂੰ ਕਿਉਂ ਭੱਜੀ ਜਾਂਦੇ ਹਨ। ਇਥੇ ਜਨਤਾ ਦੀ ਗੱਲ ਸੁਣਨੀ ਚਾਹੀਦੀ ਹੈ। ਪਹਿਲਾਂ ਤਾਂ ਸਾਡੇ ਨਾਲ ਵਿੱਤਕਰਾ ਨਹੀਂ ਹੋਣਾ ਚਾਹੀਦਾ, ਇਹ ਕੋਈ ਚੰਗੀ ਗਲ ਨਹੀਂ। ਸਾਡੇ ਨਾਲ ਵਿਤਕਰਾ ਬੇਸ਼ਕ ਕਰ ਲੈਣ ਪਰ ਜਨਤਾ ਨਾਲ ਨਾ ਕਰਨ। ਸੰਨ 1947 ਤੋਂ ਬਾਅਦ ਅਸੀਂ ਤਾਂ ਸਹਿਣਯੋਗ ਬਣ ਗਏ ਹਾਂ। ਅਸੀਂ ਤਾਂ ਆਪਣਾ ਵਕਤ ਟਪਾਈ ਜਾਂਦੇ ਹਾਂ। ਲੋਕਾਂ ਦਾ ਖਿਆਲ ਸਰਕਾਰ ਨੂੰ ਰਖਣਾ ਚਾਹੀਦਾ ਹੈ। ਅੱਛਾ ਜੀ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਬੈਠਦਾ ਹਾਂ। (ਇਸ ਸਮੇਂ ਕਈ ਆਨਰੇਬਲ ਮੈਂਬਰਜ਼ ਬੋਲਣ ਲਈ ਖੜ੍ਹੇ ਹੋਏ ਪਰ ਸ੍ਰੀ ਸਪੀਕਰ ਨੇ ਸਰਦਾਰ ਦਲੀਪ ਸਿੰਘ ਪਾਂਧੀ ਨੂੰ ਕਾਲ ਅਪਾਨ ਕੀਤਾ )

**ਮਾਸਟਰ ਚੰਦ ਸਿੰਘ:** ਸਪੀਕਰ ਸਾਹਿਬ, ਸਾਡਾ ਟਾਈਮ ਰਹਿੰਦਾ ਹੈ।

**ਸ੍ਰੀ ਸਪੀਕਰ:** ਚੋਪੜਾ ਜੀ, ਤੁਹਾਡੇ ਸਿਰਫ ਪੰਜ ਮਿੰਟ ਰਹਿੰਦੇ ਹਨ। ਐਂਵੇਂ ਵਕਤ ਜ਼ਾਇਆ ਨਾ ਕਰੋ। ਇਸ ਤੋਂ ਬਾਅਦ ਤੁਹਾਨੂੰ ਟਾਈਮ ਦੇ ਦੇਵਾਂਗੇ। ਸੀ. ਪੀ. ਆਈ. ਵਾਲਿਆਂ ਦਾ ਕੋਈ ਟਾਈਮ ਨਹੀਂ ਰਹਿੰਦਾ।

(ਇਸ ਸਮੇਂ ਸੀ. ਪੀ. ਆਈ. ਦੇ ਕੁਝ ਮਾਨਯੋਗ ਮੈਂਬਰਜ਼ ਟਾਈਮ ਦੀ ਮੰਗ ਕਰ ਰਹੇ ਸਨ ਪਰ ਸ੍ਰੀ ਸਪੀਕਰ ਨੇ ਉਨ੍ਹਾਂ ਨੂੰ ਆਗਿਆ ਨਹੀਂ ਦਿੱਤੀ। )

**ਸਰਦਾਰ ਦਲੀਪ ਸਿੰਘ ਪਾਂਧੀ** (ਅਮਲੋਹ, ਐਸ. ਸੀ.): ਸਪੀਕਰ ਸਾਹਿਬ, ਮੈਂ ਵਿਧਾਨ ਦਾ ਆਰਟੀਕਲ 342 ਪੜ੍ਹਦਾ ਹਾਂ। ਇਹ ਵਿਧਾਨ ਡਾਕਟਰ ਅੰਬੇਦਕਰ ਦੀ ਪ੍ਰਧਾਨਗੀ ਥੱਲੇ ਬਣਿਆ ਹੈ। ਇਹ ਕਾਂਗਰਸੀ 30 ਸਾਲ ਸਾਨੂੰ ਹਰੀਜਨ ਕਹਿੰਦੇ ਰਹੇ ਹਨ। ਇਸ ਧਾਰਾ ਅਨੁਸਾਰ ਸਟੇਟ ਗੌਰ-ਮਿੰਟ ਜਾਂ ਸੈਂਟਰਲ ਗੌਰਮਿੰਟ ਉਨ੍ਹਾਂ ਕੌਮਾਂ ਨੂੰ ਜਿਹੜੀਆਂ ਗਰੀਬ ਹਨ, ਉਨ੍ਹਾਂ ਨੂੰ ਸ਼ਡਿਊਲਡ ਕਾਸਟ ਕਹੇਗੀ। 31 ਮਾਰਚ, 1978 ਨੂੰ ਸਾਡੀ ਉਸ ਵੇਲੇ ਦੀ ਪੰਜਾਬ ਸਰਕਾਰ ਨੇ ਇਹ ਪੱਕੇ ਤੌਰ ਤੇ ਫੈਸਲਾ ਕਰ ਦਿੱਤਾ ਕਿ ਪੰਜਾਬ ਵਿੱਚ ਸਰਕਾਰੀ ਤੌਰ ਤੇ ਇਹ ਹਰੀਜਨ ਸ਼ਬਦ ਇਸਤੇਮਾਲ ਨਹੀਂ ਹੋਵੇਗਾ। ਮੈਨੂੰ ਅਫ਼ਸੋਸ ਹੈ, ਸਪੀਕਰ ਸਾਹਿਬ, ਕਿ ਇਸ ਗਵਰਨਰ ਦੇ ਭਾਸ਼ਣ ਵਿੱਚ ਵੀ ਇਹ ਸ਼ਬਦ ਇਸਤੇਮਾਲ ਕੀਤਾ ਗਿਆ ਹੈ ਅਤੇ ਇਹ ਜਿਹੜੇ ਵਜ਼ੀਰ ਹਨ ਅਤੇ ਅਫ਼ਸਰਸ਼ਾਹੀ ਹੈ ਉਹ ਵੀ ਇਹ ਸ਼ਬਦ ਇਸਤੇਮਾਲ ਕਰੀ ਜਾ ਰਹੇ ਹਨ। ਜਾਂ ਤਾਂ ਇਸ ਸਰਕਾਰ ਦੇ ਕੀਤੇ ਹੋਏ ਫੈਸਲੇ ਨੂੰ ਬਦਲ ਦੇਣ ਜਾਂ ਜੋ ਇੱਕ ਵਾਰੀ ਸਰਕਾਰ ਦਾ ਫੈਸਲਾ ਹੋ ਜਾਵੇ ਉਸ ਨੂੰ ਲਾਗੂ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਇਸ ਦੇ ਇਲਾਵਾ ਮੈਂ ਇਹ ਐਡਰੈਸ ਦਾ ਪੈਰਾ 18 ਪੜ੍ਹਦਾ ਹਾਂ ਇਸ ਵਿੱਚ ਲਿਖਿਆ ਗਿਆ ਹੈ ਕਿ ਥੀਨ ਡੈਮ ਪ੍ਰਾਜੈਕਟ ਨੂੰ ਵੀ ਹੱਥ ਵਿੱਚ ਲੈ ਕੇ ਕੰਮ ਪੂਰੇ ਜ਼ੋਰ ਸ਼ੋਰ ਨਾਲ ਆਰੰਭ ਕਰ ਦਿੱਤਾ ਜਾਵੇ ਤਾਂ ਜੋ ਪਹਿਲਾਂ ਮਿਥੇ ਸਾਲ 1988 ਦੀ ਬਜਾਏ ਇਸ ਨੂੰ ਪਹਿਲਾਂ ਹੀ ਚਾਲੂ ਕੀਤਾ ਜਾ ਸਕੇ। ਫਿਰ ਸ਼ਾਨਨ ਪ੍ਰਾਜੈਕਟ ਦੇ ਬਾਰੇ ਕਿਹਾ ਹੈ ਕਿ ਇਹ ਸਤੰਬਰ, 1981 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਲੇਕਿਨ, ਸਪੀਕਰ ਸਾਹਿਬ, ਇਸ ਦੇ ਮੁਤੱਲਕ ਜਿਹੜੀ ਬਿਜਲੀ ਬੋਰਡ ਦੀ ਫਾਈਨਾਂਸ਼ਲ ਸਟੇਟਮੈਂਟ 1980-81 ਦੀ ਹੈ, ਉਹ ਹੋਰ ਹੈ। ਇਹ ਤੁਸੀਂ ਫੈਸਲਾ ਕਰੋ ਕਿ ਕਿਹੜੀ ਠੀਕ ਹੈ ? ਜਿਹੜਾ ਇਨ੍ਹਾਂ ਨੇ ਨਵਾਂ ਚੇਅਰਮੈਨ ਰਾਤੋ ਰਾਤ ਲਾਇਆ ਹੈ ਉਸ ਨੇ ਕਿਹਾ ਹੈ ਕਿ ਇਹ

Original with;
Punjab Vidhan Sabha
Digitized by;
Panjab Digital Library

ਸਤੰਬਰ ਦੀ ਬਜਾਏ ਨਵੰਬਰ ਵਿੱਚ ਚਾਲੂ ਕਰ ਸਕਾਂਗੇ। ਥੀਨ ਡੈਮ ਬਾਰੇ ਇਸ ਤਰ੍ਹਾਂ ਦੱਸਿਆ ਹੈ :-

"Thein Dam Project—This is a multipurpose project and provides for installation of 4 units 120 MW each at village Thein across the River Ravi. The project has been technically cleared by the Central Water and Power Commission but the final approval is awaited. Pending final approval, the original budget provision of Rs. 20,00 thousand for the year 1979-80 has been revised to Rs. 3.00 thousand and no provision has been made for the next financial year."

ਸਪੀਕਰ ਸਾਹਿਬ, ਇਹ ਬਿਜਲੀ ਬੋਰਡ ਦੇ ਚੇਅਰਮੈਨ ਦੀ ਗੱਲ ਠੀਕ ਹੈ ਜਾਂ ** **

**ਸ਼੍ਰੀ ਸਪੀਕਰ :** ਗਵਰਨਰ ਸਾਹਿਬ ਤੇ ਕੋਈ ਐਸਪਰਸ਼ਨ ਨਹੀਂ ਕੀਤੀ ਜਾ ਸਕਦੀ। ਇਹ ਐਕਸਪੰਜ ਕੀਤਾ ਜਾਂਦਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਗਵਰਨਰੀ ਰਾਜ ਵਿੱਚ ਬੜੀਆਂ ਜ਼ਿਆਦਤੀਆਂ ਹੋਈਆਂ। ਇਸ ਮੌਜੂਦਾ ਸਰਕਾਰ ਨੇ 7 ਤਾਰੀਖ ਨੂੰ ਸਹੁੰ ਖਾਧੀ। ਗਵਰਨਰ ਸਾਹਿਬ ਦੇ ਰਿਜੀਮ ਵਿੱਚ ਰਾਤ ਦੇ 10 ਵਜੇ ਪਹਿਲੇ ਚੇਅਰਮੈਨ ਨੂੰ ਜਿਹੜਾ ਕਿ ਬਹੁਤ ਹੀ ਇਮਾਨਦਾਰ ਸੀ, ਉਸ ਨੂੰ ਹਟਾ ਦਿੱਤਾ ਗਿਆ। ਇੱਕ ਨਵੇਂ ਆਦਮੀ ਨੂੰ ਰਾਤੋ ਰਾਤ ਇਲੈਕਟ੍ਰੀਸਿਟੀ ਬੋਰਡ ਦਾ ਚੇਅਰਮੈਨ ਬਣਾ ਦਿੱਤਾ ਗਿਆ। ਰੂਲਜ਼ ਪ੍ਰੋਵਾਈਡ ਕਰਦੇ ਹਨ ਕਿ ਕਿਸੇ ਚੇਅਰਮੈਨ ਨੂੰ ਹਟਾਉਣ ਤੋਂ ਪਹਿਲਾਂ ਉਸ ਨੂੰ ਵਜ੍ਹਾ ਬਿਆਨ ਕਰਨ ਲਈ ਕਹਿਣਾ ਹੁੰਦਾ ਹੈ ਕਿ ਕਿਉਂ ਨਾ ਉਸ ਨੂੰ ਹਟਾਇਆ ਜਾਵੇ। ਡਾਕਟਰ ਗਿਆਨੀ ਜ਼ੈਲ ਸਿੰਘ, ਜਿਹੜਾ ਕਿ ਬਿਲਕੁਲ ਅਨਪੜ੍ਹ ਆਦਮੀ ਹੈ, ਉਸ ਨੇ ਪ੍ਰੈਸ਼ਰ ਪਾ ਕੇ ਪੰਜਾਬੀ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਲਈ। (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਦੇ ਰਾਜ ਵਿੱਚ ਕੋਈ ਸੜਕ ਨਹੀਂ ਬਣ ਰਹੀ, ਕੋਈ ਸਕੂਲ ਨਹੀਂ ਬਣ ਰਿਹਾ, ਅਤੇ ਕੋਈ ਬੱਸ ਨਹੀਂ ਚਲ ਰਹੀ। ਲਾਅ ਐਂਡ ਆਰਡਰ ਦੀ ਹਾਲਤ ਬਹੁਤ ਖਰਾਬ ਹੈ। ਸੀ. ਐਮ. ਸਾਹਿਬ ਨੇ ਸਟੇਟਮੈਂਟ ਦੇਣੀ ਹੈ, ਅੱਜ ਡੀਜ਼ਲ ਨਹੀਂ ਮਿਲਦਾ, ਪੈਟਰੋਲ ਨਹੀਂ ਮਿਲਦਾ। ਪਤਾ ਨਹੀਂ ਹੈ ਕਿ ਕਾਂਗਰਸ ਵਾਲਿਆਂ ਨੇ ਕੀ ਕੀਤਾ ਹੈ ਔਰ ਪਤਾ ਨਹੀਂ ਹੈ ਕਿ ਇਨ੍ਹਾਂ ਦੇ ਪਾਸ ਕੀ ਜਾਦੂ ਹੈ, ਇਹ ਵੋਟਾਂ ਕਿਸ ਤਰ੍ਹਾਂ ਲੈ ਲੈਂਦੇ ਹਨ ? ਇਨ੍ਹਾਂ ਨੇ ਕੰਮ ਤਾਂ ਕੋਈ ਕੀਤਾ ਨਹੀਂ ਹੈ। ਸਪੀਕਰ ਸਾਹਿਬ, ਤੁਸੀਂ ਵੇਖੋ ਇਕ ਆਯੁਰਵੈਦਿਕ ਡਾਇਰੈਕਟਰ ਹੈ। ਉਸ ਨੇ ਬਿਨ੍ਹਾਂ ਪੜ੍ਹਿਆਂ ਡਿਗਰੀਆਂ ਲਈਆਂ ਹੋਈਆਂ ਹਨ ਉਸ ਦਾ ਨਾਮ ਸ਼ਾਸਤਰੀ ਹੈ। ਉਸ ਦੀਆਂ ਡਿਗਰੀਆਂ ਨੂੰ ਹਾਈ ਕੋਰਟ ਵਿਚ ਚੈਲੰਜ ਕਰ ਦਿੱਤਾ ਹੈ ਪਰ ਪਤਾ ਨਹੀਂ ਹੈ ਕਿ ਉਸ ਨੂੰ ਕਿਸ ਤਰ੍ਹਾਂ ਪਰੋਮੋਟ ਕਰ ਦਿੱਤਾ ਹੈ?

ਇਸੇ ਤਰ੍ਹਾਂ ਹੀ ਬਿਜਲੀ ਬੋਰਡ ਵਿਚ ਹਾਲਤ ਹੈ। ਸਪੀਕਰ ਸਾਹਿਬ, ਇਕ ਕਮੇਟੀ ਬਣੀ ਸੀ। ਉਸ ਦੀ ਕੋਈ ਪਰਵਾਹ ਨਹੀਂ ਕੀਤੀ ਗਈ। ਇਸ ਸਰਕਾਰ ਨੇ ਸੀਮਿੰਟ ਬਾਰੇ ਕੁਝ ਨਹੀਂ ਕੀਤਾ, ਸੀਮਿੰਟ ਬਿਲਕੁਲ ਮਿਲ ਨਹੀਂ ਰਿਹਾ। ਸੂਬੇ ਦੇ ਹਾਲਾਤ ਬਿਲਕੁਲ ਸੰਗੀਨ ਹੋ ਗਏ ਹਨ। ਇਸ ਦੇ ਬਾਰੇ ਤੁਸੀਂ 14 ਜੂਨ, 1980 ਦੀ ਟ੍ਰਿਬਿਊਨ ਵੇਖੋ ਕਿ ਉਸ ਵਿਚ ਕੀ ਲਿਖਿਆ ਹੋਇਆ ਹੈ ? ਉਸ ਵਿਚ, ਜਨਾਬ, ਲਿਖਿਆ ਹੈ :-

"The State received 65,000 tonnes of cement during April and May as against the State allocation of 1.98 lakh tonnes for the quarter ending June 30, 1980.

The State Government on failure of F.C.I. had to enter the market last year to purchase about 2.5 lakhs tonnes with a view to arrange the support price operation in a satisfactory manner.

The State has spent over Rs. 5 crores in the past three years on the subsidised supply of essential commodities."

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਸੋ, ਸਪੀਕਰ ਸਾਹਿਬ, ਐਫ. ਸੀ. ਆਈ. ਵੀ ਫੇਲ੍ਹ ਹੋ ਗਈ ਹੈ । ਚੀਜ਼ਾਂ ਗਲਦੀਆਂ ਪਈਆਂ ਹਨ, ਕਿਸੇ ਚੀਜ਼ ਦਾ ਸੁਧਾਰ ਨਹੀਂ ਹੋ ਰਿਹਾ। ਇਸ ਲਈ ਇਸ ਪਾਸੇ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਜੇਕਰ ਅਸੀਂ ਰੌਲਾ ਪਾਉਂਦੇ ਹਾਂ ਤਾਂ ਸਾਡੀ ਇਹ ਗੱਲ ਮੰਨਦੇ ਨਹੀਂ । ਜਨਾਬ, ਸਾਡਾ ਪੂਰਾ ਰਿਗਾਰਡ ਅੱਜ ਦਫਤਰਾਂ ਵਿਚ ਨਹੀਂ ਹੋ ਰਿਹਾ। ਜੇਕਰ ਅਪੋਜ਼ੀਸ਼ਨ ਦਾ ਐਮ. ਐਲ. ਏ. ਹੋਵੇ ਤਾਂ ਉਸ ਦਾ ਰਿਗਾਰਡ ਨਹੀਂ ਹੁੰਦਾ ਹੈ, ਉਸ ਦਾ ਕੰਮ ਨਹੀਂ ਹੁੰਦਾ ਹੈ ਪਰ ਜੇਕਰ ਹੁਕਮਰਾਨ ਪਾਰਟੀ ਦਾ ਕੋਈ ਐਮ. ਐਲ. ਏ. ਹੋਵੇ ਤਾਂ ਉਸ ਦਾ ਰਿਗਾਰਡ ਵੀ ਹੁੰਦਾ ਹੈ ਅਤੇ ਉਸ ਦੇ ਕੰਮ ਵੀ ਹੁੰਦੇ ਹਨ। ਇਸ ਲਈ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਦੇ ਜੋ ਕਾਨੂੰਨ ਹਨ, ਜੋ ਆਰਡਰ ਹਨ ਉਨ੍ਹਾਂ ਨੂੰ ਮੰਨ ਲੈਣਾ ਚਾਹੀਦਾ ਹੈ ।

ਇਸੇ ਤਰ੍ਹਾਂ ਹੋਰ ਬੜੀਆਂ ਗੱਲਾਂ ਹੋਈਆਂ ਹਨ। ਸੰਜੇ ਗਾਂਧੀ ਪ੍ਰਾਈਮ ਮਨਿਸਟਰ ਦੇ ਲੜਕੇ ਦੀ ਸ਼ਹਿ ਤੇ ਕੋਈ 25 ਹਜ਼ਾਰ 962 ਮੁਲਾਜ਼ਮ ਵਿਚਾਰੇ ਜਬਰੀ ਰਿਟਾਇਰ ਕਰ ਦਿੱਤੇ ਗਏ ਸਨ ਜੋ ਅਸੀਂ ਬਾਅਦ ਵਿਚ ਆਣ ਕੇ ਬਹਾਲ ਕੀਤੇ ਸਨ। ਇਸ ਤਰ੍ਹਾਂ ਦੇ ਇਹ ਕੰਮ ਕਰਦੇ ਹਨ । ਅੱਜ ਲੁਧਿਆਣਾ ਵਿਚ ਕੀ ਹੋ ਰਿਹਾ ਹੈ ? ਉਥੇ ਜਾਹਲੀ ਸਾਮਾਨ ਬਣਦਾ ਹੈ, ਜਾਹਲੀ ਸਿੱਕਾ ਬਣਦਾ ਹੈ, ਅਸਲਾ ਬਣ ਰਿਹਾ ਹੈ। ਪਟਿਆਲੇ ਵਿਚ ਇਕ ਮੀਰਾਂ ਕਾਂਡ ਹੋਇਆ। 29 ਸਾਲਾ ਨੌਜਵਾਨ ਲੜਕੀ ਦਾ ਕੀ ਹਾਲ ਹੋਇਆ, ਕੀ ਹਸ਼ਰ ਹੋਇਆ ? ਉਸ ਵਿਚ ਪੁਲਿਸ ਵੀ ਸ਼ਾਮਲ ਹੈ । ਪੁਲਿਸ ਨੇ ਪਰਚਾ ਨਹੀਂ ਦਰਜ ਕੀਤਾ ਔਰ ਉਹ ਲੜਕੀ ਲੱਭ ਨਹੀਂ ਰਹੀ। ਮੈਨੂੰ ਅਫਸੋਸ ਹੈ ਕਿ ਆਈ. ਜੀ. ਸਾਹਿਬ ਜਿਹੜਾ ਮੌਜੂਦਾ ਲਾਇਆ ਗਿਆ ਹੈ ਉਹ ਉਹ ਆਦਮੀ ਲਾਇਆ ਹੈ ਜਿਹੜਾ ਕਿ ਕਰਨਾਲ ਮਰਡਰ ਕੇਸ ਵਿਚ ਸੀ, ਉਸ ਦੇ ਬਾਰੇ ਸਾਰੇ ਲੋਕ ਜਾਣਦੇ ਹਨ ਕਿ ਕਿਸ ਕਿਸਮ ਦਾ ਆਦਮੀ ਹੈ । ਅੱਜ ਬੀਬੀ ਦੇ ਰਾਜ ਵਿਚ ਬਾਗਪਤ ਵਿਚ ਕੀ ਹੋ ਰਿਹਾ ਹੈ ? ਇਸ ਬੀਬੀ ਦੇ ਰਾਜ ਵਿਚ ਧੀਆਂ, ਭੈਣਾਂ ਦੀ ਇਜ਼ਤ ਮਹਿਫੂਜ਼ ਨਹੀਂ ਹੈ। ਇਹ ਹਾਲਤ ਹੈ। ਮੈਂ ਤੁਹਾਡੇ ਸਾਹਮਣੇ ਹੁਣ ਇੰਡੀਅਨ ਐਕਸਪ੍ਰੈਸ ਦੀ ਚਾਰ ਤਾਰੀਖ ਦੀ ਇਕ ਖ਼ਬਰ ਪੜ੍ਹਨਾ ਚਾਹੁੰਦਾ ਹਾਂ ਜਿਸ ਦਾ ਹੈਡਿੰਗ ਹੈ "Pregnant woman raped and murdered"। ਇਹ ਚਾਰ ਤਾਰੀਖ਼ ਦੀ ਖ਼ਬਰ ਹੈ, ਚਲੋ, ਮੈਂ ਉਸ ਦਾ ਰੈਫਰੈਂਸ ਹੀ ਦੇ ਦਿੰਦਾ ਹਾਂ। ਅੱਜ ਕੋਈ ਧੀ, ਭੈਣ ਮਹਿਫੂਜ਼ ਨਹੀਂ ਹੈ। ਮੈਨੂੰ, ਇਹ ਅਫਸੋਸ ਹੈ ਕਿ ਮੀਰਾਂ ਦੇਵੀ ਲੜਕੀ ਦੇ ਕੇਸ ਵਿਚ ਪੁਲਿਸ ਆਫੀਸਰ ਇਨਵਾਲਵਡ ਹੈ। ਸਪੀਕਰ ਸਾਹਿਬ, ਕੀ ਇਹ ਸਰਕਾਰ ਦੀ ਡਿਊਟੀ ਹੈ ਕਿ ਇਕ ਜ਼ਨਾਨੀ ਦੇ ਰਾਜ ਵਿਚ ਜਨਾਨੀਆਂ ਦੀ ਬੇਪੱਤੀ ਹੋਵੇ? ਇਸ ਤਰ੍ਹਾਂ ਦੇ ਕੇਸਿਜ਼ ਰੋਜ਼ ਹੋ ਰਹੇ ਹਨ। ਗਵਰਨਰ ਰਾਜ ਵਿਚ ਕਿਸ ਤਰ੍ਹਾਂ ਇਮਾਨਦਾਰ ਅਫਸਰਾਂ ਨੂੰ ਬਦਲ ਦਿੱਤਾ ਗਿਆ। ਕਿਵੇਂ ਇਲੈਕਸ਼ਨਾਂ ਵਿਚ ਇਨਟਰਫੀਅਰੈਂਸ ਹੋਈ ਹੈ.. ...(ਵਿਘਨ) ਸਾਨੂੰ ਇਸ ਦੇ ਬਾਰੇ ਰੋਸ ਸੀ। ਇਸ ਲਈ ਲੋਕਾਂ ਨੇ ਇਸ ਇਨਟਰਫੀਅਰੈਂਸ ਬਾਰੇ ਗਵਰਨਰ ਨੂੰ ਚਿੱਠੀਆਂ ਲਿਖੀਆਂ, ਇਲੈਕਸ਼ਨ ਕਮਿਸ਼ਨ ਨੂੰ ਚਿੱਠੀਆਂ ਲਿਖੀਆਂ । ਇਨ੍ਹਾਂ ਵੱਲੋਂ ਰਾਤੋ ਰਾਤ ਡੀ. ਸੀ. ਨੂੰ ਬਦਲ ਦਿੱਤਾ ਗਿਆ। ਇਸ ਬਾਰੇ ਮੈਂ ਤੁਹਾਨੂੰ ਇਕ ਮਿਸਾਲ ਦਿੰਦਾ ਹਾਂ ਕਿ ਅਫ਼ਸਰ ਸ਼ੇਰ ਸਿੰਘ ਸੰਧੂ ਸੀ ਉਸ ਨੂੰ ਪਟਿਆਲੇ ਲਗਾਇਆ ਸੀ, ਉਸ ਨੂੰ ਬਦਲ ਦਿੱਤਾ ਗਿਆ। ਇਸ ਤਰ੍ਹਾਂ ਨਾਲ ਅਫਸਰਸ਼ਾਹੀ ਸਾਹਮੀ ਬੈਠੀ ਹੈ ਔਰ ਅੱਗੋਂ ਅਫਸਰਸ਼ਾਹੀ ਵੀ ਐਸੀ ਹੈ ਕਿ ਇਹ ਜੋ ਕੁਝ ਕਹਿੰਦੇ ਹਨ ਉਹ ਮੰਨ ਲੈਂਦੇ ਹਨ। ਮੈਂ, ਜੀ, ਇਹ ਪੇਪਰ ਵੀ ਟੇਬਲ ਤੇ ਲੇਅ ਕਰਦਾ ਹਾਂ।

ਸਪੀਕਰ ਸਾਹਿਬ, ਫਿਰ ਐਮਰਜੈਂਸੀ ਵਿਚ ਜਿਨ੍ਹਾਂ ਲੋਕਾਂ ਨੇ ਕੈਦਾਂ ਕੱਟੀਆਂ ਸਨ ਉਨ੍ਹਾਂ ਦੀਆਂ ਪੈਨਸ਼ਨਾਂ ਖਤਮ ਕਰ ਦਿੱਤੀਆਂ ਗਈਆਂ ਹਨ। ਹੁਣ ਪਤਾ ਨਹੀਂ ਹੋਰ ਕੀ ਕਰਨਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ:** ਤੁਸੀਂ ਵਾਈਂਡ ਅੱਪ ਕਰੋ ਜੀ, ਤੁਹਾਡਾ ਟਾਈਮ ਹੋ ਗਿਆ ਹੈ। ਤੁਸੀਂ ਇਸ ਤਰ੍ਹਾਂ ਪੇਪਰ ਲੇਅ ਨਹੀਂ ਕਰ ਸਕਦੇ । (ਵਿਘਨ)

**ਸਰਦਾਰ ਦਲੀਪ ਸਿੰਘ ਪਾਂਧੀ:** ਤੁਸੀਂ ਮੈਨੂੰ ਟਾਈਮ ਘੱਟ ਦਿੱਤਾ ਹੈ, ਮੈਂ ਤਾਂ ਅਜੇ ਕੰਮ ਸ਼ੁਰੂ ਹੀ ਕੀਤਾ ਹੈ, ਜੀ। ਸਪੀਕਰ ਸਾਹਿਬ, ਤੁਸੀਂ ਹੋਰ ਵੇਖ ਲਵੋ। ਇਥੇ ਯੂ. ਪੀ. ਦੀ ਲੇਬਰ ਪੰਜਾਬ ਵਿਚ ਆ ਗਈ ਹੈ ਔਰ ਸਾਡੀ ਲੇਬਰ ਨੂੰ ਅਨਇੰਪਲਾਇਮੈਂਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਤ ਇਸ ਤਰ੍ਹਾਂ ਦੇ ਹੁੰਦੇ ਜਾ ਰਹੇ ਹਨ ਕਿ ਉਨ੍ਹਾਂ ਲੋਕਾਂ ਨੇ ਆਪਣੀਆਂ ਵੋਟਾਂ ਵੀ ਬਣਾ ਲਈਆਂ ਹਨ। ਇਸ ਲਈ ਇਸ ਗੱਲ ਦਾ ਡਰ ਹੈ ਕਿ ਕਿਧਰੇ ਇਥੇ ਵੀ ਆਸਾਮ ਵਾਲਾ ਝਗੜਾ ਨਾ ਖੜ੍ਹਾ ਹੋ ਜਾਵੇ। ਇਸ ਲਈ ਇਸ ਬਾਰੇ ਸਰਕਾਰ ਕੁਝ ਸੋਚੇ।

ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਲਾਅ ਐਂਡ ਆਰਡਰ ਬਿਲਕੁਲ ਖਰਾਬ ਹੋ ਗਿਆ ਹੈ। ਇਕ ਊਸ਼ਾ ਰਾਣੀ ਮਾਰ ਦਿੱਤੀ ਗਈ। ਇਸ ਤਰ੍ਹਾਂ ਦੇ ਕਈ ਹੋਰ ਵਾਕੇ ਹੋਏ ਹਨ । ਇਕ ਹੋਰ ਬੜੀ ਜ਼ਰੂਰੀ ਗੱਲ ਮੈਂ ਕਹਿੰਦਾ ਹਾਂ ਕਿ ਮਰਹੂਮ ਸੰਜੇ ਗਾਂਧੀ ਪਿੱਛੇ ਜਿਹੇ ਮੰਡੀ ਗੋਬਿੰਦਗੜ੍ਹ ਵਿਚ ਆਇਆ ਸੀ। ਜੇਕਰ ਇਹ ਉਸ ਨੂੰ ਲੀਡਰ ਮੰਨਦੇ ਹਨ ਤਾਂ ਜਿਹੜਾ ਹਾਦਸਾ ਹੋਇਆ ਹੈ ਉਸ ਦੀ ਪੜਤਾਲ ਹੋਣੀ ਚਾਹੀਦੀ ਹੈ। ਉਹ ਜਹਾਜ਼ ਸਿਵਲ ਐਵੀਏਸ਼ਨ ਐਡਵਾਈਜ਼ਰ, ਪੰਜਾਬ ਵੱਲੋਂ ਚੈਕ ਕੀਤਾ ਗਿਆ ਸੀ। ਇਕ ਇਥੇ ਪਟਿਆਲੇ ਦਾ ਸਿਵਲ ਐਵੀਏਸ਼ਨ ਦਾ ਬੰਦਾ ਹੈ, ਕਰਮਿੰਦਰਾ ਸਿੰਘ ਉਸ ਦਾ ਨਾਮ ਹੈ। ਉਸ ਨੇ ਵੀ ਉਹ ਜਹਾਜ਼ ਚੈਕ ਕੀਤਾ ਸੀ। ਅਖ਼ਬਾਰਾਂ ਵਿਚ ਇਸ ਤਰ੍ਹਾਂ ਦੀਆਂ ਖਬਰਾਂ ਵੀ ਆਈਆਂ ਹਨ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਹ ਮਾਮਲਾ ਵੇਖਣਾ ਚਾਹੀਦਾ ਹੈ ਕਿ ਇਹ ਹਾਦਸਾ ਕਿਉਂ ਹੋਇਆ ਹੈ ।

ਸਪੀਕਰ ਸਾਹਿਬ, ਫਿਰ ਮੈਂ ਲਾਅ ਐਂਡ ਆਰਡਰ ਤੇ ਆਉਂਦਾ ਹਾਂ। ਇਹ ਸੱਭ ਲਾਅ ਐਂਡ ਆਰਡਰ ਦੀਆਂ ਗੱਲਾਂ ਹਨ। ਪਟਿਆਲੇ ਵਿਚ ਇਕ ਕ੍ਰਿਸ਼ਨਾ ਲੜਕੀ ਵਿਕਦੀ ਰਹੀ। ਪਟਿਆਲੇ ਵਿਚ ਸਿਵਲ ਹਸਪਤਾਲ ਵਿਚ ਲੜਕੀ ਨੂੰ ਮਾਰਿਆ ਗਿਆ। ਇਸ ਤਰ੍ਹਾਂ ਦੇ ਅੱਤਿਆਚਾਰ ਹੋ ਰਹੇ ਹਨ ਪਰ ਪੁਲਿਸ ਕੁਝ ਨਹੀਂ ਕਰ ਰਹੀ। ਲਾਅ ਐਂਡ ਆਰਡਰ ਬਿਲਕੁਲ ਖਰਾਬ ਹੁੰਦਾ ਜਾ ਰਿਹਾ ਹੈ। ਜਿਨ੍ਹਾਂ ਲੋਕਾਂ ਨੇ ਕਾਂਗਰਸ ਨੂੰ ਵੋਟਾਂ ਦਿੱਤੀਆਂ ਹਨ ਉਨ੍ਹਾਂ ਨਾਲ ਮੈਂ ਸਮਝਦਾ ਹਾਂ ਕਿ ਸਪੀਕਰ ਸਾਹਿਬ, ਬੜਾ ਭਾਰੀ ਧੋਖਾ ਹੋਇਆ ਹੈ, ਫਰੇਬ ਹੋਇਆ ਹੈ। ਇਨ੍ਹਾਂ ਲਫਜ਼ਾਂ ਨਾਲ ਮੈਂ ਇਸ ਮਤੇ ਦੀ ਵਿਰੋਧਤਾ ਕਰਦਾ ਹੋਇਆ ਬੈਠਦਾ ਹਾਂ।

**ਕਾਮਰੇਡ ਦਰਸ਼ਨ ਸਿੰਘ ਝਬਾਲ** (ਅਟਾਰੀ, ਐਸ. ਸੀ.) : ਸਪੀਕਰ ਸਾਹਿਬ, ਮੈਂ ਇਸ ਮਤੇ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ।

**ਸ੍ਰੀ ਸਪੀਕਰ:** ਤੁਸੀਂ ਪੰਜ ਮਿੰਟ ਵਿਚ ਖਤਮ ਕਰ ਦੇਣਾ।

**ਕਾਮਰੇਡ ਦਰਸ਼ਨ ਸਿੰਘ ਝਬਾਲ:** ਠੀਕ ਹੈ ਜੀ। ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਭਾਸ਼ਣ ਨੂੰ ਪੜ੍ਹਿਆ ਹੈ ਔਰ ਇਸ ਦੇ ਧੰਨਵਾਦ ਦੇ ਮਤੇ ਤੇ ਮੈਂਬਰਾਂ ਦੀਆਂ ਤਕਰੀਰਾਂ ਵੀ ਸੁਣੀਆਂ ਹਨ। ਮੈਂ ਸਪੋਰਟ ਕਰਨ ਵਾਲਿਆਂ ਦੀਆਂ ਤਕਰੀਰਾਂ, ਕਾਂਗਰਸ ਭਰਾਵਾਂ ਦੀਆਂ ਤਕਰੀਰਾਂ ਸੁਣੀਆਂ ਹਨ ਤੇ ਦੂਸਰੀਆਂ ਵੀ ਸੁਣੀਆਂ ਹਨ। ਮੈਨੂੰ, ਸਪੀਕਰ ਸਾਹਿਬ, ਇਸ ਗੱਲ ਦੀ ਹੈਰਾਨੀ ਹੋਈ ਹੈ ਕਿ ਪਿਛਲੇ 30 ਸਾਲਾਂ ਵਿਚ ਲਾਅ ਐਂਡ ਆਰਡਰ ਜ਼ਿਆਦਾ ਖਰਾਬ ਹੋਇਆ ਹੈ, ਗਰੀਬੀ ਜ਼ਿਆਦਾ ਵਧੀ ਹੈ। ਇਹ ਲੋਕ ਜਿਹੜੇ ਚੋਣਾਂ ਜਿੱਤਕੇ ਆਏ ਹਨ ਉਹ ਇਹ ਮਹਿਸੂਸ ਕਰਦੇ ਹਨ ਕਿ ਇਹ ਸਾਰਾ ਕੁਝ ਕਾਂਗਰਸ ਦੇ ਰਾਜ ਵਿਚ ਹੋਇਆ ਹੈ। ਗਵਰਨਰ ਐਡਰੈਸ ਵਿਚ ਇਹ ਵੀ ਲਿਖਿਆ ਹੈ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਕਿ ਪਿਛਲੀ ਸਰਕਾਰ ਵੇਲੇ ਇਥੇ ਕੋਈ ਲਾਅ ਐਂਡ ਆਰਡਰ ਨਹੀਂ ਰਿਹਾ ਔਰ ਉਸ ਦੇ ਸਿੱਟੇ ਵਜੋਂ ਹੀ ਹੁਣ ਕਾਂਗਰਸ ਪਾਰਟੀ ਇਨ੍ਹਾਂ ਸਰਕਾਰੀ ਬੈਂਚਾਂ ਤੇ ਆ ਬੈਠੀ ਹੈ। ਇਸ, ਤਰ੍ਹਾਂ ਦੀਆਂ ਗਲਾਂ ਗਵਰਨਰ ਐਡਰੈਸ ਵਿਚ ਕੀਤੀਆਂ ਗਈਆਂ ਹਨ। ਪਰ ਸਪੀਕਰ ਸਾਹਿਬ, ਹਕੀਕਤ ਇਹ ਹੈ ਕਿ ਚੋਣਾਂ ਦੇ ਨਤੀਜੇ ਦੱਸਦੇ ਹਨ, ਇਹ ਠੀਕ ਹੈ ਕਿ ਇਹ ਮੈਜਾਰਿਟੀ ਵਿਚ ਇਸ ਵੇਲੇ ਹਨ ਪਰ ਜਿਹੜੀਆਂ ਵੋਟਾਂ ਪਈਆਂ ਹਨ ਉਹ ਜ਼ਿਆਦਾ ਤਰ ਇਨ੍ਹਾਂ ਦੇ ਖਿਲਾਫ਼ ਪਈਆਂ ਹਨ। ਲੋਕਾਂ ਨੇ ਵੋਟਾਂ ਤਾਂ ਬਹੁ ਗਿਣਤੀ ਵਿਚ ਦੂਜੀਆਂ ਪਾਰਟੀਆਂ ਨੂੰ ਪਾਈਆਂ ਹਨ। ਇਹ ਜਿਹੜਾ ਕਹਿੰਦੇ ਹਨ ਕਿ ਸਾਡੀ ਪਾਲਿਸੀਆਂ ਦੀ ਜਿੱਤ ਹੋਈ ਹੈ ਇਹ ਬਿਲਕੁਲ ਗਲਤ ਹੈ। ਸਪੀਕਰ ਸਾਹਿਬ, ਤਕਰੀਰਾਂ ਭਾਵੇਂ ਜਿੰਨੀਆਂ ਮਰਜ਼ੀ ਕਰ ਲਵੋ, ਭਾਸ਼ਣ ਭਾਵੇਂ ਜਿੰਨਾ ਮਰਜ਼ੀ ਵੱਡਾ ਕਰ ਲਵੋ, ਪਰ ਤਕਰੀਰਾਂ ਕੀਤਿਆਂ ਗੱਲਾਂ ਨਹੀਂ ਬਣਦੀਆਂ। ਅੱਜ ਜੇ ਕੋਈ ਮਨਿਸਟਰ ਇਹ ਕਹੇ ਕਿ ਸਾਰਾ ਮਾਮਲਾ ਠੀਕ ਕਰ ਦਿੱਤਾ ਹੈ, ਹੁਣ ਕਿਸੇ ਤੇ ਜ਼ੁਲਮ ਨਹੀਂ ਹੋਵੇਗਾ ਸਭ ਨੂੰ ਇਨਸਾਫ਼ ਮਿਲੇਗਾ, ਉਸ ਦੇ ਇਸ ਤਰ੍ਹਾਂ ਕਹਿਣ ਨਾਲ ਗਲ ਨਹੀਂ ਬਣਨੀ। ਇਹ ਕੋਈ ਮੰਤਰ ਨਹੀਂ ਜਿਸ ਦੇ ਨਾਲ ਇਕ ਦਮ ਸਾਰਾ ਕੁਝ ਠੀਕ ਹੋ ਜਾਵੇਗਾ। ਹਾਲਾਤ ਨੂੰ ਠੀਕ ਕਰਨ ਵਾਸਤੇ ਸਾਧਨ ਲੱਭਣੇ ਚਾਹੀਦੇ ਹਨ। ਉਨ੍ਹਾਂ ਸਾਧਨਾਂ ਨੂੰ ਲੈ ਕੇ ਹੀ ਅਸੀਂ ਪੰਜਾਬ ਦੀ ਤਰੱਕੀ ਕਰ ਸਕਾਂਗੇ। ਸਾਧਨ ਕੋਈ ਸੋਚਿਆ ਨਹੀਂ ਅਤੇ ਭਾਸ਼ਣ ਦੇ ਦਿੱਤਾ, ਉਸ ਦਾ ਕੋਈ ਫਾਇਦਾ ਨਹੀਂ। ਜ਼ਮੀਨਾਂ ਦੇ ਸੁਧਾਰ ਦੇ ਸਬੰਧ ਵਿਚ ਭਾਸ਼ਣ ਵਿਚ ਕੁਝ ਨਹੀਂ ਕਿਹਾ ਗਿਆ। ਜ਼ਮੀਨਾਂ ਉਸੇ ਤਰ੍ਹਾਂ ਹੀ ਪਈਆਂ ਹਨ। ਇਹ ਸਰਕਾਰ ਵਡੇ ਵੱਡੇ ਜਾਗੀਰਦਾਰਾਂ ਅਤੇ ਅਮੀਰਾਂ ਦੀ ਸਰਕਾਰ ਹੈ। ਤੁਹਾਨੂੰ ਪਤਾ ਹੈ ਕਿ ਲੋਕ ਸਭਾ ਦੀਆਂ ਚੋਣਾਂ ਵੇਲੇ ਕਿਸ ਤਰ੍ਹਾਂ ਨਾਲ ਪਰਚਾਰ ਕੀਤਾ ਜਾਂਦਾ ਰਿਹਾ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਪਟਿਆਲਾ ਵਿਚ ਮਹਾਰਾਜਾ ਪਟਿਆਲਾ ਦੇ ਲੜਕੇ ਨੂੰ ਚੋਣ ਲੜਨ ਲਈ ਟਿਕਟ ਦਿੱਤਾ ਗਿਆ ਪਰ ਜਦੋਂ ਉਥੇ ਪ੍ਰਧਾਨ ਮੰਤਰੀ ਆਏ ਤਾਂ ਉਸ ਨੇ ਇਕ ਹਰੀਜਨ ਬੁੱਢੀ ਦੇ ਗਲ ਵਿਚ ਹਾਰ ਪਾਇਆ ਕਿਉਂਕਿ ਉਸ ਨੂੰ ਇਹ ਪਤਾ ਹੀ ਨਹੀਂ ਸੀ ਕਿ ਇਥੇ ਮਹਾਰਾਜਾ ਪਟਿਆਲਾ ਦੇ ਲੜਕੇ ਨੂੰ ਟਿਕਟ ਦਿੱਤਾ ਗਿਆ ਹੈ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਹ ਸਰਕਾਰ ਲੈਂਡਲਾਰਡਾਂ ਦੀ ਸਰਕਾਰ ਹੈ, ਵੱਡੇ ਵੱਡੇ ਅਮੀਰਾਂ ਦੀ ਸਰਕਾਰ ਹੈ। ਜਿਹੜੇ ਅਮੀਰ ਹੁੰਦੇ ਹਨ ਉਨ੍ਹਾਂ ਨੂੰ ਹੀ ਟਿਕਟ ਦਿੱਤੀ ਜਾਂਦੀ ਹੈ। ਜਿਹੜੇ ਗਰੀਬ ਹਨ ਉਨ੍ਹਾਂ ਨੂੰ ਕੋਈ ਨਹੀਂ ਪੁੱਛਦਾ। ਇਸ ਤਰੀਕੇ ਨਾਲ ਇਹ ਲੋਕਾਂ ਦੀ ਭਲਾਈ ਕਿਸ ਤਰ੍ਹਾਂ ਕਰ ਸਕਦੇ ਹਨ। ਇਲੈਕਸ਼ਨਾਂ ਦੇ ਦਿਨਾਂ ਵਿਚ ਵਡੇ ਵਡੇ ਅਮੀਰਾਂ ਨੇ 8-8 ਲੱਖ ਤੇ 15-15 ਲੱਖ ਰੁਪਿਆ ਲਾਇਆ ਹੈ। ਕੀ ਇਹ ਕੁਰਪਸ਼ਨ ਨਹੀਂ ਤਾਂ ਹੋਰ ਕੀ ਹੈ? ਜਿਨ੍ਹਾਂ ਆਦਮੀਆਂ ਨੇ ਇਨ੍ਹਾਂ ਇਲੈਕਸ਼ਨਾਂ ਤੇ ਐਨਾ ਰੁਪਿਆ ਖਰਚ ਕੀਤਾ ਹੈ ਉਹ ਅੱਜ ਆਪਣਾ ਰਾਜ ਸਮਝਦੇ ਹਨ। ਉਨ੍ਹਾਂ ਨੂੰ ਕੋਈ ਡਰ ਨਹੀਂ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਅੰਮ੍ਰਿਤਸਰ ਵਿਚ ਜਿਥੇ ਕਾਮਰੇਡ ਸੱਤ ਪਾਲ ਡਾਂਗ ਚੋਣ ਲੜ ਰਹੇ ਸਨ ਉਥੇ ਵਡੇ ਵੱਡੇ ਅਮੀਰਾਂ ਨੇ, ਮਿਲ ਮਾਲਕਾਂ ਨੇ ਕਿਸ ਤਰ੍ਹਾਂ ਨਾਲ ਐਨਾ ਰੁਪਿਆ ਵਰਤਿਆ ਹੈ ਔਰ ਕੁਰੱਪਸ਼ਨ ਕਰਕੇ ਵੋਟਾਂ ਲਈਆਂ ਹਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਹਾਲਾਤ ਵਿਚ ਜਦੋਂ ਕਿ ਮਹਿੰਗਾਈ ਐਨੇ ਜ਼ੋਰਾਂ ਤੇ ਪਹੁੰਚ ਗਈ ਹੈ, ਸਾਰੇ ਲੋਕ ਮਹਿੰਗਾਈ ਤੋਂ ਦੁਖੀ ਹਨ, ਅੱਜ ਮਹਿੰਗਾਈ ਦਿਨ ਦੁਗਣੀ ਰਾਤ ਚੌਗਣੀ ਵੱਧ ਰਹੀ ਹੈ, ਪ੍ਰਾਈਸ ਇੰਡੈਕਸ ਵੱਧ ਰਿਹਾ ਹੈ ਅਤੇ ਜਿਹੜੀਆਂ ਜ਼ਿੰਦਗੀ ਦੀਆਂ ਜ਼ਰੂਰੀ ਚੀਜ਼ਾਂ ਹਨ ਜਿਨ੍ਹਾਂ ਦੇ ਬਗੈਰ ਆਦਮੀ ਰਹਿ ਨਹੀਂ ਸਕਦਾ ਉਨ੍ਹਾਂ ਦੇ ਭਾਅ ਚੜ੍ਹ ਰਹੇ ਹਨ ਤਾਂ ਹਾਲਾਤ ਕੀ ਹੋਣਗੇ? ਦਾਲਾਂ ਦੇ ਭਾਅ ਅੱਜ ਕਿਥੇ ਪਹੁੰਚ ਗਏ ਹਨ? ਹਰਹਰ ਦੀ ਦਾਲ 4.50 ਰੁਪਏ ਕਿਲੋ, ਮੂੰਗ ਸਾਬਤ ਦੀ ਦਾਲ 5.20 ਰੁਪਏ ਕਿਲੋ, ਮੂੰਗੀ ਧੋਤੀ 5.80 ਰੁਪਏ ਕਿਲੋ, ਮਾਂਹ ਸਾਬਤ 4.00 ਰੁਪਏ ਕਿਲੋ, ਮਾਂਹ ਦੀ ਦਲੀ ਦਾਲ 4.40 ਰੁਪਏ ਕਿਲੋ ਔਰ ਖੰਡ ਤਾਂ 7.50 ਰੁਪਏ ਕਿਲੋ ਤਕ ਪਹੁੰਚ ਗਈ ਹੈ। ਘਿਓ ਇਸ ਵੇਲੇ 14.00 ਰੁਪਏ

Original with;
Punjab Vidhan Sabha
Digitized by;
Panjab Digital Library

ਕਿਲੋ ਵਿਕ ਰਿਹਾ ਹੈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਹ ਜਿਹੜੀ ਮਹਿੰਗਾਈ ਹੈ ਇਹ ਵੱਧ ਰਹੀ ਹੈ। ਇਹ ਜਿਹੜਾ ਕਿਹਾ ਗਿਆ ਹੈ ਕਿ ਮਹਿੰਗਾਈ ਤੇ ਰੋਕ ਲਾ ਦੇਣੀ ਹੈ ਉਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਵਪਾਰੀਆਂ ਨੇ ਅਤੇ ਬਲੈਕ ਮਾਰਕੀਟਿਆਂ ਨੇ ਹੋਰ ਭਾਅ ਵਧਾ ਦਿੱਤੇ ਹਨ। ਇਹ ਸਰਕਾਰ ਉਨ੍ਹਾਂ ਵਪਾਰੀਆਂ ਦੀ ਹਿਫ਼ਾਜ਼ਤ ਕਰ ਰਹੀ ਹੈ। ਇਨ੍ਹਾਂ ਹਾਲਤ ਵਿਚ ਮੈਂ ਦਸਦਾ ਹਾਂ ਕਿ ਲਾਜ਼ਮੀ ਤੌਰ ਤੇ ਮੁਲਾਜ਼ਮ ਹੜਤਾਲਾਂ ਕਰਨਗੇ, ਐਜੀਟੇਸ਼ਨਾਂ ਕਰਨਗੇ ਔਰ ਇਸ ਤਰ੍ਹਾਂ ਨਾਲ ਪੰਜਾਬ ਵਿਚ ਹੋਰ ਹਾਲਾਤ ਖਰਾਬ ਹੋਣਗੇ।

ਬੇਰੁਜ਼ਗਾਰੀ ਬਾਰੇ, ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਇਹ ਦਿਨੋ ਦਿਨ ਵੱਧਦੀ ਜਾ ਰਹੀ ਹੈ। ਤੁਹਾਨੂੰ ਪਤਾ ਹੈ ਕਿ ਅੰਮ੍ਰਿਤਸਰ ਵਿਚ ਬੇਰੁਜ਼ਗਾਰੀ ਦਾ ਕੀ ਹਾਲ ਹੈ ? ਉਥੇ ਬੇਰੁਜ਼ਗਾਰ ਤੇਸੀ ਕਾਂਡੀ ਲੈ ਕੇ ਹਜ਼ਾਰਾਂ ਦੀ ਗਿਣਤੀ ਵਿਚ ਸੜਕਾਂ ਤੇ ਬੈਠੇ ਹੁੰਦੇ ਹਨ ਪਰ ਉਨ੍ਹਾਂ ਨੂੰ ਕੋਈ ਰੁਜ਼ਗਾਰ ਨਹੀਂ ਮਿਲਦਾ। ਪੜ੍ਹੇ ਲਿਖੇ ਵੀ ਬਹੁਤ ਸਾਰੇ ਲੋਕ ਬੇਕਾਰ ਫਿਰ ਰਹੇ ਹਨ। ਉਨ੍ਹਾਂ ਨੂੰ ਪਿਛਲੀ ਸਰਕਾਰ ਨੇ ਬੇਰੁਜ਼ਗਾਰੀ ਭੱਤਾ ਦੇਣ ਦਾ ਫੈਸਲਾ ਕੀਤਾ ਸੀ .. (ਵਿਘਨ)

**ਸ੍ਰੀ ਸਪੀਕਰ** : ਝਬਾਲ ਸਾਹਿਬ, ਤੁਸੀਂ ਹੁਣ ਬੈਠੋ। ਮੈਂ ਮਜਬੂਰ ਹਾਂ। ਤੁਹਾਡੀ ਪਾਰਟੀ ਦਾ ਟਾਈਮ ਖ਼ਤਮ ਹੋ ਗਿਆ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ, ਬਸ ਮੈਂ ਇਕ ਛੋਟੀ ਜਿਹੀ ਗਲ ਕਹਿ ਕੇ ਖਤਮ ਕਰ ਦਿੰਦਾ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਹਾਊਸ ਵਿਚ ਇਸ ਗਲ ਦਾ ਬੜਾ ਜ਼ਿਕਰ ਕੀਤਾ ਗਿਆ ਅਤੇ ਹਮਦਰਦੀ ਵੀ ਪ੍ਰਗਟ ਕੀਤੀ ਗਈ ਕਿ ਜਿਹੜੇ ਪਛੜੇ ਭਰਾ ਹਨ ਉਨ੍ਹਾਂ ਵਾਸਤੇ ਸਰਕਾਰ ਨੂੰ ਕੁਝ ਕਰਨਾ ਚਾਹੀਦਾ ਹੈ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਅਤੇ ਤੁਹਾਨੂੰ ਵੀ ਪਤਾ ਹੈ ਕਿ ਇਸ ਸਰਕਾਰ ਨੇ ਉਨ੍ਹਾਂ ਹਰੀਜਨਾਂ ਲਈ ਕੀ ਕੀਤਾ ਹੈ ? ਜੇ ਹਰਜੀਨਾਂ ਲਈ ਧਰਮਸ਼ਾਲਾਵਾਂ ਦੀ ਸਕੀਮ ਸ਼ੁਰੂ ਕੀਤੀ ਸੀ ਤਾਂ ਉਹ ਫਰੰਟ ਦੀ ਸਰਕਾਰ ਵੇਲੇ ਸ਼ੁਰੂ ਹੋਈ ਸੀ। ਇਸ ਤੋਂ ਪਹਿਲੇ ਇਸ ਦਾ ਕਿਸੇ ਨੇ ਖਿਆਲ ਨਹੀਂ ਸੀ ਕੀਤਾ। 1969 ਤੋਂ ਪਹਿਲੇ ਕੋਈ ਇਨ੍ਹਾਂ ਲੋਕਾਂ ਲਈ ਧਰਮਸ਼ਾਲਾ ਨਹੀਂ ਸੀ। ਕਿਸੇ ਨੇ ਇਸ ਪਾਸੇ ਸੋਚਿਆ ਹੀ ਨਹੀਂ ਸੀ। ਅੱਜ ਇਹ ਇਥੇ ਭਾਸ਼ਣ ਦੇ ਦਿੰਦੇ ਹਨ। ਸਿਰਫ਼ ਭਾਸ਼ਣ ਦੇਣ ਨਾਲ ਤਾਂ ਉਨ੍ਹਾਂ ਦੀ ਭਲਾਈ ਨਹੀਂ ਹੋਣੀ। ਫਿਰ ਜਿਹੜੇ ਸਾਡੇ ਭਰਾ ਖੇਤਾਂ ਤੇ ਕੰਮ ਕਰਦੇ ਹਨ ਉਨ੍ਹਾਂ ਦੇ ਉਥੇ ਥਰੈਸ਼ਰਾਂ ਦੇ ਨਾਲ ਹੱਥ ਕਟੇ ਜਾਂਦੇ ਹਨ ਉਹ ਅੰਗਹੀਣ ਹੋ ਜਾਂਦੇ ਹਨ, ਉਹ ਬੇਰੁਜ਼ਗਾਰ ਹੋ ਜਾਂਦੇ ਹਨ ਤਾਂ ਕਾਂਗਰਸ ਸਰਕਾਰ ਨੇ ਇਸ ਬਾਰੇ ਕਦੇ ਕੁਝ ਨਹੀਂ ਸੀ ਸੋਚਿਆ ਔਰ ਉਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਸੀ ਦਿੰਦੇ। ਸਾਡੀ ਫਰੰਟ ਦੀ ਸਰਕਾਰ ਜਦੋਂ ਆਈ ਸੀ ਤਾਂ ਉਸ ਸਰਕਾਰ ਨੇ ਹੀ ਉਨ੍ਹਾਂ ਨੂੰ ਮੁਆਵਜ਼ਾ ਦੇਣ ਦੀ ਗਲ ਕੀਤੀ ਸੀ ਅਤੇ ਕਿਹਾ ਸੀ ਕਿ ਅਸੀਂ 10 ਹਜ਼ਾਰ ਰੁਪਏ ਮੁਆਵਜ਼ਾ ਦਿਆਂਗੇ।

**ਸ੍ਰੀ ਸਪੀਕਰ** : ਝਬਾਲ ਸਾਹਿਬ, ਤੁਸੀਂ ਬੈਠ ਜਾਓ। ਤੁਹਾਡਾ ਟਾਈਮ ਖ਼ਤਮ ਹੋ ਗਿਆ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਬੱਸ ਜੀ, ਮੈਂ ਇਕ ਗੱਲ ਕਹਿ ਕੇ ਬੈਠ ਜਾਂਦਾ ਹਾਂ। ਸਪੀਕਰ ਸਾਹਿਬ, ਜਿਹੜੇ ਲੋਕ ਬਾਰਡਰ ਤੇ ਰਹਿਣ ਵਾਲੇ ਹਨ ਉਨ੍ਹਾਂ ਨੂੰ ਬੜੀਆਂ ਤਕਲੀਫ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਪਾਣੀ ਵੀ ਲੈਣ ਜਾਂਦੇ ਹਨ ਤਾਂ ਉਨ੍ਹਾਂ ਨੂੰ ਪਰਚੀ ਲੈਣੀ ਪੈਂਦੀ ਹੈ। ਫਰੰਟ ਸਰਕਾਰ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਵਾਸਤੇ ਇਕ ਕਮੇਟੀ ਬਣਾਈ ਸੀ ਅਤੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਉਸ ਕਮੇਟੀ ਨੇ ਕੁਝ ਸਿਫਾਰਸ਼ਾਂ ਵੀ ਕੀਤੀਆਂ ਸਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਜਿਹੜੇ ਬਾਰਡਰ ਦੇ ਲੋਕਾਂ ਦੇ ਮਸਲੇ ਹਨ ਉਨ੍ਹਾਂ ਨੂੰ ਉਹ ਹੱਲ ਕਰਨ ਅਤੇ ਉਨ੍ਹਾਂ ਲੋਕਾਂ ਨੂੰ ਸਹੂਲਤਾਂ ਦੇਣ। ਹਰ ਜੰਗ ਵਿਚ ਉਨ੍ਹਾਂ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ।

**ਸ੍ਰੀ ਸਪੀਕਰ** : ਬੈਠੋ ਜੀ। ਤੁਸੀਂ ਬਹੁਤ ਸਮਾਂ ਲੈ ਲਿਆ ਹੈ ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਅੰਤ ਵਿਚ, ਸਪੀਕਰ ਸਾਹਿਬ, ਮੈਂ ਇਹੋ ਕਹਾਂਗਾ ਕਿ ਇਹ ਜਿਹੜਾ ਭਾਸ਼ਣ ਹੈ ਇਹ ਸਰਕਾਰ ਦੀਆਂ ਹਕੀਕਤਾਂ ਨਾਲ ਬਿਲਕੁਲ ਮੇਲ ਨਹੀਂ ਖਾਂਦਾ। ਸਰਕਾਰ ਨੂੰ ਵੱਧਦੀ ਮਹਿੰਗਾਈ ਵੱਲ, ਮੁਲਾਜ਼ਮਾਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ।

**ਸ੍ਰੀ ਸਪੀਕਰ** : ਝਬਾਲ ਸਾਹਿਬ, ਹੁਣ ਤੁਸੀਂ ਬੈਠੋ। ਤੁਹਾਨੂੰ 5 ਮਿੰਟ ਮਿਲੇ ਸਨ, ਤੁਸੀਂ 15 ਮਿੰਟ ਲੈ ਲਏ ਹਨ। ਹੁਣ ਤੁਸੀਂ ਬੈਠੋ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਬੱਸ ਜੀ, ਐਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

(ਇਸ ਵਕਤ ਸ੍ਰੀ ਸਪੀਕਰ ਨੇ ਮਾਨਯੋਗ ਮੈਂਬਰ, ਸ੍ਰੀ ਜੋਗਿੰਦਰ ਪਾਲ ਪਾਂਡੇ ਨੂੰ ਕਾਲ ਅਪਾਨ ਕੀਤਾ। )

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਤੁਸੀਂ ਸਾਨੂੰ ਇਹ ਦੱਸ ਦਿਓ ਕਿ ਸਾਨੂੰ ਟਾਈਮ ਮਿਲੇਗਾ ਕਿ ਨਹੀਂ ?

**ਸ੍ਰੀ ਸਪੀਕਰ** : ਸੌਰੀ। ਹੁਣ ਤੁਹਾਨੂੰ ਟਾਈਮ ਨਹੀਂ ਮਿਲੇਗਾ। ਤੁਹਾਡਾ ਟਾਈਮ ਪੂਰਾ ਹੋ ਗਿਆ ਹੈ ।

**ਸ੍ਰੀ ਜੋਗਿੰਦਰ ਪਾਲ ਪਾਂਡੇ** (ਲੁਧਿਆਣਾ ਪੱਛਮ): ਸਪੀਕਰ ਸਾਹਿਬ, ਜੋ ਗਵਰਨਰ ਐਡਰੈਸ ਤੇ ਧੰਨਵਾਦ ਦਾ ਮਤਾ ਪੇਸ਼ ਹੋਇਆ ਹੈ ਮੈਂ ਉਸ ਤੇ ਵਧਾਈ ਦੇਣ ਲਈ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਮੁੱਖ ਮੰਤਰੀ ਦੀ ਨਿਗਰਾਨੀ ਹੇਠ ਜੋ ਨਵੀਂ ਸਰਕਾਰ ਬਣੀ ਹੈ, ਇਸ ਸਰਕਾਰ ਦੀਆਂ ਨਵੀਆਂ ਸਕੀਮਾਂ ਅਤੇ ਪ੍ਰੋਗ੍ਰਾਮਾਂ ਨੂੰ ਇਸ ਐਡਰੈਸ ਵਿਚ ਉਲੀਕਿਆ ਗਿਆ ਹੈ । (ਵਿਘਨ) (ਸ਼ੋਰ) (ਕਾਮਰੇਡ ਰਾਜ ਕੁਮਾਰ ਜੀ ਵਲੋਂ ਵਿਘਨ)

**ਸ੍ਰੀ ਸਪੀਕਰ** : ਕਾਮਰੇਡ ਰਾਜ ਕੁਮਾਰ ਜੀ, ਮੈਂ ਤੁਹਾਨੂੰ ਇਨਫਾਰਮ ਕਰਨ ਵਾਸਤੇ ਤੁਹਾਡੇ ਕੋਲ ਦੋ ਵਾਰ ਦਫ਼ਤਰ ਦਾ ਬੰਦਾ ਭੇਜ ਚੁੱਕਾ ਹਾਂ। ਪਾਰਟੀ ਦੇ ਹਿਸਾਬ ਨਾਲ ਟਾਈਮ ਵੰਡਿਆ ਹੋਇਆ ਹੈ ਅਤੇ ਮੈਂਬਰਾਂ ਦੇ ਹਿਸਾਬ ਨਾਲ ਟਾਈਮ ਡੀਵਾਈਡ ਕੀਤਾ ਹੋਇਆ ਹੈ। ਫਿਰ ਵੀ ਜੇਕਰ ਟਾਈਮ ਬਚਿਆ ਤਾਂ ਤੁਹਾਨੂੰ ਜ਼ਰੂਰ ਟਾਈਮ ਦੇਵਾਂਗੇ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਜਿੰਨਾਂ ਜਿੰਨਾਂ ਟਾਈਮ ਕਿਸੇ ਨੇ ਲਿਆ ਹੈ, ਉਹ ਸਰਕੂਲੇਟ ਹੋਇਆ ਹੈ ਅਤੇ ਉਸ ਮੁਤਾਬਿਕ ਸਾਡੀ ਪਾਰਟੀ ਨੂੰ 45 ਮਿੰਟ ਮਿਲੇ ਹਨ। ਮੇਰੇ ਕੋਲ ਉਸ ਡਾਕੂਮੈਂਟ ਦੀ ਕਾਪੀ ਸੈਕਟਰੀ ਸਾਹਿਬ ਦੇ ਦਸਖਤਾਂ ਹੇਠ ਮੌਜੂਦ ਹੈ। ਸਾਡੇ ਮੈਂਬਰ ਬੋਲਣ ਲਈ ਖੜ੍ਹੇ ਹੋਣ ਅਤੇ ਤੁਸੀਂ ਟਾਈਮ ਨਾ ਦਿਉ ਤਾਂ ਅਸੀਂ ਪਰੋਟੈਸਟ ਹੀ ਕਰ ਸਕਦੇ ਹਾਂ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਤੁਸੀਂ ਹਾਊਸ ਦਾ ਵਕਤ ਜ਼ਾਇਆ ਨਾ ਕਰੋ। ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ। ਜੇਕਰ ਟਾਈਮ ਨਿਕਲਿਆ ਤਾਂ ਜ਼ਰੂਰ ਦਿਆਂਗੇ। (ਵਿਘਨ) (ਸ਼ੋਰ)

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਤੁਸੀਂ ਦੇਖ ਹੀ ਰਹੇ ਹੋ ਕਿ ਸਾਡੀ ਪਾਰਟੀ ਵਲੋਂ ਅਤੇ ਸੀ. ਪੀ. ਆਈ. ਵਲੋਂ ਬੇਨਤੀ ਕੀਤੀ ਜਾ ਰਹੀ ਹੈ ਕਿ ਸਾਨੂੰ ਬੋਲਣ ਲਈ ਟਾਈਮ ਦਿਓ। ਇਸ ਲਈ ਮੇਰੀ ਬੇਨਤੀ ਹੈ ਕਿ ਤੁਸੀਂ ਹਾਊਸ ਦਾ ਟਾਈਮ ਇੱਕ ਘੰਟਾ ਐਕਸਟੈਂਡ ਕਰ ਦਿਉ ਤਾਂਕਿ ਮੈਂਬਰ ਸਾਹਿਬਾਨ ਬੋਲ ਸਕਣ। ਸਪੀਕਰ ਸਾਹਿਬ, ਇਸ ਤਰ੍ਹਾਂ ਪਹਿਲਾਂ ਵੀ ਟਾਈਮ ਐਕਸਟੈਂਡ ਹੁੰਦਾ ਰਿਹਾ ਹੈ।

**ਸ੍ਰੀ ਸਪੀਕਰ** : ਬਾਦਲ ਸਾਹਿਬ, ਕੱਲ੍ਹ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੋਈ ਸੀ ਅਤੇ ਸਾਰੇ ਨੁਮਾਇੰਦੇ ਉਸ ਕਮੇਟੀ ਵਿਚ ਮੌਜੂਦ ਸਨ, ਉਥੇ ਮੀਟਿੰਗ ਵਿਚ ਟਾਈਮ ਐਕਸਟੈਂਡ ਕਰ ਦਿੰਦੇ। (ਵਿਘਨ)

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਹੋ ਜਿਹੇ ਮਾਮਲੇ ਇਥੇ ਵੀ ਉਠਾਏ ਜਾ ਸਕਦੇ ਹਨ। ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਜਿਸ ਤਰ੍ਹਾਂ ਕਿਹਾ ਹੈ ਕਿ ਹਾਊਸ ਦਾ ਟਾਈਮ ਇੱਕ ਘੰਟਾ ਹੋਰ ਐਕਸਟੈਂਡ ਕਰ ਦਿਓ ਮੇਰੀ ਅਰਜ਼ ਹੈ ਕਿ ਜੇਕਰ ਤੁਸੀਂ ਇੱਕ ਘੰਟਾ ਐਕਸਟੈਂਡ ਨਹੀਂ ਕਰਨਾ ਤਾਂ ਅੱਧਾ ਘੰਟਾ ਹੀ ਹਾਊਸ ਦਾ ਟਾਈਮ ਹੋਰ ਐਕਸਟੈਂਡ ਕਰ ਦਿਓ। ਇਸ ਨਾਲ ਸਾਡੇ ਮੈਂਬਰ ਅਕਾਮੋਡੇਟ ਹੋ ਜਾਣਗੇ। ਸਪੀਕਰ ਸਾਹਿਬ, ਪਹਿਲਾਂ ਹੀ ਰੂਲਿੰਗ ਪਾਰਟੀ ਦੇ ਕਾਫੀ ਮੈਂਬਰ ਬੋਲ ਚੁੱਕੇ ਹਨ। (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਇਹ ਮਾਮਲਾ ਵਿਚਾਰ ਅਧੀਨ ਹੈ ਅਤੇ ਮੈਂ ਕੋਸ਼ਿਸ਼ ਕਰਾਂਗਾ ਕਿ ਹਾਊਸ ਦਾ ਟਾਈਮ ਹੋਰ ਵਧਾਇਆ ਜਾਵੇ।

**ਮਾਲ ਮੰਤਰੀ** : ਸਪੀਕਰ ਸਾਹਿਬ, ਗਵਰਨਰ ਐਡਰੈਸ ਤੇ ਬੜੀ ਭਾਰੀ ਬਹਿਸ ਚਾਰ ਦਿਨਾਂ ਤੋਂ ਚਲੀ ਆ ਰਹੀ ਹੈ ਅਤੇ ਸਾਰੀਆਂ ਪਾਰਟੀਆਂ ਨੇ ਆਪਣਾ ਆਪਣਾ ਸਮਾਂ ਲਿਆ ਹੈ। ਹੁਣ ਸਾਰੀ ਰੈਪੀਟੀਸ਼ਨ ਹੋ ਰਹੀ ਹੈ। ਇਸ ਲਈ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਹਾਊਸ ਦਾ ਸਮਾਂ ਹੋਰ ਨਹੀਂ ਵਧਾਉਣਾ ਚਾਹੀਦਾ। ਹੁਣ ਸਾਡੇ ਮਾਨਯੋਗ ਮੈਂਬਰ ਦੇ ਬੋਲਣ ਦੀ ਵਾਰੀ ਹੈ ਅਤੇ ਉਸ ਨੂੰ ਹੁਣ ਬੋਲਣ ਦੇਣਾ ਚਾਹੀਦਾ ਹੈ। (ਵਿਘਨ)

**ਸ੍ਰੀ ਜੋਗਿੰਦਰ ਪਾਲ ਪਾਂਡੇ** : ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਆਉਣ ਵਾਲੇ ਪਰੋਗਰਾਮ ਅਤੇ ਸਕੀਮਾਂ ਨੂੰ ਉਲੀਕਿਆ ਗਿਆ ਹੈ। ਇਹ ਗਵਰਨਰ ਐਡਰੈਸ ਸਰਕਾਰ ਦੀਆਂ ਪਾਲਿਸੀਆਂ ਦੇ ਮੁਤਾਬਿਕ ਰਖਿਆ ਗਿਆ ਹੈ। ਸਪੀਕਰ ਸਾਹਿਬ, ਜੋ ਕਾਂਗਰਸ ਪਾਰਟੀ ਦਾ 20 ਨੁਕਾਤੀ ਪਰੋਗਰਾਮ ਹੈ, ਉਨ੍ਹਾਂ 20 ਨੁਕਤਿਆਂ ਨੂੰ ਮੁੱਖ ਰਖਦੇ ਹੋਏ ਹੀ ਇਹ ਗਵਰਨਰ ਐਡਰੈਸ ਤਿਆਰ ਕੀਤਾ ਗਿਆ ਹੈ।

11.25 ਪੂਰਵ ਦੁਪਹਿਰ

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਜਿਸ ਪਛੜੇ ਵਰਗ ਨੂੰ ਉਪਰ ਉਠਾਉਣਾ ਹੈ ਉਸ ਦੇ ਲਈ ਸਾਰੇ ਪਰੋਗਰਾਮ ਇਸ ਗਵਰਨਰ ਐਡਰੈਸ ਵਿਚ ਉਲੀਕੇ ਗਏ ਹਨ।

Original with;
Punjab Vidhan Sabha
Digitized by;
Panjab Digital Library

[ਸ੍ਰੀ ਜੋਗਿੰਦਰ ਪਾਲ ਪਾਂਡੇ]

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਜੋ ਅਕਾਲੀ ਜਨਤਾ ਸਰਕਾਰ ਵੇਲੇ ਲਾਅ ਐਂਡ ਆਰਡਰ ਦੀ ਹਾਲਤ ਸੀ ਉਸ ਬਾਰੇ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੇ ਵੀ ਦਸਿਆ ਹੈ ਕਿ ਲੁਧਿਆਣੇ ਵਿਚ ਕੀ ਹੋਇਆ ਅਤੇ ਹੋਰ ਥਾਵਾਂ ਤੇ ਕੀ ਕੁਝ ਹੋਇਆ ? ਉਸ ਵਕਤ ਜਾਲ੍ਹੀ ਨੋਟ ਛਾਪੇ ਗਏ ਸਨ। ਅਫੀਮ ਅਤੇ ਸ਼ਰਾਬ ਦੇ ਕੇਸਿਜ਼ ਫੜ੍ਹੇ ਗਏ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਰੀਆਂ ਗਲਾਂ ਪੁਰਾਣੀ ਅਕਾਲੀ-ਜਨਤਾ ਸਰਕਾਰ ਦੇ ਵੇਲੇ ਦੀਆਂ ਹਨ। (ਥੰਪਿੰਗ) ਇਹ ਕੋਈ ਅੱਜ ਕੱਲ੍ਹ ਦੀ ਗੱਲ ਨਹੀਂ ਹੈ ਬਲਕਿ ਪੁਰਾਣੀ ਸਰਕਾਰ ਦੇ ਵੇਲੇ ਦੀਆਂ ਗਲਾਂ ਹਨ। ਡਿਪਟੀ ਸਪੀਕਰ ਸਾਹਿਬ, ਅਕਾਲੀ-ਜਨਤਾ ਸਰਕਾਰ ਵੇਲੇ ਲਾਅ ਐਂਡ ਆਰਡਰ ਦੀ ਹਾਲਤ ਕੀ ਸੀ, ਉਸ ਬਾਰੇ ਸਭ ਨੂੰ ਪਤਾ ਹੈ। ਇਨ੍ਹਾਂ ਦੇ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਪੁਰਾਣੇ ਕਾਰਨਾਮੇ ਹੁਣ ਸਾਡੇ ਸਾਹਮਣੇ ਆ ਰਹੇ ਹਨ। ਪੰਜਾਬ ਸਰਕਾਰ ਨੇ ਹੁਣ ਉਨ੍ਹਾਂ ਕੇਸਿਜ਼ ਨੂੰ ਫੜਨ ਦਾ ਯਤਨ ਕੀਤਾ ਹੈ ਔਰ ਮੈਂ ਕਹਿੰਦਾ ਹਾਂ ਕਿ ਚਾਹੇ ਅੰਮ੍ਰਿਤਸਰ ਹੋਵੇ, ਫਿਰੋਜ਼-ਪੁਰ ਹੋਵੇ ਔਰ ਚਾਹੇ ਕੋਈ ਹੋਰ ਇਲਾਕਾ ਹੋਵੇ ਜਿਥੇ ਕਿਤੇ ਵੀ ਗਲਤ ਕੰਮ ਹੁੰਦਾ ਹੈ ਉਸ ਨੂੰ ਫੌਰਨ ਫੜਿਆ ਜਾਵੇ। ਮੈਂ, ਡਿਪਟੀ ਸਪੀਕਰ ਸਾਹਿਬ, ਬਾਦਲ ਸਾਹਿਬ ਨੂੰ ਕਹਿਣਾ ਚਾਹੁੰਦਾ ਸੀ ਪਰ ਉਹ ਹੁਣ ਇਥੋਂ ਉਠ ਕੇ ਚਲੇ ਗਏ ਹਨ। ਉਨ੍ਹਾਂ ਦੇ ਸਾਥੀ ਇਥੇ ਬੈਠੇ ਹਨ, ਉਨ੍ਹਾਂ ਨੂੰ ਪੁੱਛਦਾ ਹਾਂ ਪਿਛਲੇ ਤਿੰਨ ਸਾਲਾਂ ਅੰਦਰ ਤੁਸੀਂ ਇੰਡਸਟਰੀ ਲਈ ਕਿਤਨੇ ਲਾਇਸੈਂਸ ਲਏ ? ਮੈਂ ਦੱਸਣਾ ਚਾਹੁੰਦਾ ਹਾਂ ਕਿ 1972-73 ਵਿਚ ਜਦੋਂ ਕਾਂਗਰਸ ਸਰਕਾਰ ਸੀ ਤਾਂ ਉਸ ਵਕਤ ਜ਼ੀਰਾ, ਗੁਰਦਾਸਪੁਰ ਵਿਚ ਸ਼ੂਗਰ-ਮਿਲਾਂ ਲਗਵਾਈਆਂ ਗਈਆਂ ਸਨ। ਇਸ ਤੋਂ ਇਲਾਵਾ ਬਠਿੰਡਾ, ਹੁਸ਼ਿਆਰਪੁਰ ਅਤੇ ਬਰਨਾਲਾ ਵਿਖੇ ਵੀ ਇੰਡਸਟਰੀ ਲਈ ਲਾਇਸੈਂਸ ਹਾਸਲ ਕੀਤੇ ਸੀ ਅਤੇ ਮੁਹਾਲੀ ਵਿਖੇ ਇੱਕ ਬਹੁਤ ਵੱਡਾ ਕੰਪਲੈਕਸ ਬਣਾਇਆ ਸੀ। ਪਰ ਪਿਛਲੀ ਅਕਾਲੀ-ਜਨਤਾ ਸਰਕਾਰ ਨੇ ਕੋਈ ਵੀ ਇੰਡਸਟਰੀ ਦੀ ਤਰੱਕੀ ਦੇ ਕੰਮ ਨਹੀਂ ਕੀਤੇ ਡਿਪਟੀ ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਦੱਸਿਆ ਗਿਆ ਹੈ ਕਿ 31 ਮਾਰਚ, 1980 ਤੱਕ ਬੇਰੋਜ਼ਗਾਰ ਵਿਅਕਤੀਆਂ ਦੀ ਗਿਣਤੀ ਵੱਧ ਕੇ 4,28,000 ਹੋ ਗਈ ਹੈ ਇਸ ਤਰ੍ਹਾਂ ਇੱਕ ਸਾਲ ਵਿਚ ਲਗਭਗ 30,000 ਬੇਰੋਜ਼ਗਾਰ ਵਿਅੱਕਤੀਆਂ ਦਾ ਵਾਧਾ ਹੋਇਆ ਹੈ। ਇਸ ਗਿਣਤੀ ਵਿਚ 2,27,000 ਪੜ੍ਹੇ ਲਿਖੇ ਵਿਅੱਕਤੀ ਵੀ ਸ਼ਾਮਲ ਹਨ ਜਿਨ੍ਹਾਂ ਦੀ ਵਿਦਿਅਕ ਯੋਗਤਾ ਦਸਵੀਂ ਜਾਂ ਉਚੇਰੀ ਹੈ। ਮੇਰੀ ਅਰਜ਼ ਹੈ ਕਿ ਜੇਕਰ ਅਕਾਲੀ-ਜਨਤਾ ਸਰਕਾਰ ਸੱਨਅਤੀ ਤਰੱਕੀ ਵੱਲ ਧਿਆਨ ਦਿੰਦੀ ਤਾਂ ਇਹ ਬੇਰੋਜ਼ਗਾਰਾਂ ਦੀ ਗਿਣਤੀ ਇਤਨੀ ਨਾ ਵੱਧਦੀ। ਸੋ, ਡਿਪਟੀ ਸਪੀਕਰ ਸਾਹਿਬ, ਜੋ ਸੱਨਅਤ ਵਿਚ ਅਕਾਲੀ-ਜਨਤਾ ਸਰਕਾਰ ਨੇ ਤਰੱਕੀ ਕੀਤੀ ਹੈ, ਉਹ ਹੁਣ ਤੁਹਾਡੇ ਸਾਹਮਣੇ ਹੈ। ਇਨ੍ਹਾਂ ਨੇ ਪੰਜਾਬ ਦੀ ਤਰੱਕੀ ਲਈ ਕੁਝ ਵੀ ਨਹੀਂ ਕੀਤਾ। (ਵਿਘਨ) ਸਰਦਾਰ ਸੁਖਜਿੰਦਰ ਸਿੰਘ ਜੋ ਕਿ ਪਿਛਲੀ ਸਰਕਾਰ ਵਿਚ ਵਿਦਿਆ ਮੰਤਰੀ ਸਨ, ਉਨ੍ਹਾਂ ਬਾਰੇ ਜੋ ਐਲੀਗੇਸ਼ਨ ਲਗੇ ਸਨ ਉਹ ਤੁਹਾਨੂੰ ਪਤਾ ਹੀ ਹਨ ਅਕਾਲੀ ਪਾਰਟੀ ਦੇ ਜਨਰਲ ਸੈਕਟਰੀ, ਸਰਦਾਰ ਪ੍ਰੇਮ ਸਿੰਘ ਲਾਲਪੁਰਾ ਵਲੋਂ, ਬਾਦਲ ਸਾਹਿਬ ਦੀ ਮਨਿਸਟਰੀ ਦੇ ਅਗੇਂਸਟ ਇਕ ਮੈਮੋਰੰਡਮ ਸਾਡੇ ਪ੍ਰੈਜ਼ੀਡੈਂਟ ਸਾਹਿਬ ਨੂੰ ਦਿੱਤਾ ਗਿਆ ਸੀ ਜਿਸ ਦੇ ਵਿਚ ਕੁਰੱਪਸ਼ਨ ਦੇ ਚਾਰਜਿਜ਼ ਲਗਾਏ ਗਏ ਸਨ । ਮੈਂ ਡਿਪਟੀ ਸਪੀਕਰ ਸਾਹਿਬ, ਹੁਣ ਵੀ ਚਾਹੰਦਾ ਹਾਂ ਕਿ ਉਨ੍ਹਾਂ ਐਲੀਗੇਸ਼ਨਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ਤਾਂ ਕਿ ਪੁਲੀਟੀਕਲ ਲਾਈਫ਼ ਵਿਚ ਕੁਰੱਪਸ਼ਨ ਖ਼ਤਮ ਕੀਤੀ ਜਾ ਸਕੇ। (ਵਿਘਨ) (ਸ਼ੋਰ) ਡਿਪਟੀ ਸਪੀਕਰ ਸਾਹਿਬ, ਅਕਾਲੀ-ਜਨਤਾ ਸਰਕਾਰ ਨੇ ਕਰੋੜਾਂ ਰੁਪਏ ਦੀ ਕੁਰੱਪਸ਼ਨ ਕੀਤੀ ਹੈ ਅਤੇ ਹੁਣ ਕੇਸ ਰਜਿਸਟਰ ਹੋਣੇ ਚਾਹੀਦੇ ਹਨ ਤਾਂਕਿ ਕੁਰੱਪਸ਼ਨ ਨੂੰ ਖ਼ਤਮ ਕੀਤਾ ਜਾ ਸਕੇ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਕੁਰੱਪਸ਼ਨ ਕਰਨ ਵਾਲੇ ਹਨ, ਉਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਉਧਰ ਬੈਠੇ ਹਨ। (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਪੁਰਾਣੀ ਕਾਂਗਰਸ ਸਰਕਾਰ ਨੇ ਸੜਕਾਂ ਦਾ ਜਾਲ ਵਿੱਛਾ ਦਿੱਤਾ ਸੀ ਅਤੇ ਲੋਕਾਂ ਨੂੰ ਆਮਦੋ-ਰਫਤ ਦੇਣ ਲਈ ਸਹੂਲਤਾਂ ਦਿੱਤੀਆਂ ਸਨ। ਟੂਰਿਜ਼ਮ ਨੂੰ ਫੈਲਾਉਣ ਵਾਸਤੇ ਵੀ ਬਹੁਤ ਕੰਮ ਕੀਤੇ ਸਨ। ਤਿੰਨ ਸਾਲ ਦੇ ਅਰਸੇ ਅੰਦਰ ਪੁਰਾਣੇ ਕੰਪਲੈਕਸ, ਅੰਮ੍ਰਿਤਸਰ ਹੋਸਟਲ, ਰੋਪੜ ਦਾ ਟੂਰਿਜ਼ਮ ਕੰਪਲੈਕਸ, ਨੀਲੋਂ ਦੇ ਪੁਲ ਤੇ ਬਣਿਆ ਹੋਇਆ ਟੂਰਿਜ਼ਮ ਕੰਪਲੈਕਸ (ਵਿਘਨ) ਸਰਹੰਦ ਨਹਿਰ ਤੇ ਫਲੋਟਿੰਗ ਰੈਸਟੋਰੈਂਟ, ਇਹ ਸਭ ਕੁਝ ਕਾਂਗਰਸ ਸਰਕਾਰ ਦੀ ਦੇਣ ਸੀ। ਅਕਾਲੀ ਸਰਕਾਰ ਵੇਲੇ ਟੂਰਿਜ਼ਮ ਲਈ ਸਹੂਲਤਾਂ ਦੇਣ ਲਈ ਇੱਕ ਕਰੋੜ ਰੁਪਿਆ ਰਖਿਆ ਗਿਆ ਸੀ ਪਰ ਉਸ ਸਬੰਧੀ ਸਕੀਮਾਂ ਸਾਰੀਆਂ ਕਾਗਜ਼ਾਂ ਤੇ ਹੀ ਰਹਿ ਗਈਆਂ। ਇਹ ਤਰੱਕੀ ਔਰ ਤਾਮੀਰ ਦਾ ਢੰਡੋਰਾ ਪਿੱਟਦੇ ਸਨ। ਕਲ੍ਹ ਵੀ ਇੱਕ ਸਵਾਲ ਦੇ ਸਿਲਸਿਲੇ ਵਿਚ ਇਨ੍ਹਾਂ ਨੇ ਕਿਹਾ ਸੀ ਕਿ ਪਿੰਡਾਂ ਨੂੰ ਮਾਡਲ ਵਿਲੇਜਿਜ਼ ਬਣਾਉਣਾ ਸੀ। ਲੇਕਿਨ ਸਾਡੇ ਮਨਿਸਟਰ ਇਨਚਾਰਜ ਨੇ ਸਵਾਲ ਦੇ ਜਵਾਬ ਵਿਚ ਕਿਹਾ ਸੀ ਅਤੇ ਇਸ ਚੀਜ਼ ਦਾ ਭਾਂਡਾ ਫੋੜਿਆ ਸੀ ਕਿ ਪਿੰਡਾਂ ਦੀ ਉਨਤੀ ਲਈ ਜਿੰਨੀਆਂ ਵੀ ਅਕਾਲੀ-ਜਨਤਾ ਸਰਕਾਰ ਦੀਆਂ ਸਕੀਮਾਂ ਸਨ ਉਹ ਕਾਗਜ਼ਾਂ ਤੇ ਹੀ ਰਹੀਆਂ, ਉਨ੍ਹਾਂ ਤੇ ਕੋਈ ਅਮਲ ਨਹੀਂ ਕੀਤਾ ਗਿਆ ਔਰ ਮਹਿਜ਼ ਲੋਕਾਂ ਦੀਆਂ ਅੱਖਾਂ ਅੰਦਰ ਘੱਟਾ ਪਾਇਆ ਗਿਆ।

ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਜਦੋਂ ਤੋਂ ਸਰਦਾਰ ਦਰਬਾਰਾ ਸਿੰਘ ਅਧੀਨ ਕਾਂਗਰਸ ਸਰਕਾਰ ਬਣੀ ਹੈ ਤਾਂ ਇਸ ਸਰਕਾਰ ਨੇ ਫੈਸਲਾ ਕੀਤਾ ਹੈ ਔਰ ਗਵਰਨਰ ਮਹੋਦੇ ਨੇ ਵੀ ਐਲਾਨ ਕੀਤਾ ਹੈ ਕਿ ਪੰਜਾਬ ਦੇ ਅੰਦਰ ਡੈਮੋਕ੍ਰੇਸੀ ਨੂੰ ਬਹਾਲ ਰਖਿਆ ਜਾਏਗਾ। ਪੰਜਾਬ ਅੰਦਰ ਧਰਮ ਨਿਰਪੱਖਤਾ ਦਾ ਰਾਜ ਕਾਇਮ ਰਖਿਆ ਜਾਏਗਾ। ਪਿਛਲੀ ਸਰਕਾਰ ਅੰਦਰ ਇਥੇ ਲਾਅ ਐਂਡ ਆਰਡਰ ਦੀ ਹਾਲਤ ਖਰਾਬ ਸੀ ਉਦੋਂ ਲੋਕਾਂ ਨੇ ਜ਼ਬਰਦਸਤੀ ਜ਼ਮੀਨਾਂ ਤੇ ਕਬਜ਼ਾ ਕੀਤਾ। ਉਨ੍ਹਾਂ ਜ਼ਮੀਨ ਤੇ ਮੰਦਰ ਅਤੇ ਗੁਰਦਵਾਰੇ ਬਣਾਏ ਗਏ ਔਰ ਉਨ੍ਹਾਂ ਲੋਕਾਂ ਨੂੰ ਡਿਸਕਰੇਜ ਨਹੀਂ ਕੀਤਾ ਗਿਆ ਬਲਕਿ ਉਨ੍ਹਾਂ ਨੂੰ ਐਨਕਰੇਜ ਕੀਤਾ ਗਿਆ। ਕਈ ਸਾਡੇ ਮਸਲੇ ਅਦਾਲਤਾਂ ਵਿਚ ਪਏ ਹਨ। ਸੋਢਲ ਮੰਦਰ ਦਾ ਮਸਲਾ, ਅੰਮ੍ਰਿਤਸਰ ਦਾ ਮਸਲਾ ਔਰ ਗੜ੍ਹ ਸ਼ੰਕਰ ਦਾ ਮਸਲਾ, ਇਹ ਕਈ ਮਸਲੇ ਹਨ। (ਵਿਘਨ)

**ਵੈਦ ਕਰਤਾਰ ਸਿੰਘ** : ** ** ** (ਵਿਘਨ)

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਜੋਗਿੰਦਰ ਪਾਲ ਪਾਂਡੇ** : ਪੇ ਕਮਿਸ਼ਨ ਦੀ ਰਿਪੋਰਟ ਆਉਣ ਤੇ ਉਸ ਉਤੇ ਅਮਲ ਕਰਨ ਲਈ ਵਾਅਦੇ ਕੀਤੇ ਗਏ ਹਨ। (ਵਿਘਨ)

**ਸ੍ਰੀ ਗੁਰਦਿਆਲ ਸੈਣੀ** : ਸੋਢਲ ਮੰਦਰ ਦਾ ਕੇਸ ਅਦਾਲਤ ਵਿਚ ਚਲ ਰਿਹਾ ਹੈ, ਇਹ ਕਹਿੰਦੇ ਹਨ ਕਿ ਫੈਸਲਾ ਹੋ ਗਿਆ ਹੈ। ਇਹ ਠੀਕ ਨਹੀਂ ਕਹਿ ਰਹੇ। (ਵਿਘਨ)

**ਵੈਦ ਕਰਤਾਰ ਸਿੰਘ** : ਮੈਂ ਗੜ੍ਹ ਸ਼ੰਕਰ ਦੀ ਗਲ ਕਰਦਾ ਹਾਂ। ਉਸ ਦਾ ਫੈਸਲਾ ਸਾਡੇ ਹਕ ਵਿਚ ਹੋ ਗਿਆ ਹੈ ਔਰ ਅਸੀਂ ਉਸ ਤੇ ਕਬਜ਼ਾ ਕਰ ਲਿਆ ਹੈ (ਵਿਘਨ)

**ਸ੍ਰੀ ਜੋਗਿੰਦਰ ਪਾਲ ਪਾਂਡੇ** : ਡਿਪਟੀ ਸਪੀਕਰ ਸਾਹਿਬ, ਸਰਕਾਰੀ ਕਰਮਚਾਰੀ ਜੋ ਕਿ ਸਾਡੀ ਰੀੜ੍ਹ ਦੀ ਹੱਡੀ ਹਨ ਔਰ ਜਿਨ੍ਹਾਂ ਦੇ ਸਿਰ ਤੇ ਸਰਕਾਰ ਚਲਦੀ ਹੈ, ਉਨ੍ਹਾਂ ਦੀਆਂ ਅਨੋਮਲੀਆਂ ਨੂੰ ਦੂਰ ਕਰਨ ਵਾਸਤੇ ਵਾਅਦੇ ਕੀਤੇ ਗਏ ਸਨ (ਵਿਘਨ)। ਇਕ ਗਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਜੋਗਿੰਦਰ ਪਾਲ ਪਾਂਡੇ]

ਮਿਤੀ 8 ਫਰਵਰੀ, 1978 ਨੂੰ ਪੰਜਾਬ ਦੇ ਅੰਦਰ ਹੜਤਾਲ ਹੋਈ ਸੀ ਅੌਰ ਕਰਮਚਾਰੀਆਂ ਨੇ ਆਪਣੀਆਂ ਮੰਗਾਂ ਰਖੀਆਂ ਸਨ। ਉਨ੍ਹਾਂ ਮੰਗਾਂ ਤੇ ਵਿਚਾਰ ਕਰਨ ਦੀ ਬਜਾਏ ਜਿਨ੍ਹਾਂ ਨੇ ਹੜਤਾਲ ਵਿਚ ਹਿਸਾ ਨਹੀਂ ਲਿਆ ਸੀ ਅਕਾਲੀ-ਜਨਤਾ ਸਰਕਾਰ ਨੇ ਉਨ੍ਹਾਂ ਕਰਮਚਾਰੀਆਂ ਨੂੰ ਇਕ ਇਕ ਇਨਕਰੀਮੈਂਟ ਤਰੱਕੀ ਦੇ ਤੌਰ ਤੇ ਦੇ ਦਿੱਤੀ। ਉਨ੍ਹਾਂ ਨੂੰ ਗਲਤ ਤਰੱਕੀ ਦੇ ਕੇ ਇਸ ਗਲ ਲਈ ਬੜ੍ਹਾਵਾ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਜਾਇਜ਼ ਲੋਕਾਂ ਨਾਲ ਨਾ ਖੜ੍ਹੇ ਹੋਣ ਅੌਰ ਜਿਨ੍ਹਾਂ ਲੋਕਾਂ ਨੇ ਮੰਗ ਕੀਤੀ ਸੀ ਉਨ੍ਹਾਂ ਦੇ ਹੱਕਾਂ ਨੂੰ ਪਿੱਛੇ ਸੁਟਿਆ ਗਿਆ ਹੈ। ਜਿਹੜੇ ਸਰਕਾਰੀ ਮੁਲਾਜ਼ਮ ਉਸ ਤਰੱਕੀ ਤੋਂ ਵਾਂਝੇ ਰਹੇ ਉਹ ਸਿਰਫ ਇਸ ਕਰਕੇ ਰਹੇ ਕਿ ਉਨ੍ਹਾਂ ਨੇ ਆਪਣੇ ਹੱਕਾਂ ਲਈ ਆਵਾਜ਼ ਉਠਾਈ। ਇਹ ਉਨ੍ਹਾਂ ਨਾਲ ਜ਼ਿਆਦਤੀ ਹੋਈ ਹੈ ਅੌਰ ਇਸ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਅਕਾਲੀ-ਜਨਤਾ ਰਾਜ ਵੇਲੇ ਪੰਚਾਇਤ ਰਾਜ ਨੂੰ ਖਤਮ ਕੀਤਾ ਗਿਆ। ਮੈਨੂੰ ਖੁਸ਼ੀ ਇਸ ਗੱਲ ਦੀ ਹੈ ਕਿ ਪੰਚਾਇਤੀ ਰਾਜ ਨੂੰ ਅਸੀਂ ਮੁੜ ਬਹਾਲ ਕਰ ਰਹੇ ਹਾਂ। ਪੰਜਾਬ ਅੰਦਰ ਜੋ ਕਾਂਗਰਸ ਸਰਕਾਰ ਵੇਲੇ ਤਿੰਨ ਕਾਰਪੋਰੇਸ਼ਨਾਂ ਵਜੂਦ ਵਿਚ ਆਈਆਂ ਸਨ ਪਿਛਲੇ ਤਿੰਨ ਸਾਲਾਂ ਵਿਚ ਉਨ੍ਹਾਂ ਕਾਰਪੋਰੇਸ਼ਨਾਂ ਲਈ ਇਨ੍ਹਾਂ ਨੇ (ਆਪੋਜ਼ੀਸ਼ਨ ਵੱਲ ਇਸ਼ਾਰਾ) ਕੁਝ ਵੀ ਨਹੀਂ ਕਰਾਇਆ। ਉਨ੍ਹਾਂ ਦੀ ਡੀ-ਲਿਮੀਟੇਸ਼ਨ ਨਹੀਂ ਕਰਾਈ ਗਈ। ਉਨ੍ਹਾਂ ਤਿੰਨ ਕਾਰਪੋਰੇਸ਼ਨਾਂ, ਅੰਮ੍ਰਿਤਸਰ, ਲੁਧਿਆਣਾ ਅੌਰ ਜਲੰਧਰ ਲਈ ਚੋਣਾਂ ਕਰਾਉਣ ਲਈ ਇਨ੍ਹਾਂ ਨੇ ਕੁੱਝ ਨਹੀਂ ਕੀਤਾ ਅੌਰ ਉਥੇ ਦੇ ਲੋਕ ਆਪਣੀ ਵੋਟ ਦਾ ਇਸਤੇਮਾਲ ਕਰਨ ਤੋਂ ਵਾਂਝੇ ਰਹੇ। ਇਹ ਸਬੂਤ ਹੈ ਇਸ ਬਾਤ ਦਾ ਕਿ ਅਕਾਲੀ-ਜਨਤਾ ਸਰਕਾਰ ਡੈਮੋਕਰੇਸੀ ਨੂੰ ਗੱਲੀਂ ਬਾਤੀਂ ਹੀ ਇਸਤੇਮਾਲ ਕਰਨਾ ਚਾਹੁੰਦੀ ਸੀ ਅਤੇ ਸਹੀ ਤੌਰ ਤੇ ਉਸ ਨੂੰ ਮੰਨਣ ਨੂੰ ਤਿਆਰ ਨਹੀਂ ਸੀ।

ਐਮਰਜੰਸੀ ਦੀ ਗੱਲ ਇਹ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਕਰਦੇ ਹਨ। ਇਸ ਮੁਲਕ ਅੰਦਰ ਐਮਰਜੈਂਸੀ ਦੇ ਰਾਜ ਵਿਚ ਲੋਕਾਂ ਵਾਸਤੇ ਕਿੰਨੇ ਤਰੱਕੀ ਦੇ ਕੰਮ ਹੋਏ ਉਸ ਤੇ ਮੈਨੂੰ ਫਖਰ ਹੈ। ਅੱਜ ਵੀ ਪੰਜਾਬ ਦੇ ਲੋਕ, ਹਿੰਦੁਸਤਾਨ ਦੇ ਲੋਕ ਅੌਰ ਇਹ ਆਪੋਜ਼ੀਸ਼ਨ ਵਿਚ ਬੈਠਣ ਵਾਲੇ ਲੋਕ ਵੀ ਪ੍ਰਾਈਵੇਟ ਤੌਰ ਤੇ ਮੰਨਦੇ ਹਨ ਕਿ ਉਸ ਵੇਲੇ ਦੀਆਂ ਬਰਕਤਾਂ ਅੱਜ ਤਕ ਮਹਿਸੂਸ ਹੋ ਰਹੀਆਂ ਹਨ। ਉਸ ਸਮੇਂ ਦੇ ਅਸਰ ਹੇਠ ਅਕਾਲੀ ਰਾਜ ਦੇ ਸਮੇਂ ਹੜਤਾਲਾਂ ਨਹੀਂ ਹੋਈਆਂ ਅੌਰ ਪ੍ਰਡਕਸ਼ਨ ਵਧੀ। (ਵਿਘਨ)

**ਸਰਦਾਰ ਬਲਵਿੰਦਰ ਸਿੰਘ ਭੂੰਦੜ:** ** ** **

**ਸ੍ਰੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਜੋਗਿੰਦਰ ਪਾਲ ਪਾਂਡੇ:** ਮੁਲਕ ਨੇ ਡਸਿਪਲਿਨ ਨੂੰ ਇਸ ਸ਼ਕਲ ਵਿਚ ਮੰਨ ਲਿਆ। ਕੋਈ ਸਰਕਾਰੀ ਦਫਤਰ ਜਾਂ ਪ੍ਰਾਈਵੇਟ ਅਦਾਰਾ ਜੋ ਵੀ ਕੋਈ ਸੀ ਉਸ ਵਿਚ ਕੰਮ ਦਾ ਹਰਜ ਨਹੀਂ ਹੋਇਆ ਅੌਰ ਵਕਤ ਜ਼ਾਇਆ ਨਹੀਂ ਹੋਇਆ ਪਰ ਜਿਨ੍ਹਾਂ ਲੀਡਰਾਂ ਨੂੰ, ਡਿਪਟੀ ਸਪੀਕਰ ਸਾਹਿਬ, ਉਸ ਵੇਲੇ ਲੋਕ ਡੈਮੋਕਰੇਸੀ ਦੇ ਕਾਬਲ ਸਮਝਦੇ ਸਨ, ਜਿਨ੍ਹਾਂ ਲੀਡਰਾਂ ਨੂੰ ਮੁਲਕ ਨੂੰ ਅੱਗੇ ਲਿਆਉਣ ਵਾਸਤੇ ਅਗੇ ਲਾਉਣਾ ਚਾਹੀਦਾ ਸੀ ਉਨ੍ਹਾਂ ਲੀਡਰਾਂ ਨੇ ਬਗਾਵਤ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਵੱਲੋਂ ਪੁਲਿਸ ਨੂੰ ਉਕਸਾਇਆ ਗਿਆ ਕਿ ਉਹ ਹਕੂਮਤ ਦੀ ਗੱਲ ਨਾ ਮੰਨਣ। ਇਨ੍ਹਾਂ ਨੂੰ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਰਾਜ ਭਾਗ ਮਿਲਿਆ। ਇਨ੍ਹਾਂ ਨੇ ਲੋਕਾਂ ਨੂੰ ਹੀਰੋ ਕਰਾਰ ਦਿੱਤਾ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਿਆਸੀ ਪੀੜਤਾਂ ਦੀਆਂ ਸਹੂਲਤਾਂ ਦੇਣ ਵਾਸਤੇ ਉਨ੍ਹਾਂ ਨੂੰ ਰੱਖ ਲਿਆ, ਇਸ ਤੋਂ ਸ਼ਰਮਨਾਕ ਬਾਤ ਹੋਰ ਕੀ ਹੋ ਸਕਦੀ ਹੈ। ਇਨ੍ਹਾਂ ਲੋਕਾਂ ਨੂੰ ਜੋ ਸਹੂਲਤਾਂ ਮਿਲੀਆਂ ਹਨ, ਡਿਪਟੀ ਸਪੀਕਰ ਸਾਹਿਬ, ਇਹ ਖਤਮ ਹੋਣੀਆਂ ਚਾਹੀਦੀਆਂ ਹਨ। ਇਹ ਸਿਆਸੀ ਪੀੜਤ ਨਹੀਂ ਹਨ। ਸਿਆਸੀ ਪੀੜਤ ਉਹ ਹਨ ਜੋ ਅੰਗਰੇਜ਼ਾਂ ਦੇ ਖਿਲਾਫ਼ ਲੜੇ, ਜੰਗੇ ਆਜ਼ਾਦੀ ਵਿਚ ਜਿਨ੍ਹਾਂ ਨੇ ਹਿਸਾ ਪਾਇਆ ਅਤੇ ਰਾਤਾਂ ਨੂੰ ਚੰਦ ਔਰ ਤਾਰੇ ਵੀ ਨਹੀਂ ਦੇਖੇ। ਇਨ੍ਹਾਂ ਨੇ (ਆਪੋਜ਼ੀਸ਼ਨ ਵਲ ਇਸ਼ਾਰਾ) ਮੁਲਕ ਦੀ ਹਾਲਤ ਖਰਾਬ ਕਰ ਦਿੱਤੀ ਹੈ, ਇਸ ਲਈ ਇਹ ਲੋਕ ਜੋ ਐਮਰਜੈਂਸੀ ਦੇ ਖਿਲਾਫ ਲੜੇ ਇਹ ਸਿਆਸੀ ਪੀੜਤ ਨਹੀਂ ਹਨ ਔਰ ਜੋ ਫਾਇਦੇ ਇਹ ਲੋਕ ਸਿਆਸੀ ਪੀੜਤ ਬਣ ਕੇ ਲੈਣਾ ਚਾਹੁੰਦੇ ਹਨ ਉਹ ਇਨ੍ਹਾਂ ਨੂੰ ਨਹੀਂ ਮਿਲਣੇ ਚਾਹੀਦੇ ।

ਡਿਪਟੀ ਸਪੀਕਰ ਸਾਹਿਬ, ਇਕ ਅਰਜ਼ ਮੈਂ ਇਹ ਵੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ ਇਸ ਵੇਲੇ ਜੋ ਲਾਅ ਐਂਡ ਆਰਡਰ ਦੀ ਹਾਲਤ ਹੈ ਉਹ ਦਿਨ ਬਦਿਨ ਸੁਧਰ ਰਹੀ ਹੈ ਪਰ ਇਸ ਦੇ ਬਾਵਜੂਦ ਵੀ ਜੋ ਸੈਲਜ਼ ਅਕਾਲੀ-ਜਨਤਾ ਰਾਜ ਵੇਲੇ ਦੇ ਬਣੇ ਹੋਏ ਹਨ ਉਨ੍ਹਾਂ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਵਿਚ ਉਹ ਕਾਰਪੋਰੇਸ਼ਨਾਂ ਦੇ ਚੇਅਰਮੈਨ ਵੀ ਹਨ, ਇਨ੍ਹਾਂ ਵਿਚ ਉਹ ਅਫਸਰ ਵੀ ਹਨ ਜਿਨ੍ਹਾਂ ਨੇ ਚਾਪਲੂਸੀ ਕਰਕੇ ਕੁਰਸੀਆਂ ਲਈਆਂ ਹਨ ਅਤੇ ਨਾਜਾਇਜ਼ ਤਰੱਕੀਆਂ ਲਈਆਂ ਹਨ। ਇਨ੍ਹਾਂ ਬੰਦਿਆਂ ਵਿਚ ਉਹ ਪਿਛਾਂਹ ਖਿਚੂ ਅਨਸਰ ਵੀ ਹੈ ਜੋ ਅਕਾਲੀ ਪਾਰਟੀ ਦੇ ਅਸੂਲਾਂ ਨਾਲ ਮੇਲ ਰਖਦਾ ਹੈ । ਅਸੀਂ ਅਕਾਲੀ ਪਾਰਟੀ ਨੂੰ ਸਹੀ ਅਸੂਲਾਂ ਦੀ ਪਾਰਟੀ ਨਹੀਂ ਸਮਝਦੇ, ਇਹ ਕਮਿਊਨਿਜ਼ਮ ਵਿਚ ਵਿਸ਼ਵਾਸ ਰੱਖਦੀ ਹੈ। ਇਨ੍ਹਾਂ ਦੀ ਪਾਰਟੀ ਦੇ ਹਾਰੇ ਹੋਏ ਬੰਦੇ ਖਾਲਿਸਤਾਨ ਦਾ ਨਾਹਰਾ ਲਾਉਂਦੇ ਹਨ। ਅਜਿਹਾ ਅਨਸਰ ਇਨ੍ਹਾਂ ਦਫਤਰ ਵਿਚ ਬੈਠ ਕੇ ਜਗ੍ਹਾ ਹਾਸਲ ਕਰਕੇ ਉਥੋਂ ਸਰਕੂਲਰ ਜਾਰੀ ਕਰਦਾ ਹੈ, ਉਥੋਂ ਆਪਣੀ ਮੂਵਮੈਂਟ ਜਾਰੀ ਕਰਦਾ ਹੈ । ਮੈਂ ਕਹਿੰਦਾ ਹਾਂ ਕਿ ਪੰਜਾਬ ਵਿਚ ਖਾਲਿਸਤਾਨ ਦੀ ਜਿਹੜੀ ਤਹਿਰੀਕ ਹੈ ਉਹ ਨਹੀਂ ਚੱਲਣ ਦਿੱਤੀ ਜਾਵੇਗੀ। (ਵਿਘਨ) (ਥੰਪਿੰਗ) ਇਨ੍ਹਾਂ ਦੀਆਂ ਅਜਿਹੀਆਂ ਗੱਲਾਂ ਕਾਰਨ ਹੀ ਪੰਜਾਬੀ ਸੂਬਾ ਵੀ ਛੋਟਾ ਹੀ ਰਹਿ ਗਿਆ ਸੀ । (ਵਿਘਨ) ਮੈਂ ਅਕਾਲੀ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਪੰਜਾਬ ਦੇ ਲੋਕਾਂ ਨੂੰ ਅਟਾਨੋਮੀ ਦੇ ਨਾਮ ਉਤੇ ਗੁਮਰਾਹ ਕੀਤਾ ਸੀ, ਪਰ ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਸ੍ਰੀਮਤੀ ਇੰਦਰਾ ਗਾਂਧੀ ਦੀ ਲੀਡਰਸ਼ਪ ਥੱਲੇ ਅਸੀਂ ਇਨ੍ਹਾਂ ਦੇ ਇਸ ਕਿਸਮ ਦੇ ਖੁਆਬ ਪੂਰੇ ਨਹੀਂ ਹੋਣ ਦਿਆਂਗੇ ।(ਥੰਪਿੰਗ) ਸਰਦਾਰ ਦਰਬਾਰਾ ਸਿੰਘ ਦੀ ਲੀਡਰਸ਼ਿਪ ਇਨ੍ਹਾਂ ਦੇ ਇਸ ਕਿਸਮ ਦੇ ਖੁਆਬ ਪੂਰੀ ਨਹੀਂ ਹੋਣ ਦੇਵੇਗੀ। ਸਰਦਾਰ ਦਰਬਾਰਾ ਸਿੰਘ ਇਕ ਸੱਚੇ, ਸੁਲਝੇ ਹੋਏ ਅਤੇ ਸਿਆਣੇ ਇਨਸਾਨ ਹਨ। ਉਹ ਸਾਰੇ ਪੰਜਾਬ ਦੇ ਹਿੰਦੂ ਅਤੇ ਸਿੱਖਾਂ ਵਿਚ ਬੜੇ ਹਰਮਨ ਪਿਆਰੇ ਹਨ ਅਤੇ ਉਨ੍ਹਾਂ ਦੀ ਨੁਮਾਇੰਦਗੀ ਉਨ੍ਹਾਂ ਨੂੰ ਮਨਜ਼ੂਰ ਹੈ। ਇਸ ਕਰਕੇ ਮੈਂ ਅਕਾਲੀ ਵੀਰਾਂ ਨੂੰ ਕਹਿ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਖਾਲਿਸਤਾਨ ਦੀ ਮੰਗ ਕਦੇ ਪੂਰੀ ਨਹੀਂ ਹੋਣ ਦਿਤੀ ਜਾਵੇਗੀ।

**ਸ੍ਰੀ ਡਿਪਟੀ ਸਪੀਕਰ** : ਤੁਹਾਡਾ ਟਾਈਮ ਹੋ ਗਿਆ ਹੈ, ਇਸ ਲਈ ਤੁਸੀਂ ਹੁਣ ਖਤਮ ਕਰੋ।

**ਸ੍ਰੀ ਜੋਗਿੰਦਰ ਪਾਲ ਪਾਂਡੇ** : ਬੱਸ ਜੀ, ਇਤਨਾ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿਉਂਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਕੁਮਾਰੀ ਸਰਲਾ ਪ੍ਰਾਸ਼ਰ ਨੂੰ ਬੋਲਣ ਲਈ ਕਿਹਾ । )

**ਕਾਮਰੇਡ ਕੁਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਫਿਰ ਬਾਅਦ ਵਿਚ ਰੌਲਾ ਪਵੇਗਾ ਤੁਸੀਂ ਇਹ ਦੱਸ ਦਿਓ ਕਿ ਕੀ ਹਾਊਸ ਦਾ ਸਮਾਂ ਹੋਰ ਵਧਾਇਆ ਹੈ ਜਾਂ ਨਹੀਂ ? ਸਪੀਕਰ ਸਾਹਿਬ ਨੇ ਕਿਹਾ ਸੀ ਕਿ ਟਾਈਮ ਵਧਾ ਦਿਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ** : ਹਾਲਾਂ ਹਾਊਸ ਦਾ ਸਮਾਂ ਐਕਸਟੈਂਡ ਨਹੀਂ ਕੀਤਾ। ਜੇ ਐਕਸਟੈਂਡ ਹੋਇਆ ਤਾਂ ਜ਼ਰੂਰ ਦਸਿਆ ਜਾਵੇਗਾ।

**ਕੁਮਾਰੀ ਸਰਲਾ ਪ੍ਰਾਸ਼ਰ** (ਨੰਗਲ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਗਵਰਨਰ ਸਾਹਿਬ ਦੇ ਐਡਰੈਸ ਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜ੍ਹੀ ਹੋਈ ਹਾਂ।

**ਕਾਮਰੇਡ ਕੁਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਤੁਸੀਂ ਦੱਸਿਆ ਨਹੀਂ ਕਿ ਕੀ ਹਾਊਸ ਦਾ ਸਮਾਂ ਵਧਾਇਆ ਹੈ ਜਾਂ ਨਹੀਂ ?

**ਸ਼੍ਰੀ ਡਿਪਟੀ ਸਪੀਕਰ** : ਹਾਲਾਂ ਹਾਊਸ ਦਾ ਸਮਾਂ ਐਕਸਟੈਂਡ ਨਹੀਂ ਹੋਇਆ।ਜੇ ਐਕਸਟੈਂਡ ਹੋਇਆ ਤਾਂ ਦਸਿਆ ਜਾਵੇਗਾ ਅਤੇ ਤੁਹਾਨੂੰ ਜ਼ਰੂਰ ਟਾਈਮ ਮਿਲੇਗਾ।

**ਕੁਮਾਰੀ ਸਰਲਾ ਪ੍ਰਾਸ਼ਰ** : ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹੇ ਜਿਹੇ ਟਾਈਮ ਦੇ ਵਿਚ ਥੋੜੇ ਜਿਹੇ ਪੁਆਇੰਟ ਤੁਹਾਡੇ ਸਾਹਮਣੇ ਰਖਾਂਗੀ। ਮੈਨੂੰ ਇਹ ਸੁਣ ਕੇ ਬਹੁਤ ਦੁਖ ਹੋਇਆ ਕਿ ਜਦੋਂ ਇਸ ਹਾਊਸ ਦੇ ਆਪੋਜ਼ੀਸ਼ਨ ਦੇ ਲੀਡਰ ਬਾਦਲ ਸਾਹਿਬ ਨੇ ਇਹ ਕਿਹਾ ਸੀ ਕਿ ਇਹ ਭਾਸ਼ਣ ਐਂਟੀ ਪੀਪਲ ਅਤੇ ਐਂਟੀ ਡੈਮੋਕਰੇਸੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਵਕਤ ਦੀ ਲੋਕਾਂ ਪ੍ਰਤੀ ਹਮਦਰਦੀ ਅਤੇ ਡੈਮੋਕਰੇਸੀ ਦੇ ਕੁਝ ਨਮੂਨੇ ਪੇਸ਼ ਕਰਦੀ ਹਾਂ, ਉਸ ਤੋਂ ਆਪ ਨੂੰ ਪਤਾ ਲੱਗ ਜਾਵੇਗਾ ਕਿ ਇਹ ਕਿੰਨੇ ਲੋਕਾਂ ਦੇ ਅਤੇ ਡੈਮੋਕਰੇਸੀ ਦੇ ਹੱਕ ਵਿਚ ਸਨ। ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦੇ ਟਾਈਮ ਬ੍ਰਿਧ ਲੋਕਾਂ, ਵਿਧਵਾਵਾਂ ਅਤੇ ਅਪਾਹਜ ਲੋਕਾਂ ਨੂੰ ਪੈਨਸ਼ਨ ਦੇਣ ਦਾ ਇਕ ਕਰੈਸ਼ ਪਰੋਗਰਾਮ ਬਣਾਇਆ ਗਿਆ ਸੀ। ਇਸ ਤਰ੍ਹਾਂ ਹਰ ਬਲਾਕ ਲੈਵਲ ਤੇ ਦੋ-ਦੋ, ਤਿੰਨ-ਤਿੰਨ ਕੈਂਪ ਲਾ ਕੇ ਇਕੋ ਦਿਨ ਵਿਚ ਹੀ ਪੈਨਸ਼ਨ ਦੇਣ ਦਾ ਕਰੈਸ਼ ਪ੍ਰੋਗਰਾਮ ਬਣਾਇਆ ਸੀ। ਨਤੀਜਾ ਇਹ ਹੋਇਆ ਕਿ ਜਿਥੇ 6-7 ਮਹੀਨੇ ਦਾ ਸਮਾਂ ਐਪਲੀਕੇਸ਼ਨ ਦੇਣ ਤੋਂ ਬਾਅਦ ਪੈਨਸ਼ਨ ਸੈਂਕਸ਼ਨ ਹੋਣ ਤਕ ਲਗ ਜਾਂਦਾ ਸੀ, ਉਸ ਦੀ ਥਾਂ ਇਕ ਕਰੈਸ਼ ਪ੍ਰੋਗਰਾਮ ਬਣਾ ਕੇ, ਕੈਂਪ ਲਾ ਕੇ ਇਕ ਦਿਨ ਵਿਚ ਹੀ ਉਨ੍ਹਾਂ ਲੋਕਾਂ ਦੀਆਂ ਜਿਹੜੇ ਡਿਜ਼ਰਵ ਕਰਦੇ ਸਨ, ਦੀਆਂ ਸਵੇਰ ਤੋਂ ਲੈ ਕੇ ਸ਼ਾਮ ਤੱਕ ਐਪਲੀਕੇਸ਼ਨਾਂ ਸੈਂਕਸ਼ਨ ਹੋਈਆਂ। ਨਤੀਜਾ ਇਹ ਹੋਇਆ ਕਿ ਸੋਸ਼ਲ ਸਿਕਿਉਰਿਟੀ ਦੇ ਫੀਲਡ ਵਿਚ ਪੰਜਾਬ ਸਾਰੇ ਏਸ਼ੀਆ ਵਿਚ ਪਹਿਲੇ ਨੰਬਰ ਤੇ ਆਇਆ। (ਥੰਪਿੰਗ) ਲੇਕਿਨ ਇਹ ਲੋਕ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਜਿਹੜੇ ਆਪਣੇ ਆਪ ਨੂੰ ਲੋਕਾਂ ਦੇ ਹਮਦਰਦ ਕਹਿੰਦੇ ਹਨ ਇਨ੍ਹਾਂ ਦੇ 3 ਸਾਲ ਦੇ ਸਮੇਂ ਦੀਆਂ ਬੜੀਆਂ ਗਲੇਰਿੰਗ ਐਗਜ਼ੈਂਪਲਾਂ ਹਨ। ਇਨ੍ਹਾਂ ਦੇ ਰਾਜ ਵਿਚ ਉਨ੍ਹਾਂ ਲੋਕਾਂ ਦੀਆਂ ਪੈਨਸ਼ਨਾਂ ਬੰਦ ਹੋਈਆਂ। ਮੈਂ ਸੋਸ਼ਲ ਵੈਲਫੇਅਰ ਮਨਿਸਟਰ ਸਾਹਿਬ ਦੀ ਬੜੀ ਸ਼ੁਕਰ ਗੁਜ਼ਾਰ ਹਾਂ ਕਿ ਉਨ੍ਹਾਂ ਨੇ ਜਿਨ੍ਹਾਂ ਦੀਆਂ ਪੈਨਸ਼ਨਾਂ ਬੰਦ ਹੋ ਗਈਆਂ ਸਨ ਉਹ ਫਿਰ ਚਾਲੂ ਕਰਵਾ ਦਿੱਤੀਆਂ ਹਨ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਸਕੂਲਾਂ ਦੇ ਬਾਰੇ ਕੁਝ ਕਹਿਣਾ ਚਾਹੁੰਦੀ ਹਾਂ। ਇਹ ਸਾਹਮਣੇ ਬੈਠੇ ਵੀਰ ਵੀ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਲੋਕਾਂ ਦੇ ਨੁਮਾਇੰਦੇ ਹਨ। ਇਹ ਵੀ ਲੋਕਾਂ ਦੇ ਚੁਣ ਕੇ ਭੇਜੇ ਹੋਏ ਹਨ। ਇਨ੍ਹਾਂ ਦੇ ਵੇਲੇ ਸਕੂਲਾਂ ਦੀ ਹਾਲਤ ਕਿਹੋ ਜਿਹੀ ਸੀ, ਉਸ ਬਾਰੇ ਮੈਂ ਦੱਸਣਾ ਚਾਹੁੰਦੀ ਹਾਂ। ਸਕੂਲਾਂ ਦੀਆਂ ਬਿਲਡਿੰਗਾਂ ਅਜਿਹੀਆਂ ਸਨ ਕਿ ਬਰਸਾਤਾਂ ਵਿਚ ਛੱਤਾਂ ਚੋ ਪੈਂਦੀਆਂ, ਬਚਿਆਂ ਨੂੰ ਸਕੂਲਾਂ ਵਿਚ ਬੈਠਣ ਲਈ ਕੋਈ ਟਾਟ ਨਹੀਂ ਸੀ। ਇਥੋਂ ਤੱਕ ਕਿ ਸਕੂਲਾਂ ਵਿਚ ਟੀਚਰਾਂ ਕੋਲ ਕੁਰਸੀਆਂ ਵੀ ਨਹੀਂ। ਸਗੋਂ ਇਨ੍ਹਾਂ ਦੀ ਸਰਕਾਰ ਆਦਰਸ਼ ਸਕੂਲ ਬਣਾਉਣ ਵਿਚ ਲੱਗੀ ਰਹੀ। ਇਹ ਚੰਗਾ ਹੁੰਦਾ ਕਿ ਇਹ ਆਦਰਸ਼ ਸਕੂਲ ਬਣਾਉਣ ਦੀ ਥਾਂ ਪੰਜਾਬ ਵਿਚ ਜਿਨ੍ਹਾਂ

Original with;
Punjab Vidhan Sabha
Digitized by;
Panjab Digital Library

ਸਕੂਲਾਂ ਦੀਆਂ ਛੱਤਾਂ ਠੀਕ ਨਹੀਂ ਸਨ ਉਹ ਠੀਕ ਕਰਾਉਂਦੇ, ਬਿਲਡਿੰਗਜ਼ ਠੀਕ ਕਰਾਉਂਦੇ, ਬੱਚਿਆਂ ਦੇ ਸਕੂਲਾਂ ਵਿਚ ਬੈਠਣ ਲਈ ਕੋਈ ਚੀਜ਼ ਮੁਹੱਈਆ ਕਰਦੇ ਅਤੇ ਟੀਚਰਾਂ ਦੇ ਬੈਠਣ ਲਈ ਕੁਰਸੀਆਂ ਦਾ ਪ੍ਰਬੰਧ ਕਰਦੇ। ਪਰ ਹੋਇਆ ਕੀ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਆਦਰਸ਼ ਸਕੂਲ ਬਣਾਉਣੇ ਸ਼ੁਰੂ ਕਰ ਦਿੱਤੇ ਅਤੇ ਇਕ ਇਕ ਆਦਰਸ਼ ਸਕੂਲ ਤੇ 15, 15 ਲਖ ਰੁਪਿਆ ਖਰਚ ਕਰਨਾ ਸ਼ੁਰੂ ਕਰ ਦਿਤਾ। 10, 10 ਹਜ਼ਾਰ ਰੁਪਏ ਫਰਨੀਚਰ ਤੇ ਖਰਚ ਹੋਏ। ਫਿਰ ਉਨ੍ਹਾਂ ਸਕੂਲਾਂ ਵਿਚ ਸਿਲੇਕਟਿਡ ਟੀਚਰ ਭੇਜਣੇ ਹਨ। ਇਸ ਕਿਸਮ ਦੀ ਇਨ੍ਹਾਂ ਦੀ ਨੀਤੀ ਸੀ। ਅਜ ਇਹ ਗਵਰਨਰ ਸਾਹਿਬ ਦੇ ਭਾਸ਼ਣ ਨੂੰ ਐਂਟੀ ਪੀਪਲ ਅਤੇ ਐਂਟੀ ਡੈਮੋਕਰੇਸੀ ਕਹਿੰਦੇ ਹਨ। ਮੈਂ ਕਹਿਣਾ ਚਾਹੁੰਦੀ ਹਾਂ ਕਿ ਡੈਮੋਕਰੇਸੀ ਦਾ ਇਕ ਬਹੁਤ ਵੱਡਾ ਅਸੂਲ ਹੁੰਦਾ ਹੈ ਅਤੇ ਉਹ ਇਹ ਹੈ ਕਿ ਡੈਮੋਕਰੇਸੀ ਵਿਚ ਲੋਕਾਂ ਦਾ ਆਪਣਾ ਰਾਜ ਹੁੰਦਾ ਹੈ। ਪਰ ਇਨ੍ਹਾਂ ਨੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਇਸ ਗੱਲ ਦੇ ਉਲਟ ਕੰਮ ਕੀਤਾ ਅਤੇ ਲੋਕ ਇਨ੍ਹਾਂ ਦੇ ਖਿਲਾਫ ਹੋ ਗਏ (ਵਿਘਨ) ਉਤਨੀ ਦੇਰ ਰਾਜ ਕਾਇਮ ਨਹੀਂ ਹੋ ਸਕਦਾ ਜਦ ਤੱਕ ਲੋਕਾਂ ਦੀ ਕੋਆਪਰੇਸ਼ਨ ਨਾ ਹੋਵੇ। ਸ੍ਰੀਮਤੀ ਇੰਦਰਾ ਗਾਂਧੀ ਨੇ 20 ਪੁਆਇੰਟ ਪ੍ਰੋਗਰਾਮ ਚਾਲੂ ਕੀਤਾ ਸੀ। ਇਹ ਪ੍ਰੋਗਰਾਮ ਲੋਕਾਂ ਦੀ ਭਲਾਈ ਵਾਸਤੇ ਸੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਇਕ ਆਲ ਇੰਡੀਆ ਵੋਮੈਨ ਵਾਲੰਟਰੀ ਸਰਵਿਸ ਸੰਸਥਾ ਹੈ। ਇਹ ਔਰਤਾਂ ਲਈ ਸੰਸਥਾ ਹੈ। ਇਹ ਟਾਈਮ ਬਾਊਂਡ ਓਰੀਐਂਟਿਡ ਪ੍ਰੋਗਰਾਮ ਸੀ। (ਵਿਘਨ) ਇਹ ਸੰਸਥਾ ਔਰਤਾਂ ਦੀ ਭਲਾਈ ਵਾਸਤੇ ਕੰਮ ਕਰਦੀ ਸੀ ਪਰ ਇਨ੍ਹਾਂ ਦੀ ਸਰਕਾਰ ਨੇ ਇਸ ਦੀ ਗਰਾਂਟ ਬੰਦ ਕਰ ਦਿਤੀ। ਇਸੇ ਤਰ੍ਹਾਂ ਹੀ ਇਕ ਵਰਕਿੰਗ ਵੋਮੈਂਨ ਹੋਸਟਲ ਹੈ। ਉਨ੍ਹਾਂ ਦੀ ਵੀ ਇਨ੍ਹਾਂ ਨੇ ਗਰਾਂਟ ਬੰਦ ਕਰ ਦਿੱਤੀ ਸੀ। ਉਸ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਗਈ (ਵਿਘਨ) ਇਸ ਵਰਕਿੰਗ ਵੋਮੈਂਨ ਹੋਸਟਲ ਨੂੰ ਟੇਕ ਓਵਰ ਕਰਨ ਵਾਸਤੇ ਡਿਪਾਰਟਮੈਂਟ ਦੇ ਅਫਸਰ ਵੀ ਆਏ ਪਰ ਉਹ ਸੰਸਥਾ ਅੱਜ ਵੀ ਆਪਣੇ ਪੈਰਾਂ ਤੇ ਖੜ੍ਹੀ ਹੈ। ਮੈਂ ਇਹ ਦੋ ਤਿੰਨ ਪੁਆਇੰਟਸ ਇਸ ਕਰਕੇ ਦਸੇ ਹਨ ਤਾਂ ਕਿ ਮੈਂ ਇਹ ਸਾਬਤ ਕਰ ਸਕਾਂ ਕਿ ਇਹ ਗਵਰਨਰ ਸਾਹਿਬ ਦਾ ਭਾਸ਼ਣ ਐਂਟੀ ਡੈਮੋਕਰੇਸੀ ਨਹੀਂ ਅਤੇ ਐਂਟੀ ਪਬਲਿਕ ਨਹੀਂ ਸਗੋਂ ਇਨ੍ਹਾਂ ਦੀਆਂ ਆਪਣੀਆਂ ਨੀਤੀਆਂ ਹੀ ਐਂਟੀ ਡੈਮੋਕਰੇਸੀ ਅਤੇ ਐਂਟੀ ਪਬਲਿਕ ਸਨ। (ਵਿਘਨ) ਡਿਪਟੀ ਸਪੀਕਰ ਸਾਹਿਬ, ਅਗਰ ਸਹੀ ਮਾਅਨਿਆਂ ਵਿਚ ਦੇਖਿਆ ਜਾਵੇ ਤਾਂ ਇਹ ਇਕ ਆਵਾਮੀ ਭਾਸ਼ਣ ਸੀ। ਇਸ ਦੇ ਵਿਚ ਸਾਰੀਆਂ ਚੀਜ਼ਾਂ ਲੋਕਾਂ ਲਈ ਹਨ। ਇਸ ਇਕ ਮਹੀਨੇ ਦੇ ਅੰਦਰ ਇਸ ਹਾਊਸ ਦੇ ਲੀਡਰ ਸਰਦਾਰ ਦਰਬਾਰਾ ਸਿੰਘ ਨੇ, ਜੋ ਕਿ ਡਾਇਨਾਮਿਕ ਲੀਡਰ ਹਨ, ਬੈਡ ਐਲੀਮੈਂਟ ਨੂੰ ਕਾਬੂ ਕਰਨ ਲਈ ਬੜੇ ਚੰਗੇ ਕਦਮ ਉਠਾਏ ਹਨ, ਜਿਸ ਦੀ ਆਪੋਜ਼ੀਸ਼ਨ ਦੇ ਮੈਂਬਰਾਂ ਨੇ ਵੀ ਸ਼ਲਾਘਾ ਕੀਤੀ ਹੈ ਅਤੇ ਪੰਜਾਬ ਨੂੰ 25 ਕਰੋੜ ਰੁਪਿਆ ਪਲਾਨਿੰਗ ਕਮਿਸ਼ਨ ਤੋਂ ਹੋਰ ਲਿਆ ਕੇ ਵੀ ਦਿਤਾ ਹੈ। ਮੈਂ ਪੰਜਾਬ ਦੇ ਲੋਕਾਂ ਵੱਲੋਂ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਨਾ ਚਾਹੁੰਦੀ ਹਾਂ। ਮੈਨੂੰ ਪੂਰੀ ਉਮੀਦ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਲੀਡਰਸ਼ਿਪ ਵਿਚ ਪੰਜਾਬ ਵਿਚ ਸਹੀ ਮਾਹਨਿਆਂ ਵਿਚ ਮਹਾਤਮਾਂ ਗਾਂਧੀ ਦਾ ਰਾਮ ਰਾਜ ਸਥਾਪਤ ਹੋਵੇਗਾ। ਪੰਜਾਬ ਵਿਚ, ਡਿਪਟੀ ਸਪੀਕਰ ਸਾਹਿਬ, 12,128 ਪਿੰਡ ਹਨ ਉਨ੍ਹਾਂ ਦੇ ਲਈ ਸਭ ਤੋਂ ਪਹਿਲੀ ਬੁਨਿਆਦੀ ਚੀਜ਼ ਇਹ ਕੀਤੀ ਗਈ ਹੈ ਜਿਹੜੀ ਕਿ ਅੱਜ ਤਕ ਕਦੇ ਨਹੀਂ ਕੀਤੀ ਗਈ ਅਤੇ ਜਿਹੜੀ ਇਤਿਹਾਸ ਵਿਚ ਇਕ ਬਿਲਕੁਲ ਨਵੀਂ ਹੈ, ਉਹ ਇਹ ਹੈ ਕਿ ਪਿੰਡਾਂ ਵਿਚ ਜੋ ਫੈਮਲੀਜ਼ ਹਨ ਉਨ੍ਹਾਂ ਦਾ ਸਰਵੇ ਕੀਤਾ ਜਾਵੇਗਾ, ਉਨ੍ਹਾਂ ਦਾ ਸਰਵੇਖਣ ਕੀਤਾ ਜਾਵੇਗਾ ਔਰ ਇਕ ਨਕਸ਼ਾ ਬਣਾਇਆ ਜਾਵੇਗਾ ਜਿਸ ਤੋਂ ਇਹ ਪਤਾ ਲਗ ਜਾਵੇਗਾ ਕਿ ਇਸ ਪਿੰਡ ਵਿਚ ਕਿਸ ਕਿਸ ਚੀਜ਼ ਦੀ ਜ਼ਰੂਰਤ ਹੈ। ਇਸ ਸਰਵੇਖਣ ਦਾ ਇਹ ਫਾਇਦਾ ਹੋਵੇਗਾ ਕਿ ਪਿੰਡਾਂ ਦੇ ਵਿਚ ਜਿੰਨੇ ਗਰੀਬ ਪਰਿਵਾਰ ਹਨ ਉਨ੍ਹਾਂ ਲੋਕਾਂ ਨੂੰ ਪਹਿਲਾਂ ਇਨਸੈਂਟਿਵ ਦੇ ਕੇ ਆਪਣੇ ਪੈਰਾਂ ਤੇ ਖੜਾ ਕੀਤਾ ਜਾਵੇਗਾ। ਦੂਸਰਾ ਸ਼ਲਾਘਾਯੋਗ ਕੰਮ ਜੋ ਇਸ ਸਰਕਾਰ ਨੇ ਕਰਨਾ ਹੈ ਉਹ ਹੈ ਵਿਲੇਜ਼ ਇੰਡਸਟਰੀਜ਼ ਵਾਸਤੇ ਇਕ ਡਾਇਰੈਕਟੋਰੇਟ

Original with;
Punjab Vidhan Sabha
Digitized by;
Panjab Digital Library

[ਕੁਮਾਰੀ ਸਰਲਾ ਪ੍ਰਾਸ਼ਰ]

ਬਣਾਉਣਾ ਹੈ। ਇਹ ਇਕ ਸੇਧ ਹੈ ਪੰਜਾਬ ਨੂੰ ਤਰੱਕੀ ਦੇ ਰਸਤੇ ਤੇ ਲਿਆਉਣ ਦੀ ਜੋ ਸਰਦਾਰ ਦਰਬਾਰਾ ਸਿੰਘ ਜੀ ਦੀ ਲੀਡਰਸ਼ਿਪ ਵਿਚ ਦਿਤੀ ਜਾ ਰਹੀ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਸਾਡੇ ਜਿਹੜੇ ਪਿੰਡਾਂ ਵਿਚ ਸੜਕਾਂ ਇਨਕੰਪਲੀਟ ਹਨ ਅਤੇ ਜਿਥੇ ਲਿੰਕ ਰੋਡਜ਼ ਨਹੀਂ ਉਸ ਲਈ ਸਾਡੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਉਨ੍ਹਾਂ ਪਿੰਡਾਂ ਨੂੰ ਲਿੰਕ ਰੋਡਜ਼ ਨਾਲ ਜੋੜਨਾ ਹੈ। ਬਹੁਤ ਸਾਰੇ ਪਿੰਡਾਂ ਨੂੰ ਜਦੋਂ ਇਥੇ ਪੰਜਾਬ ਵਿਚ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਸੀ ਉਦੋਂ ਲਿੰਕ ਰੋਡਜ਼ ਦਿਤੀਆਂ ਗਈਆਂ ਸਨ ਅਤੇ ਬਾਕੀ ਰਹਿੰਦੇ ਪਿੰਡ ਜਿਹੜੇ ਹਨ ਇਸ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਉਨ੍ਹਾਂ ਪਿੰਡਾਂ ਨੂੰ ਲਿੰਕ ਰੋਡਜ਼ ਨਾਲ ਜੋੜ ਦੇਣਾ ਹੈ। ਉਮੀਦ ਹੈ ਕਿ ਸਾਲ ਦੇ ਬਾਅਦ ਸੈਂਟ ਪਰ-ਸੈਂਟ ਪਿੰਡਾਂ ਨੂੰ ਲਿੰਕ ਰੋਡਜ਼ ਨਾਲ ਜੋੜ ਦੇਣਾ ਹੈ।

ਇਸ ਤੋਂ ਅਗੇ ਗਲੀਆਂ ਅਤੇ ਨਾਲੀਆਂ ਬਣਾਉਣ ਦੀ ਜੋ ਸਰਕਾਰ ਦੀ ਸਕੀਮ ਹੈ ਉਸ ਦੀ ਵੀ ਮੈਂ ਸ਼ਲਾਘਾ ਕਰਦੀ ਹਾਂ ਕਿ ਇਹ ਇਕ ਬਹੁੱਤ ਅੱਛੀ ਸਕੀਮ ਹੈ। ਆਸ ਪਾਸ ਦੀਆਂ ਜੋ ਫਿਰਨੀਆਂ ਹਨ ਪਿੰਡਾਂ ਵਿਚ ਉਥੇ ਬਰਸਾਤਾਂ ਵਿਚ ਲੋਕਾਂ ਨੂੰ ਬੜੀਆਂ ਦਿਕੱਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਦੇ ਲਈ ਜੋ ਸਕੀਮ ਬਣਾਈ ਗਈ ਹੈ ਉਹ ਇਕ ਬਹੁਤ ਅੱਛੀ ਸਕੀਮ ਹੈ। ਇਸ ਐਡਰੈਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਿਹੜੇ 3800 ਪਿੰਡ ਹਨ ਉਨਾਂ ਵਿਚੋਂ 2480 ਪਿੰਡ ਜਿਹੜੇ ਹਨ ਉਨ੍ਹਾਂ ਨੂੰ ਪੀਣ ਦੇ ਪਾਣੀ ਦੀਆਂ ਸਹੂਲਤਾਂ ਦੇਣੀਆਂ ਹਨ ਯਾਨੀ ਲੱਗ ਭਗ ਦੋ ਸਾਲਾਂ ਵਿਚ ਸੈਂਟ ਪਰਸੈਂਟ ਗਾਂਵਾਂ ਵਿਚ ਪੀਣ ਦਾ ਪਾਣੀ ਦਿਤਾ ਜਾਵੇਗਾ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦੀ ਹਾਂ ਕਿ ਸਾਡਾ ਹਿੰਦੁਸਤਾਨ ਪਿੰਡਾਂ ਦਾ ਦੇਸ਼ ਹੈ, ਗਰੀਬਾਂ ਦਾ ਦੇਸ਼ ਹੈ, ਇਸ ਕਰਕੇ ਇਥੇ ਪਿੰਡਾਂ ਦੀ ਉਨੱਤੀ ਕਰਨੀ ਹਿੰਦੁਸਤਾਨ ਦੀ ਸਹੀ ਉਨਤੀ ਕਰਨਾ ਹੈ। ਜ਼ਮੀਨ ਦੀ ਸਿੰਜਾਈ ਜਿਹੜੀ ਕਿ ਜ਼ਰਾਇਤੀ ਵਿਕਾਸ ਦੀ ਇਕ ਬੁਨਿਆਦੀ ਲੋੜ ਹੈ ਉਸ ਦੇ ਵਾਸਤੇ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਇਸ ਖੇਤਰ ਵਿਚ ਕੰਡੀ ਦੇ ਇਲਾਕੇ ਦੀ ਜਲ ਸਪਲਾਈ ਦੀ ਸੰਭਾਲ ਲਈ ਖਾਲਾਂ ਨੂੰ ਪੱਕਾ ਕਰਨ ਅਤੇ ਲਿਫਟ ਇਰੀਗੇਸ਼ਨ ਅਤੇ ਡੀਪ ਟਿਊਬਵੈਲ ਲਾਉਣ ਦੀਆਂ ਸਕੀਮਾਂ ਨੂੰ ਹੋਰ ਤੇਜ਼ ਕਰਕੇ ਜਿਹੜੀ ਇਸ ਖੇਤਰ ਵਿਚ ਕੋਈ ਕਸਰ ਹੈ ਉਹ ਇਸ ਸਰਕਾਰ ਨੇ ਪੂਰੀ ਕਰਨ ਦੀ ਕੋਸ਼ਿਸ਼ ਕਰਨੀ ਹੈ ਤਾਂ ਕਿ ਸੈਂਟ ਪਰਸੈਂਟ ਜ਼ਮੀਨ ਉਪਜ ਦੇਵੇ।

ਬਾਕੀ ਗਰਾਮੀਣ ਉਦਯੋਗ ਦੀ ਤਰੱਕੀ ਵਾਸਤੇ ਮੈਂ ਕਹਿਣਾ ਚਾਹੁੰਦੀ ਹਾਂ ਕਿ ਪਹਿਲਾਂ 3 ਹਜ਼ਾਰ ਗਰਾਮੀਣ ਉਦਯੋਗ ਲਗਾਏ ਗਏ ਸੀ ਉਹ ਹੁਣ ਵਧਾ ਕੇ 6 ਹਜ਼ਾਰ ਕਰ ਦਿਤੇ ਹਨ। ਇਹ ਬੜਾ ਸ਼ਲਾਘਾ ਯੋਗ ਕੰਮ ਹੈ ਔਰ ਇਸ ਦੇ ਲਈ ਮੈਂ ਸਰਕਾਰ ਨੂੰ ਵਧਾਈ ਦਿੰਦੀ ਹਾਂ।

ਡਿਪਟੀ ਸਪੀਕਰ ਸਾਹਿਬ, ਇਥੇ ਇਹ ਗੱਲ ਠੀਕ ਹੀ ਕਹੀ ਗਈ ਹੈ ਕਿ ਪਿਛਲੀ ਸਰਕਾਰ ਦੇ ਵੇਲੇ ਜਿਹੜੇ ਗਰੀਬ ਲੋਕ ਸਨ ਉਹ ਬੜੀ ਮਾਯੂਸੀ ਔਰ ਨਿਰਾਸ਼ਾ ਦੀ ਜ਼ਿੰਦਗੀ ਬਸਰ ਕਰ ਰਹੇ ਸਨ। ਅੱਜ ਇਹ (ਆਪੋਜ਼ੀਸ਼ਨ ਵਲ ਇਸ਼ਾਰਾ) ਕਹਿੰਦੇ ਹਨ ਕਿ ਇਲੈਕਸ਼ਨਾਂ ਠੀਕ ਨਹੀਂ ਹੋਈਆਂ। ਮੈਂ ਇਹ ਕਹਿੰਦੀ ਹਾਂ ਕਿ 1977 ਦੀਆਂ ਇਲੈਕਸ਼ਨਾਂ ਵਿਚ ਜਿਹੜਾ ਕਾਂਗਰਸ ਪਾਰਟੀ ਨੇ 30 ਸਾਲ ਇਥੇ ਰਾਜ ਕੀਤਾ ਉਸ ਦੇ ਖਿਲਾਫ ਅਗਰ ਕੋਈ ਕਮਜ਼ੋਰੀ ਆਈ ਤਾਂ ਉਹ ਗੁੱਸੇ ਦੀ ਭਾਵਨਾ ਵਿਚ ਆਈ ਹੈ ਨਹੀਂ ਤਾਂ ਇਨ੍ਹਾਂ ਨੂੰ ਤਾਂ ਨੇਗੇਟਿਵ ਵੋਟਾਂ ਪਈਆਂ ਹਨ। ਜਨਤਾ ਸਰਕਾਰ ਸੈਂਟਰ ਵਿਚ ਵੀ ਆਈ ਅਤੇ ਸਟੇਟਾਂ ਵਿਚ ਵੀ ਕਈ ਥਾਵਾਂ ਤੇ ਆਈ ਪਰ ਇਹ ਪਾਜ਼ੇਟਿਵ ਵੋਟਾਂ ਲੈ

Original with;
Punjab Vidhan Sabha
Digitized by;
Panjab Digital Library

ਕੇ ਨਹੀਂ ਸੀ ਆਈ, ਇਹ ਨੈਗੇਟਿਵ ਵੋਟਾਂ ਲੈ ਕੇ ਆਈ ਸੀ। ਇਨ੍ਹਾਂ ਨੇ ਆਪਣੇ ਤਿੰਨ ਸਾਲਾਂ ਦੇ ਰਾਜ ਵਿੱਚ ਹੀ ਗਰੀਬਾਂ ਨੂੰ ਬਹੁਤ ਮਾਯੂਸ ਕਰ ਦਿੱਤਾ ਤੇ ਉਹ ਵਿਚਾਰੇ ਬਹੁਤ ਨਰਾਜ਼ ਹੋ ਗਏ ਅਤੇ ਉਨ੍ਹਾਂ ਨੇ ਇਨ੍ਹਾਂ ਇਲੈਕਸ਼ਨਾਂ ਵਿਚ ਸਾਬਤ ਕਰ ਦਿੱਤਾ ਕਿ ਇਕੱਲੀ ਕਾਂਗਰਸ ਪਾਰਟੀ ਹੈ ਜਿਹੜੀ ਇਨ੍ਹਾਂ ਗਰੀਬਾਂ ਦਾ ਕੁੱਝ ਸੰਵਾਰ ਸਕਦੀ ਹੈ। ਇਹ ਸਾਰੀਆਂ ਪਾਰਟੀਆਂ ਇਕੱਠੀਆਂ ਹੋ ਕੇ, ਤਿਆਰ ਹੋ ਕੇ ਲੜੀਆਂ ਸਨ ਪਰ ਲੋਕਾਂ ਨੇ ਦੇਖ ਲਿਆ ਕਿ ਇਹ ਸਾਰੀਆਂ ਪਾਰਟੀਆਂ ਸਾਡਾ ਕੁਝ ਨਹੀਂ ਸਵਾਰ ਸਕਦੀਆਂ ਅਗਰ ਸਾਡਾ ਕੁੱਝ ਸੰਵਾਰ ਸਕਦੀ ਹੈ ਤਾਂ ਉਹ ਇਕ ਕਾਂਗਰਸ ਪਾਰਟੀ ਹੀ ਹੈ। (ਵਿਘਨ)

**ਕਾਮਰੇਡ ਬਲਦੇਵ ਸਿੰਘ ਲੂੰਬਾ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਨੈਗੇਟਿਵ ਵੋਟਾਂ ਦਾ ਜ਼ਿਕਰ ਕੀਤਾ ਹੈ ਕਿ ਸਾਨੂੰ ਨੈਗੇਟਿਵ ਵੋਟ ਮਿਲੇ ਹਨ ਜੇ ਸਾਨੂੰ ਨੈਗੇਟਿਵ ਵੋਟ ਮਿਲੇ ਹੁੰਦੇ ਤਾਂ ਕੇਰਲਾ, ਬੰਗਾਲ ਔਰ ਤਰੀਪੁਰਾ ਵਿਚ ਇਨ੍ਹਾਂ ਦਾ ਸਫਾਇਆ ਨਾ ਹੁੰਦਾ (ਵਿਘਨ)

**ਕੁਮਾਰੀ ਸ਼ਰਲਾ ਪ੍ਰਾਸ਼ਰ** : ਡਿਪਟੀ ਸਪੀਕਰ ਸਾਹਿਬ, ਮੈਂ ਕਾਮਰੇਡ ਸਾਹਿਬ ਨੂੰ ਕਹਿਣ ਚਾਹੁੰਦੀ ਹਾਂ ਕਿ ਜ਼ਰਾ 5 ਸਾਲ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ ਕੰਮ ਕਰ ਲੈਣ ਦਿਓ ਫਿਰ ਲੋਕਾਂ ਨੇ ਕੇਰਲਾ ਨੂੰ ਭੁਲ ਜਾਣਾ ਹੈ ਅਤੇ ਪੰਜਾਬ ਦੀ ਮਿਸਾਲ ਦੇਣੀ ਹੈ। (ਥੰਪਿੰਗ) (ਵਿਘਨ)

ਸੋ, ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਟਾਈਮ ਨਾ ਲੈਂਦੀ ਹੋਈ ਸਿਰਫ ਇਤਨਾ ਹੀ ਕਹਿਣਾ ਚਾਹੁੰਦੀ ਹਾਂ ਕਿ ਗਰਾਮੀਣ ਵਿਕਾਸ ਦੇ ਨਾਲ ਨਾਲ ਸ਼ਹਿਰਾਂ ਦੇ ਵਿਕਾਸ ਔਰ ਇੰਡਸਟਰੀਜ਼ ਵਲ ਜੋ ਇਸ ਸਰਕਾਰ ਨੇ ਤਵੱਜੋ ਦਿਤੀ ਹੈ ਉਹ ਇਕ ਸ਼ਲਾਘਾ ਯੋਗ ਗੱਲ ਹੈ। ਇਸ ਕੰਮ ਵਿਚ ਐਕਸਟਰਾ ਯੂਨਿਟ ਵਧਾ ਕੇ ਇਹ ਚੀਜ਼ ਗਰੀਬਾਂ ਦੀ ਗਰੀਬੀ ਅਤੇ ਬੇਕਾਰੀ ਨੂੰ ਠੱਲ੍ਹ ਪਾਵੇਗੀ ਅਤੇ ਇੰਡਸਟਰੀਜ਼ ਵਿਚ ਪੰਜਾਬ ਅਗੇ ਵੱਧੇਗਾ। ਟੈਕਸਟਾਇਲ ਮਿਲ ਬਣਾਉਣ ਨਾਲ, ਫਿਨਿਸ਼ਿੰਗ ਮਿਲ ਲਗਾਉਣ ਨਾਲ ਅਤੇ ਟੂਲਰੂਮ, ਲੁਧਿਆਣਾ ਵਿਚ ਜੋ ਬਣ ਰਹੀ ਹੈ ਇਨ੍ਹਾਂ ਸਾਰੀਆਂ ਮਿਲਾਂ ਦੇ ਕਮਪਲੀਟ ਹੋਣ ਨਾਲ ਪੰਜਾਬ ਜਿਸ ਨੇ ਕਿ ਐਗਰੀਕਲਚਰ ਦੇ ਵਿਚ, ਗਰੀਨ ਰੈਵੋਲਿਊਸ਼ਨ ਲਿਆਉਣ ਦੇ ਵਿਚ ਹਿੰਦੁਸਤਾਨ ਨੂੰ ਲੀਡ ਕੀਤਾ ਹੈ ਉਥੇ ਇੰਡਸਟਰੀਜ਼ ਵਿਚ ਵੀ ਹਿੰਦੁਸਤਾਨ ਨੂੰ ਲੀਡ ਕਰੇਗਾ। ਮੈਨੂੰ ਉਮੀਦ ਹੈ ਕਿ ਸਾਡੇ ਡਾਇਨਾਮਿਕ ਔਰ ਆਵਾਮੀ ਲੀਡਰ, ਸਰਦਾਰ ਦਰਬਾਰਾ ਸਿਘ ਜੀ ਦੀ ਲੀਡਰਸ਼ਿਪ ਵਿਚ ਸਰਕਾਰ ਕੇਰਲਾ ਆਦਿ ਵਰਗੀਆਂ ਸਟੇਟਾਂ ਨੂੰ ਲੋਕਾਂ ਨੂੰ ਭੁਲਵਾ ਕੇ ਪਜਾਬ ਨੂੰ ਹਿਦੁਸਤਾਨ ਵਿਚ ਇੰਡਸਟਰੀ ਔਰ ਐਗਰੀਕਲਚਰ ਵਿਚ ਨੰਬਰ ਵੰਨ ਤੇ ਲਿਆਵੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ।

**ਸਰਦਾਰਨੀ ਸਤਵੰਤ ਕੌਰ ਸੰਧੂ** : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਬ, ਮੇਰੀ ਭੈਣ ਬੋਲ ਰਹੀ ਸੀ ਅਤੇ ਬੋਲਦਿਆਂ ਬੋਲਦਿਆਂ ਉਨ੍ਹਾਂ ਨੇ ਕੁਝ ਉਸ ਮਹਿਕਮੇਂ ਦੀਆਂ ਗੱਲਾਂ ਕੀਤੀਆਂ ਜਿਹੜਾ ਕਿ ਪਿਛਲੀ ਸਰਕਾਰ ਦੇ ਵੇਲੇ ਮੇਰੇ ਪਾਸ ਸੀ। ਮੈਂ ਉਨ੍ਹਾਂ ਨੂੰ ਬੋਲਦਿਆਂ ਵਿਚੋਂ ਉਸ ਵਕਤ ਟੋਕਣਾ ਠੀਕ ਨਹੀਂ ਸਮਝਿਆ। (ਵਿਘਨ) (ਸ਼ੋਰ) (ਮਾਈਕ ਬੰਦ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ) ਇਨ੍ਹਾਂ ਨੇ ਆਪਣੀ ਸਪੀਚ ਵਿਚ ਮੇਰੇ ਮਹਿਕਮੇਂ ਦੇ ਬਾਰੇ ਕੁਝ ਗੱਲਾਂ ਕਹੀਆਂ ਹਨ ਅਤੇ ਮੇਰਾ ਫਰਜ਼ ਬਣਦਾ ਹੈ ਕਿ ਮੈਂ ਉਨ੍ਹਾਂ ਦੇ ਬਾਰੇ ਕੁੱਝ ਦੱਸਾਂ। (ਵਿਘਨ) ਮੈਂ ਦੱਸਣਾ ਚਾਹੁੰਦੀ ਹਾਂ ਕਿ ਵਿਮਨ ਹੋਸਟਲ ਦੀਆਂ ਗਰਾਂਟਾਂ ਬੰਦ ਨਹੀਂ ਸੀ ਕੀਤੀਆਂ ਗਈਆਂ।

ਇਨ੍ਹਾਂ ਦੇ ਹੋਸਟਲ ਨੇ ਪਹਿਲੀ ਗਰਾਂਟ ਦਾ ਹਿਸਾਬ ਨਹੀਂ ਦਿਤਾ ਸੀ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ** : ਟਾਈਮ ਥੋੜ੍ਹਾ ਹੈ, ਇਸ ਲਈ ਤੁਸੀਂ ਕਾਮਰੇਡ ਕੁਲਵੰਤ ਸਿੰਘ ਜੀ ਨੂੰ ਬੋਲ ਲੈਣ ਦਿਓ (ਵਿਘਨ)

**ਕਾਮਰੇਡ ਕੁਲਵੰਤ ਸਿੰਘ** (ਆਦਮਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਧੰਨਵਾਦ ਦੇ ਮਤੇ ਤੇ ਵਿਰੋਧਤਾ ਵਿਚ ਬੋਲਣ ਲਈ ਖੜ੍ਹਾ ਹੋਇਆ ਹਾਂ, ਕਿਉਂਕਿ ਉਹ ਐਡਰੈਸ ਕਾਗਜ਼ੀ ਅਤੇ ਖੋਖਲਾ ਹੈ। ਇਕ ਪਾਸੇ ਤਾਂ ਇਸ ਐਡਰੈਸ ਦੇ ਸਫਾ 10 ਤੇ ਲਿਖਿਆ ਹੈ ਕਿ ਸਾਲ 1979-80 ਦੇ 112 ਲੱਖ ਮੀਟ੍ਰਿਕ ਟਨ ਦੇ ਉਤਪਾਦਨ ਦੇ ਮੁਕਾਬਲੇ ਸਾਲ 1980-81 ਲਈ 125 ਲਖ ਮੀਟ੍ਰਿਕ ਟਨ ਅਨਾਜ ਦਾ ਉਤਪਾਦਨ ਦਾ ਨਿਸ਼ਾਨਾ ਮਿਥਿਆ ਗਿਆ ਹੈ। ਉਨਤ ਜ਼ਰਾਇਤੀ ਢਗਾਂ ਅਤੇ ਵਿਸਤਾਰ ਉਪਰਾਲਿਆਂ ਦੀ ਸਹਾਇਤਾ ਨਾਲ ਕਪਾਹ, ਗੰਨੇ, ਆਲੂ ਅਤੇ ਤਿਲਹਨ ਦੀ ਉਪਜ ਅਗਲੇ ਸਾਲ ਕਾਫੀ ਵੱਧ ਜਾਣ ਦੀ ਆਸ ਹੈ। ਫਿਰ ਲਿਖਿਆ ਹੈ ਕਿ ਮੇਰੀ ਸਰਕਾਰ ਰਸਾਇਣਿਕ ਖਾਦ ਅਤੇ ਡੀਜ਼ਲ ਦੀਆਂ ਹਾਲ ਵਿਚ ਵਧੀਆਂ ਕੀਮਤਾਂ ਕਾਰਨ ਖੇਤੀ ਉਤਪਾਦਨ ਤੇ ਪਏ ਬੁਰੇ ਪ੍ਰਭਾਵ ਤੋਂ ਚਗੀ ਤਰ੍ਹਾਂ ਜਾਣੂ ਹੈ।

**ਸ਼੍ਰੀ ਡਿਪਟੀ ਸਪੀਕਰ** : ਕਾਮਰੇਡ ਸਾਹਿਬ, ਤੁਹਾਨੂੰ ਪੰਜ ਮਿੰਟ ਦਿਤੇ ਗਏ ਹਨ, please try to wind up within five minutes.

**ਕਾਮਰੇਡ ਕੁਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਇਤਨੀ ਬੇਨਤੀ ਕਰਨੀ ਹੈ ਕਿ ਇਹ ਜਿਹੜਾ ਭਾਸ਼ਣ ਹੈ ਇਹ ਬਿਲਕੁਲ ਕਾਗਜ਼ੀ ਹੈ ਜਿਹੜਾ ਕਿ ਕਿਸੇ ਅਫਸਰ ਦਾ ਲਿਖਿਆ ਹੋਇਆ ਹੈ ਔਰ ਸਰਕਾਰ ਨੇ ਗਵਰਨਰ ਸਾਹਿਬ ਦੇ ਹਥ ਵਿਚ ਫੜਾ ਦਿਤਾ ਹੈ । ਮੈਂ ਦਸਦਾ ਹਾਂ ਕਿ ਖਾਦ ਦੀ ਕੀਮਤ ਇਤਨੀ ਜ਼ਿਆਦਾ ਵਧ ਗਈ ਹੈ ਕਿ ਐਸੇ ਹਾਲਾਤ ਵਿਚ ਅਨਾਜ ਦੀ ਉਪਜ ਜ਼ਿਆਦਾ ਹੋਣ ਦੀ ਆਸ ਨਹੀਂ ਕੀਤੀ ਜਾ ਸਕਦੀ ਹੈ । ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਮੈਂ ਕਿਸਾਨ ਹਾਂ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਜੇਕਰ ਤੁਸੀਂ ਮੁਲਕ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਖਾਦ ਦੀਆਂ ਕੀਮਤਾਂ ਨਾ ਵਧਾਓ। ਤੁਸੀਂ ਬਾਹਰਲੇ ਮੁਲਕਾਂ ਵਿਚ ਅਨਾਜ ਵਾਸਤੇ ਠੂਠੇ ਚੁੱਕੀ ਫਿਰਦੇ ਸੀ , ਪਰ ਪੰਜਾਬ ਦੇ ਕਿਸਾਨ ਨੇ ਤੁਹਾਨੂੰ ਇਤਨਾ ਅਨਾਜ ਪੈਦਾ ਕਰਕੇ ਦਿਤਾ ਹੈ ਕਿ ਇਸ ਮੁਲਕ ਦੀ ਹੋਂਦ ਨੂੰ ਕਾਇਮ ਰਖਿਆ ਹੈ। ਇਸ ਮੁਲਕ ਨੂੰ ਹੁਣ ਮੁੜ ਕੇ ਬਰਬਾਦ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਸਾਫ ਦਸਣ ਕਿ ਖਾਦ ਤੇ ਸਬਸਿਡੀ ਦੇਣੀ ਹੈ ਜਾਂ ਨਹੀਂ ? ਕਿਉਂਕਿ ਇਸ ਪਾਲੀਸੀ ਦਾ ਅਸਰ ਉਤਪਾਦਨ ਤੇ ਪੈਣਾ ਹੈ । ਮੈਂ ਦਸਦਾ ਹਾਂ ਕਿ 1974 ਵਿਚ ਜਦੋਂ ਖਾਦ ਦੀਆਂ ਕੀਮਤਾਂ ਵਧਾਈਆਂ ਸਨ ਤਾਂ ਉਤਪਾਦਨ ਘੱਟ ਗਿਆ ਸੀ । ਮੈਂ ਕਹਿੰਦਾ ਹਾਂ ਕਿ ਇਕ ਗੱਲ ਨੂੰ ਮੁੜ ਮੁੜ ਕੇ ਨਾ ਅਜ਼ਮਾਓ । ਚੀਫ ਮਨਿਸਟਰ ਸਾਹਿਬ ਵਾਜ਼ੇ ਤੌਰ ਤੇ ਬਿਆਨ ਦੇਣ ਕਿ ਖਾਦ ਤੇ ਸਬਸਿਡੀ ਦੇਣੀ ਹੈ ਜਾਂ ਨਹੀ ਜੇ ਦੇਣੀ ਹੈ ਤਾਂ ਕਿੰਨੀ ਦੇਣੀ ਹੈ ?

ਡੀਜ਼ਲ ਨੂੰ ਲੈ ਲਵੋ। ਇਕ ਪਾਸੇ ਤਾਂ ਮਿਲਦਾ ਨਹੀਂ ਅਤੇ ਦੂਜੇ ਪਾਸੇ ਉਸ ਦੀਆਂ ਕੀਮਤਾਂ ਵਧਾ ਦਿਤੀਆਂ ।ਮੈਂ ਕਹਿੰਦਾ ਹਾਂ ਕਿ ਕਿਸਾਨੀ ਸਾਧਨਾਂ ਤੇ ਬਹੁਤਾ ਬੋਝ ਨਾ ਪਾਓ । ਮੈਂ ਦਸਣਾ ਚਾਹੁੰਦਾ ਹਾਂ ਕਿ ਡੀਜ਼ਲ ਦੀ ਕੀ ਹਾਲਤ ਹੈ ? ਮੇਰੇ ਪਿੱਛੇ ਬੈਠੇ ਵਿਧਾਇਕ ਜੋ ਹਨ ਇਨ੍ਹਾਂ ਦੇ ਹਲਕੇ ਦੇ 100 ਆਦਮੀ ਕਾਰਡ ਲਈ ਫਿਰਦੇ ਹਨ ਅਤੇ 2 ਮਹੀਨੇ ਹੋ ਗਏ ਹਨ ਉਨ੍ਹਾਂ ਨੂੰ ਤੇਲ ਨਹੀਂ ਮਿਲਿਆ ਪਰ ਉਨ੍ਹਾਂ ਦੇ ਕਾਗਜ਼ਾਂ ਵਿਚ ਲਿਖਿਆ ਹੋਇਆ ਹੈ ਕਿ ਉਨ੍ਹਾਂ ਨੂੰ ਤੇਲ ਮਿਲ ਗਿਆ ਹੈ। ਅੱਜ ਝੋਨੇ ਦੀ ਫਸਲ ਬੀਜਣ ਵਾਲੀ ਹੈ, ਇਸ ਦਾ ਪੰਜਾਬ ਦੀ ਉਪਜ ਤੇ ਅਸਰ ਪੈਂਦਾ ਹੈ। ਚਾਵਲ ਦੀ ਇਕ ਪਾਸੇ ਅੱਜ ਰੂਸ ਵਾਲੇ ਅਤੇ ਦੂਜੇ ਪਾਸੇ ਅਰਬ ਕੰਟਰੀ ਵਾਲੇ ਮੰਗ ਕਰ ਰਹੇ ਹਨ । ਮੈਂ ਕਹਿਦਾ ਹਾਂ ਕਿ ਇਸ ਦੇ ਭਾਅ ਦੀ ਪੋਜ਼ੀਸ਼ਨ ਅੱਜ ਸਾਫ ਹੋਣੀ ਚਾਹੀਦੀ ਹੈ। ਡੀਜ਼ਲ ਬਾਰੇ ਪੈਟਰੋਲ ਪੰਪਾਂ ਤੇ ਕਮੇਟੀਆਂ ਬਣਾਈਆਂ ਜਾਣ ਜਿਸ ਵਿਚ ਆਪੋਜ਼ੀਸ਼ਨ ਦੇ ਬੰਦੇ ਵੀ ਲਏ ਜਾਣ । ਇਹ ਜਿਹੜੀਆਂ

Original with;
Punjab Vidhan Sabha
Digitized by;
Panjab Digital Library

ਡੀਜ਼ਲ ਦੀਆਂ ਕੀਮਤਾਂ ਵਧਾਈਆਂ ਹਨ ਇਹ ਵਾਪਸ ਲਈਆਂ ਜਾਣ ਨਹੀਂ ਤਾਂ ਕਿਸਾਨੀ ਤਬਾਹ ਹੋ ਜਾਵੇਗੀ ਹੈ। ਇਕ ਇਹ ਵੀ ਕਿਹਾ ਗਿਆ ਹੈ ਕਿ ਝੋਨੇ ਦੀ ਕੀਮਤ ਵਧਾਉਣ ਲਈ ਸੈਂਟਰ ਦੀ ਸਰਕਾਰ ਨੂੰ ਸਿਫਾਰਿਸ਼ ਕੀਤੀ ਹੈ। ਝੋਨੇ ਬਾਰੇ ਹਾਲੀਂ ਕੋਈ ਗਲ ਸਾਫ ਨਹੀਂ ਹੋਈ ਹੈ, ਇਸ ਬਾਰੇ ਸ਼ਪਸ਼ਟ ਦੱਸਿਆ ਜਾਵੇ ਇਹ ਚੀਜ਼ ਵੀ ਨਾਲ ਹੀ ਸਾਫ ਦੱਸੀ ਜਾਵੇ ਕਿ ਕਣਕ ਦਾ ਬੋਨਸ ਕਿੰਨਾ ਦਿੱਤਾ ਜਾਏਗਾ ਅਤੇ ਕਦੋਂ ਦਿਤਾ ਜਾਏਗਾ ? ਪਿਛਲੀ ਵਾਰੀ ਕਣਕ ਦਾ ਬੋਨਸ ਸਾਰਾ ਆੜ੍ਹਤੀ ਖਾ ਗਏ ਸਨ, ਕਿਸਾਨਾਂ ਨੂੰ ਕੋਈ ਬੋਨਸ ਨਹੀਂ ਪਹੁੰਚਿਆ। ਝੋਨੇ ਦੇ ਬਾਰੇ ਦਸਿਆ ਹੈ ਕਿ ਕੀਮਤ ਵੱਧ ਜਾਏਗੀ ਪਰ ਕਦੋਂ ਫੈਸਲਾ ਹੋਵੇਗਾ ਇਸ ਦੇ ਬਾਰੇ ਅੱਜ ਚੀਫ ਮਨਿਸਟਰ ਸਾਹਿਬ ਆਪਣੇ ਜਵਾਬ ਵਿਚ ਦੱਸਣ। ਅੱਜ ਮੁਲਕ ਕ੍ਰਿਟੀਕਲ ਪੋਜ਼ੀਸ਼ਨ ਤੇ ਖੜ੍ਹਾ ਹੈ। ਜੇ ਕਰ ਸੈਂਟਰ ਝੋਨੇ ਦਾ ਭਾਅ ਨਹੀਂ ਵਧਾਉਂਦਾ ਤਾਂ ਪੰਜਾਬ ਸਰਕਾਰ ਕੇਰਲ ਸਰਕਾਰ ਵਾਂਗ ਆਪ ਹੀ ਵਧਾ ਦੇਵੇ। ਪਿਛਲੀ ਵਾਰੀ ਕੇਰਲ ਸਰਕਾਰ ਨੇ ਝੋਨੇ ਦਾ ਭਾਅ 120 ਰੁਪਏ ਤਕ ਵਧਾ ਦਿਤਾ ਸੀ ਅਤੇ ਸਾਰਾ ਝੋਨਾ ਆਪ ਖਰੀਦ ਕੀਤਾ ਸੀ ਅਤੇ ਲੋਕਾਂ ਨੂੰ ਸਪਲਾਈ ਕੀਤਾ ਸੀ। ਪੰਜਾਬ ਸਰਕਾਰ ਨੂੰ ਅੱਜ ਘੱਟੋ ਘੱਟ ਝੋਨੇ ਦਾ ਭਾਅ 120 ਰੁਪਏ ਮੁਕੱਰਰ ਕਰਨਾ ਚਾਹੀਦਾ ਹੈ। ਐਫ.ਸੀ. ਆਈ. ਨੇ ਕਿਹਾ ਹੈ ਕਿ ਉਹ ਝੋਨਾ ਨਹੀਂ ਖਰੀਦੇਗੀ। ਜੇ ਕਰ ਐਫ.ਸੀ.ਆਈ. ਨੇ ਝੋਨਾ ਨਹੀਂ ਖਰੀਦਣਾ ਤਾਂ ਸਰਕਾਰ ਨੂੰ ਇਸ ਦੇ ਖਰੀਦਣ ਦਾ ਆਪ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ। ਪਿਛਲੀ ਵਾਰੀ ਜਿਹੜਾ ਝੋਨਾ ਪ੍ਰਾਈਵੇਟ ਲੋਕਾਂ ਨੇ ਖਰੀਦਿਆ ਸੀ ਉਸ ਦੇ ਪੈਸੇ ਅੱਜੇ ਤਕ ਕਿਸਾਨ ਨੂੰ ਨਹੀਂ ਮਿਲੇ ਅਤੇ ਸ਼ੈਲਰਾਂ ਵਾਲੇ ਮਾਰੀ ਬੈਠੇ ਹਨ। ਇਥੇ ਇਸ ਗੱਲ ਦਾ ਐਲਾਨ ਕੀਤਾ ਜਾਵੇ ਕਿ ਝੋਨਾ 120 ਰੁਪਏ ਖਰੀਦਿਆ ਜਾਵੇਗਾ ਅਤੇ ਸਾਰੇ ਪ੍ਰਬੰਧ ਪੰਜਾਬ ਸਰਕਾਰ ਆਪ ਕਰੇਗੀ। ਇਸ ਦਾ ਫਾਇਦਾ ਇਹ ਹੋਵੇਗਾ ਕਿ ਸਾਰਾ ਮੁਨਾਫਾ ਪੰਜਾਬ ਸਰਕਾਰ ਨੂੰ ਜਾਏਗਾ, ਸ਼ੈਲਰਾਂ ਵਾਲੇ ਆਪਣਾ ਕੰਮ ਕਰਕੇ ਖਾਣਗੇ। ਕਿਸਾਨਾਂ ਨੂੰ ਪ੍ਰਾਈਵੇਟ ਲੋਕਾਂ ਤੋਂ ਪਿਛਲੇ ਸਾਲ ਦੇ ਪੈਸੇ ਨਹੀਂ ਮਿਲੇ ਅਤੇ ਹੁਣ ਦੇ ਕਦ ਮਿਲਣਗੇ। ਕਿਸਾਨ ਅਗੇ ਹੀ ਕਰਜ਼ਾਈ ਹੈ। ਜੇ ਕਰ ਉਸ ਦੇ ਪੱਲੇ ਕੁਝ ਨਹੀਂ ਹੋਣਾ ਤਾਂ ਤੁਸੀਂ ਉਸ ਤੋਂ ਕੀ ਲੈ ਲੈਣਾ ਹੈ। ਅਗੇ ਖਾਲਾਂ ਵਾਲੇ ਪੈਸੇ ਲੈਣ ਜਾਂਦੇ ਹਨ ਤਾਂ ਕੋਈ ਦਿੰਦਾ ਨਹੀਂ। ਪਿੰਡ ਦੇ ਸਾਰੇ ਲੋਕ ਕਹਿੰਦੇ ਹਨ ਕਿ ਸਾਨੂੰ ਫੜ ਲਵੋ, ਕੋਈ ਫੜਦਾ ਨਹੀਂ। ਇਸ ਲਈ ਮੈਂ ਕਹਿੰਦਾ ਹਾਂ ਕਿ ਝੋਨੇ ਦਾ ਭਾਅ 120 ਰੁਪਏ ਮੁਕਰਰ ਕਰਨ ਲਈ ਸਰਕਾਰ ਨੂੰ ਉਚੇਚਾ ਪ੍ਰਬੰਧ ਕਰਨਾ ਚਾਹੀਦਾ ਹੈ।

ਹੁਣ ਮੈਂ ਦੱਸਦਾ ਹਾਂ ਕਿ ਬਿਜਲੀ ਦੀ ਹਾਲਤ ਕੀ ਹੈ ? ਇਸ ਦੇ ਬਾਰੇ ਲਗਾਤਾਰ ਕਈ ਦਿਨਾਂ ਤੋਂ ਹਾਹਾਕਾਰ ਮਚੀ ਹੋਈ ਹੈ। ਚੀਫ ਮਨਿਸਟਰ ਸਾਹਿਬ ਨੇ ਬਿਆਨ ਦਿੱਤਾ ਹੈ ਕਿ 10 ਤੋਂ 12 ਘੰਟੇ ਬਿਜਲੀ ਸਪਲਾਈ ਹੋਇਆ ਕਰੇਗੀ ਲੇਕਿਨ 8 ਘੰਟੇ ਤੋਂ ਵੱਧ ਬਿਜਲੀ ਨਹੀਂ ਮਿਲ ਰਹੀ। ਇਕ ਪਾਸੇ ਫਲੈਟ ਰੇਟ ਲਗਾ ਦਿੱਤਾ ਹੈ ਅਤੇ ਦੂਜੇ ਪਾਸੇ ਬਿਜਲੀ 8 ਘੰਟੇ ਤੋਂ ਵੱਧ ਨਹੀਂ ਮਿਲ ਰਹੀ। ਜਿਹੜਾ ਅੱਜ ਫਲੈਟ ਰੇਟ ਚਲ ਰਿਹਾ ਹੈ ਉਸ ਦਾ ਕਿਸਾਨ ਨੂੰ ਕੋਈ ਫਾਇਦਾ ਨਹੀਂ। ਅਗਰ ਸਰਕਾਰ ਚਾਹੁੰਦੀ ਹੈ ਕਿ ਉਤਪਾਦਨ ਵੱਧੇ ਤਾਂ ਇਸ ਪਾਸੇ ਇਸ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ। ਅੱਜ ਬਿਜਲੀ ਦੇ ਬਾਰੇ ਲੋਕਾਂ ਵਿਚ ਬੜੀ ਚਰਚਾ ਹੈ ਕਿ ਫਲੈਟ ਰੇਟ ਵੱਧ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਅਜੇ ਬੋਲਣਾ ਹੈ, ਉਹ ਜਵਾਬ ਦੇਣ ਕਿ ਬਿਜਲੀ ਦਾ ਫਲੈਟ ਰੇਟ ਕਿੰਨਾ ਵੱਧ ਰਿਹਾ ਹੈ ਔਰ ਬਿਜਲੀ ਕਿੰਨੀ ਮਿਲਿਆ ਕਰੇਗੀ ?

ਇਥੇ ਕੁਰੱਪਸ਼ਨ ਦੀ ਵੀ ਬੜੀ ਚਰਚਾ ਹੁੰਦੀ ਰਹੀ ਹੈ। ਮੈਂ ਤਾਂ ਕਹਾਂਗਾ ਕਿ ਇਕ ਹਾਈ ਪਾਵਰ ਇਨ-ਕੁਆਇਰੀ ਕਮਿਸ਼ਨ ਬਿਠਾ ਦੇਣਾ ਚਾਹੀਦਾ ਹੈ ਜਿਸ ਦੇ ਘੇਰੇ ਵਿਚ ਐਮ.ਐਲ.ਏਜ਼., ਸਾਰੇ ਵਜ਼ੀਰ ਉਚ ਅਧਿਕਾਰੀ ਅਤੇ ਵੀ. ਆਈ.ਪੀਜ਼. ਹੋਣ। ਕੇਰਲ ਸਰਕਾਰ ਵਾਂਗ ਹੋਣਾ ਚਾਹੀਦਾ ਹੈ ਕਿ ਜਿਹੜਾ ਦਰਖਾਸਤ ਦੇਵੇ ਉਹ ਨਾਲ 500 ਰੁਪਏ ਜਮ੍ਹਾਂ ਕਰਾਏ। ਇਨਕੁਆਇਰੀ ਵਿਚ ਜੋ ਦੋਸ਼ ਸਾਬਤ ਹੋ ਜਾਵੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਤਾਂ 500 ਰੁਪਏ ਵਾਪਸ ਕਰ ਦਿਤੇ ਜਾਣ ਨਹੀਂ ਤਾਂ ਜ਼ਬਤ। ਮੈਂ ਕਹਿੰਦਾ ਹਾਂ ਕਿ ਐਡਮਨਿਸਟਰੇਸ਼ਨ ਚਲਾਉਣ ਦਾ ਇੰਤਜ਼ਾਮ ਚੰਗਾ ਹੋਣਾ ਚਾਹੀਦਾ ਹੈ। ਪਟਵਾਰੀ ਜਾਂ ਚਪੜਾਸੀ ਨੂੰ ਕੁਰੱਪਸ਼ਨ ਦੇ ਕੇਸ ਵਿਚ ਫੜ ਲੈਣ ਨਾਲ ਕੁਰੱਪਸ਼ਨ ਦੂਰ ਨਹੀਂ ਹੋ ਸਕਦੀ। ਇਹ ਤਾਂ ਉਦੋਂ ਦੂਰ ਹੋਵੇਗੀ ਜਦੋਂ ਉਪਰਲਿਆਂ ਨੂੰ ਹੱਥ ਪਾਇਆ ਜਾਵੇਗਾ।

ਇਸ ਤੋਂ ਅੱਗੇ ਇਹ ਕਿਹਾ ਗਿਆ ਹੈ ਕਿ ਪੁਲਿਸ ਦਾ ਪ੍ਰਬੰਧ ਚੰਗਾ ਕਰਨਾ ਹੈ ਅਤੇ ਹਰ ਥਾਣੇ ਵਿਚ ਇਮਾਨਦਾਰ ਥਾਣੇਦਾਰ ਲਾਏ ਜਾਣਗੇ। ਹੁਣੇ ਬੀਬੀਆਂ, ਭੈਣਾਂ ਬੋਲੀਆਂ ਹਨ ਅਤੇ ਉਨ੍ਹਾਂ ਨੇ ਬਹੁਤ ਕੁੱਝ ਦੱਸਿਆ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਹਰ ਥਾਣੇ ਵਿਚ ਇਕ ਲੇਡੀ ਸਬ-ਇਨਸਪੈਕਟਰ ਜਾਂ ਅਸਿਸਟੈਂਟ ਸਬ-ਇਨਸਪੈਕਟਰ ਲਾਈ ਜਾਏ ਨਹੀਂ ਤਾਂ ਔਰਤਾਂ ਨੂੰ ਥਾਣੇ ਵਿਚ ਨਾ ਸਦਿਆ ਜਾਏ, ਕਿਉਂਕਿ ਰੋਜ਼ ਬੀਬੀਆਂ ਦੀਆਂ ਖਬਰਾਂ ਆਉਂਦੀਆਂ ਹਨ ਜਦੋਂ ਲੇਡੀ ਪੁਲਿਸ ਨਹੀਂ ਹੁੰਦੀ ਤਾਂ ਥਾਣਿਆਂ ਵਿਚ ਔਰਤਾਂ ਦੀ ਇਜ਼ਤ ਲੁੱਟੀ ਜਾਂਦੀ ਹੈ।

ਡਿਪਟੀ ਸਪੀਕਰ ਸਾਹਿਬ, ਅੱਜ 10 ਹਜ਼ਾਰ ਟੀਚਰ ਬਾਹਰ ਬੈਠੇ ਇਸ ਸਰਕਾਰ ਦੀ ਜਾਨ ਨੂੰ ਰੋ ਰਹੇ ਹਨ। ਗਵਰਨਰੀ ਰਾਜ ਵਿਚ ਦੋ ਆਰਡੀਨੈਂਨਸ ਜਾਰੀ ਕੀਤੇ ਗਏ ਸਨ, ਇਕ ਮਈ ਵਿਚ ਅਤੇ ਦੂਜਾ 2 ਜੂਨ ਨੂੰ, ਉਨ੍ਹਾਂ ਰਾਹੀਂ 10 ਹਜ਼ਾਰ ਟੀਚਰਾਂ ਦੇ ਗਰੇਡ ਖੋਹ ਲਏ ਗਏ ਸਨ। ਉਹ ਟੀਚਰ ਅੱਜ ਬਾਹਰ ਹੜਤਾਲ ਕਰਕੇ ਬੈਠੇ ਹੋਏ ਹਨ। ਮੈਂ ਸਰਕਾਰ ਨੂੰ ਕਹਾਂਗਾ ਕਿ ਗਵਰਨਰੀ ਰਾਜ ਦਾ ਗਲਤ ਆਰਡੀਨੈਂਸ ਵਾਪਸ ਲਿਆ ਜਾਵੇ ਤੇ ਟੀਚਰਾਂ ਦੀਆਂ ਮੰਗਾਂ ਮੰਨੀਆਂ ਜਾਣ। (ਵਿਘਨ)

**ਸ਼੍ਰੀ ਡਿਪਟੀ ਸਪੀਕਰ** : ਤੁਹਾਨੂੰ ਪੰਜ ਮਿੰਟ ਬੋਲਣ ਲਈ ਦਿੱਤੇ ਸਨ। ਤੁਹਾਡਾ ਸਮਾਂ ਹੋ ਗਿਆ ਹੈ, ਹੁਣ ਤੁਸੀਂ ਬੈਠ ਜਾਓ। ਹੋਰ ਟਾਈਮ ਨਹੀਂ ਹੈ। (ਵਿਘਨ)

**ਸ਼੍ਰੀ ਗੁਰਦਿਆਲ ਸੈਣੀ** (ਜਲੰਧਰ ਉਤਰ) : ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦਾ ਜੋ ਐਡਰੈਸ ਹੈ ਉਸ ਤੇ ਵਧਾਈ ਦੇਣ ਲਈ ਖੜ੍ਹਾ ਹੋਇਆ ਹਾਂ। ਉਸ ਵਿਚ ਦੱਸਿਆ ਗਿਆ ਹੈ ਕਿ ਪੰਜਾਬ ਇਕ ਐਸਾ ਸੂਬਾ ਹੈ ਜਿਹੜਾ ਕਿ ਸ਼ਮਸ਼ੀਰੇ ਹਿੰਦੁਸਤਾਨ ਹੈ। ਪੰਜਾਬ ਸਾਰੇ ਸੂਬਿਆਂ ਵਿਚ ਤਰੱਕੀ ਕਰੇਗਾ। ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਦਸਿਆ ਹੈ ਕਿ ਜੂਨ, 1977 ਤੋਂ ਲੈ ਕੇ ਇਸ ਨਵੀਂ ਗੌਰਮਿੰਟ ਲਿਆਉਣ ਤਕ ਪੰਜਾਬ ਵਿਚ ਇਕ ਨਾਪਾਏਦਾਰ, ਲਾ ਕਾਨੂੰਨੀ ਅਤੇ ਡਿਸਿਪਲਿਨ ਦੀ ਬੜੀ ਬੁਰੀ ਹਾਲਤ ਰਹੀ ਹੈ। ਫਿਰਕਾਪ੍ਰਸਤੀ ਬਹੁਤ ਸਿਰ ਚੁੱਕ ਰਹੀ ਸੀ ਅਤੇ ਮੰਦਰਾਂ ਤੇ ਨਾਜਾਇਜ਼ ਕਬਜ਼ੇ ਕੀਤੇ ਗਏ ਸਨ। ਜਨਤਾ ਪਾਰਟੀ ਵਾਲੇ ਵੀ ਇਨ੍ਹਾਂ ਦੇ (ਅਕਾਲੀ ਪਾਰਟੀ ਵਲ ਇਸ਼ਾਰਾ) ਭਾਈਵਾਲ ਸਨ ਪਰ ਹੁਣ ਤਾਂ ਉਨ੍ਹਾਂ ਦਾ ਇਕ ਅੱਧਾ ਬੰਦਾ ਹੀ ਆਇਆ ਹੈ।

ਡਿਪਟੀ ਸਪੀਕਰ ਸਾਹਿਬ, ਮਹਿੰਗਾਈ ਦਾ ਜ਼ਿਕਰ ਕੀਤਾ ਗਿਆ ਹੈ। ਢਾਈ ਸਾਲਾਂ ਵਿਚ ਇਨ੍ਹਾਂ ਦੇ ਰਾਜ ਵੇਲੇ 16.8 ਫੀ ਸਦੀ ਮਹਿੰਗਾਈ ਵਧੀ। ਇਸ ਦੇ ਨਾਲ ਨਾਲ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਦਸਿਆ ਗਿਆ ਹੈ ਕਿ ਖਾਣ ਪੀਣ ਵਾਲੀਆਂ ਚੀਜ਼ਾਂ ਦੀ ਮਹਿਗਾਈ ਨੂੰ ਦੂਰ ਕਰਨ ਲਈ ਇਹ ਚੀਜ਼ਾਂ ਲੋਕਾਂ ਨੂੰ ਸਸਤੇ ਰੇਟ ਤੇ ਮੁਹਈਆਂ ਕੀਤੀਆਂ ਜਾਣਗੀਆਂ ਅਤੇ ਕਾਨੂੰਨ ਵੀ ਬਹਾਲ ਰਖਿਆ ਜਾਵੇਗਾ ਪੰਜਾਬ ਵਿਚ ਮਾਤਾਵਾਂ ਅਤੇ ਭੈਣਾਂ ਦੀ ਇੱਜ਼ਤ ਨੂੰ ਮਹਿਫੂਜ਼ ਰਖਿਆ ਜਾਵੇਗਾ। ਗਵਰਨਰ ਸਾਹਿਬ ਦੇ ਭਾਸ਼ਣ ਵਿਚ ਵੀ ਲਿਖਿਆ ਗਿਆ ਹੈ ਕਿ ਅਕੀਦਤ ਅਤੇ ਪੂਜਾ ਦੇ ਖੇਤਰ ਵਿਚ ਕਿਸੇ ਨੂੰ ਦਖ਼ਲ ਅੰਦਾਜ਼ੀ ਨਹੀਂ ਕਰਨ ਦਿਤੀ ਜਾਵੇਗੀ। ਸਰਕਾਰੀ ਕਰਮਚਾਰੀਆਂ ਵਾਸਤੇ ਵੀ ਲਿਖਿਆ ਹੈ ਕਿ ਜੋ ਪੇ ਕਮਿਸ਼ਨ ਦੀ ਰਿਪੋਰਟ ਸੀ ਉਸ ਉਤੇ ਪੂਰੀ ਤਰ੍ਹਾਂ ਚਲਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਕੰਡੀ ਏਰੀਏ

Original with;
Punjab Vidhan Sabha
Digitized by;
Panjab Digital Library

ਵਾਸਤੇ 52 ਕਰੋੜ ਰੁਪਿਆ ਵਰਲਡ ਬੈਂਕ ਕੋਲੋਂ ਮਖਸੂਸ ਕੀਤਾ ਗਿਆ ਹੈ, ਇਹ ਬੜੀ ਸਰਾਹਨਾ ਯੋਗ ਗੱਲ ਹੈ।

ਡਿਪਟੀ ਸਪੀਕਰ ਸਾਹਿਬ, ਅਕਾਲੀ-ਜੰਤਾ ਪਾਰਟੀ ਦੀ ਸਰਕਾਰ ਵੇਲੇ ਸਾਡੀਆਂ ਵਿਧਵਾ ਭੈਣਾਂ ਅਤੇ ਬਜ਼ੁਰਗਾਂ ਦੀਆਂ ਪੈਨਸ਼ਨਾਂ ਬੰਦ ਕਰ ਦਿਤੀਆਂ ਗਈਆਂ ਸਨ। ਇਸ ਸਰਕਾਰ ਨੇ ਆਉਂਦੇ ਹੀ ਸਭ ਤੋਂ ਪਹਿਲਾਂ ਕੰਮ ਇਹ ਕੀਤਾ ਹੈ ਕਿ 8, 9 ਮਹੀਨਿਆਂ ਤੋਂ ਜਿਨ੍ਹਾਂ ਦੀਆਂ ਪੈਨਸ਼ਨਾਂ ਬੰਦ ਸਨ ਉਨ੍ਹਾਂ ਨੂੰ ਬਹਾਲ ਕੀਤਾ ਹੈ। ਮੈਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਅਤੇ ਨਾਲ ਹੀ ਅਰਜ਼ ਕਰਦਾ ਹਾਂ ਕਿ ਜਿਹੜਾ ਪੁਰਾਣਾ ਪ੍ਰੋਸੀਜਰ ਹੈ ਕਿ ਐਪਲੀਕੇਸ਼ਨ ਫਾਰਮ ਤੇ ਤਿੰਨ ਚਾਰ ਆਦਮੀਆਂ ਦੇ ਦਸਖਤ ਹੋਣੇ ਹਨ; ਪਹਿਲਾਂ ਐਮ.ਐਲ.ਏ. ਦਸਖਤ ਕਰੇ, ਫਿਰ ਤਹਿਸੀਲ-ਦਾਰ ਕਰੇ, ਫਿਰ ਐਸ.ਡੀ.ਐਮ. ਦਸਖਤ ਕਰੇ ਅਤੇ ਫਿਰ ਜਾ ਕੇ ਮੈਜਿਸਟਰੇਟ ਕੋਲੋਂ ਦਸਖਤ ਕਰਵਾਏ ਜਾਣ, ਇਹ ਜਿਹੜਾ ਤਰੀਕਾ ਹੈ, ਇਹ ਗਲਤ ਹੈ। ਦੋ ਤਿੰਨ ਮਹੀਨੇ ਇਸ ਕੰਮ ਨੂੰ ਲੰਘ ਜਾਂਦੇ ਹਨ। ਇਹ ਪ੍ਰੋਸੀਜਰ ਬਦਲਣਾ ਚਾਹੀਦਾ ਹੈ। ਇਸ ਪ੍ਰੋਸੀਜਰ ਨੂੰ ਸੁਖਾਲਾ ਬਣਾਉਣਾ ਚਾਹੀਦਾ ਹੈ। ਅਫਸਰਾਂ ਨੂੰ ਚਾਹੀਦਾ ਹੈ ਕਿ ਦੋ ਤਿੰਨ ਮਹੀਨੇ ਬਾਅਦ ਆਪ ਉਥੇ ਜਾ ਕੇ ਉਨ੍ਹਾਂ ਦੇ ਫਾਰਮ ਭਰਵਾ ਕੇ ਲਿਆਉਣ ਲਈ ਕੈਂਪ ਲਗਾਏ ਜਾਣ ਤਾਂ ਕਿ ਉਨ੍ਹਾਂ ਲੋਕਾਂ ਨੂੰ ਤਕਲੀਫ ਨਾ ਹੋਵੇ।

ਡਿਪਟੀ ਸਪੀਕਰ ਸਾਹਿਬ, ਮੈਂ ਇੰਡਸਟਰੀ ਦੇ ਬਾਰੇ ਵਿਚ ਅਰਜ਼ ਕਰਦਾ ਹਾਂ। ਅਕਾਲੀ-ਜਨਤਾ ਪਾਰਟੀ ਦੀ ਸਰਕਾਰ ਨੇ ਢਾਈ-ਤਿੰਨ ਸਾਲਾਂ ਵਿਚ ਕੋਈ ਹੈਵੀ ਇੰਡਸਟਰੀ ਪੰਜਾਬ ਵਿਚ ਨਹੀਂ ਲਗਵਾਈ। 1972 ਤੋਂ ਲੈ ਕੇ 1977 ਤਕ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ 16 ਵੱਡੀਆਂ ਇੰਡਸਟਰੀਆਂ ਦੇ ਲਾਇਸੈਂਸ ਲਿਆਂਦੇ ਗਏ ਸਨ। ਸਰਦਾਰ ਗੁਰਨਾਮ ਸਿੰਘ ਦੇ ਰਾਜ ਵੇਲੇ ਕੋਈ ਲਾਇਸੈਂਸ ਨਹੀਂ ਸੀ ਆ ਸਕਿਆ। 1972 ਤੋਂ ਲੈ ਕੇ 1977 ਤਕ ਦੇ ਸਮੇਂ ਦੇ ਦਰਮਿਆਨ ਇਹ ਲਾਇਸੈਂਸ ਲਿਆਂਦੇ ਗਏ। ਮੈਂ ਅਰਜ਼ ਕਰਦਾ ਹਾਂ ਕਿ ਹੁਣ ਸਾਡੀ ਸਰਕਾਰ ਆਈ ਹੈ। ਸਰਦਾਰ ਦਰਬਾਰਾ ਸਿੰਘ ਇਥੇ ਹੋਰ ਵੀ ਹੈਵੀ ਇੰਡਸਟਰੀਆਂ ਦੇ ਲਾਇਸੈਂਸ ਲਿਆਉਣ। ਜਿਸ ਤਰ੍ਹਾਂ ਸੰਗਰੂਰ, ਬਠਿੰਡਾ ਅਤੇ ਹੁਸ਼ਿਆਰਪੁਰ ਵਿਚ ਹੈਵੀ ਇੰਡਸਟਰੀ ਲਗਾਈ ਗਈ ਹੈ, ਇਸੇ ਤਰ੍ਹਾਂ ਜਲੰਧਰ ਵਾਸਤੇ ਵੀ ਕੋਈ ਇੰਡਸਟਰੀ ਲਿਆਉਣੀ ਚਾਹੀਦੀ ਹੈ। ਇਸ ਦੇ ਨਾਲ ਨਾਲ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਵੇਲੇ ਸਰੀਏ ਅਤੇ ਚੱਦਰ ਦੀ ਕੀ ਹਾਲਤ ਸੀ? ਜਿਸ ਵੇਲੇ ਐਮਰਜੈਂਸੀ ਲੱਗੀ ਸੀ ਤਾਂ ਉਸ ਵੇਲੇ ਸਰੀਆ 1,800 ਰੁਪਏ ਟਨ ਸੀ। ਲੇਕਿਨ ਐਮਰਜੈਂਸੀ ਖਤਮ ਹੋਣ ਤੋਂ ਬਾਅਦ ਅਤੇ ਉਨ੍ਹਾਂ ਦੀ ਸਰਕਾਰ ਦੇ ਆਉਣ ਤੋਂ ਬਾਅਦ ਇਹ 4,000 ਰੁਪਏ ਟਨ ਹੋ ਗਿਆ। ਇਸੇ ਤਰ੍ਹਾਂ ਹੀ ਚੱਦਰ 2,700 ਰੁਪਏ ਟਨ ਹੁੰਦੀ ਸੀ ਪਰ ਇਸ ਦੀ ਕੀਮਤ ਵੀ 4,500 ਰੁਪਏ ਟਨ ਹੋ ਗਈ। ਇਹ ਲੋਕ ਐਮਰਜੰਸੀ ਨੂੰ ਮਾੜਾ ਕਹਿੰਦੇ ਹਨ। ਇਸ ਸਮੇਂ ਦੇ ਦੌਰਾਨ ਬਾਹਰੋਂ ਬਹੁਤ ਪੈਸਾ ਆਇਆ ਸੀ। ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਇਥੇ 1,200 ਗੱਡੀਆਂ ਸਾਫਟ ਕੋਲ ਅਤੇ 1,200 ਗੱਡੀਆਂ ਹਾਰਡ ਕੋਲ ਦੀਆਂ ਲਿਆਉਣ ਲਈ ਪੰਜਾਬ ਸਰਕਾਰ ਨੇ ਰਿਕਮੈਂਡ ਕੀਤਾ ਸੀ। ਲੇਕਿਨ ਇਨ੍ਹਾਂ ਦੀ ਸਰਕਾਰ ਵੇਲੇ ਕੀ ਹੋਇਆ। (ਵਿਘਨ) ਸਟੀਮ ਕੋਲ ਦੀਆਂ ਸਿਰਫ 600 ਗੱਡੀਆਂ ਆਈਆਂ। ਉਸ ਵੇਲੇ ਇਥੇ ਵੀ ਅਤੇ ਸੈਂਟਰ ਵਿਚ ਵੀ ਇਨ੍ਹਾਂ ਦੀ ਸਰਕਾਰ ਸੀ। ਇਨ੍ਹਾਂ ਨੇ ਇੰਡਸਟਰੀ ਵਿਚ ਐਸੀ ਕੱਟ ਲਗਾਈ ਕਿ ਉਸ ਨੂੰ ਤਬਾਹ ਕਰ ਦਿਤਾ। (ਵਿਘਨ)

Original with;
Punjab Vidhan Sabha
Digitized by;
Panjab Digital Library

[ਸ੍ਰੀ ਗੁਰਦਿਆਲ ਸੈਣੀ]

ਜਿਸ ਆਦਮੀ ਦੀ ਪੰਜ ਗੱਡੀਆਂ ਦੀ ਮੰਗ ਸੀ ਉਸ ਨੂੰ ਇਕ ਗੱਡੀ ਵੀ ਨਹੀਂ ਮਿਲੀ। ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਕੋਲੇ ਦੇ ਬਾਰੇ ਵਿਚ ਜਿਤਨੀ ਡਿਮਾਂਡ ਹੈ ਉਸੇ ਹਿਸਾਬ ਨਾਲ ਕੋਲਾ ਮਿਲਣਾ ਚਾਹੀਦਾ ਹੈ। ਜੇ ਕਿਸੇ ਦੀ ਇਕ ਗੱਡੀ ਦੀ ਡਿਮਾਂਡ ਹੈ ਤਾਂ ਇਕ ਗੱਡੀ ਅਤੇ ਜੇ ਕਿਸੇ ਦੀ ਦੋ ਗੱਡੀਆਂ ਦੀ ਡਿਮਾਂਡ ਹੈ ਤਾਂ ਉਸ ਨੂੰ ਦੋ ਮਿਲਣੀਆਂ ਚਾਹੀਦੀਆਂ ਹਨ। ਅਗਰ ਰੇਲ ਰਾਹੀਂ ਵੈਗਨਾਂ ਰਾਹੀਂ ਕੋਲਾ ਪੰਜਾਬ ਵਿਚ ਨਹੀਂ ਆ ਸਕਦਾ ਤਾਂ ਬਾਈ ਰੋਡ ਲਿਆਉਣ ਦੀ ਇਜਾਜ਼ਤ ਇਥੋਂ ਦੇ ਲੋਕਾਂ ਨੂੰ ਦੇਣੀ ਚਾਹੀਦੀ ਹੈ ਤਾਕਿ ਇੰਡਸਟਰੀ ਦਾ ਬੇੜਾ ਗਰਕ ਨਾ ਹੋਵੇ।

ਡਿਪਟੀ ਸਪੀਕਰ ਸਾਹਿਬ, ਠੀਕ ਹੈ ਐਗਰੀਕਲਚਰ ਦੀ ਬਹੁਤ ਅਹਿਮੀਅਤ ਹੈ। ਐਗਰੀਕਲਚਰ ਦੇ ਨਾਲ ਇੰਡਸਟਰੀ ਦੀ ਵੀ ਬਹੁਤ ਅਹਿਮੀਅਤ ਜਿਹੜੀ ਐਗਰੀਕਲਚਰ ਨੇ ਤਰੱਕੀ ਕੀਤੀ ਹੈ ਇਸ ਵਿਚ ਇੰਡਸਟਰੀ ਦਾ ਵੀ ਬਹੁਤ ਵੱਡਾ ਹੱਥ ਹੈ।

ਡਿਪਟੀ ਸਪੀਕਰ ਸਾਹਿਬ, ਇੰਡਸਟਰੀਅਲ ਕਪੈਸਿਟੀ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਦੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਰਾਜ ਵਿਚ ਕੀ ਹੋਇਆ ਸੀ ਇੰਡਸਟਰੀਜ਼ ਦੀ ਕਪੈਸਿਟੀ ਅਸੈਸ ਹੋਈ ਸੀ ਕਿ ਫਲਾਣੀ ਫਰਮ ਦੀ ਕਿਤਨੀ ਕਪੈਸਟੀ ਹੈ। ਕਿਸੇ ਫਾਰਮ ਦੀ ਅਗਰ 100 ਦੀ ਕਪੈਸਿਟੀ ਸੀ ਤਾਂ ਜ਼ੀਰੋ ਲਾ ਕੇ ਉਸ ਦੀ ਕਪੈਸਟੀ 1000 ਅਸੈਸ ਕਰਵਾ ਲਈ। ਉਸ ਦੀਆਂ ਫੋਟੋਸਟੈਟ ਕਾਪੀਆਂ ਕਰਵਾ ਲਈਆਂ। ਇਸ ਤਰ੍ਹਾਂ ਗਲਤ ਕਪੈਸਟੀ ਅਸੈਸ ਕਰਕੇ ਇਨ੍ਹਾਂ ਦੇ ਵੇਲੇ ਗਲਤ ਕੰਮ ਕੀਤੇ ਗਏ। ਮੈਂ ਇਸ ਸਬੰਧ ਵਿਚ ਇਕ ਸਵਾਲ ਵੀ ਉਠਾਇਆ ਸੀ, ਉਸ ਦਾ ਜਵਾਬ ਹਾਲੇ ਤਕ ਨਹੀਂ ਆਇਆ ਕਿ ਕਿਸ ਕਿਸ ਇੰਡਸਟਰੀ ਦੀ ਕਿਤਨੀ ਕਪੈਸਟੀ ਅਸੈਸ ਹੋਈ। ਸਵਾਲ ਇਸ ਗੱਲ ਦਾ ਹੈ ਕਿ ਅਗਰ ਕਿਸੇ ਦੀ ਰਿਕੁਆਇਰਮੈਂਟ ਅਤੇ ਕਪੈਸਟੀ 2500 ਟਨ ਰਾਅ ਮੈਟੀਰੀਅਲ ਦੀ ਸੀ ਤਾਂ ਉਹ ਜ਼ੀਰੋ ਲਾ ਕੇ 25000 ਟਨ ਕਰ ਦਿਤੀ। ਇਸ ਦੇ ਵਿਚ ਇਨ੍ਹਾਂ ਨੇ ਘਪਲੇ ਕੀਤੇ। ਮੈਂ ਆਪਣੀ ਸਰਕਾਰ ਨੂੰ ਅਰਜ਼ ਕਰਾਂਗਾ ਕਿ ਇਸ ਗਲ ਦੀ ਪੜਤਾਲ ਕਰਨ ਕਿ ਕਿਉਂ ਇਸ ਤਰ੍ਹਾਂ ਹੋਇਆ। ਜਿਸ ਆਦਮੀ ਦਾ, ਜਿਸ ਵਜ਼ੀਰ ਦਾ ਅਤੇ ਜਿਸ ਅਫਸਰ ਦਾ ਇਸ ਵਿਚ ਕਸੂਰ ਹੈ। ਉਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ ਜਿਸ ਨੇ ਇਹ ਗਲਤ ਕੰਮ ਕੀਤਾ ਸੀ।

ਡਿਪਟੀ ਸਪੀਕਰ ਸਾਹਿਬ, ਫੋਕਲ ਪੁਆਇੰਟਸ ਬਾਰੇ ਮੈਂ ਅਰਜ਼ ਕਰਦਾ ਹਾਂ। ਸਾਡੀ ਸਰਕਾਰ ਵੇਲੇ ਵੀ ਬਹੁਤ ਸਾਰੇ ਫੋਕਲ ਪੁਆਇੰਟਸ ਮਿਲੇ ਸੀ। ਜਲੰਧਰ, ਡਿਸਟ੍ਰਿਕਟ ਵਿਚ ਵੀ ਫੋਕਲ ਪੁਆਇੰਟ ਮਿਲਿਆ ਸੀ, ਲੇਕਿਨ ਬਾਅਦ ਵਿਚ ਇਨ੍ਹਾਂ ਦੀ ਸਰਕਾਰ ਆਉਣ ਤੇ ਇਨ੍ਹਾਂ ਨੇ ਉਹ ਵੰਡਿਆ। ਇਸ ਦੀ ਸੀ.ਆਈ.ਡੀ. ਕੋਲੋਂ ਇਨਕੁਆਇਰੀ ਕਰਾਉਣੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਨੇ ਫੋਕਲ ਪੁਆਇੰਟ ਆਪਣੇ ਰਿਸ਼ਤੇਦਾਰਾਂ ਨੂੰ ਵੰਡ ਦਿਤੇ ਸਨ। ਮੈਂ ਚਾਹੁੰਦਾ ਹਾਂ ਕਿ ਇਸ ਦੀ ਖੁਲ੍ਹੇ ਤੌਰ ਤੇ ਇਨਕੁਆਇਰੀ ਹੋਣੀ ਚਾਹੀਦੀ ਹੈ। ਇਨ੍ਹਾਂ ਨੇ ਉਨ੍ਹਾਂ ਆਦਮੀਆਂ ਨੂੰ ਫੇਵਰ ਕੀਤਾ ਹੈ, ਜਿਨ੍ਹਾਂ ਦਾ ਪਹਿਲਾਂ ਕੋਈ ਨਾਮੋ ਨਿਸ਼ਾਨ ਨਹੀਂ ਸੀ। ਇਨ੍ਹਾਂ ਲੋਕਾਂ ਨੇ ਫੋਕਲ ਪੁਆਇੰਟਾਂ ਤੇ ਪਲਾਟਾਂ ਦੀ ਕਿਸ ਤਰ੍ਹਾਂ ਅਲਾਟਮੈਂਟ ਕੀਤੀ, ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਜਲੰਧਰ ਦੀ ਸਪੋਰਟਸ ਇੰਡਸਟਰੀ ਸਾਰੇ ਵਰਲਡ ਵਿਚ ਮਸ਼ਹੂਰ ਹੈ। ਇਸ ਨੇ ਹਿੰਦੁਸਤਾਨ ਦਾ ਨਾਂ ਉੱਚਾ ਕੀਤਾ ਹੈ। ਜਲੰਧਰ ਦੀ ਸਪੋਰਟਸ ਇੰਡਸਟਰੀ ਦਾ ਮਾਲ ਬਹੁਤ ਜ਼ਿਆਦਾ ਬਾਹਰ ਭੇਜਿਆ ਜਾਂਦਾ ਹੈ। ਇਸ ਇੰਡਸਟਰੀ ਵਿਚ ਜ਼ਿਆਦਾਤਰ ਗਰੀਬ ਹਰੀਜਨ ਕੰਮ ਕਰਦੇ ਹਨ। ਉਥੇ ਫੁੱਟਬਾਲ, ਵਾਲੀ, ਬਾਲ, ਚਿੜੀ ਛਿਕਾ ਆਦਿ ਬਣਦੇ ਹਨ। ਲੇਕਿਨ ਇਨ੍ਹਾਂ ਦੀ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਮੇਹਰਬਾਨੀ ਨਾਲ ਚਮੜਾ ਆਉਣਾ ਬੰਦ ਹੋ ਗਿਆ, 6, 6 ਮਹੀਨੇ ਉਥੇ

Original with;
Punjab Vidhan Sabha
Digitized by;
Panjab Digital Library

ਇੰਡਸਟਰੀ ਬੰਦ ਰਹੀ, ਮਜ਼ਦੂਰ ਉਥੇ ਭੁਖੇ ਮਰਦੇ ਰਹੇ, ਮੈਂ ਆਪਣੀ ਇਸ ਸਰਕਾਰ ਨੂੰ ਹੁਣ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਗਰੀਬ ਮਜ਼ਦੂਰ ਤਬਕਾ ਹੈ, ਹਰੀਜਨ ਹਨ, ਇਨ੍ਹਾਂ ਵੱਲ ਖਾਸ ਧਿਆਨ ਦਿੱਤਾ ਜਾਵੇ ਤਾਂ ਕਿ ਇਹ ਲੋਕ ਆਪਣਾ ਢਿੱਡ ਪਾਲ ਸਕਣ। ਇਹ ਇੰਡਸਟਰੀ ਬੰਦ ਨਾ ਹੋਵੇ, ਫਿਰ ਤੁਸੀ, ਡਿਪਟੀ ਸਪੀਕਰ ਸਾਹਿਬ. ਦੇਖੋ ਜਦੋਂ 1972 ਤੋਂ 1977 ਤਕ ਕਾਂਗਰਸ ਦੀ ਸਰਕਾਰ ਸੀ, ਉਦੋਂ ਚੀਜ਼ਾਂ ਦੇ ਰੇਟ ਨਹੀਂ ਵਧੇ। ਰਬੜ ਦਾ ਰੇਟ 800 ਰੁਪਏ ਕੁਇੰਟਲ ਸੀ। ਲੇਕਿਨ ਇਨ੍ਹਾਂ ਦੇ ਰਾਜ ਵਿਚ ਪਹਿਲਾਂ ਇਸ ਦਾ ਰੇਟ 1400 ਰੁਪਏ ਕੁਇੰਟਲ ਹੋ ਗਿਆ ਅਤੇ ਫਿਰ 1800 ਰੁਪਏ ਕੁਇੰਟਲ ਹੋ ਗਿਆ (ਵਿਘਨ) 900 ਰੁਪਏ ਤਕ ਬਲੈਕ ਹੁੰਦੀ ਰਹੀ। ਇਹ ਕਿਉਂ ਹੋਇਆ। ਕਿਉਂਕਿ ਇਨ੍ਹਾਂ ਦੀ ਸਰਕਾਰ ਨੇ ਇੰਡਸਟਰੀ ਵਲ ਬਿਲਕੁਲ ਧਿਆਨ ਨਹੀਂ ਦਿਤਾ। ਹੁਣ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆਈ ਹੈ। ਇਨ੍ਹਾਂ ਨੇ ਯਕੀਨ ਦਿਤਾ ਹੈ ਕਿ ਜਿਥੇ ਪਿੰਡਾਂ ਦੀ ਡਿਵੈਲਪਮੈਂਟ ਹੋਵੇਗੀ ਉਥੇ ਇਸ ਦੇ ਨਾਲ ਨਾਲ ਸ਼ਹਿਰਾਂ ਵੱਲ ਵੀ ਧਿਆਨ ਦਿਤਾ ਜਾਵੇਗਾ। ਇਨ੍ਹਾਂ ਨੇ ਡੀਜ਼ਲ ਦਾ ਕੋਟਾ ਫਿਕਸ ਕੀਤਾ। 75 ਪ੍ਰਤੀਸ਼ਤ ਡੀਜ਼ਲ ਪਿੰਡਾਂ ਵਿਚ ਦੇਣ ਲੱਗ ਪਏ ਅਤੇ ਇੰਡਸਟਰੀ ਲਈ ਸਿਰਫ 4 ਪ੍ਰਤੀਸ਼ਤ ਕੋਟਾ ਡੀਜ਼ਲ ਦਾ ਫਿਕਸ ਕੀਤਾ। ਜਿਥੇ ਡੀਜ਼ਲ ਦੀ ਬਹੁਤ ਲੋੜ ਹੈ, 5, 7 ਘੰਟੇ ਬਿਜਲੀ ਆਉਂਦੀ ਨਹੀਂ, ਬੰਦ ਰਹਿੰਦੀ ਹੈ, ਉਥੇ ਸਿਰਫ 4 ਪ੍ਰਤੀਸਤ ਕੋਟਾ ਡੀਜ਼ਲ ਦਾ ਅਲਾਟ ਕੀਤਾ ਗਿਆ। ਅਜਿਹੇ ਹਾਲਾਤ ਵਿਖ ਵਿਚ ਇੰਡਸਟਰੀ ਕਿਸ ਤਰ੍ਹਾਂ ਚਲ ਸਕਦੀ ਹੈ? ਇਨ੍ਹਾਂ ਦੇ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਰਾਜ ਵਿਚ ਹਜ਼ਾਰਾਂ ਆਦਮੀ ਕੇਵਲ ਇਸ ਕਰਕੇ ਬੇਕਾਰ ਰਹੇ ਅਤੇ ਭੁਖੇ ਮਰਦੇ ਰਹੇ ਕਿਉਂਕਿ ਨਾ ਇਡਸਟਰੀ ਨੂੰ ਬਿਜਲੀ ਮਿਲਦੀ ਸੀ ਅਤੇ ਨਾ ਹੀ ਡੀਜ਼ਲ ਮਿਲਦਾ ਸੀ।

ਇਹ ਸਾਰੀਆਂ ਇਨ੍ਹਾਂ ਦੀਆਂ ਹੀ ਬਰਕਤਾਂ ਸਨ। (ਵਿਘਨ)

**ਇਕ ਆਵਾਜ਼ :** ਹੁਣ ਖੰਡ ਸੱਤ ਰੁਪਏ ਕਿਲੋ ਹੈ।

**ਸ੍ਰੀ ਗੁਰਦਿਆਲ ਸੈਣੀ :** ਤੁਹਾਡੇ ਰਾਜ ਵਿਚ ਤਾਂ ਮੂੰਗੀ ਦੀ ਦਾਲ ਵੀ ਸੱਤ ਰੁਪਏ ਕਿਲੋ ਵਿਕ ਗਈ ਹੈ, ਤੁਸੀਂ ਖੰਡ ਦੀ ਗੱਲ ਕਰਦੇ ਹੋ? (ਹਾਸਾ)

ਹੁਣ ਮੈਂ ਨਾਨ-ਟੀਚਿੰਗ ਸਟਾਫ ਦੀ ਗੱਲ ਕਰਦਾ ਹਾਂ। ਇਕ ਤਾਂ ਗੌਰਮਿੰਟ ਦਾ ਸਟਾਫ ਹੈ ਔਰ ਦੂਸਰਾ ਪ੍ਰਾਈਵੇਟ ਕਾਲਜਾਂ ਵਿਚ ਨਾਨ-ਟੀਚਿੰਗ ਸਟਾਫ ਹੈ। ਜਿਹੜਾ ਨਾਨ ਟੀਚਿੰਗ ਸਟਾਫ ਹੈ ਉਨ੍ਹਾਂ ਦੇ ਗਰੇਡ ਵੀ ਸਰਕਾਰੀ ਕਾਲਜਾਂ ਵਾਲੇ ਹੋਣੇ ਚਾਹੀਦੇ ਹਨ ਔਰ ਉਨ੍ਹਾਂ ਦੀ ਸਿਕਿਉਰਿਟੀ ਆਫ ਸਰਵਿਸ ਹੋਣੀ ਚਾਹੀਦੀ ਹੈ।

12.20 ਬਾਅਦ ਦੁਪਹਿਰ | (ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਇਕ, ਸਪੀਕਰ ਸਾਹਿਬ, ਅਕਾਲੀ-ਜਨਤਾ ਸਰਕਾਰ ਨੇ ਹੋਰ ਕੀ ਕੀਤਾ, ਕਾਪੀਆਂ ਬੱਚਿਆਂ ਨੂੰ ਦੇਣ ਵਿਚ ਵੀ ਧੋਖਾ ਕੀਤਾ। ਕਾਗਜ਼ ਜਿਹੜਾ ਸੀ ਉਹ ਦਸ ਪੰਦਰਾਂ ਘਰਾਂ ਨੂੰ ਵੰਡ ਦਿੱਤਾ ਔਰ ਆਪ ਹੀ ਉਸ ਨੂੰ ਖਾ ਪੀ ਗਏ। ਬੱਚਿਆਂ ਨੂੰ ਕਾਪੀਆਂ ਨਹੀਂ ਮਿਲਦੀਆਂ ਰਹੀਆਂ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕਾਪੀਆਂ ਜੋ ਬਣਦੀਆਂ ਸਨ ਉਹ ਹਰਿਆਣਾ ਵਗੈਰਾ ਨੂੰ ਚਲੀਆਂ ਜਾਂਦੀਆਂ ਸਨ ਅਤੇ ਉਹ ਪਿੰਡਾਂ ਔਰ ਪੰਜਾਬ ਦੇ ਸ਼ਹਿਰਾਂ ਦੇ ਬੱਚਿਆਂ ਤਕ ਨਹੀਂ ਪੁਜੀਆਂ ਸਨ। ਇਨ੍ਹਾਂ ਦੇ ਆਪਣੇ ਆਦਮੀ ਹੀ ਕਾਗਜ਼ ਖਾ ਜਾਂਦੇ ਸਨ। ਇਸ ਲਈ ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਅਰਜ਼ ਕਰਾਂਗਾ ਕਿ ਜਿਹੜਾ ਕਾਪੀਆਂ ਸਪਲਾਈ ਕਰਨ ਦਾ ਮਸਲਾ ਹੈ ਇਸ ਨੂੰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੁਰਦਿਆਲ ਸੈਣੀ]

ਹੱਲ ਕਰਨਾ ਚਾਹੀਦਾ ਹੈ। ਇਕ ਕਾਪੀਆਂ ਬਨਾਉਣ ਵਾਲੀ ਇੰਡਸਟਰੀ ਲਗਾਉਣੀ ਚਾਹੀਦੀ ਹੈ ਤਾਂਕਿ ਇਹ ਪ੍ਰਾਬਲਮ ਹੱਲ ਹੋ ਸਕੇ।

ਸਪੀਕਰ ਸਾਹਿਬ, ਜਿਸ ਵੇਲੇ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਸੀ ਅਤੇ ਉਸ ਸਰਕਾਰ ਵਿਚ ਸ੍ਰੀ ਹੰਸ ਰਾਜ ਸ਼ਰਮਾ ਜੀ ਲੋਕਲ ਗੌਰਮਿੰਟ ਮਨਿਸਟਰ ਸਨ ਉਨ੍ਹਾਂ ਨੇ ਸ਼ਹਿਰਾਂ ਵਿਚ ਜੋ ਰੇਟ ਵਾਟਰ ਸਪਲਾਈ ਦਾ ਬਣਾਇਆ ਸੀ ਉਹੀ ਬਾਅਦ ਵਿਚ ਹੋਣਾ ਚਾਹੀਦਾ ਸੀ। ਲੇਕਿਨ ਹੋਇਆ ਕੀ ਕਿ ਇਨ੍ਹਾਂ ਸਾਹਮਣੇ ਬੈਠੇ ਵੀਰਾਂ ਵੇਲੇ ਉਹ ਰੇਟ ਵਧਾ ਦਿਤਾ ਗਿਆ। ਮੇਰੀ ਅਰਜ਼ ਹੈ ਕਿ ਇਸ ਨੂੰ ਵੀ ਪਹਿਲੇ ਵਾਲਾ ਕਰਨਾ ਚਾਹੀਦਾ ਹੈ। ਫਿਰ ਸਾਡੀ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਸੀ ਕਿ ਜਿਹੜਾ ਆਦਮੀ ਖੁਦ ਆਪਣੇ ਮਕਾਨ ਵਿਚ ਰਹਿੰਦਾ ਹੈ ਉਸ ਤੇ ਹਾਊਸ ਟੈਕਸ ਨਹੀਂ ਲੱਗੇਗਾ ਪਰ ਇਨ੍ਹਾਂ ਨੇ ਉਹ ਵੀ ਲਗਾ ਦਿਤਾ। ਜਿਹੜਾ ਅੱਧੇ ਮਕਾਨ ਵਿਚ ਰਹਿੰਦਾ ਹੈ ਉਸ ਤੇ ਵੀ ਹਾਊਸ ਟੈਕਸ ਉਸੇ ਤਰ੍ਹਾਂ ਹੀ ਲਗਾ ਦਿੱਤਾ ਗਿਆ। ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ ਇਨ੍ਹਾਂ ਨੇ ਟੈਕਸਾਂ ਦਾ ਕੁਲਹਾੜਾ ਸ਼ਹਿਰਾਂ ਤੇ ਵਰਤਿਆ ਹੈ। ਇਨ੍ਹਾਂ ਨੇ ਇਕ ਹੋਰ ਵੱਡੀ ਗੱਲ ਕੀਤੀ ਹੈ, ਸਪੀਕਰ ਸਾਹਿਬ, ਜਿਹੜੀ ਤੁਹਾਡੇ ਸੁਣਨ ਵਾਲੀ ਗੱਲ ਹੈ। ਇਨ੍ਹਾਂ ਨੇ ਕੀ ਕੀਤਾ ਹੈ ਜਿਹੜਾ ਪਹਿਲਾਂ ਸਾਡੀ ਕਾਂਗਰਸ ਦੀ ਸਰਕਾਰ ਵੇਲੇ ਸਾਲ ਵਿਚ 36 ਰੁਪਏ ਟੈਕਸ ਲਗਦਾ ਸੀ ਉਸ ਨੂੰ ਵੀ ਵਧਾ ਦਿੱਤਾ। ਇਸ ਲਈ ਮੇਰੀ ਮੰਗ ਹੈ ਕਿ ਜਿਹੜਾ ਇਨ੍ਹਾਂ ਨੇ ਸਾਡੇ ਤੇ ਟੈਕਸਾਂ ਦਾ ਕੁਹਾੜਾ ਚਲਾਇਆ ਹੈ ਉਸ ਨੂੰ ਬੰਦ ਕੀਤਾ ਜਾਵੇ ਔਰ ਜੋ ਟੈਕਸ ਸੰਨ 1976 ਵਿਚ ਸਨ ਉਸ ਪੈਟਰਨ ਤੇ ਹੀ ਹੁਣ ਲਗਾਏ ਜਾਣ। ਮੈਂ ਇਕੱਲੇ ਜਲੰਧਰ ਸ਼ਹਿਰ ਦੀ ਹੀ ਗੱਲ ਨਹੀਂ ਕਰਦਾ ਸਾਰੇ ਪੰਜਾਬ ਦੇ ਲੋਕ ਹੀ ਟੈਕਸਾਂ ਦੇ ਭਾਰ ਨਾਲ ਰੋ ਰਹੇ ਹਨ ਔਰ ਸਾਰੇ ਸ਼ਹਿਰਾਂ ਵਿਚ ਹੀ ਸੰਨ 1976 ਵਾਲੇ ਟੈਕਸ ਰਹਿਣੇ ਚਾਹੀਦੇ ਹਨ।

ਸਪੀਕਰ ਸਾਹਿਬ, ਮੈਂ ਪੁਲਿਸ ਨੂੰ ਮੁਬਾਰਕਬਾਦ ਦਿੰਦਾ ਹਾਂ। ਹੁਣ ਇਹ (ਵਿਰੋਧੀ ਧਿਰ ਵੱਲ ਇਸ਼ਾਰਾ) ਕਹਿੰਦੇ ਹਨ ਕਿ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਖਰਾਬ ਹੈ ਪਰ ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਇਨ੍ਹਾਂ ਦੇ ਰਾਜ ਵਿਚ ਕੀ ਕੁਝ ਹੋਇਆ ਹੈ? ਲਛਮਣ ਸਿੰਘ ਨੂੰ ਜਿਹੜਾ ਕਿ ਪਾਰਟੀ ਵਰਕਰ ਸੀ ਉਸ ਨੂੰ ਦਿਨ ਦਿਹਾੜੇ ਹੀ ਕਤਲ ਕੀਤਾ ਗਿਆ। ਇਹ ਹਾਲਤ ਇਨ੍ਹਾਂ ਦੇ ਵੇਲੇ ਲਾਅ ਐਂਡ ਆਰਡਰ ਦੀ ਸੀ। ਸਾਡੀ ਕਾਂਗਰਸ ਰਾਜ ਦੀ ਹਿਸਟਰੀ ਵੇਖ ਲਵੋ ਕਿ ਐਸ. ਡੀ. ਐਮ. ਦੀ ਕੋਰਟ ਵਿਚ ਕਦੇ ਕੋਈ ਕਿਸੇ ਨੇ ਐਮ. ਐਲ. ਏ. ਨੂੰ ਨਹੀਂ ਕੁਟਿਆ। ਇਹ ਆਪਣੇ ਵੇਲੇ ਦੀਆਂ ਗੱਲਾਂ ਛੇਤੀ ਹੀ ਭੁਲ ਗਏ ਹਨ। ਜੇਕਰ ਇਹ ਲੋਕ ਇਕ ਐਮ. ਐਲ. ਏ. ਨੂੰ ਮਹਿਫੂਜ਼ ਨਹੀਂ ਰੱਖ ਸਕੇ ਤਾਂ ਉਸ ਵੇਲੇ ਲੋਕਾਂ ਦਾ ਕੀ ਹਾਲ ਹੋਣਾ ਹੈ? ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਇਕ ਮੇਰੀ ਬੇਨਤੀ ਹੋਰ ਹੈ ਕਿ ਜਿਹੜੀਆਂ ਪੁਲਿਸ ਥਾਣਿਆਂ ਵਿਚ ਜ਼ਿਮਨੀਆਂ ਲਿਖੀਆਂ ਜਾਂਦੀਆਂ ਹਨ ਉਹ ਨਹੀਂ ਲਿਖਣੀਆਂ ਚਾਹੀਦੀਆਂ। ਕੋਈ ਹੋਰ ਪੈਟਰਨ ਲੈ ਲਓ, ਬੰਬਈ ਦਾ ਪੈਟਰਨ ਲੈ ਲਓ ਜਾਂ ਕੋਈ ਹੋਰ ਲੈ ਲਵੋ ਕਿਉਂਕਿ ਏ. ਐਸ. ਆਈ. ਔਰ ਥਾਣੇਦਾਰ ਇਸੇ ਕੰਮ ਤੇ ਹੀ ਲੱਗੇ ਰਹਿੰਦੇ ਹਨ। ਉਨ੍ਹਾਂ ਨੇ ਜ਼ਿਮਨੀ ਲਿਖੀ ਔਰ ਚਲੇ ਗਏ। ਇਕ ਵੱਡੀ ਗੱਲ ਹੋਰ ਵੀ ਹੈ ਕਿ ਥਾਣਿਆਂ ਵਿਚ ਇਸ ਵੇਲੇ ਕਾਗਜ਼ਾਂ ਲਈ ਸਿਰਫ ਦੋ ਰੁਪਏ ਮਿਲਦੇ ਹਨ। ਦੋ ਰੁਪਏ ਦਾ ਜੋ ਕਾਗਜ਼ ਮਿਲਦਾ ਹੈ ਉਸ ਨਾਲ ਕੀ ਹੁੰਦਾ ਹੈ ਕਿ ਜੇਕਰ ਕੋਈ ਆਦਮੀ ਬਾਹਰੋਂ ਆਉਂਦਾ ਹੈ ਤਾਂ ਉਥੇ ਕਾਗਜ਼ ਨਹੀਂ ਹੁੰਦਾ ਔਰ ਉਸ ਆਦਮੀ ਨੂੰ ਥਾਣੇਦਾਰ ਕਹਿੰਦਾ ਹੈ ਕਿ ਬਜ਼ਾਰੋਂ ਕਾਗਜ਼ ਫੜ ਲਿਆ। ਇਸ ਲਈ ਮੈਂ ਕਹਿੰਦਾ ਹਾਂ ਕਿ ਥਾਣਿਆਂ ਵਿਚ ਕਾਗਜ਼ਾਂ ਵਾਸਤੇ ਪੈਸੇ ਜ਼ਿਆਦਾ ਹੋਣੇ ਚਾਹੀਦੇ ਹਨ। ਇਸ

Original with;
Punjab Vidhan Sabha
Digitized by;
Panjab Digital Library

ਦੇ ਨਾਲ ਹੀ ਇਕ ਹੋਰ ਗੱਲ ਵੀ ਹੈ ਕਿ ਸਿਪਾਹੀ ਦਾ, ਏ. ਐਸ. ਆਈ. ਦਾ ਔਰ ਸਬ-ਇਨਸਪੈਕਟਰ ਦਾ ਸਕੇਲ ਵਧਾਉਣਾ ਚਾਹੀਦਾ ਹੈ। ਉਨ੍ਹਾਂ ਦਾ ਸਕੇਲ ਸਿਪਾਹੀ ਜਿਤਨਾ ਹੈ। ਇਕ ਹੋਰ ਗਲ ਹੈ ਕਿ ਅੱਜ ਕਲ੍ਹ ਚੋਰਾਂ ਕੋਲ ਤਾਂ ਕਾਰਾਂ ਹਨ ਪਰ ਕਈਆਂ ਥਾਣਿਆਂ ਵਿਚ ਸਾਈਕਲ ਵੀ ਨਹੀਂ ਹਨ। ਸਾਡੀ ਸਰਕਾਰ ਨੇ ਜੀਪਾਂ ਦਿਤੀਆਂ ਸਨ ਲੇਕਿਨ ਮੈਂ ਸਮਝਦਾ ਹਾਂ ਕਿ ਜਿਹੜਾ ਇਸ ਦੇ ਵਾਸਤੇ ਡੀਜ਼ਲ ਦਾ ਖਰਚਾ ਹੈ ਉਹ ਵੀ ਵਧਾਉਣਾ ਚਾਹੀਦਾ ਹੈ ਤਾਂਕਿ ਜਿਥੇ ਜੀਪਾਂ ਹਨ ਉਨ੍ਹਾਂ ਨੂੰ ਠੀਕ ਤਰੀਕੇ ਨਾਲ ਵਰਤਿਆ ਜਾ ਸਕੇ ਔਰ ਚੋਰ ਉਚੱਕੇ ਫੜੇ ਜਾ ਸਕਣ। (ਵਿਘਨ)

ਸਪੀਕਰ ਸਾਹਿਬ, ਬੱਸ ਮੈਂ ਥੋੜ੍ਹੀਆਂ ਹੋਰ ਗੱਲਾਂ ਕਰਕੇ ਬੈਠ ਜਾਵਾਂਗਾ। ਇਨ੍ਹਾਂ ਦੀ ਸਰਕਾਰ ਵੇਲੇ ਜ਼ਮੀਨਾਂ ਤੇ ਨਾਜਾਇਜ਼ ਕਬਜ਼ੇ ਕੀਤੇ ਗਏ ਹਨ। ਇਸ ਲਈ ਮੈਂ ਤਾਂ ਇਸ ਮਾਮਲੇ ਵਿਚ ਇਹੀ ਕਹਾਂਗਾ ਕਿ ਜਿਸ ਨੂੰ ਕਾਨੂੰਨ ਕਹਿੰਦਾ ਹੈ ਉਸ ਦਾ ਕਬਜ਼ਾ ਹੋਣਾ ਚਾਹੀਦਾ ਹੈ, ਜ਼ਬਰਦਸਤੀ ਜਿਹੜੇ ਕਬਜ਼ੇ ਹਨ ਉਹ ਨਹੀਂ ਰਹਿਣੇ ਚਾਹੀਦੇ। ਜਿਹੜੇ ਲੋਕ ਇਸ ਤਰ੍ਹਾਂ ਨਾਲ ਨਾਜਾਇਜ਼ ਕਬਜ਼ੇ ਕਰੀ ਬੈਠੇ ਹਨ ਉਨ੍ਹਾਂ ਨੂੰ ਇਹ ਖਜ਼ਾਨੇ ਵਿਚੋਂ ਪੈਸੇ ਦੇ ਕੇ ਆਏ ਹਨ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) (ਵਿਰੋਧੀ ਧਿਰ ਵੱਲੋਂ ਆਵਾਜ਼ਾਂ: ਗਲਤ ਗੱਲ ਹੈ, ਝੂਠ ਹੈ। ਕਿਸੇ ਨੇ ਪੈਸਾ ਨਹੀਂ ਦਿੱਤਾ।)

ਸਪੀਕਰ ਸਾਹਿਬ, ਮੈਂ ਇਕ ਪਿੰਡ ਦੀ ਗੱਲ ਦੱਸਦਾ ਹਾਂ। ਉਥੇ ਦੇ ਲੋਕ ਬੜੇ ਗਰੀਬ ਹਨ। ਉਥੇ ਇਕ ਛੱਪੜ ਹੈ ਉਥੇ ਗਊਆਂ ਪਾਣੀ ਪੀਂਦੀਆਂ ਹਨ। ਫਿਰ ਗਊਆਂ ਦੇ ਦੁੱਧ ਵਿਚੋਂ ਕੀੜੇ ਨਿਕਲਦੇ ਹਨ ਕਿਉਂਕਿ ਪਾਣੀ ਬਹੁਤ ਹੀ ਗੰਦਾ ਹੈ। ਇਸ ਲਈ ਮੈਂ ਕਹਾਂਗਾ ਕਿ ਐਸੇ ਪਿੰਡਾਂ ਵਿਚ ਸੀਵਰੇਜ ਸਕੀਮ ਚਾਲੂ ਹੋਣੀ ਚਾਹੀਦੀ ਹੈ।

ਇਕ ਵੱਡੀ ਗੱਲ ਹੋਰ ਹੈ ਕਿ ਸੜਕਾਂ ਵਾਸਤੇ ਪਿੰਡਾਂ ਲਈ ਤਾਂ ਮਾਰਕਿਟ ਕਮੇਟੀਆਂ ਜਾਂ ਬੀ. ਐਂਡ ਆਰ. ਪੈਸੇ ਖਰਚ ਦਿੰਦਾ ਹੈ ਪਰ ਮਿਉਂਸਿਪਲ ਕਮੇਟੀਆਂ ਪਾਸ ਸ਼ਹਿਰਾਂ ਵਿਚ ਇਤਨਾ ਪੈਸਾ ਨਹੀਂ ਹੁੰਦਾ ਕਿ ਉਹ ਸੜਕਾਂ ਠੀਕ ਰਖ ਸਕਣ। ਇਸ ਲਈ ਮੈਂ ਪੰਜਾਬ ਸਰਕਾਰ ਪਾਸੋਂ ਮੰਗ ਕਰਦਾ ਹਾਂ ਕਿ ਮਿਉਂਸਿਪਲ ਕਮੇਟੀਆਂ ਨੂੰ ਜ਼ਿਆਦਾ ਫੰਡਜ਼ ਦੇਣੇ ਚਾਹੀਦੇ ਹਨ। ਇਹ ਮੇਰੀ ਮੰਗ ਹੈ। ਜਿਸ ਤਰ੍ਹਾਂ ਸਾਡੀ ਪਿਛਲੀ ਕਾਂਗਰਸ ਸਰਕਾਰ ਵੇਲੇ ਜਲੰਧਰ ਸ਼ਹਿਰ ਵਿਚ ਲਾਇਲਪੁਰ ਖਾਲਸਾ ਕਾਲਜ ਪਾਸ ਦੀ ਲੰਘਦੀ ਸੜਕ ਵੱਡੀ ਬਣਾਈ ਸੀ ਇਸੇ ਤਰ੍ਹਾਂ ਹੀ ਕਪੂਰਥਲਾ ਰੋਡ ਵੀ ਵੱਡੀ ਕਰਨੀ ਚਾਹੀਦੀ ਹੈ।

ਇਨ੍ਹਾਂ ਸ਼ਬਦਾਂ ਨਾਲ ਮੈਂ ਗਵਰਨਰ ਸਾਹਿਬ ਦੇ ਐਡਰੈਸ ਤੇ ਜੋ ਧੰਨਵਾਦ ਦਾ ਮਤਾ ਆਇਆ ਹੈ ਉਸ ਦੇ ਬਾਰੇ ਸਰਕਾਰ ਨੂੰ ਵਧਾਈ ਦਿੰਦਾ ਹਾਂ ਔਰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਵੀਹ ਸੂਤਰੀ ਪ੍ਰੋਗਰਾਮ ਨੂੰ ਲਾਗੂ ਕਰੇ।

## EXTENSION OF TIME OF THE SITTING

(ਇਸ ਸਮੇਂ ਸ੍ਰੀ ਸੇਵਾ ਰਾਮ ਜੀ ਬੋਲਣ ਲਈ ਖੜ੍ਹੇ ਹੋਏ।)

**ਸ੍ਰੀ ਸਪੀਕਰ :** ਸੇਵਾ ਰਾਮ ਜੀ, ਇਕ ਮਿੰਟ ਜ਼ਰਾ ਠਹਿਰਨਾ। ਅਗਰ ਹਾਊਸ ਦੀ ਇਜਾਜ਼ਤ ਹੋਵੇ ਤਾਂ ਹਾਊਸ ਦੀ ਸਿਟਿੰਗ ਦਾ ਸਮਾਂ ਇਕ ਘੰਟਾ ਵਧਾ ਦਿਤਾ ਜਾਵੇ ?

(ਆਵਾਜ਼ਾਂ ; ਠੀਕ ਹੈ ਜੀ)

**ਸ੍ਰੀ ਸਪੀਕਰ :** ਹਾਊਸ ਦੀ ਸਿਟਿੰਗ ਦਾ ਸਮਾਂ ਇਕ ਘੰਟਾ ਵਧਾਇਆ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

## DISCUSSION ON GOVERNOR'S ADDRESS (*Resumption*)

**श्री सेवा राम (अमृतसर पश्चिमी) :** स्पीकर साहिब, पंजाब मे अकाली-जनता राज में एक नुकातो प्रोग्राम था यानी सयासी मुखालिफों के खिलाफ झूठे मुकद्दमें बनाये गये । लाकानूनी, समगलिंग, ऐंटी कुरप्पशन पालिसी का यहां दौर था । अभी मेरे साथियों ने, बादल जी ने हरिजनों के लिए बढ़े आंसु बहाये ।

(ਇਸ ਵੇਲੇ ਮੈਂਬਰ ਸਾਹਿਬ ਨੇ ਹਿੰਦੀ ਦੀ ਥਾਂ ਤੇ ਪੰਜਾਬੀ ਵਿਚ ਬੋਲਣਾ ਸ਼ੁਰੂ ਕਰ ਦਿਤਾ)

ਲੇਕਿਨ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਟਿਆਲੇ ਦੇ ਅੰਦਰ ਜਦੋਂ ਇਕ ਹਰੀਜਨ ਭੈਣ ਦੀ ਇੱਜ਼ਤ ਲੁੱਟੀ ਗਈ ਔਰ ਜਿਸ ਦਾ ਸਾਰੇ ਪੰਜਾਬ ਵਿਚ ਸ਼ੋਰ ਮਚਿਆ ਪਰ ਬਾਦਲ ਸਾਹਿਬ ਦੀ ਸਰਕਾਰ ਨੇ ਉਸ ਦੀ ਇਨਕੁਆਇਰੀ ਕਰਾਉਣ ਤੋਂ ਇਨਕਾਰ ਕਿਉਂ ਕਰ ਦਿਤਾ ? ਹਰੀਜਨਾਂ ਦੀ ਨਾਕਾਬੰਦੀ ਕੀਤੀ ਗਈ, ਉਨ੍ਹਾਂ ਤੇ ਜ਼ੁਲਮ ਕੀਤਾ ਜਾਂਦਾ ਰਿਹਾ ਪਰ ਬਾਦਲ ਸਾਹਿਬ ਦੀ ਸਰਕਾਰ ਨੂੰ ਉਨ੍ਹਾਂ ਨਾਲ ਕੋਈ ਹਮਦਰਦੀ ਨਾ ਹੋਈ। ਜਲੰਧਰ ਔਰ ਫਗਵਾੜਾ ਵਿਚ ਮਹਾਤਮਾ ਗਾਂਧੀ ਦੇ ਬੁਤ ਦਾ ਅਪਮਾਨ ਕੀਤਾ ਗਿਆ ਪਰ ਉਸ ਦੇ ਮੁਲਜ਼ਮਾਂ ਨੂੰ ਇਹ ਨਾ ਫੜ ਸਕੇ। ਸੈਂਟਰ ਵਿਚ ਜਦੋਂ ਜਨਤਾ ਅਕਾਲੀ ਸਰਕਾਰ ਬਣੀ ਸੀ ਤਾਂ ਇਹ ਮਹਾਤਮਾ ਗਾਂਧੀ ਦੀ ਸਮਾਧ ਤੇ ਜਾਕੇ ਇਸ ਗਲ ਦੀ ਕਸਮ ਖਾਕੇ ਆਏ ਸਨ ਕਿ ਅਸੀਂ ਮਹਾਤਮਾ ਗਾਂਧੀ ਦੇ ਅਸੂਲਾਂ ਤੇ ਚਲਾਂਗੇ ਪਰ ਜਦੋਂ ਪੰਜਾਬ ਵਿਚ ਗਾਂਧੀ ਜੀ ਦੇ ਬੁਤ ਦਾ ਅਪਮਾਨ ਕੀਤਾ ਗਿਆ ਤਾਂ ਇਹ ਉਸ ਦੇ ਮੁਲਜ਼ਮਾਂ ਨੂੰ ਪਕੜ ਤਕ ਨਾ ਸਕੇ। ਹਿੰਦੂ ਸਿਖਾਂ ਦੇ ਆਪਸ ਵਿਚ ਇਨ੍ਹਾਂ ਨੇ ਝਗੜੇ ਕਰਵਾਏ । ਕੋਈ ਇਨਕੁਆਇਰੀ ਨਹੀਂ ਹੋਈ ਜਲੰਧਰ ਵਿਚ ਸੋਢਲ ਮੰਦਰ ਤੇ ਜੋ ਹਾਲ ਹੋਇਆ ਉਹ ਤੁਹਾਨੂੰ ਵੀ ਪਤਾ ਹੈ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ। ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਸਾਫ ਸੁਥਰੀ ਐਡਮਨਿਸਟਰੇਸ਼ਨ ਦਿਆਂਗੇ ਪਰ ਜਿਸ ਤਰੀਕੇ ਨਾਲ ਐਡਮਨਿਸਟਰੇਸ਼ਨ ਦਾ ਹਾਲ ਕੀਤਾ ਗਿਆ ਉਹ ਸਭ ਨੂੰ ਪਤਾ ਹੈ। ਹਿੰਦੂਆਂ ਦੇ ਮੰਦਰਾਂ ਤੇ ਜਿਸ ਤਰੀਕੇ ਨਾਲ ਕਬਜ਼ੇ ਕੀਤੇ ਜਾਂਦੇ ਰਹੇ ਉਹ ਸਭ ਨੂੰ ਪਤਾ ਹੈ। ਇਨ੍ਹਾਂ ਨੇ ਜਿਸ ਵੇਲੇ ਮਨਿਸਟਰੀ ਬਣਾਈ ਸੀ ਤਾਂ ਉਸ ਵੇਲੇ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਇਹ ਸੌਂਹ ਖਾਧੀ ਸੀ ਕਿ ਅਸੀਂ ਪੰਜਾਬ ਨੂੰ ਸਾਫ਼ ਸੁਥਰੀ ਐਡਮਨਿਸਟਰੇਸ਼ਨ ਦਿਆਂਗੇ ਲੇਕਿਨ ਕਿਸ ਤਰੀਕੇ ਨਾਲ ਝੂਠੇ ਕੇਸ ਸਿਆਸੀ ਆਦਮੀਆਂ ਦੇ ਖਿਲਾਫ ਬਣਾਏ ਗਏ। (ਵਿਘਨ)

(ਇਸ ਵੇਲੇ ਕਈ ਅਕਾਲੀ ਮੈਂਬਰਜ਼ ਬੋਲ ਰਹੇ ਸਨ ਅਤੇ ਹਾਊਸ ਵਿਚ ਬਹੁਤ ਸ਼ੋਰ ਸੀ)

**Shri Gopal Krishan Chatrath:** Mr. Speaker, Rule 90(ii) and (ix) of the Rules of Procedure and Conduct of Business in the Punjab Vidhan Sabha (Punjab Legislative Assembly) read as under :—

"Whilest the House is sitting, a member—

(ii) shall not interrupt any Member while speaking by disorderly expression or noises or in any other disorderly manner ;

(ix) shall not obstruct proceedings, his or interrupt and shall not make running commentaries when speeches are being made in the House".

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਰੂਲਜ਼ ਵਿਚ ਸਾਫ ਲਿਖਿਆ ਹੈ ਕਿ ਜਦੋਂ ਕੋਈ ਮੈਂਬਰ ਤਕਰੀਰ ਕਰ ਰਿਹਾ ਹੋਵੇ ਤਾਂ ਉਸ ਵਿਚ ਕੋਈ ਮੈਂਬਰ ਦਖ਼ਲ ਅੰਦਾਜ਼ੀ ਨਹੀਂ ਕਰ ਸਕਦਾ। ਰਨਿੰਗ ਕਮੈਂਟਰੀ ਨਹੀਂ ਕਰ ਸਕਦਾ। ਮੈਂ ਤੁਹਾਡੇ ਰਾਹੀਂ ਉਨ੍ਹਾਂ ਮੈਂਬਰ ਸਾਹਿਬਾਨ ਨੂੰ ਅਪੀਲ ਕਰਾਂਗਾ, ਜਿਹੜੇ ਬੈਠੇ ਬੈਠੇ ਬੋਲ ਰਹੇ ਹਨ, ਕਿ ਉਹ ਦਖਲ ਅੰਦਾਜ਼ੀ ਨਾ ਕਰਨ। ਮੈਂ ਇਨ੍ਹਾਂ ਦੀ ਪਾਰਟੀ ਦੇ ਲੀਡਰ ਨੂੰ ਵੀ ਦਰਖਾਸਤ ਕਰਾਂਗਾ ਕਿ ਉਹ ਇਨ੍ਹਾਂ ਤੇ ਕੰਟਰੋਲ ਕਰਨ। ਜੇ ਅਸੀਂ ਇਥੇ ਆਏ ਹਾਂ ਤਾਂ ਅਸੀਂ ਲੋਕਾਂ ਨੂੰ ਇਹ ਇਮਪਰੈਸ਼ਨ ਦੇਣਾ ਹੈ ਕਿ ਉਨ੍ਹਾਂ ਦੇ ਹੱਕਾਂ ਲਈ ਅਸੀਂ ਕੁਝ ਕੀਤਾ ਹੈ ਇਨ੍ਹਾਂ ਇਲੈਕਸ਼ਨਾਂ ਵਿਚ ਲੋਕਾਂ ਨੇ ਸਾਨੂੰ ਚੁਣ ਕੇ ਇਥੇ ਭੇਜਿਆ ਹੈ, ਇਸ ਲਈ ਸਾਨੂੰ ਜਾਇਜ਼ ਗਲ ਕਰ ਲੈਣ ਦੇਣੀ ਚਾਹੀਦੀ ਹੈ।

**ਸ੍ਰੀ ਸਪੀਕਰ**: ਮੈਂ ਤਾਂ ਪਹਿਲੇ ਵੀ ਕਿਹਾ ਹੈ ਕਿ ਜਦੋਂ ਕੋਈ ਮੈਂਬਰ ਬੋਲ ਰਿਹਾ ਹੋਵੇ ਤਾਂ ਵਿਚ ਇੰਟਰਪਟ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਕਰਨ ਨਾਲ ਬਹਿਸ ਦਾ ਸਵਾਦ ਨਹੀਂ ਆਏਗਾ।

**श्री सेवा राम**: मैं यह अर्ज़ करना चाहता हूं कि निरंकारियों पर जो हमला हुआ और उस के बाद जो जलसे अकाली पार्टी ने किये उस में बादल साहिब आप मौजूद थे। जलसे में संत भिंडरांवाले ने कहा कि ਅਸੀਂ ਨਿਰੰਕਾਰੀ ਬਾਬੇ ਦਾ ਸਿਰ ਵੱਢ ਕੇ ਲੈ ਆਵਾਂਗੇ ਪਰ ਉਸ ਸਮੇਂ ਦੀ ਬਾਦਲ ਸਾਹਿਬ ਦੀ ਸਰਕਾਰ ਨੇ ਕੁਝ ਨਹੀਂ ਕੀਤਾ ਬਲਿਕ ਉਨ੍ਹਾਂ ਨੂੰ ਸ਼ਹਿ ਦਿਤੀ।

**ਸਰਦਾਰ ਆਤਮਾ ਸਿੰਘ**: ਸਪੀਕਰ ਸਾਹਿਬ, ਜਿਹੜੇ ਸੱਜਣ ਹਾਊਸ ਵਿਚ ਹਾਜ਼ਰ ਨਹੀਂ ਹਨ ਉਨ੍ਹਾਂ ਦਾ ਨਾਂ ਮੈਂਬਰ ਸਾਹਿਬ ਨਹੀਂ ਲੈ ਸਕਦੇ। ਇਹ ਠੀਕ ਨਹੀਂ।

**ਸ੍ਰੀ ਸਪੀਕਰ**: ਨਾਂ ਤਾਂ ਕਿਸੇ ਦਾ ਨਹੀਂ ਲਿਆ। (ਵਿਘਨ)

**ਸਰਦਾਰ ਆਤਮਾ ਸਿੰਘ**: ਇਨ੍ਹਾਂ ਨੇ ਸੰਤ ਭਿੰਡਰਾਂ ਵਾਲੇ ਨੂੰ ਕੋਟ ਕੀਤਾ ਹੈ। (ਵਿਘਨ)

**ਸ੍ਰੀ ਸੇਵਾ ਰਾਮ**: ਨਿਰੰਕਾਰੀਆਂ ਦੇ ਖਿਲਾਫ ਕੇਸ ਬਣਾਏ ਗਏ ਅਤੇ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ ਰਿਹਾ। ਫਿਰ ਸਪੀਕਰ ਸਾਹਿਬ, ਸਰਦਾਰ ਬਲਦੇਵ ਸਿੰਘ ਜਿਹੜਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਖਿਲਾਫ ਇਲੈਕਸ਼ਨ ਲੜਦਾ ਸੀ ਭਾਵੇਂ ਉਹ ਚੋਣ ਹਾਰ ਗਿਆ ਪਰ ਉਸਤੇ ਕਈ ਕੇਸ ਬਣਾਏ ਜਾਂਦੇ ਰਹੇ। ਪੁਲਿਸ ਨੇ ਉਸ ਦੇ ਖਿਲਾਫ 60, 70 ਕੇਸ ਬਣਾਏ। ਬਾਦਲ ਸਾਹਿਬ ਨੇ ਉਥੇ ਐਸਾ ਇਨਸਪੈਕਟਰ ਲਾਇਆ ਜਿਸ ਨੂੰ ਕਿਹਾ ਗਿਆ ਸੀ ਕਿ ਜਿਸ ਵੇਲੇ ਵੀ ਬਲਦੇਵ ਸਿੰਘ ਇਥੇ ਆਏ ਉਸ ਨੂੰ ਗੋਲੀ ਮਾਰ ਦਿਤੀ ਜਾਵੇ। ਇਸ ਤਰੀਕੇ ਨਾਲ ਉਸਤੇ ਹਮਲਾ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਕਿੰਨੀ ਗਲਤ ਬਿਆਨੀ ਕਰ ਰਹੇ ਹਨ। ਕੀ ਕੋਈ ਚੀਫ ਮਨਿਸਟਰ ਹੁੰਦੇ ਹੋਇਆਂ ਇਸ ਤਰ੍ਹਾਂ ਕਹਿ ਸਕਦਾ ਹੈ ਕਿ ਜੇ ਫਲਾਂ ਆਦਮੀ ਆਵੇ ਤਾਂ ਉਸਨੂੰ ਗੋਲੀ ਮਾਰ ਦਿਓ। ਇਹੋ ਜਿਹੀਆਂ ਗਲਤ ਗੱਲਾਂ ਕਰਨ ਦਾ ਕੋਈ ਫਾਇਦਾ ਨਹੀਂ।

**ਕਾਮਰੇਡ ਬਲਦੇਵ ਸਿੰਘ ਲੁੰਬਾ**: ਸਪੀਕਰ ਸਾਹਿਬ, ਆਨਰੇਬਲ ਮੈਂਬਰ ਕਦੇ ਤਾਂ ਹਿੰਦੀ ਵਿਚ ਸਪੀਚ ਕਰਨਾ ਸ਼ੁਰੂ ਕਰ ਦਿੰਦੇ ਹਨ ਅਤੇ ਕਦੇ ਪੰਜਾਬੀ ਵਿਚ। ਇਨ੍ਹਾਂ ਨੂੰ ਬਾਰ ਬਾਰ ਜ਼ਬਾਨ ਨਹੀਂ ਬਦਲਣੀ ਚਾਹੀਦੀ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ**: ਉਨ੍ਹਾਂ ਨੂੰ ਹੱਕ ਹੈ ਜਿਹੜੀ ਲੈਂਗੁਏਜ ਵਿਚ ਮਰਜ਼ੀ ਬੋਲਣ।

**ਸ਼੍ਰੀ ਸੇਵਾ ਰਾਮ**: ਸਪੀਕਰ ਸਾਹਿਬ, ਖਰੜ ਦੇ ਮਜ਼ਦੂਰਾਂ ਵਿਚ ਗੋਲੀ ਚਲਾਈ ਗਈ ਲੇਕਿਨ ਸਰਕਾਰ ਵਲੋਂ ਉਸ ਵੇਲੇ ਕੋਈ ਕਾਰਵਾਈ ਨਹੀਂ ਕੀਤੀ ਗਈ। ਸਮੱਗਲਿੰਗ ਖੁਲ੍ਹੇ ਆਮ ਹੁੰਦੀ ਰਹੀ, ਅਕਾਲੀ ਹਾਈ ਕਮਾਂਡ ਦਾ ਇਕ ਅਹੁਦੇਦਾਰ ਹੈ, ਮੈਂ ਨਾਂ ਨਹੀਂ ਲੈਣਾ ਚਾਹੁੰਦਾ, ਪਰ ਕੋਈ ਕਾਰ-ਵਾਈ ਉਸ ਦੇ ਖਿਲਾਫ ਨਹੀਂ ਕੀਤੀ ਗਈ। ਸਪੀਕਰ ਸਾਹਿਬ, ਇਕ ਥਾਣੇ ਦੇ ਅੰਦਰ ਇਕ ਕੇਸ ਦਰਜ ਹੋਇਆ ਇਸ ਦਾ ਜ਼ਿਕਰ 'ਸੂਰਿਆ' ਅਖ਼ਬਾਰ ਵਿਚ ਆਇਆ ਹੈ। ਉਥੇ ਐਫ.ਆਈ.ਆਰ. ਵੀ ਦਰਜ ਕੀਤੀ ਗਈ ਪਰ ਬਾਅਦ ਵਿਚ ਉਸ ਕੇਸ ਨੂੰ ਰਫ਼ਾ ਦਫ਼ਾ ਕਰ ਦਿੱਤਾ ਗਿਆ ਔਰ ਜੇ ਮੈਂ ਗਲਤੀ ਨਾ ਕਰਾਂ ਤਾਂ ਮੈਨੂੰ ਇਹ ਪਤਾ ਲਗਿਆ ਸੀ ਕਿ ਜ਼ਿਮਨੀ ਦੇ ਕਾਗਜ਼ ਹੀ ਫਾੜ ਦਿੱਤੇ ਗਏ ਸਨ। ਇਸ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਅਨੰਦਪੁਰ ਸਾਹਿਬ ਵਿਖੇ ਇਨ੍ਹਾਂ ਨੇ ਇਸ ਗਲ ਦੀ ਸੰਹੁ ਖਾਧੀ ਸੀ ਕਿ ਅਸੀਂ ਪੰਜਾਬ ਵਿਚ ਕੁਰੱਪਸ਼ਨ ਨਹੀਂ ਹੋਣ ਦਿਆਂਗੇ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ......

**ਮਾਸਟਰ ਬਾਬੂ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਾਰ ਬਾਰ ਇਹ ਕਹਿ ਰਹੇ ਹਨ ਕਿ ਬਾਦਲ ਸਾਹਿਬ ਨੇ ਅਨੰਦਪੁਰ ਸਾਹਿਬ ਵਿਖੇ ਸਹੁੰ ਖਾਧੀ ਸੀ ਪਰ ਹੁਣ ਦਸੋ ਸਰਦਾਰ ਦਰਬਾਰਾ ਸਿੰਘ ਜੀ ਕਿਥੇ ਜਾ ਕੇ ਕਸਮ ਖਾ ਕੇ ਆਏ ਹਨ ?

**ਸ਼੍ਰੀ ਸੇਵਾ ਰਾਮ**: ਸਪੀਕਰ ਸਾਹਿਬ, ਇਹ ਹਾਊਸ ਵਿਚ ਸ਼੍ਰੀ ਓਮ ਪ੍ਰਕਾਸ਼ ਬੱਗਾ ਨੇ ਇਕ ਇੰਡਸਟਰੀ ਮਨਿਸਟਰ ਦੇ ਖਿਲਾਫ਼ ਕੁਰੱਪਸ਼ਨ ਦੇ ਇਲਜ਼ਾਮ ਲਗਾਏ ਉਸ ਮਨਿਸਟਰ ਦੇ ਹਾਮੀ ਜਨ ਸੰਘ ਮੈਂਬਰਾਨ ਐਫੀਡੇਵਿਟ ਦੇ ਕੇ ਓਮ ਪ੍ਰਕਾਸ਼ ਬੱਗਾ ਦੇ ਖਿਲਾਫ਼ ਇਲਜ਼ਾਮ ਲਗਾਏ ਪਰ ਉਸ ਦੀ ਕੋਈ ਇਨਕੁਆਇਰੀ ਨਹੀਂ ਹੋਈ। ਉਸ ਵੇਲੇ 23 ਜਨਤਾ ਪਾਰਟੀ ਦੇ ਮੈਂਬਰਾਂ ਨੇ ਸਰਦਾਰ ਹਰਭਜਨ ਸਿੰਘ, ਉਸ ਵੇਲੇ ਦੇ ਫੂਡ ਮਨਿਸਟਰ ਦੇ ਖਿਲਾਫ਼ ਇਲਜ਼ਾਮ ਲਗਾਏ ਪਰ ਕੋਈ ਇਨਕੁਆਇਰੀ ਨਹੀਂ ਕੀਤੀ ਗਈ। ਸਰਦਾਰ ਲਖਬੀਰ ਸਿੰਘ ਨੇ ਐਜੂਕੇਸ਼ਨ ਮਨਿਸਟਰ ਦੇ ਖਿਲਾਫ਼ ਇਲਜ਼ਾਮ ਲਗਾਏ ਚੀਫ਼ ਮਨਿਸਟਰ ਨੇ ਕਹਿ ਦਿੱਤਾ ਕਿ ਕੇਸ ਪ੍ਰਾਈਮਾਫੇਸਾਈ ਸਾਬਤ ਹੋ ਗਿਆ ਹੈ ਲੇਕਿਨ ਕੋਈ ਕਾਰ-ਵਾਈ ਨਹੀਂ ਕੀਤੀ ਗਈ। ਸਰਦਾਰ ਪ੍ਰੇਮ ਸਿੰਘ ਲਾਲਪੁਰਾ ਜਿਹੜੇ ਕਿ ਅਕਾਲੀ ਪਾਰਟੀ ਦੇ ਜਨਰਲ ਸਕੱਤਰ ਹਨ, ਨੇ ਇਨ੍ਹਾਂ ਦੇ ਖਿਲਾਫ਼ ਇਕ ਮੈਮੋਰੈਂਡਮ ਪ੍ਰਾਈਮ ਮਨਿਸਟਰ ਨੂੰ ਦਿੱਤਾ ਜਿਸ ਦੀ ਕਾਪੀ ਹਿੰਦੁਸਤਾਨ ਦੇ ਹੋਮ ਮਨਿਸਟਰ ਨੂੰ ਵੀ ਦਿਤੀ ਗਈ ਪਰ ਉਸ ਤੇ ਕੋਈ ਇਨਕੁਆਇਰੀ ਨਹੀਂ ਹੋਈ। ਇਸ ਤੋਂ ਬਾਅਦ ਵੀ ਇਹ ਕਹਿੰਦੇ ਹਨ ਕਿ ਅਸੀਂ ਪੰਜਾਬ ਨੂੰ ਸਾਫ ਸੁਥਰੀ ਐਡਮਨਿਸਟਰੇਸ਼ਨ ਦਿੱਤੀ ਹੈ।

ਸਪੀਕਰ ਸਾਹਿਬ, ਸਾਡੀ ਪਿਛਲੀ ਕਾਂਗਰਸ ਸਰਕਾਰ ਨੇ ਬਿਜਲੀ ਦੀ ਕਮੀ ਦੂਰ ਕਰਨ ਵਾਸਤੇ ਡੀਜ਼ਲ ਜੈਨਰੇਟਿੰਗ ਸੈਟ ਖਰੀਦੇ ਅਤੇ ਇਕ ਜੈਨਰੇਟਿੰਗ ਸੈਟ ਦੀ ਕੀਮਤ 25 ਤੋਂ 30 ਲੱਖ ਰੁਪਏ ਸੀ ਪਰ ਇਨ੍ਹਾਂ ਨੇ ਡੀਜ਼ਲ ਜੈਨਰੇਟਿੰਗ ਸੈਟਾਂ ਨੂੰ ਇਕ ਇਕ ਲੱਖ ਰੁਪਏ ਵਿਚ ਵੇਚ ਦਿੱਤਾ ਔਰ ਜਿਨ੍ਹਾਂ ਨੇ ਉਹ ਸੈਟ ਖਰੀਦੇ ਉਨ੍ਹਾਂ ਨੇ ਫਿਰ 25 ਤੋਂ 30 ਲੱਖ ਰੁਪਏ ਵਿਚ ਵੇਚੇ। ਜੇ ਇਨ੍ਹਾਂ ਨੇ ਉਹ ਨਾ ਵੇਚੇ ਹੁੰਦੇ ਤਾਂ ਅੱਜ ਬਿਜਲੀ ਦੀ ਕਮੀ ਨਹੀਂ ਸੀ ਹੋਣੀ। ਉਨ੍ਹਾਂ ਜੈਨਰੇਟਿੰਗ ਸੈਟਾਂ ਨਾਲ ਬਿਜਲੀ ਦੀ ਕਮੀ ਪੂਰੀ ਕੀਤੀ ਜਾ ਸਕਦੀ ਸੀ।

ਸਪੀਕਰ ਸਾਹਿਬ, ਹੁਣ ਮੈਂ ਪਬਲਿਕ ਸੈਕਟਰ ਦੀ ਗੱਲ ਕਰਨਾ ਚਾਹੁੰਦਾ ਹਾਂ। ਲੁਧਿਆਣੇ ਵਿਚ ਇੱਕ ਬਹੁਤ ਵੱਡੀ ਇੰਡੀਅਨ ਫੈਕਟਰੀ ਲਗਾਈ ਗਈ ਸੀ। ਇੱਕ ਮੰਤਰੀ ਨੂੰ ਜਿਸ ਦਾ ਮੈਂ ਨਾਂ ਨਹੀਂ

Original with;
Punjab Vidhan Sabha
Digitized by;
Panjab Digital Library

ਲੈਣਾ ਚਾਹੁੰਦਾ, ਸਪੀਕਰ ਸਾਹਿਬ, ਉਸ ਵੇਲੇ ਦੀ ਸਰਕਾਰ ਨੇ ਉਸ ਫੈਕਟਰੀ ਨੂੰ ਕੌਡੀਆਂ ਦੇ ਭਾਅ ਵੇਚਿਆ ਗਿਆ। (ਸ਼ੇਮ, ਸ਼ੇਮ) ਇਸ ਤਰੀਕੇ ਨਾਲ, ਸਪੀਕਰ ਸਾਹਿਬ, ਪਬਲਿਕ ਸੈਕਟਰ ਨੂੰ ਤਬਾਹ ਕੀਤਾ ਜਾਂਦਾ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਦੇ ਬਿਜਲੀ ਬੋਰਡ ਅੰਦਰ ਜਦੋਂ 50 ਐਸ.ਡੀ.ਓ. ਨਿਯੁਕਤ ਕੀਤੇ ਗਏ ਤਾਂ ਮੈਂ ਕਿਸੇ ਦਾ ਨਾਂ ਨਹੀਂ ਲੈਣਾ ਚਾਹੁੰਦਾ, (ਵਿਘਨ) ਕੋਈ 25, 25 ਅਤੇ 30, 30 ਹਜ਼ਾਰ ਰੁਪਏ ਐਸ.ਡੀ.ਓ. ਦੀ ਨਿਯੁਕਤੀ ਲਈ ਇਲੈਕਸ਼ਨ ਫੰਡ ਦੇ ਲਿੱਤੇ ਗਏ ਸਨ। (ਸ਼ੇਮ, ਸ਼ੇਮ) ਸਪੀਕਰ ਸਾਹਿਬ, ਇਸੇ ਤਰ੍ਹਾਂ ਜਦੋਂ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਇੰਪਰੂਵਮੈਂਟ ਟਰੱਸਟ ਨੇ ਪਲਾਟ ਦਿੱਤੇ ਤਾਂ ਉਹ ਪਲਾਂਟ ਵੀ ਇਨ੍ਹਾਂ ਦੇ (ਅਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਆਪਣੇ ਚੇਲਿਆਂ ਚਾਟਿਆਂ ਨੂੰ ਹੀ ਦਿੱਤੇ ਗਏ ਸਨ। ਉਸ ਵੇਲੇ ਕੋਈ ਲਾਟਰੀ ਨਹੀਂ ਸੀ ਕੱਢੀ ਗਈ ਅਤੇ ਨਾ ਹੀ ਹੋਰ ਕਿਸੇ ਕਿਸਮ ਦੇ ਕਾਨੂੰਨ ਨੂੰ ਹੀ ਸਾਹਮਣੇ ਰਖਿਆ ਗਿਆ ਸੀ। ਅੱਜ ਇਹ ਅਕਾਲੀ ਭਰਾ ਕਹਿੰਦੇ ਹਨ ਕਿ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੁਝ ਨਹੀਂ ਹੈ। ਮੈਂ ਸਪੀਕਰ ਸਾਹਿਬ, ਕਹਿੰਦਾ ਹਾਂ ਕਿ ਗਵਰਨਰ ਐਡਰੈਸ ਵਿਚ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ, ਜੋ ਕਿ ਮਜ਼ਦੂਰਾਂ ਦੇ ਹਾਮੀ ਹਨ, ਗਰੀਬਾਂ ਦੇ ਹਾਮੀ ਹਨ, ਪਛੜੇ ਹੋਏ ਵਰਗਾਂ ਦੇ ਹਾਮੀ ਹਨ ਅਤੇ ਇੰਡਸਟਰੀ ਆਦਿ ਦੇ ਰਾਖੇ ਹਨ ਉਨ੍ਹਾਂ ਦੀ ਸਰਕਾਰ ਵਲੋਂ ਸਾਰੇ ਹਿੱਤਾਂ ਨੂੰ ਸਾਹਮਣੇ ਰਖਦੇ ਹੋਏ ਇਹ ਐਡਰੈਸ ਤਿਆਰ ਕੀਤਾ ਗਿਆ ਹੈ। ਮੈਨੂੰ ਅਫਸੋਸ ਵੀ ਹੁੰਦਾ ਹੈ ਅਤੇ ਅਕਾਲੀ ਭਰਾਵਾਂ ਤੇ ਰਹਿਮ ਵੀ ਆਉਂਦਾ ਹੈ ਕਿ ਅੱਜ ਉਹ ਕਿਸ ਤਰ੍ਹਾਂ ਦੀ ਵਕਾਲਤ ਕਰਦੇ ਹਨ। (ਵਿਘਨ) (ਸ਼ੋਰ)

ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਦੇ ਸਾਬਕਾ ਮੁੱਖ ਮੰਤਰੀ ਜੀ ਦੀ ਐਂਟੀ ਲੇਬਰ ਪਾਲਿਸੀ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਪੁਰਾਣੀ ਅਕਾਲੀ ਸਰਕਾਰ ਨੇ ਕੀ ਪਾਲਿਸੀ ਬਣਾਈ ਸੀ ਅਕਾਲੀ ਭਰਾ ਕਹਿੰਦੇ ਸਨ ਕਿ ਸਾਡੀ ਲੇਬਰ ਪਾਲਿਸੀ ਚੰਗੀ ਸੀ ਅਤੇ ਹੁਣ ਸਰਦਾਰ ਦਰਬਾਰਾ ਸਿੰਘ ਜੀ ਦੀ ਪਾਲਿਸੀ ਅਛੀ ਨਹੀਂ ਹੈ। ਲੇਕਿਨ ਇਨ੍ਹਾਂ ਦਾ ਕਹਿਣਾ ਗਲਤ ਹੈ। ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਜਿਨ੍ਹਾਂ ਦੀ ਸਰਕਾਰ ਨੇ ਮਿਨੀਮਮ ਵੇਜਿਜ਼ ਵਧਾਏ ਹਨ। ਸਪੀਕਰ ਸਾਹਿਬ ਸਾਡੀ ਸਰਕਾਰ ਨੇ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਅਤੇ ਮੰਗਾਂ ਦਾ ਨਿਪਟਾਰਾ ਕਰਨ ਲਈ ਮਹਿਕਮਾਵਾਰ ਜੇ.ਸੀ.ਐਮ. ਔਰ ਸੂਬਾ ਪੱਧਰ ਤੇ ਵੀ ਜੇ.ਸੀ.ਐਮ. ਬਣਾਉਣ ਦਾ ਫੈਸਲਾ ਪਹਿਲੀ ਵਾਰ ਕੀਤਾ ਹੈ ਅਤੇ ਉਨ੍ਹਾਂ ਦਾ ਵੀ ਪੂਰਾ ਪੂਰਾ ਖਿਆਲ ਰੱਖਣ ਦਾ ਭਰੋਸਾ ਦਿਵਾਇਆ ਹੈ। ਪਰ ਜਦੋਂ ਬਾਦਲ ਸਾਹਿਬ ਦੀ ਸਰਕਾਰ ਸੀ ਤਾਂ ਵਰਕ-ਚਾਰਜ ਨੂੰ ਹਟਾਇਆ ਗਿਆ ਅਤੇ ਪੰਜ ਸਾਲ ਦੀ ਸੇਵਾ ਕਰਨ ਵਾਲੇ ਵਰਕ-ਚਾਰਜ ਨੂੰ ਜੋ ਰੈਗੂਲਰ ਕਰਨ ਦਾ ਫੈਸਲਾ ਕੀਤਾ ਗਿਆ ਸੀ ਉਹ ਵੀ ਸਿਰੇ ਨਹੀਂ ਚਾੜ੍ਹਿਆ। ਉਨ੍ਹਾਂ ਵਰਕ-ਚਾਰਜ ਨੂੰ ਰੈਗੂਲਰ ਨਹੀਂ ਕੀਤਾ ਗਿਆ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਅਕਾਲੀ ਜਨਤਾ ਸਰਕਾਰ ਨੇ ਮਿਨੀਮਮ ਵੇਜਿਜ਼ ਵੀ ਬਹੁਤ ਘੱਟ ਮੁਕੱਰਰ ਕੀਤੇ ਜਿਸ ਨਾਲ ਗਰੀਬ ਮਜ਼ਦੂਰਾਂ ਦਾ ਗੁਜ਼ਾਰਾ ਨਹੀਂ ਸੀ ਹੋ ਸਕਦਾ। ਇਨ੍ਹਾਂ ਅਕਾਲੀਆਂ ਦੀ ਨੀਤੀ ਸਰਮਾਏਦਾਰਾਂ ਦੀ ਨੀਤੀ ਅਤੇ ਜਾਗੀਰਦਾਰਾਂ ਦੀ ਨੀਤੀ ਨਾਲ ਮੇਲ ਖਾਂਦੀ ਹੈ। (ਵਿਘਨ)

**ਸ਼੍ਰੀ ਸਪੀਕਰ** : ਸ਼੍ਰੀ ਸੇਵਾ ਰਾਮ ਜੀ, ਤੁਹਾਡਾ ਟਾਈਮ ਖ਼ਤਮ ਹੋ ਗਿਆ ਹੈ। ਇਸ ਲਈ ਵਾਈਂਡ ਅਪ ਕਰੋ।

**ਸ਼੍ਰੀ ਸੇਵਾ ਰਾਮ** : ਸਪੀਕਰ ਸਾਹਿਬ, ਮੈਂ ਦੋ ਤਿੰਨ ਮਿੰਟ ਹੀ ਹੋਰ ਲਵਾਂਗਾ। (ਵਿਘਨ) ਸਪੀਕਰ ਸਾਹਿਬ, ਟੀਚਰਾਂ ਨੇ ਰੈਲੀ ਕੀਤੀ ਪਰ ਸਾਡੀ ਅਕਾਲੀ-ਜਨਤਾ ਸਰਕਾਰ ਵੇਲੇ ਉਨ੍ਹਾਂ ਟੀਚਰਾਂ ਤੇ ਲਾਠੀ ਚਾਰਜ ਕੀਤੀ ਗਈ। ਟੀਚਰਾਂ ਨੂੰ ਜੇਲ੍ਹਾਂ ਅੰਦਰ ਸੁਟਿਆ ਗਿਆ। (ਸ਼ੇਮ, ਸ਼ੇਮ) ਜੇਲ੍ਹਾਂ ਦੇ ਵਾਰਡਰਜ਼ ਨੇ ਟੀਚਰਾਂ ਨੂੰ ਕੁਟਿਆ। ਸਪੀਕਰ ਸਾਹਿਬ, ਟੀਚਰ ਵਰਗ ਉਹ ਵਰਗ ਹੈ ਜਿਸ ਨੂੰ ਕਿ ਅਸੀਂ ਪੂਜਦੇ ਹਾਂ। ਪਰ ਇਸ ਦੀ ਵੀ ਕੋਈ ਇਨਕੁਆਇਰੀ ਨਹੀਂ ਕੀਤੀ ਗਈ।

Original with;
Punjab Vidhan Sabha
Digitized by;
Panjab Digital Library

[ਸ੍ਰੀ ਸੇਵਾ ਰਾਮ]

ਇਸ ਤੋਂ ਇਲਾਵਾ, ਸਪੀਕਰ ਸਾਹਿਬ, 8 ਫਰਵਰੀ, 1978 ਨੂੰ ਮੁਲਾਜ਼ਮਾਂ ਨੇ ਸਟਰਾਈਕ ਕੀਤੀ ਪਰ ਜਿਨ੍ਹਾਂ ਕਰਮਚਾਰੀਆਂ ਨੇ ਸਟਰਾਈਕ ਵਿਚ ਹਿੱਸਾ ਨਹੀਂ ਲਿਆ ਉਨ੍ਹਾਂ ਕਰਮਚਾਰੀਆਂ ਨੂੰ ਇੱਕ ਇਨਕਰੀਮੈਂਟ ਦਿੱਤੀ ਗਈ। ਇਹ ਸਰਕਾਰ ਦੀ ਗਲਤ ਨੀਤੀ ਰਹੀ ਹੈ। ** ** **

**ਮਾਸਟਰ ਬਾਬੂ ਸਿੰਘ** : ** ** ਇਹ ਉਨ੍ਹਾਂ ਬੰਦਿਆਂ ਦਾ ਨਾਂ ਲੈ ਰਹੇ ਹਨ ਜਿਹੜੇ ਕਿ ਇਸ ਹਾਊਸ ਵਿਚ ਹਾਜ਼ਰ ਨਹੀਂ ਹਨ। (ਵਿਘਨ) (ਸ਼ੋਰ) ਇਹ ਉਨ੍ਹਾਂ ਦਾ ਨਾਂ ਨਹੀਂ ਲੈ ਸਕਦੇ। (ਵਿਘਨ)

**ਸ੍ਰੀ ਸੇਵਾ ਰਾਮ** : ਇਹ ਗਲਤ ਗੱਲ ਹੈ, ਮੈਂ ਲੋਕਾਂ ਦਾ ਫ਼ਤਵਾ ਲੈ ਕੇ ਆਇਆ ਹਾਂ। ਕਮਿਊਨਿਸਟ ਇਸ ਸੀਟ ਤੇ ਕਾਂਗਰਸ ਦੀ ਹਮਾਇਤ ਨਾਲ ਜਿਤਦੇ ਰਹੇ ਹਨ। ਇਕੱਲੇ ਇਨ੍ਹਾਂ ਨੇ ਲੜ ਕੇ ਦੇਖ ਲਿਆ ਹੈ ਕਿ ਇਹ ਸੀਟ ਕਾਂਗਰਸ ਦੀ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ** ** **

**ਸ੍ਰੀ ਸਪੀਕਰ** : ਇਹ ਜਿਹੜੇ ਮੈਂਬਰ ਸਾਹਿਬਾਨ ਇਕ ਦੂਸਰੇ ਤੇ ਕਾਊਂਟਰ ਐਲੀਗੇਸ਼ਨ ਲਗਾ ਰਹੇ ਹਨ, ਉਹ ਐਕਸਪੰਜ ਕਰ ਦਿੱਤੇ ਜਾਣ। ਸ੍ਰੀ ਸੇਵਾ ਰਾਮ ਜੀ, ਹੁਣ ਤੁਸੀਂ ਵਾਈਂਡ ਅੱਪ ਕਰੋ।

**ਸ੍ਰੀ ਸੇਵਾ ਰਾਮ** : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਨ੍ਹਾਂ ਅਕਾਲੀਆਂ ਨੇ ਪੰਜਾਬ ਨੂੰ ਤਬਾਹ ਕਰ ਦਿੱਤਾ। ਪਿਛਲੀ ਸਰਕਾਰ ਨੇ ਰਾਜਪੁਰਾ, ਮੁਹਾਲੀ ਅਤੇ ਲੁਧਿਆਣਾ ਅੰਦਰ ਮਜ਼ਦੂਰਾਂ ਨੂੰ ਆਪਸ ਵਿਚ ਲੜਾਇਆ, ਇਨ੍ਹਾਂ ਦੀਆਂ ਗ਼ਲਤ ਨੀਤੀਆਂ ਦੇ ਕਾਰਨ ਇਨ੍ਹਾਂ ਮਜ਼ਦੂਰ ਤਸ਼ਦੱਦ ਦੀ ਲਹਿਰ ਚਲਾਈ। ਫਿਰ ਇਹ ਕਹਿੰਦੇ ਹਨ ਕਿ ਅਸੀਂ ਮਜ਼ਦੂਰਾਂ ਦੇ ਹਾਮੀ ਹਾਂ। ਛੇਹਰਟਾ ਜਿਹੜਾ ਪੰਜਾਬ ਦਾ ਮਾਨਚੈਸਟਰ ਸੀ ਉਸ ਦੀਆਂ 29 ਫੈਕਟਰੀਆਂ ਇਨ੍ਹਾਂ ਅਕਾਲੀਆਂ ਦੇ ਰਾਜ ਵਿਚ ਉਜੜ ਗਈਆਂ। (ਵਿਘਨ) (ਸ਼ੋਰ)ਦੁਨੀਆਂ ਤੇ ਇਕ ਵੀ ਐਸੀ ਮਿਸਾਲ ਨਹੀਂ ਮਿਲਦੀ ਜਦੋਂ ਮਜ਼ਦੂਰ-ਮਾਲਕ ਦੇ ਇੰਡਸਟਰੀਅਲ ਡਿਸਪਿਊਟ ਵਿਚ ਸਾਰੀ ਦੀ ਸਾਰੀ ਇੰਡਸਟਰੀ ਉਜੜ ਗਈ ਹੋਵੇ। ਹੁਣ ਇਹ ਸਾਹਮਣੇ ਬੈਠੇ ਭਰਾ ਟਰੇਡ ਯੂਨੀਅਨ ਦੇ ਨੁਮਾਇੰਦੇ ਬਣਦੇ ਹਨ। ਮੈਂ ਆਖਿਰ ਵਿਚ ਇਕ ਗੱਲ ਅਕਾਲੀ ਵੀਰਾਂ ਨੂੰ ਕਹਿ ਕੇ ਬੈਠਦਾ ਹਾਂ ਕਿ ਇਨ੍ਹਾਂ ਦੀ ਤਾਂ ਉਹ ਗੱਲ ਹੈ ਜਿਵੇਂ--

'ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸ।

ਗੁਨਹੀ ਭਰਿਆ ਮੈਂ ਫਿਰਾਂ ਲੋਕ ਕਹੈਂ ਦਰਵੇਸ।'

**ਸਰਦਾਰਨੀ ਰਾਜਿੰਦਰ ਕੌਰ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਮਾਸਟਰ ਬਾਬੂ ਸਿੰਘ** ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਪ੍ਰਾਈਮ-ਮਨਿਸਟਰ ਨੂੰ ਇਥੇ ਮੈਨਸ਼ਨ ਨਹੀਂ ਕਰਨਾ ਚਾਹੀਦਾ। (ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਵਲੋਂ ਵਿਘਨ)

ਜੋ ** ਕਿਹਾ ਗਿਆ ਹੈ, ਉਹ ਸਭ ਕੁਝ ਐਕਸਪੰਜ ਕਰ ਦਿੱਤਾ ਗਿਆ ਹੈ। ਜੋ ਕੁਝ ਪ੍ਰਾਈਮ-ਮਨਿਸਟਰ ਦੇ ਮੁਤਅੱਲਕ ਕਿਹਾ ਗਿਆ ਹੈ, ਉਹ ਵੀ ਐਕਸਪੰਜ ਹੋ ਗਿਆ ਹੈ। (ਵਿਘਨ)

(ਇਸ ਵੇਲੇ ਸਰਦਾਰ ਪ੍ਰਿਥੀਪਾਲ ਸਿੰਘ ਅਤੇ ਸਰਦਾਰ ਸੁਖਦੇਵ ਸਿੰਘ ਢੀਂਡਸਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

**ਸ੍ਰੀ ਸਪੀਕਰ** : ਮੈਂ ਕਿਸੇ ਨੂੰ ਅਲਾਓ ਨਹੀਂ ਕਰਨਾ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਤੁਸੀਂ ਪਹਿਲਾਂ ਵੀ ਪੁਆਇੰਟ ਆਫ ਆਰਡਰ ਅਲਾਓ ਕੀਤੇ ਹਨ, ਇਸ ਲਈ ਮੈਨੂੰ ਵੀ ਅਲਾਓ ਕਰੋ। (ਵਿਘਨ)

**ਸ੍ਰੀ ਸਪੀਕਰ** : ਨਹੀਂ ਜੀ। ਸਰਦਾਰ ਬਸੰਤ ਸਿੰਘ ਖਾਲਸਾ ਜੀ, ਤੁਸੀਂ ਬੋਲੋ।

**ਸਰਦਾਰ ਬਸੰਤ ਸਿੰਘ ਖਾਲਸਾ** (ਦਾਖਾ, ਐਸ. ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਸਾਡੀ ਇਸ ਗੱਲ ਨੂੰ ਪ੍ਰਵਾਨ ਕੀਤਾ ਕਿ ਕੁਝ ਮੈਂਬਰਾਂ ਨੇ ਬੋਲਣਾ ਹੈ ਜਿਸ ਲਈ ਤੁਸੀਂ ਕੁਝ ਹਾਊਸ ਦਾ ਸਮਾਂ ਵਧਾ ਦਿੱਤਾ ਅਤੇ ਇਸ ਤਰ੍ਹਾਂ ਮੈਨੂੰ ਵੀ ਸਦਨ ਵਿਚ ਗੱਲ ਕਰਨ ਦਾ ਮੌਕਾ ਮਿਲਿਆ ਹੈ। ਸਭ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਾਫੀ ਦੇਰ ਤੋਂ ਬਾਅਦ ਮੈਂ ਇਥੇ ਸਦਨ ਵਿਚ ਆਇਆ ਹਾਂ। ਠੀਕ ਹੈ ਇਲੈਕਸ਼ਨਜ਼ ਦਾ ਸਿਸਟਮ ਹੈ। ਇਹ ਇੱਕ ਸਿਸਟਮ ਚਲ ਰਿਹਾ ਹੈ ਔਰ ਵੋਟਾਂ ਨਾਲ ਲੋਕ ਇਥੇ ਆ ਜਾਂਦੇ ਹਨ। ਜਿਸ ਨੂੰ 49 ਵੋਟਾਂ ਪੈਂਦੀਆਂ ਹਨ ਉਹ ਰਹਿ ਜਾਂਦਾ ਹੈ ਔਰ ਜਿਸ ਨੂੰ 51 ਵੋਟਾਂ ਪੈਂਦੀਆਂ ਹਨ ਉਹ ਆ ਜਾਂਦਾ ਹੈ। ਪਰ ਪਤਾ ਨਹੀਂ ਕਿਉਂ ਸੰਗ ਨਹੀਂ ਲਗਦੀ, ਉਹ ਲੋਕ ਜਿਹੜੇ ਕੱਲ੍ਹ ਰੂਸ ਵਲ ਸੀ ਅਤੇ ਬੀਬੀ ਗਾਂਧੀ ਨੂੰ ਇਹ ਕੁਝ ਹੋਰ ਕਹਿੰਦੇ ਸੀ। (ਵਿਘਨ)

**ਸ੍ਰੀ ਸਪੀਕਰ** : ਪ੍ਰਾਈਮ ਮਨਿਸਟਰ ਦਾ ਨਾਮ ਨਹੀਂ ਲੈਣਾ ਚਾਹੀਦਾ। (ਵਿਘਨ)

**ਸਰਦਾਰ ਬਸੰਤ ਸਿੰਘ ਖਾਲਸਾ** : ** ** **

**ਸਰਦਾਰ ਬੀਰਦਵਿੰਦਰ ਸਿੰਘ** : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। (ਵਿਘਨ)

**ਸਰਦਾਰ ਬਸੰਤ ਸਿੰਘ ਖਾਲਸਾ** : ** ** **
ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਦੋ ਗੱਲਾਂ ਬਾਰੇ ਬਹੁਤਾ ਜ਼ੋਰ ਨਹੀਂ ਦਿੱਤਾ (ਵਿਘਨ)।

**ਸਰਦਾਰ ਬੀਰਦਵਿੰਦਰ ਸਿੰਘ** : ਸਰਦਾਰ ਬਸੰਤ ਸਿੰਘ ਨੇ ਮੇਰਾ ਨਾਮ ਲੈ ਕੇ ਕੁਝ ਗਲਾਂ ਆਖੀਆਂ ਹਨ (ਵਿਘਨ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਸੰਤ ਸਿੰਘ ਖਾਲਸਾ** : ** ** **

**ਸ੍ਰੀ ਸਪੀਕਰ** : ਇਹ ਜੋ ਐਲੀਗੇਸ਼ਨਜ਼ ਔਰ ਕਾਊਂਟਰ ਐਲੀਗੇਸ਼ਨਜ਼ ਲਗਾਏ ਗਏ ਹਨ, ਇਹ ਐਕਸਪੰਜ ਕੀਤੇ ਜਾਂਦੇ ਹਨ। (ਵਿਘਨ) ਸਰਦਾਰ ਬੀਰ ਦਵਿੰਦਰ ਸਿੰਘ ਜੀ, ਤੁਸੀਂ ਬੈਠ ਜਾਓ ਅਤੇ ਇਨ੍ਹਾਂ ਦੀ ਸਪੀਚ ਕਰਨ ਉਪਰੰਤ ਤੁਸੀਂ ਪਰਸਨਲ ਐਕਸਪਲੇਨੇਸ਼ਨ ਤੇ ਬੋਲ ਲੈਣਾ।

**ਸਰਦਾਰ ਬੀਰਦਵਿੰਦਰ ਸਿੰਘ** : ਸਰਹੰਦ ਵਿਚ 12,000 ਵੋਟਾਂ ਤੇ ਹਰਾਉਣ ਵਾਲਾ ਇਹ ਬੀਰਦਵਿੰਦਰ ਸਿੰਘ ਹੈ (ਵਿਘਨ) ਸਪੀਕਰ ਸਾਹਿਬ, ਫਲੋਰ ਉਹ ਕਰਾਸ ਕਰਦੇ ਹਨ ਜਿਹੜੇ ਇਥੇ ਮੈਂਬਰ ਬਣ ਕੇ ਆਉਣ ਕਿਸੇ ਪਾਰਟੀ ਵਲੋਂ ਪਰ ਬਾਅਦ ਵਿਚ ਜਿੱਤਣ ਤੋਂ ਬਾਅਦ ਉਹ ਦੂਸਰੀ ਪਾਰਟੀ ਵਿਚ ਚਲੇ ਜਾਣ (ਵਿਘਨ) ਸਭ ਤੋਂ ਪਹਿਲਾਂ ਇਨ੍ਹਾਂ ਦਾ ਲੀਡਰ ਫਲੋਰ ਕਰਾਸ ਕਰਕੇ ਆ- ਇਆ ਹੈ। ਬਲਵੰਤ ਸਿੰਘ ਜੀ ਬੈਠੇ ਹਨ, ਮੈਂ ਹੋਰ ਵੀ ਕਿੰਨੇ ਹੀ ਇਨ੍ਹਾਂ ਵਲ ਮੈਂਬਰ ਗਿਣ ਦਿੰਦਾ ਹਾਂ। (ਵਿਘਨ)

**ਸ੍ਰੀ ਸਪੀਕਰ** : ਮੈਨੂੰ ਬੜਾ ਅਫਸੋਸ ਹੈ ਕਿ ਬਾਰ ਬਾਰ ਮੇਰੇ ਨਾਂਹ ਕਰਨ ਤੇ ਵੀ ਸਰਦਾਰ ਬੀਰ ਦਵਿੰਦਰ ਸਿੰਘ ਬੋਲਦੇ ਰਹੇ ਔਰ ਮੈਂ ਖੜ੍ਹਾ ਰਿਹਾ। ਚੇਅਰ ਵਲ ਤੱਕਣਾ ਚਾਹੀਦਾ ਹੈ ਔਰ ਅਗਰ ਚੇਅਰ ਇਜਾਜ਼ਤ ਦੇਵੇ ਤਾਂ ਫਿਰ ਬੋਲਣਾ ਚਾਹੀਦਾ ਹੈ।

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਸਪੀਕਰ ਸਾਹਿਬ, ਜਦੋਂ ਖੜ੍ਹੇ ਹੋ ਕੇ ਕਿਸੇ ਮੈਂਬਰ ਨੂੰ ਐਡਰੈਸ ਕਰਨਾ ਹੋਵੇ ਤਾਂ ਹਥੌੜੀ ਹੱਥ ਵਿਚ ਨਾ ਰਖਿਆ ਕਰੋ। ਇਸ ਦਾ ਕੁਝ ਹੋਰ ਮਤਲਬ ਹੁੰਦਾ ਹੈ।

**ਸਰਦਾਰ ਬਸੰਤ ਸਿੰਘ ਖਾਲਸਾ** : ਬਗੈਰ ਆਗਿਆ ਤੋਂ ਬੋਲਣਾ, ਇਥੋਂ ਡਿਫੈਕਟ ਕਰਕੇ ਚਲੇ ਜਾਣਾ, ਪਾਰਟੀ ਛੱਡ ਜਾਣਾ, ਪਾਰਟੀ ਨੂੰ ਧੋਖਾ ਦੇਣਾ ਔਰ ਅਗਰ ਅਕਾਲੀ ਦੱਲ ਨੇ ਇਨ੍ਹਾਂ ਨੂੰ ਟਿਕਟ ਨਾ ਦਿੱਤਾ ਤਾਂ ਇਹ ਪਾਰਟੀ ਛੱਡ ਕੇ ਚਲੇ ਜਾਣਾ ...... (ਵਿਘਨ) ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਖਿਆਲ ਵਿਚ ਖਾਸ ਦੋ ਗਲਾਂ ਹਨ ਜੋ ਇਸ ਐਡਰੈਸ ਵਿਚ ਉਭਰ ਕੇ ਆਉਣੀਆਂ ਚਾਹੀਦੀਆਂ ਸਨ ਪਰ ਮੇਰੇ ਖਿਆਲ ਵਿਚ ਥੋੜੀ ਜਿਹੀ ਕਿਸਾਨਾਂ ਦੀ ਗਲ ਕੀਤੀ ਗਈ ਹੈ ਔਰ ਥੋੜੀ ਜਿਹੀ ਹਰੀਜਨਾਂ ਦੀ ਕੀਤੀ ਗਈ ਹੈ। ਇਸ ਐਡਰੈਸ ਦੀਆਂ 540 ਲਾਈਨਾਂ ਹਨ। ਅੱਗੇ ਵੀ ਮੈਂ ਕਈ ਐਡਰੈਸ ਦੇਖੇ ਹਨ ਔਰ ਸੁਣੇ ਸਨ ਪਰ ਐਨਾ ਫੋਕਾ ਐਡਰੈਸ ਮੈਂ ਹਾਲੇ ਤਕ ਕੋਈ ਨਹੀਂ ਦੇਖਿਆ। ਇਸ ਗਵਰਨਰ ਐਡਰੈਸ ਵਿਚ ਹਰੀਜਨਾਂ ਲਈ ਕੋਈ ਦਸ ਲਾਈਨਾਂ ਹਨ ਜਿਨ੍ਹਾਂ ਵਿਚ ਲਿਖਿਆ ਗਿਆ ਹੈ ਕਿ ਇਨ੍ਹਾਂ ਲਈ ਪ੍ਰੋਗਰਾਮ ਹਾਲੇਂ ਬਣਾਉਣਾ ਹੈ। ਇੱਕ ਸਾਲ ਲਗੇਗਾ, ਸਰਵੇ ਕਰਨਾ ਹੈ ਕਿ ਉਹ ਕਿੰਨੇ ਪਾਵਰਟੀ ਲਾਈਨ ਤੋਂ ਥੱਲੇ ਹਨ, ਉਨ੍ਹਾਂ ਲਈ ਨਸਬੰਦੀ ਕਰੀਏ ਜਾਂ ਕੀ ਕਰੀਏ। ਇਹ ਸਭ ਕੁਝ ਹਾਲੇ ਸਰਵੇ ਕਰਨਾ ਹੈ। ਇਕ ਪਾਸੇ ਤਾਂ ਇਹ ਹਰੀਜਨ ਭਾਈਆਂ ਬਾਰੇ ਬੜੇ ਨਾਹਰੇ ਮਾਰਦੇ ਹਨ ਪਰ ਉਨ੍ਹਾਂ ਬਾਰੇ ਇਸ ਗਵਰਨਰੀ ਐਡਰੈਸ ਵਿਚ ਸਿਰਫ 10 ਲਾਈਨਾਂ ਹੀ ਦਿੱਤੀਆਂ ਹਨ। ਇਸ ਤੋਂ ਵੱਧ ਇਸ ਐਡਰੈਸ ਵਿਚ ਹਰੀਜਨਾਂ ਬਾਰੇ ਕੁਝ ਨਹੀਂ ਕਿਹਾ ਗਿਆ। ਇਹ ਕਹਿੰਦੇ ਹਨ ਕਿ ਅਸੀਂ ਹਰੀਜਨਾਂ ਨੂੰ ਉਪਰ ਚੁੱਕਣਾ ਹੈ ਪਰ ਇਸ ਐਡਰੈਸ ਵਿਚ ਉਨ੍ਹਾਂ ਲਈ ਕੁਝ ਨਹੀਂ ਕਿਹਾ ਗਿਆ। ਰਿਜ਼ਰਵੇਸ਼ਨ ਬਾਰੇ ਕੁਝ ਨਹੀਂ ਕਿਹਾ ਗਿਆ। ਹੋਰ ਸਕੂਲ ਅੱਪਗਰੇਡ ਕੀਤੇ ਜਾਣ, ਕੋਈ ਨਵੀਂ ਸਕੀਮ ਬਣਾਈ ਜਾਵੇ। ਜਿਸ ਨਾਲ ਕਿ ਇਨ੍ਹਾਂ ਗਰੀਬ ਹਰੀਜਨ ਲੋਕਾਂ ਨੂੰ ਰੋਜ਼ਗਾਰ ਮਿਲ ਸਕਣ। ਸਪੀਕਰ ਸਾਹਿਬ, ਮੈਂ ਸ਼ਾਬਾਸ਼ ਦਿੰਦਾ ਹਾਂ ਕਿ ਬਾਦਲ ਸਾਹਿਬ ਦੀ ਸਰਕਾਰ ਨੂੰ ਜਿਹੜੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਨੇ ਨਵੀਆਂ ਸਕੀਮਾਂ ਬਣਾ ਕੇ ਹਰੀਜਨਾਂ ਦੀ ਬਹਿਬੂਦੀ ਲਈ ਕੰਮ ਕੀਤੇ। ਸ਼ਡਿਊਲਡ ਕਾਸਟਾਂ ਲਈ ਜਿਹੜੀ ਕਾਰਪੋਰੇਸ਼ਨ ਸਾਡੀ ਸਰਕਾਰ ਨੇ ਬਣਾਈ ਸੀ ਉਸ ਦੀ ਇਕੱਲੇ ਪੰਜਾਬ ਨੇ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਨੇ ਪ੍ਰਸ਼ੰਸਾ ਕੀਤੀ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਸਮੇਂ ਦੇ ਰਾਜ ਭਾਗ ਵਿਚ 1947 ਤੋਂ ਲੈ ਕੇ 1967 ਤੱਕ ਕੀ ਤੁਸੀਂ ਕੋਈ ਇਕ ਵੀ ਸਕੀਮ ਬਣਾਈ ਸੀ ? ਤੁਸੀਂ ਤਾਂ ਹਰੀਜਨਾਂ ਦੀਆਂ ਜ਼ਮੀਨਾਂ ਵੰਡ ਦਿੱਤੀਆਂ । ਲਿਖ ਇਹ ਦਿੱਤਾ ਕਿ ਜ਼ਮੀਨਾਂ ਕੇਵਲ ਹਰੀਜਨਾਂ ਨੂੰ ਦੇਣੀਆਂ ਹਨ ਪਰ ਲੈ ਹੋਰ ਲੋਕ ਹੀ ਗਏ। (ਵਿਘਨ) ਇਸ ਬਾਰੇ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੇ ਇਕ ਕਮੇਟੀ ਮੁਕੱਰਰ ਕੀਤੀ ਸੀ ਜਿਸ ਦਾ ਨਾਂਮ ਹਰਚੰਦ ਸਿੰਘ ਕਮੇਟੀ ਸੀ। ਉਸ ਨੇ ਇਨਕੁਆਇਰੀ ਕੀਤੀ। ਉਸ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਇਨ੍ਹਾਂ ਦੀ ਕਾਂਗਰਸ ਪਾਰਟੀ ਦੇ ਐਮ. ਪੀਜ਼ ਅਤੇ ਐਮ. ਐਲ. ਏਜ਼ ਹਜ਼ਾਰਾਂ ਏਕੜ ਜ਼ਮੀਨ ਤੇ ਕਾਬਜ਼ ਹਨ। ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਅੱਜ ਵੀ ਮੌਜੂਦ ਹੈ। (ਵਿਘਨ) ਇਥੇ ਸਰਦਾਰ ਬੇਅੰਤ ਸਿੰਘ, ਮਾਲ ਮੰਤਰੀ ਨੇ ਕਿਹਾ ਸੀ ਕਿ ਮੈਂ ਉਸ ਰਿਪੋਰਟ ਨੂੰ ਦੁਬਾਰਾ ਲਾਗੂ ਕਰਾਂਗਾ। ** ** **

**Shri Gopal Krishan Chatrath** : Speaker Sahib, the hon'ble Member (Sardar Basant Singh Khalsa) is mentioning the names of persons who are not present in the House. These words may be expunged (*Interruption*)

**ਸਰਦਾਰ ਬਸੰਤ ਸਿੰਘ ਖਾਲਸਾ** : ** ** **

**ਸ੍ਰੀ ਸਪੀਕਰ** : ਇਹ ਸਾਰੇ ਰਿਮਾਰਕਸ ਮੈਂ ਐਕਸਪੰਜ ਕਰਦਾ ਹਾਂ। ਖਾਲਸਾ ਜੀ, ਤੁਸੀਂ ਗਵਰਨਰ ਐਡਰੇਸ ਤੇ ਬੋਲੋ।

**ਸ੍ਰੀ ਜੋਗਿੰਦਰ ਪਾਲ ਪਾਂਡੇ** : ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਡਰ ਇਹ ਹੈ ਕਿ ਗਿਆਨੀ ਜ਼ੈਲ ਸਿੰਘ ਦੇ ਟਾਈਮ ਵਿਚ ਹਰਚੰਦ ਸਿੰਘ ਕਮੇਟੀ ਬਣੀ ਸੀ।....

**Mr. Speaker** : I won't allow any point of order.

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀ ਗੱਲ ਕਰ ਰਿਹਾ ਸੀ। ਮੇਰੇ ਹਲਕੇ ਵਿਚ ਹਰੀਜਨਾਂ ਨੂੰ ਉਜਾੜਿਆ ਗਿਆ, ਰਾਜਪੂਤਾਂ ਨੂੰ ਉਜਾੜਿਆ ਗਿਆ। ਉਨ੍ਹਾਂ ਦੀਆਂ ਜ਼ਮੀਨਾਂ ਆਪਣੇ ਨਾਮ ਅਲਾਟ ਕਰਵਾ ਲਈਆਂ ਗਈਆਂ। (ਵਿਘਨ) ** ** ** ਉਸ ਦੇ ਪੰਜਾਹ-ਪੰਜਾਹ, ਸੌ-ਸੌ ਏਕੜ ਦੇ ਪਲਾਟ ਬਣਾਏ ਹੋਏ ਹਨ। (ਵਿਘਨ) ਸਪੀਕਰ ਸਾਹਿਬ, ਇਸ ਗੱਲ ਦੀ ਇਨਕੁਆਇਰੀ ਕਰਾਈ ਜਾਵੇ। ਸਪੀਕਰ ਸਾਹਿਬ, ਜ਼ਮੀਨ ਅਲਾਟ ਕਰਵਾਉਣ ਲਈ ਝੂਠੇ ਸਰਟੀਫੀਕੇਟ ਦਿੱਤੇ ਗਏ। ਅੱਜ ਉਹ ਜ਼ਮੀਨ 50-50, 100-100 ਏਕੜ ਦੇ ਪਲਾਟ ਬਣਾ ਕੇ ਲੋਕਾਂ ਨੂੰ ਵੇਚੀ ਜਾ ਰਹੀ ਹੈ। (ਵਿਘਨ) ਇਸ ਤਰ੍ਹਾਂ ਪੈਸਾ ਕਮਾਇਆ ਜਾ ਰਿਹਾ ਹੈ।

ਹੁਣ ਮੈਂ ਲਾਅ ਐਂਡ ਆਰਡਰ ਦੀ ਗੱਲ ਕਰਦਾ ਹਾਂ। ਤੁਸੀਂ ਲੁਧਿਆਣਾ ਜ਼ਿਲ੍ਹੇ ਦੀ ਲਾਅ ਐਂਡ ਆਰਡਰ ਦੀ ਹਾਲਤ ਦੇਖ ਲਵੋ। (ਵਿਘਨ) ਕਿਸ ਤਰ੍ਹਾਂ ਚੀਫ਼ ਮਨਿਸਟਰ ਅਤੇ ਮਨਿਸਟਰ ਅਜਿਹੇ ਆਦਮੀਆਂ ਨੂੰ ਨੱਥ ਪਾ ਲੈਣਗੇ। (ਵਿਘਨ) ਸਪੀਕਰ ਸਾਹਿਬ, 658 ਆਦਮੀ ਮੇਰੇ ਜ਼ਿਲ੍ਹੇ ਵਿਚ ਫੜੇ ਗਏ, ਕਿਸੇ ਤੇ ਸ਼ਰਾਬ ਪਾ ਦਿੱਤੀ, ਕਿਸੇ ਤੇ ਚਰਸ ਪਾ ਦਿੱਤੀ ਅਤੇ ਕਿਸੇ ਤੇ ਪੋਸਤ ਪਾ ਕੇ ਉਨ੍ਹਾਂ ਨੂੰ ਫੜ ਲਿਆ। ਉਹ ਸਾਰੇ ਛੋਟੇ ਆਦਮੀ ਹਨ ਜਿਵੇਂ ਕਿ ਹਰੀਜਨ ਅਤੇ ਰਾਜਪੂਤ ਹਨ। ਤਕੜੇ ਆਦਮੀਆਂ ਨੂੰ ਇਹ ਫੜਦੇ ਨਹੀਂ ਹਨ। ਤਕੜੇ ਆਦਮੀ ਇਨ੍ਹਾਂ ਦੇ ਸਾਹਮਣੇ ਦਣ ਦਣਾਉਂਦੇ ਫਿਰਦੇ ਹਨ। ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਪੂਰਨ ਚੰਦ ਗੁਪਤਾ ਇਨ੍ਹਾਂ ਦੀ ਪੰਜਾਬ ਕਾਂਗਰਸ (ਆਈ) ਵਰਕਰਜ਼ ਅਸੈਂਬਲੀ ਦਾ ਜਨਰਲ ਸੈਕਟਰੀ ਹੈ।

**ਇਕ ਆਵਾਜ਼ :** ਉਹ ਜਨਰਲ ਸੈਕਟਰੀ ਨਹੀਂ ਹੈ।

**ਸ੍ਰੀ ਸਪੀਕਰ :** ਜਿਹੜਾ ਆਦਮੀ ਹਾਊਸ ਵਿਚ ਨਹੀਂ ਹੈ ਉਸ ਦਾ ਤੁਸੀਂ ਨਾਮ ਨਾ ਲਵੋ।

**ਸਰਦਾਰ ਬਸੰਤ ਸਿੰਘ ਖਾਲਸਾ :** ਸਪੀਕਰ ਸਾਹਿਬ, ਉਹ ਜਨਰਲ ਸੈਕਟਰੀ ਹੈ। (ਵਿਘਨ) ਉਹ ਇਨ੍ਹਾਂ ਦੇ ਮਨਿਸਟਰਾਂ ਤੇ ਹਾਵੀ ਹੈ। ਉਸ ਨੇ 50 ਹਜ਼ਾਰ ਰੁਪਏ ਇਲੈਕਸ਼ਨ ਫੰਡ ਲਈ ਦਿਤੇ। ** ** ** (ਵਿਘਨ) ਉਸ ਨੇ ਬਹੁਤ ਵੱਡਾ ਫਰਾਡ ਕੀਤਾ ਹੈ। ਸਪੀਕਰ ਸਾਹਿਬ, ਇਕ ਰੋਸ਼ਨ ਲਾਲ ਪ੍ਰਤਾਪ ਪੁਰਾ ਬਜ਼ਾਰ, ਲੁਧਿਆਣਾ ਦਾ ਹੈ। ਉਸ ਕੋਲੋਂ ਉਸ ਨੇ ਜੈਪੁਰ ਦੀ ਇਕ ਫਰਮ ਪਾਸ ਸੀਮਿੰਟ ਲਈ 1 ਲੱਖ 60 ਹਜ਼ਾਰ ਰੁਪਏ ਜਮ੍ਹਾਂ ਕਰਵਾਏ। (ਵਿਘਨ)

**ਸਰਦਾਰ ਪ੍ਰਿਥੀਪਾਲ ਸਿੰਘ :** ਸਪੀਕਰ ਸਾਹਿਬ, ਇਹ ਗਲਤ ਗਲਾਂ ਕਰ ਰਹੇ ਹਨ। ਇਹ ਐਕਸਪੰਜ ਕਰਵਾਉ। (ਵਿਘਨ)

**ਸ੍ਰੀ ਸਪੀਕਰ :** ਖਾਲਸਾ ਜੀ, ਤੁਸੀਂ ਹੁਣ ਖ਼ਤਮ ਕਰੋ। ਤੁਹਾਡਾ ਟਾਈਮ ਖ਼ਤਮ ਹੋ ਗਿਆ ਹੈ।

**ਸਰਦਾਰ ਬਸੰਤ ਸਿੰਘ ਖਾਲਸਾ :** ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਕਾਰਨਾਮੇ ਦੱਸ ਰਿਹਾ ਹਾਂ।

**ਸ੍ਰੀ ਸਪੀਕਰ :** ਤੁਸੀਂ ਖ਼ਤਮ ਕਰੋ, ਫਿਰ ਸੀ.ਐਮ. ਸਾਹਿਬ ਨੇ ਵੀ ਬੋਲਦਾ ਹੈ।

**ਸਰਦਾਰ ਬਸੰਤ ਸਿੰਘ ਖਾਲਸਾ :** ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਉਸ ਆਦਮੀ ਨੇ 1 ਲੱਖ 60 ਹਜ਼ਾਰ ਰੁਪਏ ਦੀ ਠੱਗੀ ਕੀਤੀ। (ਵਿਘਨ) ਰੋਸ਼ਨ ਲਾਲ ਸਾਡੇ ਉਥੋਂ ਦਾ ਸੀਮਿੰਟ ਦਾ ਡੀਲਰ ਹੈ ਉਸ ਨਾਲ ਉਸ ਨੇ ਪੂਰਨ ਚੰਦ ਨੂੰ ਕਿਹਾ ਕਿ ਮੈਨੂੰ ਸੀਮਿੰਟ ਦਿਵਾ ਦੇ। ਇਸ ਤੇ ਉਸ ਨੇ ਕਿਹਾ ਕਿ ਤੂੰ ਮੈਨੂੰ ਆਪਣਾ ਡਰਾਫਟ ਨੰਬਰ ਦੇ। ਇਸ ਤਰ੍ਹਾਂ ਉਸ ਕੋਲੋਂ ਉਸ ਨੇ ਇਹ ਨੰਬਰ ਲੈ ਲਿਆ ਅਤੇ ਇਕ ਖਾਲੀ ਕਾਗਜ਼ ਲੈਟਰ ਪੈਡ ਦਾ ਲੈ ਲਿਆ। (ਵਿਘਨ) ਉਹ ** ** ** ਜੈਪੁਰ ਜੋਧਪੁਰ ਚਲਾ ਗਿਆ ਤੇ ਫਰਮ ਤੋਂ ਪੁੱਛਿਆ ਕਿ ਇਹ ਸੀਮਿੰਟ ਹਾਲੀ ਤਕ ਕਿਉਂ ਨਹੀਂ ਭੇਜਿਆ।

**ਸ੍ਰੀ ਸਪੀਕਰ :** ਹੋਮ ਮਨਿਸਟਰ ਸਾਹਿਬ ਦੇ ਮੁਤੱਲਕ ਕੋਈ ਗਲ ਨਹੀਂ ਕਰਨੀ ਚਾਹੀਦੀ। ਇਹ ਜਿਹੜੇ ਰਿਮਾਰਕਸ ਗਿਆਨੀ ਜੀ ਦੇ ਮੁਤੱਅਲਕ ਇਨ੍ਹਾਂ ਨੇ ਕਹੇ ਹਨ ਉਹ ਸਾਰੇ ਰਿਮਾਰਕਸ ਐਕਸਪੰਜ ਕੀਤੇ ਜਾਂਦੇ ਹਨ।

**ਸਰਦਾਰ ਬਸੰਤ ਸਿੰਘ ਖਾਲਸਾ :** ** ** **
ਸਪੀਕਰ ਸਾਹਿਬ, 1 ਲੱਖ 60 ਹਜ਼ਾਰ ਰੁਪਏ ਦੀ ਠੱਗੀ ਹੋ ਗਈ। (ਵਿਘਨ)

**ਸ੍ਰੀ ਸਪੀਕਰ :** ਤੁਸੀਂ ਕਿਸੇ ਤੇ ਐਸਪਰਸ਼ਨ ਨਹੀਂ ਕਰ ਸਕਦੇ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਸੰਤ ਸਿੰਘ ਖਾਲਸਾ** : ਮੈਂ ਕਿਸੇ ਤੇ ਐਸਪਰਸ਼ਨ ਨਹੀਂ ਕਰਦਾ। ਕੀ ਤੁਸੀਂ ਹੋਮ ਮਨਿਸਟਰ ਦਾ ਨਾਮ ਨਹੀਂ ਲੈ ਸਕਦੇ ? ** ** ** (ਵਿਘਨ) ਸਪੀਕਰ ਸਾਹਿਬ, ਉਸ ਗੱਡੀ ਦਾ ਨੰਬਰ ਪੀ.ਯੂ.ਐਨ. 6700 ਹੈ ਅਤੇ ਉਹ ਗੱਡੀ ਇਲੈਕਸ਼ਨਾਂ ਵਿਚ ਰਹੀ। (ਵਿਘਨ) (ਸ਼ੋਰ) ਉਥੇ 18 ਟਰੱਕਾਂ ਦੀ ਬਿਲਟੀ ਆਈ। ਉਹ ਬਿਲਟੀ ਛੁੜਾ ਲਈ। ਉਸ ਕਾਂਗਰਸੀ ਭਾਈ ਨੇ 60 ਰੁਪਏ ਦੇ ਹਿਸਾਬ ਨਾਲ ਸਾਰਾ ਸੀਮਿੰਟ ਵੇਚ ਦਿੱਤਾ। (ਵਿਘਨ) ਇਸ ਤਰ੍ਹਾਂ ਉਹ 1 ਲੱਖ 60 ਹਜ਼ਾਰ ਰੁਪਿਆ ਖਾ ਗਿਆ। ਸਪੀਕਰ ਸਾਹਿਬ, ਇਸ ਤਰ੍ਹਾਂ ਇਸ ਆਦਮੀ ਨੇ 4 ਲੱਖ ਦੇ ਕਰੀਬ ਰੁਪਿਆ ਇਸ ਠੱਗੀ ਦਾ ਕਮਾਇਆ।

**ਸਰਦਾਰ ਪ੍ਰਿਥੀਪਾਲ ਸਿੰਘ** : ਜਿਹੜੀ ਅਫੀਮ ਦੀ ਕਾਰ ਫੜੀ ਗਈ ਸੀ, ਉਸ ਬਾਰੇ ਵੀ ਦੱਸ ਦਿਓ। (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਖਾਲਸਾ ਜੀ, ਤੁਹਾਡਾ ਟਾਈਮ ਹੋ ਗਿਆ ਹੈ, ਹੁਣ ਤੁਸੀਂ ਖ਼ਤਮ ਕਰੋ।

**ਸਰਦਾਰ ਬਸੰਤ ਸਿੰਘ ਖਾਲਸਾ** : ਇਹ ਗੱਲ ਸੀ.ਐਮ. ਸਾਹਿਬ ਨੂੰ ਚੈਕ ਕਰਨੀ ਚਾਹੀਦੀ ਹੈ। ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ** ** ** ਉਸ ਨੂੰ ਫੜਿਆ ਨਹੀਂ ਜਾ ਰਿਹਾ। (ਵਿਘਨ) ਸਪੀਕਰ ਸਾਹਿਬ, 658 ਆਦਮੀ ਇਨ੍ਹਾਂ ਨੇ ਲੁਧਿਆਣੇ ਦੇ ਫੜ ਲਏ ਹਨ ਅਤੇ ਉਨ੍ਹਾਂ ਉਤੇ ਕਿਸੇ ਤੇ ਪੋਸਤ ਪਾ ਦਿੱਤੀ ਅਤੇ ਕਿਸੇ ਤੇ ਅਫੀਮ ਪਾ ਦਿੱਤੀ ਗਈ ਪਰ ਪੂਰਨ ਚੰਦ ਗੁਪਤੇ ਨੂੰ ਫੜਿਆ ਨਹੀਂ ਜਾ ਰਿਹਾ।

**ਸ੍ਰੀ ਸਪੀਕਰ** : ਤੁਹਾਡਾ ਟਾਈਮ ਹੋ ਗਿਆ ਹੈ, ਤੁਸੀਂ ਬੈਠ ਜਾਓ।

**ਸਰਦਾਰ ਬਸੰਤ ਸਿੰਘ ਖਾਲਸਾ** : ਇਸ ਦੀ ਇਨਕੁਆਇਰੀ ਜ਼ਰੂਰ ਹੋਣੀ ਚਾਹੀਦੀ ਹੈ।

**ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ)** : ਸਪੀਕਰ ਸਾਹਿਬ, ਕਾਫੀ ਸਮੇਂ ਤੋਂ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਚਲਦੀ ਆ ਰਹੀ ਹੈ। ਮੈਂ ਸੁਭਾਵਿਕ ਤੌਰ ਤੇ ਕੋਈ ਇਸ ਤਰ੍ਹਾਂ ਦਾ ਕਟਾਕਸ਼ ਨਹੀਂ ਕਰਦਾ ਜਿਸ ਤਰ੍ਹਾਂ ਦਾ ਇਥੇ ਸਰਦਾਰ ਬਸੰਤ ਸਿੰਘ ਖਾਲਸਾ ਹੋਰਾਂ ਨੇ ਕੀਤਾ ਹੈ। ਇਨ੍ਹਾਂ ਨੂੰ ਇਹ ਨਹੀਂ ਪਤਾ ਕਿਉਂਕਿ ਇਨ੍ਹਾਂ ਕੋਲ ਸਾਰੀ ਵਾਕਫੀਅਤ ਨਹੀਂ ਹੈ ਔਰ ਅਗਰ ਇਨ੍ਹਾਂ ਨੂੰ ਵਾਕਫੀਅਤ ਹੋਵੇ ਤਾਂ ਇਹ ਸਮਝ ਲੈਣ ਕਿ ਗਲਤ ਬਿਆਨੀ ਕਰਨ ਦਾ ਕੋਈ ਫਾਇਦਾ ਨਹੀਂ ਹੈ। ਉਸ ਕੇਸ ਦੀ ਇਨਕੁਆਇਰੀ ਚਲ ਰਹੀ ਹੈ।

**ਸਰਦਾਰ ਬਸੰਤ ਸਿੰਘ ਖਾਲਸਾ** : ਗੱਲ ਸੱਚੀ ਤਾਂ ਹੈ।

**ਮੁੱਖ ਮੰਤਰੀ** : ਸੱਚੀ ਜਾਂ ਗਲਤ ਹੈ, ਇਹ ਇਨਕੁਆਇਰੀ ਦੱਸੇਗੀ, ਤੁਹਾਡੇ ਕਹਿਣ ਨਾਲ ਮੈਂ ਸੱਚੀ ਨਹੀਂ ਮੰਨ ਸਕਦਾ। ਫਿਰ ਤੁਸੀਂ ਇਥੇ ਹੋਮ ਮਨਿਸਟਰ ਸਾਹਿਬ ਦਾ ਨਾਮ ਲੈਂਦੇ ਹੋ, ਆਪਾਂ ਇਥੇ ਬੈਠੇ ਬੰਦਿਆਂ ਦਾ ਨਾਮ ਵੀ ਨਹੀਂ ਲੈਂਦੇ ਤਾਂ ਕਿ ਕੋਈ ਤਲਖੀ ਨਾ ਹੋਵੇ। (ਵਿਘਨ) ਮੈਂ ਪਹਿਲਾਂ ਵੀ ਸਰਕਾਰ ਵਿਚ ਰਹਿ ਚੁੱਕਾ ਹਾਂ। ਮੈਂ ਇਸ ਸਰਕਾਰ ਦਾ ਚੀਫ ਮਨਿਸਟਰ ਬਣਨ ਤੋਂ ਪਹਿਲਾਂ ਕਿਸੇ ਵੇਲੇ ਸਰਕਾਰ ਵਿਚ ਹੋਮ ਮਨਿਸਟਰ ਰਹਿ ਚੁਕਾ ਹਾਂ, ਮੈਨੂੰ ਵਾਕਫੀਅਤ ਜ਼ਿਆਦਾ ਹੈ। ਇਸ ਲਈ ਤਲਖ ਗੱਲਾਂ ਵਿਚ ਨਹੀਂ ਪੈਣਾ ਚਾਹੀਦਾ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਗਵਰਨਰ ਸਾਹਿਬ ਦੇ ਐਡਰੈਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੇ ਆਪਣਾ ਭਾਸ਼ਣ ਇਸ ਹਾਊਸ ਵਿਚ ਦੇ ਕੇ, ਆਪਣਾ ਐਡਰੈਸ ਇਸ ਹਾਊਸ ਵਿਚ ਪੜ੍ਹ ਕੇ ਸਾਡੇ ਕੰਮ ਦੀ ਉਸ ਰੂਪ ਰੇਖਾ ਦਾ ਜ਼ਿਕਰ ਕੀਤਾ ਹੈ ਜੋ ਅਸੀਂ ਆਉਣ ਵਾਲੇ ਸਾਲ ਵਿਚ ਕਰਨਾ ਚਾਹੁੰਦੇ ਹਾਂ। ਇਥੇ ਹਾਊਸ ਵਿਚ ਬਹੁਤ ਕੁਝ ਕਿਹਾ ਗਿਆ ਹੈ ਪਰ ਮੈਂ ਕਿਸੇ ਨੂੰ ਕੁਝ ਨਹੀਂ ਕਹਿਣਾ ਚਾਹੁੰਦਾ ਲੇਕਿਨ ਇਨਾਂ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਸ ਹਾਊਸ ਦੇ ਲੀਡਰ ਆਫ ਦੀ ਆਪੋਜ਼ੀਸ਼ਨ ਜੋ ਤਿੰਨ ਵਾਰੀ ਚੀਫ਼ ਮਨਿਸਟਰ ਰਹਿ ਚੁਕੇ ਹਨ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਦੇ ਵੀ ਇਸ ਤਰ੍ਹਾਂ ਦੇ ਇਥੇ ਇਸ ਹਾਊਸ ਵਿਚ ਵਾਕਿਆਤ ਨਹੀਂ ਹੋਏ ਜਿਸ ਵਿਚ ਇਥੇ ਉਠ ਕੇ ਗਵਰਨਰ ਸਾਹਿਬ ਦੇ ਐਡਰੈਸ ਦੇ ਨਾਲ ਨਾਲ ਆਪਣਾ ਐਡਰੈਸ ਪੜ੍ਹਿਆ ਜਾਵੇ। ਮੈਂ ਇਹ ਸਮਝਦਾ ਹਾਂ ਕਿ ਇਹ ਜਿਹੜੀ ਪਰੰਪਰਾ ਹੈ ਇਹ ਆਉਣ ਵਾਲੇ ਸਮੇਂ ਲਈ ਚੰਗੀ ਨਹੀਂ । ਅਜਿਹੀ ਪ੍ਰੰਪਰਾ ਕਾਇਮ ਹੋਣ ਨਾਲ ਇਨ੍ਹਾਂ ਨੂੰ ਵੀ ਨੁਕਸਾਨ ਹੈ। ਇਨ੍ਹਾਂ ਦੇ ਬਾਰੇ ਪ੍ਰੈਸ ਨੇ, ਹਿੰਦੁਸਤਾਨ ਟਾਈਮਜ਼ ਨੇ ਲਿਖਿਆ ਹੈ ਕਿ ਇਸ ਨਾਲ ਨਾ ਇਨ੍ਹਾਂ ਨੂੰ ਕਰੈਡਿਟ ਮਿਲਦਾ ਹੈ ਅਤੇ ਨਾ ਇਨ੍ਹਾਂ ਦੀ ਪਾਰਟੀ ਨੂੰ ਮਿਲਦਾ ਹੈ, ਇਸ ਕਰਕੇ ਇਸ ਹੱਦ ਤਕ ਇਨ੍ਹਾਂ ਨੂੰ ਨਹੀਂ ਸੀ ਪਹੁੰਚਣਾ ਚਾਹੀਦਾ।

**ਸਰਦਾਰ ਸੁਖਜਿੰਦਰ ਸਿੰਘ ਖੇਰਾ** : ਮੈਂ ਇਨਟ੍ਰੱਪਟ ਨਹੀਂ ਸੀ ਕਰਨਾ ਚਾਹੁੰਦਾ ਕਿਉਂਕਿ ਚੀਫ਼ ਮਨਿਸਟਰ ਸਾਹਿਬ ਬੋਲ ਰਹੇ ਹਨ...... । (ਇਕ ਆਵਾਜ਼ : ਪਰ ਆਦਤ ਤੋਂ ਮਜਬੂਰ ਹੋ।)

ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸੇ ਹਾਊਸ ਵਿਚ ਜਾਖੜ ਸਾਹਿਬ, ਜੋ ਇਸ ਵੇਲੇ ਲੋਕ ਸਭਾ ਦੇ ਸਪੀਕਰ ਹਨ, ਨੇ ਇਸੇ ਤਰ੍ਹਾਂ ਦਾ ਐਡਰੈਸ ਪੜ੍ਹਿਆ ਸੀ।......

**ਮੁੱਖ ਮੰਤਰੀ** : ਮੈਂ ਸਰਦਾਰ ਸੁਖਜਿੰਦਰ ਸਿੰਘ ਜੀ ਨੂੰ ਅਰਜ਼ ਕਰਾਂਗਾ ਕਿ ਮੈਂ ਕਿਧਰੇ ਕੋਈ ਡਿਸਟਰਬੈਂਸ ਪੈਦਾ ਨਹੀਂ ਕੀਤੀ ਨਾ ਹੀ ਮੈਂ ਡਿਸਟਰਬੈਂਸ ਚਾਹੁੰਦਾ ਹਾਂ। ਮੈਨੂੰ ਤੁਸੀਂ ਇਨਟ੍ਰੱਪਟ ਨਾ ਕਰੋ। ਤੁਸੀਂ ਜੋ ਕੁਝ ਕਹਿਣਾ ਹੈ ਬਜਟ ਤੇ ਡਿਸਕਸ਼ਨ ਹੋਣੀ ਹੈ ਉਸ ਵੇਲੇ ਬੋਲ ਲੈਣਾ, ਹੁਣ ਮੈਨੂੰ ਸੁਣ ਲਓ। ਤਿੰਨ ਦਿਨ ਤੋਂ ਬਹਿਸ ਹੋ ਰਹੀ ਹੈ ਉਸ ਤੋਂ ਬਾਅਦ ਹੁਣ ਸੁਣਨ ਦਾ ਜਿਗਰਾ ਰਖੋ।

ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਹ ਜਿਹੜੀ ਪ੍ਰੰਪਰਾ ਹੈ ਇਹ ਠੀਕ ਨਹੀਂ ਹੈ। ਜੋ ਆਦਮੀ ਇਕ ਵਾਰੀ ਨਹੀਂ, ਦੋ ਵਾਰੀ ਨਹੀਂ ਤਿੰਨ ਵਾਰੀ ਇਸ ਸਟੇਟ ਦਾ ਚੀਫ਼ ਮਨਿਸਟਰ ਰਹਿ ਚੁਕਾ ਹੋਵੇ ਉਨ੍ਹਾਂ ਨੂੰ ਗਿਆਤ ਹੋਣਾ ਚਾਹੀਦਾ ਹੈ ਕਿ ਸਾਨੂੰ ਹਾਊਸ ਦਾ ਕੰਡਕਟ ਆਫ਼ ਬਿਜ਼ਨਸ ਦੇਖਣਾ ਚਾਹੀਦਾ ਹੈ। ਵਾਕ ਆਊਟ ਕਰਨਾ ਅਪੋਜ਼ੀਸ਼ਨ ਦਾ ਹੱਕ ਹੈ, ਵਾਕ ਆਊਟ ਕਰਨ ਤੇ ਕੋਈ ਕੁਝ ਨਹੀਂ ਕਹਿ ਸਕਦਾ ਪਰ ਵਾਕ ਆਊਟ ਦੇ ਨਾਲ ਨਾਹਰੇਬਾਜ਼ੀ ਜਾਂ ਹੋਰ ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਕੋਈ ਸ਼ੋਭਾ ਨਹੀਂ ਦਿੰਦੀਆਂ। ਕੰਸਟੀਚਿਊਸ਼ਨ ਦੇ ਵਿਚ ਵੀ ਇਹ ਪ੍ਰੋਵੀਜ਼ਨ ਹੈ ਕਿ ਕੋਈ ਕਿਸੇ ਕਿਸਮ ਦੀ ਨਾਹਰੇਬਾਜ਼ੀ ਜਾਂ ਕੋਈ ਹੋਰ ਚੀਜ਼ ਵਾਕ ਆਊਟ ਕਰਨ ਦੇ ਦੌਰਾਨ ਨਹੀਂ ਹੋਣੀ ਚਾਹੀਦੀ। (ਵਿਘਨ) ਅਗਰ ਅਸੀਂ ਕੋਈ ਐਸਾ ਸਿਸਟਮ ਇਥੇ ਚਲਾਵਾਂਗੇ ਤਾਂ ਇਸ ਦੇ ਨਾਲ ਹਾਊਸ ਦਾ ਵਕਤ ਜ਼ਾਇਆ ਹੁੰਦਾ ਹੈ ਅਤੇ ਦੂਸਰਾ ਬਾਹਰ ਵੀ ਹਾਸੋ ਹੀਣੀ ਗੱਲ ਬਣਦੀ ਹੈ। ਸੋ ਅਗੇ ਵਾਸਤੇ ਇਸ ਗੱਲ ਦਾ ਧਿਆਨ ਰੱਖਣ ਦੀ ਲੋੜ ਹੈ।

ਸਪੀਕਰ ਸਾਹਿਬ,, ਆਪੋਜ਼ੀਸ਼ਨ ਦੇ ਮਾਨਯੋਗ ਮੈਂਬਰਾਂ ਵਲੋਂ ਇਥੇ ਬਹੁਤ ਸਾਰੀਆਂ ਗਲਾਂ ਕਹੀਆਂ ਗਈਆਂ ਹਨ। ਜੋ ਲੀਡਰ ਆਫ਼ ਦੀ ਆਪੋਜ਼ੀਸ਼ਨ ਹਨ ਉਨ੍ਹਾਂ ਨੇ ਕੁਝ ਗੱਲਾਂ ਦਾ ਜ਼ਿਕਰ

Original with;
Punjab Vidhan Sabha
Digitized by;
Panjab Digital Library

ਕੀਤਾ ਹੈ ਉਨ੍ਹਾਂ ਗੱਲਾਂ ਦਾ ਜਵਾਬ ਮੈਂ ਦੇਣਾ ਚਾਹੁੰਦਾ ਹਾਂ। ਇਕ ਉਨ੍ਹਾਂ ਨੇ ਇਹ ਗਲ ਕਹੀ ਕਿ ਇਥੇ ਇਲੈਕਸ਼ਨ ਫੇਅਰ ਨਹੀਂ ਹੋਈ ਹੈ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅਗਰ ਇਲੈਕਸ਼ਨ ਦੇ ਬਾਰੇ ਵਿਚ ਤੁਸੀਂ ਦੇਖੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਜੋ ਕੁਝ ਇਹ ਕਹਿੰਦੇ ਹਨ ਉਸ ਦੇ ਬਿਲਕੁਲ ਇਹ ਉਲਟ ਗੱਲ ਹੈ। ਇਲੈਕਸ਼ਨ ਜਿਹੜੀ ਹੁੰਦੀ ਹੈ ਉਹ ਇਲੈਕਸ਼ਨ ਕਮਿਸ਼ਨਰ ਆਫ਼ ਇੰਡੀਆ ਦੇ ਮਾਤਹਿਤ ਹੁੰਦੀ ਹੈ। ਇਸ ਸਾਲ ਇਲੈਕਸ਼ਨਜ਼ ਵਿਚ ਉਬਜ਼ਰਵਰਜ਼ ਵੀ ਇਥੇ ਭੇਜੇ ਗਏ। ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਕੰਪਲੇਂਟਸ 1977 ਦੀਆਂ ਇਲੈਕ-ਸ਼ਨਾਂ ਵੇਲੇ ਆਈਆਂ ਸਨ ਉਸ ਦੇ ਮੁਕਾਬਲੇ ਵਿਚ ਇਸ ਵਾਰ ਬਹੁਤ ਹੀ ਘਟ ਕੰਪਲੇਂਟਸ ਆਈਆਂ ਹਨ। ਔਰ ਇਸ ਗੱਲ ਦੀ ਤੁਹਾਨੂੰ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਇਥੇ ਕੋਈ ਵੀ ਰੀ-ਪੋਲਿੰਗ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਰੀ-ਕਾਊਂਟਿੰਗ ਕੀਤੀ ਗਈ ਹੈ। ਇਹ ਗਲ ਜ਼ਾਹਰ ਕਰਦੀ ਹੈ ਕਿ ਇਥੇ ਕਿਸ ਤਰ੍ਹਾਂ ਫੇਅਰ ਇਲੈਕਸ਼ਨ ਹੋਈ ਹੈ। (ਥੰਪਿੰਗ) ਫਿਰ ਸਪੀਕਰ ਸਾਹਿਬ, ਜੇ ਫੇਅਰ ਇਲੈਕਸ਼ਨ ਨਾ ਹੋਈ ਹੁੰਦੀ ਤਾਂ ਇਹ ਸਜਣ ਜਿਹੜੇ ਇਥੇ ਬੈਠੇ ਹਨ ਇਹ ਨਾ ਬੈਠੇ ਹੁੰਦੇ। ਇਹ ਫੇਅਰ ਇਲੈਕਸ਼ਨ ਦਾ ਹੀ ਨਤੀਜਾ ਹੈ ਕਿ ਇਤਨੀ ਵੱਡੀ ਗਿਣਤੀ ਜੋ ਆਈ ਹੈ ਉਹ ਸਾਡੇ ਸਾਹਮਣੇ ਬੈਠੀ ਹੈ। ਇਹ ਜੋ ਸਜਣ ਅਪੋਜ਼ੀਸ਼ਨ ਵਿਚ ਇਤਨੇ ਨੰਬਰ ਵਿਚ ਬੈਠੇ ਹਨ ਇਹ ਸਾਰਾ ਫੇਅਰ ਇਲੈਕ-ਸ਼ਨ ਦਾ ਹੀ ਨਤੀਜਾ ਹੈ ਨਹੀਂ ਤਾਂ ਇਤਨੇ ਨੰਬਰ ਵਿਚ ਅਪੋਜ਼ੀਸ਼ਨ ਨਾ ਆਉਂਦੀ। ਲੇਕਿਨ ਇਸ ਦੇ ਮੁਤਾਬਿਕ ਇਥੇ ਇਹ ਕਹਿਣਾ ਕਿ ਪ੍ਰੈਜ਼ੀਡੈਂਟ ਰੂਲ ਵਿਚ ਜੋ ਇਲੈਕਸ਼ਨਜ਼ ਹੋਈਆਂ ਹਨ ਉਹ ਠੀਕ ਨਹੀਂ ਹੋਈਆਂ। ਤਾਂ ਇਹ ਗੱਲ ਠੀਕ ਨਹੀਂ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਅਰਜ਼ ਕਰਨਾ ਚਾਹੁੰਦਾ ਹਾਂ ਕਿ ਬਾਰ ਬਾਰ ਇਹ ਕਿਹਾ ਗਿਆ ਹੈ ਕਿ ਇਥੇ ਗਵਰਨਰ ਸਾਹਿਬ ਦਾ ਰੂਲ ਰਿਹਾ ਹੈ। ਕੰਸਟੀਚਿਊਸ਼ਨ ਦੇ ਮੁਤਾਬਿਕ ਅਸੀਂ ਪ੍ਰੈਜ਼ੀਡੈਂਟ ਸਾਹਿਬ ਦੇ ਮਾਤਹਿਤ ਗਵਰਨਰ ਸਾਹਿਬ ਦੇ ਰਾਹੀਂ ਰੂਲ ਕੀਤੇ ਜਾ ਸਕਦੇ ਹਾਂ ਜਿਸ ਨੂੰ ਅਸੀਂ ਪ੍ਰੈਜ਼ੀਡੈਂਟ ਰੂਲ ਆਖਦੇ ਹਾਂ। ਇਸ ਕਰਕੇ ਇਹ ਢੰਗ ਜਿਹੜਾ ਬਹੁਤ ਦੇਰ ਬਾਅਦ ਇਨ੍ਹਾਂ ਦੀ ਸਮਝ ਵਿਚ ਆਇਆ ਸੀ, ਪਹਿਲੇ ਹੀ ਇਨ੍ਹਾਂ ਨੂੰ ਬੋਲਣ ਵੇਲੇ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਸੀ। ਫਿਰ ਇਥੇ ਇਹ ਵੀ ਕਿਹਾ ਗਿਆ ਕਿ ਚੇਅਰ-ਮੈਨ ਰਿਮੂਵ ਕਰ ਦਿੱਤੇ, ਟਰਾਂਸਫਰਜ਼ ਕਰ ਦਿੱਤੀਆਂ। ਸਪੀਕਰ ਸਾਹਿਬ, ਟਰਾਂਸਫਰਜ਼ ਜੋ ਹਨ, ਉਹ ਮਾਰਚ, ਅਪਰੈਲ ਵਿਚ ਨਾਰਮਲੀ ਹੁੰਦੀਆਂ ਹਨ। ਇਲੈਕਸ਼ਨ ਕਿਸੇ ਹੋਰ ਨੇ ਨਹੀਂ ਕਰਵਾਣੀਆਂ ਹੁੰਦੀਆਂ, ਇਲੈਕਸ਼ਨਜ਼ ਤਾਂ ਇਲੈਕਸ਼ਨ ਕਮਿਸ਼ਨਰ ਨੇ ਕਰਵਾਉਣੀਆਂ ਹੁੰਦੀਆਂ ਹਨ। ਫਿਰ ਇਹ ਹੋਇਆ ਹੈ ਕਿ ਟਰਾਂਸਫਰ ਦੇ ਬਾਅਦ ਅਗਰ ਕੋਈ ਇਲੈਕਸ਼ਨ ਕਮਿਸ਼ਨਰ ਨੇ ਰੋਕ ਪਾਈ ਤਾਂ ਜੋ ਤਬਦੀਲੀ ਹੋਈ ਸੀ ਉਸ ਤੇ ਰੋਕ ਲਾਈ ਗਈ। ਐਡਮਨਿਸਟਰੇਸ਼ਨ ਵਿਚ ਤਬਦੀਲੀਆਂ ਇਸ ਕਰਕੇ ਨਹੀਂ ਸੀ ਕੀਤੀਆਂ ਗਈਆਂ ਕਿ ਦਖਲ ਦੇ ਕੇ ਇਲੈਕਸ਼ਨ ਜਿੱਤੀ ਜਾਵੇ ਜਿਸ ਦਾ ਕਿ ਇਥੇ ਬੜਾ ਚਰਚਾ ਕੀਤਾ ਗਿਆ ਹੈ, ਇਸ ਤਰ੍ਹਾਂ ਕਹਿ ਕੇ ਗਵਰਨਰ ਸਾਹਿਬ ਦੀ ਹੇਠੀ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਕੰਸਟੀਚਿਊਸ਼ਨ ਨੇ ਜਿਸ ਨੂੰ ਇਤਨਾ ਮਾਣ ਤੇ ਇਜ਼ਤ ਦਿੱਤੀ ਹੈ, ਜਿਸ ਨੂੰ ਅਸੀਂ ਹੈਡ ਆਫ਼ ਦੀ ਸਟੇਟ ਕਹਿੰਦੇ ਹਾਂ ਉਨ੍ਹਾਂ ਦੇ ਬਾਰੇ ਇਸ ਤਰ੍ਹਾਂ ਦਾ ਲਫਜ਼ ਕੋਈ ਜ਼ਬਾਨ ਤੋਂ ਬਾਹਰ ਕੱਢਣਾ ਆਪਣੀ ਜ਼ਬਾਨ ਖ਼ਰਾਬ ਕਰਨ ਦੇ ਬਰਾਬਰ ਹੈ। ਮੈਂ ਇੰਨੀ ਹੀ ਇਸ ਦੇ ਬਾਰੇ ਅਰਜ਼ ਕਰਨੀ ਚਹੁੰਦਾ ਹਾਂ। (ਵਿਘਨ) ਤੁਸੀਂ ਆਪਣੀ ਗਲ ਬਾਅਦ ਵਿਚ ਕਹਿ ਲੈਣਾ।

ਸਪੀਕਰ ਸਾਹਿਬ, ਇਥੇ ਲਾਅ ਐਂਡ ਆਰਡਰ ਦੇ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਪਿਛਲੇ ਸਾਲਾਂ ਵਿਚ ਲਾਅ ਐਂਡ ਆਰਡਰ ਦੀ ਤਸਵੀਰ ਪੇਸ਼ ਕਰਦਿਆਂ ਲੀਡਰ ਆਫ਼ ਦੀ ਆਪੋਜ਼ੀ-ਸ਼ਨ ਨੇ ਜੋ ਇਥੇ ਮੁਖ਼ਾਤਿਬ ਕੀਤਾ ਹੈ ਉਸ ਦੇ ਬਾਰੇ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਆਪਣੇ ਰਾਜ ਵਿਚ ਕੀ ਕੁਝ ਨਹੀਂ ਹੋਇਆ। ਅਹਿਮਦਗੜ੍ਹ ਦਾ ਇਥੇ ਸਵਾਲ ਉਠਿਆ ਐਸ. ਐਚ.ਓ.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨੂੰ ਟਰਾਂਸਫਰ ਕੀਤਾ ਗਿਆ ਹੈ। ਕਿਹਾ ਗਿਆ ਹੈ ਕਿ ਐਕਸ਼ਨ ਫੌਰੀ ਤੌਰ ਤੇ ਕੀਤਾ ਜਾ ਸਕਦਾ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਫੌਰੀ ਤੌਰ ਤੇ ਐਕਸ਼ਨ ਲੈਣ ਵਾਲੀ ਸਰਕਾਰ ਹੈ । ਐਕਸ਼ਨ ਜੋ ਲਿਆ ਨਹੀਂ ਗਿਆ ਤਾਂ ਉਹ ਪਿਛਲੀ ਸਰਕਾਰ ਦੇ ਵੇਲੇ ਕੋਈ ਐਕਸ਼ਨ ਨਹੀਂ ਲਿਆ ਗਿਆ। ਐਕਸ਼ਨ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੱਟੀ ਵਿਚ ਬਹੁਤ ਤਿਖੇ ਹੋ ਕੇ ਉਸ ਕੇਸ ਨੂੰ ਦੇਖਿਆ ਜਾ ਰਿਹਾ ਹੈ ਔਰ ਇਸੇ ਤਰ੍ਹਾਂ ਧੂਰੀ ਵਿਚ ਚਾਰ ਕੰਸਟੇਬਲਜ਼ ਅਰੈਸਟ ਹੋਏ ਹਨ ਅਤੇ ਕੇਸ ਰਜਿਸਟਰ ਹੋ ਗਿਆ ਹੈ। ਇਸੇ ਤਰ੍ਹਾਂ ਡਕੌਹੇ ਦਾ ਕੇਸ ਹੈ । ਕੋਈ ਬਾਹਰ ਚੋਰੀ ਨਹੀਂ ਹੋਈ, ਕੋਈ ਡਕੈਤੀ ਨਹੀਂ ਹੋਈ, ਘਰ ਦੇ ਰਿਸ਼ਤੇਦਾਰਾਂ ਨੇ ਬੰਨ੍ਹ ਕੇ ਮਾਰਿਆ ਹੈ। ਇਸੇ ਤਰ੍ਹਾਂ ਬਾਘਾਪੁਰਾਣਾ ਵਿਚ ਜੋ ਕੇਸ ਹੋਇਆ, ਉਹ ਕੇਸ ਰਜਿਸਟਰ ਹੋ ਗਿਆ ਹੈ। ਦੋ ਏ.ਐਸ.ਆਈਜ਼ ਅਤੇ ਦੋ ਹੈਡ ਕਾਂਸਟੇਬਲ ਦੀ ਛੁੱਟੀ ਹੋ ਗਈ ਹੈ । ਭੀਖੀਵਿੰਡ ਦੇ ਕੇਸ ਵਿਚ 5 ਮੁਲਾਜ਼ਮ ਫੜੇ ਗਏ ਹਨ, ਇਕ ਦੀ ਤਲਾਸ਼ ਹੈ। ਮੈਂ ਕਿਹਾ ਹੈ ਕਿ ਛੇਵੇਂ ਨੂੰ ਫੜਨ ਦੀ ਛੇਤੀ ਤੋਂ ਛੇਤੀ ਕੋਸ਼ਿਸ਼ ਕੀਤੀ ਜਾਏ। ਇਸ ਤੋਂ ਇਲਾਵਾ ਮੈਂ ਇਨ੍ਹਾਂ ਦੇ ਆਪਣੇ ਵਕਤ ਦੀ ਗਲ ਕਰਨੀ ਚਾਹੁੰਦਾ ਹਾਂ, ਜਿਹੜੇ ਇਹ ਆਪਣੇ ਆਪ ਨੂੰ ਤਿੱਖੇ ਕੰਮ ਕਰਨ ਵਾਲੇ ਕਹਿੰਦੇ ਹਨ। ਮੈਂ ਦਸਦਾ ਹਾਂ ਕਿ ਅਕਾਲੀ ਸਰਕਾਰ ਨੇ ਕੀ ਕੀਤਾ। ਇਨ੍ਹਾਂ ਦੇ ਆਪਣੇ ਅਰਸੇ ਵਿਚ ਪਲਿਸ ਤੇ ਕਿੰਨੇ ਸਟਰਿਕਚਰਜ਼ ਆਏ। ਨਿਰੰਕਾਰੀਆਂ ਦੇ ਕੇਸ ਵਿਚ ਇਨ੍ਹਾਂ ਨੇ ਕਿਸ ਤਰ੍ਹਾਂ ਉਨ੍ਹਾਂ ਨੂੰ ਰੋਲਿਆ। ਕੋਈ ਕੇਸ ਜਿਸ ਵਿਚ ਸਟ੍ਰਿਕਚਰ ਪਾਸ ਹੋ ਜਾਵੇ ਉਸ ਵਿਚ ਨਜ਼ਾਮਤ ਆਉਂਦੀ ਹੈ। ਕਿਸ ਤਰੀਕੇ ਨਾਲ ਕੇਸ ਗਲਤ ਤਿਆਰ ਕੀਤਾ ਗਿਆ। ਕੇਸ ਕਰਨ ਵੇਲੇ ਧਿਆਨ ਨਾਲ ਚਲਣਾ ਚਾਹੀਦਾ ਹੈ। 1979 ਵਿਚ 13 ਮੌਤਾਂ ਜਲਾਲਾਬਾਦ ਵਿਚ ਹੋਈਆਂ ਔਰ ਮਾਰਚ 1979 ਵਿਚ 8 ਸਾਲ ਦਾ ਲੜਕਾ ਅੱਬਡਕਟ ਕੀਤਾ ਗਿਆ। 60 ਹਜ਼ਾਰ ਰੁਪਿਆ ਉਸ ਦਾ ਮੰਗਿਆ ਗਿਆ। ਰੁਪਿਆ ਨਹੀਂ ਮਿਲਿਆ ਤਾਂ ਉਸ ਦੀ ਲਾਸ਼ ਪਾਈ ਗਈ ਪਰ ਕੋਈ ਕੇਸ ਰਜਿਸਟਰ ਨਹੀਂ ਕੀਤਾ ਗਿਆ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਸਰਾਏਨਾਗਾ ਵਿਚ ਕਿਸ ਤਰ੍ਹਾਂ ਨਿਹੰਗਸਿੰਘ ਮਾਰੇ ਗਏ। ਕਿਸ ਤਰ੍ਹਾਂ ਦਾ ਕੇਸ ਬਣਾਇਆ ਗਿਆ, ਕੀ ਕੁਝ ਉਥੇ ਕੀਤਾ ਗਿਆ, ਇਹ ਆਪ ਸਭ ਨੂੰ ਪਤਾ ਹੈ। ਕਿਸ ਤਰ੍ਹਾਂ ਮੈਨੀਪੋਲੇਸ਼ਨ ਹੁੰਦੀ ਰਹੀ ਔਰ ਕਿਸ ਤਰ੍ਹਾਂ ਉਲਟੇ ਮਰਨ ਵਾਲਿਆਂ ਤੇ ਕੇਸ ਬਣਾਏ ਗਏ। ਇਸੇ ਤਰ੍ਹਾਂ ਹੀ ਗੁਰੂ ਹਰ ਸਹਾਏ ਵਿਚ ਹੋਇਆ। ਇਹ ਸਾਰੇ ਐਸੇ ਕੇਸਿਜ਼ ਹਨ ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ। 1979 ਵਿਚ ਦੋ ਚੌਕੀਦਾਰ ਅੰਮ੍ਰਿਤਸਰ ਬੱਸ ਸਟੈਂਡ ਤੇ ਮਾਰੇ ਗਏ ਪਰ ਐਕਿਊਜ਼ਡਾਂ ਨੂੰ ਇਨ੍ਹਾਂ ਨੇ ਨਹੀਂ ਫੜਿਆ, ਉਹ ਅਸੀਂ ਆ ਕੇ ਫੜੇ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਇਕੱਲੀ ਦੁਕੱਲੀ ਇੰਨਸੀਡੈਂਟਸ਼ ਹੋਵੇਗਾ ਜਿਸ ਨੂੰ ਰੈਫਰ ਕਰਕੇ ਇਹ ਕਹਿਣਾ ਕਿ ਲਾਅ ਐਂਡ ਆਰਡਰ ਬਿਲਕੁਲ ਖ਼ਰਾਬ ਹੈ, ਇਹ ਠੀਕ ਨਹੀਂ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦਾ ਇਹ ਕਹਿਣਾ ਬਿਲਕੁਲ ਗਲਤ ਹੈ ਕਿ ਕਿਸੇ ਤੇ ਅਫ਼ੀਮ ਪਾ ਕੇ, ਕਿਸੇ ਦੇ ਭੁਕੀ ਪਾ ਕੇ ਜਾਂ ਸ਼ਰਾਬ ਪਾ ਕੇ ਅਸੀਂ ਫੜੇ ਹਨ। ਇਹ ਜਿੰਨੇ ਬੰਦੇ ਫੜੇ ਜਾ ਰਹੇ ਹਨ ਇਨ੍ਹਾਂ ਦੇ ਵਿਰੁੱਧ ਪਹਿਲੇ 4, 4 ਕੇਸਿਜ਼ ਹਨ, ਉਨ੍ਹਾਂ ਨੇ ਲੁਟਖਸੁਟ ਕੀਤੀ ਹੈ, ਸਮੱਗਲਿੰਗ ਕੀਤੀ ਹੈ, ਲੇਡੀਜ਼ ਉਧਾਲੀਆਂ ਹਨ । ਤਹਾਡਾ ਕੀ ਮਤਲਬ ਹੈ ਕਿ ਜਿਹੜੇ ਸਮੱਗਲਿੰਗ ਕਰਦੇ ਹਨ, ਜਾਂਦਿਆਂ ਦੇ ਕੱਪੜੇ ਉਤਾਰਣ ਵਾਲੇ ਹਨ, ਕੀ ਉਨ੍ਹਾਂ ਦਾ ਬੰਦੋਬਸਤ ਨਾ ਕਰੀਏ; ਕੀ ਉਨ੍ਹਾਂ ਨੂੰ ਇਹ ਕਹੀਏ ਕਿ ਉਹ ਬੜੇ ਸਾਹਿਬ ਹਨ ਉਨ੍ਹਾਂ ਨੂੰ ਚੰਗੀ ਕੁਰਸੀ ਤੇ ਬਿਠਾਈਏ ? ਅਸੀਂ ਉਨ੍ਹਾਂ ਨੂੰ ਅੰਦਰ ਦਿੱਤਾ ਹੈ। ਤੁਸੀਂ ਸ਼ਹਿਰਾਂ ਵਿਚ ਜਾ ਕੇ ਵੇਖੋ ਕਿ ਜਦੋਂ ਦੇ ਅਸੀਂ ਇਹ ਲੋਕ ਫੜੇ ਹਨ, ਲੋਕ ਬਹੁਤ ਖੁਸ਼ ਹਨ ਅਤੇ ਉਹ ਕਹਿੰਦੇ ਹਨ ਕਿ ਸਾਨੂੰ ਬੜਾ ਆਰਾਮ ਮਿਲਿਆ ਹੈ। ਉਹ ਕਹਿੰਦੇ ਹਨ ਕਿ ਪਿਛਲੇ ਸਾਲਾਂ ਵਿੱਚ ਉਨ੍ਹਾਂ ਲੋਕਾਂ ਨੂੰ ਕੋਈ ਪੁੱਛਣ ਵਾਲਾ ਹੀ ਨਹੀਂ ਸੀ। ਜਿਹੜੇ ਲੋਕਾਂ ਦੀ ਬੇਪੱਤੀ ਕਰਨ ਵਾਲੇ ਸੀ ਉਹ ਅੱਜ ਜੇਲ੍ਹਾਂ ਵਿਚ ਹਨ। ਅੱਜ ਮੇਰੇ ਭਰਾਵਾਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਜਿਹੜਾ ਐਨਟੀਸੋਸ਼ਲ ਐਲੀਮੈਂਟ ਹੈ ਉਸ

Original with;
Punjab Vidhan Sabha
Digitized by;
Panjab Digital Library

ਨੂੰ ਅੰਦਰ ਦਿੱਤਾ ਜਾ ਰਿਹਾ ਹੈ। ਇਸ ਚੀਜ਼ ਦੀ ਸਰਕਾਰ ਦੀ ਇਨ੍ਹਾਂ ਨੂੰ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਪ੍ਰੋੜ੍ਹਤਾ ਕਰਨੀ ਚਾਹੀਦੀ ਸੀ ਅਤੇ ਸਰਕਾਰ ਨਾਲ ਸਹਿਮਤ ਹੋਣਾ ਚਾਹੀਦਾ ਸੀ। ਜਿਹੜੇ ਵੀ ਕੇਸ ਇਸ ਜ਼ਦ ਵਿਚ ਆਉਣਗੇ, ਛੱਡਾਂਗੇ ਨਹੀਂ, ਅਸੀਂ ਜ਼ਰੂਰ ਪਕੜਾਂਗੇ। ਅਫ਼ੀਮ ਦਾ ਸਾਨੂੰ ਪਤਾ ਹੈ ਕਿ ਕਿਥੇ ਵਿਕਦੀ ਹੈ, ਕੌਣ ਲਿਆਉਂਦਾ ਹੈ ਅਤੇ ਕੌਣ ਲੈਂਦਾ ਹੈ ? ਕਿੰਨੇ ਟਨਾਂ ਦੇ ਟਨ ਇਹ ਆਉਂਦੀ ਹੈ। ਮੈਂ ਕਹਿੰਦਾ ਹਾਂ ਕਿ ਅਫ਼ੀਮ ਦੇ ਸਿਲਸਿਲੇ ਵਿਚ ਬੜੇ ਬੰਦੇ ਫੜੇ ਜਾਣੇ ਹਨ। ਤੁਸੀਂ ਵੇਖਣਾ ਕਿਹੜੇ ਆਉਣੇ ਹਨ (ਥੰਪਿੰਗ) ।

ਡਿਵੈਲਪਮੈਂਟ ਦੇ ਹਿਸਾਬ ਨਾਲ ਇਹ ਕਹਿੰਦੇ ਹਨ ਕਿ ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਬੜੀ ਡਿਵੈਲਪਮੈਂਟ ਕੀਤੀ। ਮੈਂ ਇਨ੍ਹਾਂ ਦਾ ਸਾਰਾ ਪ੍ਰੋਗਰਾਮ ਪੜ੍ਹਕੇ ਵੇਖਿਆ ਹੈ ਪਰ ਇਨ੍ਹਾਂ ਨੇ ਕੀਤਾ ਕੁਝ ਨਹੀਂ । ਬੜੇ ਬੜੇ ਫੋਕੇ ਨਾਹਰੇ ਦਿੱਤੇ ਹਨ ਲੇਕਿਨ ਪਰਫਾਰਮੈਂਸ ਕੁਝ ਨਹੀਂ। ਇਨ੍ਹਾਂ ਦੇ ਪਿਛਲੇ ਢਾਈ ਸਾਲਾਂ ਵਿਚ ਅਗਰ ਇਨ੍ਹਾਂ ਦੇ ਮੈਂ ਦੋ ਐਡਰੈਸ ਪੜ੍ਹ ਕੇ ਸੁਣਾਵਾਂ ਤਾਂ ਤੁਸੀਂ ਵੇਖੋਗੇ ਕਿ ਉਨ੍ਹਾਂ ਵਿਚ ਇਕ ਦੂਜੇ ਦੀ ਆਪਸ ਵਿਚ ਕਾਂਟਰਾਡਿਕਸ਼ਨ ਹੈ, ਕੋਈ ਕਾਂਟੀਨਿਊਏਸ਼ਨ ਹੈ ਹੀ ਨਹੀਂ। ਇਨ੍ਹਾਂ ਦੀ ਪਰਫਾਰਮੈਂਸ ਬੜੀ ਪੂਅਰ ਰਹੀ, ਇਹ ਕੇਵਲ ਨਾਹਰੇ ਮਾਰਨ ਵਾਲੇ ਹੀ ਸਨ। ਸਪੀਕਰ ਸਾਹਿਬ, ਇਨ੍ਹਾਂ ਨੇ ਫੋਕਲ ਪੁਆਇੰਟਾਂ ਤੇ ਬੜਾ ਜ਼ੋਰ ਲਾਇਆ। ਇਕ ਆਈ. ਆਰ. ਡੀ.ਪੀ. ਸਕੀਮ ਸੀ, ਉਸ ਵਿਚ ਇਨ੍ਹਾਂ ਕਿਹਾ ਕਿ 302 ਕਰੋੜ ਰੁਪਏ ਖਰਚ ਕੀਤੇ ਜਾਣਗੇ । ਬੜੀ ਭਾਰੀ ਸਕੀਮ ਇਨ੍ਹਾਂ ਨੇ ਬਣਾਈ। ਲੋਕਾਂ ਨੇ ਕਿਹਾ ਕਿ ਬੜਾ ਕੰਮ ਕਰਨ ਵਾਲੇ ਆ ਗਏ ਹਨ। ਇਨ੍ਹਾਂ ਠੇ ਉਸ 302 ਕਰੋੜ ਰੁਪਏ ਵਿਚੋਂ 3 ਸਾਲਾਂ ਵਿਚ, 98 ਕਰੋੜ ਰੁਪਏ ਪਿੰਡਾਂ ਤੇ ਖਰਚ ਕਰਨ ਸੀ, ਪਰ ਕੀਤੇ ਕਿੰਨੇ ? ਸਿਰਫ਼ 7 ਕਰੋੜ ਰੁਪਏ। ਇਹ ਪਰਫ਼ਾਰਮੈਂਸ ਹੈ ਇਨ੍ਹਾਂ ਦੀ, ਇਸ ਲਈ ਮੈਂ ਕਹਿਦਾ ਹਾਂ ਕਿ ਇਹ ਫੋਕੇ ਨਾਹਰੇ ਲਾਉਂਦੇ ਰਹੇ। (ਸ਼ੇਮ) (ਸ਼ੇਮ) ਅਸੀਂ ਫੋਕੇ ਨਾਹਰੇ ਨਹੀਂ ਲਾਉਂਦੇ, ਅਸੀਂ ਪਰਫਾਰਮੈਂਸ ਦਿੰਦੇ ਹਾਂ। ਇਨ੍ਹਾਂ ਨੇ ਕੀ ਕੀਤਾ ਕਿ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਫੋਕਲ ਪੁਆਇਟ ਲੈ ਗਏ । ਲੋਕਾਂ ਦੀਆਂ ਜ਼ਬਰਦਸਤੀ ਜ਼ਮੀਨਾਂ ਤੇ ਕਬਜ਼ੇ ਕਰਦੇ ਰਹੇ ਅਤੇ ਜ਼ਿਦ ਵਿਚ ਲੋਕਾਂ ਦੀਆਂ ਜ਼ਮੀਨਾਂ ਖੋਹਦੇ ਰਹੇ। ਐਸੇ ਬੇਲਿਹਾਜ਼ੇ ਕੰਮ ਕੀਤੇ ਗਏ ਹਨ ਅਗਰ ਮੈਂ, ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਉਨ੍ਹਾਂ ਦੀ ਲਿਸਟ ਰਖਾਂ ਤਾਂ ਆਪ ਨੂੰ ਪਤਾ ਲਗੇਗਾ ਕਿ ਸਾਰੇ ਦੇ ਸਾਰੇ ਕੰਮ ਅਧੂਰੇ ਪਏ ਹਨ ਅਤੇ ਇਹ ਕੋਈ ਕੰਮ ਕੰਪਲੀਟ ਨਹੀਂ ਕਰ ਸਕੇ ਲੇਕਿਨ ਅਸੀਂ ਜ਼ਿਮੇਵਾਰੀ ਤੋਂ ਭੱਜਣ ਵਾਲੇ ਨਹੀਂ, ਅਸੀਂ ਕਰਾਂਗੇ। ਮੈਂ ਤਾਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਪਰਫਾਰਮੈਂਸ ਕੋਈ ਨਹੀਂ ਸੀ ਲੇਕਿਨ ਨਾਹਰੇਬਾਜ਼ੀ ਜ਼ਿਆਦਾ ਸੀ। ਇਹ ਪਿਛਲੇ ਸਾਲਾਂ ਵਿਚ ਸਿਰਫ਼ ਨਾਹਰੇਬਾਜ਼ੀ ਹੀ ਤਾਂ ਕਰਦੇ ਰਹੇ ਹਨ। ਇਹ ਫੋਕਤ ਪੁਆਇੰਟਾਂ ਦਾ ਸ਼ਰੇਅ ਲੈਂਦੇ ਹਨ ਕਿ ਅਸੀਂ ਬਹੁਤ ਕੁਝ ਕੀਤਾ ਹੈ, ਪਰ ਇਨ੍ਹਾਂ ਦੀ ਪਰਫਾਰਮੈਂਸ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਪਾਸ ਪੈਸਾ ਸੀ ਪਰ ਲਾਗਾ ਨਹੀਂ ਸਕੇ। ਕੋਈ ਡਿਸੀਜ਼ਨ ਨਹੀਂ ਲੈ ਸਕੇ, ਇੰਡਿਸੀਜ਼ਨ ਦੀ ਮਾਰੀ ਸਰਕਾਰ ਨੇ ਹੁਣ ਤਕ ਕੁਝ ਨਹੀਂ ਕੀਤਾ।

ਇਕ ਇਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਨੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਬਹੁਤ ਕੰਮ ਕੀਤਾ ਹੈ, ਅਸੀਂ ਕੁਝ ਨਹੀਂ ਕੀਤਾ ਔਰ ਹੋਣ ਲਾਅ ਐਂਡ ਆਰਡਰ ਦੀ ਹਾਲਤ ਕੁਝ ਨਹੀਂ। ਮੈਂ ਦੱਸ ਦਿੱਤਾ ਹੈ ਕਿ ਅਸੀਂ ਬੰਦੇ ਫੜੇ ਹਨ। ਹੁਣ ਅਸੀਂ ਇਹ ਵੀ ਕੀਤਾ ਹੈ ਕਿ ਗਸ਼ਤੀ ਪੁਲਿਸ ਅਫ਼ਸਰ ਘੁੰਮਿਆ ਕਰਨਗੇ ਅਤੇ ਜਿਹੜਾ ਵੀ ਕੋਈ ਖ਼ਰਾਬੀ ਕਰਦਾ ਮਿਲੇਗਾ ਉਸ ਨੂੰ ਛੱਡਿਆ ਨਹੀਂ ਜਾਵੇਗਾ। ਮੈਂ ਹੋਰ ਦੱਸਦਾ ਹਾਂ ਕਿ ਅਸੀਂ ਗੈਂਗ ਫੜੇ ਹਨ , ਨੋਟ ਬਣਾਉਣ ਵਾਲੇ, ਦੂਸਰਿਆਂ ਤੇ ਅਟੈਕ ਕਰਨ ਵਾਲੇ, ਚੋਰੀਆਂ ਕਰਨ ਵਾਲੇ ਗੈਂਗ ਜਿਹੜੇ ਬੜੇ ਬੜੇ ਬਦਮਾਸ਼ ਸਨ ਜਿਨ੍ਹਾਂ ਨੂੰ ਇਨ੍ਹਾਂ ਦੀ ਸਰਕਾਰ ਨੇ ਕਦੇ ਹੱਥ ਨਹੀਂ ਸੀ ਪਾਇਆ ਉਨ੍ਹਾਂ ਨੂੰ ਅਸੀਂ ਫੜਿਆ ਹੈ। ਪਤਾ ਨਹੀਂ ਕਿਹੜੇ ਕਿਹੜੇ ਕਾਰਨ ਸਨ ਜਿਨ੍ਹਾਂ ਕਰਕੇ ਇਹ ਹੱਥ ਨਹੀਂ ਸਨ ਉਨ੍ਹਾਂ ਨੂੰ ਪਾਉਂਦੇ ਪਰ ਅੱਜ ਅਸੀਂ ਉਨ੍ਹਾਂ ਨੂੰ ਅੰਦਰ ਦਿੱਤਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹੈ ਅਤੇ ਉਹ ਚੂੰ ਨਹੀਂ ਕਰ ਸਕੇ, ਕੋਈ ਉਨ੍ਹਾਂ ਦਾ ਬੰਦਾ ਹਮਾਇਤ ਕਰਨ ਵਾਲਾ ਮੇਰੇ ਪਾਸ ਨਹੀਂ ਆਇਆ। ਖਾਲਸਾ ਜੀ ਕਹਿੰਦੇ ਹਨ ਕਿ ਗਲਤ ਆਦਮੀ ਫੜ ਲਏ ਹਨ। ਮੈਂ ਕਹਿੰਦਾ ਹਾਂ ਖਾਲਸਾ ਜੀ ਸਾਡਾ ਸਾਥ ਦਿਓ ਅਸੀਂ ਜਿਹੜੇ ਬੰਦੇ ਫੜੇ ਹਨ ਉਹ ਗਲਤ ਬੰਦੇ ਹਨ। ਅਸੀਂ ਉਨ੍ਹਾਂ ਲੋਕਾਂ ਨੂੰ ਫੜਿਆ ਹੈ ਜਿਹੜੇ ਬਦਮਾਸ਼ ਹਨ। ਅਖ਼ਬਾਰਾਂ ਵਿਚ ਕਈ ਗਲਾਂ ਗਲਤ ਆਉਂਦੀਆਂ ਹਨ, ਕਈ ਠੀਕ ਆਉਂਦੀਆਂ ਹਨ। ਮੈਂ ਐਕਚੁਅਲ ਪਰਫਾਰਮੈਂਸ ਵਿਚ ਬਿਲੀਵ ਕਰਦਾ ਹਾਂ। ਇਸੇ ਤਰ੍ਹਾਂ ਮੈਂ ਨੂੰ ਸ਼ਹਿਰਾਂ ਵਿਚ ਓਪੀਅੱਮ ਦੇ ਡੀਲਰਜ਼ ਰਹਿਣ ਨਹੀਂ ਦੇਣੇ, ਉਹ ਬਮਸ਼ੇ ਨਹੀਂ ਜਾਣਗੇ ਜਿਹੜੇ ਬਕਸਿਆਂ ਵਿਚ ਹਫੀਮ ਲੈ ਕੇ ਬੈਠੇ ਹਨ। ਕੋਈ ਝੰਡਾ ਲਗਾ ਹੋਵੇ, ਮੈਂ ਨਹੀਂ ਵੇਖਣਾ ਪਰ ਮੈਂ ਇਹ ਵੇਖਣਾ ਹੈ ਕਿ ਉਥੇ ਹੁੰਦਾ ਕੀ ਹੈ ? (ਥੰਪਿੰਗ) ਲਾਅ ਐਂਡ ਆਰਡਰ ਦੀ ਹਾਲਤ ਅਗੇ ਨਾਲੋਂ ਹੁਣ ਬਹੁਤ ਚੰਗੀ ਔਰ ਬੇਹਤਰ ਹੈ। ਮੈਂ ਇਹ ਅਰਜ਼ ਇਸ ਕਰਕੇ ਕਰ ਰਿਹਾ ਹਾਂ ਕਿ ਬਜਾਏ ਇਸ ਦੇ ਕਿ ਤੁਸੀਂ ਉਠਕੇ ਕੋਈ ਤਜਵੀਜ਼ਾਂ ਦਿਓ, ਲਿਖ ਕੇ ਦਿਉ ਕਿ ਇਹ ਬੰਦੇ ਮਾੜੇ ਰਹਿ ਗਏ ਹਨ ਉਸ ਦਾ ਤੁਸੀਂ ਕ੍ਰਿਟੀ-ਸਾਈਜ਼ ਕਰਦੇ ਹੋ। ਤੁਸੀਂ ਸਹਿਚਾਰਾ ਇਸ ਗੱਲ ਦਾ ਕਰੋ ਕਿ ਫਲਾਂ ਆਦਮੀ ਅੱਨਡਿਜ਼ਾਇਰੇਬਲ ਹੈ ਉਸ ਨੂੰ ਫੜਿਆ ਜਾਵੇ। ਤੁਸੀਂ ਸਰਕਾਰ ਵਿਚ ਰਹੇ ਹੋ ਪਰ ਇਹ ਕੰਮ ਨਹੀਂ ਕਰ ਸਕੇ ਅਸੀਂ ਤੁਹਾਡੇ ਕੰਮ ਪੂਰੇ ਕਰਦੇ ਪਏ ਹਾਂ ਲੇਕਿਨ ਬਜਾਏ ਤੁਸੀਂ ਸਾਡਾ ਸਾਥ ਦੇਣ ਦੇ ਤੁਸੀਂ ਕਟਾਖਸ਼ ਵਾਲੇ ਪਾਸੇ ਤੁਰ ਪਏ ਹੋ।

ਸਪੀਕਰ ਸਾਹਿਬ, ਇਥੇ ਦੋ ਗੰਭੀਰ ਮਸਲੇ ਉਠਾਏ ਗਏ। ਇਕ ਮਸਲਾ ਐਗਰੀਕਲਚਰ ਦਾ ਹੈ। ਉਸ ਬਾਰੇ ਕਿਹਾ ਗਿਆ ਹੈ ਕਿ ਐਗਰੀਕਲਚਰ ਲਈ ਜਿਹੜੀ ਫਰਟੇਲਾਈਜ਼ਰ ਚਾਹੀਦੀ ਹੈ ਉਸ ਦੀਆਂ ਪ੍ਰਾਈਸਿਜ਼ ਵੱਧ ਹਨ ਅਤੇ ਪ੍ਰਾਈਸਿਜ਼ ਵਧਣ ਨਾਲ ਕਿਸਾਨ ਤੇ ਬੋਝ ਪੈ ਗਿਆ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ। ਭਾਵੇਂ ਡੀਜ਼ਲ ਦੇ ਰੇਟ ਵੱਧਣ ਕਾਰਨ ਕਿਸਾਨ ਤੇ ਬੋਝ ਪਿਆ ਹੈ ਲੇਕਿਨ ਇਸ ਸਰਕਾਰ ਨੇ ਹਲਫ਼ ਲੈਣ ਤੋਂ ਬਾਅਦ ਸੈਂਟਰ ਦੀ ਸਰਕਾਰ ਨੂੰ ਚਿਠੀ ਲਿਖੀ ਹੈ ਕਿ ਪੈਡੀ ਦਾ ਰੇਟ ਘੱਟ ਤੋਂ ਘੱਟ 110 ਰੁਪਏ ਕੁਇੰਟਲ ਮੁਕਰਰ ਹੋਣਾ ਚਾਹੀਦਾ ਹੈ (ਥੰਪਿੰਗ) ਤਾਂ ਕਿ ਜਿਹੜਾ ਕਿਸਾਨ ਤੇ ਫਰਟੇਲਾਈਜ਼ਰ ਦਾ ਰੇਟ ਵੱਧਣ ਕਾਰਨ ਬੋਝ ਪਿਆ ਹੈ ਉਸ ਨੂੰ ਕਿਸੇ ਹੱਦ ਤਕ ਕੰਪਨਸੇਟ ਕੀਤਾ ਜਾ ਸਕੇ। ਅਸੀਂ ਇਸ ਗਲ ਤੇ ਪ੍ਰੋਟੈਸਟ ਕੀਤਾ ਕਿ 100 ਰੁਪਏ ਪੈਡੀ ਦਾ ਭਾਅ ਮੁਕੱਰਰ ਕਰਨ ਨਾਲ ਕਿਸਾਨ ਦੇ ਖਰਚੇ ਵੀ ਪੂਰੇ ਨਹੀਂ ਹੁੰਦੇ। ਇਸ ਲਈ ਇਸ ਨੂੰ ਹੋਰ ਵਧਾਉਣਾ ਚਾਹੀਦਾ ਹੈ। ਅਸੀਂ ਸਟੇਟ ਦੇ ਇੰਟਰੈਸਟ ਦੇ ਵਾਚ ਡਾਗ ਹਾਂ। ਬਗੈਰ ਤੁਹਾਡੇ ਵਲੋਂ ਇਹ ਸਵਾਲ ਉਠਾਉਣ ਦੇ ਮੈਂ ਆਉਂਦਿਆਂ ਹੀ ਸਭ ਤੋਂ ਪਹਿਲਾਂ ਸੈਂਟਰ ਦੀ ਸਰਕਾਰ ਨੂੰ ਚਿੱਠੀ ਲਿਖੀ ਕਿ ਪੈਡੀ ਦੀ ਆਉਣ ਵਾਲੀ ਫਸਲ ਦਾ ਰੇਟ 110 ਰੁਪਏ ਕੁਇੰਟਲ ਮੁਕੱਰਰ ਕੀਤਾ ਜਾਵੇ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਐਫ. ਸੀ. ਆਈ. ਵਾਲਿਆਂ ਨੇ ਕਿਹਾ ਸੀ ਕਿ ਤੁਹਾਨੂੰ ਖਰੀਦ ਕਰਨੀ ਪਵੇਗੀ। ਮੈਂ ਜਵਾਬ ਦੇ ਆਇਆ ਹਾਂ ਕਿ ਇਸ ਦੀ ਖਰੀਦ ਐਫ.ਸੀ.ਆਈ. ਵਾਲੇ ਹੀ ਕਰਨ। ਅਸੀਂ ਇਸ ਚੀਜ਼ ਦੀ ਜ਼ਿਮੇਵਾਰੀ ਲੈਣ ਵਾਸਤੇ ਤਿਆਰ ਨਹੀਂ ਹਾਂ। ਫੈਸਲਾ ਕੀ ਹੁੰਦਾ ਹੈ, ਇਹ ਵੇਖ ਲਵਾਂਗੇ। ਕੋਈ ਵੀ ਪੁਆਇੰਟ ਐਸਾ ਨਹੀਂ ਜਿਸ ਤੇ ਮੈਂ ਸੈਂਟਰ ਦੀ ਸਰਕਾਰ ਨੂੰ ਕਹਿ ਕੇ ਨਾ ਆਇਆ ਹੋਵਾਂ। ਇਥੇ ਕਿਹਾ ਜਾਂਦਾ ਹੈ ਕਿ ਉਪਰ ਵੀ ਤੁਹਾਡੀ ਸਰਕਾਰ ਹੈ ਇਥੇ ਵੀ ਤੁਹਾਡੀ ਸਰਕਾਰ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਥੇ ਤੁਹਾਡੀ ਸਰਕਾਰ ਸੀ, ਸੈਂਟਰ ਵਿੱਚ ਤੁਹਾਡਾ ਆਦਮੀ ਐਗਰੀਕਲਚਰ ਦਾ ਮਨਿਸਟਰ ਸੀ, ਫਿਰ ਕਿਉਂ ਨਹੀਂ ਤੁਸੀਂ ਇਹ ਕੰਮ ਕਰਵਾਏ ? ਲੀਡਰ ਆਫ ਦੀ ਆਪੋਜ਼ੀਸ਼ਨ ਵੀ ਕਿਸਾਨ ਹਨ। ਅਗਰ ਕੋਈ ਕੰਪਲੀਕੇਸ਼ਨ ਆਈ ਤਾਂ ਇਨ੍ਹਾਂ ਨੇ ਉਸ ਨੂੰ ਹੱਲ ਕਰਨ ਲਈ ਕੋਈ ਸੁਝਾਓ ਨਹੀਂ ਦਿੱਤਾ। ਇਹ ਚੰਡੀਗੜ੍ਹ ਦਾ ਮਾਮਲਾ

Original with;
Punjab Vidhan Sabha
Digitized by;
Panjab Digital Library

ਹੱਲ ਕਰਵਾ ਲੈਂਦੇ । ਇਸ ਦੇ ਬਾਰੇ ਵਿੱਚ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਪੰਜਾਬ ਦਾ ਹੈ। ਇਸ ਦਾ ਫੈਸਲਾ ਕੀ ਹੁੰਦਾ ਹੈ, ਇਹ ਬਾਅਦ ਦੀ ਗੱਲ ਹੈ। ਲੇਕਿਨ ਚੰਡੀਗੜ੍ਹ ਪੰਜਾਬ ਦਾ ਪਾਰਟ ਐਂਡ ਪਾਰਸਲ ਹੈ (ਥੰਪਿੰਗ) ਇਸ ਦੇ ਬਾਰੇ ਦੂਸਰੇ ਸੂਬਿਆਂ ਦੇ ਲੋਕ ਕੀ ਕਹਿੰਦੇ ਹਨ। ਇਸ ਵਿੱਚ ਨਹੀਂ ਜਾਣਾ ਚਾਹੀਦਾ । Irrespective of what the neighbouring State says, I stand by it that Chandigarh belongs to Punjab.

ਸਪੀਕਰ ਸਾਹਿਬ, ਪਾਣੀ ਦਾ ਮਸਲਾ ਹੈ। ਇਹ ਆਪਣੇ ਢਾਈ-ਤਿੰਨ ਸਾਲ ਦੇ ਰਾਜ ਵਿੱਚ ਕਿਉਂ ਨਹੀਂ ਇਸ ਮਸਲੇ ਨੂੰ ਹੱਲ ਕਰ ਸਕੇ? ਸਾਨੂੰ ਕਿਉਂ ਉਲਾਂਭੇ ਦਿੰਦੇ ਹਨ ? ਸਾਨੂੰ ਤਾਂ ਆਇਆਂ ਨੂੰ ਅਜੇ ਇੱਕ ਮਹੀਨਾ ਹੀ ਹੋਇਆ ਹੈ। ਅਸੀਂ ਸਭ ਕੁਝ ਕਰਾਂਗੇ। ਆਉਂਦਿਆਂ ਹੀ ਸੈਸ਼ਨ ਆ ਗਿਆ ਹੈ। ਇਸ ਤੋਂ ਬਾਅਦ ਸਾਰੇ ਮਸਲਿਆਂ ਦਾ ਹੱਲ ਕਰਾਂਗੇ। ਮੈਨੂੰ ਕੋਈ ਝਿਝਕ ਜਾਂ ਸੰਗ ਤਾਂ ਹੈ ਨਹੀਂ ਕਿ ਮੈਂ ਕਿਸੇ ਨੂੰ ਕੁਝ ਕਹਿ ਨਹੀਂ ਸਕਦਾ। ਮੈਂ ਇਸ ਚੀਜ਼ ਦੀ ਪੜਤਾਲ ਕਰਕੇ, ਪੜਚੋਲ ਕਰਕੇ ਪੂਰੀ ਤਰ੍ਹਾਂ ਵੇਖ ਕੇ ਕਿ ਕਿਸ ਹੱਦ ਤਕ ਮੈਂ ਆਪਣੇ ਹੱਕਾਂ ਨੂੰ ਵਰਤ ਸਕਦਾ ਹਾਂ, ਫਿਰ ਕਦਮ ਚੁਕਾਂਗਾ। ਸਾਡੀ ਨੀਅਤ ਇਸ ਬਾਰੇ ਸਾਫ ਹੈ। ਇਹ ਪਾਣੀ ਦੇ ਮਸਲੇ ਬਾਰੇ ਕਹਿੰਦੇ ਹਨ ਕਿ ਅਸੀਂ ਖੂਨ ਦੀਆਂ ਨਦੀਆਂ ਬਹਾ ਦਿਆਂਗੇ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਤੁਸੀਂ ਖੂਨ ਕਿਉਂ ਬਹਾਉਂਦੇ ਹੋ; ਤੁਸੀਂ ਆਪਣੇ ਰਾਜ ਵਿੱਚ ਪਾਣੀ ਹੀ ਬਹਾ ਦਿੰਦੇ ਤਾਂ ਗੱਲ ਮੁੱਕ ਜਾਂਦੀ । ਇਹ ਜਿਹੜੇ ਨਾਅਰੇ ਲਾਉਣੇ ਹਨ , ਇਹ ਜਿਹੜੀ ਸੈਂਟੀਮੈਂਟਲ ਅਪਰੋਚ ਹੈ, ਇਹ ਕੂਲ ਹੈਡਿਡ ਆਦਮੀਆਂ ਨੂੰ ਨਹੀਂ ਅਖਤਿਆਰ ਕਰਨੀ ਚਾਹੀਦੀ। ਗੈਲਰੀਜ਼ ਨੂੰ ਇਸ ਤਰ੍ਹਾਂ ਵਿਖਾਉਣਾ ਕਿ ਅਸੀਂ ਇਸ ਮਸਲੇ ਲਈ ਬੜੇ ਤਕੜੇ ਹੋ ਕੇ ਲੜਾਂਗੇ, ਠੀਕ ਨਹੀਂ। ਪੌਣੇ ਤਿੰਨ ਸਾਲਾਂ ਵਿੱਚ ਉਪਰ ਸੈਂਟਰ ਵਿਚ ਵੀ ਤੁਹਾਡੀ ਸਰਕਾਰ ਸੀ ਅਤੇ ਇਥੇ ਵੀ ਤੁਹਾਡੀ ਸਰਕਾਰ ਸੀ। ਉਸ ਵੇਲੇ ਤੁਹਾਡੇ ਰਸਤੇ ਵਿੱਚ ਕਿਹੜੀ ਚੀਜ਼ ਦੀ ਰੁਕਾਵਟ ਸੀ ? ਤੁਹਾਡੀਆਂ ਆਪਣੀਆਂ ਕਮਜ਼ੋਰੀਆਂ, ਆਪਣੀਆਂ ਬੁਜ਼ਦਿਲੀਆਂ, ਮੈਂ ਨਹੀਂ ਕਹਿੰਦਾ ਘੱਟ ਸਮਝ ਕਾਰਨ, ਜੋ ਉਪਰਾਲੇ ਤੁਸੀਂ ਕਰਦੇ ਰਹੇ ਹੋ ਉਸ ਦਾ ਨਤੀਜਾ ਇਹ ਨਿਕਲਿਆ ਹੈ। ਪਾਣੀ ਦੇ ਮਸਲੇ ਦਾ ਫੈਸਲਾ ਐਵੇਂ ਨਹੀਂ ਹੋ ਸਕਣਾ। ਮੈਂ ਗਵਾਂਢੀ ਸਟੇਟ ਵਾਲਿਆਂ ਨੂੰ ਵੀ ਕਿਹਾ ਸੀ ਕਿ ਅਖਬਾਰਾਂ ਵਿੱਚ ਬਿਆਨ ਦੇਣ ਨਾਲ ਇਹ ਮਸਲਾ ਹੱਲ ਨਹੀਂ ਹੋਣਾ। ਸਾਡਾ ਸ਼ੇਅਰ ਜ਼ਿਆਦਾ ਬਣਦਾ ਹੈ, ਇਸ ਵਾਸਤੇ ਅਸੀਂ ਉਪਰਾਲਾ ਕਰਨਾ ਹੈ, ਇਸ ਦਾ ਫੈਸਲਾ ਕਰਾਉਣਾ ਹੈ ਇਸ ਦੇ ਬਾਰੇ ਵਿੱਚ ਮੈਂ ਇੱਕੋ ਫਿਕਰਾ ਕਿਹਾ ਸੀ। ਮੈਂ ਬਹੁੱਤੀਆਂ ਸਟੇਟਮੈਂਟਾਂ ਵਿੱਚ ਯਕੀਨ ਨਹੀਂ ਰਖਦਾ। ਮੈਂ ਤਾਂ ਐਕਸ਼ਨ ਵਿੱਚ ਬਿਲੀਵ ਕਰਦਾ ਹਾਂ। ਮੈਂ ਪਰਫਾਰਮੈਂਸ ਵਿੱਚ ਯਕੀਨ ਕਰਦਾ ਹਾਂ। ਮੈਂ ਸਿਰਫ ਇੱਕੋ ਫਿਕਰਾ ਕਿਹਾ ਸੀ ਕਿ I will safeguard the interest of Punjab. ਇਸ ਦਾ ਮਤਲਬ ਕੀ ਹੈ ? ਇਸ ਵਿੱਚ ਸਭ ਕੁਝ ਆ ਜਾਂਦਾ ਹੈ । ਜਿਥੇ ਸਾਨੂੰ ਕਸਰ ਲਗਦੀ ਹੈ ਉਥੇ ਅਸੀਂ ਡਟ ਕੇ ਖੜ੍ਹੇ ਹੋਵਾਂਗੇ । ਉਨ੍ਹਾਂ ਨੂੰ ਵੀ ਕਿਹਾ ਹੈ ਕਿ ਅਖਬਾਰਾਂ ਵਿੱਚ ਬਿਆਨ ਦੇਣ ਦੀ ਬਜਾਏ ਆਪਸ ਵਿੱਚ ਗਲ ਕਰੋ। ਇਥੇ ਲੀਡਰ ਆਫ ਦੀ ਅਪੋਜ਼ੀਸ਼ਨ ਨੇ ਕਿਹਾ ਕਿ ਅਸੀਂ ਖੂਨ ਦੀਆਂ ਨਦੀਆਂ ਬਹਾ ਦਿਆਂਗੇ। ਇਹ ਪਾਣੀ ਦੀਆਂ ਨਦੀਆਂ ਨਹੀਂ ਬਹਾ ਸਕੇ , ਖੂਨ ਦੀਆਂ ਕਿਸ ਤਰ੍ਹਾਂ ਬਹਾ ਦੇਣਗੇ। ਦੂਜੇ ਪਾਸੇ ਇਹ ਉਨ੍ਹਾਂ ਨੇ ਵੀ ਕਹਿ ਦਿੱਤਾ ਕਿ ਅਸੀਂ ਵੀ ਤਿਆਰ ਹਾਂ। ਮੈਂ ਕਹਿੰਦਾ ਹਾਂ ਕਿ ਅਸੀਂ ਸਾਰੇ ਇੱਕੋ ਹਿੰਦੁਸਤਾਨ ਦੇ ਵਾਸੀ ਹਾਂ। ਅਸੀਂ ਕਿਸੇ ਦਾ ਖੂਨ ਵਹਾਉਣ ਲਈ ਤਿਆਰ ਨਹੀਂ ਹਾਂ। ਇਹ ਠੀਕ ਹੈ ਕਿ ਸਾਡਾ ਹਿੱਸਾ ਪਾਣੀ ਦਾ ਜ਼ਿਆਦਾ ਬਣਦਾ ਹੈ, ਇਸ ਲਈ ਸਾਨੂੰ ਡਟਣਾ ਚਾਹੀਦਾ ਹੈ ਪਰ ਲੜਾਈ ਕਿਸ ਨਾਲ ਲੜਨੀ ਹੈ। ਕਿਹੜੀ ਪਾਕਿਸਤਾਨ ਦੀ ਜੰਗ ਆ ਗਈ ਹੈ। ਸਮਝ ਨਾਲ ਅਜਿਹੇ ਮਸਲਿਆਂ ਨੂੰ ਹੱਲ ਕਰਨਾ ਚਾਹੀਦਾ ਹੈ। ਕੋਈ ਆਕੜ ਨਾਲ ਜਾਂ ਡਰਾਵੇ ਦੇ ਕੇ ਇਹ ਹੱਲ ਨਹੀਂ ਹੋਣਾ। ਜਦੋਂ ਅਸੀਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਆਪੋਜ਼ੀਸ਼ਨ ਵਿੱਚ ਸੀ । ਤਾਂ ਤੁਸੀਂ ਸਾਡੀ ਕੋਆਪਰੇਸ਼ਨ ਆਪਣੇ ਰਾਜ ਵੇਲੇ ਕਦੇ ਨਹੀਂ ਸੀ ਮੰਗੀ। ਭਾਵੇਂ ਚੰਡੀਗੜ੍ਹ ਦਾ ਮਸਲਾ ਹੋਵੇ, ਪਾਣੀ ਦਾ ਮਸਲਾ ਹੋਵੇ ਜਾਂ ਅਬੋਹਰ-ਫਾਜ਼ਿਲਕਾ ਦਾ ਮਸਲਾ ਹੋਵੇ ਜਾਂ ਜਿਹੜੇ ਹੋਰ ਇਲਾਕੇ ਬਾਹਰ ਰਹਿ ਗਏ ਹਨ ਉਨ੍ਹਾਂ ਦਾ ਮਸਲਾ ਹੋਵੇ, ਇਸ ਬਾਰੇ ਤੁਸੀਂ ਸਾਨੂੰ ਕਦੇ ਕਾਨਫੀਡੈਂਸ ਵਿੱਚ ਨਹੀਂ ਸੀ ਲਿਆ ਲੇਕਿਨ ਅਸੀਂ ਤੁਹਾਨੂੰ ਕਾਨੀਫੀਡੈਂਸ ਵਿੱਚ ਲੈਣ ਨੂੰ ਤਿਆਰ ਹਾਂ। (ਥੰਪਿੰਗ) ਇਥੇ ਕਿਹਾ ਗਿਆ ਹੈ ਕਿ ਦਰਬਾਰਾ ਸਿੰਘ ਚੀਫ਼ ਮਨਿਸਟਰ ਇਸ ਲਈ ਬਣ ਗਿਆ ਹੈ ਕਿਉਂਕਿ ਅਸੀਂ ਫਲਾਣੇ ਫਲਾਣੇ ਨੂੰ ਆਉਣ ਨਹੀਂ ਦਿੱਤਾ। ਮੈਂ ਕਾਂਗਰਸ ਦਾ ਸਿਪਾਹੀ ਹਾਂ। ਮੈਂ ਜ਼ਿੰਦਗੀ ਦੇ 42 ਸਾਲ ਕਾਂਗਰਸ ਵਿਚ ਗੁਜ਼ਾਰੇ ਹਨ। ਮੈਂ ਪਾਸਾ ਨਹੀਂ ਬਦਲਿਆ। ਮੈਂ ਜ਼ਿੰਦਗੀ ਦੇ ਸਭ ਤੋਂ ਬੇਹਤਰੀਨ ਸਾਲ ਕਾਂਗਰਸ ਵਿੱਚ ਗੁਜ਼ਾਰੇ ਹਨ। ਕਾਂਗਰਸ ਨੂੰ ਮਜ਼ਬੂਤ ਕਰਨ ਦਾ ਕਦੇ ਸਵਾਲ ਆਇਆ ਤਾਂ ਭਾਵੇਂ ਮੇਰਾ ਚਾਂਸ ਆਇਆ ਹੋਵੇ ਅਤੇ ਮੈਨੂੰ ਨਾ ਦਿੱਤਾ ਗਿਆ ਹੋਵੇ ਤਾਂ ਵੀ ਮੈਂ ਡਿਸਿਪਲਿਨਡ ਸੋਲਜਰ ਬਣ ਕੇ ਰਿਹਾ ਹਾਂ। ਮੈਨੂੰ ਤੁਹਾਡੇ ਵਿਚੋਂ ਕੋਈ ਭੇਜਣ ਵਾਲਾ ਨਹੀਂ। ਮੇਰੀ ਪਾਰਟੀ ਨੇ ਮੈਨੂੰ ਭੇਜਿਆ ਹੈ। ਇਹ ਜਿਹੜੇ ਮੇਰੀ ਪਾਰਟੀ ਦੇ ਬੰਦੇ ਹਨ ਇਹ ਮੇਰੇ ਸਪੋਰਟਰ ਹਨ। ਤੁਸੀਂ ਤਾਂ ਸਾਡੀ ਅਪੋਜ਼ੀਸ਼ਨ ਕੀਤੀ ਹੈ। ਇਥੇ ਇਹ ਵੀ ਕਿਹਾ ਗਿਆ ਹੈ ਕਿ ਅਸੀਂ ਆਪਣੇ ਬੰਦਿਆਂ ਨੂੰ ਹਰਾ ਕੇ ਆਏ ਹਾਂ। ਤੁਹਾਡੇ ਜ਼ੁਮੇਂ ਤਾਂ ਅੱਗੇ ਹੀ ਲਗਦਾ ਹੈ ਕਿ ਤੁਸੀਂ ਆਪਣੇ 15,16 ਆਦਮੀ ਹਰਾ ਕੇ ਆਏ ਹੋ। ਅਸੀਂ ਤਾਂ ਆਪਣਾ ਜ਼ੋਰ ਲਾ ਕੇ ਇਥੇ ਆਏ ਹਾਂ। ਜਿਹੜੇ ਨਹੀਂ ਆ ਸਕੇ ਉਹ ਨਹੀਂ ਆ ਸਕੇ। ਇਸ ਦਾ ਮਤਲਬ ਹੈ ਕਿ ਤੁਸੀਂ ਆਪਣੀ ਪਾਰਟੀ ਨੂੰ ਧੋਖਾ ਦੇ ਰਹੇ ਹੋ। ਇਹ ਕਦੇ ਵੀ ਮੰਨਣ ਵਾਲੀ ਗਲ ਨਹੀਂ। ਸਾਡੇ ਖਿਲਾਫ਼ ਲੱਖਾਂ ਰੁਪਏ ਖਰਚੇ ਗਏ। ਸਾਨੂੰ ਇਥੇ ਲੋਕਾਂ ਨੇ ਭੇਜਿਆ ਹੈ। ਕਿਸੇ ਨੇ ਕਿਹਾ ਹੈ ਕਿ ਮੈਂ ਬਰਾੜ ਨੂੰ ਹਰਾ ਦਿੱਤਾ ਹੈ, ਕਿਸੇ ਨੇ ਕਿਹਾ ਹੈ ਕਿ ਢਿਲੋਂ ਨੂੰ ਹਰਾ ਦਿੱਤਾ ਹੈ, ਸਾਨੂੰ ਇਸ ਪਾਸੇ ਨਹੀਂ ਜਾਣਾ ਚਾਹੀਦਾ। ਕਿਉਂਕਿ ਉਹ ਹਾਰ ਗਏ ਹਨ ਇਸ ਲਈ ਇਹ ਕਿਹਾ ਜਾਵੇ ਕਿ ਅਸੀਂ ਉਨ੍ਹਾਂ ਨੂੰ ਹਰਾਉਣ ਦਾ ਯਤਨ ਕੀਤਾ ਹੈ, ਇਹ ਠੀਕ ਨਹੀਂ। ਦਰਅਸਲ ਗੱਲ ਇਹ ਹੈ ਕਿ ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਨਹੀਂ ਪਾਈਆਂ। ਇਸ ਲਈ ਸਾਨੂੰ ਸੋਚ ਸਮਝ ਕੇ ਗੱਲ ਕਰਨੀ ਚਾਹੀਦੀ ਹੈ ।

ਸਪੀਕਰ ਸਾਹਿਬ, ਇਥੇ ਕਿਹਾ ਗਿਆ ਹੈ ਕਿ 20 ਪੁਆਇੰਟਾਂ ਦੇ ਪ੍ਰੋਗਰਾਮ ਦਾ ਇਸ ਐਡਰੈਸ ਵਿੱਚ ਕੋਈ ਜ਼ਿਕਰ ਨਹੀਂ ਕੀਤਾ ਗਿਆ। 20 ਪੁਆਇੰਟਾਂ ਦੇ ਬਾਰੇ ਵਿਚ ਤੁਹਾਨੂੰ ਦੋ ਤਿੰਨ ਦਿਨਾਂ ਵਿੱਚ ਪਤਾ ਲੱਗ ਜਾਵੇਗਾ ਕਿ ਅਸੀਂ ਕੀ ਇੰਪਲੀਮੈਂਟੇਸ਼ਨ ਕਰ ਰਹੇ ਹਾਂ। ਸਿਰਫ ਮੈਨਸ਼ਨ ਕਰਨਾ ਸਾਡਾ ਕੰਮ ਨਹੀਂ। ਅਸੀਂ ਪਰਫਾਰਮੈਂਸ ਵਿੱਚ ਯਕੀਨ ਕਰਦੇ ਹਾਂ। ਅਗਰ ਗਵਰਨਰ ਐਡਰੈਸ ਨੂੰ ਧਿਆਨ ਨਾਲ ਵੇਖਿਆ ਜਾਵੇ ਤਾਂ ਕਈ ਚੀਜ਼ਾਂ 20 ਪੁਆਇੰਟ ਪ੍ਰੋਗਰਾਮ ਵਾਲੀਆਂ ਨਜ਼ਰ ਆਉਂਦੀਆਂ ਹਨ। ਇਸ ਲਈ ਇਗਨੋਰੈਂਸ ਕਾਰਨ ਇਸ ਤਰ੍ਹਾਂ ਕਹਿਣਾ ਠੀਕ ਨਹੀਂ। 20 ਪੁਆਇੰਟ ਦੀਆਂ ਇਸ ਐਡ-ਰੇਸ ਵਿੱਚ ਕਾਫੀ ਲਕੀਰਾਂ ਹਨ। ਭਾਵੇਂ ਉਹ ਸ਼ਡਿਊਲਡ ਕਾਸਟਸ ਦੀ ਮੱਦਦ ਕਰਨ ਵਾਸਤੇ ਹੋਣ, ਭਾਵੇਂ ਸਮਾਲ ਅਤੇ ਮਾਰਜਿਨਲ ਫਾਰਮਰਜ਼ ਦੇ ਬਾਰੇ ਹੋਣ, ਅਤਿਅੰਤ ਪੁਆਇੰਟਸ ਇਸਦੇ ਵਿੱਚ ਹਨ। ਐਂਵੇਂ ਕਹੀ ਜਾਣਾ ਕਿ ਇਸ ਦੇ ਵਿੱਚ ਕੋਈ ਜ਼ਿਕਰ ਨਹੀਂ ਕੀਤਾ। ਇਹ ਠੀਕ ਨਹੀਂ। ਜਦੋਂ ਬਜਟ ਆਵੇਗਾ, ਉਦੋਂ ਤੁਸੀਂ ਬਹਿਸ ਕਰ ਲੈਣਾ। ਸਪੀਕਰ ਸਾਹਿਬ, ਇਨ੍ਹਾਂ ਨੇ ਕੋਈ ਠੀਕ ਗਲ ਨਹੀਂ ਕੀਤੀ। ਸਾਨੂੰ ਦੋ ਚੀਜ਼ਾਂ ਦੀ ਜ਼ਿਆਦਾ ਲੋੜ ਹੈ। ਬਿਜਲੀ ਦੀ ਘਾਟ ਹੈ। ਇਥੇ ਕਈ ਸਵਾਲ ਉਠਾਏ ਗਏ। 10, 12 ਘੰਟਿਆਂ ਤੋਂ ਕੱਟ ਰਿਡਿਊਸ ਕਰਨੀ ਚਾਹੀਦੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਸ ਬਾਰੇ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਪੀਕਰ ਸਾਹਿਬ, ਅਸੀਂ ਬਠਿੰਡਾ ਥਰਮਲ ਪਲਾਂਟ ਦਾ ਚੌਥਾ ਯੂਨਿਟ ਜਿਹੜਾ ਹੈ ਉਸ ਦੀ ਰਿਪੇਅਰ ਕਰਵਾ ਰਹੇ ਹਾਂ, 15 ਤਾਰੀਖ ਤੋਂ ਪਹਿਲਾਂ ਪਹਿਲਾਂ ਇਸ ਦੀ ਰਿਪੇਅਰ ਹੋ ਜਾਵੇਗੀ ਅਤੇ ਇਸ ਤਰ੍ਹਾਂ ਹੋਰ ਬਿਜਲੀ ਪੈਦਾ ਹੋਵੇਗੀ। ਅਸੀਂ ਦੇਖਿਆ ਹੈ

Original with;
Punjab Vidhan Sabha
Digitized by;
Panjab Digital Library

ਕਿ ਜਿਹੜੇ ਅਧੂਰੇ ਕੰਮ ਹਨ ਜਿਵੇਂ ਅਨੰਦਪੁਰ ਸਾਹਿਬ, ਮੁਕੇਰੀਆਂ ਅਤੇ ਸ਼ਾਨਨ ਪ੍ਰਾਜੈਕਟਸ ਹਨ ਉਨ੍ਹਾਂ ਨੂੰ ਜਲਦੀ ਤਿਆਰ ਕਰਵਾ ਰਹੇ ਹਾਂ ਤਾਂਕਿ ਬਿਜਲੀ ਹੋਰ ਜ਼ਿਆਦਾ ਪੈਦਾ ਹੋਵੇ। ਅਸੀਂ ਹੋਰ ਰਿਸੋਰਸਿਜ਼ ਇਸ ਪਾਸੇ ਲਗਾਵਾਂਗੇ ਤਾਂ ਕਿ ਬਿਜਲੀ ਜ਼ਿਆਦਾ ਪੈਦਾ ਹੋ ਸਕੇ।

ਇਸ ਦੇ ਨਾਲ ਹੀ ਅਸੀਂ ਪਾਣੀ ਦਾ ਜ਼ਿਕਰ ਕੀਤਾ ਸੀ। ਥੀਂਨ ਡੈਮ ਹੈ ਜਾਂ ਹੋਰ ਪ੍ਰਾਜੈਕਟ ਹਨ ਇਨ੍ਹਾਂ ਬਾਰੇ ਮੈਂ ਬਹੁਤਾ ਜ਼ਿਕਰ ਨਹੀਂ ਕਰਨਾ ਚਾਹੁੰਦਾ। ਗਲਤ ਬਿਆਨੀ ਤੇ ਬਹੁਤ ਟੀਕਾ ਟਿੱਪਣੀ ਨਹੀਂ ਕਰਨੀ ਚਾਹੁੰਦਾ ਪਾਣੀ ਦਾ ਝਗੜਾ ਕਿਸ ਤਰ੍ਹਾਂ ਨਿਪਟੇਗਾ, ਬਿਜਲੀ ਕਿਤਨੀ ਸਾਨੂੰ ਮਿਲੇਗੀ, ਕਿਤਨੀ ਨਹੀਂ ਮਿਲੇਗੀ ਇਹ ਤਾਂ ਬਾਅਦ ਦੇ ਫੈਸਲੇ ਹਨ ਪਰ ਮੈਂ ਸਮਝਦਾ ਹਾਂ ਕਿ ਕੰਸਟਰੱਕਸ਼ਨ ਵਿਚ ਰੁਕਾਵਟ ਨਾ ਆਵੇ। ਰੋਪੜ ਦਾ ਪ੍ਰਾਜੈਕਟ ਹੈ ਉਸ ਨੂੰ ਚਾਲੂ ਰਖਣ ਲਈ ਬਿਲਕੁਲ ਪਹਿਲ ਦੇ ਆਧਾਰ ਤੇ ਕੋਸ਼ਿਸ਼ ਕਰਾਂਗੇ ਲੇਕਿਨ ਇਕ ਗੱਲ ਇਹ ਹੈ ਕਿ ਅਸੀਂ ਕੋਸ਼ਿਸ਼ ਕੀਤੀ ਹੈ, ਖਤ ਲਿਖਿਆ ਹੈ ਔਰ ਜ਼ਾਤੀ ਤੌਰ ਤੇ ਵੀ ਅਸੀਂ ਸੈਂਟਰ ਨੂੰ ਅਪਰੋਚ ਕਰ ਰਹੇ ਹਾਂ ਕਿ ਸਾਨੂੰ ਪੰਜਾਬ ਨੂੰ ਇਕ ਅਟਾਮਿਕ ਪ੍ਰਾਜੈਕਟ ਦੇਣਾ ਚਾਹੀਦਾ ਹੈ, ਪੰਜਾਬ ਵਿਚ ਅਟਾਮਿਕ ਪ੍ਰਾਜੈਕਟ ਲਗਣਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਰੋਡ ਲਿੰਕਸ ਬਾਰੇ ਇਨ੍ਹਾਂ ਨੇ ਬੜਾ ਕਿਹਾ ਹੈ ਕਿ ਇਨ੍ਹਾਂ ਦੀ ਸਰਕਾਰ ਨੇ ਬੜੇ ਪੈਸੇ ਦਿੱਤੇ ਹਨ। ਅਜੇ ਤੱਕ ਬੇਚਰਾਗ ਵੀ ਛੋਟੇ ਮੋਟੇ ਕਈ ਪਿੰਡ ਹੋਣਗੇ ਪਰ ਹੁਣ ਇਸ ਵੇਲੇ ਵੀ 153 ਪਿੰਡ ਐਸੇ ਹਨ ਜਿਨ੍ਹਾਂ ਨੂੰ ਲਿੰਕ ਕਰਨਾ ਰਹਿੰਦਾ ਹੈ ਪਰ ਇਹ ਕਹਿੰਦੇ ਹਨ ਕਿ ਸਾਰੇ ਪਿੰਡਾਂ ਨੂੰ ਲਿੰਕ ਕੀਤਾ ਗਿਆ ਸੀ। ਸਾਡੇ ਲਈ ਮੁਸ਼ਕਲ ਇਸ ਗੱਲ ਦੀ ਵੀ ਹੈ ਕਿ ਜੋ ਸੜਕਾਂ ਬਣਾਈਆਂ ਗਈਆਂ ਸਨ ਉਹ ਇਹ ਵੀਰ ਜਾਂਦੇ ਹੋਏ ਉਨ੍ਹਾਂ ਨੂੰ ਨਾਲ ਹੀ ਲੈ ਗਏ ਹਨ। ਸੜਕਾਂ ਤੋਂ ਪੱਥਰ ਉਖੜਿਆ ਪਿਆ ਹੈ, ਕੋਈ ਮੋਟਰ ਨਹੀਂ ਜਾ ਸਕਦੀ। ਟਰਾਂਸਪੋਰ-ਟਰ ਕਹਿੰਦਾ ਹੈ ਕਿ ਮੈਂ ਕਿਉਂ ਚਾਰ ਹਜ਼ਾਰ ਦਾ ਟਾਇਰ ਰੋੜਿਆਂ ਪੱਥਰਾਂ ਵਿਚ ਪੜਵਾਵਾਂ। ਉਥੇ ਰੋੜੇ ਹਨ। ਇਸ ਲਈ ਉਨ੍ਹਾਂ ਸੜਕਾਂ ਦੀ ਮੁਰੰਮਤ ਵਾਸਤੇ ਪੈਸਾ ਰੱਖਿਆ ਹੈ। ਨਵੇਂ ਸਿਰੇ ਤੋਂ ਉਨ੍ਹਾਂ ਸੜਕਾਂ ਨੂੰ ਬਣਾਉਣਾ ਪਵੇਗਾ ਕਿਉਂਕਿ ਉਨ੍ਹਾਂ ਦੀ ਹਾਲਤ ਬਹੁਤ ਭੈੜੀ ਹੋਈ ਹੋਈ ਹੈ। ਇਨ੍ਹਾਂ ਦੇ ਕਹਿਣ ਮੁਤਾਬਿਕ ਲਿੰਕ ਤਾਂ ਹੈ, ਇਕ ਪਿੰਡ ਦੂਸਰੇ ਨਾਲ ਜੁੜਿਆ ਹੋਇਆ ਤਾਂ ਹੈ ਪਰ ਉਹ ਸੜਕ ਨਾਲ ਨਹੀਂ ਟੁੱਟੀ ਹੋਈ ਸੜਕ ਨਾਲ ਜ਼ਰੂਰ ਜੁੜਿਆ ਹੋਇਆ ਹੈ।

ਸਪੀਕਰ ਸਾਹਿਬ, ਹੁਣ ਮੈਂ ਇੰਡਸਟਰੀ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਰਾਡ ਬੇਸਡ ਇੰਡਸਟਰੀ ਜਿਹੜੀ ਹੈ ਉਹ ਪੰਜਾਬ ਵਿਚ ਲਗਣੀ ਚਾਹੀਦੀ ਹੈ। ਮੈਨੂੰ ਪਤਾ ਹੈ ਕਿ ਪੰਜਾਬ ਦੇ ਜਿਹੜੇ ਕਿਸਾਨ ਹਨ ਉਹ ਥੋੜ੍ਹੀਆਂ ਥੋੜ੍ਹੀਆਂ ਜ਼ਮੀਨਾਂ ਵਾਲੇ ਹਨ ਕੋਈ ਦੋ ਚਾਰ ਹੋਣਗੇ ਜਿਨ੍ਹਾਂ ਪਾਸ ਹਜ਼ਾਰ, ਹਜ਼ਾਰ ਏਕੜ ਜ਼ਮੀਨ ਹੋਵੇਗੀ ਬਾਕੀ ਤਾਂ ਗਰੀਬ ਗੁਰਬਾ ਹੀ ਹੈ। ਦੋ-ਦੋ, ਚਾਰ-ਚਾਰ, ਏਕੜ ਜ਼ਮੀਨ ਵਾਲੇ ਛੋਟੇ ਫਾਰਮਰਜ਼ ਹੀ ਹਨ। (ਵਿਘਨ) (ਇਕ ਆਵਾਜ਼ : ਸਰਦਾਰ ਗੁਰਦਰਸ਼ਨ ਸਿੰਘ ਨੂੰ ਸਾਡੇ ਪਾਸੇ ਗਿਣਦੇ ਹੋ ?) ਤੁਸੀਂ ਆਪਣੇ ਪਾਸੇ ਨਾ ਖਿੱਚੋ, ਤੁਹਾਡੇ ਪਾਸ ਤਾਂ ਮਰਲਾ ਵੀ ਜ਼ਮੀਨ ਨਹੀਂ ਹੈ (ਹਾਸਾ) ਸਪੀਕਰ ਸਾਹਿਬ, ਮੈਂ ਹਾਊਸ ਨੂੰ ਐਡਰੈਸ ਕਰ ਰਿਹਾ ਹਾਂ, ਇਸ ਲਈ ਮੈਂ ਕੋਈ ਐਸੀ ਗੱਲ ਨਹੀਂ ਕਰਨੀ ਚਾਹੁੰਦਾ। ਮੈਂ ਫਿਰ ਕਹਿੰਦਾ ਹਾਂ ਕਿ ਇਸ ਸਦਨ ਵਿਚ ਬਹੁਤ ਸਾਰੇ ਬੰਦੇ ਜਿਹੜੇ ਹਨ ਉਹ ਮਾਰਜਨਲ ਸਮਾਲ ਫਾਰਮਰਜ਼ ਹਨ, ਕੋਈ ਦੋ ਚਾਰ ਇਕਾ ਦੁਕਾ ਹੋਣਗੇ ਜਿਨ੍ਹਾਂ ਪਾਸ ਹਜ਼ਾਰ ਏਕੜ ਹੋਵੇਗੀ। ਅੱਜ ਐਗਰੀਕਲਚਰ ਪੰਜਾਬ ਦੀ ਜਿਹੜੀ ਹੈ ਉਸ ਵਿਚ ਕਿਸਾਨ ਦਾ ਕੁਝ ਧਨ ਨਹੀਂ ਰਿਹਾ, ਉਹ ਥੱਲੇ ਨੂੰ ਜਾ ਰਿਹਾ ਹੈ। ਜੇਕਰ ਉਸ ਦੀ ਇਨਕਮ ਨੂੰ ਸਪਲੀਮੈਂਟ ਨਾ ਕੀਤਾ ਗਿਆ, ਉਸ ਦੀ ਮੱਦਦ ਨਾ ਕੀਤੀ ਗਈ ਤਾਂ ਉਹ ਹੋਰ ਵੀ ਥੱਲੇ ਚਲਾ ਜਾਵੇਗਾ। ਉਸ ਨੂੰ ਬਚਾਉਣਾ ਸਾਡਾ ਫਰਜ਼ ਬਣਦਾ ਹੈ। ਜਿਹੜਾ ਸਰਕਾਰ ਸਰਵੇ ਕਰਵਾ ਰਹੀ ਹੈ ਉਸ ਦਾ ਹਾਸਾ ਉਡਾਇਆ ਗਿਆ ਹੈ। ਉਹ, ਸਪੀਕਰ ਸਾਹਿਬ, ਸਾਰੇ ਪੰਜਾਬ ਦਾ ਇਕ ਇਕਨਾਮਿਕ ਸਰਵੇ ਹੈ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]
ਤਾਂਕਿ ਸਾਨੂੰ ਪਤਾ ਲੱਗ ਸਕੇ ਕਿ ਇਨ੍ਹਾਂ ਇਨ੍ਹਾਂ ਬੰਦਿਆਂ ਨੂੰ ਪਹਿਲਾਂ ਮੱਦਦ ਦੀ ਲੋੜ ਹੈ, ਇਹ ਬੰਦੇ ਬਹੁਤ ਮਾੜੀ ਹਾਲਤ ਵਿਚ ਰਹਿ ਰਹੇ ਹਨ। ਇਕ ਲੇਅਰ ਸਿਸਟਮ ਬਣਾ ਕੇ ਉਨ੍ਹਾਂ ਵਾਸਤੇ ਅਸੀਂ ਪਹਿਲ ਦੇਵਾਂਗੇ ਤਾਂਕਿ ਉਨ੍ਹਾਂ ਨੂੰ ਰੁਜ਼ਗਾਰ ਮਿਲੇ, ਉਨ੍ਹਾਂ ਦੇ ਹਾਲਾਤ ਠੀਕ ਹੋ ਸਕਨ। ਅੱਗੇ ਬੜੇ ਇਥੇ ਸਟੈਟਿਕਸ ਆਏ ਹਨ। ਅਸੀਂ ਕਹਿੰਦੇ ਹਾਂ ਕਿ ਕਿਸੇ ਦੀ ਇਕਨਾਮਿਕ ਕੰਡੀਸ਼ਨ ਕੀ ਹੈ, ਉਸ ਨੂੰ ਅਸੀਂ ਬਦਲਣ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਤਾਂ ਸਰਵੇ ਇਸ ਚੀਜ਼ ਦਾ ਕਰ ਰਹੇ ਹਾਂ ਕਿ ਜਿਨ੍ਹਾਂ ਲੋਕਾਂ ਪਾਸ ਜ਼ਮੀਨ ਥੋੜ੍ਹੀ ਹੈ ਉਹ ਉਸ ਵਿਚ ਰੋਟੀ ਨਹੀਂ ਖਾ ਸਕਦਾ, ਉਸ ਨੂੰ ਰੁਜ਼ਗਾਰ ਚਾਹੀਦਾ ਹੈ, ਉਸ ਨੂੰ ਕਿਸੇ ਸਹੂਲਤ ਦੀ ਲੋੜ ਹੈ। ਸ ਇਨ੍ਹਾਂ ਗੱਲਾਂ ਨੂੰ ਵੇਖਣ ਵਾਸਤੇ ਅਸੀਂ ਸਰਵੇ ਕਰ ਰਹੇ ਹਾਂ।

ਸਪੀਕਰ ਸਾਹਿਬ, ਸਾਡੇ ਪੰਜਾਬ ਵਿਚ ਹੈਵੀ ਇੰਡਸਟਰੀ ਨਹੀਂ ਹੈ। ਅੰਮ੍ਰਿਤਸਰ ਤੁਹਾਡਾ ਆਪਣਾ ਸ਼ਹਿਰ ਹੈ। ਤੁਸੀਂ ਵੇਖ ਲਓ ਕਿ ਕਿਤਨੀਂ ਵੱਡੀ ਇੰਡਸਟਰੀ ਹੈ। ਲੁਧਿਆਣਾ ਵਾਲੇ ਤਾਂ ਇਸ ਲਈ ਜਿਊਂਦੇ ਹਨ ਕਿ ਉਨ੍ਹਾਂ ਨੇ ਬਾਹਰਲੇ ਮੁਲਕਾਂ ਨਾਲ ਕਾਂਟੈਕਟ ਕੀਤੇ ਹੋਏ ਹਨ। ਉਹ ਉਨ੍ਹਾਂ ਮੁਲਕਾਂ ਨੂੰ ਮਾਲ ਸਪਲਾਈ ਕਰਦੇ ਹਨ। ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਦੱਸ ਦੇਵਾਂ ਕਿ ਕਿਸੇ ਵੇਲੇ ਸਾਈਕਲ ਇੰਡਸਟਰੀ ਆਊਟ ਆਫ ਗੀਅਰ ਹੋ ਜਾਵੇਗੀ ਕਿਉਂਕਿ ਬਾਹਰਲੇ ਮੁਲਕਾਂ ਵਿਚ ਜੋ ਸਾਈ-ਕਲ ਤਿਆਰ ਹੋ ਰਹੇ ਹਨ ਉਹ ਬਹੁਤ ਚੰਗੇ ਹਨ। ਉਹ ਸਾਈਕਲ ਇਤਨੇਂ ਹਲਕੇ ਹਨ ਕਿ ਦੋ ਉਂਗਲਾਂ ਨਾਲ ਚੁੱਕੇ ਜਾ ਸਕਦੇ ਹਨ। ਭੱਜਣ ਵਿਚ ਵੀ ਹਲਕੇ ਹਨ। ਇਸ ਲਈ ਅਸੀਂ ਲੁਧਿਆਣਾ ਵਿਚ ਇਸ ਤਰ੍ਹਾਂ ਦੇ ਸਾਈਕਲ ਤਿਆਰ ਕਰਨ ਦੀ ਇੰਡਸਟਰੀ ਟੈਕਨੀਕ ਸਿੱਖਣ ਤੋਂ ਬਾਅਦ ਸੈਟ ਅੱਪ ਕਰਾਂਗੇ। ਅਸੀਂ ਉਸ ਟੈਕਨੀਕ ਨੂੰ ਸਿੱਖਣਾ ਚਾਹੁੰਦੇ ਹਾਂ। ਸਾਡੇ ਇਥੇ ਹੈਵੀ ਇੰਡ-ਸਟਰੀ ਲੱਗਣੀ ਚਾਹੀਦੀ ਹੈ, ਇਸ ਵਿਚ ਦੋ ਰਾਵਾਂ ਨਹੀਂ ਹਨ। ਇਸ ਮਾਮਲੇ ਤੇ ਸਾਡੀ ਗੱਲ ਡਾ: ਚਾਨਣਾ ਨਾਲ ਹੋਈ ਹੈ, ਦੋ ਘੰਟੇ ਸਾਡੀ ਡਿਸਕਸ਼ਨ ਹੋਈ ਹੈ। ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਸਾਡੀ ਇੰਡਸਟਰੀ ਜਿਹੜੀ ਹੈ ਉਹ ਬਰਾਡ ਬੇਸਡ ਤਦ ਹੀ ਹੋ ਸਕਦੀ ਹੈ ਔਰ ਪਿੰਡਾਂ ਵਿਚ ਤਦ ਹੀ ਜਾ ਸਕਦੀ ਹੈ ਜੇਕਰ ਉਸ ਦੀ ਜਲਦੀ ਮੱਦਦ ਹੋਵੇ। ਉਸ ਮੱਦਦ ਲਈ ਅਸੀਂ ਇਹ ਸਕੀਮਾਂ ਬਣਾਈਆਂ ਹਨ :-

1. ਕਾਟਨ ਜਿਨਿੰਗ ਮਿੱਲ :

ਅਸੀਂ, ਸਪੀਕਰ ਸਾਹਿਬ, ਇਹ ਨਹੀਂ ਕਰਨਾ ਕਿ ਕਪਾਹ ਲਈ ਔਰ ਸਾੜਨੀ ਸ਼ੁਰੂ ਕਰ ਦਿੱਤੀ ਜਦੋਂ ਇਨ੍ਹਾਂ ਦਾ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਆਪਣਾ ਰਾਜ ਆਇਆ ਤਾਂ ਉਹ ਕਪਾਹ 260 ਰੁਪਏ ਵਿਕਦੀ ਰਹੀ ਪਰ ਜਦੋਂ ਕਾਂਗਰਸ ਦਾ ਰਾਜ ਆਇਆ ਤਾਂ ਕਪਾਹ ਦੀ ਗੰਢ ਲੈ ਕੇ ਪਾਰਲੀਮੈਂਟ ਸਾਹਮਣੇ ਇਹ ਫੂਕਣ ਲਗ ਪਏ। ਸਪੀਕਰ ਸਾਹਿਬ, ਜਦੋਂ ਇਨ੍ਹਾਂ ਦੀ ਵਾਰੀ ਆਈ ਸੀ, ਜਦੋਂ ਸੈਂਟਰ ਵਿਚ ਵੀ ਇਹ ਹਿੱਸੇਦਾਰ ਸਨ ਔਰ ਇਥੇ ਵੀ ਇਨ੍ਹਾਂ ਦੀ ਹਕੂਮਤ ਸੀ, ਤਾਂ ਲੋਕ ਕਿਹਾ ਕਰਦੇ ਸਨ:-

"ਉਪਰ ਜੱਟ, ਨੀਚੇ ਜੱਟ, ਨਰਮਾ ਵਿਕੇ 260" ...(ਹਾਸਾ)

ਇਹ ਸਾਰੇ ਕਹਿੰਦੇ ਸਨ ਕਿ ਇਤਨਾ ਭਾਅ ਮਿਲਣਾ ਚਾਹੀਦਾ ਹੈ। ਤੁਸੀਂ ਨਰਮਾ ਲੂਹਿਆ ਹੈ। ਜਿਹੜਾ ਲੂਹਿਆ ਹੈ ਉਸ ਦਾ ਧੂੰਆਂ ਜਿਹੜਾ ਸੀ ਉਸ ਨੂੰ ਇਨ੍ਹਾਂ ਦੇ ਦਿਮਾਗ ਉਪਰ ਕੁਛ ਅਸਰ ਕਰਨਾ ਚਾਹੀਦਾ ਸੀ। ਇਸ ਕਰਕੇ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਿਹੜੀ ਕਾਟਨ ਹੈ ਉਸ ਦੀ ਜਿਨਿੰਗ ਕਰਕੇ, ਉਸ ਦੀ ਕਨਵਰਸ਼ਨ ਕਰਕੇ, ਜਿਸ ਜਿਸ ਸ਼ਕਲ ਵਿਚ ਉਸ ਨੂੰ ਵਰਤਿਆ ਜਾ ਸਕਦਾ

Original with;
Punjab Vidhan Sabha
Digitized by;
Panjab Digital Library

ਤੌਂ ਉਸ ਨੂੰ ਵਰਤਿਆ ਜਾਵੇ। ਸਪੀਕਰ ਸਾਹਿਬ, ਇਹ ਬਿਲਕੁਲ ਇਸ ਗੱਲ ਨਾਲ ਐਗਰੀ ਕਰਨਗੇ ਕਿ ਜਿੱਥੇ ਰਾਅ ਮੈਟੀਰੀਅਲ ਮਿਲਦਾ ਹੈ ਉਥੇ ਮੈਨੂੰਫੈਕਚਰ ਕਰਨ ਵਾਸਤੇ ਉਸ ਨੂੰ ਜ਼ਿਆਦਾ ਚੰਗੀ ਤਰ੍ਹਾਂ ਨਜ਼ਦੀਕ ਤੋਂ ਸਪਲਾਈ ਕਰ ਸਕਦੇ ਹਾਂ । ਕਾਟਨ ਸਪਿੰਨਿੰਗ ਮਿਲਜ਼ ਵੀ ਹੋਣਗੀਆਂ ਤੇ ਇਲੈਕਟ੍ਰੋਨਿਕ ਇਕੁਵਿਪਮੈਂਟ ਵੀ ਉਨ੍ਹਾਂ ਤੋਂ ਮੰਗਿਆ ਹੈ ਕਿ ਸਾਨੂੰ ਉਹ ਵੀ ਦਿਓ। ਸਾਡੇ ਪਾਸ ਕਾਰੀਗਰ ਵਿਹਲੇ ਬੈਠੇ ਹਨ, ਉਹ ਕੰਮ ਕਰ ਸਕਦੇ ਹਨ ਟੈਕਨੀਕਲ ਹੈਂਡ ਵੇਹਲੇ ਬੈਠੇ ਹਨ। ਭਾਵੇਂ ਇਹ ਗੱਲ ਤੁਹਾਨੂੰ ਠੀਕ ਨਾ ਲੱਗੇ ਪਰ ਅਸੀਂ ਇਹ ਜ਼ਰੂਰ ਲਿਖ ਰਹੇ ਹਾਂ ਕਿ ਸਮਾਲ ਕਾਰ ਜਿਹੜੀ ਹੈ ਅਸੀਂ ਉਸ ਨੂੰ ਬਣਾਵਾਂਗੇ ਔਰ ਉਸ ਨੂੰ ਸੱਸਤੇ ਦਾਮਾਂ ਤੇ ਵੇਚਾਂਗੇ। (ਥੰਪਿੰਗ) ਇਸ ਤਰ੍ਹਾਂ ਲਾਈਟ ਕਮੱਰਸ਼ੀਅਲ ਵੇਹੀਕਲ ਜਿਹੜੇ ਹਨ ਉਨ੍ਹਾਂ ਨੂੰ ਬਣਾਉਣ ਵਾਸਤੇ ਕਾਰਖਾਨਾ ਲਾਵਾਂਗੇ ਔਰ ਹਜ਼ਾਰਾਂ ਆਦਮੀ ਉਸ ਵਿਚ ਕੰਮ ਕਰਨ ਵਾਲੇ ਹੋਣਗੇ। ਉਨ੍ਹਾਂ ਲਈ ਇਨਸਿਲਰੀਜ਼ ਬਣਾਵਾਂਗੇ। ਇਸ ਨਾਲ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਜਿਹੜੀ ਪਿਛਲੀ ਸਰਕਾਰ ਨੇ ਇੰਡਸਟਰੀ ਨੂੰ ਪਿੱਛੇ ਸੁਟਿਆ ਹੋਇਆ ਸੀ ਉਸ ਨੂੰ ਅੱਗੇ ਲਿਆਵਾਂਗੇ।

2. ਪੇਪਰ ਮਿੱਲਜ਼: ਇਸ ਦੇ ਵਾਸਤੇ ਅਸੀਂ ਇਹ ਫ਼ੈਸਲਾ ਕੀਤਾ ਹੈ ਕਿ ਇਕ ਕਰੋੜ 72 ਲੱਖ ਦਰਖਤ ਲਗਾਉਣ ਦਾ ਉਪਰਾਲਾ ਕਰਨਾ ਹੈ ਤਾਂਕਿ ਪੇਪਰ ਲਈ ਜਿਹੜਾ ਕੱਚਾ ਮਾਲ ਹੈ ਉਹ ਮਿਲਦਾ ਰਹੇ। ਇਸਦੇ ਨਾਲ ਹੀ ਨਾਲ ਅਸੀਂ ਲਾਰਜ ਸਕੇਲ ਇੰਜੀਨੀਅਰਿੰਗ ਵਰਕਸ ਜਿਹੜੇ ਹਨ ਉਨ੍ਹਾਂ ਵਾਸਤੇ ਵੀ ਅਸੀਂ ਕੋਸ਼ਿਸ਼ ਕੀਤੀ ਹੈ ਕਿ ਜਿਹੜਾ ਟੀਚਾ ਅਸੀਂ ਰਖਿਆ ਹੈ ਉਹ ਪੂਰਾ ਕਰ ਸਕੀਏ। ਅਸੀਂ ਇਸ ਵਾਸਤੇ ਟਾਈਮ ਬਾਊਂਡ ਕੰਮ ਕਰਨਾ ਚਾਹੁੰਦੇ ਹਾਂ। ਅਸੀਂ ਕਿਹਾ ਹੈ ਕਿ ਜਿਹੜੀਆਂ ਪਹਿਲੇ ਸਕੀਮਾਂ ਆਉਣਗੀਆਂ ਉਨ੍ਹਾਂ ਨੂੰ ਕਲੀਅਰ ਕਰੋ। ਅਸੀਂ ਸੈਂਟਰ ਗੌਰਮਿੰਟ ਤੇ ਵੀ ਇਸ ਗਲ ਦਾ ਜ਼ੋਰ ਦਿੱਤਾ ਹੈ ਕਿ ਉਹ ਇਸ ਲਈ ਸਾਡੀ ਮਦਦ ਕਰਨ। ਉਨ੍ਹਾਂ ਨੇ ਸਾਨੂੰ ਇਹ ਬਹੁਤ ਹੀ ਅੱਛੀ ਗਲ ਕਹੀ ਹੈ ਕਿ ਉਹ ਇਸ ਗਲ ਦਾ ਧਿਆਨ ਰਖਣਗੇ ਅਤੇ ਪੰਜਾਬ ਦੀ ਮਦਦ ਕਰਨਗੇ।

ਸਪੀਕਰ ਸਾਹਿਬ, ਸਿਰਫ਼ ਸਾਡਾ ਸੂਬਾ ਹੀ ਨਹੀਂ, ਸੈਂਟਰ ਵਿਚ ਹੋਰ ਵੀ ਕਈ ਸੂਬਿਆਂ ਨੇ ਮਦਦ ਲੈਣ ਲਈ ਮੰਗ ਕੀਤੀ ਹੈ। ਮੈਂ ਵੀ ਉਥੇ ਗਿਆ ਸੀ ਤਾਂ ਮੈਂ ਵੀ ਜ਼ੋਰ ਲਾਇਆ ਸੀ ਕਿ ਸਾਡਾ ਡਿਵੈਲਪਿੰਗ ਸੂਬਾ ਹੈ ਇਸ ਦੀ ਮਦਦ ਕਰਨੀ ਚਾਹੀਦੀ ਹੈ। ਮੈਂ ਕਿਹਾ ਸੀ ਕਿ ਜੇ ਸਾਡਾ ਸੂਬਾ ਇੰਡਸਟਰੀ ਵਲ ਤਰੱਕੀ ਨਹੀਂ ਕਰਦਾ ਤਾਂ ਇਸ ਨੂੰ ਤਰੱਕੀ ਯਾਫ਼ਤਾ ਨਹੀਂ ਕਿਹਾ ਜਾ ਸਕਦਾ। (ਵਿਘਨ) ਠੀਕ ਹੈ, ਕਰਾਪ ਪੈਟਰਨ ਜਿਹੜਾ ਹੈ ਉਸ ਨੂੰ ਵੀ ਨਵੇਂ ਸਿਰਿਓਂ ਦੇਖਣਾ ਚਾਹੀਦਾ ਹੈ, ਕਰਾਪ ਪੈਟਰਨ ਵਿਚ ਜੋ ਤਬਦੀਲੀ ਹੋ ਸਕਦੀ ਹੈ ਉਹ ਕਰਨੀ ਚਾਹਿਦੀ ਹੈ, ਮੈਂ ਇਸ ਦੇ ਹੱਕ ਵਿਚ ਹਾਂ। ਸੈਂਟਰ ਵਿਚ ਮੈਂ ਇਹ ਵੀ ਆਰਗੂ ਕੀਤਾ ਸੀ ਔਰ ਹੁਣ ਤੋਂ ਲਿਖਣਾ ਸ਼ੁਰੂ ਕੀਤਾ ਹੈ ਕਿ ਜਿਹੜੀ ਪੈਡੀ ਕਰਾਪ ਹੈ ਉਸ ਦਾ ਭਾਅ ਵੱਧ ਮਿਲੇ। ਇਸ ਸਬੰਧ ਵਿਚ ਮੈਂ ਆਪਣੀ ਪਾਰਟੀ ਵਲੋਂ ਵੀ ਅਤੇ ਆਪਣੇ ਤੌਰ ਤੇ ਵੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਨੂੰ ਵੱਧ ਭਾਅ ਮਿਲ ਸਕਣ। ਇਸ ਲਈ ਮੈਂ ਇਨ੍ਹਾਂ ਨੂੰ ਬਾਰ ਬਾਰ ਕਹਿ ਰਿਹਾ ਹਾਂ ਕਿ ਅਸੀਂ ਸੁਤੇ ਨਹੀਂ ਪਏ, ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਸਾਡੇ ਪੰਜਾਬ ਦੀ ਤਰੱਕੀ ਹੋਵੇ। ਹੋਰ ਵੀ ਸਟੇਟਾਂ ਦਿੱਲੀ ਮਦਦ ਲੈਣ ਵਾਸਤੇ ਗਈਆਂ ਸਨ ਪਰ ਕਿਸਾਨ ਦੀ ਮਦਦ ਕਰਨ ਵਾਸਤੇ ਅਸੀਂ ਸਭ ਤੋਂ ਪਹਿਲੇ ਗਏ ਸੀ। ਅਸੀਂ ਉਨ੍ਹਾਂ ਦੇ ਨੋਟਿਸ ਵਿਚ ਲੈ ਆਉਂਦਾ ਹੈ ਔਰ ਫਿਰ ਵੀ ਲਿਆਵਾਂਗੇ ਤਾਂਕਿ ਪੰਜਾਬ ਦੇ ਕਿਸਾਨ ਨੂੰ ਵੱਧ ਭਾਅ ਮਿਲ ਸਕਣ।

ਸਪੀਕਰ ਸਾਹਿਬ, ਕਿਸੇ ਵੀ ਸੂਬੇ ਦੀ ਤਰੱਕੀ ਲਈ ਇੰਡਸਟਰੀ ਔਰ ਐਗਰੀਕਲਚਰ ਦੋ ਵਡੇ ਪਹੀਏ ਹੁੰਦੇ ਹਨ। ਜੇ ਇਹ ਦੋਨੋ ਪਹੀਏ ਨਾ ਚਲਣ ਤਾਂ ਸਟੇਟ ਦੀ ਗੱਡੀ ਤੇਜ਼ੀ ਨਾਲ ਨਹੀਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਚਲ ਸਕਦੀ। ਕਿਉਂਕਿ ਕੱਚਾ ਮਾਲ ਇੰਡਸਟਰੀ ਦੇ ਕੰਮ ਆਉਂਦਾ ਹੈ ਔਰ ਜੇ ਇੰਡਸਟਰੀ ਨਹੀਂ ਹੋਵੇਗੀ ਤਾਂ ਸਾਡਾ ਸੂਬਾ ਤਰੱਕੀ ਨਹੀਂ ਕਰੇਗਾ। ਇਸ ਲਈ ਅਸੀਂ ਇਨ੍ਹਾਂ ਦੋਹਾਂ ਗਲਾਂ ਦਾ ਧਿਆਨ ਰੱਖ ਕੇ ਚਲ ਰਹੇ ਹਾਂ। ਮੈਂ ਅੱਗੇ ਵੀ 1967 ਵਿਚ ਇਹ ਕਿਹਾ ਸੀ ਕਿ ਸਾਡੇ ਪੰਜਾਬ ਵਿਚ ਕੋਈ ਵਡੀ ਇੰਡਸਟਰੀ ਨਹੀਂ ਹੈ। ਅਸੀਂ ਚਾਹੁੰਦੇ ਹਾਂ ਕਿ ਜਿਹੜੀ ਇੰਡਸਟਰੀ ਇਥੇ ਲਗ ਸਕਦੀ ਹੈ, ਜਿਸ ਦਾ ਕੱਚਾ ਮਾਲ ਇਥੇ ਮਿਲ ਸਕਦਾ ਹੈ ਉਹ ਤਾਂ ਇਥੇ ਲਗਣੀ ਹੀ ਚਾਹੀਦੀ ਹੈ। ਇਸ ਲਈ ਅਸੀਂ ਚਾਹੁੰਦੇ ਹਾਂ ਕਿ ਸਟੇਟ ਵਿਚ ਲਾਈਟ ਕਮੱਰਸ਼ੀਅਲ ਵੇਹੀਕਲਜ਼ ਜਿਸ ਨੂੰ ਅਸੀਂ ਆਪਣੀ ਸਟੇਟ ਵਿਚ ਲਾਉਣਾ ਚਾਹੁੰਦੇ ਹਾਂ ਉਹ ਲਗੇ ਅਤੇ ਇਸ ਨਾਲ ਹਜ਼ਾਰਾਂ ਕਾਮੇ ਕੰਮ ਤੇ ਲਗਣਗੇ ਅਤੇ ਬੇਰੋਜ਼ਗਾਰੀ ਕੁਝ ਦੂਰ ਹੋਵੇਗੀ।

ਮੈਂ ਅਰਜ਼ ਕਰਦਾ ਹਾਂ ਕਿ ਅਸੀਂ ਇਥੇ ਇੰਡਸਟਰੀ ਲਾਉਣ ਵਾਲੇ ਨੂੰ ਇਨਸੈਂਟਿਵ ਦੇਣੇ ਹਨ। ਰੂਰਲ ਏਰੀਆ ਵਿਚ ਜਿਹੜਾ ਆਦਮੀ ਇੰਡਸਟਰੀ ਲਾਵੇਗਾ ਅਸੀਂ ਉਸ ਨੂੰ ਇਨਸੈਂਨਟਿਵ ਦੇਵਾਂਗੇ। ਅਗੇ ਵੀ ਕੁੱਝ ਇਨਸੈਂਨਟਿਵ ਦਿਤੇ ਜਾਂਦੇ ਹਨ ਪਰ ਉਨ੍ਹਾਂ ਦਾ ਲੋਕਾਂ ਨੂੰ ਪੂਰਾ ਪਤਾ ਨਹੀਂ। ਇਸ ਦੇ ਲਈ ਅਸੀਂ ਹੁਣ ਹੋਰ ਇਨਸੈਨਟਿਵ ਦੇਵਾਂਗੇ। ਪੰਜਾਬ ਵਿਚ ਫੈਕਟਰੀ ਲਾਉਣ ਵਾਲੇ ਨੂੰ ਕੁੱਝ ਟੈਕਸ ਤੋਂ ਮੁਆਫੀ, ਬਿਜਲੀ ਔਰ ਪਾਣੀ ਦਾ ਪ੍ਰਬੰਧ ਕਰਕੇ ਦੇਵਾਂਗੇ, ਜ਼ਮੀਨ ਦਾ ਇੰਤਜ਼ਾਮ ਕਰਕੇ ਦੇਵਾਂਗੇ। ਇਹਦੇ ਨਾਲ ਦੀ ਨਾਲ ਹੀ ਅਸੀਂ ਫਾਰਨ ਵਿਚ ਵਸਣ ਵਾਲੇ ਸਜਨਾਂ ਨੂੰ ਵੀ, ਉਹ ਜ਼ਿਆਦਾਤਰ ਪੰਜਾਬ ਵਿਚੋਂ ਹੀ ਗਏ ਹਨ, ਕਿਹਾ ਹੈ ਕਿ ਉਹ ਵੀ ਪੂਲ ਕਰਨ ਅਤੇ ਆਪਣੇ ਰਿਸੋਰਸਿਜ਼ ਇਥੇ ਆ ਕੇ ਲਾਉਣ। ਉਨ੍ਹਾਂ ਨੇ ਸਾਨੂੰ ਭਰੋਸਾ ਦਿਤਾ ਹੈ ਕਿ 100–200 ਕਰੋੜ ਰੁਪਿਆ ਉਹ ਇਸ ਪਾਸੇ ਵਲ ਲਾਉਣਗੇ, ਤਾਕਿ ਇੰਡਸਟਰੀ ਵਿਲੇਜਿਜ਼ ਅਤੇ ਸ਼ਹਿਰਾਂ ਵਿਚ ਦਿਤੀ ਜਾ ਸਕੇ। ਅਸੀਂ ਉਨ੍ਹਾਂ ਦੀ ਮਦਦ ਕਰਾਂਗੇ ਤਾਕਿ ਉਹ ਆਪਣੇ ਪੈਸੇ ਦੀ ਇਥੇ ਯੂਟੇਲਾਈਜ਼ੇਸ਼ਨ ਕਰਨ ਅਤੇ ਪੰਜਾਬ ਤਰੱਕੀ ਕਰ ਸਕੇ।

ਸਪੀਕਰ ਸਾਹਿਬ, ਮੈਨੂੰ ਇਥੇ ਬੜੀ ਅੱਜ ਨਿਰਾਸਤਾ ਹੋਈ। ਇਥੇ ਇਕ ਸਵਾਲ ਯੂ.ਪੀ. ਦੇ ਭਈਏ ਵਗੈਰਾ ਦਾ ਉਠਾਇਆ ਗਿਆ। ਸਪੀਕਰ ਸਾਹਿਬ, ਇਹ ਸਵਾਲ ਬੜਾ ਗੰਭੀਰ ਹੈ ਮੈਂ ਇਨ੍ਹਾਂ ਅੱਗੇ ਹੱਥ ਜੋੜਦਾ ਹਾਂ ਕਿ ਉਹ ਇਸ ਸਵਾਲ ਨੂੰ ਇਥੇ ਨਾ ਛੇੜਨ। ਮੈਂ ਇਸ ਬਾਰੇ ਜ਼ਿਆਦਾ ਕੁੱਝ ਨਹੀਂ ਕਹਿਦਾ ਪਰ ਇਹ ਜ਼ਰੂਰ ਕਹਿੰਦਾ ਹਾਂ ਕਿ ਇਹ ਬੜਾ ਗੰਭੀਰ ਸਵਾਲ ਹੈ ਅਗਰ ਤੁਸੀਂ ਇਸ ਨੂੰ ਛੇੜੋਗੇ ਤਾਂ ਚਗੀ ਗਲ ਨਹੀਂ ਹੋਵੇਗੀ। ਤੁਹਾਨੂੰ ਪਤਾ ਹੈ ਕਿ ਪੰਜਾਬ ਵਿਚ ਖੇਤੀਬਾੜੀ ਕਰਨ ਵਾਲੇ ਜਿਹੜੇ ਕਾਮੇ ਸਨ ਉਹ ਜ਼ਿਆਦਾ ਤਰ ਬਾਹਰ ਚਲੇ ਗਏ ਹਨ। ਇਸ ਕਰਕੇ ਇਥੇ ਕੋਈ ਖੇਤੀ ਦਾ ਕੰਮ ਕਰਨ ਵਾਲਾ ਨਹੀਂ। ਇਸ ਲਈ ਇਥੇ ਜਿਹੜਾ ਆਪਣੀ ਖੇਤੀ ਕਰਦਾ ਹੈ ਉਸ ਨੂੰ ਕੰਮ ਵਾਸਤੇ ਕੋਈ ਨਾ ਕੋਈ ਬੰਦਾ ਲਾਉਣਾ ਪੈਂਦਾ ਹੈ। ਇਸ ਲਈ ਮੈਂ ਇਹ ਫਿਰ ਕਹਾਂਗਾ ਕਿ ਇਸ ਸਵਾਲ ਨੂੰ ਹੁਣ ਨਾ ਛੇੜੋ, ਇਸ ਦੇ ਛੇੜਨ ਨਾਲ ਪੰਜਾਬ ਦੇ ਵਾਸੀਆਂ ਤੇ ਬੁਰਾ ਅਸਰ ਪੈ ਸਕਦਾ ਹੈ। ਇਸ ਸਬੰਧ ਵਿਚ ਅੱਗੇ ਵੀ ਕਿਸੇ ਸਜਣ ਨੇ ਇਥੇ ਰੇਜ਼ੋਲਿਊਸ਼ਨ ਦੇਣ ਦੀ ਕੋਸ਼ਿਸ਼ ਕੀਤੀ ਸੀ। ਅਸੀਂ ਉਸ ਵੇਲੇ ਵੀ ਕਿਹਾ ਸੀ ਕਿ ਐਸਾ ਰੇਜ਼ੋਲਿਊਸ਼ਨ ਨਾ ਲਿਆਓ ਕਿਉਂਕਿ ਅਸੀਂ ਬੜੀ ਦੂਰ ਤਕ ਵਸੇ ਹੋਏ ਹਾਂ। ਸਾਰੇ ਸੰਸਾਰ ਵਿਚ ਸਾਡੇ ਪੰਜਾਬ ਦੇ ਲੋਕ ਵਸਦੇ ਹਨ ਔਰ ਪੰਜਾਬੀਆਂ ਦੀ ਗਿਣਤੀ ਬਾਹਰ ਵਸਣ ਵਾਲਿਆਂ ਦੀ ਜ਼ਿਆਦ ਹੈ ਇਸ ਲਈ ਤੁਸੀਂ ਇਸ ਸਵਾਲ ਨੂੰ ਨਾ ਛੇੜੋ। ਇਸ ਸਵਾਲ ਦੇ ਛੇੜਨ ਨਾਲ ਆਪਣੇ ਪੈਰਾਂ ਤੇ ਆਪ ਹੀ ਕੁਹਾੜੀ ਮਾਰਨ ਵਾਲੀ ਗਲ ਹੋਵੇਗੀ। (ਵਿਘਨ)

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਤਾਂ ਜੋ ਕਹਿਣਾ ਹੈ ਉਹ ਇਥੇ ਕਹਿ ਦੇਣਾ ਹੈ, ਇਨ੍ਹਾਂ ਦੀ ਜੋ ਮਰਜ਼ੀ ਆਏ ਬੋਲ ਲੈਣ।

ਸਪੀਕਰ ਸਾਹਿਬ, ਇਕ ਗਲ ਮੈਂ ਟਰਾਂਸਪੋਰਟ ਦੇ ਬਾਰੇ ਵੀ ਕਹਿਣੀ ਚਾਹੁੰਦਾ ਹਾਂ। ਪੰਜਾਬ ਵਿਚ ਟਰਾਂਸਪੋਰਟ ਪੀਪਾ ਟਰਾਂਸਪੋਰਟ ਬਣ ਕੇ ਰਹਿ ਗਈ ਹੈ। ਕੋਈ ਟਰਾਂਸਪੋਰਟ ਦੀ ਬਸ ਵਕਤ ਸਿਰ ਨਹੀਂ ਚਲਦੀ। ਜਿਤਨੇ ਵੀ ਟਾਇਰ ਮੋਟਰਾਂ ਨੂੰ ਲਗੇ ਹਨ ਉਹ ਰੀਟਰਡ ਕੀਤੇ ਹੋਏ ਹਨ। ਚੰਗੇ ਟਾਇਰ ਤਾਂ ਮਾਰਕਿਟ ਵਿਚ ਵੇਚ ਦਿੱਤੇ ਜਾਂਦੇ ਹਨ। ਮੈਂ ਹੁਣ ਇਸ ਪਾਸੇ ਵਲ ਧਿਆਨ ਦਿਤਾ ਹੈ ਅਤੇ ਜਿਹੜੇ ਵੀ ਇਸ ਤਰ੍ਹਾਂ ਕਰਦੇ ਹਨ ਉਨ੍ਹਾਂ ਨੂੰ ਸ਼ਿਕੰਜਾ ਚਾੜ੍ਹਾਂਗੇ। (ਥੰਪਿੰਗ) ਸੜਕਾਂ ਟੁੱਟੀਆਂ ਪਈਆਂ ਹਨ, ਮੋਟਰਾਂ ਨਹੀਂ ਚਲਦੀਆਂ, ਵਰਕਸ਼ਾਪਾਂ ਰਹਿਣ ਨਹੀਂ ਦਿਤੀਆਂ। ਇਹ ਸਾਰੀਆਂ ਗਲਾਂ ਵਲ ਧਿਆਨ ਦੇਣਾ ਹੈ ਅਤੇ ਇਸ ਨੂੰ ਠੀਕ ਕਰਾਂਗੇ। ਸਪੀਕਰ ਸਾਹਿਬ, ਇਹ ਪਾਲੀਸੀ ਦੀ ਗਲ ਕਰਦੇ ਹਨ। ਪਾਲੀਸੀ ਦੀ ਗਲ ਤਾਂ ਬਾਅਦ ਵਿਚ ਆਉਂਦੀ ਹੈ ਪਹਿਲੇ ਜੋ ਟ੍ਰਾਂਸਪੋਰਟ ਹੈ ਉਸ ਨੂੰ ਤਾਂ ਦਰੁਸਤ ਕਰਨਾ ਚਾਹੀਦਾ ਹੈ। ਭਾਵੇਂ ਉਨ੍ਹਾਂ ਵਿਚ ਵਾਧਾ ਕਰਨਾ ਹੈ ਭਾਵੇਂ ਰੂਟਸ ਹੋਰ ਚਲਾਉਣੇ ਹਨ, ਲੋਕਾਂ ਨੂੰ ਇਸ ਸਬੰਧ ਵਿਚ ਹੋਰ ਸਹੂਲਤਾਂ ਦੇਣੀਆਂ ਹਨ ਅਤੇ ਉਹ ਦੇਣੀਆਂ ਚਾਹੀਦਆਂ ਹਨ। ਸਵਾਰੀਆਂ ਤਾਂ ਐਨੀਆਂ ਹਨ ਕਿ ਭਾਵੇਂ ਬੱਸਾਂ ਦੀਆਂ ਤਿੰਨ ਛੱਤਾਂ ਵੀ ਹੋਣ ਤਾਂ ਲੋਕ ਉਥੇ ਵੀ ਬੈਠ ਸਕਦੇ ਹਨ। ਪਿੰਡਾਂ ਵਿਚ ਅੱਜ ਲੋਕ ਇਹ ਕਹਿੰਦੇ ਹਨ ਕਿ ਇਥੇ ਮੋਟਰ ਲਾਈ ਤਾਂ ਸੀ ਪਰ ਆਉਂਦੀ ਨਹੀਂ। ਆਖਿਰ ਇਹ ਜਿਹੜਾ ਸਿਸਟਮ ਹੈ ਇਸ ਨੂੰ ਚੈਕ ਕਰਨਾ ਪੈਣਾ ਹੈ। ਹੁਣ ਤਾਂ ਹਾਲਾਤ ਇਹ ਹੈ ਕਿ ਜਿਹੜੇ ਰੂਟਸ ਦਿਤੇ ਹੋਏ ਹਨ ਉਹ ਵੀ ਨਹੀਂ ਚਲ ਰਹੇ। ਅਸੀਂ ਹੁਣ ਇਹ ਵੇਖਣਾ ਹੈ ਕਿ ਜਿਹੜੇ ਰੂਟਸ ਦਿੱਤੇ ਹਨ ਉਥੇ ਉਨ੍ਹਾਂ ਰੂਟਸ ਦੀਆਂ ਬੱਸਾਂ ਚਲਦੀਆਂ ਹਨ ਜਾਂ ਨਹੀਂ ? ਜੇ ਨਹੀਂ ਚਲਦੀਆਂ ਤਾਂ ਉਨ੍ਹਾਂ ਦੇ ਰੂਟ ਪਰਮਿਟ ਕੈਂਸਲ ਕਰਨੇ ਪੈਣੇ ਹਨ ਔਰ ਜੇ ਸਰਕਾਰੀ ਬਸ ਹੈ ਤਾਂ ਉਸ ਦੀ ਪੂਰੀ ਪੂਰੀ ਜਾਂਚ ਕੀਤੀ ਜਾਵੇਗੀ, ਤਾਕਿ ਲੋਕਾਂ ਨੂੰ ਸਹੂਲਤ ਮਿਲ ਸਕੇ। ਪਹਿਲੇ ਇਹ ਸਿਸਟਮ ਦਰੁਸਤ ਕਰ ਲਈਏ ਫਿਰ ਪਾਲਿਸੀ ਬਾਰੇ ਵੀ ਵੇਖਿਆ ਜਾ ਸਕਦਾ ਹੈ। ਅਸੀਂ ਇਹ ਦੇਖਣਾ ਹੈ ਕਿ ਜਿਨ੍ਹਾਂ ਕੋਲ ਰੂਟ ਪਰਮਿਟਸ ਹਨ ਉਹ ਪੂਰੇ ਟਰਿਪਸ ਲਾਉਂਦੇ ਹਨ ਜਾਂ ਜ਼ਿਆਦਾ ਟਰਿਪਸ ਲਾਉਂਦੇ ਹਨ। ਉਹ ਪੂਰਾ ਟੈਕਸ ਪੇ ਕਰਦੇ ਹਨ ਜਾਂ ਨਹੀਂ ਕਰਦੇ। ਅਜ ਭਾਵੇਂ ਟਰਾਂਸਪੋਰਟ ਹੋਵੇ ਭਾਵੇਂ ਸਿਨੇਮੇ ਹੋਣ, ਇਹ ਪੂਰਾ ਟੈਕਸ ਨਹੀਂ ਦੇ ਰਹੇ। ਮੈਂ ਇਹ ਕਹਿੰਦਾ ਹਾਂ ਕਿ ਅਸੀਂ ਇਸ ਨੂੰ ਚੈਕ ਕਰਾਂਗੇ ਅਤੇ ਉਨ੍ਹਾਂ ਨੂੰ ਟੈਕਸ ਦੇਣਾ ਪਵੇਗਾ। ਜਿਹੜਾ ਟਰਾਂਸਪੋਰਟ ਨੂੰ ਘਾਟਾ ਪੈਂਦਾ ਹੈ ਇਸ ਨਾਲ ਰੁਕੇਗਾ। ਅੱਜ ਪੰਜਾਬ ਦੇ ਕਿਸੇ ਸਿਨਮੇ ਤੇ ਚਲੇ ਜਾਓ ਜਿਹੜੀਆਂ ਟਿਕਟਾਂ ਹੁੰਦੀਆਂ ਹਨ ਉਨ੍ਹਾਂ ਤੇ ਟੈਕਸ ਟਿਕਟਾਂ ਨਹੀਂ ਲਗੀਆਂ ਹੁੰਦੀਆਂ, ਇਸ ਲਈ ਅਸੀਂ ਪਹਿਲੇ ਇਸ ਨੂੰ ਦਰੁਸਤ ਕਰਨਾ ਹੈ। ਇਸ ਵਿਚ ਜਿਹੜੇ ਲੂਪਹੋਲਜ਼ ਹਨ ਉਨ੍ਹਾਂ ਨੂੰ ਹਟਾਉਣਾ ਪਵੇਗਾ ਤਾਂ ਹੀ ਹਾਲਾਤ ਦਰੁਸਤ ਹੋ ਸਕਦੇ ਹਨ।

ਸਪੀਕਰ ਸਾਹਿਬ, ਮੈਂ ਸੋਸ਼ਲ ਐਜੂਕੇਸ਼ਨ ਦੇ ਸਿਲਸਿਲੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਵੋਕੇਸ਼ਨਲ ਟ੍ਰੇਨਿੰਗ ਨੂੰ ਮਜ਼ਬੂਤੀ ਨਾਲ ਹੱਥ ਪਾਵਾਂਗੇ ਤਾਕਿ ਲੋਕਾਂ ਨੂੰ ਜਾਬ ਓਰੀਐਂਟਿਡ ਐਜੂਕੇਸ਼ਨ ਮਿਲ ਸਕੇ।

ਸਪੀਕਰ ਸਾਹਿਬ, ਆਦਰਸ਼ ਸਕੂਲਾਂ ਦੇ ਬਾਰੇ ਇਖਤਲਾਫ ਰਾਏ ਹੋ ਸਕਦੀ ਹੈ। ਅਸੀਂ ਚਾਹੁੰਦੇ ਹਾਂ ਕਿ ਆਰਡੀਨਰੀ ਆਦਮੀ ਜਾਂ ਗਰੀਬ ਆਦਮੀ ਜਿਸ ਦੇ ਬਚਿਆਂ ਦੀ ਫੀਸ ਵੀ ਸਰਕਾਰ ਦੇ ਰਹੀ ਹੈ, ਉਨ੍ਹਾਂ ਬਚਿਆਂ ਨੂੰ ਅੱਛੀ ਐਜੂਕੇਸ਼ਨ ਮਿਲਣੀ ਚਾਹੀਦੀ ਹੈ। ਐਜੂਕੇਸ਼ਨ ਦਾ, ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕੋਈ ਚੰਗਾ ਸਿਸਟਮ ਬਣਾਉਣਾ ਚਾਹੀਦਾ ਹੈ ਤਾਕਿ ਡਾਊਨ ਟਰਾਡਨ ਦੇ ਬੱਚੇ ਵੀ ਚੰਗੀ ਤਾਲੀਮ ਲੈ ਸਕਣ ਅਤੇ ਉਹ ਵੀ ਕੰਪੀਟੀਸ਼ਨਾਂ ਵਿਚ ਬੈਠ ਸਕਣ । ਸਪੀਕਰ ਸਾਹਿਬ, ਮੈਂ ਆਦਰਸ਼ ਸਕੂਲਾਂ ਦੀ ਸਕੀਮ ਦੇ ਖਿਲਾਫ ਨਹੀਂ ਹਾਂ ਪਰ ਉਹ ਸੈਂਕਸ਼ਨ ਜਿਨ੍ਹਾਂ ਕੋਲ ਕੋਈ ਰੋਜ਼ਗਾਰ ਹੀ ਨਹੀਂ ਅਤੇ ਕੋਈ ਕੰਮ ਹਟੇ ਨਹੀਂ, ਉਹ ਆਪਣੇ ਬੱਚਿਆਂ ਨੂੰ ਕਿਥੇ ਪੜ੍ਹਾਉਣਗੇ ? ਅਸੀਂ ਉਨ੍ਹਾਂ ਗਰੀਬਾਂ ਦੇ ਬੱਚਿਆਂ ਨੂੰ ਪੜ੍ਹਾਉਣਾ ਹੈ। ਇਸੇ ਲਈ ਹੀ, ਸਪੀਕਰ ਸਾਹਿਬ, ਅਸੀਂ ਰਿਜ਼ਰਵੇਸ਼ਨ ਕੀਤੀ ਸੀ ਤਾਂ ਕਿ ਇਹ ਜਿਹੜਾ ਗਰੀਬਾਂ ਵਿਚ ਕੰਪਲੈਕਸ ਹੈ, ਹਰੀਜਨਾਂ ਵਿਚ ਕੰਪਲੈਕਸ ਹੈ, ਇਹ ਜਿਹੜਾ ਇਨਫੀ-ਰੀਆਰਿਟੀ ਕੰਪਲੈਕਸ ਹੈ, ਇਹ ਦੂਰ ਹੋ ਜਾਵੇ ਅਤੇ ਉਹ ਵੀ ਸੁਸਾਇਟੀ ਦੇ ਦੂਜੇ ਸੈਂਕਸ਼ਨਾਂ ਦੇ ਬਰਾਬਰ ਆ ਜਾਣ । (ਥੰਪਿੰਗ) ਸਪੀਕਰ ਸਾਹਿਬ, ਇਹ ਐਜੂਕੇਸ਼ਨ ਦੇ ਸਿਸਟਮ ਨਾਲ ਵੀ ਫਰਕ ਪੈਂਦਾ ਹੈ। ਇਸ ਚੀਜ਼ ਨੂੰ ਵੀ ਦੂਰ ਕਰਨਾ ਪਵੇਗਾ ਅਤੇ ਜਿਹੜੇ ਲਿਤਾੜੇ ਹੋਏ ਵਰਗ ਹਨ ਉਨ੍ਹਾਂ ਨੂੰ ਵੀ ਉਪਰ ਲਿਆਉਣਾ ਪਵੇਗਾ । ਐਜੂਕੇਸ਼ਨ ਵਿਚ ਐਫੀਸ਼ੈਂਸੀ ਵੀ ਵਧਾਉਣੀ ਪਵੇਗੀ। ਟੀਚਰਜ਼ ਨੂੰ ਵੀ ਪੂਰਾ ਵਕਤ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਪੈਸੇ ਦੀ ਘਾਟ ਕਾਰਨ ਭਾਵੇਂ ਇਹ ਕੰਮ ਸਿਰੇ ਚੜ੍ਹਨਾ ਮੁਸ਼ਕਲ ਹੋਵੇ ਪਰ ਫਿਰ ਵੀ ਸਾਨੂੰ ਸਾਰਿਆਂ ਨੂੰ ਇਸ ਪਾਸੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਦੂਸਰੇ ਦੇਸ਼ਾਂ ਵਿਚ ਚੌਥੀ ਅਤੇ ਪੰਜਵੀਂ ਕਲਾਸਾਂ ਦੇ ਵਿਦਿਆਰਥੀਆਂ ਨੂੰ ਪ੍ਰੋਫੈਸਰ ਪੜ੍ਹਾਉਂਦੇ ਹਨ। ਉਹ ਪਰੋਫੈਸਰ ਉਨ੍ਹਾਂ ਬੱਚਿਆਂ ਦੀ ਸਾਈਕਾਲੋਜੀ ਵੇਖਦੇ ਹਨ ਕਿ ਕਿਹੜਾ ਬੱਚਾ ਕਿਸ ਪਾਸੇ ਵਲ ਨੂੰ ਚਲ ਸਕਦਾ ਹੈ, ਹਿਸਟਰੀ ਵਾਲੇ ਪਾਸੇ ਕਿਹੜਾ ਬੱਚਾ ਚਲ ਸਕਦਾ ਹੈ, ਪਾਲੇਟਿਕਸ ਵਿਚ ਜਾਣ ਵਾਲਾ ਬਚਾ ਕਿਹੜਾ ਹੈ, ਇਕਨਾਮਿਕਸ ਵਿਚ ਜਾਂ ਹੋਰ ਸਬਜੈਕਟਸ ਵਿਚ ਜਾਣ ਵਾਲਾ ਕਿਹੜਾ ਬੱਚਾ ਹੈ ਤਾਂ ਉਸ ਦੇ ਮੁਤਾਬਿਕ ਬੱਚਿਆਂ ਨੂੰ ਭੇਜਿਆ ਜਾਂਦਾ ਹੈ। ਪਰ ਸਪੀਕਰ ਸਾਹਿਬ, ਸਾਡੇ ਇਥੇ ਜੇਕਰ ਬੱਚਿਆਂ ਨੂੰ ਕੋਈ ਸਵਾਲ ਨਹੀਂ ਆਉਂਦਾ ਤਾਂ ਮਾਸਟਰ ਬਚਿਆਂ ਨੂੰ ਕੁਟਦੇ ਹਨ ਇਸ ਲਈ ਇਨ੍ਹਾਂ ਗਲਾਂ ਨੂੰ ਵੀ ਆਪਣੇ ਵਿਚੋਂ ਕਢਣਾ ਪਵੇਗਾ । (ਵਿਘਨ) ਇਸ ਲਈ, ਸਪੀਕਰ ਸਾਹਿਬ, ਸਾਨੂੰ ਸਾਰਿਆਂ ਨੂੰ ਮਿਲ ਕੇ, ਬੈਠ ਕੇ, ਐਜੂਕੇਸ਼ਨ ਸਿਸਟਮ ਦਾ ਖਰੜਾ ਬਣਾਉਣਾ ਚਾਹੀਦਾ ਹੈ ਤਾਂ ਕਿ ਅਸੀਂ ਐਜੂਕੇਸ਼ਨ ਵਿਚ ਸੁਧਾਰ ਕਰ ਸਕੀਏ । ਇਸ ਵਕਤ ਹਾਲਤ ਇਹ ਹੈ ਕਿ ਸਟੂਡੈਂਟਸ ਇਮਤਿਹਾਨਾਂ ਵਿਚ ਆਪਣੇ ਪਾਸ ਛੁਰਾ ਰਖ ਕੇ ਪੇਪਰ ਦਿੰਦੇ ਹਨ । ਇਸ ਸਿਸਟਮ ਨੂੰ ਵੀ ਹਟਾਉਣਾ ਚਾਹੀਦਾ ਹੈ (ਥੰਪਿੰਗ) ਨਹੀਂ ਤਾਂ, ਸਪੀਕਰ ਸਾਹਿਬ, ਆਉਣ ਵਾਲੀ ਜੈਨਰੇਸ਼ਨ ਜਿਹੜੀ ਹੋਵੇਗੀ ਉਹ ਬੇਹੂਦਾ ਹੋਵੇਗੀ । ਸਪੀਕਰ ਸਾਹਿਬ, ਮੈਨੂੰ ਅੱਜ ਗਰੈਜੂਏਟਾਂ ਕੋਲੋਂ ਵੀ ਚੰਗੀ ਉਮੀਦ ਨਹੀਂ ਹੈ ਕਿਉਂਕਿ ਅਜ ਗਰੈਜੂਏਟ ਪੜ੍ਹਿਆ ਹੋਇਆ ਵਿਅਕਤੀ ਵੀ ਪੰਜਾਬੀ ਗਲਤ ਲਿਖਦਾ ਹੈ । ਉਸ ਨੂੰ ਸਿਹਾਰੀ ਅਤੇ ਬਿਹਾਰੀ ਦਾ ਵੀ ਸਹੀ ਪਤਾ ਨਹੀਂ ਹੈ । ਫਾਰਸੀ ਦੀ ਗੱਲ ਤਾਂ ਛਡੋ । ਸਾਡੀ ਬੋਲੀ ਪੰਜਾਬੀ ਜਿਹੜੀ ਕਿ ਆਮ ਬੋਲੀ ਜਾਂਦੀ ਹੈ, ਉਹ ਪੰਜਾਬੀ ਵੀ ਠੀਕ ਨਹੀਂ ਲਿਖ ਸਕਦਾ ਇਸ ਲਈ ਐਜੂਕੇਸ਼ਨ ਵੱਲ ਸਾਰਿਆਂ ਨੂੰ ਧਿਆਨ ਦੇਣਾ ਚਾਹੀਦਾ ਹੈ।

ਹੁਣ ਮੈਂ, ਸਪੀਕਰ ਸਾਹਿਬ, ਪੰਜਾਬ ਯੂਨੀਵਰਸਿਟੀ ਦੀ ਗੱਲ ਕਰਨੀ ਚਾਹੁੰਦਾ ਹਾਂ । ਚੰਡੀਗੜ੍ਹ ਯੂਨੀਵਰਸਿਟੀ ਦੇ ਬਾਰੇ ਸਾਡੇ ਕਾਊਂਟਰ ਪਾਰਟ, ਹਰਿਆਣਾ ਦੇ ਚੀਫ਼ ਮਨਿਸਟਰ ਨੇ ਇਕ ਸਟੇਟਮੈਂਟ ਦਿਤੀ ਅਤੇ ਕਿਹਾ ਕਿ ਅਸੀਂ ਆਪਣੇ ਹਰਿਆਣੇ ਦੇ ਕਾਲਜ ਪੰਜਾਬ ਯੂਨੀਵਰਸਿਟੀ ਨਾਲ ਐਫਿਲੀਏਟ ਕਰਾਂਗੇ ਕਿਉਂਕਿ ਸਾਡਾ ਚੰਡੀਗੜ੍ਹ ਉਤੇ ਅਧਿਕਾਰ ਹੈ। ਸਪੀਕਰ ਸਾਹਿਬ, ਹਰਿਆਣਾ ਦਾ ਚੰਡੀਗੜ੍ਹ ਉਪਰ ਕਿਤਨਾ ਕੁ ਅਧਿਕਾਰ ਹੈ, ਉਸ ਬਾਰੇ ਮੈਂ ਪਹਿਲਾਂ ਹੀ ਦੱਸ ਚੁਕਾ ਹਾਂ । ਸਪੀਕਰ ਸਾਹਿਬ, ਹਰਿਆਣਾ ਦੇ ਕਾਲਜ ਪਹਿਲਾਂ ਪੰਜਾਬ ਯੂਨੀਵਰਸਿਟੀ ਨਾਲ ਐਫਿਲੀਏਟ ਸਨ ਫਿਰ ਇਨ੍ਹਾਂ ਨੇ ਡਿਸਐਫਿਲੀਏਟ ਕਰਵਾ ਲਏ ਅਤੇ ਹੁਣ ਇਹ ਫਿਰ ਐਫਿਲੀਏਟ ਕਰਵਾਉਣਾ

Original with;
Punjab Vidhan Sabha
Digitized by;
Panjab Digital Library

ਚਾਹੁੰਦੇ ਹਨ । ਇਹ ਸਾਰਾ ਕੁਝ ਆਪਣੀ ਮਰਜ਼ੀ ਦੇ ਨਾਲ ਨਹੀਂ ਕਰਵਾ ਸਕਦੇ, ਇਹ ਐਕਟ ਦੇ ਮੁਤਾਬਿਕ ਹੀ ਹੋ ਸਕਦਾ ਹੈ । (ਥੰਪਿੰਗ)

**ਸਰਦਾਰ ਬਲਵੰਤ ਸਿੰਘ** : ਗੱਲ ਤਾਂ ਤੁਹਾਡੀ ਠੀਕ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਸਾਹਮਣੇ ਬੈਠੇ ਭਰਾ ਹੁਣ ਇਹ ਮੰਨਦੇ ਹਨ ਕਿ ਸਾਡੀ ਗੱਲ ਤਾਂ ਠੀਕ ਹੈ ਪਰ ਆਪ ਇਨ੍ਹਾਂ ਨੇ ਕੀਤਾ ਕੁਝ ਨਹੀਂ । (ਵਿਘਨ)

**ਸਰਦਾਰ ਸੁਖਜਿੰਦਰ ਸਿੰਘ ਖੈਰਾ** : ਤੁਸੀਂ ਫਾਈਲਾਂ ਦੇਖ ਲਵੋ ਅਤੇ ਗਲਤ ਬਿਆਨੀ ਨਾ ਕਰੋ । (ਵਿਘਨ)

**ਮੁੱਖ ਮੰਤਰੀ** : ਸਪੀਕਰ ਸਾਹਿਬ, ਲੈਂਡ/ਲੈਸ ਲੋਕਾਂ ਦੇ ਬਾਰੇ ਜਿਹੜਾ ਲੈਜਿਸਲੇਸ਼ਨ ਹੈ ਉਸ ਦੇ ਮੁਤਾਬਿਕ ਇੱਕ ਫੌਜੀ ਐਬਸੈਂਟੀ ਸਮਝਿਆ ਜਾਂਦਾ ਹੈ ਅਤੇ ਲੈਂਡ ਲਾਰਡ ਐਬਸੈਂਟੀ ਨਹੀਂ ਸਮਝਿਆ ਜਾਂਦਾ ਭਾਵੇਂ ਉਹ ਖੁਦ ਕਾਸ਼ਤ ਨਹੀਂ ਕਰਦਾ ਪਰ ਫਿਰ ਵੀ ਉਸ ਦੀ ਖੁਦ ਕਾਸ਼ਤ ਹੀ ਸਮਝੀ ਜਾਂਦੀ ਹੈ । ਜਿਹੜਾ ਕੰਮ ਕਰਨ ਵਾਲਾ ਹੈ, ਸਪੀਕਰ ਸਾਹਿਬ, ਉਹ ਆਪਣੀ ਜ਼ਮੀਨ ਨਹੀਂ ਬਣਾ ਸਕਦਾ (ਵਿਘਨ) ਤੋਂ, ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਹਰਿਆਣੇ ਵਾਲਿਆਂ ਨੇ ਪਹਿਲਾਂ ਕਾਲਜ ਐਫਿਲੀਏਟ ਕੀਤੇ ਸਨ ਫਿਰ ਡਿਸਐਫਿਲੀਏਟ ਕਰ ਲਏ । ਹੁਣ ਫਿਰ ਐਫਿਲੀਏਟ ਕਰਵਾਉਣਾ ਚਾਹੁੰਦੇ ਹਨ । ਇਹ ਸਪੀਕਰ ਸਾਹਿਬ, ਕਾਨੂੰਨ ਦੇ ਮੁਤਾਬਿਕ ਹੀ ਹੋ ਸਕਦਾ ਹੈ, ਆਪਣੀ ਮਰਜ਼ੀ ਨਾਲ ਨਹੀਂ ਹੋ ਸਕਦਾ ।

We are writing to the Central Government, Education Minister and the Home Minister, who are responsible for taking action in this matter.

ਸਪੀਕਰ ਸਾਹਿਬ, ਮੈਂ ਹੁਣ ਪਲੈਨ ਇਨਵੈਸਟਮੈਂਟ ਦੀ ਗੱਲ ਕਰਨਾ ਚਾਹੁੰਦਾ ਹਾਂ । ਸਰਦਾਰ ਬਲਵੰਤ ਸਿੰਘ ਜੀ ਨੂੰ ਮੇਰੀ ਗੱਲ ਉਸ ਵੇਲੇ ਕਹੀ ਹੋਈ ਕੌੜੀ ਲਗੀ ਉਸ ਲਈ ਮੈਂ ਮਾਫੀ ਮੰਗਦਾ ਹਾਂ । (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਦੀ ਅਕਾਲੀ ਜਨਤਾ ਸਰਕਾਰ ਵੇਲੇ 260 ਕਰੋੜ ਰੁਪਏ ਦਾ ਪਲੈਨ ਆਊਟ ਲੇ ਸੀ ਪਰ, ਸਪੀਕਰ ਸਾਹਿਬ, ਐਕਚੂਅਲ ਪਲੈਨ ਐਕਸਪੈਂਡੀਚਰ ਸਾਡੇ ਪੰਜਾਬ ਦਾ 1978-79 ਵਿਚ 221 ਕਰੋੜ ਰੁਪਏ ਦਾ ਸੀ ਔਰ ਇਨ੍ਹਾਂ ਨੇ ਪਲਾਨ ਦਾ 85 ਫੀ ਸਦੀ ਖਰਚ ਕੀਤਾ । ਇਸੇ ਤਰ੍ਹਾਂ ਹੀ ਐਕਚੂਅਲ ਪਲੈਨ ਐਕਸਪੈਂਡੀਚਰ ਸਾਡੇ ਪੰਜਾਬ ਦਾ 1979-80 ਵਿਚ 240 ਕਰੋੜ ਰੁਪਏ ਦਾ ਸੀ ਪਰ ਇਨ੍ਹਾਂ ਨੇ ਪਲੈਨ ਦਾ 92 ਫੀ ਸਦੀ ਖਰਚ ਕੀਤਾ । ਸਪੀਕਰ ਸਾਹਿਬ, ਐਕਚੂਅਲ ਪਲੈਨ ਐਕਸਪੈਂਡੀਚਰ ਜਿਹੜਾ 260 ਕਰੋੜ ਰੁਪਏ ਦਾ ਸੀ, ਉਹ ਇਨ੍ਹਾਂ ਸਾਹਮਣੇ ਬੈਠੇ ਭਰਾਵਾਂ ਨੂੰ ਪੂਰਾ ਕਰ ਲੈਣਾ ਚਾਹੀਦਾ ਸੀ ਪਰ ਉਹ ਪੂਰਾ ਨਹੀਂ ਕੀਤਾ ਗਿਆ। ਇਨ੍ਹਾਂ ਨੇ ਇਸ ਅਮਾਊਂਟ ਵਿਚੋਂ ਕੁਝ ਸੁਰੈਂਡਰ ਕਰ ਦਿੱਤਾ । ਸਪੀਕਰ ਸਾਹਿਬ, ਇਨ੍ਹਾਂ ਨੇ ਉਹ ਰੁਪਿਆ ਸੁਰੰਡਰ ਕਿਥੇ ਕੀਤਾ ਅਤੇ ਕਿਹੜੀ ਮਦ ਹੇਠ ਕੀਤਾ ? ਹੋ ਸਕਦਾ ਹੈ ਕਿ ਇੰਪਾਰਟਟੈਂਟ ਮੱਦ ਹੇਠ ਸੁਰੈਂਡਰ ਕਰ ਦਿੱਤਾ ਹੋਵੇ । ਦੂਜੇ ਪਾਸੇ, ਸਪੀਕਰ ਸਾਹਿਬ ਹਰਿਆਣੇ ਦਾ ਪਲੈਨ ਆਊਟ ਲੇ 215.32 ਕਰੋੜ ਰੁਪਏ ਦਾ ਸੀ ਲੇਕਿਨ ਉਨ੍ਹਾਂ ਦਾ ਐਕਚੂਅਲ ਐਕਸਪੈਂਡੀਚਰ 293.93 ਕਰੋੜ ਰੁਪਏ ਦਾ ਸੀ। 136.5 ਫੀ ਸਦੀ ਵੱਧ ਪਰਫਾਰਮੈਂਸ ਉਨ੍ਹਾਂ ਨੇ ਦਿਖਾਈ ਹੈ । ਪਰ ਇਨ੍ਹਾਂ ਨੇ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਤਾਂ ਐਕਸਪੈਂਡੀਚਰ ਵਲ ਵੀ ਪਰਫਾਰਮੈਂਸ ਨਹੀਂ ਦਿਖਾਈ। ਹੁਣ ਜਦੋਂ ਕਿ ਅਸੀਂ ਪਲੈਨ ਐਕਸਪੈਂਡੀਚਰ ਵਧਾਈ ਹੈ ਤਾਂ ਇਹ ਸਾਡੇ ਤੇ ਕਟਾਕਸ਼ ਕਰਨ ਲਗ ਪਏ ਹਨ । ਮੈਂ ਹਾਊਸ ਨੂੰ ਐਸ਼ੋਰੈਂਸ ਕਰਾਉਂਦਾ ਹਾਂ ਕਿ ਜਿਹੜਾ ਪਲੈਨ ਆਊਟਲੇ ਪ੍ਰੈਜ਼ੀਡੈਂਟ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਰੂਲ ਵੇਲੇ ਸੀ, ਉਸ ਨੂੰ ਕਾਇਮ ਰਖਿਆ ਜਾਵੇਗਾ, ਇਹ ਪਲਾਨ ਆਉਟਲੇ ਉਤਾਂਹ ਹੋ ਸਕਦਾ ਹੈ ਪਰ ਥੱਲੇ ਨੂੰ ਨਹੀਂ ਹੋ ਸਕਦਾ ।

ਸਪੀਕਰ ਸਾਹਿਬ, ਹੁਣ ਮੈਂ ਪਰ ਕੈਪੀਟਾ ਐਕਸਪੈਂਡੀਚਰ ਵੱਲ ਆਉਂਦਾ ਹਾਂ । 1976-77 ਵਿਚ ਪੰਜਾਬ ਵਿਚ ਪਰ ਕੈਪੀਟਾ ਐਕਸਪੈਂਡੀਚਰ 164 ਰੁਪਏ ਸੀ ਅਤੇ 1978-79 ਵਿਚ ਪਰ ਕੈਪੀਟਾ ਐਕਸਪੈਂਡੀਚਰ 163 ਰੁਪਏ ਹੋ ਗਿਆ ਪਰ ਹਰਿਆਣਾ ਵਿਚ ਪਰ ਕੈਪੀਟਾ ਐਕਸਪੈਂਡੀਚਰ 1976-77 ਵਿਚ 135 ਰੁਪਏ ਸੀ ਲੇਕਿਨ 1978-79 ਵਿਚ ਇਹ 193 ਰੁਪਏ ਹੋ ਗਿਆ ਸੀ । ਸਪੀਕਰ ਸਾਹਿਬ ਸਾਡਾ ਪਰਕੈਪੀਟਾ ਐਕਸਪੈਂਡੀਚਰ ਵੀ ਥੱਲੇ ਨੂੰ ਜਾ ਰਿਹਾ ਸੀ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ (ਅਪੋਜ਼ੀਸ਼ਨ ਵੱਲ ਇਸ਼ਾਰਾ) ਤਾਂ ਪਰਫਾਰਮੈਂਸ ਦੇ ਨੇੜੇ ਤੇੜੇ ਵੀ ਨਹੀਂ ਗਏ । ਤੁਹਾਨੂੰ ਤਾਂ 100 ਫੀ ਸਦੀ ਤੋਂ ਵੀ ਵੱਧ ਪਰਫਾਰਮੈਂਸ ਦਿਖਾਉਣੀ ਚਾਹੀਦੀ ਸੀ ਤਾ ਕਿ ਹਰ ਵਰਗ ਦੇ ਲੋਕੀਂ ਫਾਇਦਾ ਉਠਾ ਸਕਦੇ । (ਵਿਘਨ)

ਦੋ ਵੱਜ ਚੁਕੇ ਹਨ ਅਤੇ ਹਾਲੇ ਮੈਂ ਥੋੜ੍ਹਾ ਜਿਹਾ ਹੋਰ ਬੋਲਣਾ ਹੈ ।

**ਆਵਾਜ਼ਾਂ:** 2.30 ਵਜੇ ਤਕ ਹਾਊਸ ਐਕਸਟੈਂਡ ਹੋ ਚੁਕਾ ਹੈ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਹਾਊਸਿੰਗ ਇੱਕ ਬੜੀ ਮਦ ਹੈ ਜਿਸ ਵਿਚ ਅਸੀਂ ਚਾਹੁੰਦੇ ਹਾਂ ਕਿ ਗਰੀਬਾਂ ਨੂੰ, ਹਰੀਜਨਾਂ ਨੂੰ ਘਰ ਦਿੱਤੇ ਜਾਣ ਤਾ ਕਿ ਉਹ ਕਿਤੇ ਨਾ ਕਿਤੇ ਰਹਿ ਸਕਣ । ਉਹ ਲੋਕ ਵੀ ਕਿਸੇ ਛੱਤ ਥਲੇ ਆਉਣ ਔਰ ਦਰਖਤਾਂ ਥਲੇ ਸਰਦੀ ਔਰ ਗਰਮੀ ਵਿਚ ਨਾ ਰਹਿਣ । ਇਨ੍ਹਾਂ ਵਾਸਤੇ ਪਿਛਲੀ ਸਰਕਾਰ ਨੇ 1979-80 ਵਿਚ 778 ਹਰਜਿਨਾਂ ਲਈ ਘਰ ਬਣਾਏ ਜਦੋਂ ਕਿ ਅਸੀਂ ਫੈਸਲਾ ਕੀਤਾ ਹੈ ਕਿ ਇਸ ਸਾਲ ਵਿਚ ਇਨ੍ਹਾਂ ਲਈ 10,000 ਮਕਾਨ ਬਣਾਉਣੇ ਹਨ । (ਥੰਪਿੰਗ) ਜਿਥੇ ਅਸੀਂ ਇਹ ਕੋਸ਼ਿਸ਼ ਕੀਤੀ ਹੈ ਉਥੇ ਅਸੀਂ ਇਹ ਵੀ ਕੋਸ਼ਿਸ਼ ਕੀਤੀ ਹੈ ਕਿ ਸੀਮੇਂਟ ਸਾਨੂੰ ਜ਼ਿਆਦਾ ਮਿਲੇ । ਸਾਡੇ ਪਰਾਜੈਕਟਸ ਵਾਸਤੇ ਜਿਹੜੇ ਕਿ ਸਰਕਾਰੀ ਪੱਧਰ ਤੇ ਬਣ ਰਹੇ ਹਨ ਜਾਂ ਬਣਨੇ ਹਨ ਜਿੰਨੀ ਇਨ੍ਹਾਂ ਨੂੰ ਪਰਾਇਰਟੀ ਦੇਣੀ ਹੈ ਉਨੀ ਹੀ ਗਰੀਬ ਹਰੀਜਨਾਂ ਦੇ ਘਰ ਬਣਾਉਣ ਲਈ ਪਰਾਇਰਿਟੀ ਦੇਣੀ ਹੈ ਤਾ ਕਿ ਉਹ ਹਰੀਜਨ ਲੋਕ ਛੱਤਾਂ ਥਲੇ ਰਹਿ ਸਕਣ । ਯੂਨਾਈਟਿਡ ਨੈਸ਼ਨਜ਼ ਦੇ ਪਰੋਗਰਾਮ ਤੋਂ ਵੀ ਲਾਭ ਉਠਾਵਾਂਗੇ ।

ਸਪੀਕਰ ਸਾਹਿਬ, ਮੈਂ ਬੇਇਨਸਾਫੀ ਕਰਾਂਗਾ ਜੇਕਰ ਸੋਸ਼ਲ ਵੈਲਫੇਅਰ ਦਾ ਪਾਰਟ ਛਡ ਦੇਵਾਂ । ਇਸ ਸਬੰਧੀ ਮੇਰੀ ਅਰਜ਼ ਹੈ ਕਿ ਪਹਿਲਾਂ ਸਰਵੇ ਇਸ ਗਲ ਲਈ ਕਰਨਾ ਹੈ ਕਿ ਬੀਲੋ ਸਬਸਿਸਟੈਂਸ ਵਾਲੇ ਕਿੰਨੇ ਹਨ, ਉਨ੍ਹਾਂ ਦਾ ਲੇਅਰ ਸਿਸਟਮ ਬਣਾ ਲਿਆ ਜਾਏ ਭਾਵੇਂ ਉਹ ਕਿਸੇ ਵਰਗ ਦੇ ਵੀ ਕਿਉਂ ਨਾ ਹੋਣ । ਇਸ ਵਿਚ ਹਰੀਜਨ ਵਰਗ ਜ਼ਿਆਦਾ ਆਏਗਾ । ਇਸ ਦੇ ਨਾਲ ਪ੍ਰੋਗਰਾਮ ਜਿਹੜਾ ਹੈ ਉਹ ਲਕੀਰਿਆ ਗਿਆ ਹੈ । ਅਸੀਂ ਕੋਸ਼ਿਸ਼ ਕੀਤੀ ਹੈ ਕਿ ਓਲਡ ਏਜ ਪੈਨਸ਼ਨਜ਼ ਡੇਸਟੀਚਿਊਟਸ ਲਈ, ਬੇਵਾ ਲਈ, ਜੋ ਸਿਸਟਮ ਹੈ, ਇਹ ਕੰਮ ਡੀਸੈਂਟ੍ਰਲਾਈਜ਼ ਕਰ ਦੇਣਾ ਹੈ ਅਤੇ ਡਿਸਟ੍ਰਿਕਟ ਲੈਵਲ ਤੇ ਇਹ ਕੰਮ ਦੇ ਦੇਣਾ ਹੈ (ਥੰਪਿੰਗ) ਤਾ ਕਿ ਸਬੰਧਤ ਬੰਦਿਆਂ ਨੂੰ ਸੌਖ ਹੋਵੇ ਔਰ ਇਸ ਲਈ ਪਰੋਫਾਰਮਾਂ ਵੀ ਸੌਖਾ ਬਣਾ ਦੇਣਾ ਹੈ ਤਾ ਕਿ ਇਸ ਵਿਚ ਜੋ ਡੀਲੇਅ ਹੁੰਦੀ ਹੈ ਉਹ ਕੱਟੀ ਜਾਵੇ ਜੋ ਕਿ ਅੱਜ ਤੱਕ ਹੋ ਰਹੀ ਹੈ । ਇਸ ਡੀਲੇਅ ਨੂੰ ਖਤਮ ਕਰਨ ਵਾਸਤੇ ਸਾਡੀ ਕੋਸ਼ਿਸ਼ ਹੈ।

ਇੰਟਰੈਸਟ ਫਰੀ ਲੋਨ ਲਈ ਇਨ੍ਹਾਂ ਦੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਵੇਲੇ 25 ਕਰੋੜ ਰੁਪਏ ਵਿਚੋਂ ਸਿਰਫ 2 ਕਰੋੜ ਰੁਪਏ ਹੀ ਖਰਚ ਕੀਤੇ ਗਏ । ਸਪੀਕਰ ਸਾਹਿਬ, ਤੁਹਾਨੂੰ ਸੁਣ ਕੇ

Original with;
Punjab Vidhan Sabha
Digitized by;
Panjab Digital Library

ਖੁਸ਼ੀ ਹੋਵੇਗੀ ਕਿ ਅਸੀਂ ਇਸ ਮੱਦ ਲਈ 30 ਕਰੋੜ ਰੁਪਏ ਰਖੇ ਹਨ। ਅਸੀਂ ਇਹ ਰੁਪਿਆ ਖਰਚ ਕਰਾਂਗੇ ਔਰ ਜਿਹੜੀਆਂ ਸਕੀਮਾਂ ਬਣ ਰਹੀਆਂ ਹਨ ਜਾਂ ਬਣ ਗਈਆਂ ਹਨ ਉਨ੍ਹਾਂ ਤੇ ਖਰਚ ਕਰਾਂਗੇ ਤਾਕਿ ਲੋਕਾਂ ਦੀ ਵੈਲਫੇਅਰ ਹੋ ਸਕੇ। ਇਨ੍ਹਾਂ ਦੀ ਪਰਾਫਾਰਮੈਂਸ ਇਹ ਹੈ ਕਿ 25 ਕਰੋੜ ਰੁਪਏ ਵਿਚੋਂ ਸਿਰਫ ਇਨ੍ਹਾਂ ਨੇ 2 ਕਰੋੜ ਰੁਪਏ ਹੀ ਖਰਚ ਕੀਤੇ। ਇਨ੍ਹਾਂ ਨੇ ਇਨ੍ਹਾਂ ਦੀ ਵੈਲਫੇਅਰ ਵਾਲੇ ਪਾਸੇ ਕਿੰਨਾ ਧਿਆਨ ਦਿੱਤਾ ਹੈ, ਇਹ ਤੁਸੀਂ ਆਪ ਹੀ ਦੇਖ ਲਓ।

ਅੰਮ੍ਰਿਤਸਰ ਏਅਰਪੋਰਟ ਵਾਸਤੇ ਅਸੀਂ ਲਿਖਿਆ ਹੈ ਅਤੇ ਅੱਗੇ ਵੀ ਇਨ੍ਹਾਂ ਦੀ ਸਰਕਾਰ ਵੇਲੇ ਦਾ ਲਿਖਿਆ ਹੋਇਆ ਹੈ। ਅੰਮ੍ਰਿਤਸਰ ਏਅਰ ਕਾਰਗੋ ਤਾਂ ਹੋ ਗਿਆ ਹੈ ਪਰ ਅਸੀਂ ਚਾਹੁੰਦੇ ਹਾਂ ਕਿ ਪੈਸੰਜਰਜ਼ ਵਾਸਤੇ ਵੀ ਏਅਰ-ਪੋਰਟ ਬਣੇ। ਇਸ ਨੂੰ ਇੰਟਰਨੈਸ਼ਨਲ ਏਅਰ-ਪੋਰਟ ਬਨਾਉਣ ਲਈ ਅਸੀਂ ਕੋਸ਼ਿਸ਼ ਕਰਾਂਗੇ। ਪੰਜਾਬ ਦੇ ਬੰਦੇ ਜੋ ਬਾਹਰਲਿਆਂ ਮੁਲਕਾਂ ਤੋਂ ਆਉਂਦੇ ਹਨ ਉਹ ਜਦੋਂ ਇਥੇ ਆਉਣ ਤਾਂ ਆਪਣੇ ਘਰ ਵਿਚ ਹੀ ਜਹਾਜ਼ ਤੋਂ ਉਤਰ ਸਕਣ। ਹੁਣ ਜਦੋਂ ਦਿੱਲੀ ਤੋਂ ਇਥੇ ਆਉਂਦੇ ਹਨ ਤਾਂ ਰਸਤੇ ਵਿਚ ਲੁਟੇਰੇ ਹੀ ਉਨ੍ਹਾਂ ਨੂੰ ਲੁਟ ਲੈਂਦੇ ਹਨ। ਕਈ ਵੇਰੀ ਰਸਤੇ ਵਿਚ ਐਕਸੀਡੈਂਟ ਵੀ ਹੋ ਜਾਂਦੇ ਹਨ। ਉਨ੍ਹਾਂ ਲੋਕਾਂ ਨੂੰ ਸਹੂਲਤਾਂ ਦੇਣ ਵਾਸਤੇ ਸਾਡੀ ਕੋਸ਼ਿਸ਼ ਹੈ ਕਿ ਇਥੇ ਇੰਟਰਨੈਸ਼ਨਲ ਏਅਰ-ਪੋਰਟ ਬਣੇ।

ਲੋਕ ਪਾਲ ਦਾ ਜ਼ਿਕਰ ਆਉਂਦਾ ਹੈ। ਮੈਂ ਸਾਰੇ ਦੋਸਤਾਂ ਨੂੰ ਕਹਾਂਗਾ ਕਿ ਮੇਰੇ ਨਾਲ ਇਸ ਬਾਰੇ ਡਿਸਕਸ ਕਰ ਲੈਣ ਕਿ ਲੋਕ ਪਾਲ ਬਣਾਉਣਾ ਚਾਹੀਦਾ ਹੈ ਜਾਂ ਨਹੀਂ। ਉਮਰਾ ਨੰਗਲ ਜੀ ਦੇ ਖਿਲਾਫ ਕੋਈ ਕਾਗਜ਼ ਆ ਜਾਵੇ ਜਾਂ ਮੇਰੇ ਖਿਲਾਫ ਕੋਈ ਕਾਗਜ਼ ਆ ਜਾਵੇ ਤਾਂ ਉਸ ਤੇ ਐਕਸ਼ਨ ਹੋਵੇ (ਵਿਘਨ)। ਬਲਵੰਤ ਸਿੰਘ ਜੀ ਕੀ ਇਹ ਬਣਾ ਲਈਏ ? ਇਹ ਸਰਕਾਰੀ ਪੱਧਰ ਤੇ ਸੁਓਮੋਟੋ ਨਹੀਂ ਬਲਕਿ ਜਦੋਂ ਕੋਈ ਕੰਪਲੇਂਟ ਆਵੇ ਤਾਂ ਉਸ ਨੂੰ ਪਰਾਸੈਸ ਕੀਤਾ ਜਾਏ।

**ਆਵਾਜ਼ਾਂ:** ਇਸ ਦੀ ਰੂਪ ਰੇਖਾ ਬਾਅਦ ਵਿਚ ਹੋਵੇਗੀ ਪਹਿਲਾਂ ਇਹ ਬਣਾ ਲਓ। (ਵਿਘਨ)

ਮੁੱਖ ਮੰਤਰੀ : ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਲਈ ਜੋ ਪਰੋਜ਼ ਐਂਡ ਕੌਨਜ਼ ਹਨ, ਉਹ ਤੁਸੀਂ ਸੋਚ ਲਓ। ਮੇਰੇ ਨਾਲ ਡਿਸਕਸ ਕਰ ਲਓ, ਮੈਂ ਨਹੀਂ ਭੱਜਣਾ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ :** 1947 ਤੋਂ ਬਾਅਦ ਕਿੰਨੀਆਂ ਕਿੰਨੀਆਂ ਜਾਇਦਾਦਾਂ ਵੱਧ ਗਈਆਂ ਅਤੇ ਉਹ ਕਿਸ ਤਰ੍ਹਾਂ ਨਾਲ ਵਧੀਆਂ ਹਨ ਇਸ ਦੀ ਪੜਤਾਲ ਕਰਾਈ ਜਾਏ ?

**ਮੁੱਖ ਮੰਤਰੀ :** ਤੁਸੀਂ 1947 ਦਾ ਕਹਿੰਦੇ ਹੋ ਮੈਂ ਇਸ ਤੋਂ ਵੀ ਤਿੰਨ ਚਾਰ ਸਾਲ ਪਹਿਲਾਂ ਦਾ ਰਿਕਾਰਡ ਕਢਵਾ ਕੇ ਦੇਖ ਲੈਂਦਾ ਹਾਂ ਕਿ ਕਿਸ ਕਿਸ ਕੋਲ ਕੀ ਕੀ ਸੀ ? (ਵਿਘਨ) ਮੈਂ ਕਹਿ ਰਿਹਾ ਸੀ ਕਿ ਇਸ ਦੇ ਪਰਾਸ ਐਂਡ ਕੋਆਇਨਜ਼ ਕਾਂਸ਼ਟੀਚਿਊਸ਼ਨ ਦੀ ਪੁਜ਼ੀਸ਼ਨ, ਇਹ ਸਾਰੀਆਂ ਚੀਜ਼ਾਂ ਮੇਰੇ ਨਾਲ ਡਿਸਕਸ ਕਰ ਲਓ, ਇਸ ਲਈ ਮੈਂ ਤਿਆਰ ਹਾਂ। ਲੇਕਿਨ ਇਹ ਵੀ ਗਲ ਹੈ ਅਸੀਂ ਚਾਹੁੰਦੇ ਹਾਂ ਕਿ ਦਿੱਲੀ ਤੋਂ ਸੜਕ ਜਿਹੜੀ ਆਉਂਦੀ ਹੈ ਉਥੇ ਲੱਖਾਂ ਨਹੀਂ ਬਲਕਿ ਕਰੋੜਾਂ ਰੁਪਿਆ ਦਾ ਨੁਕਸਾਨ ਹੋ ਜਾਂਦਾ ਹੈ। ਟਰੱਕਾਂ ਵਗੈਰਾ ਨਾਲ ਰਸਤੇ ਵਿਚ ਕਈ ਐਕਸੀਡੈਂਟਸ ਹੋ ਜਾਂਦੇ ਹਨ ਅਤੇ ਹਰ ਰੋਜ਼ ਪੰਜ ਦਸ ਐਕਸੀਡੈਂਟਸ ਨਾਲ ਮੌਤਾਂ ਹੋ ਜਾਂਦੀਆਂ ਹਨ। ਇਸ ਲਈ ਅੰਮ੍ਰਿਤਸਰ ਤੋਂ ਗੁਰਾਇਆ ਤਕ ਫੋਰ ਲੇਨ ਕਰਨ ਵਾਸਤੇ ਕੰਮ ਸ਼ੁਰੂ ਹੈ। ਪੰਜਾਬ ਦਾ ਏਰੀਆ ਪੂਰੀ ਤਰ੍ਹਾਂ ਨਾਲ ਫੋਰ ਲੇਨ ਨਾਲ ਕਵਰ ਹੋਣ ਨਾਲ ਕੰਮ ਵੀ ਜ਼ਿਆਦਾ ਤੋਂ ਜ਼ਿਆਦਾ ਹੋ ਸਕੇਗਾ ਔਰ ਵਕਤ ਵੀ ਘਟ ਤੋਂ ਘਟ ਲਗ ਸਕੇਗਾ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇਸ ਦੇ ਨਾਲ ਹੀ ਮੇਰੀ ਬੇਨਤੀ ਹੈ ਕਿ ਬਹੁਤ ਸਾਰੀਆਂ ਗਲਾਂ ਮੈਂ ਕਹਿ ਚੁਕਾ ਹਾਂ ਔਰ ਸਿਰਫ ਇੱਕ ਗਲ ਕਹਿਣੀ ਹਾਲੇ ਬਾਕੀ ਹੈ। ਉਹ ਹੈ ਮੈਡੀਕਲ ਦੇ ਬਾਰੇ ਇਸ ਬਾਰੇ ਇਹ ਫੈਸਲਾ ਕੀਤਾ ਗਿਆ ਹੈ ਕਿ ਆਉਣ ਵਾਲੇ ਸਾਲ ਵਿਚ ਜਿਥੇ ਦਵਾਈਆਂ ਦਾ ਕਈ ਥਾਵਾਂ ਤੇ ਜ਼ਿਆਦਾ ਤੋਂ ਜ਼ਿਆਦਾ ਪ੍ਰਬੰਧ ਕਰਨਾ ਹੈ, ਜਿਥੇ ਸੀਰੀਅਸ ਕੇਸਿਜ਼ ਹਨ ਔਰ ਇਨ ਡੋਰ ਪੇਸ਼ੈਂਟਸ ਵਾਸਤੇ ਅਸੀਂ ਦਵਾਈਆਂ ਦਾ ਸਾਰਾ ਪਰਬੰਧ ਕਰਨਾ ਹੈ, ਉਹ ਕਰਾਂਗੇ। ਸ਼ਿਕਾਇਤ ਹੈ ਕਿ ਮਰੀਜ਼ ਨੂੰ ਪੂਰੀ ਦਵਾਈ ਨਹੀਂ ਮਿਲਦੀ ਅਤੇ ਦਵਾ-ਈਆਂ ਕਿਤੇ ਹੋਰ ਥਾਂ ਤੇ ਚਲੀਆਂ ਜਾਂਦੀਆਂ ਹਨ। ਅਸੀਂ ਕੋਸ਼ਿਸ਼ ਕਰਨੀ ਹੈ ਕਿ ਰੈਡ ਕਰਾਸ ਨੂੰ ਕਹੀਏ ਕਿ ਜਿਥੇ ਪਰਾਇਮਰੀ ਹੈਲਥ ਸੈਂਟਰਜ਼ ਹਨ ਉਥੇ ਉਹ ਆਪਣੇ ਡਿਪੂ ਖੋਲ੍ਹਣ ਤਾ ਕਿ ਲੋਕਾਂ ਨੂੰ ਸਪੂਰੀਅਸ ਦਵਾਈਆਂ ਨਾ ਮਿਲਣ ਅਤੇ ਠੀਕ ਮੁਲ ਤੇ ਠੀਕ ਦਵਾਈਆਂ ਮਿਲ ਸਕਣ। ਅੱਗੇ ਦੋ ਬਲਾਕਸ ਲਏ ਸਨ ਅਤੇ ਉਥੇ ਦੇ ਹਰ ਵਿਅਕਤੀ ਦਾ ਮੈਡੀਕਲੀ ਤੌਰ ਤੇ ਟੈਸਟ ਹੁੰਦਾ ਸੀ ਕਿ ਕਿਤੇ ਉਸ ਨੂੰ ਕੋਈ ਬੀਮਾਰੀ ਤਾਂ ਨਹੀਂ ਹੈ ਜਾਂ ਹੋਣ ਵਾਲੀ ਹੈ ਪਰ ਹੁਣ ਅਸੀਂ ਫੈਸਲਾ ਕੀਤਾ ਹੈ ਕਿ 16 ਬਲਾਕਸ ਵਿਚ ਇਹ ਕੰਮ ਟੇਕ ਅੱਪ ਕੀਤਾ ਜਾਏ ਅਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਜਲਦੀ ਤੋਂ ਜਲਦੀ ਢਾਈ ਸਾਲ ਦੇ ਅਰਸੇ ਵਿਚ ਹੀ ਸਾਰੀ ਸਟੇਟ ਵਿਚ ਹਰ ਬੰਦੇ ਦਾ ਮੈਡੀਕਲ ਟੈਸਟ ਹੋ ਜਾਏ ਤਾਕਿ ਉਸ ਨੂੰ ਪਤਾ ਲਗ ਸਕੇ ਕਿ ਉਸ ਨੂੰ ਕਿਹੜੀ ਬੀਮਾਰੀ ਹੋ ਸਕਦੀ ਹੈ। (ਥੰਪਿੰਗ)। ਹੁਣ ਪਿੰਡ ਦੇ ਬੰਦਿਆਂ ਨੂੰ ਜਦੋਂ ਉਹ ਬੀਮਾਰ ਹੁੰਦੇ ਹਨ ਤਾਂ ਪਤਾ ਨਹੀਂ ਲਗਦਾ ਅਤੇ ਉਹ ਲੋਕ ਉਦੋਂ ਹਸਪਤਾਲ ਪਹੁੰਚਦੇ ਹਨ ਜਦੋਂ ਕਿ ਉਹ ਇਥੋਂ ਜਾਣ ਵਾਲੇ ਹੁੰਦੇ ਹਨ। ਹੁਣ ਅਸੀਂ ਚਾਹੁੰਦੇ ਹਾਂ ਕਿ ਹਰ ਫੈਮਿਲੀ ਮੈਂਬਰ ਦਾ ਕਾਰਡ ਬਣੇ ਭਾਵੇਂ ਉਹ ਬੱਚਾ ਹੋਵੇ, ਬਜ਼ੁਰਗ ਹੋਵੇ, ਮਾਈ ਹੋਵੇ ਜਾਂ ਭੈਣ ਹੋਵੇ, ਹਰ ਇੱਕ ਨੂੰ ਉਹ ਕਾਰਡ ਮਿਲ ਸਕੇ। ਇਸ ਲਈ ਮੈਂ ਅਰਜ਼ ਕਰਾਂਗਾ ਕਿ ਅਸੀਂ ਚਾਹੁੰਦੇ ਹਾਂ ਕਿ ਹੈਲਥ ਦੇ ਪੁਆਇੰਟ ਆਫ ਵਿਊ ਨਾਲ ਲੋਕਾਂ ਦੀ ਪੂਰੀ ਦੇਖ ਭਾਲ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ਉਹ ਕੀਤੀ ਜਾਵੇ ਤਾ ਕਿ ਲੋਕ ਖਰਾਬ ਨਾ ਹੋਣ।

**ਸ੍ਰੀ ਸਪੀਕਰ:** ਸਾਡੇ ਕੋਲ 4 ਅਮੈਂਡਮੈਂਟਸ ਆਈਆਂ ਹਨ ਅਤੇ ਮੋਸ਼ਨ ਆਫ ਥੈਂਕਸ ਵੀ ਪਾਸ ਕਰਾਉਣੀ ਹੈ ਪਰ ਟਾਈਮ ਸਿਰਫ 10 ਮਿੰਟ ਰਹਿੰਦੇ ਹਨ।

**ਮੁੱਖ ਮੰਤਰੀ:** ਕਾਮਰੇਡ ਰਾਜ ਕੁਮਾਰ ਜੀ ਨੇ ਇਕ ਸਵਾਲ ਉਠਾਇਆ ਸੀ ਸਿਵਲ ਸਪਲਾਈਜ਼ ਨੂੰ ਸਟ੍ਰੀਮਲਾਈਨ ਕਰਨ ਵਾਸਤੇ। ਇਹ ਚੰਗਾ ਸਵਾਲ ਸੀ। ਮੈਂ ਦੱਸਣਾ ਚਾਹੰਦਾ ਹਾਂ ਕਿ ਅਸੀਂ ਕੁਝ ਕੋਆਪ੍ਰੇਟਿਵ ਸੋਸਾਇਟੀਆਂ ਇੰਟੈਗਰੇਟ ਕੀਤੀਆਂ ਹਨ। ਇਸੈਂਸ਼ੀਅਲ ਅਕਾਮੋਡਿਟੀਜ਼ ਦੀ ਸਹੀ ਡਿਸਟਰੀਬਿਊਸ਼ਨ ਵਾਸਤੇ ਪ੍ਰਬੰਧ ਕੀਤੇ ਜਾ ਰਹੇ ਹਨ। (ਵਿਘਨ) ਇਹ ਵੀ ਸ਼ਿਕਾਇਤਾਂ ਆਈਆਂ ਹਨ ਕਿ ਸੋਸਾਇਟੀਆਂ ਵਾਲੇ, ਜਿਸ ਪਿੰਡ ਵਿਚ ਸੋਸਾਇਟੀ ਹੁੰਦੀ ਹੈ ਉਸੇ ਪਿੰਡ ਵਿਚ ਹੀ ਉਹ ਚੀਜ਼ਾਂ ਤਕਸੀਮ ਕਰਦੇ ਹਨ। ਇਸ ਚੀਜ਼ ਨੂੰ ਅਸੀਂ ਦੂਰ ਕਰਾਂਗੇ ਅਤੇ ਕਰ ਰਹੇ ਹਾਂ। ਡਿਸਟਰੀਬਿਊਸ਼ਨ ਸਿਸਟਮ ਨੂੰ ਸਟ੍ਰੀਮ-ਲਾਈਨ ਕਰਨ ਵਾਸਤੇ ਮੈਂ ਇਹ ਹਦਾਇਤ ਕਰ ਦਿਤੀ ਹੈ ਕਿ ਜਿਸ ਥਾਂ ਤੇ ਵੀ ਕੋਈ ਸੁਸਾਇਟੀ ਹੈ ਉਥੋਂ ਦੀਆਂ ਪੁਲੀਟੀਕਲ ਪਾਰਟੀਆਂ ਦੇ ਬੰਦੇ ਜੇਕਰ ਉਹ ਆਪਣੀਆਂ ਪਾਰਟੀਆਂ ਦੇ ਬੰਦੇ ਦੇਣਗੀਆਂ ਤਾਂ ਉਨ੍ਹਾਂ ਦੀ ਇਕ ਕਮੇਟੀ ਬਣਾਈ ਜਾਵੇਗੀ ਤਾਂਕਿ ਉਹ ਉਸ ਦੀ ਵਰਕਿੰਗ ਨੂੰ ਲੁੱਕ ਆਫਟਰ ਵੀ ਕਰ ਸਕਣ। (ਥੰਪਿੰਗ) ਜਿੱਥੋਂ ਤੱਕ "ਪਨਸਪ" ਦਾ ਸਵਾਲ ਹੈ ਇਸ ਨੂੰ ਮੈਂ ਦੇਖ ਨਹੀਂ ਸਕਿਆ ਇਸ ਨੂੰ ਵੱਖ ਕਰਨਾ ਹੈ ਜਾਂ ਇਸ ਨੂੰ ਇਕੱਠਾ ਕਰਨਾ ਹੈ। ਪਰ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਇਸ ਨੂੰ ਅਸੀਂ ਪਿੰਡਾਂ ਵਿਚੋਂ ਵਿਦਡਰਾ ਕਰਾਉਣਾ ਚਾਹੁੰਦੇ ਹਾਂ ਤਾਂ ਕਿ ਪਿੰਡਾਂ ਦੇ ਲੋਕ ਕੋਆਪ੍ਰੇਟਿਵ ਸੋਸਾਇਟੀਆਂ ਤੋਂ ਚੀਜ਼ਾਂ ਲੈ ਸਕਣ। ਸਾਡੇ ਬਾਰੇ ਕਿਹਾ ਗਿਆ ਹੈ ਕਿ ਅਸੀਂ ਸੈਂਟਰੇਲਾਈਜ਼ੇਸ਼ਨ ਵਾਲੇ ਪਾਸੇ ਚੱਲ ਪਏ ਹਾਂ। ਕਾਮਰੇਡ ਰਾਜ ਕੁਮਾਰ ਜੀ ਨੇ

Original with;
Punjab Vidhan Sabha
Digitized by;
Panjab Digital Library

ਕਿਹਾ ਕਿ ਲੈਂਡ ਲੇਜਿਸਲੇਸ਼ਨ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਕਿਸੇ ਹੱਦ ਤੱਕ ਉਨ੍ਹਾਂ ਦੀ ਗੱਲ ਠੀਕ ਵੀ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਥੇ ਤਾਂ ਟਮਾਟਰ ਸਿੰਘ ਦੇ ਨਾਮ ਤੇ ਜ਼ਮੀਨ ਰਹੀ ਹੈ ਸਾਰੀ ਜ਼ਮੀਨ ਤਕਸੀਮ ਹੋ ਗਈ ਪਰ ਗਰੀਬਾਂ ਨੂੰ ਜ਼ਮੀਨ ਨਹੀਂ ਮਿਲੀ।

---

## EXTENSION OF TIME OF THE SITTING

**Mr. Speaker :** Is it the pleasure of the House that the time of the sitting of the House be extended by another 15 minutes ?

**(Voices : Yes, Yes)**

**Mr. Speaker :** The time of the sitting of the House is extended upto 2.45 P.M.

---

## DISCUSSION ON GOVERNOR'S ADDRESS (*Resumption*)

**ਮੁੱਖ ਮੰਤਰੀ :** ਸਪੀਕਰ ਸਾਹਿਬ, ਹੁਣ ਮੈਂ ਪੰਚਾਇਤਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਪਚਾ-ਇਤਾਂ ਦੀ ਇਲੈਕਸ਼ਨ ਹੋਈ ਨੂੰ ਬਹੁਤ ਸਮਾਂ ਹੋ ਗਿਆ ਹੈ। ਇਹ ਜਿਹੜੇ ਸਾਥੀ ਆਪੋਜ਼ੀਸ਼ਨ ਵਿਚ ਬੈਠੇ ਹਨ ਇਨ੍ਹਾਂ ਦੇ ਵੇਲੇ ਪੰਚਾਇਤਾਂ ਦੇ ਇਲੈਕਸ਼ਨ ਹੋਏ ਸਨ। (ਵਿਘਨ) ਸਪੀਕਰ ਸਾਹਿਬ, ਅਸੀਂ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ ਕਿ ਬੀ. ਡੀ. ਓ. ਸਰਪੰਚ ਨੂੰ ਕਲੀਅਰੈਂਸ ਸਰਟੀਫਿਕੇਟ ਕਿਉਂ ਨਹੀਂ ਦਿੰਦਾ ? ਜੇ ਬੀ. ਡੀ. ਓ. ਨਹੀਂ ਦੇਵੇਗਾ ਤਾਂ ਉਹ ਕਿਥੋਂ ਕਲੀਅਰੈਂਸ ਸਰਟੀਫਿਕੇਟ ਲਵੇ। ਹਾਈ ਕੋਰਟ ਨੇ ਸਾਡਾ ਕੇਸ ਰਿਜੈਕਟ ਕਰ ਦਿਤਾ ਪਰ ਅਸੀਂ ਉਸ ਤੇ ਕਿਉਂ ਨਹੀਂ ਕਰਦੇ। (ਵਿਘਨ) ਸਪੀਕਰ ਸਾਹਿਬ, ਇਹ ਜਿਹੜੇ ਸਾਡੇ ਸਾਹਮਣੇ ਬੈਂਚਾਂ ਤੇ ਬੈਠੇ ਦੋਸਤ ਹਨ ਇਨ੍ਹਾਂ ਨੇ ਪੰਚਾਇਤੀ ਸਿਸਟਮ ਦਾ ਇਤਨਾ ਸੱਤਿਆਨਾਸ ਕੀਤਾ ਜਿਤਨਾ ਕਿ ਕਿਸੇ ਹੋਰ ਨੇ ਨਹੀਂ ਕੀਤਾ। ਇਨ੍ਹਾਂ ਨੇ ਥਰੀ ਟਾਇਰ ਸਿਸਟਮ ਨੂੰ ਖਤਮ ਕੀਤਾ ਅਤੇ ਉਸ ਦੀ ਥਾਂ ਵਨ ਟਾਇਰ ਸਿਸਟਮ ਚਾਲੂ ਕੀਤਾ। ਇਸ ਤਰ੍ਹਾਂ ਕਰਕੇ ਇਨ੍ਹਾਂ ਨੇ ਡਿਸੈਂਟਰੇਲਾਈਜ਼ੇਸ਼ਨ ਆਫ ਪਾਵਰ ਦਾ ਸਤਿਆਨਾਸ ਕੀਤਾ। ਅਜਿਹੀਆਂ ਗੱਲਾਂ ਕਰਨ ਵਾਲੇ ਲੋਕ ਕਿਸ ਤਰ੍ਹਾਂ ਡੀਸੈਂਟਰੇਲਾਈਜ਼ੇਸ਼ਨ ਵਿਚ ਵਿਸ਼ਵਾਸ ਰੱਖ ਸਕਦੇ ਹਨ। ਅੱਜ ਇਹ ਕਹਿੰਦੇ ਹਨ ਕਿ ਕਾਂਗਰਸ ਨੇ ਇਹ ਨਹੀਂ ਕੀਤਾ, ਉਹ ਨਹੀਂ ਕੀਤਾ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦ ਇਨ੍ਹਾਂ ਦੀ ਇਥੇ ਸਰਕਾਰ ਸੀ ਤਾਂ ਇਨ੍ਹਾਂ ਨੇ ਥਰੀ ਟਾਇਰ ਸਿਸਟਮ ਨੂੰ ਕਿਉਂ ਤੋੜਿਆ ? ਉਹ ਇਸ ਕਰਕੇ ਤੋੜਿਆ ਕਿਉਂਕਿ ਇਨ੍ਹਾਂ ਨੂੰ ਕੋਈ ਲਾਭ ਨਹੀਂ ਸੀ। ਇਨ੍ਹਾਂ ਨੂੰ ਡਰ ਸੀ ਕਿ ਇਸ ਤਰ੍ਹਾਂ ਪੰਚਾਇਤ ਸੰਮਤੀਆਂ ਦੇ ਚੇਅਰਮੈਨ ਅਤੇ ਬਲਾਕ ਸੰਮਤੀਆਂ ਦੇ ਚੇਅਰਮੈਨ ਇਨ੍ਹਾਂ ਦੇ ਨਹੀਂ ਸੀ ਆ ਸਕਣੇ। ਇਸ ਕਰਕੇ ਇਨ੍ਹਾਂ ਨੇ ਇਸ ਤਰ੍ਹਾਂ ਕੀਤਾ। (ਵਿਘਨ) ਤੁਸੀਂ ਡੀਸੈਂਟਰੇਲਾਈਜੇਸ਼ਨ ਕਿਉਂ ਤੋੜੀ ? (ਵਿਘਨ) ਅਸੀਂ ਉਨ੍ਹਾਂ ਨੂੰ ਪਾਵਰ ਦਿਆਂਗੇ। (ਵਿਘਨ) ਸਪੀਕਰ ਸਾਹਿਬ, ਪੰਚਾਇਤੀ ਰਾਜ ਬਾਰੇ ਇਸ ਸੂਬੇ ਦੀ ਰਾਜਿੰਦਰ ਸਿੰਘ ਦੀ ਰਿਪੋਰਟ ਹੈ। ਮਹਾਂ-ਰਾਸ਼ਟਰ ਦੀ ਰਿਪੋਰਟ ਤੁਹਾਡੇ ਪਾਸ ਹੈ। ਉਹ ਫੂਲ ਪਰੂਫ ਰਿਪੋਰਟ ਹੈ। ਉਸ ਵਿਚ ਸਭ ਕੁਝ ਦੱਸਿਆ ਗਿਆ ਹੈ ਪਰ ਤੁਸੀਂ ਉਸ ਨੂੰ ਕਿਉਂ ਨਹੀਂ ਅਪਣਾਇਆ ? ਅਸੀਂ ਚਾਹੁਦੇ ਹਾਂ ਕਿ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਡਿਪਟੀ ਕਮਿਸ਼ਨਰ ਦੇ ਬਰਾਬਰ ਬੈਠੇ। ਜਿਹੜੀਆਂ ਗੱਲਾਂ ਇਨ੍ਹਾਂ ਦੇ ਆਖੇ ਲੱਗ ਕੇ ਅਫਸਰਾਂ ਨੇ ਨਹੀਂ ਕੀਤੀਆਂ ਉਹ ਹੁਣ ਉਨ੍ਹਾਂ ਨੂੰ ਕਰਨੀਆਂ ਪੈਣਗੀਆਂ ਨਹੀਂ ਤਾਂ ਉਨ੍ਹਾਂ ਦੀ ਛੁੱਟੀ ਹੋਵੇਗੀ। (ਥੰਪਿੰਗ) ਅਸੀਂ ਚਾਹੁੰਦੇ ਹਾਂ ਕਿ ਇਸ ਪਾਸੇ ਵੱਧ ਤੋਂ ਵੱਧ ਪੈਸਾ ਦਿਤਾ ਜਾਵੇ ਅਤੇ ਉਸ ਨੂੰ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀਆਂ ਆਪਣੇ ਲੈਵਲ ਤੇ ਆਪ ਖਰਚ ਕਰ ਸਕਣ। ਗਵਰਨਰ ਸਾਹਿਬ ਨੇ ਬੜੇ ਸੁਹਣੇ ਢੰਗ ਨਾਲ ਹਰ ਚੀਜ਼ ਪੇਸ਼ ਕੀਤੀ ਹੈ। ਭਾਵੇਂ ਉਹ 20 ਪੁਆਇੰਟ ਪ੍ਰੋਗਰਾਮ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹੈ ਜਾਂ ਕੋਈ ਹੋਰ ਹੈ, ਉਨ੍ਹਾਂ ਨੂੰ ਬੜੇ ਅੱਛੇ ਢੰਗ ਨਾਲ ਪੇਸ਼ ਕੀਤਾ ਹੈ। ਐਨਾ ਕੁਝ ਹੁੰਦੇ ਹੋਏ ਇਹ ਕਹਿਣਾ ਕਿ ਇਹ ਭਾਸ਼ਣ ਖੋਖਲਾ ਹੈ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਕੇ ਇਹ ਆਪਣਾ ਖੋਖਲਾਪਣ ਦੱਸਣ ਦੇ ਬਰਾਬਰ ਹੈ। (ਥੰਪਿੰਗ) ਇਸ ਕਿਸਮ ਦੀਆਂ ਇਨ੍ਹਾਂ ਦੀਆਂ ਦਲੀਲਾਂ ਠੀਕ ਨਹੀਂ। ਇਹ ਸਿਰਫ ਇਨ੍ਹਾਂ ਦਾ ਇਕ ਵਹਿਮ ਹੈ। ਕਿਉਂਕਿ ਉਹ ਕੋਈ ਦਲੀਲ ਪੇਸ਼ ਨਹੀਂ ਸੀ ਕਰ ਸਕਦੇ ਇਸ ਕਰਕੇ ਉਨ੍ਹਾਂ ਨੇ ਵਾਕ ਆਊਟ ਕੀਤਾ। ਠੀਕ ਹੈ ਉਨ੍ਹਾਂ ਨੂੰ ਵਾਕ ਆਊਟ ਕਰਨ ਦਾ ਹੱਕ ਹੈ ਪਰ ਉਹ ਹਾਊਸ ਵਿਚ ਇਸ ਤਰ੍ਹਾਂ ਨਾਹਰੇਬਾਜ਼ੀ ਨਹੀਂ ਕਰ ਸਕਦੇ ਜਿਸ ਤਰ੍ਹਾਂ ਉਨ੍ਹਾਂ ਨੇ ਕੀਤੀ ਸੀ। ਸਪੀਕਰ ਸਾਹਿਬ, ਐਨਾ ਕੁਝ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿਉਂਕਿ ਤੁਸੀਂ ਮੈਨੂੰ ਜਵਾਬ ਦੇਣ ਦਾ ਟਾਈਮ ਦਿੱਤਾ ਹੈ। ਜੇ ਮੈਂ ਸਾਰਿਆਂ ਦਾ ਜਵਾਬ ਦੇਣਾ ਚਾਹਾਂ ਤਾਂ ਘੰਟਾ ਅੱਧਾ ਘੰਟਾ ਹੋਰ ਲੱਗ ਜਾਵੇਗਾ। ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਪਾਸ ਕੀਤਾ ਜਾਵੇ। ਮੈਂ ਆਪਦਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਵਕਤ ਦਿੱਤਾ ਹੈ ਕਿ ਮੈਂ ਸਾਰੇ ਹਾਲਾਤ ਆਪ ਦੇ ਸਾਹਮਣੇ ਰੱਖ ਸਕਾਂ। (ਥੰਪਿੰਗ)

**ਸਰਦਾਰ ਬਲਵੰਤ ਸਿੰਘ** : ਪਾਇੰਟ ਆਫ ਕਲੈਰੀਫਿਕੇਸ਼ਨ, ਸਰ। ਸਪੀਕਰ ਸਾਹਿਬ, ਮੈਂ ਕਲੈਰੀਫਿਕੇਸ਼ਨ ਲੈਣ ਲਈ ਖੜ੍ਹਾ ਹੋਇਆ ਹਾਂ। ਮੈਨੂੰ ਬੜੀ ਖੁਸ਼ੀ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਆਪਣੀ ਗੌਰਮਿੰਟ ਦੀਆਂ ਆਰਥਿਕ ਨੀਤੀਆ ਅਤੇ ਐਡਮਨਿਸਟਰੇਟਿਵ ਨੀਤੀਆਂ ਦਾ ਖੁਲਾਸਾ ਹਾਊਸ ਦੇ ਸਾਹਮਣੇ ਰੱਖਿਆ ਹੈ। ਨੀਤੀਆਂ ਅੱਛੀਆਂ ਹਨ ਪਰ ਉਨ੍ਹਾਂ ਉਤੇ ਅਸਲ ਐਕਸ਼ਨ ਜੋ ਹੋਣਾ ਹੈ ਉਹ 11 ਤਾਰੀਖ ਦੇ ਬੱਜਟ ਤੋਂ ਪਤਾ ਲੱਗੇਗਾ। ਮੈਂ ਸੀ. ਐਮ. ਸਾਹਿਬ ਤੋਂ ਕਲੈਰੀਫਿਕੇਸ਼ਨ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਪਾਣੀ ਦੇ ਮਸਲੇ ਬਾਰੇ ਬੜੀ ਚੰਗੀ ਗੱਲ ਕੀਤੀ ਹੈ। ਇਹ ਗੱਲ ਪੰਜਾਬ ਦੇ ਹਿੱਤ ਵਿਚ ਹੈ ਅਤੇ ਬੜੀ ਸਿਆਣੀ ਗੱਲ ਹੈ। ਅਸੀਂ ਇਸ ਦੇ ਹਾਮੀ ਹਾਂ। ਅਸੀਂ ਇਸ ਦੇ ਹੱਕ ਵਿਚ ਹਾਂ ਕਿ ਸੂਬੇ ਦੇ ਹੱਕ ਦੀ ਗੱਲ ਹੋਣੀ ਚਾਹੀਦੀ ਹੈ। ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ 1976 ਵਿਚ ਜਿਹੜਾ ਰਾਵੀ ਬਿਆਸ ਦੇ ਵਾਟਰ ਦਾ ਐਵਾਰਡ ਪ੍ਰਾਈਮ ਮਨਿਸਟਰ ਨੇ ਦਿੱਤਾ ਸੀ, ਉਹ ਉਨ੍ਹਾਂ ਨੇ ਪੜ੍ਹਿਆ ਹੋਣਾ ਹੈ। ਮੈਂ ਉਸ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਪੰਜਾਬ ਦੇ ਹਿੱਤ ਵਿਚ ਹੈ ਜਾਂ ਨਹੀਂ ? ਇਸ ਬਾਰੇ ਚੀਫ ਮਨਿਸਟਰ ਸਾਹਿਬ ਕਲੈਰੀਫਿਕੇਸ਼ਨ ਦੇਣ।

**ਮਾਸਟਰ ਬਾਬੂ ਸਿੰਘ** : ਪੁਆਇੰਟ ਆਫ ਕਲੈਰੀਫਿਕੇਸ਼ਨ, ਸਰ। ਸਪੀਕਰ ਸਾਹਿਬ......।

**ਸ਼੍ਰੀ ਸਪੀਕਰ** : ਮਾਸਟਰ ਜੀ, ਮੈਂ ਤੁਹਾਡਾ ਪੁਆਇੰਟ ਆਫ ਕਲੈਰੀਫਿਕੇਸ਼ਨ ਓਵਰ ਰੂਲ ਕਰਦਾ ਹਾ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਸ ਪੁਆਇੰਟ ਬਾਰੇ ਤੁਸੀਂ ਅਲਾਓ ਕੀਤਾ ਹੈ ਮੈਂ ਉਸ ਦਾ ਹੀ ਜਵਾਬ ਦੇ ਰਿਹਾ ਹਾਂ। ਇਸ ਪਾਣੀ ਦੇ ਝਗੜੇ ਬਾਰੇ ਮੈਂ ਐਨੀ ਅਰਜ਼ ਕਰ ਸਕਦਾ ਹਾਂ ਕਿ ਅਜੇ ਤੱਕ ਇਸ ਬਾਰੇ ਮੈਂ ਪੂਰੀਆਂ ਫਿੱਗਰਜ਼ ਜਾਂ ਇਸ ਦੀ ਬੈਕ ਗਰਾਉਂਡ ਗ੍ਰਿਹਣ ਨਹੀਂ ਕਰ ਸਕਿਆ। ਲੇਕਿਨ ਮੈਂ ਫਿਰ ਵੀ ਅਰਜ਼ ਕਰਦਾ ਹਾਂ ਕਿ ਇਸ ਸਵਾਲ ਬਾਰੇ ਬੱਜਟ ਸੈਸ਼ਨ ਦੇ ਦੌਰਾਨ ਕਿਸੇ ਵੇਲੇ ਗੱਲ ਆਵੇਗੀ ਤਾਂ ਮੈਂ ਇਸ ਦੀ ਕਲੈਰੀਫਿਕੇਸ਼ਨ ਹੋਰ ਜ਼ਿਆਦਾ ਕਰ ਦਿਆਂਗਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਤੋਂ ਦੋ ਪੁਆਇੰਟਸ ਤੇ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਨੇ ਐਗਰੀਕਲਚਰ ਦੇ ਸਿਲਸਿਲੇ ਵਿਚ ਕਿਹਾ ਹੈ ਕਿ ਜੋ ਖਾਦ ਦੇ ਭਾਅ ਵੱਧਣ ਨਾਲ ਜਾਂ

Original with;
Punjab Vidhan Sabha
Digitized by;
Panjab Digital Library

ਡੀਜ਼ਲ ਦੇ ਭਾਅ ਵਧਣ ਨਾਲ ਪੰਜਾਬ ਦੇ ਕਿਸਾਨ ਨੂੰ ਸੱਟ ਵੱਜੀ ਹੈ ਉਸ ਦੇ ਲਈ ਉਹ ਯਤਨ ਕਰ ਰਹੇ ਹਨ ਕਿ ਪ੍ਰੋਡਿਊਸ ਦਾ ਭਾਅ ਵਧਾ ਕੇ ਕਿਸਾਨ ਦਾ ਘਾਟਾ ਪੂਰਾ ਕੀਤਾ ਜਾਵੇ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਸੈਂਟਰ ਦੀ ਸਰਕਾਰ ਕਿਸਾਨਾਂ ਦਾ ਘਾਟਾ ਪੂਰਾ ਨਾ ਕਰੇ ਤਾਂ ਕੀ ਪੰਜਾਬ ਸਰਕਾਰ ਆਪਣੇ ਖਜ਼ਾਨੇ ਵਿਚੋਂ ਪੰਜਾਬ ਦੇ ਕਿਸਾਨਾਂ ਨੂੰ ਕੰਪਨਸੇਟ ਕਰੇਗੀ ?

ਦੂਸਰਾ ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਰਾਵੀ ਬਿਆਸ ਦੇ ਪਾਣੀ ਦਾ ਝਗੜਾ ਜਿਹੜਾ ਹੋਇਆ ਹੈ ਉਦੋਂ ਇਨ੍ਹਾਂ ਦੀ ਪਾਰਟੀ ਦੀ ਸੈਂਟਰ ਦੇ ਵਿਚ ਸਰਕਾਰ ਸੀ ਜਿਸ ਨੇ ਫੈਸਲਾ ਕਰ ਦਿੱਤਾ ਸੀ। ਇਹ ਸਾਨੂੰ ਕਹਿੰਦੇ ਹਨ ਕਿ ਤੁਸੀਂ ਕੁਝ ਨਹੀਂ ਕੀਤਾ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਉਸ ਕੇਸ ਨੂੰ ਰੀ ਓਪਨ ਕਰਵਾਇਆ ਹੈ। ਮੈਂ ਇਨ੍ਹਾਂ ਤੋਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਕੇਸ ਅਸੀਂ ਰੀ ਓਪਨ ਕਰਵਾਇਆ ਹੈ ਕੀ ਇਹ ਉਸ ਦੇ ਲਈ ਫਾਈਟ ਕਰਨਗੇ ਅਤੇ ਜੇ ਇਸ ਦੇ ਵਾਸਤੇ ਸੈਂਟਰ ਦੀ ਸਰਕਾਰ ਨਾ ਮੰਨੀ ਤਾਂ ਉਸ ਦੇ ਵਾਸਤੇ ਇਹ ਕੀ ਕਰਨਗੇ ? ਇਸ ਦੇ ਮਤੱਲਕ ਦੱਸ ਦੇਣ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਪਤਾ ਹੈ ਕਿ ਜਦੋਂ ਰਾਵੀ ਬਿਆਸ ਦੇ ਪਾਣੀ ਦੇ ਫੈਸਲੇ ਲਈ ਆਰਬਿਟਰੇਸ਼ਨ ਹੋਈ ਤਾਂ ਸ੍ਰੀ ਜਗਜੀਵਨ ਰਾਮ, ਜਿਹੜੇ ਅਕਾਲੀ ਜਨਤਾ ਪਾਰਟੀ ਵਿਚ ਰਹੇ ਅਤੇ ਤਿੰਨ ਸਾਲ ਇਨ੍ਹਾਂ ਦੇ ਸਾਥੀ ਰਹੇ, ਆਰਬਿਟਰੇਟਰ ਰਹੇ, ਉਸ ਵੇਲੇ ਸਰਦਾਰ ਗੁਰਦਿਆਲ ਸਿੰਘ ਮੰਤਰੀ ਸਨ ਜੋ ਪਹਿਲੀ ਮੀਟਿੰਗ ਵਿਚ ਸ਼ਾਮਲ ਹੋਏ ਸੀ ਔਰ ਉਨ੍ਹਾਂ ਨੇ ਉਸ ਦੇ ਖਿਲਾਫ ਪ੍ਰੋਟੈਸਟ ਕੀਤਾ। ਜਦੋਂ ਪੰਜਾਬ ਦੀ ਗੌਰਮਿੰਟ, ਗਿਆਨੀ ਜ਼ੈਲ ਸਿੰਘ ਜੀ ਦੀ ਗੌਰਮਿੰਟ ਇਥੇ ਆਈ ਤਾਂ ਉਨ੍ਹਾਂ ਨੇ ਪਾਣੀ ਦੀ ਵੰਡ ਬਾਰੇ ਲਿਖ ਕੇ ਦਿਤਾ ਔਰ ਇਸ ਦੀ ਵਿਰੋਧਤਾ ਕੀਤੀ ਪਰ ਅਕਾਲੀ ਪਾਰਟੀ ਔਰ ਜਨਤਾ ਪਾਰਟੀ ਜਿਹੜੀ ਜਗਜੀਵਨ ਰਾਮ ਨਾਲ ਰਲੀ ਹੋਈ ਸੀ ਉਸ ਨੇ ਉਸ ਦਾ ਕੋਈ ਜਵਾਬ ਨਹੀਂ ਦਿੱਤਾ ? (ਵਿਘਨ)

**ਮੁੱਖ ਮੰਤਰੀ** : ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਨੇ 2 ਸਵਾਲ ਇਥੇ ਉਠਾਏ ਹਨ। ਇਕ ਤਾਂ ਇਨ੍ਹਾਂ ਨੇ ਇਹ ਕਿਹਾ ਹੈ ਕਿ ਉਨ੍ਹਾਂ ਨੇ ਕੋਈ ਰਾਵੀ ਬਿਆਸ ਦੇ ਕੇਸ ਨੂੰ ਰੀ-ਓਪਨ ਕੀਤਾ ਹੈ। ਕੋਈ ਬਸਤਾ ਬਝਿਆ ਹੋਇਆ ਖੁਲ੍ਹਵਾਇਆ ਹੈ। ਮੈਨੂੰ ਨਹੀਂ ਪਤਾ ਕਿ ਗਿਆਨੀ ਜ਼ੈਲ ਸਿੰਘ ਨੇ ਰੀ-ਓਪਨ ਕੀਤਾ ਹੈ ਜਾਂ ਇਨ੍ਹਾਂ ਨੇ ਕੀਤਾ ਹੈ ਇਹ ਮੈਂ ਪਤਾ ਕਰਵਾ ਲਵਾਂਗਾ। (ਵਿਘਨ) ਮੈਂ ਅਰਜ਼ ਕਰਾਂਗਾ ਕਿ ਰਾਵੀ ਬਿਆਸ ਵਾਟਰ ਦੇ ਬਾਰੇ ਜੋ ਕੁਝ ਫੈਸਲਾ ਹੋਇਆ ਹੈ ਉਹ ਤੁਸੀਂ ਮੰਨਿਆ ਹੈ ਜਾਂ ਨਹੀਂ, ਮੈਨੂੰ ਨਹੀਂ ਪਤਾ, ਅਸੀਂ ਵੀ ਉਥੇ ਖੜੇ ਹਾਂ। ਅਸੀਂ ਕੋਈ ਪਿੱਛੇ ਹਟਣ ਵਾਲੇ ਨਹੀਂ, ਪਾਣੀ ਦੇ ਫੈਸਲੇ ਬਾਰੇ ਅਸੀਂ ਟੇਕ ਅੱਪ ਕਰਾਂਗੇ

**Voices** : We agree.

**ਮੁੱਖ ਮੰਤਰੀ** : ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਠੀਕ ਹੈ ਸਾਡੀ ਸਰਕਾਰ ਵੀ ਸੀ ਪਰ ਇਨ੍ਹਾਂ ਦੀ (ਵਿਰੋਧੀ ਪਾਰਟੀ ਵੱਲ ਇਸ਼ਾਰਾ) ਸਰਕਾਰ ਵੀ ਤਾਂ ਇਥੇ ਰਹੀ ਹੈ ਔਰ ਸੈਂਟਰ ਦੇ ਵਿਚ ਵੀ ਇਨ੍ਹਾਂ ਦੀ ਸਰਕਾਰ ਸੀ, ਇਨ੍ਹਾਂ ਨੇ ਕੀ ਕੀਤਾ ਹੈ ?

**ਵਿਰੋਧੀ ਪਾਰਟੀ ਵਲੋਂ ਕੁਝ ਆਵਾਜ਼ਾਂ** : ਅਸੀਂ ਕੇਸ ਰੀ-ਓਪਨ ਕਰਵਾਇਆ ਹੈ।

**ਮੁੱਖ ਮੰਤਰੀ** : ਇਨ੍ਹਾਂ ਨੇ ਕੀ ਲੜਾਈ ਕੀਤੀ ਹੈ ? (ਵਿਘਨ) ਤੁਸੀਂ ਤਾਂ ਪਾਣੀ ਵੀ ਨਹੀਂ ਵਹਾਇਆ, ਖੂਨ ਕਿਥੇ ਵਹਾਇਆ ਹੈ ? (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਐਗਰੀਕਲਚਰ ਪ੍ਰੋਡਿਊਸ ਦੀ ਪ੍ਰਾਈਸਿਜ਼ ਦੇ ਬਾਰੇ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ। ਜੋ ਗਲ ਸਾਡੀ ਸਰਕਾਰ ਕਹਿੰਦੀ ਹੈ, ਉਹ ਕਰੇਗੀ। ਇਥੇ ਕਈ ਕਿਸਮ ਦੀਆਂ ਇਮਾਜਿਨੇਸ਼ਨਲ ਗੱਲਾਂ ਕੀਤੀਆਂ ਗਈਆਂ ਹਨ, ਮੈਂ ਕਲੈਰੀਫਾਈ ਕਰਨਾ ਚਾਹੁੰਦਾ ਹਾਂ ਕਿ ਸਾਡੀ ਵੱਧ ਤੋਂ ਵੱਧ ਕੋਸ਼ਿਸ਼ ਹੈ ਕਿ ਸਾਨੂੰ ਐਗਰੀਕਲਚਰਲ ਪ੍ਰੋਡਿਊਸ ਦੀ ਪ੍ਰਾਈਸ ਜੋ ਹੈ ਉਹ ਵਾਜਿਬ ਮਿਲੇ। ਮੇਰਾ ਖਿਆਲ ਹੈ ਕਿ ਇਸ ਬਾਰੇ ਕੋਈ ਇੰਟਰਨੈਸ਼ਨਲ ਫਾਰਮੂਲਾ ਹੈ ਉਸ ਦੇ ਮੁਤਾਬਿਕ ਦੇਖਣਾ ਹੁੰਦਾ ਹੈ ਕਿ ਕਿੰਨੀ ਪ੍ਰਾਈਸ ਹੋਣੀ ਚਾਹੀਦੀ ਹੈ। (ਇਕ ਅਵਾਜ਼: ਨਹੀਂ ਜੀ, ਕੋਈ ਇੰਟਰਨੈਸ਼ਨਲ ਫਾਰਮੂਲਾ ਨਹੀਂ ਹੈ।)

ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਪਤਾ ਨਹੀਂ ਹੈ। ਇਸ ਵੇਲੇ ਮੇਰੇ ਪਾਸ ਉਹ ਕਾਗਜ਼ ਨਹੀਂ ਹੈ ਨਹੀਂ ਤਾਂ ਮੈਂ ਇਨ੍ਹਾਂ ਨੂੰ ਦੱਸਦਾ। (ਵਿਘਨ) ਇਹ ਦੇਖਣਾ ਹੁੰਦਾ ਹੈ ਕਿ ਇਸ ਦੇ ਵਿਚ ਕਿੰਨਾ ਖਰਚ ਆਉਂਦਾ ਹੈ, ਲੇਬਰ ਦਾ ਕਿੰਨਾ ਖਰਚਾ ਆਉਂਦਾ ਹੈ, ਕਿਸਾਨ ਦੀ ਦੌਆ ਦੁਆਈ ਦਾ ਕਿੰਨਾ ਖਰਚਾ ਆਉਂਦਾ ਹੈ। ਉਹ ਫਾਰਮੂਲਾ ਡਿਫਰੈਂਟ ਹੈ ਪਰ ਜੋ ਅਸੀਂ ਆਪ ਖਰਚਾ ਕੱਢਦੇ ਹਾਂ ਉਹ ਡਿਫਰੈਂਟ ਹੈ। ਉਸ ਦੇ ਮੁਤਾਬਿਕ ਸਾਡੀ ਕੋਸ਼ਿਸ਼ ਹੈ ਕਿ ਅਸੀਂ ਕਿਸਾਨ ਦੇ ਵਾਸਤੇ ਵੱਧ ਤੋਂ ਵੱਧ ਕੀਮਤ ਲੈ ਸਕੀਏ। ਸੋ ਇਸ ਕਰਕੇ ਅਸੀਂ ਸੈਂਟਰ ਦੀ ਸਰਕਾਰ ਨੂੰ ਲਿਖਿਆ ਹੈ ਕਿ ਸਾਨੂੰ 100 ਰੁਪਿਆ ਮਨਜ਼ੂਰ ਨਹੀਂ ਹੈ। ਅਸੀਂ ਦੇਸ਼ ਵਾਸਤੇ ਅੱਧੇ ਤੋਂ ਜ਼ਿਆਦਾ ਅਨਾਜ ਪੈਦਾ ਕਰਕੇ ਦਿੰਦੇ ਹਾਂ। ਹਰਿਆਣਾ ਵੀ ਅਨਾਜ ਪੈਦਾ ਕਰਦਾ ਹੈ ਪਰ ਅਸੀਂ ਉਨ੍ਹਾਂ ਤੋਂ ਜ਼ਿਆਦਾ ਕਰਦੇ ਹਾਂ। ਅਸੀਂ ਇਥੇ ਝੋਨਾ ਵੀ ਪੈਦਾ ਕਰਦੇ ਹਾਂ ਪਰ ਅਸੀਂ ਆਪ ਨਹੀਂ ਵਰਤਦੇ, ਇਹ ਅਸੀਂ ਬਾਹਰਲੇ ਸੂਬਿਆਂ ਨੂੰ ਦਿੰਦੇ ਹਾਂ। ਇਸ ਕਰਕੇ ਅਸੀਂ ਕਿਹਾ ਹੈ ਕਿ ਇਸ ਦੀ ਕੀਮਤ ਵਧਾਓ ਅਤੇ ਇਹ ਇੰਨੀ ਵਧਾਈ ਜਾਵੇ ਜਿਸ ਦੇ ਨਾਲ ਪੰਜਾਬ ਦਾ ਕਿਸਾਨ ਸਮਝੇ ਕਿ ਉਸ ਦੀ ਤਸੱਲੀ ਹੋ ਗਈ ਹੈ। ਪਰ ਸਪੀਕਰ ਸਾਹਿਬ, ਬਾਦਲ ਸਾਹਿਬ ਦਾ ਸਵਾਲ ਇਹ ਹੈ ਕਿ ਜੇ ਸੈਂਟਰ ਦੀ ਸਰਕਾਰ ਕੁਝ ਨਾ ਕਰ ਸਕੇ ਤਾਂ ਤੁਸੀਂ ਕੀ ਕਰੋਗੇ। ਉਸ ਦੇ ਬਾਰੇ ਮੈਂ, ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਇਹ ਸਾਡੇ ਕੋਲ 52 ਕਰੋੜ ਰੁਪਏ ਦਾ ਡੈਫੀਸਿਟ ਛੱਡ ਗਏ ਹਨ, ਮੈਂ ਉਸਦੀ ਬਾਬਤ ਇਸ ਵੇਲੇ ਕੁਝ ਨਹੀਂ ਕਹਿਣਾ ਚਾਹੁੰਦਾ ਉਹ ਅਸੀਂ ਬਜਟ ਵੇਲੇ ਦਸਾਂਗੇ ਜਿਹੜਾ ਕਿ ਅਸੀਂ ਉਹ ਵੀ ਪੂਰਾ ਕਰਨਾ ਹੈ। (ਵਿਘਨ)

---

## EXTENSION OF TIME OF THE SITTING

**ਸ੍ਰੀ ਸਪੀਕਰ**: ਅਗਰ ਹਾਊਸ ਇਜਾਜ਼ਤ ਦਿੰਦਾ ਹੈ ਤਾਂ ਹਾਊਸ ਦਾ ਟਾਈਮ 15 ਮਿੰਟ ਵਾਸਤੇ ਹੋਰ ਐਕਸਟੈਂਡ ਕਰ ਦੇਈਏ ? (ਵਿਘਨ)

**Voices from Treasury Benches** : No, No

**Voices from Opposition Benches** : Yes, yes.

(ਇਸ ਵਕਤ ਵਿਰੋਧੀ ਬੈਂਚਾਂ ਵਲੋਂ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬੋਲਣ ਲਈ ਖੜ੍ਹੇ ਸਨ)।

**ਸ੍ਰੀ ਸਪੀਕਰ**: ਹਾਊਸ ਦੇ ਸਾਹਮਣੇ 4 ਅਮੈਂਡਮੈਂਟਾਂ ਹਨ ਅਤੇ ਇਹ ਮਤਾ ਪਾਸ ਕਰਨਾ ਹੈ, ਇਸ ਕਰਕੇ ਮੈਂ ਹੋਰ ਕਿਸੇ ਨੂੰ ਹੁਣ ਅਲਾਓ ਨਹੀਂ ਕਰ ਸਕਦਾ। (ਵਿਘਨ) (ਸ਼ੋਰ) ਕਿਉਂਕਿ ਜੇ ਹਾਊਸ ਦਾ ਟਾਈਮ ਐਕਸਟੈਂਡ ਨਾ ਕਰੀਏ ਤਾਂ ਇਸ ਵਿਚ ਰਿਸਕ ਲੈਣ ਵਾਲੀ ਗਲ ਹੈ, ਇਸ ਲਈ ਵਿਦ ਦੀ ਪਲੀਅਰ ਆਫ ਦੀ ਹਾਊਸ 15 ਮਿੰਟ ਹਾਊਸ ਦਾ ਟਾਈਮ ਐਕਸਟੈਂਡ ਕਰ ਦਿੰਦੇ ਹਾਂ। Is it the pleasure of the House.

(**ਆਵਾਜ਼ਾਂ**: ਕਰ ਦਿਓ ਜੀ, ਕਰ ਦਿਓ ਜੀ। Yes, yes)

Original with;
Punjab Vidhan Sabha
Digitized by;
Panjab Digital Library

**Mr. Speaker : The time of the sitting of the House is extended by 15 minutes.**

---

## DISCUSSION ON GOVERNOR'S ADDRESS (*Resumption*)

(ਇਸ ਵਕਤ ਵਿਰੋਧੀ ਬੈਂਚਾਂ ਵਲੋਂ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬੋਲਣ ਲਈ ਖੜ੍ਹੇ ਸਨ ।

**Mr. Speakr :** I have allowed the Leader of the Opposition to get clarification. Now I will not allow any more clarification. Before putting the motion to the vote of the House, I will first put the notices of amendments to the Motion of Thanks one by one which have been received from various members. The first notice of amendment is from Sardar Dalip Singh Pandhi. I will put it to the vote of the House.

**Mr. Speaker :** Question is—

That in the motion, the following be added at the end, namely:

"but regret that no mention has been made in the Address about the prevailing poverty in the State, rape of minor girls, highly increasing un-employmen, extention of Primary Education, deteriorating law and order situation, lathi charge and firing by the police on labourer, unrest amongst the labourers and the students, corruption at its peak, shortage of buses and the women are compelled to sit on the roofs of the buses, high prices and shortage of electricity, water, diesel, black oil, Kerosene and sugar, shortage of coal, embezzlemen s in Cooperative Societies, atrocities by the police on the poor, murder of married women and abducation and murders".

(Interruption by Sardar Dalip Singh Pandhi)

*The motion was lost.*

**Mr. Speaker :** The next noticeof amendment is from Sardar Sukhjinder Singh Khaira. M.L.A. I will put it to the vote of the House.

**Mr. Speaker :** Question is—

That in the motion, the following be added at the end, namely :—

"but regret that no mention has been made in the Address—

(1) to provide relief to the farmers of the State from the enhanced price of fertilizer, diesel etc. ;

(2) to compensate the farmers for the low procurement price of the wheat paid by the Government of India during the last Rabi Season ;

(3) about the payment of remunerative price of the next paddy crop ;

(4) to ensure uninterrupted supply of electricity to the farming community and also to the Industry of the State ;

(5) to secure Chandigarh and Punjabi Speaking areas for Punjab ; and

(6) to undo the unjust and arbitrary decision of Government of India over the sharing of Ravi-Beas Waters."

*The motion was lost.*

**Mr. Speaker :** The third notice of amendment is from Comrade Baldev Singh Loomba, M.L.A., I will put it to the vote of the House.

**Mr. Speaker :** Question is—

That in the motion, the following be added at the end, namely :—

"but regret that no mention has been made in the Address about the unemployment, price rise, prices of fertilizer and diesel, land reforms,

Original with;
Punjab Vidhan Sabha
Digitized by;
Panjab Digital Library

[Mr. Speaker]

introduction of minimum wages for farm labourers, rapes of women, assault on women by dowry seekers, deteriorating law and order situation, lathi charge and firing by the police on labourers, shortage of essential commodities, unrest amongst the students, nationalisation of the State Transport, etc."

*The motion was lost.*

**Mr. Speaker** : The fourth notice of amendment is from Jathedar Jiwan Singh Umranangal, M.L.A.

**Mr. Speaker** : Question is—

That in the motion, the following be added at the end, namely :—

"but regret that in the Address Punjab has been called only the land of Rishi Munis but no mention has been made of Guru Sahibs and Sufi Faqirs."

*The motion was lost.*

**Chief Minister** : I would like to make a submission, Sir, that this is an omission which has occurred here. I would like that there should be an addition of word "Gurus".

**Mr. Speaker** : Question is—

That an Address be presented to the Governor in the following terms :—

"that the Members of this House assembled in this Session are deeply grateful to the Governor for the Address which he has been pleased to deliver to the House on the 2nd July, 1980."

*The motion was carried.*

**Sardar Surjit Singh Barnala** : This has been slightly amended (*Interruption*).

**Mr. Speaker** : The House stands adjourned till 9.00 A.M. on Wednesday, the 9th July, 1980.

2,44 P,M. | (*The Sabha then *adjourned till* 9.00 *A.M. on Wednesday, the 9th July,* 1980.)

.43229/P.V.S. | Govt Press, Chd

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1981

Published under the authority of the Punjab Vidhan Sabha and printed by the Controller, Government Press, (U.T.), Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

9th July, 1980

Vol. I–No. 8

## OFFICIAL REPORT

CONTENTS

*Wednesday, the 9th July*, 1980


| | | Page |
|---|---|---|
| Starred Questions and Answers | .. | (8) 1 |
| Written Answers to Starred Questions laid on the Table of the House under Rule 38 | .. | (8) 20 |
| Unstarred Question and Answer | .. | (8) 25 |
| Points of order reg. Motion under Rule 77 | .. | (8) 26 |
| Paper Laid on the Table of the House | .. | (8) 27 |
| Second Report of the Business Advisory Committee | .. | (8) 27 |
| Official Resolution under Section 65 (3) of the Electricity (Supply) Act, 1948 | .. | (8) 29 |
| **Legislative Business—** | | |
| **Bill—** | | |
| The Punjab Contingency Fund (Amendment)—, 1980 | .. | (8) 58 |
| Appendix | .. | (i) |



Punjab Vidhan Sabha Secretariat, Chandigarh.

**Price: Rs** 20-50



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Wednesday, the 9th July, 1980**

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*

## STARRED QUESTIONS AND ANSWERS

**ਬਟਾਲਾ ਅਤੇ ਨਾਭਾ ਵਿਖੇ ਗਰਾਮ ਸੇਵਕ ਅਤੇ ਗਰਾਮ ਸੇਵਕਾਵਾਂ ਜਿਨ੍ਹਾਂ ਨੂੰ ਸਿਖਲਾਈ ਦਿਤੀ ਗਈ।**

*49. **ਸਰਦਾਰ ਆਤਮਾ ਸਿੰਘ** : ਕੀ ਵਿਕਾਸ ਮੰਤਰੀ ਕਿਰਪਾ ਕਰਕੇ ਦਸਣਗੇ ਕਿ :-

(ੳ) ਉਨ੍ਹਾਂ ਗਰਾਮ ਸੇਵਕਾਂ ਅਤੇ ਗਰਾਮ ਸੇਵਕਾਵਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਨੂੰ ਸਾਲ 1979 ਦੇ ਦੌਰਾਨ ਬਟਾਲਾ ਅਤੇ ਨਾਭਾ ਵਿਖੇ ਸਿਖਲਾਈ ਦਿਤੀ ਗਈ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਅਕਤੀਆਂ ਵਿਚੋਂ ਕਿੰਨਿਆਂ ਨੇ ਇਮਤਿਹਾਨ ਪਾਸ ਕੀਤੇ ਅਤੇ ਉਨ੍ਹਾਂ ਵਿਚੋਂ ਕਿੰਨਿਆਂ ਨੂੰ ਹੁਣ ਤੱਕ ਰੋਜ਼ਗਾਰ ਦਿਤਾ ਗਿਆ ਹੈ;

(ੲ) ਬਾਕੀ ਬਚਦੇ ਸਿਖਲਾਈ ਪਰਾਪਤ ਵਿਅਕਤੀਆਂ ਨੂੰ ਗਰਾਮ ਸੇਵਕ/ਗਰਾਮ ਸੇਵਕਾਵਾਂ ਦੇ ਤੌਰ ਤੇ ਕਦੋਂ ਤਕ ਲਗਾਏ ਜਾਣ ਦੀ ਸੰਭਾਵਨਾ ਹੈ;

(ਸ) ਰਾਜ ਵਿੱਚ ਇਸ ਸਮੇਂ ਗਰਾਮ ਸੇਵਕ ਅਤੇ ਗਰਾਮ ਸੇਵਕਾਵਾਂ ਦੀਆਂ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ?

**ਸਰਦਾਰ ਸੰਤੋਖ ਸਿੰਘ ਰੰਧਾਵਾ** :

| | |
|---|---|
| (ੳ) ਗਰਾਮ ਸੇਵਕ | 187 |
| ਗਰਾਮ ਸੇਵਕਾਵਾਂ | 80 |
| (ਅ) (I) ਗਰਾਮ ਸੇਵਕ | 150 |
| ਗਰਾਮ ਸੇਵਕਾਵਾਂ | 80 |

(II) ਕੋਈ ਨਹੀਂ।

(ੲ) ਜਿਸ ਸਮੇਂ ਸਤੰਬਰ, 1977 ਵਿਚ ਸਿਖਿਆਰਥੀਆਂ ਨੂੰ ਚੁਣਿਆ ਜਾਣਾ ਸੀ ਤਾਂ ਪਹਿਲਾ ਫੈਸਲਾ ਮੁੱਖ ਮੰਤਰੀ ਪੱਧਰ ਤੇ ਇਹ ਹੋਇਆ ਕਿ ਭਰਤੀ ਅਧੀਨ ਸੇਵਾਵਾਂ ਚੋਣ ਬੋਰਡ, ਰਾਹੀਂ ਕੀਤੀ ਜਾਵੇ। ਇਸ ਦੇ ਕੁਝ ਦਿਨਾਂ ਬਾਅਦ ਮੁੜ ਇਹ ਫੈਸਲਾ ਹੋਇਆ ਕਿ ਕੇਵਲ ਸਿਖਲਾਈ ਲਈ ਚੋਣ ਕਰ ਲਈ ਜਾਵੇ ਪਰ ਉਸ ਉਪਰੰਤ ਭਰਤੀ ਕੇਵਲ ਅਧੀਨ ਸੇਵਾਵਾਂ ਚੋਣ ਬੋਰਡ ਰਾਹੀਂ ਹੋਵੇਗੀ। ਇਸ ਫੈਸਲੇ ਨੂੰ ਮੁੱਖ ਰਖਦਿਆਂ ਹੋਇਆਂ ਸਿਖਿਆਰਥੀਆਂ ਨੂੰ ਸੂਚਿਤ ਕਰ ਦਿਤਾ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਗਿਆ ਸੀ ਕਿ ਸਰਕਾਰ ਇਨ੍ਹਾਂ ਨੂੰ ਨੌਕਰੀ ਦੇਣ ਦੀ ਕਿਸੇ ਤਰ੍ਹਾਂ ਵਚਨਬੱਧ ਨਹੀਂ ਹੋਵੇਗੀ। ਜਦ ਤਕ ਇਹ ਸਤੰਬਰ, 1977 ਦਾ ਫ਼ੈਸਲਾ ਕਾਇਮ ਹੈ ਇਨ੍ਹਾਂ ਸਿਖਿਆਰਥੀਆਂ ਨੂੰ ਸਿਧੇ ਭਰਤੀ ਕਰਨ ਦਾ ਸਵਾਲ ਨਹੀਂ ਉਠਦਾ। ਐਪਰ ਇਹ ਮਾਮਲਾ ਵਿਚਾਰ ਅਧੀਨ ਹੈ।

| | |
|---|---|
| (ਸ) ਗਰਾਮ ਸੇਵਕ | 214 |
| ਗਰਾਮ ਸੇਵਕਾਵਾਂ | 72 |

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਫਰਮਾਇਆ ਹੈ ਕਿ ਇਨ੍ਹਾਂ ਦੀ ਭਰਤੀ ਸਰਵਿਸ ਸਿਲੈਕਸ਼ਨ ਬੋਰਡ ਰਾਹੀਂ ਕੀਤੀ ਜਾਵੇਗੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਤਨੇ ਸਮੇਂ ਅੰਦਰ ਐਸ. ਐਸ. ਐਸ. ਬੋਰਡ ਬਣ ਜਾਵੇਗਾ ਅਤੇ ਕਿਤਨੇ ਸਮੇਂ ਵਿਚ ਇਨ੍ਹਾਂ ਦੀ ਭਰਤੀ ਕੀਤੀ ਜਾਵੇਗੀ ?

**ਮੰਤਰੀ** : ਮੈਂ ਬੜਾ ਸਪਸ਼ਟ ਦਸਿਆ ਹੈ ਕਿ ਇਹ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 286 ਪੋਸਟਾਂ ਖਾਲੀ ਹਨ ਅਤੇ 230 ਗਰਾਮ ਸੇਵਕ/ਗਰਾਮ ਸੇਵਕਾਵਾਂ ਟਰੇਂਡ ਅਵੇਲੇਬਲ ਹਨ ਅਤੇ ਉਹ ਵੇਹਲੇ ਫਿਰਦੇ ਹਨ। ਇਸ ਗੱਲ ਦੇ ਪੇਸ਼ੇਨਜ਼ਰ ਕਿ ਪੰਜਾਬ ਦੇ ਪਿੰਡਾਂ ਦੇ ਵਿਕਾਸ ਦੇ ਕੰਮ ਨੂੰ ਤੇਜ਼ੀ ਨਾਲ ਕੀਤਾ ਜਾਵੇ, ਬਜਾਏ ਐਸ. ਐਸ. ਐਸ. ਬੋਰਡ ਰਾਹੀਂ ਸਿਲੈਕਸ਼ਨ ਕਰਨ ਦੇ,ਕੀ ਕੈਬਨਿਟ ਲੈਵਲ ਤੇ ਇਸ ਲੋੜ ਨੂੰ ਮੁੱਖ ਰਖਦੇ ਹੋਏ ਇਨ੍ਹਾਂ ਨੂੰ ਐਡਜਸਟ ਕਰਨ ਦਾ ਪ੍ਰਬੰਧ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਅਗਰ ਐਸ. ਐਸ. ਐਸ. ਬੋਰਡ ਹੋਵੇ, ਪਹਿਲਾਂ ਇਸ ਦੀ ਸਿਲੈਕਸ਼ਨ ਕਰਦਾ ਸੀ ਅਤੇ ਸਿਲੈਕਸ਼ਨ ਤੋਂ ਬਾਅਦ ਫਿਰ ਟਰੇਨਿੰਗ ਵਾਸਤੇ ਇਨ੍ਹਾਂ ਨੂੰ ਟਰੇਨਿੰਗ ਸੈਂਟਰਜ਼ ਵਿਚ ਭੇਜਿਆ ਜਾਂਦਾ ਸੀ। ਲੇਕਿਨ ਬਦਕਿਸਮਤੀ ਨਾਲ ਉਸ ਵੇਲੇ ਦੀ ਸਰਕਾਰ ਨੇ ਦੋ ਫੈਸਲੇ, ਇਹ ਮੇਰੇ ਸਾਹਮਣੇ ਪਏ ਹਨ, ਕੁਝ ਦਿਨ੍ਹਾਂ ਦੀ ਵਿੱਥ ਨਾਲ ਕੀਤੇ। ਇਹ ਉਸ ਵੇਲੇ ਦੇ ਮੁੱਖ ਮੰਤਰੀ ਜੀ ਨੇ ਕੀਤੇ। ਪਹਿਲਾਂ ਇਹ ਫੈਸਲਾ ਸੀ ਕਿ ਐਸ. ਐਸ. ਐਸ. ਬੋਰਡ ਰਾਹੀਂ ਸਿਲੈਕਸ਼ਨ ਕੀਤੀ ਜਾਵੇ ਅਤੇ ਫਿਰ ਉਨ੍ਹਾਂ ਨੂੰ ਟਰੇਨਿੰਗ ਵਾਸਤੇ ਭੇਜਿਆ ਜਾਵੇ। ਉਸ ਤੋਂ ਬਾਅਦ ਫੈਸਲਾ ਕਰ ਲਿਆ ਗਿਆ ਕਿ ਇਨ੍ਹਾਂ ਨੂੰ ਪਹਿਲਾਂ ਟਰੇਨਿੰਗ ਦਿਵਾਈ ਜਾਵੇ ਅਤੇ ਉਸਦੇ ਬਾਅਦ ਫਿਰ ਐਸ. ਐਸ. ਐਸ. ਬੋਰਡ ਇਨ੍ਹਾਂ ਦੀ ਸਿਲੈਕਸ਼ਨ ਕਰੇ। ਇਸਦੇ ਬਾਅਦ ਜਿਹੜਾ ਉਨ੍ਹਾਂ ਟਰੇਨੀਜ਼ ਨੂੰ ਲੈਟਰ ਭੇਜਿਆ ਗਿਆ ਉਸ ਦੇ ਵਿਚ ਇਨ੍ਹਾਂ ਨੇ ਬੜਾ ਕਲੀਅਰ ਕਰ ਦਿੱਤਾ ਹੈ :-

> "ਟਰੇਨਿੰਗ ਤੇ ਆਇਆ ਖਰਚ ਤੇ ਹੋਰ ਸਾਰੇ ਖਰਚੇ ਆਪ ਤੋਂ ਵਸੂਲੇ ਜਾਣਗੇ। ਐਪਰ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਆਪ ਨੂੰ ਨੌਕਰੀ ਦੇਣ ਲਈ ਕਿਸੇ ਤਰ੍ਹਾਂ ਵੱਚਨ ਬੱਧ ਨਹੀਂ ਹੋਵੇਗੀ"।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਗਰਾਮ ਸੇਵਕਾਂ/ਸੇਵਕਾਵਾਂ ਨੂੰ ਟਰੇਨਿੰਗ ਦਿੱਤੀ ਸੀ ਇਕ ਸਾਲ ਵਾਸਤੇ ਇਸਦਾ ਪ੍ਰਤੀ ਟਰੇਨੀ 75 ਰੁਪਏ ਮਹੀਨਾ ਖਰਚ ਆਇਆ ਤੇ ਇਹ ਸਾਰਾ ਸਰਕਾਰੀ ਖਜ਼ਾਨੇ ਵਿਚੋਂ ਖਰਚ ਹੋਇਆ। ਇਹ ਸਾਰਾ ਖਰਚ ਕਰਨ ਤੋਂ ਬਾਅਦ ਪਿਛਲੀ ਗੌਰਮਿੰਟ ਨੇ ਇੱਕ ਫੈਸਲਾ ਕਰ ਦਿੱਤਾ। ਗੌਰਮਿੰਟ ਤਾਂ ਇਨ ਕੰਟੀਨਿਊਟੀ ਹੁੰਦੀ ਹੈ। ਇਹ ਵੀ ਗੌਰਮਿੰਟ ਹੈ। ਇਸ ਗਲ ਦੇ ਪੇਸ਼ੇਨਜ਼ਰ ਕਿ ਇਸ ਸਕੀਮ ਤੇ ਗੌਰਮਿੰਟ ਦਾ ਕਾਫੀ ਖਰਚ ਹੋਇਆ ਹੈ ਅਤੇ ਪਿਛਲੀ ਗੌਰਮਿੰਟ

Original with;
Punjab Vidhan Sabha
Digitized by;
Panjab Digital Library

ਦਾ ਡਿਸੀਜ਼ਨ ਵੀ ਐਗਜ਼ਿਸਟ ਕਰਦਾ ਹੈ, ਬਹੁਤ ਸਾਰੀਆਂ ਪੋਸਟਾਂ ਖਾਲੀ ਵੀ ਪਈਆਂ ਹਨ ਅਤੇ ਕੰਮ ਵੀ ਸਫਰ ਕਰ ਰਿਹਾ ਹੈ, ਇਸ ਲਈ ਜਿਹੜੀ ਪ੍ਰਪੋਜ਼ਲ ਸਰਦਾਰ ਆਤਮਾ ਸਿੰਘ ਹੋਰਾਂ ਨੇ ਦਿਤੀ ਹੈ, ਕੀ ਮੰਤਰੀ ਜੀ ਇਸ ਉਤੇ ਵਿਚਾਰ ਕਰਨ ਨੂੰ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਅਰਜ਼ ਕਰ ਦਿਤੀ ਹੈ ਕਿ ਗੌਰਮਿੰਟ ਇਸ ਤੇ ਵਿਚਾਰ ਕਰ ਰਹੀ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਜੋ ਲਿਖਤੀ ਜਵਾਬ ਦਿੱਤਾ ਹੈ ਉਸ ਅਨੁਸਾਰ 4 ਲੱਖ ਰੁਪਿਆ ਸਰਕਾਰ ਦਾ ਖਰਚ ਹੋ ਗਿਆ ਹੈ । ਪੋਸਟਾਂ 214 ਅਤੇ 72 ਖਾਲੀ ਪਈਆਂ ਹਨ। ਦੂਜੇ ਕੰਮ ਦਾ ਨੁਕਸਾਨ ਹੋ ਰਿਹਾ ਹੈ। ਤੀਜੇ ਜੋ ਗੌਰਮਿੰਟ ਨੇ ਟਰੇਨਿੰਗ ਦਿਵਾਈ ਸੀ, ਉਹ ਵੀ ਕੋਈ ਇਲਲੀਗਲ ਨਹੀਂ ਸੀ, ਲੀਗਲ ਸੀ। ਪੋਸਟਾਂ ਖਾਲੀ ਪਈਆਂ ਹਨ, ਕੀ ਵਜ਼ੀਰ ਸਾਹਿਬ ਭਰੋਸਾ ਦਿਵਾਉਣਗੇ ਕਿ ਇਕ ਮਹੀਨੇ ਦੇ ਅੰਦਰ ਅੰਦਰ ਇਹ ਪੋਸਟਾਂ ਭਰ ਲਈਆਂ ਜਾਣਗੀਆਂ ਅਤੇ ਇਸ ਤਰ੍ਹਾਂ ਬੇਰੁਜ਼ਗਾਰੀ ਦਾ ਮਸਲਾ ਵੀ ਕੁਝ ਹਲ ਕੀਤਾ ਜਾਵੇਗਾ ?

**ਮੰਤਰੀ** : ਮੈਂ ਪਹਿਲਾਂ ਵੀ ਦਸਿਆ ਹੈ ਅਤੇ ਫਿਰ ਦੁਬਾਰਾ ਦੱਸ ਦਿੰਦਾ ਹਾਂ ਕਿ ਬਹੁਤ ਹਮਦਰਦੀ ਨਾਲ ਸਰਕਾਰ ਇਸ ਤੇ ਗੌਰ ਕਰੇਗੀ ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਟਰੇਨਿੰਗ ਦਿੱਤੀ ਗਈ ਸੀ, ਇਹ ਇੱਕ ਪਾਰਟੀ ਦੇ ਵਰਕਰਾਂ ਨੂੰ ਦਿੱਤੀ ਗਈ ਸੀ ਅਤੇ ਇਸ ਨੀਅਤ ਨਾਲ ਦਿੱਤੀ ਗਈ ਸੀ ਕਿ ਉਹ ਪਿੰਡਾਂ ਵਿਚ ਜਾ ਕੇ ਉਨ੍ਹਾਂ ਦਾ ਪ੍ਰਪੇਗੰਡਾ ਕਰਨਗੇ। ਕੀ ਵਜ਼ੀਰ ਸਾਹਿਬ ਪੁਰਾਣੇ ਸਿਸਟਮ, ਜਿਸ ਅਨੁਸਾਰ ਪਹਿਲਾਂ ਸਿਲੈਕਸ਼ਨ ਹੁੰਦੀ ਸੀ ਅਤੇ ਫਿਰ ਟਰੇਨਿੰਗ ਦਿੱਤੀ ਜਾਂਦੀ ਸੀ, ਹੁਣ ਦੇ ਸਿਸਟਮ ਨੂੰ ਸਕਰੈਪ ਕਰਕੇ, ਪੁਰਾਣੇ ਸਿਸਟਮ ਨੂੰ ਚਾਲੂ ਕਰਨਗੇ ?

**ਮੰਤਰੀ** : ਇਹ ਸੁਝਾਓ ਬੜਾ ਅੱਛਾ ਹੈ। ਇਸ ਤੇ ਵੀ ਵਿਚਾਰ ਕਰ ਲਿਆ ਜਾਵੇਗਾ।

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ਸਪੀਕਰ ਸਾਹਿਬ, ਮੈਂ ਸਬੰਧਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਐਸ. ਐਸ. ਐਸ. ਬੋਰਡ ਨੇ ਜੋ ਭਰਤੀ ਕੀਤੀ ਸੀ, ਉਨ੍ਹਾਂ ਵਿੱਚ ਕੁਨਬਾਪ੍ਰਵਰੀ, ਪੈਸਾ ਲੈ ਕੇ ਭਰਤੀ ਕਰਨ ਦੇ ਦੋਸ਼ ਲੱਗੇ ਸਨ, ਅਖਬਾਰਾਂ ਵਿਚ ਵੀ ਇਹ ਆਇਆ ਸੀ। ਕੀ ਮੰਤਰੀ ਜੀ ਇਸ ਚੀਜ਼ ਦੀ ਪੜਤਾਲ ਕਰਾਉਣਗੇ ?

**ਸ੍ਰੀ ਸਪੀਕਰ** : ਇਹ ਇਸ ਕੁਐਸਚਨ ਨਾਲ ਰੈਲੇਵੈਂਟ ਨਹੀਂ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਇਸ ਚੀਜ਼ ਨੂੰ ਮੁੱਖ ਰਖਦੇ ਹੋਏ ਕਿ ਉਹ ਆਦਮੀ ਟਰੇਂਡ ਹਨ ਅਤੇ ਇਮਤਹਾਨ ਵੀ ਉਨ੍ਹਾਂ ਨੇ ਪਾਸ ਕਰ ਲਏ ਹਨ, ਭਾਵੇਂ ਸਿਲੈਕਸ਼ਨ ਐਸ. ਐਸ. ਐਸ. ਬੋਰਡ ਰਾਹੀਂ ਹੋਵੇ ਜਾਂ ਡਿਪਾਰਟਮੈਂਟਲ ਸਿਲੈਕਸ਼ਨ ਕਮੇਟੀ ਰਾਹੀਂ ਹੋਵੇ, ਕੀ ਉਨ੍ਹਾਂ ਨੂੰ ਤਰਜੀਹ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, 1977 ਵਿਚ ਐਸ. ਐਸ. ਐਸ. ਬੋਰਡ ਨੂੰ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਇਕ ਲੈਟਰ ਲਿਖਿਆ ਸੀ ਕਿ ਸਾਡੇ ਕੋਲ ਕੁਝ ਆਸਾਮੀਆਂ ਗਰਾਮ ਸੇਵਕਾਂ/ਸੇਵਕਾਵਾਂ ਦੀਆਂ ਖਾਲੀ ਹਨ ਇਸ ਵਾਸਤੇ ਤੁਸੀਂ ਟਰੇਨੀਜ਼ ਨੂੰ ਬੁਲਾਕੇ ਸਿਲੈਕਸ਼ਨ ਕਰੋ । ਉਸ ਵੇਲੇ ਤਕਰੀਬਨ 750 ਐਪਲੀਕੇਸ਼ਨਾਂ ਐਸ. ਐਸ. ਐਸ. ਬੋਰਡ ਨੂੰ ਆਈਆਂ। ਲੇਕਿਨ ਉਸ ਸਰਕਾਰ ਦੇ ਟੁੱਟਣ ਤੋਂ ਬਾਅਦ ਨਵੀਂ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਸਰਕਾਰ ਆਈ। ਉਨ੍ਹਾਂ ਨੇ ਉਹ 750 ਐਪਲੀਕੇਸ਼ਨਾਂ ਤਾਂ ਉਥੇ ਹੀ ਪਈਆਂ ਰਹਿਣ ਦਿਤੀਆਂ, ਇਕ ਹੋਰ ਵਿਭਾਗੀ ਸਬ-ਕਮੇਟੀ ਮਹਿਕਮੇ ਦੀ ਬਣਾ ਲਈ ਐਰ ਉਸ ਨੂੰ ਇਹ ਦਸਿਆ ਗਿਆ ਕਿ ਇਹ ਸਿਲੈਕਸ਼ਨ ਸਿਰਫ ਟਰੇਨਿੰਗ ਵਾਸਤੇ ਕੀਤੀ ਜਾਵੇ, ਨੌਕਰੀ ਵਾਸਤੇ ਨਾਂ ਕੀਤੀ ਜਾਵੇ ਕਿਉਂਕਿ ਐਸ. ਐਸ. ਐਸ. ਬੋਰਡ ਕਾਇਮ ਸੀ। ਮੈਂ ਬੇਨਤੀ ਕਰਦਾ ਹਾਂ ਕਿ ਹੁਣ ਅਸੀਂ ਚੀਫ ਸੈਕਟਰੀ ਨੂੰ ਲਿਖਿਆ ਹੈ ਕਿ ਜਿਹੜੀਆਂ 750 ਐਪਲੀਕੇਸ਼ਨਾਂ ਪੁਰਾਣੀਆਂ ਪਈਆਂ ਹਨ, ਉਹ ਵੀ ਜ਼ੇਰੇ-ਗੌਰ ਲਿਆਂਦੀਆਂ ਜਾਣ ਅਤੇ ਇਨ੍ਹਾਂ ਸਾਰੀਆਂ ਨੂੰ ਇਕੱਠਿਆਂ ਕਰਕੇ ਫਿਰ ਸਿਲੈਕਸ਼ਨ ਕਰ ਲਈ ਜਾਵੇ। (ਤਾੜੀਆਂ)

**ਮਾਸਟਰ ਬਾਬੂ ਸਿੰਘ** : ਕੀ ਮੰਤਰੀ ਜੀ ਇਹ ਦੱਸਣਗੇ ਕਿ ਜੋ ਕੋਈ ਡਿਸਕ੍ਰੀਪੈਂਸੀ ਪਹਿਲੀ ਸਰਕਾਰ ਤੋਂ ਰਹਿ ਗਈ ਹੈ ਜਾਂ ਅਣਗਹਿਲੀ ਦੇ ਨਾਲ ਉਨ੍ਹਾਂ ਨੇ ਐਸ. ਐਸ. ਐਸ. ਬੋਰਡ ਰਾਹੀਂ ਨਹੀਂ ਸਿਲੈਕਸ਼ਨ ਕਰਵਾਈ ਤਾਂ ਕੀ ਉਹ ਹੁਣ ਕੈਬਨਿਟ ਵਿੱਚ ਇਹ ਲੈ ਜਾਣਗੇ ਅਤੇ ਇਸ ਦਾ ਛੇਤੀ ਫੈਸਲਾ ਕਰਾਉਣਗੇ ਤਾਂ ਕਿ ਬੱਚਿਆਂ ਦਾ ਨੁਕਸਾਨ ਨਾਂ ਹੋਵੇ। ਭਾਵੇਂ ਇਹ ਐਸ. ਐਸ. ਐਸ. ਬੋਰਡ ਰਾਹੀਂ ਚੋਣ ਕੀਤੀ ਜਵੇ ਜਾਂ ਡਿਪਾਰਟਮੈਂਟਲ ਸਿਲੈਕਸ਼ਨ ਕਮੇਟੀ ਰਾਹੀਂ ਕੀਤੀ ਜਾਵੇ, ਕੀ ਉਨ੍ਹਾਂ ਨੂੰ ਛੇਤੀ ਐਡਜਸਟ ਕਰਨਗੇ ?

**ਸ੍ਰੀ ਸਪੀਕਰ** : ਇਸ ਦਾ ਜਵਾਬ ਆ ਚੁਕਾ ਹੈ। Next question by Master Babu Singh.

---

**ਲੋਕ ਸਭਾ ਚੋਣਾਂ ਵਿਚ ਲਗੇ ਸਿਖਿਆ ਵਿਭਾਗ ਦੇ ਕਰਮਚਾਰੀ**

*22. **ਮਾਸਟਰ ਬਾਬੂ ਸਿੰਘ**: ਕੀ ਖੇਤੀ ਬਾੜੀ ਅਤੇ ਵਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਜਨਵਰੀ, 1980 ਵਿਚ ਹੋਈਆਂ ਲੋਕ ਸਭਾ ਚੋਣਾਂ ਦਾ ਪ੍ਰਬੰਧ ਕਰਨ ਲਈ ਪੰਜਾਬ ਸਿਖਿਆ ਵਿਭਾਗ ਦੇ ਕੁਲ ਕਿੰਨੇ ਕਰਮਚਾਰੀ ਲਗੇ ਹੋਏ ਸਨ ;

(ਅ) ਉਪਰੋਕਤ ਭਾਗ (ੳ) ਵਿਚ ਦਸੇ ਗਏ ਕਰਮਚਾਰੀਆਂ ਨੇ ਰੋਜ਼ਾਨਾ ਭੱਤੇ/ਯਾਤਰਾ ਭੱਤੇ ਦੀ ਕੁੱਲ ਕਿੰਨੀ ਰਕਮ ਕਲੇਮ ਕੀਤੀ ; ਅਤੇ

(ੲ) ਉਪਰੋਕਤ ਭਾਗ (ੳ) ਵਿਚ ਦਸੇ ਗਏ ਕਰਮਚਾਰੀਆਂ ਨੇ ਅਸਲ ਵਿਚ ਰੋਜ਼ਾਨਾ ਭਤੇ। ਯਾਤਰਾ ਭੱਤੇ ਦੀ ਕਿੰਨੀ ਰਕਮ ਪ੍ਰਾਪਤ ਕੀਤੀ ?

**ਚੋਧਰੀ ਕਾਂਸ਼ੀ ਰਾਮ** : ਸੂਚਨਾ ਨਿਮਨ ਅਨੁਸਾਰ ਹੈ ਜੀ :

(ੳ) 30,775 ਕਰਮਚਾਰੀ ।

(ਅ) 7,93,968.70

(ੲ) 5,07,431.35

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਬਾਕੀ ਦੀ ਰਹਿੰਦੀ ਰਕਮ 7,93,968 ਹੈ ਇਹ ਉਨ੍ਹਾਂ ਅਫਸਰਾਂ ਨੂੰ ਜਾਂ ਆਫੀਸ਼ੀਅਲਜ਼ ਨੂੰ ਕਿਉਂ ਨਹੀਂ ਦਿਤੀ ਗਈ, ਇਸ ਦੇ ਕੀ ਕਾਰਣ ਹਨ ? ਉਨ੍ਹਾਂ ਨੂੰ ਸਿਰਫ 5,07,431 ਰੁਪਏ ਮਿਲੇ ਹਨ।

**ਮੰਤਰੀ** : ਸਪੀਕਰ ਸਾਹਿਬ, ਇਸ ਵਿਚ ਦੋ ਵਜੂਹਾਤ ਹੋ ਸਕਦੀਆਂ ਹਨ। ਇਕ ਤਾਂ ਇਹ ਕਿ ਕੁਝ ਤਾਂ ਅਫੀਸਰਜ਼ ਨੇ ਔਰ ਆਫੀਸ਼ਿਅਲਜ਼ ਨੇ [illegible]

Original with;
Punjab Vidhan Sabha
Digitized by;
Panjab Digital Library

ਕੁਝ ਇਸ ਕਰਕੇ ਵੀ ਡਿਲੇ ਹੋ ਗਈ ਹੋਣੀ ਹੈ ਕਿ ਸਾਲ ਦੇ ਆਖੀਰ ਵਿਚ ਇਲੈਕਸ਼ਨਾਂ ਸਨ। ਤੀਸਰਾ ਇਹ ਕਿ ਸ਼ਾਇਦ ਉਸ ਫੰਡ ਵਿਚ ਜਿਹੜਾ ਦੇਣਾ ਸੀ, ਕੁਝ ਕਮੀ ਹੀ ਹੋ ਗਈ ਹੋਵੇ। ਹੁਣ ਸਰਕਾਰ ਨੇ ਪ੍ਰੋਵੀਜ਼ਨ ਕਰ ਦਿਤੀ ਹੈ ਔਰ ਉਨ੍ਹਾਂ ਨੂੰ ਪੈਸੇ ਜਲਦੀ ਦੇ ਦਿਤੇ ਜਾਣਗੇ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਜਲਦੀ ਪ੍ਰੋਵੀਜ਼ਨ ਪੇਮੈਂਟ ਲਈ ਕਰ ਦਿਤੀ ਜਾਵੇਗੀ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਅਗੇ ਤੋਂ ਇਸ ਤਰ੍ਹਾਂ ਦਾ ਪ੍ਰਬੰਧ ਕਰਨਗੇ ਕਿ ਇਲੈਕਸ਼ਨਾਂ ਤੋਂ ਕੋਈ ਇਕ ਮਹੀਨੇ ਦੇ ਅੰਦਰ ਅੰਦਰ ਹੀ ਸਾਰੀਆਂ ਪੇਮੈਂਟਸ ਹੋ ਜਾਇਆ ਕਰਨ ?

**ਮੰਤਰੀ :** ਅਗੇ ਤੋਂ ਇਹ ਗੱਲ ਫਾਇਨਾਂਸ ਡਿਪਾਰਟਮੈਂਟ ਨਾਲ ਵਿਚਾਰ ਲਈ ਜਾਵੇਗੀ।

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਇਹ ਪੇਮੈਂਟ ਪਹਿਲਾਂ ਹੀ ਕਾਫੀ ਡਿਲੇ ਹੋ ਗਈ ਹੈ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ ਇਹ ਪੇਮੈਂਟਾਂ ਪੰਦਰਾਂ ਦਿਨਾਂ ਦੇ ਅੰਦਰ ਅੰਦਰ ਕਰ ਦਿਤੀਆਂ ਜਾਣਗੀਆਂ ?

**ਮੰਤਰੀ :** ਸਰਦਾਰ ਜੀ, ਸਰਕਾਰ ਨੂੰ ਖੁਦ ਹੀ ਫਿਕਰ ਹੈ। ਮੈਂ ਇਹ ਗੱਲ ਕਹੀ ਹੈ ਕਿ ਪੇਮੈਂਟਸ ਜਲਦੀ ਕਰਵਾ ਦੇਵਾਂਗੇ।

**ਸ਼੍ਰੀ ਸਪੀਕਰ :** ਮੈਂ ਮਨਿਸਟਰ ਮਹੋਦਯ ਨੂੰ ਕਹਾਂਗਾ ਕਿ ਉਹ ਚੇਅਰ ਨੂੰ ਐਡਰੈਸ ਕਰਨ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਬੜੇ ਸਿਆਣੇ ਹਨ ਜਦੋਂ ਇਧਰ ਸਨ ਤਾਂ ਹਥ ਪਲਾ ਬਹੁਤ ਮਾਰਦੇ ਸਨ (ਹਾਸਾ) ਸਪੀਕਰ ਸਾਹਿਬ, ਸੰਨ 1980 ਦੀਆਂ ਚੋਣਾਂ ਦੀ ਕਾਫੀ ਅਦਾਇਗੀ ਕਰਨ ਵਾਲੀ ਰਹਿੰਦੀ ਹੈ ਔਰ ਹੁਣ ਅਸੰਬਲੀ ਦੀਆਂ ਚੋਣਾਂ ਹੋਈਆਂ ਹਨ। ਪਹਿਲੀਆਂ ਇਲੈਕਸ਼ਨਾਂ ਦੀ ਵੀ ਬਹੁਤ ਸਾਰੀ ਅਦਾਇਗੀ ਨਹੀਂ ਹੋਈ ਔਰ ਹੁਣ ਵਾਲੀਆਂ ਦੀ ਵੀ ਰਹਿਦੀ ਹੈ। ਮੈਂ ਸਮਝਦਾ ਹਾਂ ਕਿ ਕੁਝ ਮੁਲਾਜ਼ਮਾਂ ਦੀ ਵੀ ਗਲਤੀ ਹੋ ਸਕਦੀ ਹੈ। ਉਨ੍ਹਾਂ ਨੇ ਕਲੇਮ ਲੇਟ ਦਿਤੇ ਹੋਣਗੇ ਔਰ ਕੁਝ ਸਰਕਾਰ ਦੀ ਗਲਤੀ ਹੈ। ਇਸ ਲਈ ਜਿਹੜੇ ਮੁਲਾਜ਼ਮਾਂ ਨੇ ਇਲੈਕਸ਼ਨਾਂ ਵਿਚ ਕੰਮ ਕੀਤਾ ਹੈ, ਉਨ੍ਹਾਂ ਨੂੰ ਛੇਤੀ ਪੇਮੈਂਟ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਮੁਲਾਜ਼ਮਾਂ ਨੂੰ ਸਰਕਾਰ ਇਹ ਵੀ ਕਿਹਾ ਕਰੇ ਕਿ ਉਹ ਇਲੈਕਸ਼ਨਾਂ ਵਿਚ ਹੇਰਾ ਫੇਰੀ ਨਾ ਕਰਿਆ ਕਰਨ, ਇਮਾਨਦਾਰੀ ਨਾਲ ਕੰਮ ਕਰਿਆ ਕਰਨ ਔਰ ਨਿਰਪੱਖ ਰਿਹਾ ਕਰਨ, ਕਿਉਂਕਿ ਮੈਨੂੰ ਪਤਾ ਹੈ ਕਿ ਇਲੈਕਸ਼ਨਾਂ ਵਿਚ ਬਹੁਤ ਕੁਝ ਹੋਇਆ ਹੈ। ਇਸ ਲਈ ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਹ ਯਕੀਨ ਦਿਵਾਉਣਗੇ ਕਿ ਉਨ੍ਹਾਂ ਮੁਲਾਜ਼ਮਾਂ ਨੂੰ, ਜਿਨ੍ਹਾਂ ਨੇ ਇਲੈਕਸ਼ਨਾਂ ਵਿਚ ਕੰਮ ਕੀਤਾ ਹੈ, ਛੇਤੀ ਪੇਮੈਂਟ ਜਾਵੇਗੀ ?

**ਮੰਤਰੀ :** ਸਪੀਕਰ ਸਾਹਿਬ, ਇਹ ਇਕ ਬੜਾ ਪੁਰਾਣਾ ਫਿਨਾਮਿਨਾ ਹੈ, ਜੋ ਮੁਲਾਜ਼ਮਾਂ ਬਾਰੇ ਪਾਂਧੀ ਸਾਹਿਬ ਨੇ ਦਸਿਆ ਹੈ। ਬਾਕੀ ਰਹੀ ਪੇਮੈਂਟ ਦੀ ਗੱਲ, ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਹ ਫਿਕਰ ਨਾ ਕਰਨ। ਸਰਕਾਰ ਦੀ ਜਦੋਂ ਤਕ ਉਹ ਪੇਮੈਂਟ ਨਹੀਂ ਕਰਦੀ, ਜਾਨ ਨਹੀਂ ਛੁਟੇਗੀ। ਅਸੀਂ ਜਲਦੀ ਹੀ ਪੇਮੈਂਟ ਕਰ ਦਿਆਂਗੇ। ਉਨ੍ਹਾਂ ਦਾ ਸਾਨੂੰ ਫਿਕਰ ਹੈ।

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਦੇਰ ਤਾਂ ਹੋ ਸਕਦੀ ਹੈ ਪਰ ਅੰਧੇਰ ਨਹੀਂ ਹੋ ਸਕਦਾ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪੇਮੈਂਟ ਵਿਚ ਡਿਲੇ ਹੋਈ ਹੈ, ਕੀ ਸਰਕਾਰ ਉਨ੍ਹਾਂ ਮੁਲਾਜ਼ਮਾਂ ਨੂੰ ਇੰਟਰੈਸਟ ਦੇ ਨਾਲ ਇਹ ਪੇਮੈਂਟ ਕਰਨ ਨੂੰ ਤਿਆਰ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਰਦਾਰ ਬਾਬੂ ਸਿੰਘ ਜੀ 'ਜੱਟ ਮਹਾਸ਼ਾ, ਬਾਹਮਣ ਸ਼ਾਹ, ਵਾਲੀਆਂ ਗਲਾਂ ਕਰੀ ਜਾਂਦੇ ਹਨ। ਅਸੀਂ ਜੋ ਪਾਸੀਬਲ ਹੋ ਸਕੇਗਾ, ਕਰਾਂਗੇ।

---

**Opening of a Children Hospital at Bhatinda**

***41. Seth Khushhal Chand:** Will the Minister for Health and Family Welfare be pleased to state whether any decision was taken by the former Ministry headed by Sardar Parkash Singh Badal,to open a Children Hospital at Bhatinda, if so, the progress made in this behalf so far and the amount allocated for this purpose in the budget for the current financial year?

**Shri Sardari Lal Kapur:** Yes, Sir. It was opened in the existing building of Civil Hospital, Bhatinda, till the new building was constructed. A sum of Rs. 5.50 lacs has been provided in the budget for the current financial year for meeting running cost of the hospital. Plans for the new building have been approved and the rough cost estimates thereof are awaited from the P.W.D. authorities.

**ਸਰਦਾਰ ਦਲੀਪ ਸਿੰਘ ਪਾਂਧੀ :** ਤੁਸੀਂ ਪੁਰਾਣੇ ਆਦਮੀ ਹੋ, ਤੁਸੀਂ ਤਾਂ ਪੰਜਾਬੀ ਬੋਲਿਆ ਕਰੋ।

**ਮੰਤਰੀ :** ਜਿਸ ਭਾਸ਼ਾ ਵਿਚ ਤੁਸੀਂ ਸਵਾਲ ਦਿਤਾ ਹੈ, ਉਸ ਭਾਸ਼ਾ ਵਿਚ ਮੈਂ ਜਵਾਬ ਦੇ ਰਿਹਾ ਹਾਂ।

**ਸੇਠ ਖੁਸ਼ਹਾਲ ਚੰਦ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ, ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਿਲਡਿੰਗ ਤੇ ਕਿਤਨੀ ਲਾਗਤ ਆਵੇਗੀ, ਕਦੋਂ ਕੰਮ ਸ਼ੁਰੂ ਹੋ ਜਾਵੇਗਾ ਔਰ ਕਦੋਂ ਮੁਕੰਮਲ ਹੋ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਅਜੇ ਤਾਂ ਕੇਸ ਪੀ. ਡਬਲਯੂ.ਡੀ. ਵਾਲਿਆਂ ਨੂੰ ਭੇਜਿਆ ਹੈ। ਉਹ ਐਸਟੀਮੇਟ ਬਣਾ ਕੇ ਦਸਣਗੇ ਕਿ ਇਸ ਤੇ ਕਾਸਟ ਕਿਤਨੀ ਆਵੇਗੀ। ਬਾਕੀ ਜਿਹੜਾ ਪੁਰਾਣਾ ਹਸਪਤਾਲ ਹੈ, ਉਸ ਵਿਚ ਹੀ ਇਸ ਨੂੰ ਫਿਲਹਾਲ ਚਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਐਸਟੈਬਲਿਸ਼ਮੈਂਟ ਜਿਹੜੀ ਹੈ, ਉਹ ਵੀ ਥੋੜ੍ਹੀ ਬਹੁਤ ਜਾਰੀ ਕਰ ਦਿਤੀ ਹੈ।

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਦਾ ਹਾਂ ਕਿ ਇਸ ਬਿਲਡਿੰਗ ਨੂੰ ਐਕਸਪੀਡਾਈਟ ਕਰਨ ਵਾਸਤੇ ਕੀ ਕੀ ਮੈਯਰਜ਼ ਅਡਾਪਟ ਕੀਤੇ ਜਾਣਗੇ, ਕਿਉਂਕਿ ਹਾਲੇ ਤਕ ਤਾਂ ਉਸ ਦਾ ਰਫ ਐਸਟੀਮੇਟਸ ਵੀ ਕਾਸਟ ਦਾ ਨਹੀਂ ਲਗਾ ਸਕੇ। ਇਸ ਤੇ ਹੋਰ ਕਿਤਨਾ ਕੁ ਚਿਰ ਲੱਗ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਜਨਾਬ ਨੂੰ ਪਤਾ ਹੈ ਕਿ ਬਾਦਲ ਸਾਹਿਬ ਨੇ ਇਸ ਦੇ ਮੁਤਅਲਕ ਐਲਾਨ ਕੀਤਾ ਸੀ ਪਰ ਇਨ੍ਹਾਂ ਨੇ ਉਸ ਦੇ ਬਾਅਦ ਇਸ ਬਾਰੇ ਕੋਈ ਪਤਾ ਨਹੀਂ ਕੀਤਾ। ਮੈਂ ਇਨ੍ਹਾਂ ਨੂੰ ਤੁਹਾਡੇ ਥਰੂ ਯਕੀਨ ਦਿਲਾਉਣਾ ਚਾਹੁੰਦਾ ਹਾਂ ਕਿ ਜਿਹੜਾ ਬਾਦਲ ਸਾਹਿਬ ਦਾ ਐਲਾਨ ਹੈ, ਉਸ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਾਂਗੇ। (ਹਾਸਾ) ਇਸ ਨੂੰ ਬਣਾਉਣ ਲਈ ਦੇਰ ਨਹੀਂ ਕਰਾਂਗੇ ਪਰ ਇਸ ਵੇਲੇ ਸਾਡੇ ਪਾਸ ਪੈਸਾ ਨਹੀਂ ਹੈ। 10 ਲੱਖ ਰੁਪਿਆ ਬਿਲਡਿੰਗ ਲਈ ਹੈ ਔਰ ਦਸ ਲਖ ਨਾਲ ਇਹ ਨਹੀਂ ਬਣਨਾ। ਜਿਸ ਵੇਲੇ ਪੈਸਾ ਮੁਹੱਈਆ ਹੋਵੇਗਾ, ਅਸੀਂ ਜ਼ਰੂਰੀ ਇਸ ਨੂੰ ਬਣਵਾਵਾਂਗੇ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਹਸਪਤਾਲਾਂ ਤੋਂ ਇਲਾਵਾ ਹੋਰ ਜਿਹੜੇ 25 ਜਾਂ 30 ਬੈਡਜ਼ ਹਸਪਤਾਲ ਸਨ, ਉਨ੍ਹਾਂ ਦੀ ਸੈਂਕਸ਼ਨ ਨਹੀਂ

Original with;
Punjab Vidhan Sabha
Digitized by;
Panjab Digital Library

ਦਿਤੀ ਔਰ ਸੈਂਕਸ਼ਨ ਨਾ ਦੇਣ ਕਰਕੇ ਕਰਮਚਾਰੀਆਂ ਨੂੰ ਤਨਖਾਹਾਂ ਨਹੀਂ ਮਿਲੀਆਂ। ਕੀ ਇਹ ਉਨ੍ਹਾਂ ਨੂੰ ਤਨਖਾਹਾਂ ਦੇਣ ਦਾ ਇੰਤਜ਼ਾਮ ਕਰਨਗੇ ?

**ਮੰਤਰੀ** : ਤੁਹਾਡੇ ਸਵਾਲ ਦਾ ਪਤਾ ਨਹੀਂ ਲਗਿਆ, ਤੁਸੀਂ ਦੁਬਾਰਾ ਦੱਸ ਦਿਓ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਹਸਪਤਾਲ ਹਨ ਪੰਜਾਬ ਵਿਚ 25 ਜਾਂ 30 ਬੈਡਜ਼ ਦੇ ਅਕਾਲੀ-ਜਨਤਾ ਸਰਕਾਰ ਵੱਲੋਂ ਮਨਜ਼ੂਰ ਕੀਤੇ ਗਏ ਸੀ, ਪਰ ਹੁਣ ਉਨ੍ਹਾਂ ਦੀ ਸੈਂਕਸ਼ਨ ਨਾ ਮਿਲਣ ਕਾਰਣ ਉਨ੍ਹਾਂ ਵਿਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਅਜੇ ਤਕ ਤਨਖਾਹਾਂ ਨਹੀਂ ਮਿਲੀਆਂ, ਕੀ ਇਹ ਉਨ੍ਹਾਂ ਦੀ ਮਨਜ਼ੂਰੀ ਦੇ ਕੇ ਮੁਲਾਜ਼ਮਾਂ ਨੂੰ ਤਨਖਾਹਾਂ ਜਲਦੀ ਦੇਣ ਦਾ ਪ੍ਰਬੰਧ ਕਰਨਗੇ ?

**ਮੰਤਰੀ** : ਇਸ ਸਪਲੀਮੈਂਟਰੀ ਦਾ ਸਵਾਲ ਨਾਲ ਕੋਈ ਕਨਸਰਨ ਨਹੀਂ ਹੈ। ਮਿਹਰਬਾਨੀ ਕਰਕੇ ਇਹ ਅਲਹਿਦਾ ਨੋਟਿਸ ਦੇ ਦੇਣ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇੰਟਰਨੈਸ਼ਨਲ ਯੀਅਰ ਆਫ ਚਿਲਡਰਨ ਨੂੰ ਮੁੱਖ ਰਖ ਕੇ ਇਹ ਹਸਪਤਾਲ ਖੋਲ੍ਹਿਆ ਗਿਆ ਸੀ ਔਰ ਬੜੀ ਵਡੀ ਸਕੀਮ ਬਣਾਈ ਗਈ ਸੀ। ਕੀ ਵਜ਼ੀਰ ਸਾਹਿਬ ਯਕੀਨ ਦਿਵਾਉਣਗੇ ਕਿ ਜਿਸ ਤਰ੍ਹਾਂ ਦੀ ਸਕੀਮ ਪਹਿਲੀ ਸਰਕਾਰ ਨੇ ਬਣਾਈ ਸੀ ਉਸ ਦੇ ਮੁਤਾਬਿਕ ਹੀ ਹਸਪਤਾਲ ਬਣਾਉਣਗੇ ਜਾਂ ਉਸ ਨੂੰ ਸਿਰਫ 25 ਜਾਂ 30 ਬੈਡਜ਼ ਹਸਪਤਾਲ ਤਕ ਹੀ ਮਹਿਦੂਦ ਰਖਣਗੇ ?

**ਮੰਤਰੀ**: ਸਪੀਕਰ ਸਾਹਿਬ, ਇਹ ਠੀਕ ਹੈ ਕਿ ਇਹ ਇੰਟਰਨੈਸ਼ਨਲ ਯੀਅਰ ਆਫ ਚਿਲਡਰਨ ਨੂੰ ਸਾਹਮਣੇ ਰੱਖ ਕੇ ਪਹਿਲੀ ਸਰਕਾਰ ਨੇ ਸਕੀਮ ਬਣਾਈ ਸੀ। ਪਰ ਮੈਂ ਇਨ੍ਹਾਂ ਨੂੰ ਇਹ ਦੱਸਣਾ ਚਾਹੰਦਾ ਹਾਂ ਕਿ ਅਸੀਂ ਸਮਝਦੇ ਹਾਂ ਕਿ ਜਿਸ ਤਰ੍ਹਾਂ ਦੀ ਇਨ੍ਹਾਂ ਨੇ ਸਕੀਮ ਬਣਾਈ ਸੀ, ਉਸ ਤੋਂ ਵੀ ਚੰਗਾ ਹਸਪਤਾਲ ਅਸੀਂ ਬਣਾਵਾਂਗੇ।

**ਸੇਠ ਭਗਵਾਨ ਦਾਸ** : ਸਪੀਕਰ ਸਾਹਿਬ, ਜੈਤੋਂ ਹਸਪਤਾਲ ਦੀ ਬਿਲਡਿੰਗ ਨਹੀਂ ਹੈ। ਉਹ ਸ਼ਹੀਦਾਂ ਦੀ ਧਰਤੀ ਹੈ। ਉਥੇ ਬਾਦਲ ਸਾਹਿਬ ਦੀ ਮਨਿਸਟਰੀ ਵੇਲੇ ਐਲਾਨ ਕੀਤਾ ਗਿਆ ਸੀ ਕਿ 30 ਬੈਡਜ਼ ਦਾ ਹਸਪਤਾਲ ਬਣਾ ਦਿੱਤਾ ਜਾਵੇਗਾ। ਪਰ ਉਹ ਸਰਕਾਰ ਦਾ ਫੈਸਲਾ ਇੰਪਲੀਮੈਂਟ ਨਹੀਂ ਹੋਇਆ, ਕਾਗਜ਼ਾਂ ਵਿਚ ਹੀ ਰਹਿ ਗਿਆ ਹੈ। ਕੀ ਸਰਕਾਰ ਉਸ ਦੀ ਇੰਪਲੀਮੈਂਟੇਸ਼ਨ ਕਰੇਗੀ ?

**ਮੰਤਰੀ**: ਸਪੀਕਰ ਸਾਹਿਬ, ਜਿਥੇ ਜਿਥੇ ਵੀ ਸ਼ਹੀਦਾਂ ਦੀ ਧਰਤੀ ਹੈ, ਜਿਹੜੇ ਲੋਕਾਂ ਨੇ ਕੁਰਬਾਨੀਆਂ ਕੀਤੀਆਂ ਹਨ, ਉਨ੍ਹਾਂ ਵਲ ਸਰਕਾਰ ਲਾਜ਼ਮੀ ਤੌਰ ਤੇ ਧਿਆਨ ਕਰੇਗੀ ਔਰ ਜਿਸ ਵੇਲੇ ਸਮਾਂ ਆਵੇਗਾ ਲਾਜ਼ਮੀ ਤੌਰ ਤੇ ਉਹ ਹਸਪਤਾਲ ਵੀ ਬਣਾਵਾਂਗੇ।

---

## Complaints Against the Senior Medical Officers of District Rupnagar

***102. Professor Balwant Singh:** Will the Minister for Health and Family Welfare be pleased to state:—

(a) the number of complaints received against the Senior Medical Officers of District Rupnagar from Ex-MLAs and the general public from January, 1976 to-date;

Original with;
Punjab Vidhan Sabha
Digitized by;
Panjab Digital Library

[Professor Balwant Singh]

(b) whether any action on the basis of the said complaints has been taken against them;

(c) if the reply to part (b) above be in the negative, the reasons therefor?

**Shri Sardari Lal Kapur**: (a) Ten.

(b) & (c) Five complaints have been filed after preliminary inquiries and the remaining five are being processed for further action.

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵੇਲੇ ਉਸ ਹਸਪਤਾਲ ਵਿਚ ਕੀ ਕੋਈ ਅਜਿਹਾ ਮੈਡੀਕਲ ਅਫਸਰ ਵੀ ਹੈ ਜਿਸ ਦੀ ਕੰਪਲੇਂਟ ਸਾਬਕਾ ਵਿਧਾਇਕ ਨੇ ਕੀਤੀ ਹੋਵੇ, ਉਸ ਦੇ ਖਿਲਾਫ ਫੋਰਥ ਦਰਜੇ ਦੇ ਕਰਮਚਾਰੀਆਂ ਦੀ ਯੂਨੀਅਨ ਨੇ ਵੀ ਕੰਪਲੇਂਟ ਕੀਤੀ ਹੋਵੇ ਔਰ ਉਸ ਮੈਡੀਕਲ ਅਫਸਰ ਦੀ ਬਦਲੀ ਉਨ੍ਹਾਂ ਕੰਪਲੇਂਟਸ ਦੇ ਆਧਾਰ ਤੇ ਕਰ ਦਿਤੀ ਗਈ ਹੋਵੇ ਪਰ ਕਾਂਗਰਸ ਰਾਜ ਦੇ ਆਉਣ ਉਪਰੰਤ ਉਸ ਨੂੰ ਫਿਰ ਉਥੇ ਲਗਾ ਦਿੱਤਾ ਹੋਵੇ ? ਜੇਕਰ ਇਸ ਤਰ੍ਹਾਂ ਕੀਤਾ ਗਿਆ ਹੋਵੇ ਤਾਂ ਉਸ ਦੇ ਕੀ ਕਾਰਣ ਹਨ ?

**ਮੰਤਰੀ** : ਜਿਸ ਦੇ ਖਿਲਾਫ ਕਿਹਾ ਗਿਆ ਹੈ ਉਹ ਕੰਪਲੇਂਟ ਹਾਲੇ ਚਲਦੀ ਹੈ ਅਤੇ ਕੋਈ ਫੈਸਲਾ ਨਹੀਂ ਹੋਇਆ । ਦੂਜੇ ਇਹ ਕਿ ਮਾਨਯੋਗ ਮੈਂਬਰਾਂ ਦੇ ਕਹਿਣ ਤੇ ਹੀ ਉਸ ਨੂੰ ਫਿਰ ਉਥੇ ਲਗਾਇਆ ਗਿਆ ਸੀ। ਹਾਲੇ ਤਕ ਉਸ ਕੇਸ ਦਾ ਕੋਈ ਫੈਸਲਾ ਨਹੀਂ ਹੋਇਆ ਅਤੇ ਜਦੋਂ ਫੈਸਲਾ ਹੋ ਗਿਆ ਐਕਸ਼ਨ ਲਿਆ ਜਾਵੇਗਾ।

**ਸਰਦਾਰ ਜਸਮਤ ਸਿੰਘ ਢਿੱਲੋਂ** : ਸਪੀਕਰ ਸਾਹਿਬ, ਜਿਹੜੇ ਅਫਸਰ ਦੇ ਖਿਲਾਫ ਸ਼ਿਕਾਇਤ ਦਸੀ ਗਈ ਹੈ, ਉਸ ਨੂੰ ਫਿਰ ਉਥੇ ਹੀ ਲਗਾ ਦਿਤਾ ਗਿਆ ਹੈ। ਇਨ੍ਹਾਂ ਹਾਲਾਤ ਵਿਚ ਉਥੇ ਨਿਰਪੱਖ ਇਨਕੁਆਇਰੀ ਨਹੀਂ ਹੋ ਸਕਦੀ । ਜੇ ਇਸ ਦੇ ਮੁਤੱਲਕ ਨਿਰਪੱਖ ਇਨਕੁਆਇਰੀ ਕਰਾਉਣਾ ਚਾਹੁੰਦੇ ਹੋ ਤਾਂ ਫਿਰ ਉਸ ਨੂੰ ਉਥੋਂ ਬਦਲਣਾ ਪਵੇਗਾ। ਕੀ ਮਨਿਸਟਰ ਸਾਹਿਬ ਇਹ ਯਕੀਨ ਦਿਵਾਉਣਗੇ ?

**ਮੰਤਰੀ**: ਇਸ ਦੇ ਮੁਤੱਲਕ ਖਿਆਲ ਰਖਿਆ ਜਾਵੇਗਾ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਇਹ ਜਿਹੜਾ ਸੀਨੀਅਰ ਮੈਡੀਕਲ ਅਫਸਰ ਹੈ, ਇਸ ਦੇ ਖਿਲਾਫ਼ ਸਾਬਕਾ ਵਿਧਾਇਕ ਵਲੋਂ ਸ਼ਿਕਾਇਤ ਆਈ ਸੀ। ਕਿਉਂਕਿ ਪੰਜਾਬ ਸਰਕਾਰ ਨੇ ਜਿਹੜਿਆਂ ਸਾਬਕਾ ਐਮ.ਐਲ.ਏਜ਼. ਨੂੰ ਮੈਡੀਕਲ ਫੈਸਿਲਿਟੀਜ਼ ਦਿਤੀਆਂ ਹਨ, ਇਸ ਕਰਕੇ ਜੇ ਮੈਡੀਕਲ ਅਫ਼ਸਰ ਨੇ ਇਕ ਸਾਬਕਾ ਐਮ.ਐਲ.ਏ. ਨੂੰ ਹੀ ਦੇਖਣ ਤੋਂ ਜਵਾਬ ਦੇ ਦਿਤਾ ਤਾਂ ਫਿਰ ਵੀ ਜੇ ਸਰਕਾਰ ਉਸ ਦੇ ਖਿਲਾਫ ਕੋਈ ਕਾਰਵਾਈ ਕਰਨ ਵਿਚ ਦੇਰੀ ਕਰੇ ਤਾਂ ਇਹ ਮਾੜੀ ਗਲ ਹੈ। ਮੈਂ ਇਹ ਪੁਛਦਾ ਹਾਂ ਕਿ ਇਹ ਕਾਰਵਾਈ ਕਰਨ ਵਿਚ ਦੇਰੀ ਦੇ ਕੀ ਕਾਰਣ ਹਨ ?

**ਮੰਤਰੀ**: ਸਪੀਕਰ ਸਾਹਿਬ, ਜਿਹੜੀਆਂ ਕੰਪਲੇਂਟਸ ਦਿਤੀਆਂ ਸਨ ਉਨ੍ਹਾਂ ਕੰਪਲੇਂਟਸ ਦੇ ਮੁਤੱਲਕ ਫ਼ੈਸਲਾ ਕਰ ਚੁੱਕੇ ਹਾਂ। 5 ਕੰਪਲੇਂਟਸ ਐਸੀਆਂ ਸਨ ਜਿਨ੍ਹਾਂ ਨੂੰ ਦੁਰਸਤ ਪਾਇਆ ਗਿਆ ਅਤੇ ਉਸ ਮੁਤਾਬਿਕ ਕਨਸਰੰਡ ਅਫਸਰਾਂ ਨੂੰ ਚਾਰਜਸ਼ੀਟ ਕੀਤਾ ਗਿਆ। ਥੋੜ੍ਹੇ ਦਿਨਾਂ ਵਿਚ ਸਾਡੇ ਕੋਲ ਇਸ ਦਾ ਜਵਾਬ ਆ ਜਾਵੇਗਾ ਤਾਂ ਐਕਸ਼ਨ ਲਵਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਨਿਰਪੱਖ ਇਨਕੁਆਇਰੀ ਕਰਨੀ ਹੈ ਤਾਂ ਜਿਹੜੇ ਅਫਸਰਾਂ ਨੂੰ ਬਦਲ ਕੇ ਮੁੜ ਉਥੇ ਲਾਇਆ ਗਿਆ ਸੀ ਉਸ ਨੂੰ ਉਥੇ ਨਹੀਂ ਰਹਿਣ ਦੇਣਾ ਚਾਹੀਦਾ। ਕਿਉਂਕਿ ਜਿਸ ਦੇ ਮੁਤੱਲਕ ਇਨਕੁਆਇਰੀ ਚਲਦੀ ਹੈ, ਔਰ ਜਿਹੜਾ ਇਨਕੁਆਇਰੀ ਕਰਦਾ ਹੈ ਉਹ ਉਸ ਦਾ ਜ਼ਰੂਰ ਖਿਆਲ ਰਖੇਗਾ। ਇਸ ਲਈ ਉਹ ਨਿਰਪੱਖ ਇਨਕੁਆਇਰੀ ਨਹੀਂ ਕਰ ਸਕੇਗਾ। ਇਸ ਲਈ ਜੇ ਇਹ ਉਸ ਨੂੰ ਉਥੋਂ ਬਦਲ ਕੇ ਹੋਰ ਥਾਂ ਲਾਉਣ ਤਾਂ ਹੀ ਅਸੀਂ ਇਸ ਇਨਕੁਆਇਰੀ ਤੋਂ ਸੈਟਿਸਫਾਈ ਹੋਵਾਂਗੇ।

**ਮੰਤਰੀ** : ਸਪੀਕਰ ਸਾਹਿਬ, ਮੈਂ ਇਥੇ ਇਹ ਦਸਣਾ ਚਾਹੁੰਦਾ ਹਾਂ ਕਿ ਜਿਸ ਕਿਸੇ ਨੇ ਕੰਪਲੇਂਟ ਕੀਤੀ ਸੀ ਉਸ ਨੂੰ ਅਸੀਂ ਬਾਰ ਬਾਰ ਇਨਕੁਆਇਰੀ ਕਰਨ ਵਾਸਤੇ ਬੁਲਾਇਆ ਹੈ, ਪਰ ਉਹ ਨਹੀਂ ਆਇਆ। ਉਸ ਨੂੰ ਹੁਣ ਫਿਰ ਦੋਬਾਰਾ ਲਿਖਿਆ ਹੈ ਅਤੇ ਜੇ ਉਹ ਆਉਣਗੇ ਤਾਂ ਹੀ ਅੱਗੇ ਦੀ ਕਾਰਵਾਈ ਕੀਤੀ ਜਾ ਸਕਦੀ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਵਜ਼ੀਰ ਬੜੇ ਸਿਆਣੇ ਹਨ। ਇਹ ਇਸ ਤਰ੍ਹਾਂ ਜਵਾਬ ਦਿੰਦੇ ਹਨ ਕਿ, 'ਨਾ ਕੁੜੀ ਭੇਜਣੀ ਹੈ ਅਤੇ ਨਾ ਨੂੰਹ ਲਿਆਉਣੀ ਹੈ'। ਇਨ੍ਹਾਂ ਨੂੰ ਪਤਾ ਹੈ ਕਿ ਇਹ ਮਾਮਲਾ 1976 ਦਾ ਹੈ ਜਦੋਂ ਕਿ ਐਮਰਜੈਂਸੀ ਵਾਲਾ ਹਾਲ ਚਲ ਰਿਹਾ ਸੀ। ਇਕ ਤਾਂ ਇਹ ਸੀਨੀਅਰ ਮੈਡੀਕਲ ਅਫਸਰ ਦਾ ਨਾਂ ਦਸਣ ਅਤੇ ਇਹ ਵੀ ਦਸਣ ਕਿ ਉਹ ਕਿਹੜੇ ਵਿਧਾਇਕ ਹਨ ਜਿਨ੍ਹਾਂ ਨੇ ਸ਼ਿਕਾਇਤ ਕੀਤੀ ਸੀ ? ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮਾਮਲਾ ਹੈ। ਆਮ ਲੋਕਾਂ ਵਲੋਂ ਵੀ ਇਸ ਸਬੰਧ ਵਿਚ ਸ਼ਿਕਾਇਤਾਂ ਆਈਆਂ ਹਨ। ਡਾਕਟਰਾਂ ਨੇ ਬਰਨਾਲੇ ਵਿਚ ਇਕ ਬੱਚਾ ਮਾਰ ਦਿਤਾ ਸੀ। (ਵਿਘਨ) ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਦਸਣ ਕਿ ਇਹ ਵਿਧਾਇਕ ਕੌਣ ਹਨ, ਜਿਨ੍ਹਾਂ ਨੇ ਸ਼ਿਕਾਇਤ ਕੀਤੀ ਸੀ ਅਤੇ ਉਹ ਮੈਡੀਕਲ ਅਫ਼ਸਰ ਕੌਣ ਹੈ ? ਫਿਰ ਉਸ ਦੀ ਸਿਰਫ਼ ਬਦਲੀ ਕਰ ਦੇਣ ਨਾਲ ਤਾਂ ਗਲ ਨਹੀਂ ਬਣਦੀ । ** ** **

**ਵਿੱਤ ਮੰਤਰੀ** : ਸਪੀਕਰ ਸਹਿਬ, ਮੈਂਬਰ ਸਾਹਿਬ ਨੇ ਕੁਝ ਰਿਮਾਰਕਸ ਐਸੇ ਕਹੇ ਹਨ ਜਿਹੜੇ ਅੱਛੀ ਟੇਸਟ ਵਿਚ ਨਹੀਂ ਹਨ। ਇਹ ਜ਼ਰੂਰ ਐਕਸਪੰਜ ਹੋਣੇ ਚਾਹੀਦੇ ਹਨ।

**ਸ੍ਰੀ ਸਪੀਕਰ** : ਪਾਂਧੀ ਸਾਹਿਬ ਨੇ ਜੋ ਇਹੋ ਜਿਹੇ ਲਫਜ਼ ਕਹੇ ਹਨ, ਉਹ ਐਕਸਪੰਜ ਕਰ ਦਿਤੇ ਜਾਣ ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ ਇਹ ਦਸਿਆ ਹੈ ਕਿ ਮਾਨਯੋਗ ਮੈਂਬਰਾਂ ਦੇ ਕਹਿਣ ਤੇ ਹੀ ਉਸ ਨੂੰ ਫਿਰ ਉਥੇ ਲਗਾਇਆ ਗਿਆ ਹੈ। ਮੈਂ ਇਹ ਪੁੱਛਦਾ ਹਾਂ ਕਿ ਕੀ ਹੁਣ ਉਸ ਦੇ ਕਹਿਣ ਤੇ ਹੀ ਇਨਕੁਆਇਰੀ ਕਰਨ ਵਾਲਾ ਅਫਸਰ ਇਨਕੁਆਇਰੀ ਕਰੇਗਾ। ਜਿਥੇ ਇਸ ਤਰ੍ਹਾਂ ਦੀ ਗਲ ਕੀਤੀ ਜਾਵੇ ਉਥੇ ਇਨਕੁਆਇਰੀ ਨਿਰਪੱਖ ਨਹੀਂ ਹੋ ਸਕਦੀ। ਕੀ ਮਨਿਸਟਰ ਸਾਹਿਬ ਇਹ ਯਕੀਨ ਦਿਵਾਉਣਗੇ ਕਿ ਉਸ ਅਫ਼ਸਰ ਨੂੰ ਉਥੋਂ ਬਦਲ ਕੇ ਹੀ ਇਸ ਦੀ ਨਿਰਪੱਖ ਇਨਕੁਆਇਰੀ ਕਰਾਉਣਗੇ ?

**ਸਿਹਤ ਮੰਤਰੀ** : ਇਹ ਰੀ-ਕਨਸਿਡਰ ਕਰ ਲਵਾਂਗੇ।

**ਪ੍ਰੋਫੈਸਰ ਬਲਵੰਤ ਸਿੰਘ** : ਇਸ ਸਬੰਧ ਵਿਚ ਚੌਥੇ ਦਰਜੇ ਦੇ ਮੁਲਾਜ਼ਮਾਂ ਨੇ ਬੜੇ ਸੰਗੀਨ ਇਲਜ਼ਾਮ ਲਗਾਏ ਹਨ। ਉਨ੍ਹਾਂ ਨੇ ਦਸਿਆ ਹੈ ਕਿ ਉਹ ਫੀਮੇਲਜ਼ ਨੂੰ ਕਮਰੇ ਵਿਚ ਵਾੜ ਕੇ ਦਰਵਾਜ਼ਾ ਬਦ ਕਰ ਦਿੰਦਾ ਸੀ। ਫਿਰ ਜਦੋਂ ਇਸ ਦੇ ਖਿਲਾਫ ਇਨਕੁਆਇਰੀ ਹੋ ਰਹੀ ਸੀ ਤਾਂ ਕਿਸੇ ਵਿਧਾਇਕ ਨੇ ਉਸ ਦੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਹੱਕ ਵਿਚ ਸਿਫਾਰਸ਼ ਕੀਤੀ। ਕੀ ਮੰਤਰੀ ਸਾਹਿਬ ਉਸ ਵਿਧਾਇਕ ਦਾ ਨਾਂ ਦਸਣਗੇ ਅਤੇ ਇਹ ਵੀ ਦਸਣਗੇ ਕਿ ਉਸ ਇਨਕੁਆਇਰੀ ਦਾ ਕੀ ਹੋਇਆ ਹੈ ?

**ਮੰਤਰੀ** : ਸਪੀਕਰ ਸਾਹਿਬ, ਇਸ ਦੇ ਮੁਤੱਲਕ ਇਨਕੁਆਇਰੀ ਹੋਈ ਹੈ ਔਰ ਜਿਨ੍ਹਾਂ ਨੇ ਇਨਕੁਆਇਰੀ ਕੀਤੀ ਉਨ੍ਹਾਂ ਨੇ ਕੇਸ ਫਾਇਲ ਕਰ ਦਿੱਤਾ ਹੈ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਇਹ ਸਵਾਲ 1976 ਦਾ ਹੈ। ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 10 ਕੰਪਲੇਂਟਸ ਆਈਆਂ ਸਨ, ਜਿਨ੍ਹਾਂ ਵਿਚੋਂ 5 ਫਾਈਲ ਹੋ ਗਈਆਂ ਹਨ, 5 ਹਾਲੇ ਚਲਦੀਆਂ ਪਈਆਂ ਹਨ ਅਤੇ ਅੱਜ ਤਕ ਇਨਕੁਆਇਰੀ ਨਹੀਂ ਹੋ ਸਕੀ। ਕੀ ਮਨਿਸਟਰ ਸਾਹਿਬ ਇਹ ਯਕੀਨ ਦਿਵਾਉਣਗੇ ਕਿ ਇਸ ਸਰਕਾਰ ਦੇ ਹੁੰਦੇ ਹੋਏ ਇਸ ਦਾ ਕੋਈ ਫੈਸਲਾ ਹੋ ਜਾਵੇਗਾ ?

**ਮੰਤਰੀ** : ਇਸ ਦਾ ਫੈਸਲਾ ਦੋ ਮਹੀਨੇ ਦੇ ਅੰਦਰ ਅੰਦਰ ਹੋ ਜਾਵੇਗਾ।

**ਕਾਮਰੇਡ ਬਲਦੇਵ ਸਿੰਘ ਲੁੰਬਾ** : ਸਪੀਕਰ ਸਾਹਿਬ, ਪਹਿਲੀ ਗਲ ਤਾਂ ਇਹ ਹੈ ਕਿ ਮਨਿਸਟਰ ਸਾਹਿਬ ਨੇ ਹਾਊਸ ਵਿਚ ਇਹ ਐਡਮਿਟ ਕਰ ਲਿਆ ਹੈ ਕਿ 5 ਕੰਪਲੇਂਟਸ ਤੇ ਜਿਨ੍ਹਾਂ ਨੂੰ ਦੋਸ਼ੀ ਪਾਇਆ ਉਨ੍ਹਾਂ ਨੂੰ ਚਾਰਜਸ਼ੀਟ ਕੀਤਾ ਗਿਆ ਹੈ। ਦੂਜੀ ਗਲ ਉਨ੍ਹਾਂ ਨੇ ਇਹ ਵੀ ਐਡਮਿਟ ਕੀਤੀ ਹੈ ਕਿ ਕਿਸੇ ਵਿਧਾਇਕ ਦੇ ਕਹਿਣ ਤੇ ਉਸ ਅਫਸਰ ਨੂੰ ਬਦਲ ਕੇ ਮੁੜ ਉਥੇ ਲਾਇਆ ਗਿਆ ਸੀ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਨਾਲ ਹੁਣ ਇਨਸਾਫ ਨਹੀਂ ਮਿਲ ਸਕੇਗਾ। ਫੈਸਲਾ ਕਰਨ ਤੋਂ ਪਹਿਲੇ ਜਾਂ ਤਾਂ ਉਸ ਨੂੰ ਉਥੋਂ ਬਦਲਿਆ ਜਾਵੇ ਜਾਂ ਸਸਪੈਂਡ ਕੀਤਾ ਜਾਵੇ ਦੂਜੇ ਜਿਸ ਦੀ ਇਨਕੁਆਇਰੀ ਹੋਣੀ ਹੈ, ਉਸ ਤੋਂ ਵੱਡਾ ਅਫਸਰ ਉਸ ਦੀ ਇਨਕੁਆਇਰੀ ਕਰੇ ਤਾਂ ਹੀ ਨਿਰਪੱਖ ਇਨਕੁਆਇਰੀ ਹੋ ਸਕਦੀ ਹੈ।

**ਮੰਤਰੀ**: ਮੈਂ ਦਸਿਆ ਹੈ ਕਿ ਇਸ ਦੀ ਇਨਕੁਆਇਰੀ ਹੋ ਰਹੀ ਹੈ।

**ਸ੍ਰੀ ਸਪੀਕਰ** : ਮੈਂ ਮਨਿਸਟਰ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਹਾਊਸ ਦੀ ਇਹ ਰਾਏ ਹੈ ਕਿ ਉਸ ਨੂੰ ਉਥੋਂ ਬਦਲ ਦਿੱਤਾ ਜਾਵੇ । Next question.

---

**Appointment of Teachers in the Schools**

*77. **Master Dalip Chand**: Will the Minister for Education be pleased to state whether the Government propose to appoint two teachers in the schools in the State where the Government Primary Schools are manned by one teacher each?

**ਸਰਦਾਰ ਹਰਚਰਨ ਸਿੰਘ : ਨਹੀਂ ਜੀ, ਇਸ ਸਮੇਂ ਕੋਈ ਅਜਿਹੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।**

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਸਕੂਲਾਂ ਵਿਚ ਪੰਜ ਕਲਾਸਾਂ ਹੁੰਦੀਆਂ ਹਨ ਉਥੇ ਇਕ ਟੀਚਰ ਪੰਜ ਕਲਾਸਾਂ ਨੂੰ ਹਰ ਇਕ ਸਬਜੈਕਟ ਨਹੀਂ ਪੜ੍ਹਾ ਸਕਦਾ। ਇਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਬਚੇ ਸਕੂਲ ਛੱਡ ਕੇ ਚਲੇ ਜਾਂਦੇ ਹਨ। ਕੀ ਇਸ ਗੱਲ ਨੂੰ ਮੁੱਖ ਰਖਦੇ ਹੋਏ ਦੋ ਟੀਚਰ ਹਰ ਇਕ ਸਕੂਲ ਵਿਚ ਨਿਯੁਕਤ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਇਸ ਦਾ ਜਵਾਬ ਮੈਂ ਪਹਿਲਾਂ ਦੇ ਚੁਕਾ ਹਾਂ ਕਿ ਅਜਿਹੀ ਕੋਈ ਤਜਵੀਜ਼ ਨਹੀਂ ਹੈ। ਪੰਜਾਬ ਵਿਚ ਇਹੋ ਜਿਹੇ 2,356 ਸਕੂਲ ਹਨ। ਇਨ੍ਹਾਂ ਸਕੂਲਾਂ ਵਿਚ ਜਿਥੇ 50 ਬੱਚੇ ਹੁੰਦੇ ਹਨ ਉਥੇ ਇਕ ਟੀਚਰ ਹੀ ਲਾਇਆ ਜਾਂਦਾ ਹੈ। ਜਦੋਂ 50 ਬੱਚਿਆਂ ਤੋਂ ਉਸ ਸਕੂਲ ਦੀ ਗਿਣਤੀ ਵੱਧ ਜਾਂਦੀ ਹੈ ਤਾਂ ਫਿਰ ਉਸ ਦੇ ਮੁਤਾਬਿਕ ਹੋਰ ਟੀਚਰ ਲਾਇਆ ਜਾਂਦਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ:** ਸਪੀਕਰ ਸਾਹਿਬ, ਐਜੂਕੇਸ਼ਨ ਸਾਡੇ ਦੇਸ਼ ਵਾਸਤੇ ਬੜੀ ਜ਼ਰੂਰੀ ਚੀਜ਼ ਹੈ। ਇਸ ਦਾ ਢਾਂਚਾ ਸੁਧਾਰਨ ਵਾਸਤੇ ਕੀ ਵਜ਼ੀਰ ਸਾਹਿਬ ਇਸ ਤਰ੍ਹਾਂ ਦੀ ਤਜਵੀਜ਼ ਤੇ ਗੌਰ ਕਰਨਗੇ ਕਿ ਪ੍ਰਾਇਮਰੀ ਪੱਧਰ ਤੇ ਬੋਰਡ ਦਾ ਸਿਸਟਮ ਹੋਵੇ ਤਾ ਕਿ 8ਵੀਂ ਜਮਾਤ ਤੱਕ ਬੱਚੇ ਨਿੱਲ ਹੀ ਨਾ ਚਲਦੇ ਜਾਣ ਅੌਰ ਜਿਹੜੇ ਟੀਚਰਾਂ ਦਾ ਰਿਜ਼ਲਟ ਚੰਗਾ ਨਾ ਹੋਵੇ, ਉਨ੍ਹਾਂ ਨੂੰ ਜਿਵੇਂ ਪਹਿਲੇ ਸਜ਼ਾ ਦਿੱਤੀ ਜਾਂਦੀ ਸੀ ਸੀ.ਏ. ਵਗੈਰਾ ਬੰਦ ਕਰਨ ਦੀ, ਕੀ ਇਸ ਤਰ੍ਹਾਂ ਦਾ ਹੁਣ ਕੋਈ ਪ੍ਰਬੰਧ ਕਰਨਗੇ ਤਾਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ?

**ਮੰਤਰੀ:** ਸਪੀਕਰ ਸਾਹਿਬ, ਇਸ ਸਵਾਲ ਵਿਚੋਂ ਇਹ ਸਪਲੀਮੈਂਟਰੀ ਬਿਲਕੁਲ ਨਹੀਂ ਉਠਦਾ।

**ਮਾਸਟਰ ਦਲੀਪ ਚੰਦ:** ਸਪੀਕਰ ਸਾਹਿਬ, ਮੇਰੇ ਹਲਕੇ ਬਲਾਚੌਰ ਦੇ ਸਕੂਲ ਵਿਚ ਬਚਿਆਂ ਨੂੰ ਪੰਜਵੀਂ ਜਮਾਤ ਤੱਕ ਪੰਜਾਬੀ ਦੀ ਗਿਣਤੀ ਤੱਕ ਨਹੀਂ ਆਉਂਦੀ। ਉਥੇ ਇਕ ਟੀਚਰ ਦੀ ਕਮੀ ਹੈ। ਇਸ ਗਲ ਨੂੰ ਮੁੱਖ ਰਖਦੇ ਹੋਏ ਕੀ ਵਜ਼ੀਰ ਸਾਹਿਬ ਉਥੇ ਦੂਸਰਾ ਟੀਚਰ ਲਗਾਉਣ ਦਾ ਪ੍ਰਬੰਧ ਕਰਨਗੇ ?

**ਮੰਤਰੀ:** ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਪਰਟੀਕੁਲਰ ਸਕੂਲ ਦਾ ਨਾਂ ਲਿਆ ਹੈ, ਉਹ ਮੈਨੂੰ ਇਸ ਬਾਰੇ ਦਸ ਦੇਣ ਤਾਂ ਫਿਰ ਵਿਚਾਰ ਕਰ ਲਿਆ ਜਾਵੇਗਾ। ਵੈਸੇ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਨੇ ਪਹਿਲਾਂ ਹੀ ਕਿਹਾ ਹੈ ਕਿ ਬੈਕਵਰਡ ਏਰੀਆ ਅਤੇ ਕੰਡੀ ਦੇ ਇਲਾਕੇ ਨੂੰ ਤਰਜੀਹ ਦਿੱਤੀ ਜਾਵੇਗੀ।

**ਕਾਮਰੇਡ ਸਰਵਣ ਸਿੰਘ ਚੀਮਾ:** ਸਪੀਕਰ ਸਾਹਿਬ, ਜਿਨ੍ਹਾਂ ਪ੍ਰਇਮਰੀ ਸਕੂਲਾਂ ਵਿਚ 80-80 ਬਚਿਆਂ ਤੋਂ ਵੱਧ ਬੱਚੇ ਹਨ ਤਾਂ ਉਨ੍ਹਾਂ ਸਕੂਲਾਂ ਵਿਚ ਦੂਜਾ ਟੀਚਰ ਕਦੋਂ ਤੱਕ ਦਿਤਾ ਜਾਵੇਗਾ ?

**ਮੰਤਰੀ:** ਸਪੀਕਰ ਸਾਹਿਬ, ਮੇਰਾ ਜਵਾਬ ਬੜਾ ਕਲੀਅਰ ਹੈ ਕਿ ਜਿਥੇ 50 ਬਚਿਆਂ ਤੋਂ ਵੱਧ ਬੱਚੇ ਸਕੂਲ ਵਿਚ ਹਨ, ਉਥੇ ਦੂਸਰਾ ਟੀਚਰ ਦੇ ਦਿੱਤਾ ਜਾਵੇਗਾ। ਪਰ ਮੈਂਬਰ ਸਾਹਿਬ ਨੂੰ ਮੈਂ ਕਹਾਂਗਾ ਕਿ ਉਹ ਪਰਟੀਕੁਲਰ ਕੇਸ ਬਾਰੇ ਦਸ ਦੇਣ, ਮੈਂ ਐਗਜ਼ਾਮਿਨ ਕਰਾ ਲਵਾਂਗਾ।

**ਸਰਦਾਰ ਬਸੰਤ ਸਿੰਘ ਖਾਲਸਾ:** ਸਪੀਕਰ ਸਾਹਿਬ, ਮੇਰਾ ਇਲਾਕਾ ਬੇਟ ਦੇ ਨਾਲ ਲਗਦਾ ਹੈ। ਬੇਟ ਦੇ ਏਰੀਏ ਵਿਚ ਆਬਾਦੀ ਥੋੜ੍ਹੀ ਹੋਣ ਕਰਕੇ ਬੱਚੇ ਸਕੂਲ ਵਿਚ ਥੋੜ੍ਹੇ ਹੀ ਜਾਂਦੇ ਹਨ। ਉਥੇ ਇਕ ਟੀਚਰ ਹੁੰਦਾ ਹੈ ਅਤੇ ਉਹ ਛੁੱਟੀ ਤੇ ਚਲਾ ਜਾਂਦਾ ਹੈ ਜਾਂ ਬੀਮਾਰ ਹੋ ਜਾਂਦਾ ਹੈ ਅਤੇ ਸਕੂਲ ਨਹੀਂ ਆਉਂਦਾ ਤਾਂ ਸਕੂਲ ਵਿਚ ਪੜ੍ਹਾਈ ਨਹੀਂ ਹੁੰਦੀ। ਉਸ ਦਾ ਆਲਟਰਨੇਟਿਵ ਕੋਈ ਨਹੀਂ। ਤੁਸੀਂ 50 ਬਚਿਆਂ ਮਗਰ ਇਕ ਟੀਚਰ ਦੇਣਾ ਹੈ, ਇਸ ਤਰ੍ਹਾਂ ਬਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁਦਾ ਹੈ। ਕੀ ਮਨਿਸਟਰ ਸਾਹਿਬ ਇਸ ਦਾ ਕੋਈ ਇਲਾਜ਼ ਕਰਨਗੇ ?

**ਮੰਤਰੀ:** ਸਪੀਕਰ ਸਾਹਿਬ, ਕਿਸੇ ਟੀਚਰ ਦੀ ਛੁੱਟੀ ਹੋਵੇ ਤਾਂ ਦੂਸਰੇ ਟੀਚਰ ਦੀ ਡਿਊਟੀ ਲਗ ਜਾਂਦੀ ਹੈ। ਜੇਕਰ ਕੋਈ ਐਸੀ ਗੱਲ ਹੈ ਤਾਂ ਇਹ ਮੈਨੂੰ ਦਸ ਦੇਣ। ਪਰ ਇਸ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਸ਼ਨ ਸਿੰਘ ਕੇ.ਪੀ.** : ਸਪੀਕਰ ਸਾਹਿਬ, ਜਿਨ੍ਹਾਂ ਪ੍ਰਾਇਮਰੀ ਸਕੂਲਾਂ ਵਿਚ ਜ਼ਿਆਦਾ ਬੱਚੇ ਹੋ ਗਏ ਹਨ ਉਹ ਪ੍ਰਾਇਮਰੀ ਤੋਂ ਮਿਡਲ ਸਕੂਲ ਬਣਾ ਦਿਤੇ ਗਏ ਹਨ, ਪਰ ਉਨ੍ਹਾਂ ਸਕੂਲਾਂ ਵਿਚ ਟੀਚਰਾਂ ਦੀ ਕਮੀ ਹੈ। ਕੀ ਵਿਦਿਆ ਮੰਤਰੀ ਜੀ ਉਨ੍ਹਾਂ ਸਕੂਲਾਂ ਵਿਚ ਜਿਥੇ ਟੀਚਰਾਂ ਦੀ ਕਮੀ ਹੈ, ਉਥੇ ਜਲਦੀ ਤੋਂ ਜਲਦੀ ਟੀਚਰਾਂ ਦੀ ਘਾਟ ਨੂੰ ਪੂਰਾ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਜੋ ਮੇਰੇ ਦੋਸਤ ਆਨਰੇਬਲ ਮੈਂਬਰ ਨੇ ਕਿਹਾ ਹੈ ਅਤੇ ਹੋਰ ਬਹੁਤ ਸਾਰੀਆਂ ਗਲਾਂ ਨੂੰ ਮੁੱਖ ਰਖਦੇ ਹੋਏ ਇਸ ਤੇ ਵਿਚਾਰ ਕੀਤਾ ਜਾ ਰਿਹਾ ਹੈ।

**Mr. Speaker** : Next question.

**ਮਾਸਟਰ ਬਾਬੂ ਸਿੰਘ** : ਸਪਲੀਮੈਂਟਰੀ ਸਰ। ਸਪੀਕਰ ਸਾਹਿਬ, ਇਕ ਸਕੂਲ ਵਿਚ 49 ਲੜਕੇ ਹਨ ਤਾਂ ਉਥੇ ਇਕ ਟੀਚਰ ਹੈ ਪਰ ਇਕ ਟੀਚਰ ਪੰਜ ਕਲਾਸਾਂ ਨੂੰ ਕਿਵੇਂ ਪੜ੍ਹਾ ਸਕਦਾ ਹੈ ? (ਵਿਘਨ)

**ਸ੍ਰੀ ਸਪੀਕਰ** : ਮਾਸਟਰ ਜੀ, ਜੇ ਕਰ 9 ਸਪਲੀਮੈਂਟਰੀਜ਼ ਕਰਨ ਤੋਂ ਬਾਅਦ ਵੀ ਇਕ ਸਵਾਲ ਤੇ ਇੰਪਾਰਟੈਂਟ ਚੀਜ਼ਾਂ ਕਵਰ ਨਹੀਂ ਹੋ ਸਕੀਆਂ ਤਾਂ ਫਿਰ ਬੜੇ ਅਫਸੋਸ ਦੀ ਗੱਲ ਹੈ। ਬਹੁਤ ਸਾਰੇ ਸਵਾਲ ਹੁੰਦੇ ਹਨ ਅਤੇ ਮੇਰੀ ਕੋਸ਼ਿਸ਼ ਵੀ ਇਹੀ ਹੁੰਦੀ ਹੈ ਕਿ ਸਾਰੇ ਸਵਾਲ ਮੁੱਕ ਜਾਣ। (ਵਿਘਨ) ਮਾਸਟਰ ਬਾਬੂ ਸਿੰਘ ਜੀ, ਮੈਨੂੰ ਅਫਸੋਸ ਹੈ (ਵਿਘਨ) ਮੈਂ ਨੈਕਸਟ ਕੁਐਸਚਨ ਕਾਲ ਅਪਾਨ ਕਰ ਲਿਆ ਹੈ।

---

**ਰਾਜ ਦੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਤੇ ਦਫਤਰਾਂ ਵਿਚ ਕੰਮ ਕਰ ਰਿਹਾ ਦਫਤਰੀ ਅਮਲਾ**

*23. **ਮਾਸਟਰ ਬਾਬੂ ਸਿੰਘ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦਸਣਗੇ ਕਿ :—

(ੳ) ਰਾਜ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਦੇ ਦਫ਼ਤਰਾਂ ਵਿੱਚ ਇਸ ਵਕਤ ਕੰਮ ਕਰ ਰਹੇ ਦਫਤਰੀ ਅਮਲੇ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਕਿੰਨੀ ਹੈ ;

(ਅ) ਕਲੰਡਰੀ ਸਾਲਾਂ 1977, 1978, 1979 ਅਤੇ 1980 (ਅੱਜ ਤੱਕ) ਦੇ ਦੌਰਾਨ ਉਕਤ ਅਮਲੇ ਨੇ ਜਿਨ੍ਹਾਂ ਅਸਾਮੀਆਂ ਤੇ ਕੰਮ ਕੀਤਾ ਉਨ੍ਹਾਂ ਦੀ ਸ਼੍ਰੇਣੀਵਾਰ ਗਿਣਤੀ ਕਿੰਨੀ ਕਿੰਨੀ ਹੈ ;

(ੲ) ਕੀ ਸਕੂਲਾਂ ਦੀ ਵੱਧ ਰਹੀ ਗਿਣਤੀ ਦੇ ਅਨੁਪਾਤ ਅਨੁਸਾਰ ਦਫਤਰੀ ਅਮਲੇ ਦੀਆਂ ਅਸਾਮੀਆਂ ਦੀ ਗਿਣਤੀ ਵੀ ਵੱਧਦੀ ਰਹੀ ਹੈ ; ਜੇਕਰ ਨਹੀਂ ਤਾਂ ਅਮਲੇ ਨੂੰ ਵਧਾਉਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੇ ਜਾਣ ਦਾ ਵਿਚਾਰ ਹੈ ਤਾਂ ਜੋ ਕੰਮ ਦਾ ਨੁਕਸਾਨ ਨਾ ਹੋਵੇ ?

**ਸਰਦਾਰ ਹਰਚਰਨ ਸਿੰਘ** (ੳ) ਅਤੇ (ਅ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੲ) ਨਹੀਂ ਜੀ। ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਸੂਚਨਾ**

| ਭਾਗ—ੳ | | ਭਾਗ —ਅ | 1977 | 1978 | 1979 | 1980 |
|---|---|---|---|---|---|---|
| (1) ਸੁਪਰਡੰਟ ਗਰੇਡ 2 | 12 | (1) ਸੁਪਰਡੰਟ ਗਰੇਡ 2 | 12 | 12 | 12 | 12 |
| (2) ਸੁਪਰਡੰਟ ਗਰੇਡ 4 | 32 | (2) ਸੁਪਰਡੰਟ ਗਰੇਡ 4 | 32 | 32 | 32 | 32 |

Original with;
Punjab Vidhan Sabha
Digitized by;
Panjab Digital Library

| | | | | 1977 | 1978 | 1979 | 1980 |
|---|---|---|---|---|---|---|---|
| (3) ਸਹਾਇਕ | 144 | (3) ਸਹਾਇਕ | | 125 | 125 | 132 | 144 |
| (4) ਅੰਕੜਾ ਸਹਾਇਕ | 2 | (4) ਅੰਕੜਾ ਸਹਾਇਕ | | 2 | 2 | 2 | 2 |
| (5) ਸਟੈਨੋਗਰਾਫਰ | 24 | (5) ਸਟੈਨੋਗਰਾਫਰ | | 24 | 24 | 24 | 24 |
| (6) ਸਟੈਨੋ ਟਾਈਪਿਸਟ | 12 | (6) ਸਟੈਨੋ ਟਾਈਪਿਸਟ | | ... | ... | ... | 12 |
| (7) ਕਲਰਕ (ਸਮੇਤ ਕਮਪਿਊਟਰ ਅਤੇ ਜੂਨੀਅਰ ਆਡੀਟਰ) | 347 | (7) ਕਲਰਕ (ਸਮੇਤ ਕਮਪਿਊਟਰ ਅਤੇ ਜੂਨੀਅਰ ਆਡੀਟਰ) | | 335 | 335 | 335 | 347 |

**ਮਾਸਟਰ ਬਾਬੂ ਸਿੰਘ**: ਸਪੀਕਰ ਸਾਹਿਬ, ਜਿਹੜਾ ਪਹਿਲਾਂ ਸਟਾਫ ਇੱਕਵਾਰ ਸੈਂਕਸ਼ਨ ਹੋਇਆ ਸੀ ਹੁਣ ਵੀ ਉਥੇ ਉਹੀ ਸਟਾਫ ਕੰਮ ਕਰ ਰਿਹਾ ਹੈ ਜਦੋਂ ਕਿ ਸਕੂਲਾਂ ਵਿਚ ਵਰਕ ਲੋਡ ਵੱਧ ਗਿਆ ਹੈ। ਸਕੂਲਾਂ ਦੀ ਗਿਣਤੀ ਦਿਨੋ ਦਿਨ ਵੱਧ ਰਹੀ ਹੈ ਪਰ ਸਟਾਫ ਉਹੀ ਪਿਛਲੇ ਸਾਲਾਂ ਵਾਲਾ ਹੈ ਜੋ 1977 ਤੋਂ ਚਲਿਆ ਆ ਰਿਹਾ ਹੈ ਇਸ ਵਿਚ ਕੋਈ ਵਾਧਾ ਨਹੀਂ ਹੋਇਆ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਵਰਕ ਲੋਡ ਨੂੰ ਦੇਖਦੇ ਹੋਏ ਅਤੇ ਸਕੂਲਾਂ ਦੀ ਗਿਣਤੀ ਨੂੰ ਦੇਖਦੇ ਹੋਏ ਕੀ ਸਟਾਫ ਵਿਚ ਹੋਰ ਬੜ੍ਹੋਤਰੀ ਕਰਨਗੇ ?

**ਮੰਤਰੀ**: ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਮਾਸਟਰ ਬਾਬੂ ਸਿੰਘ ਜੀ ਨੇ ਕਿਹਾ ਹੈ ਕਿ ਉਹੀ ਸਟਾਫ 1977 ਵਾਲਾ ਚਲਿਆ ਆ ਰਿਹਾ ਹੈ ਅਤੇ ਹੁਣ ਤਕ ਕੋਈ ਫਰਕ ਨਹੀਂ ਪਿਆ। ਇਹ ਸਾਰੀ ਇਨਫਰਮੇਸ਼ਨ ਆਪ ਫਿਰ ਵੇਖ ਲੈਣ ਤਾਂ ਇਨ੍ਹਾਂ ਨੂੰ ਆਪਣੇ ਆਪ ਹੀ ਮਹਿਸੂਸ ਹੋਵੇਗਾ ਕਿ ਸਟਾਫ ਇਨਕਰੀਜ਼ ਹੋਇਆ ਹੈ।

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੰਮ ਬਹੁਤ ਵੱਧ ਰਿਹਾ ਹੈ ਅਤੇ ਸਟਾਫ ਦੀ ਬਹੁਤ ਕਮੀ ਹੈ, ਕੀ ਮਨਿਸਟਰ ਸਾਹਿਬ ਹੋਰ ਸਟਾਫ ਦੇ ਕੇ ਇਨ੍ਹਾਂ ਔਕੜਾਂ ਨੂੰ ਦੂਰ ਕਰਨਗੇ ?

**ਮੰਤਰੀ**: ਸਪੀਕਰ ਸਾਹਿਬ, ਸਟਾਫ ਇਨਸਪੈਕਸ਼ਨ ਯੂਨਿਟ ਹੁੰਦਾ ਹੈ ਜੋ ਕਿ ਵਰਕ ਲੋਡ ਨੂੰ ਵੇਖ-ਦਾ ਹੈ ਅਤੇ ਤਜਵੀਜ਼ਾਂ ਦਿੰਦਾ ਹੈ। ਉਹ ਵੇਖਦਾ ਹੈ ਕਿ ਸਟਾਫ ਦੀ ਹੋਰ ਲੋੜ ਹੈ ਜਾਂ ਨਹੀਂ ਅਤੇ ਵਰਕ ਲੋਡ ਵੱਧ ਗਿਆ ਹੈ ਜਾਂ ਨਹੀਂ। ਇਨ੍ਹਾਂ ਸਾਰੀਆਂ ਗਲਾਂ ਬਾਰੇ, ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਮਾਮਲਾ ਰੀ-ਕਨਸਿਡਰ ਕਰ ਰਹੇ ਹਾਂ ਅਤੇ ਵੱਖਰਾ ਕੇਸ ਵਿਚਾਰ ਅਧੀਨ ਹੈ।

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ**: ਸਪੀਕਰ ਸਾਹਿਬ, ਪ੍ਰਾਇਮਰੀ ਸਕੂਲ ਬਲਾਕ ਵਿਚ ਜਿਹੜੇ ਹਨ, ਉਥੇ ਹੁਣ ਵੀ ਤਕਰੀਬਨ ਦੋ, ਦੋ ਸੌ ਜਾਂ ਢਾਈ, ਢਾਈ ਸੌ ਟੀਚਰਜ਼ ਕੰਮ ਕਰਦੇ ਹਨ ਅਤੇ ਉਥੇ ਸਿਰਫ ਇਕ ਕਲਰਕ ਕੰਮ ਕਰਦਾ ਹੈ ਪਰ ਇਕ ਹਾਈ ਸਕੂਲ ਵਿਚ 15, 20 ਦੇ ਕਰੀਬ ਟੀਚਰਜ਼ ਕੰਮ ਕਰਦੇ ਹਨ ਅਤੇ ਉਥੇ ਵੀ ਇੱਕ ਕਲਰਕ ਹੀ ਕੰਮ ਕਰਦਾ ਹੈ। ਕੀ ਵਿਦਿਆ ਮੰਤਰੀ ਜੀ ਬਲਾਕ ਐਜੂਕੇਸ਼ਨ ਦਫਤਰਾਂ ਵਿਚ ਇੱਕ ਇੱਕ ਕਲਰਕ ਦੇ ਨਾਲ ਇਕ ਇੱਕ ਅਸਿਸਟੈਂਟ ਦੀ ਪੋਸਟ ਕਰੀਏਟ ਕਰਨਗੇ, ਜਿਸ ਤਰ੍ਹਾਂ ਕਿ ਸਕੱਤਰੇਤ ਵਿਚ ਇੱਕ ਅਸਿਸਟੈਂਟ ਨਾਲ ਇੱਕ ਕਲਰਕ ਲੱਗਾ ਹੁੰਦਾ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਮੈਂ ਇਸ ਬਾਰੇ ਆਨਰੇਬਲ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਮੈਂ ਇਸ ਬਾਰੇ ਬੜਾ ਕਲੀਅਰ ਕਿਹਾ ਸੀ ਕਿ ਇਸ ਕੇਸ ਤੇ ਜਦੋਂ ਵਿਚਾਰ ਕੀਤਾ ਜਾਵੇਗਾ ਤਾਂ ਸਾਰੀਆਂ ਗੱਲਾਂ ਨੂੰ ਸਾਹਮਣੇ ਰਖਿਆ ਜਾਵੇਗਾ।

**ਕੁਮਾਰੀ ਸ਼ਰਲਾ ਪ੍ਰਾਸ਼ਰ :** ਸਪੀਕਰ ਸਾਹਿਬ, ਜਿਸ ਅਨੁਪਾਤ ਨਾਲ ਟੀਚਰਾਂ ਸਕੂਲਾਂ ਵਿਚ ਕੰਮ ਕਰਦੀਆਂ ਹਨ ਕੀ ਉਸ ਅਨੁਪਾਤ ਨਾਲ ਬਲਾਕ ਸਿਖਿਆ ਅਫਸਰ ਜਾਂ ਹੋਰ ਅਫਸਰਾਂ ਨੂੰ ਲਿਆ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਹੁਣ ਤੁਸੀਂ ਆਪ ਦਸੋ ਕਿ ਕੀ ਇਸ ਸਵਾਲ ਵਿਚੋਂ ਇਹ ਸਪਲੀਮੈਂਟਰੀ ਉਠਦੀ ਹੈ ?

**ਮਾਸਟਰ ਬਾਬੂ ਸਿੰਘ :** ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਉਂਕਿ ਜਵਾਬ ਵਿਚ ਕਿਹਾ ਗਿਆ ਹੈ ਕਿ 1977 ਅਤੇ ਹੋਰ ਸਾਲਾਂ ਦੇ ਅੰਕੜਿਆਂ ਵਿਚ ਫਰਕ ਹੈ, ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸੁਪਰਡੰਟ ਗਰੇਡ II 1977 ਵਿਚ 12 ਅਤੇ 1980 ਵਿਚ ਵੀ 12 ਹਨ। ਇਸੇ ਤਰ੍ਹਾਂ ਹੀ ਸੁਪਰਡੰਟ ਗਰੇਡ IV 1977 ਵਿਚ 32 ਅਤੇ 1980 ਵਿਚ ਵੀ 32 ਦਿਖਾਏ ਗਏ ਹਨ। ਕੀ ਡਿਫਰੈਂਸ ਹੈ ਇਸ ਵਿਚ ਇਹ ਵਜ਼ੀਰ ਸਾਹਿਬ ਦੇਖ ਲੈਣ। ਦੂਜੇ ਪਾਸੇ ਬੀਬੀ ਜੀ ਨੇ ਬੀ.ਈ.ਓ.ਜ਼. ਬਾਰੇ ਕਿਹਾ ਹੈ ਕਿ ਬੀਬੀਆਂ ਹੋਣੀਆਂ ਚਾਹੀਦੀਆਂ ਹਨ। ਪਰ ਮੈਂ ਤਾਂ ਇਹ ਕਹਿੰਦਾ ਹਾਂ ਕਿ ਮਨਿਸਟਰਜ਼ ਵੀ ਬੀਬੀਆਂ ਵਿਚੋਂ ਬਣਾ ਦੇਣ।

**ਮੰਤਰੀ :** ਜਿਹੜੀ ਇਨਫਰਮੇਸ਼ਨ ਦਿੱਤੀ ਗਈ ਹੈ, ਉਸ ਅਨੁਸਾਰ 1980 ਵਿਚ ਜਿਥੋਂ ਤਕ ਕਲਰਕਸ ਦੀ ਪੁਜ਼ੀਸ਼ਨ ਦਾ ਤੁਅੱਲਕ ਹੈ ਇਹ 335 ਤੋਂ 347 ਹੋ ਗਏ ਹਨ। ਇਸ ਤੋਂ ਇਲਾਵਾ ਸਟੈਨੋ ਟਾਈਪਿਸਟ ਜਿਹੜੇ ਕਿ ਪਿਛੇ ਨਹੀਂ ਦਿੱਤੇ ਗਏ ਸੀ, ਉਹ 1980 ਵਿਚ 12 ਐਡੀਸ਼ਨਲੀ ਦਿੱਤੇ ਗਏ। ਅਸਿਸਟੈਂਟਸ 132 ਦੀ ਬਜਾਏ 144 ਕਰ ਦਿੱਤੇ ਗਏ। ਇਹ ਵਾਧਾ ਬਹੁਤ ਟਰਾਂਸਪੇਅਰੈਂਟ ਹੈ।

**ਸਰਦਾਰ ਦਲੀਪ ਸਿੰਘ ਪਾਂਧੀ :** ਇੱਕ ਕਮਪਲਸਰੀ ਐਜੂਕੇਸ਼ਨ ਐਕਟ ਬਣਿਆ ਸੀ ਉਸ ਅਧੀਨ ਬੱਚੇ ਪੜ੍ਹਣ ਵਾਲੇ ਕਾਗਜ਼ਾਂ ਵਿਚ ਤਾਂ 40 ਦਿਖਾਏ ਜਾਂਦੇ ਸਨ ਅਤੇ ਐਕਚੁਅਲੀ ਹੁੰਦੇ 20 ਸਨ। ਪਿਛਲੀ ਸਰਕਾਰ ਵੇਲੇ ਬਹੁਤ ਸਕੂਲ ਅਪਗਰੇਡ ਹੋਏ ਸਨ, ਜਿਸ ਕਰਕੇ ਦਫਤਰੀ ਕੰਮ ਕਾਜ ਕਾਫੀ ਵਧ ਗਿਆ ਸੀ। ਇਸ ਵੇਲੇ ਪੁਜ਼ੀਸ਼ਨ ਇਹ ਹੈ ਕਿ ਦਫਤਰਾਂ ਵਿਚ ਟੀਚਰਜ਼ ਲਗੇ ਹੋਏ ਹਨ, ਜਿਨ੍ਹਾਂ ਦੀ ਜਗ੍ਹਾ ਸਕੂਲਾਂ ਵਿਚ ਹੋਣੀ ਚਾਹੀਦੀ ਹੈ ਔਰ ਇਨ੍ਹਾਂ ਦੀ ਬਜਾਏ ਹੋਰ ਸਟਾਫ ਦੇਣਾ ਚਾਹੀਦਾ ਹੈ। ਕੀ ਵਜ਼ੀਰ ਸਾਹਿਬ ਇਸ ਵਲ ਤਵੱਜੋ ਦੇ ਕੇ ਦਫਤਰਾਂ ਵਿੱਚ ਜ਼ਰੂਰੀ ਸਟਾਫ ਵਧਾਉਣ ਦਾ ਯਤਨ ਕਰਨਗੇ ?

**ਮੰਤਰੀ :** ਮੈਂ ਦੱਸਿਆ ਹੈ ਕਿ ਹਰ ਪੱਖੋਂ ਇਹ ਚੀਜ਼ ਵਿਚਾਰ ਲਈ ਜਾਏਗੀ। ਸਟਾਫ ਇਨਸਪੈਕਸ਼ਨ ਯੂਨਿਟ ਦੀ ਰਿਪੋਰਟ ਆਉਣ ਤੇ ਯੋਗ ਐਕਸ਼ਨ ਜ਼ਰੂਰ ਲਿਆ ਜਾਏਗਾ।

### Per head Quota of Sugar in the State

***48. Sardar Atma Singh :** Will the Chief Minister be pleased to state:—

(a) whether it is a fact that the Government had announced that sugar at the rate of 800 grams per head would be supplied in the month of May, 1980;

Original with;
Punjab Vidhan Sabha
Digitized by;
Panjab Digital Library

(b) whether it is also a fact that the people in the State have not so far been supplied the said quota; if so, the reasons thereof;

(c) the time by which the Government propose to supply the said quota?

**ਸਰਦਾਰ ਦਰਬਾਰਾ ਸਿੰਘ :** (ੳ) ਹਾਂ ਜੀ।

(ਅ) ਮਈ, 1980 ਵਿਚ ਬਹੁਤ ਸਾਰੇ ਕਾਰਡ ਹੋਲਡਰਜ਼ ਨੂੰ 800 ਗ੍ਰਾਮ ਪ੍ਰਤੀ ਜੀਅ ਲੇਵੀ ਸੂਗਰ ਮਿਲੀ ਹੈ ਪਰ ਭਾਰਤ ਸਰਕਾਰ ਤੋਂ ਖੰਡ ਦੀ ਅਲਾਟਮੈਂਟ ਘਟ ਹੋਣ ਕਰਕੇ ਸਾਰੇ ਕਾਰਡ ਹੋਲਡਰਜ਼ ਨੂੰ ਇਸ ਸਕੇਲ ਤੇ ਖੰਡ ਸਪਲਾਈ ਕਰਨਾ ਯਕੀਨੀ ਨਹੀਂ ਬਣਾਇਆ ਜਾ ਸਕਿਆ।

(ੲ) ਸਰਕਾਰ ਦੇ ਵਿਚਾਰ ਅਧੀਨ ਇਹੋ ਜਿਹੀ ਕੋਈ ਤਜ਼ਵੀਜ ਨਹੀਂ ਕਿਉਂਕਿ ਮਹੀਨੇ ਦੇ ਖਤਮ ਹੋਣ ਤੇ ਕੋਟਾ ਲੈਪਸ ਹੋ ਜਾਂਦਾ ਹੈ।

**ਸਰਦਾਰ ਆਤਮਾ ਸਿੰਘ :** ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਮਹੀਨਾ ਅਪ੍ਰੈਲ ਵਿਚ 400 ਗਰਾਮ ਪ੍ਰਤੀ ਜੀਅ ਖੰਡ ਦੇਣ ਦਾ ਕੋਟਾ ਸੀ ਅਤੇ ਮਹੀਨਾ ਜੂਨ ਵਿਚ ਵੀ 400 ਗਰਾਮ ਪ੍ਰਤੀ ਜੀਅ ਦਾ ਕੋਟਾ ਸੀ। ਕੀ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਕੇਵਲ ਮਹੀਨਾਂ ਮਈ, 1980 ਵਿਚ 800 ਗਰਾਮ ਪਰ ਹੈਡ ਖੰਡ ਦੇਣ ਦਾ ਕੋਟਾ ਕਿਉਂ ਕੀਤਾ ਗਿਆ ਸੀ ?

**ਮੁੱਖ ਮੰਤਰੀ :** ਕਿਉਂਕਿ ਇਸ ਦੀ ਅਵੇਲੇਬਿਲਿਟੀ ਜਿਹੜੀ ਸੀ ਉਹ ਮਹਿਸੂਸ ਹੁੰਦੀ ਸੀ ਕਿ ਹੋ ਜਾਏਗੀ, ਤਾਂ ਕੀਤਾ ਸੀ।

**ਸਰਦਾਰ ਆਤਮਾ ਸਿੰਘ :** ਕੀ ਇਹ ਗਲ ਠੀਕ ਹੈ ਕਿ ਮਹੀਨਾਂ ਮਈ, 1980 ਵਿਚ ਚੋਣਾਂ ਸਨ, ਵੋਟਰਾਂ ਨੂੰ ਲਾਲਚ ਦੇਣ ਲਈ 800 ਗ੍ਰਾਮ ਪ੍ਰਤੀ ਜੀਅ ਦਾ ਕੋਟਾ ਕੀਤਾ ਗਿਆ ਅਤੇ ਜਦੋਂ ਚੋਣਾਂ ਖਤਮ ਹੋ ਗਈਆਂ ਤਾਂ ਉਹ ਬੰਦ ਕਰ ਦਿੱਤਾ ਗਿਆ ?

**ਮੁੱਖ ਮੰਤਰੀ :** ਇਸ ਵਿਚ ਕੋਈ ਤੱਤ ਨਹੀਂ ਹੈ।

**ਸਰਦਾਰ ਆਤਮਾ ਸਿੰਘ :** ਮੁੱਖ ਮੰਤਰੀ ਜੀ ਨੇ ਫਰਮਾਇਆ (ਵਿਘਨ)

**ਸਰਦਾਰ ਨੱਥਾ ਸਿੰਘ ਦਾਲਮ :** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਕਤ ਵਧੇਰੇ ਖੰਡ ਦੇਣ ਦਾ ਇਲਾਨ ਤਾਂ ਕੀਤਾ ਗਿਆ ਸੀ ਕਿ ਚੋਣਾਂ ਵਿਚ ਕਾਂਗਰਸ (ਆਈ) ਦੇ ਉਮੀਦਵਾਰਾਂ ਦੇ ਚਾਂਸਿਜ਼ ਵਧ ਜਾਣ ?

**ਮੁੱਖ ਮੰਤਰੀ :** ਇਸ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ।

**ਸਰਦਾਰ ਆਤਮਾ ਸਿੰਘ :** ਅਗਰ ਸਰਕਾਰ ਨੂੰ ਇਸ ਗੱਲ ਦਾ ਯਕੀਨ ਨਹੀਂ ਸੀ ਕਿ ਭਾਰਤ ਸਰਕਾਰ ਤੋਂ ਖੰਡ ਦਾ ਕੋਟਾ ਨਹੀਂ ਮਿਲਣਾ ਤਾਂ ਫਿਰ ਇਥੇ ਖੰਡ ਦਾ ਕੋਟਾ ਵਧਾਉਣ ਦਾ ਇਲਾਨ ਕਿਉਂ ਕੀਤਾ ਗਿਆ ?

**ਮੁੱਖ ਮੰਤਰੀ :** ਭਾਰਤ ਸਰਕਾਰ ਨੇ ਜਿਹੜਾ ਸੂਗਰ ਮਿੱਲ ਦਾ ਐਲਾਨ ਕੀਤਾ ਸੀ, ਉਸ ਪਾਸੋਂ ਕੋਟਾ ਵਾਜਬ ਨਹੀਂ ਨਿਕਲਿਆ।

**ਸ਼੍ਰੀ ਸੁਰਿੰਦਰ ਕਪੂਰ :** ਖੰਡ ਦਾ ਜੋ ਕੋਟਾ ਹੈ, ਉਹ ਪਹਿਲਾਂ ਵੀ 800 ਗ੍ਰਾਮ ਪ੍ਰਤੀ ਜੀਅ ਮਿਲਦਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਜਨਵਰੀ, ਫਰਵਰੀ ਵਿਚ ਜ਼ਰੂਰ ਕੋਟਾ 400 ਗਰਾਮ ਪ੍ਰਤੀ ਜੀਅ ਸੀ ਲੇਕਿਨ ਮਾਰਚ ਵਿਚ ਇਹ 600 ਗ੍ਰਾਮ ਪ੍ਰਤੀ ਜੀਅ ਕੀਤਾ ਗਿਆ ਔਰ ਉਦੋਂ ਕੋਈ ਇਲੈਕਸ਼ਨਜ਼ ਨਹੀਂ ਸਨ। ਅਪ੍ਰੈਲ ਵਿਚ ਖੰਡ ਘਟ ਹੋਣ ਕਰਕੇ 400 ਗ੍ਰਾਮ ਪ੍ਰਤੀ ਜੀਅ ਦਾ ਕੋਟਾ ਕਰ ਦਿੱਤਾ ਗਿਆ। ਮਈ ਵਿਚ ਸਾਨੂੰ ਖਿਆਲ ਸੀ ਕਿ ਜ਼ਿਆਦਾ ਕੋਟਾ ਮਿਲ ਜਾਏਗਾ, ਜਿਸ ਲਈ 800 ਗਰਾਮ ਪ੍ਰਤੀ ਜੀ ਦਾ ਕੋਟਾ ਕਰ ਦਿੱਤਾ ਗਿਆ ।

**ਸਰਦਾਰ ਜਗਦੇਵ ਸਿੰਘ ਜੱਸੋਵਾਲ**: ਗੰਨੇ ਦਾ ਪੰਜਾਬ ਵਿਚ ਘੱਟ ਉਤਪਾਦਨ ਹੋਣ ਕਾਰਣ ਖੰਡ ਘਟ ਬਣੀ। ਇਸ ਉਤਪਾਦਨ ਦੇ ਘੱਟ ਹੋਣ ਦਾ ਕਾਰਣ ਇਹ ਸੀ ਕਿ ਪੰਜਾਬ ਦੇ ਕਿਸਾਨ ਨੇ ਗੰਨੇ ਦੀ ਪੈਦਾ ਘੱਟ ਕਰ ਦਿੱਤੀ। ਕੀ ਮੁੱਖ ਮੰਤਰੀ ਸਾਹਿਬ ਹਾਊਸ ਨੂੰ ਇਸ ਗੱਲ ਦਾ ਭਰੋਸਾ ਦਿਵਾਉਣਗੇ ਕਿ ਪੰਜਾਬ ਵਿਚ ਗੰਨੇ ਦੀ ਪੈਦਾਵਾਰ ਨੂੰ ਉਤਸ਼ਾਹ ਦੇਣ ਲਈ ਕਿਸਾਨਾਂ ਨੂੰ ਗੰਨਾਂ ਬੀਜਣ ਵਾਸਤੇ ਕੋਈ ਸਹੂਲਤਾਂ ਦਿੱਤੀਆਂ ਜਾਣਗੀਆਂ ? ਕੀ ਪੰਜਾਬ ਅੰਦਰ ਸ਼ੂਗਰ ਮਿਲ ਪਬਲਿਕ ਸੈਕਟਰ ਵਿਚ ਲਗਾਉਣ ਬਾਰੇ ਕੋਈ ਐਲਾਨ ਕਰਨਗੇ ਤਾਕਿ ਚੀਨੀ ਵਧ ਮਾਤਰਾ ਵਿਚ ਮਿਲ ਸਕੇ ?

**ਮੁੱਖ ਮੰਤਰੀ** : ਭਾਵੇਂ ਇਸ ਗੱਲ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ, ਪਰ ਫਿਰ ਵੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਜੋ ਅੱਗੇ ਆਲੂਆਂ ਦਾ ਹਾਲ ਹੋਇਆ ਸੀ ਉਹੀ ਹੀ ਗੰਨੇ ਦਾ ਹਾਲ ਹੋਇਆ ਸੀ। ਮੈਂ ਇਹ ਕਹਿੰਦਾ ਹਾਂ ਕਿ ਇਸ ਦਫਾ ਆਸ ਹੈ ਕਿ ਗੰਨੇ ਦੀ ਬਿਜਾਈ ਜ਼ਿਆਦਾ ਹੈ, ਜਿਸ ਨਾਲ ਇਸ ਸਾਲ ਜ਼ਿਆਦਾ ਖੰਡ ਮਿਲਣ ਦੀ ਆਸ ਹੈ।

**ਜਥੇਦਾਰ ਜੀਵਨ ਸਿੰਘ ਉਮਰਾਨੰਗਲ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੋਟੇ ਵਗੈਰਾ ਦੀ ਗੱਲ ਤਾਂ ਮਾਮੂਲੀ ਹੈ, ਮੈਂ ਤਾਂ ਇਹ ਪੁਛਣਾ ਚਾਹੁੰਦਾ ਹੈ ਕਿ ਬਾਦਲ ਸਾਹਿਬ ਦੇ ਰਾਜ ਵਿਚ ਖੰਡ 2 ਰੁਪਏ 60 ਪੈਸੇ ਕਿੱਲੋ ਦੇ ਹਿਸਾਬ ਨਾਲ ਵਿਕਦੀ ਰਹੀ ਪਰ ਸਰਦਾਰ ਦਰਬਾਰਾ ਸਿੰਘ ਦੇ ਰਾਜ ਵਿਚ ਖੰਡ 8 ਜਾਂ 9 ਰੁਪਏ ਕਿੱਲੋ ਦੇ ਹਿਸਾਬ ਨਾਲ ਮਿਲ ਰਹੀ ਹੈ, ਇਹ ਭਾਅ ਐਨੇ ਕਿਉਂ ਵਧਾਏ ਗਏ ਹਨ ? ਇਹ ਦੱਸਿਆ ਜਾਏ ਕਿ ਖੰਡ ਦੀ ਲਾਗਤ ਪੈਦਾਵਾਰ ਕੀ ਹੈ ? ਖੰਡ ਨੋ ਪਰਾਫਿਟ ਨੋ ਲਾਸ ਦੇ ਅਧਾਰ ਤੇ ਕਿਉਂ ਨਹੀਂ ਦਿੱਤੀ ਜਾਂਦੀ ? ਲਾਗਤ ਪੈਦਾਵਾਰ ਬਾਦਲ ਸਾਹਿਬ ਵੇਲੇ ਜਾਂ ਇਸ ਵੇਲੇ ਤਕਰੀਬਨ ਉਹੀ ਹੀ ਹੈ, ਪਰ ਚੀਨੀ ਦੇ ਭਾਅ ਅੱਗੇ ਨਾਲੋਂ ਹੁਣ ਕਿਉਂ ਐਨੇ ਵੱਧ ਗਏ ਹਨ ? ਮਿਲ ਮਾਲਕਾਂ ਨੂੰ ਐਨਾ ਭਾਰੀ ਮੁਨਾਫਾ ਕਮਾਉਣ ਦਾ ਜ਼ਰੀਆ ਦਿਤਾ ਗਿਆ ਹੈ, ਇਸ ਦੇ ਕੀ ਕਾਰਣ ਹਨ ? ਮੈਂ ਇਹ ਅਰਜ਼ ਕਰਦਾ ਹਾਂ ਕਿ ਇਹ ਇਕੱਲੇ ਇਕੱਲੇ ਸਵਾਲ ਦਾ ਜਵਾਬ ਦੇਣ। ਲੋਕ ਬਗੈਰ ਖੰਡ ਦੇ ਚਾਹ ਪੀ ਰਹੇ ਹਨ। ਲੋਕ ਵਿਚਾਰੇ ਲੂਣ ਪਾ ਕੇ ਚਾਹ ਪੀ ਰਹੇ ਹਨ, ਇਨ੍ਹਾਂ ਦਾ ਵੀ ਕੋਈ ਖਿਆਲ ਰਖਿਆ ਜਾਏ।

**ਮੁੱਖ ਮੰਤਰੀ** : ਭਾਵੇਂ ਇਸ ਬਾਰੇ ਸਵਾਲ ਉਠਦਾ ਹੈ ਜਾਂ ਨਹੀਂ ਪਰ ਮੈਂ ਜਵਾਬ ਦੇਣਾ ਚਾਹੁੰਦਾ ਹਾਂ। ਮੈਂਬਰ ਨੇ ਦੂਸ਼ਣ ਲਗਾਏ ਹਨ ਮੈਨੂੰ ਇਜਾਜ਼ਤ ਹੋਣੀ ਚਾਹੀਦੀ ਹੈ ਔਰ ਮੈਂ ਇਸ ਬਾਰੇ ਜਵਾਬ ਦੇਣਾ ਚਾਹੁੰਦਾ ਹਾਂ। ਗੰਨੇ ਦੇ ਬੀਜਣ ਬਾਰੇ ਸਰਕਾਰ ਨੇ ਕਦੇ ਇਸ ਗੱਲ ਦਾ ਤਖਮੀਨਾ ਨਹੀਂ ਲਗਾਇਆ ਕਿ ਆਉਣ ਵਾਲੇ ਸਮੇਂ ਵਿਚ ਕਿੰਨਾ ਗੰਨਾ ਪੀੜਿਆ ਜਾ ਸਕੇ ਅਤੇ ਕਿੰਨੀ ਖੰਡ ਮਿਲੇਗੀ। ਕਿਸ ਵੇਲੇ ਮਿੱਲ ਬੰਦ ਹੋ ਗਈ। ਮਿੱਲਾਂ ਕਿਸ ਤਰ੍ਹਾਂ ਨਾਲ ਤੇਜ਼ੀ ਨਾਲ ਚਲ ਸਕਦੀਆਂ ਹਨ। ਜਨਵਰੀ ਤੋਂ ਲੈਕੇ ਜੂਨ ਤਕ ਮਿੱਲਾਂ ਚਲਦੀਆਂ ਸਨ ਉਹ ਕਿਉਂ ਬੰਦ ਹੋ ਗਈਆਂ। ਉਸ ਤੋਂ ਪਹਿਲੇ ਸਾਲ ਵਿਚ ਗੰਨੇ ਦਾ ਜੋ ਹਾਲ ਹੋਇਆ ਉਹ ਸਭ ਨੂੰ ਪਤਾ ਹੈ। ਗੰਨਾ 4 ਜਾਂ 5 ਰੁਪਏ ਕੁਇੰਟਲ ਦੇ ਹਿਸਾਬ ਨਾਲ ਰੁਲਦਾ ਰਿਹਾ ਹੈ। ਪਹਿਲੀ ਸਰਕਾਰ ਨੇ (ਆਪੋਜ਼ੀਸ਼ਨ ਵਲ ਇਸ਼ਾਰਾ) ਇਸ ਬਾਰੇ ਕੀ ਪ੍ਰਬੰਧ ਕੀਤਾ ?

Original with;
Punjab Vidhan Sabha
Digitized by;
Panjab Digital Library

(ਸ਼ੇਮ, ਸ਼ੇਮ) ਸ੍ਰੀਮਾਨ ਜੀ, ਉਸ ਵੇਲੇ ਗੰਨਾ ਸਾੜਿਆ ਗਿਆ (ਸ਼ੋਰ) ਕੀ ਖੰਡ ਪੱਥਰਾਂ ਵਿਚੋਂ ਨਿਕਲਦੀ ਹੈ (ਵਿਘਨ)

**Sardar Surjit Singh Barnala:** It is not expected from the Chief Minister to make a wrong statement. I challenge the statement of the Chief Minister which he has made in the House. He is misleading the House. (*Interruption*)

**ਮੁੱਖ ਮੰਤਰੀ** : ਇਨ੍ਹਾਂ ਦੇ ਮੌਕੇ ਕਿਸਾਨ ਨੂੰ ਗੰਨੇ ਦਾ ਪੂਰਾ ਭਾਅ ਨਹੀਂ ਮਿਲਿਆ ਸੀ। (ਵਿਘਨ) ਕਿਸਾਨ ਨੂੰ ਪੂਰਾ ਭਾਅ ਨਾ ਮਿਲਿਆ, ਜਿਸ ਕਰਕੇ ਉਨ੍ਹਾਂ ਨੇ ਗੰਨਾ ਘੱਟ ਬੀਜਿਆ। (ਵਿਘਨ) (ਸ਼ੋਰ) ਖੰਡ ਬਾਹਰਲੇ ਪਾਸਿਆਂ ਨੂੰ ਚਲੀ ਗਈ। (ਵਿਘਨ) ਸਪੀਕਰ ਸਾਹਿਬ, ਮੈਂ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕੰਪਲੀਕੇਸ਼ਨ ਇਨ੍ਹਾਂ ਦੀ ਸਰਕਾਰ ਨੇ ਪੈਦਾ ਕੀਤੀ ਸੀ ਅਤੇ ਇਸ ਕਰਕੇ ਇਹ ਸਾਰੇ ਹਾਲਾਤ ਹੋਏ ਸਨ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬੋਲਣ ਲਈ ਖੜ੍ਹੇ ਹੋਏ।)

**ਜੱਥੇਦਾਰ ਜੀਵਨ ਸਿਘ ਉਮਰਾਨੰਗਲ** : ਖੰਡ 8-9 ਰੁਪਏ ਵਿਚ ਬਲੈਕ ਜਿੰਨੀ ਮਰਜ਼ੀ ਹੋਵੇ ਮਿਲ ਜਾਂਦੀ ਹੈ, ਪਰ ਢਾਈ ਰੁਪਏ ਵਿਚ ਨਹੀਂ ਮਿਲਦੀ। (ਵਿਘਨ) (ਸ਼ੋਰ)

**Sardar Surjit Singh Barnala** : Supplementary, Sir.

**ਸ੍ਰੀ ਸਪੀਕਰ** : ਮੈਂ ਅਰਜ਼ ਕਰਦਾ ਹਾਂ ਕਿ ਇਹ ਕੁਐਸ਼ਚਨ ਆਵਰ ਹੈ। ਕੁਐਸ਼ਚਨਜ਼ ਜਾਂ ਸਪਲੀਮੈਂਟਰੀਜ਼ ਮੁਖਤੱਸਰ ਹੋਣ ਅਤੇ ਉਸ ਦੇ ਜਵਾਬ ਵੀ ਮੁਖਤੱਸਰ ਹੋਣ ਤਾਂਕਿ ਸਾਰੇ ਸਵਾਲ ਹੋ ਸਕਣ, ਪਰ ਜੇਕਰ ਇਸ ਤਰ੍ਹਾਂ ਡਿਸਕੱਸ਼ਨ ਚੱਲ ਪਈ ਤਾਂ ਫਿਰ ਇਕ ਵੀ ਸਵਾਲ ਖਤਮ ਨਹੀਂ ਹੋਣਾ। ਮੈਂ ਹਾਊਸ ਦੇ ਦੋਨਾਂ ਪਾਸਿਆਂ ਦੇ ਵਿਧਾਇਕਾਂ ਨੂੰ ਨਿਵੇਦਨ ਕਰਦਾ ਹਾਂ ਕਿ ਉਹ ਮੇਰੀ ਇਸ ਨਿਵੇਦਨ ਨੂੰ ਪ੍ਰਵਾਨ ਕਰਨਗੇ। (ਵਿਘਨ) (ਸ਼ੋਰ) Next question by Comrade Raj Kumar.

**Sardar Surjit Singh Barnala** : Supplementary, Sir.

**Mr. Speaker** : It should be relevant.

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਇਹ ਰੈਲੇਵੈਂਟ ਹੀ ਹੋਵੇਗਾ। ਮੇਰਾ ਸਪਲੀਮੈਂਟਰੀ ਸੀ. ਐਮ. ਸਾਹਿਬ ਦੇ ਜਵਾਬ ਵਿਚੋਂ ਅਰਾਈਜ਼ ਹੁੰਦਾ ਹੈ। (ਵਿਘਨ) ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਗੰਨਾ 4-5 ਰੁਪਏ ਕੁਇੰਟਲ ਰੁਲਦਾ ਰਿਹਾ ਹੈ। (ਵਿਘਨ) ਸੀ.ਐਮ. ਸਾਹਿਬ ਉਹ ਜਗ੍ਹਾ ਦੱਸਣ ਕਿ ਕਿਹੜੀ ਜਗ੍ਹਾ ਤੇ 4-5 ਰੁਪਏ ਕੁਇੰਟਲ ਗੰਨਾ ਰੁਲਦਾ ਰਿਹਾ ਹੈ ? (ਵਿਘਨ) (ਸ਼ੋਰ)

**ਸ੍ਰੀ ਸਪੀਕਰ** : ਬਰਨਾਲਾ ਜੀ, ਇਹ ਤਾਂ ਫਿਰ ਉਹੀ ਗੱਲ ਹੋ ਗਈ। (ਵਿਘਨ) ਇਸ ਤਰ੍ਹਾਂ ਡਿਸਕਸ਼ਨ ਨਹੀਂ ਹੋਣੀ ਚਾਹੀਦੀ।

**Sardar Surjit Singh Barnala** : Sir, it is not a discussion. It arises from the answer given by the hon. Chief Minister in the House. I can ask him because he has made an absolutely wrong statement in the House.

ਮੇਰਾ ਸਪਲੀਮੈਂਟਰੀ ਇਹ ਹੈ ਕਿ ਕੀ ਸੀ.ਐਮ. ਸਾਹਿਬ ਇਹ ਦਸਣਗੇ ਕਿ ਪੰਜਾਬ ਵਿਚ ਕਿਹੜੀ ਜਗ੍ਹਾ ਤੇ ਗੰਨਾ 4-5 ਰੁਪਏ ਕੁਇੰਟਲ ਵਿਕਦਾ ਜਾਂ ਰੁਲਦਾ ਰਿਹਾ ਹੈ ? (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

**Mr. Speaker:** This is not a discussion. I move to the next question which stands in the name of Comrade Raj Kumar.

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਖੜੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਪੈ ਰਿਹਾ ਸੀ ਜਿਸ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ। )

**ਵੈਦ ਕਰਤਾਰ ਸਿੰਘ** : ਸੀ.ਐਮ. ਸਾਹਿਬ ਦੱਸਣ ਕਿ ਕਿਹੜੀ ਜਗ੍ਹਾ ਤੇ ਗੰਨਾ 4-5 ਰੁਪਏ ਕੁਇੰਟਲ ਰੁਲਦਾ ਰਿਹਾ ਹੈ। (ਵਿਘਨ) ਉਹ ਗੱਲਤ ਦੱਸ ਰਹੇ ਹਨ। (ਵਿਘਨ) (ਸ਼ੋਰ) ਗੰਨੇ ਦਾ ਇਹ ਭਾਅ ਕਦੇ ਵੀ ਨਹੀਂ ਹੋਇਆ।

**Mr Speaker** : Next question.

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਸੀ.ਐਮ. ਸਾਹਿਬ ਦੱਸਣ ਕਿ ਕਿਹੜੀ ਜਗ੍ਹਾ ਤੇ ਗੰਨਾ 4-5 ਰੁਪਏ ਕੁਇੰਟਲ ਰੁਲਦਾ ਰਿਹਾ ਹੈ। (ਵਿਘਨ) ਸੀ.ਐਮ. ਹਾਊਸ ਨੂੰ ਮਿਸਲੀਡ ਕਰ ਰਹੇ ਹਨ। ( (ਵਿਘਨ)

**Mr. Speaker** : Next question by Comrade Raj Kumar.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਹਾਊਸ ਵਿਚ ਇਕ ਰਿਵਾਜ ਹੋ ਗਿਆ ਹੈ ਗਲਤ ਬਿਆਨੀਆਂ ਕਰਨ ਦਾ। (ਵਿਘਨ) ਜੋ ਅਸੀਂ ਕਿਹਾ ਹੈ ਉਹ ਇਸ ਨੂੰ ਝੂਠ ਸਾਬਤ ਕਰਨ ਅਤੇ ਜੇ ਉਹ ਗਲਤ ਬਿਆਨੀ ਕਰਦੇ ਹਨ ਤਾਂ ਉਹ ਹਾਊਸ ਤੋਂ ਮੁਆਫੀ ਮੰਗਣ। (ਵਿਘਨ) ਹਾਊਸ ਵਿਚ ਸੱਚੀ ਗੱਲ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਹਾਊਸ ਵਿਚ ਗਲਤ ਜਵਾਬ ਦਿੱਤਾ ਹੈ। (ਵਿਘਨ)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਖੜੇ ਹੋ ਕੇ ਬੋਲ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਪੈ ਰਿਹਾ ਸੀ, ਜਿਸ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

**Mr. Speaker** : Next question by Comrade Raj Kumar (Interruption) (Noise)

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਸੀ.ਐਮ. ਨੇ ਹਾਊਸ ਵਿਚ ਗਲਤ ਸਟੇਟਮੈਂਟ ਦਿਤੀ ਹੈ। (ਵਿਘਨ)

**Mr. Speaker** : Next question No. 38 (Interruption) (Noise)

**ਸਰਦਾਰ ਆਤਮਾ ਸਿੰਘ**: ਸਪੀਕਰ ਸਾਹਿਬ, ਸੀ. ਐਮ. ਨੇ ਝੂਠ ਬੋਲਿਆ ਹੈ। ਉਹ ਆਪਣੇ ਲਫਜ਼ ਵਿਦਡਰਾ ਕਰਨ। (ਵਿਘਨ)

**ਵੈਦ ਕਰਤਾਰ ਸਿੰਘ** : ਸਾਡੇ ਮੌਕੇ ਤੇ ਕਿਸਾਨ ਨੂੰ ਗੰਨੇ ਦਾ ਠੀਕ ਭਾਅ ਮਿਲਦਾ ਰਿਹਾ ਸੀ। (ਵਿਘਨ) ਸੀ. ਐਮ. ਸਾਹਿਬ ਝੂਠ ਬੋਲੇ ਹਨ। (ਵਿਘਨ)

**ਸਰਦਾਰ ਆਤਮਾ ਸਿੰਘ** : ਸੀ. ਐਮ. ਨੇ ਜਿਹੜੀ ਗਲਤ ਗੱਲ ਕਹੀ ਹੈ, ਉਹ ਵਿਦਡਰਾ ਕਰਾਓ ਜੀ ਫਿਰ ਹੋਰ ਗੱਲ ਹੋਣੀ ਚਾਹੀਦੀ ਹੈ। (ਵਿਘਨ) (ਸ਼ੋਰ)

**ਵੈਦ ਕਰਤਾਰ ਸਿੰਘ** : ਉਹ ਕਹਿੰਦੇ ਹਨ ਕਿ ਗੰਨਾ 3-4 ਰੁਪਏ ਕਇੰਟਲ ਵਿਕਦਾ ਰਿਹਾ ਹੈ। ਕੀ ਉਹ ਦੱਸ ਸਕਦੇ ਹਨ ਕਿ ਕਿਹੜੀ ਜਗ੍ਹਾ ਤੇ 3-4 ਰੁਪਏ ਕੁਇੰਟਲ ਗੰਨਾ ਵਿਕਦਾ ਰਿਹਾ ਹੈ ? (ਵਿਘਨ) । ਇਹ ਹਾਊਸ ਨੂੰ ਗਲਤ ਦੱਸ ਰਹੇ ਹਨ ਤੇ ਮਿਸਲੀਡ ਕਰ ਰਹੇ ਹਨ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਲੀਡਰ ਆਫ ਦੀ ਆਪੋਜ਼ੀਸ਼ਨ ਨੇ ਜਿਹੜੀ ਗੱਲ ਕੀਤੀ ਹੈ, ਉਨ੍ਹਾਂ ਨੇ ਮੈਨੂੰ ਪੂਰੀ ਗੱਲ ਨਹੀਂ ਕਰਨ ਦਿੱਤੀ। ਮੈਂ ਮਹਿਸੂਸ ਕਰਦਾ ਹਾਂ ਕਿ ਗੰਨੇ ਦੀ ਇਕ ਅਲਹਿਦਾ ਗੱਲ ਹੈ। (ਵਿਘਨ) ਖੰਡ ਦਾ ਤੁਅੱਲਕ ਸਿਰਫ ਪੰਜਾਬ ਨਾਲ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਦੀ ਉਸ ਦੀ ਪੈਦਾਵਾਰ ਨੂੰ ਮੁੱਖ ਰੱਖ ਕੇ ਸਾਰੇ ਫੈਸਲੇ ਕੀਤੇ ਜਾਂਦੇ ਹਨ ਅਤੇ ਇਹ ਨਹੀਂ ਕਿ ਪੰਜਾਬ ਵਿਚ ਜਿਹੜੀ ਖੰਡ ਦੀ ਤੋਟ ਹੋਵੇ, ਉਹ ਇਕੱਲੇ ਪੰਜਾਬ ਨੇ ਹੀ ਪੂਰੀ ਕਰਨੀ ਹੁੰਦੀ ਹੈ। ਬਾਹਰ ਦੀਆਂ ਫੈਕਟਰੀਆਂ ਨੂੰ ਵੀ ਇੰਟੈਗਰੇਟ ਕਰਕੇ ਕੀਤਾ ਜਾਂਦਾ ਹੈ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ 4 ਰੁਪਏ ਕੁਇੰਟਲ ਗੰਨਾ ਯੂ.ਪੀ. ਵਿਚ ਸਾੜਿਆ ਗਿਆ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਬੋਲ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਪੈ ਰਿਹਾ ਸੀ, ਜਿਸ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ।)

**ਸਰਦਾਰ ਬਲਵੰਤ ਸਿੰਘ :** ਸਪੀਕਰ ਸਾਹਿਬ... (ਵਿਘਨ)

**ਸ੍ਰੀ ਸਪੀਕਰ :** ਸਰਦਾਰ ਬਲਵੰਤ ਸਿੰਘ ਜੀ, ਤੁਸੀਂ ਬੈਠੋ। ਮੈਂ ਬੇਨਤੀ ਕਰਦਾ ਹਾਂ ਕਿ ਕੁਐਸ਼ਚਨ ਆਵਰ ਤਾਂ ਇਸ ਕਰਕੇ ਮਖਸੂਸ ਕੀਤਾ ਜਾਂਦਾ ਹੈ ਕਿ ਤੁਸੀਂ ਸਵਾਲ ਕਰੋ ਅਤੇ ਉਨ੍ਹਾਂ ਸਵਾਲਾਂ ਦੇ ਤੁਹਾਨੂੰ ਜਵਾਬ ਮਿਲਣ ਅਤੇ ਲੋਕਾਂ ਨੂੰ ਪਤਾ ਚੱਲ ਸਕੇ ਕਿ ਸਰਕਾਰ ਕਿਸ ਤਰ੍ਹਾਂ ਚੱਲ ਰਹੀ ਹੈ। ਜੇ ਕੁਐਸ਼ਚਨ ਆਵਰ ਨੂੰ ਤੁਸੀਂ ਬਹਿਸ ਦਾ ਮੌਜ਼ੂ ਬਣਾ ਲਵੋਗੇ ਤਾਂ ਫਿਰ ਹਾਊਸ ਦੀ ਕਾਰਵਾਈ ਨਹੀਂ ਚਲੇਗੀ। ਮੈਂ ਸਾਰੇ ਵਿਧਾਇਕਾਂ ਨੂੰ ਫਿਰ ਬੇਨਤੀ ਕਰਦਾ ਹਾਂ ਕਿ ਬਹਿਸ ਕਰਨ ਵਾਸਤੇ ਤੁਹਾਨੂੰ ਬਹੁਤ ਅਪਰਚੂਨਿਟੀਜ਼ ਹਨ। ਜੇ ਤੁਸੀਂ ਕੋਈ ਐਸੀ ਗੱਲ ਮਹਿਸੂਸ ਕਰਦੇ ਹੋ ਤਾਂ ਤੁਸੀਂ ਸਬਸਟਾਂਟਿਵ ਮੋਸ਼ਨ ਲੈ ਆਓ। ਖੰਡ ਦਾ ਸਵਾਲ ਸੀ ਕਿ ਮਈ ਦੇ ਮਹੀਨੇ ਵਿਚ 800 ਗ੍ਰਾਮ ਪ੍ਰਤੀ ਜੀਅ ਖੰਡ ਮਿਲੀ ਅਤੇ ਕਈਆਂ ਨੂੰ ਨਹੀਂ ਮਿਲੀ, ਪਰ ਮੈਂਬਰ ਸਾਹਿਬਾਨ ਹੋਰ ਪਾਸੇ ਹੀ ਪੈ ਗਏ।

**ਸਰਦਾਰ ਸੁਰਜੀਤ ਸਿੰਘ ਬਰਨਾਲਾ :** ਸੀ. ਐਮ. ਨੇ ਰੌਂਗ ਸਟੇਟਮੈਂਟ ਦਿੱਤੀ ਸੀ । (ਵਿਘਨ) ਉਨ੍ਹਾਂ ਨੇ ਹਾਊਸ ਵਿਚ ਗਲਤ ਸਟੇਟਮੈਂਟ ਦਿੱਤੀ ਸੀ। (ਵਿਘਨ)

---

**Letter written by a Legislator to the Chief Minister Punjab against the Pro-R.S.S. Activities of An Officer of Hydel Construction Division No. 3 Kotla**

*38. **Comrade Raj Kumar:** Will the Chief Minister be pleased to state :—

(a) whether in the month of July, 1979, a Legislator wrote a letter to the Chief Minister, wherein his attention was drawn to the Pro- R.S.S. activities of highly placed officer of Hydel Construction Division No. 3, Kotla, if so, the details thereof;

(b) whether the allegations, levelled in the said letter have been enquired into, if so, the results thereof alongwith the action taken thereon?

**ਸਰਦਾਰ ਦਰਬਾਰਾ ਸਿੰਘ :** (ੳ) ਹਾਂ ਜੀ, ਸ੍ਰੀ ਸੱਤ ਪਾਲ ਡਾਂਗ ਉਸ ਸਮੇਂ ਦੇ ਐਮ. ਐਲ. ਏ. ਦੀ ਉਸ ਸਮੇਂ ਦੇ ਮੁੱਖ ਮੰਤਰੀ, ਪੰਜਾਬ, ਨੂੰ ਸ੍ਰੀ ਆਰ. ਐਲ. ਗੋਇਲ,

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕਾਰਜਕਾਰੀ ਇੰਜੀਨੀਅਰ, ਹਾਈਡਲ ਉਸਾਰੀ ਮੰਡਲ-3, ਕੋਟਲਾ ਵਿਰੁੱਧ ਸ਼ਿਕਾਇਤ ਮਿਲੀ, ਜਿਸ ਵਿਚ ਹੇਠ ਲਿਖੇ ਦੂਸ਼ਨ ਲਾਏ ਗਏ :—

(1) ਇਕ ਆਰ. ਐਸ. ਐਸ. ਪੱਖੀ ਹੋਣ ਕਰਕੇ ਉਹ ਵਿਵੇਕਾ ਨੰਦ ਸ਼ਿਸ਼ੂ ਨਿਕੇਤਨ (ਪਬਲਿਕ ਸਕੂਲ) ਆਨੰਦਪੁਰ ਸਾਹਿਬ ਦਾ ਚੇਅਰਮੈਨ ਹੈ, ਜਿਸ ਦਾ ਪ੍ਰਬੰਧ ਆਰ. ਐਸ. ਐਸ. ਦੁਆਰਾ ਕੀਤਾ ਜਾਂਦਾ ਹੈ ਅਤੇ ਉਸਨੇ ਆਪਣੀ ਸਰਕਾਰੀ ਪਦਵੀ ਦੀ ਨਜਾਇਜ਼ ਵਰਤੋਂ ਕਰਕੇ ਛੋਟ ਕਰਮਚਾਰੀਆਂ ਅਤੇ ਠੇਕੇਦਾਰਾਂ ਪਾਸੋਂ ਪੈਸੇ ਇਕੱਠੇ ਕੀਤੇ ।

(2) ਇਸ ਸਕੂਲ ਦੀਆਂ ਸੇਵਾਵਾਂ ਦੇ ਇਵਜ਼ ਵਿਚ ਉਸਨੇ ਆਪਣੀ ਬਦਲੀ ਦੇ ਹੁਕਮ ਰੁਕਵਾਏ ।

(ਅ) ਹਾਂ ਜੀ, ਸਰਕਾਰ ਦੁਆਰਾ ਇਸ ਮਾਮਲੇ ਦੀ ਪੜਤਾਲ ਕਰਵਾਈ ਗਈ ਅਤੇ ਲਗਾਏ ਗਏ ਦੋਸ਼ ਸਿੱਧ ਨਹੀਂ ਹੋ ਸਕੇ । ਇਸ ਅਫਸਰ ਦੇ ਬਦਲੀ ਦੇ ਕੋਈ ਵੀ ਹੁਕਮ ਜਾਰੀ ਨਹੀਂ ਕੀਤੇ ਗਏ ।

**ਕਾਮਰੇਡ ਰਾਜ ਕੁਮਾਰ:** ਸਪੀਕਰ ਸਾਹਿਬ, ਮੇਰੀ ਇਕ ਸੁਜੈਸ਼ਨ ਹੈ ਕਿ ਕਿਉਂਕਿ ਕੁਐਸਚਨ ਆਵਰ ਦਾ ਟਾਈਮ ਖ਼ਤਮ ਹੋ ਚੁੱਕਿਆ ਹੈ, ਇਸ ਲਈ ਇਸ ਕੁਐਸਚਨ ਤੇ ਸਪਲੀਮੈਂਟਰੀਜ਼ ਕੱਲ੍ਹ ਨੂੰ ਅਲਾਓ ਕੀਤੇ ਜਾਣ । (ਵਿਘਨ)

**Mr. Speaker:** Let me speak. Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਅਖਬਾਰਾਂ ਵਿਚ ਸਰਕਾਰੀ ਇਸ਼ਤਿਹਾਰਬਾਜ਼ੀ ਦਾ ਕੋਟਾ

*35. **ਸ੍ਰੀ ਗੁਰਦਿਆਲ ਸੈਣੀ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਸਾਲ 1977-78, 1978-79 ਅਤੇ 1979-80 ਦੇ ਦੌਰਾਨ ਅਖ਼ਬਾਰਾਂ ਵਿਚ ਸਰਕਾਰੀ ਇਸ਼ਤਿਹਾਰਬਾਜ਼ੀ ਦੇਣ ਲਈ ਕੋਈ ਕੋਟਾ ਮੁਕਰੱਰ ਕੀਤਾ ਸੀ ;

(ਅ) ਜੇਕਰ ਉਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਇਸ ਤਰ੍ਹਾਂ ਮੁਕੱਰਰ ਕੀਤੇ ਗਏ ਕੋਟੇ ਦੇ ਵੇਰਵੇ ਕੀ ਹਨ ਅਤੇ ਸਰਕਾਰ ਵਲੋਂ ਇਸ ਮੰਤਵ ਲਈ ਕੀ ਕਸੌਟੀ ਅਪਣਾਈ ਗਈ ;

(ੲ) ਉਕਤ ਭਾਗ (ੳ) ਵਿਚ ਵਰਣਿਤ ਸਮੇਂ ਦੇ ਦੌਰਾਨ ਸਰਕਾਰ ਵਲੋਂ ਹੇਠ ਲਿਖੇ ਅਖ਼ਬਾਰਾਂ ਨੂੰ ਸਾਲਵਾਰ ਕੁੱਲ ਕਿੰਨੀ ਕਿੰਨੀ ਰਕਮ ਦੇ ਇਸ਼ਤਿਹਾਰ ਦਿੱਤੇ ਗਏ :

1. ਹਿੰਦ ਸਮਾਚਾਰ ।
2. ਅਜੀਤ

Original with;
Punjab Vidhan Sabha
Digitized by;
Panjab Digital Library

3. ਰੋਜ਼ਾਨਾ ਪ੍ਰਤਾਪ

4. ਮਿਲਾਪ

5. ਅਕਾਲੀ ਪੱਤ੍ਰਿਕਾ

**ਸਰਦਾਰ ਦਰਬਾਰਾ ਸਿੰਘ** : (ੳ) ਨਹੀਂ ਜੀ ।

(ਅ) ਉਪਰੋਕਤ (ੳ) ਨੂੰ ਮੁੱਖ ਰਖਦੇ ਹੋਏ, ਇਸ ਦੇ ਉੱਤਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

(ੲ) ਲੋੜੀਂਦੀ ਸੂਚਨਾ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ ।

ਸਾਲ 1977-78, 1978-79 ਤੇ 1979-80 ਵਿਚ ਕਥਿਤ ਅਖਬਾਰਾਂ ਨੂੰ ਦਿੱਤੇ ਗਏ ਇਸ਼ਤਿਹਾਰਾਂ ਦੀਆਂ ਰਕਮਾਂ ਦਾ ਵੇਰਵਾ :—

| ਲੜੀ ਨੰ: | ਅਖਬਾਰ ਦਾ ਨਾਂ | | 1977-78 | 1978-79 | 1979-80 |
|---|---|---|---|---|---|
| | | | (ਰੁਪਏ) | (ਰੁਪਏ) | (ਰੁਪਏ) |
| 1 | ਹਿੰਦ ਸਮਾਚਾਰ | ... | 1,35,469 | 1,01,612 | 1,16,154 |
| 2 | ਅਜੀਤ | .. | 2,74,737 | 3,10,835 | 4,46,289 |
| 3 | ਰੋਜ਼ਾਨਾ ਪਰਤਾਪ | ... | 50,284 | 30,374 | 52,112 |
| 4 | ਮਿਲਾਪ | ... | 15,515 | 19,665 | 28,565 |
| 5 | ਅਕਾਲੀ ਪੱਤਰਕਾ | ... | 2,49,455 | 3,29,571 | 3,36,161 |

## Discontinuance of Bus Service

*78. **Master Dalip Chand**: Will the Chief Minister be pleased to state :—

(a) whether it is a fact that a bus of Nawanshehar depot of the Punjab Roadways used to ply upto village Nighi;

(b) whether it is also a fact that the said bus service was discontinued last year during the period of the previous Ministry;

(c) whether the bus service referred to in part (a) above is proposed to be re-started; if so, the time by which that is likely to be done?

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਬਾਰਾ ਸਿੰਘ** : (ੳ) ਹਾਂ ਜੀ ।

(ਅ) ਹਾਂ ਜੀ ।

(ੲ) ਬਸ ਸਰਵਿਸ ਕਾਠਗੜ੍ਹ ਤਕ ਚਾਲੂ ਕਰ ਦਿੱਤੀ ਗਈ ਹੈ । ਇਸ ਦਾ ਵਾਧਾ ਨਿਗੀ ਤਕ ਬਰਸਾਤ ਦੇ ਮੌਸਮ ਦੇ ਮਗਰੋਂ ਜਦ ਕਿ ਸੜਕ ਬਸ ਚਲਣ ਦੇ ਯੋਗ ਹੋਵੇਗੀ ਕਰਨ ਦੀ ਤਜਵੀਜ਼ ਹੈ ।

---

**Starred Question No. **66**

(Extension was asked for in respect of Starred Question No. 66.)

**Enquiry held by CID into the complaint against the high-handedness of Police Station of 'D' Division Amritsar.**

*37. **Comrade Raj Kumar** : Will the Chief Minister be pleased to state :—

(a) whether on a complaint made by a citizen of Haripura Abadi of Amritsar City in September, 1978 against high-handedness of police station 'D' Division Amritsar, the CID Punjab has held any enquiry; if so, the result thereof ;

(b) the details of action taken on the findings of the enquiry officer?

**ਸਰਦਾਰ ਦਰਬਾਰਾ ਸਿੰਘ** : (ੳ) ਹਾਂ ਜੀ।

ਸ੍ਰੀਮਤੀ ਪਰਕਾਸ਼ੋ ਪਤਨੀ ਰੋਸ਼ਨ ਲਾਲ ਵਾਸੀ ਮਕਾਨ ਨੰਬਰ 3091/14 ਗਲੀ ਨੰਬਰ 6 ਹਰੀ-ਪੁਰਾ ਅੰਮ੍ਰਿਤਸਰ ਵਲੋਂ ਇਕ ਬਿਨਾ ਮਿਤੀ ਦੇ ਦਰਖਾਸਤ ਆਈ.ਜੀ. ਪੁਲਿਸ ਪੰਜਾਬ ਨੂੰ ਦਿੱਤੀ ਕੀਤੀ ਗਈ ਸੀ ਅਤੇ ਉਹਨਾਂ ਦੇ ਹੁਕਮ ਮਿਤੀ 24 ਅਕਤੂਬਰ, 1978 ਅਨੁਸਾਰ ਇਸ ਦੀ ਪੜਤਾਲ ਸ੍ਰੀ ਡੀ.ਐਚ.ਮੋਹੀ, ਆਈ.ਪੀ.ਐਸ., ਐਸ.ਪੀ. ਸਪੈਸ਼ਲ ਸਟਾਫ਼ ਸੀ.ਆਈ.ਡੀ. ਵਲੋਂ ਕੀਤੀ ਗਈ ਸੀ ।

ਪ੍ਰਾਰਥਕਾਂ ਵਲੋਂ ਆਪਣੀ ਦਰਖਾਸਤ ਵਿਚ ਪਲਾਟ ਜਿਹੜਾ ਕਸਟੋਡੀਅਨ ਦੀ ਮਲਕੀਅਤ ਹੈ ਅਤੇ ਜਿਸ ਦਾ ਰਕਬਾ 3 ਮਰਲੇ 45 ਫੁੱਟ ਅਤੇ ਖਸਰਾ ਨੰਬਰ 626 ਮੁਹੱਲਾ ਹਰੀਪੁਰਾ ਅੰਮ੍ਰਿਤਸਰ ਵਿਖੇ ਹੈ ਤੇ ਆਪਣਾ ਕਬਜ਼ਾ ਹੋਣਾ, ਇਹਨਾਂ ਦੀ ਵਿਰੋਧੀ ਧਿਰ (ਪ੍ਰਤਾਪ ਚੰਦਰ ਪਾਰਟੀ) ਵਲੋਂ ਉਕਤ ਪਲਾਟ ਤੇ ਜ਼ਬਰਦਸਤੀ ਕਬਜ਼ਾ ਕਰਨ ਦੀ ਨੀਅਤ ਨਾਲ, ਇਹਨਾਂ ਨਾਲ ਝਗੜਾ ਕਰਕੇ ਸੱਟਾਂ ਮਾਰ-ਨੀਆਂ ਅਤੇ ਇਸ ਦੇ ਉਪਰੰਤ ਇਸ ਦੇ ਪਤੀ ਰੋਸ਼ਨ ਲਾਲ ਅਤੇ ਉਸ ਦੇ ਰਿਸ਼ਤੇਦਾਰਾਂ ਆਦਿ ਵਿਰੁਧ ਮੁਕਦਮਾ ਨੰਬਰ 243 ਮਿਤੀ 25 ਅਗਸਤ, 1978 ਅ/ਧ 325/326/323/148/149 ਆਈ.ਪੀ.ਸੀ. ਥਾਨਾ 'ਡੀ' ਡਵੀਜ਼ਨ ਅੰਮ੍ਰਿਤਸਰ ਵਿਖੇ ਦਰਜ ਕਰਵਾਉਣਾ, ਉਸ ਮੁਕੱਦਮੇ ਵਿਚ ਸ੍ਰੀ ਖਿਹਾਰੀ

---

**For Starred Question No. 66 and reply thereto please see Appendix to this Debate.

Original with;
Punjab Vidhan Sabha
Digitized by;
Panjab Digital Library

ਲਾਲ ਅਤੇ ਚਮਨ ਲਾਲ ਸਾਬਕਾ ਮਿਊਨਸਪਲ ਕਮਿਸ਼ਨਰ ਨੂੰ ਝੂਠਾ ਦਰਸਾਉਣਾ, ਪੁਲਿਸ ਵਲੋਂ ਵਿਰੋਧੀ ਪਾਰਟੀ ਦੀ ਇਮਦਾਦ ਕਰਨਾ ਅਤੇ ਪ੍ਰਾਰਥਿਕਾ ਦੇ ਪਤੀ ਰੋਸ਼ਨ ਲਾਲ ਅਤੇ ਉਸ ਦੀ ਪਾਰਟੀ ਵਲੋਂ ਡਾਕਟਰੀ ਮੁਲਾਹਜਾ ਕਰਵਾਕੇ ਥਾਣੇ ਰਪੋਰਟ ਦੇਣ ਉਪਰੰਤ ਵੀ ਵਿਰੋਧੀ ਧਿਰ ਵਿਰੁਧ ਕਾਨੂੰਨੀ ਕਾਰਵਾਈ ਨਾ ਕਰਨਾ ਆਦਿ ਦਾ ਜ਼ਿਕਰ ਕੀਤਾ ਗਿਆ ਸੀ।

ਪੜਤਾਲੀਆ ਅਫਸਰ ਦੀ ਰਿਪੋਰਟ ਅਨੁਸਾਰ ਉਕਤ ਪਲਾਟ ਨੰਬਰ 626 ਤੇ ਰੋਸ਼ਨ ਲਾਲ ਪਾਰਟੀ ਦਾ ਬਤੌਰ ਕਿਰਾਇਦਾਰ ਕਬਜ਼ਾ ਪਾਇਆ ਗਿਆ ਸੀ। ਪ੍ਰਤਾਪ ਚੰਦਰ (ਵਿਰੋਧੀ ਪਾਰਟੀ) ਅਤੇ ਪ੍ਰਾਰਥਿਕਾ ਦੇ ਪਤੀ ਅਤੇ ਉਸ ਦੀ ਪਾਰਟੀ ਵਿਚਕਾਰ ਉਕਤ ਪਲਾਟ ਬਾਰੇ 24 ਅਗਸਤ, 1978 ਨੂੰ ਝਗੜਾ ਹੋਇਆ ਸੀ। ਹਰ ਦੋ ਫਰੀਕੈਨ ਨੇ ਇਕ ਦੂਜੇ ਦੇ ਬੰਦਿਆਂ ਤੇ ਰੋੜੇ, ਪੱਥਰ ਸੁੱਟੇ ਸਨ। ਵਿਰੋਧੀ ਧਿਰ ਦੇ ਬੰਦੇ ਘੱਟ ਹੋਣ ਕਾਰਨ ਉਹਨਾਂ ਦੇ ਜ਼ਿਆਦਾ ਚੋਟਾਂ ਲੱਗੀਆਂ ਸਨ। ਸ੍ਰੀ ਬਿਹਾਰੀ ਲਾਲ ਅਤੇ ਚਮਨ ਲਾਲ ਸਾਬਕਾ ਮਿਉਂਸਪਲ ਕਮਿਸਨਰ ਅੰਮ੍ਰਿਤਸਰ ਝਗੜੇ ਸਮੇਂ ਮੌਕੇ ਤੇ ਹਾਜ਼ਰ ਨਹੀਂ ਸਨ ਅਤੇ ਉਹਨਾਂ ਦਾ ਨਾਂ ਉਕਤ ਮੁਕਦਮਾ ਵਿਚ ਝੂਠਾ ਪਾਇਆ ਗਿਆ ਸੀ। ਪਲਾਟ ਦੇ ਝਗੜੇ ਨੂੰ ਵੇਖਦੇ ਹੋਏ 145 ਜ:ਫ: ਦੀ ਕਾਰਵਾਈ ਕੀਤੀ ਗਈ ਸੀ ਅਤੇ ਫੈਸਲਾ ਐਸ.ਡੀ.ਐਮ. ਦੀ ਅਦਾਲਤ ਤੇ ਛੱਡ ਦਿੱਤਾ ਸੀ। ਪੁਲਿਸ ਕਰਮਚਾਰੀ ਏ. ਐਸ.ਆਈ. ਕਾਬਲ ਚੰਦ, ਐਸ.ਆਈ. ਨਰੰਜਣ ਸਿੰਘ ਅਤੇ ਸਿਟੀ ਇਨਸਪੈਕਟਰ ਅਨੂਪ ਸਿੰਘ ਨੇ ਆਪਣੀ ਡਿਊਟੀ ਵਿਚ ਅਣਗਹਿਲੀ ਕੀਤੀ ਸੀ ਉਹਨਾਂ ਦੋਨੋਂ ਪਾਰਟੀਆਂ ਦੇ ਜ਼ਖਮੀਂ ਹੋਏ ਵਿਅਕਤੀਆਂ ਦਾ ਵੀ ਸਮੇਂ ਸਿਰ ਡਾਕਟਰੀ ਮੁਲਾਹਜ਼ਾ ਨਹੀਂ ਕਰਵਾਇਆ ਸੀ ਅਤੇ ਇਸ ਤੋਂ ਉਪਰੰਤ ਉਹਨਾਂ ਨੂੰ ਪ੍ਰਤਾਪ ਚੰਦਰ ਪਾਰਟੀ, ਵਿਰੁੱਧ ਵੀ ਮੁਕੱਦਮਾ ਦਰਜ ਕਰਨਾ ਚਾਹੀਦਾ ਸੀ ਕਿਉਂ ਜੋ ਸ੍ਰੀ ਰੋਸ਼ਨ ਲਾਲ ਅਤੇ ਉਸ ਦੇ ਸਾਥੀਆਂ ਦੇ ਵੀ ਸੱਟਾਂ ਲੱਗੀਆਂ ਸਨ, ਪਰ ਇੰਜ ਨਹੀਂ ਸੀ ਕੀਤਾ ਗਿਆ।

(ਅ) ਸ੍ਰੀ ਚਮਨ ਲਾਲ ਅਤੇ ਬਿਹਾਰੀ ਲਾਲ ਸਾਬਕਾ ਮਿਉਂਸਪਲ ਕਮਿਸ਼ਨਰ ਦਾ ਨਾਂ ਮੁਕਦਮਾ ਦਾ ਚਲਾਨ ਅਦਾਲਤ ਵਿਚ ਪੇਸ਼ ਕਰਨ ਸਮੇਂ ਖਾਨਾ ਨੰਬਰ 2 ਵਿਚ ਦਰਸਾਇਆ ਗਿਆ ਹੈ ਕਿਉਂਕਿ ਇਹ ਦੋਵੇਂ ਵਿਅਕਤੀ ਖੁਫੀਆ ਵਿਭਾਗ ਦੀ ਪੜਤਾਲ ਤੋਂ ਨਿਰਦੋਸ਼ ਪਾਏ ਗਏ ਸਨ। ਪ੍ਰਾਰਥਿਕਾ ਦੇ ਪਤੀ ਰੋਸ਼ਨ ਲਾਲ ਦੀ ਵਿਰੋਧੀ ਪਾਰਟੀ (ਪ੍ਰਤਾਪ ਚੰਦਰ ਆਦਿ) ਵਿਰੁੱਧ ਵੀ ਮਿਤੀ 4 ਜੁਲਾਈ, 1980 ਨੂੰ ਅਦਾਲਤ ਵਿਚ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਜਾ ਚੁੱਕਾ ਹੈ ਕਿਉਂਕਿ ਉਨ੍ਹਾਂ ਵਲੋਂ ਵੀ ਰੋਸ਼ਨ ਲਾਲ ਪਾਰਟੀ ਦੇ ਵਿਅਕਤੀਆਂ ਦੇ ਸੱਟਾਂ ਮਾਰੀਆਂ ਗਈਆਂ ਸਨ। ਕਸੂਰਵਾਰ ਪੁਲਿਸ ਕਰਮਚਾਰੀਆਂ ਏ.ਐਸ.ਆਈ. ਕਾਬਲ ਚੰਦ, ਐਸ.ਆਈ. ਨਰੰਜਣ ਸਿੰਘ ਅਤੇ ਸਿਟੀ ਇਨਸਪੈਕਟਰ ਅਨੂਪ ਸਿੰਘ ਵਿਰੁੱਧ ਵਿਭਾਗੀ ਕਾਰਵਾਈ ਕਰਨ ਲਈ ਪੁਲਿਸ ਰੂਲ 16.38(1) ਜਿਲਦ ਦੂਜੀ ਅਧੀਨ ਜ਼ਿਲਾ ਮੈਜਿਸਟਰੇਟ ਅੰਮ੍ਰਿਤਸਰ ਨੂੰ ਐਸ.ਐਸ.ਪੀ. ਅੰਮ੍ਰਿਤਸਰ ਵਲੋਂ ਲਿਖਿਆ ਗਿਆ ਸੀ ਅਤੇ ਉਹਨਾਂ ਨੇ ਸ੍ਰੀ ਏ.ਐਸ. ਗਰੋਵਰ, ਪੀ.ਸੀ.ਐਸ. ਨੂੰ ਉਕਤ ਕਰਮਚਾਰੀਆਂ ਵਿਰੁੱਧ ਮੁਢਲੀ ਇਨਕੁਆਰੀ ਲਈ ਨਿਯੁਕਤ ਕੀਤਾ ਸੀ। ਇਹ ਇਨਕੁਆਇਰੀ ਚਾਲੂ ਹੈ।

---

**Pending Applications for Tubewell Connections**

***67. Comrade Baldev Singh Loomba:** Will the Chief Minister be pleased to state whether any applications for tubewell connections were

Original with;
Punjab Vidhan Sabha
Digitized by;
Panjab Digital Library

[Comrade Baldev Singh Loomba]

pending on 15th June, 1980; if so, the districtwise details thereof together with the time by which the connections are likely to be given to them?

**ਸਰਦਾਰ ਦਰਬਾਰਾ ਸਿੰਘ :** ਸੂਚਨਾ ਸਦਨ ਦੇ ਮੇਜ਼ ਤੇ ਰਖੀ ਜਾਂਦੀ ਹੈ।

**ਸੂਚਨਾ**

ਪੰਜਾਬ ਰਾਜ ਬਿਜਲੀ ਬੋਰਡ ਭਿੰਨ ਭਿੰਨ ਕੁਨੈਕਸ਼ਨਾਂ ਦੀਆਂ ਸ਼੍ਰੇਣੀਆਂ ਲਈ ਲੰਬਿਤ ਅਰਜ਼ੀਆਂ ਦਾ ਰਿਕਾਰਡ ਸਰਕਲਵਾਰ ਰੱਖਦਾ ਹੈ ਅਤੇ ਡਾਟਾ ਮਹੀਨੇ ਦੇ ਅੰਤ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸ ਲਈ ਜ਼ਿਲ੍ਹੇਵਾਰ ਅਤੇ 15 ਜੂਨ, 1980 ਤਕ ਦੀ ਸੂਚਨਾਂ ਦਿੱਤੀ ਜਾਣੀ ਸੰਭਵ ਨਹੀਂ ਹੈ।

ਟਿਊਬਵੈੱਲ ਕੁਨੈਕਸ਼ਨਾਂ ਲਈ 31 ਮਈ, 1980 ਨੂੰ ਲੰਬਿਤ ਅਰਜ਼ੀਆਂ ਦੀ ਸਰਕਲਵਾਰ ਸੂਚਨਾਂ ਹੇਠਾਂ ਦਿੱਤੀ ਜਾਂਦੀ ਹੈ :—

| | | |
|---|---|---|
| ਗੁਰਦਾਸਪੁਰ | ... | 4,272 |
| ਅੰਮ੍ਰਿਤਸਰ | ... | 13,634 |
| ਜਲੰਧਰ | ... | 1,434 |
| ਕਪੂਰਥਲਾ | ... | 10,098 |
| ਹੁਸ਼ਿਆਰਪੁਰ | ... | 4,127 |
| ਰੋਪੜ | ... | 3,606 |
| ਲੁਧਿਆਣਾ | ... | 2,321 |
| ਪਟਿਆਲਾ | ... | 4,570 |
| ਸੰਗਰੂਰ | ... | 7,870 |
| ਬਠਿੰਡਾ | ... | 2,802 |
| ਫਿਰੋਜ਼ਪੁਰ | ... | 2,315 |
| ਫਰੀਦਕੋਟ | ... | 4,444 |
| ਆਰ.ਈ.ਸੀ, ਜਲੰਧਰ | ... | 27,136 |
| ਆਰ.ਈ. (ਪੀ.) ਪਟਿਆਲਾ | ... | 19,902 |
| ਕੁੱਲ | ... | 1,08,531 |

Original with;
Punjab Vidhan Sabha
Digitized by;
Panjab Digital Library

ਫੰਡਾਂ ਦੀ ਉਪਲੱਬਧਤਾ ਅਤੇ ਬੋਰਡ ਵਲੋਂ ਮਿਥੇ ਗਏ ਟੀਚਿਆਂ ਨੂੰ ਮੁਖ ਰੱਖਦੇ ਹੋਏ ਇਹ ਸਾਰੀਆਂ ਲੰਬਿਤ ਅਰਜ਼ੀਆਂ ਮੁਕਾਉਣ ਲਈ ਤਿੰਨ ਚਾਰ ਸਾਲ ਦਾ ਸਮਾਂ ਲਗਣ ਦੀ ਸੰਭਾਵਨਾ ਹੈ।

---

## Construction of the Thein Dam Project

***40. Shri Khushhal Chand:** Will the Chief Minister be pleased to state whether the Government has already started work on the Thein Dam Project; if so, the progress made in this behalf so far and the expenditure incurred by the Government upto 31st May, 1980?

**ਸਰਦਾਰ ਦਰਬਾਰਾ ਸਿੰਘ:** ਹਾਂ ਜੀ, ਸਟਾਫ ਕਾਲੋਨੀ ਸ਼ਾਹਪੁਰਕੰਡੀ, ਲੇਬਰ ਕਲੋਨੀ ਡੈਮ ਸਾਈਟ ਦੇ ਨਜ਼ਦੀਕ, ਸੁਜਾਨਪੁਰ ਤੋਂ ਸ਼ਾਹਪੁਰ ਕੰਡੀ ਤੱਕ ਰੇਲਵੇ ਲਾਈਨ, ਸ਼ਾਹਪੁਰਕੰਡੀ ਤੋਂ ਡੈਮ ਸਾਈਟ ਤੱਕ ਦੀ ਸੜਕ, ਵਰਕਸ਼ਾਪਾਂ ਅਤੇ ਸਬੰਧਤ ਕੰਮ ਜੋ ਕਿ ਪ੍ਰਾਜੈਕਟ ਦੀ ਉਸਾਰੀ ਤੋਂ ਪਹਿਲਾਂ ਲੋੜੀਂਦੇ ਹਨ, ਉਸਾਰੀ ਅਧੀਨ ਹਨ।

ਹੁਣ ਤੱਕ ਇਨ੍ਹਾਂ ਕੰਮਾਂ ਉਤੇ ਤਕਰੀਬਨ 26.70 ਕਰੋੜ ਰੁਪਏ ਖਰਚ ਹੋ ਚੁੱਕੇ ਹਨ।

---

## UNSTARRED QUESTION AND ANSWER

### Development of Sultanpur Lodhi City

1. **Sardar Atma Singh:** Will the Chief Minister be pleased to state—

(a) whether any Master Plan was chalked out by the Government for the development of Sultanpur Lodhi City; if so, the details thereof;

(b) the time by which the said plan is likely to be taken in hand?

**ਸਰਦਾਰ ਦਰਬਾਰਾ ਸਿੰਘ :** (ੳ) ਜੀ ਹਾਂ, ਸੁਲਤਾਨਪੁਰ ਲੋਧੀ ਸ਼ਹਿਰ ਦਾ ਮਾਸਟਰ ਪਲੈਨ ਸਰਕਾਰ ਨੇ ਹੱਥ ਵਿੱਚ ਲੈ ਲਿਆ ਹੈ। ਮਾਸਟਰ ਪਲੈਨ ਵਿੱਚ ਭਵਿੱਖ ਵਿੱਚ ਉਸਾਰੀ ਅਧੀਨ ਆਉਣ ਵਾਲੇ ਰਕਬੇ ਅਤੇ ਇਸ ਦੇ ਵਿਕਾਸ ਲਈ ਭੋਂ ਦੀ ਵਰਤੋਂ ਜਿਵੇਂ ਰਿਹਾਇਸ਼ੀ, ਉਦਯੋਗਿਕ, ਮੁੱਖ ਵਪਾਰਕ ਕੇਂਦਰ, ਸੜਕਾਂ ਦੀ ਪਲੈਨਿੰਗ ਆਦਿ ਲਈ ਲੋੜੀਂਦੀ ਭੌਂ ਦੀ ਤਜਵੀਜ਼ ਕਰੇਗਾ। ਮਾਸਟਰ ਪਲੈਨ ਨੂੰ ਪ੍ਰਕਾਸ਼ਣ ਲਈ ਵਿਧਾਨਕ ਕਾਨੂੰਨ ਨਾ ਹੋਣ ਕਾਰਨ ਇਸ ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਪ੍ਰਬੰਧਕੀ ਤੋਰ ਤੇ ਲੋਕਾਂ ਵਲੋਂ ਇਤਰਾਜ਼/ਸੁਝਾਓ ਪ੍ਰਾਪਤ ਕਰਨ ਲਈ ਪ੍ਰਕਾਸ਼ਤ ਕੀਤਾ ਜਾਂਦਾ ਹੈ।

(ਅ) ਸੁਲਤਾਨਪੁਰ ਲੋਧੀ ਸ਼ਹਿਰ ਦਾ ਮਾਸਟਰ ਪਲੈਨ 31 ਦਸੰਬਰ, 1980 ਤੱਕ ਲੋਕਾਂ ਕੋਲੋਂ ਇਤਰਾਜ਼/ਸੁਝਾਉ ਮੰਗਣ ਲਈ ਪ੍ਰਕਾਸ਼ਤ ਕਰਨ ਦੀ ਸਭਾਵਨਾਂ ਹੈ ਅਤੇ ਉਸ ਉਪਰੰਤ ਉਸ ਨੂੰ ਅਮਲੀ ਰੂਪ ਦਿੱਤਾ ਜਾਵੇਗਾ।

---

Original with;
Punjab Vidhan Sabha
Digitized by;
Panjab Digital Library

## POINTS OF ORDER REGARDING MOTION UNDER RULE 77

(ਇਸ ਸਮੇਂ ਸ਼੍ਰੀ ਰਾਮ ਲਾਲ ਚਿੱਟੀ ਅਤੇ ਕੁਝ ਹੋਰ ਮਾਨਯੋਗ ਮੈਂਬਰਜ਼ ਬੋਲਣ ਲਈ ਖੜ੍ਹੇ ਸਨ ਅਤੇ ਸਦਨ ਵਿਚ ਸ਼ੋਰ ਹੋਣ ਕਾਰਨ ਕੁਝ ਸਣਾਈ ਨਹੀਂ ਸੀ ਦੇ ਰਿਹਾ।)

**ਸ਼੍ਰੀ ਰਾਮ ਲਾਲ ਚਿੱਟੀ :** ਸਪੀਕਰ ਸਾਹਿਬ, ਸ਼ਾਮ ਚੌਰਾਸੀ ਵਿਚੋਂ ਕਣਕ ਬਾਹਰ ਨੂੰ ਭੇਜੀ ਗਈ ਅਤੇ ਉਹ ਸੜੀ ਹੋਈ ਭੇਜੀ ਗਈ, ਜਿਸ ਨਾਲ ਪੰਜਾਬ ਸਰਕਾਰ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। (ਵਿਘਨ) (ਸ਼ੋਰ) ਕੀ ਚੀਫ਼ ਮਨਿਸਟਰ ਸਾਹਿਬ ਇਸ ਦੀ ਕੋਈ ਇਨਕੁਆਇਰੀ ਕਰਾਉਣਗੇ ?

**ਕਾਮਰੇਡ ਰਾਜ ਕੁਮਾਰ:** ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਇੱਕ ਮੋਸ਼ਨ ਅੰਡਰ ਰੂਲ 77 ਦਿੱਤੀ ਸੀ......

**ਆਵਾਜ਼ਾਂ :** ਉਹ ਅੱਜ ਨਹੀਂ ਆ ਸਕਦੀ। (ਵਿਘਨ)

**Comrade Raj Kumar :** You are not the Speaker (Interruption) (Noise)

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ :** ਸਪੀਕਰ ਸਾਹਿਬ, ਚਿੱਟੀ ਸਾਹਿਬ ਨੇ ਇਕ ਮਸਲਾ ਰੇਜ਼ ਕੀਤਾ ਹੈ, ਉਸ ਦਾ ਜਵਾਬ ਆਉਣਾ ਚਾਹੀਦਾ ਹੈ। (ਵਿਘਨ) (ਸ਼ੋਰ) ਇਸ ਤਰ੍ਹਾਂ ਕਾਮਰੇਡ ਸਾਹਿਬ ਨੂੰ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। (ਵਿਘਨ)

**ਕਾਮਰੇਡ ਰਾਜ ਕੁਮਾਰ :** ਮੈਂ ਇਕ ਮੋਸ਼ਨ ਅੰਡਰ ਰੂਲ 77 ਦਿੱਤੀ ਸੀ, ਜਿਹੜੀ ਕਿ ਤੁਸੀਂ ਵਿਦਆਊਟ ਨੋਟਿਸ ਵੀ ਅਲਾਓ ਕਰ ਸਕਦੇ ਹੋ, ਲੇਕਿਨ ਮੈਂ ਵਿਦ ਰੇਗੂਲਰ ਨੋਟਿਸ ਰੇਜ਼ ਕੀਤੀ ਸੀ। ਸਾਢੇ ਸੱਤ ਰੁਪਏ ਕਿਲੋ ਖੰਡ ਦਾ ਭਾਅ ਹੋ ਗਿਆ ਹੈ ਅਤੇ ਰਿਟੇਲ ਵਿਚ ਇਹ 8 ਰੁਪਏ ਕਿਲੋ ਵਿਕ ਰਹੀ ਹੈ। ਮੈਂ ਡੀਮਾਂਡ ਕਰਦਾ ਹਾਂ ਕਿ ਮੇਰੀ ਇਸ ਮੋਸ਼ਨ ਬਾਰੇ ਤੁਸੀਂ ਆਪਣੀ ਰੂਲਿੰਗ ਦਿਉ। (ਵਿਘਨ) ਅੱਜ ਜੋ ਖੰਡ ਦੇ ਬਾਰੇ ਕੁਐਸਚਨ ਆਇਆ ਹੈ, ਉਸ ਤੋਂ ਮੈਂਬਰ ਸਾਹਿਬਾਨ ਦੀ ਐਂਗਜ਼ਾਇਟੀ ਤੁਸੀਂ ਦੇਖ ਹੀ ਲਈ ਹੈ। ਇਸ ਲਈ ਮੇਰੀ ਰਿਕੁਐਸਟ ਹੈ ਕਿ ਤੁਸੀਂ ਇਸ ਮੋਸ਼ਨ ਦੇ ਬਾਰੇ ਕੋਈ ਰੂਲਿੰਗ ਦਿਉ। ਭਾਵੇਂ ਇਹ ਠੀਕ ਹੈ ਕਿ ਇਸ ਮੋਸ਼ਨ ਵਾਸਤੇ ਨੋਟਿਸ ਚਾਹੀਦਾ ਹੈ, ਪਰ ਤੁਹਾਡੀ ਡਿਸਕ੍ਰੀਸ਼ਨ ਹੈ ਕਿ ਤੁਸੀਂ ਈਵਨ ਵਿਦਆਊਟ ਨੋਟਿਸ ਡਿਸਕਸ਼ਨ ਇਨੀਸ਼ੀਏਟ ਕਰਾ ਸਕਦੇ ਹੋ।

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ :** ਸਪੀਕਰ ਸਾਹਿਬ, ਇਹ ਹਾਊਸ ਕਾਮਰੇਡ ਰਾਜ ਕੁਮਾਰ ਦੀ ਮਲਕੀਅਤ ਨਹੀਂ ਹੈ ਕਿ ਕਾਮਰੇਡ ਰਾਜ ਕੁਮਾਰ ਤੋਂ ਇਲਾਵਾ ਹੋਰ ਕੋਈ ਮੈਂਬਰ ਮਸਲਾ ਰੇਜ਼ ਹੀ ਨਹੀਂ ਕਰ ਸਕਦਾ। (ਵਿਘਨ) (ਸ਼ੋਰ) ਇਹ ਜੱਥੇਦਾਰ ਅੰਮ੍ਰਿਤਸਰ ਪਾਕਿਸਤਾਨ ਦੇ ਬਾਰਡਰ ਤੇ ਬੈਠੇ ਹਨ। ਉਹ ਸਾਰੀ ਅਫੀਮ ਪਾਕਿਸਤਾਨ ਤੋਂ ਮੰਗਵਾਉਂਦੇ ਹਨ। (ਵਿਘਨ) (ਸ਼ੋਰ)

**ਸ਼੍ਰੀ ਸਪੀਕਰ :** ਮੈਂ ਮੈਂਬਰ ਸਾਹਿਬਾਨ ਨੂੰ ਫਿਰ ਬੇਨਤੀ ਕਰਦਾ ਹਾਂ ਕਿ ਉਹ ਹਾਊਸ ਦਾ ਡੈਕੋਰਮ ਮੇਨਟੇਨ ਕਰਨ।

(ਇਸ ਵਕਤ ਸਰਦਾਰ ਬਲਵੰਤ ਸਿੰਘ ਅਤੇ ਸ਼੍ਰੀ ਗੁਰਦਿਆਲ ਸੈਣੀ ਬੋਲਣ ਲਈ ਖੜੇ ਸਨ। ਸ਼੍ਰੀ ਸਪਿਕਰ ਨੇ ਸ਼੍ਰੀ ਗੁਰਦਿਆਲ ਸੈਣੀ ਨੂੰ ਬੋਲਣ ਲਈ ਆਗਿਆ ਦਿੱਤੀ।)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਗੁਰਦਿਆਲ ਸੈਣੀ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰ ਬਲਵੰਤ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਇਸ ਹਾਊਸ ਵਿਚ ਇਕ ਕੰਟਰੋਵਰਸੀ ਉਠੀ ਹੈ। ਸਰਦਾਰ ਦਰਬਾਰਾ ਸਿੰਘ, ਚੀਫ਼ ਮਨਿਸਟਰ ਨੇ ਰਿਕਾਰਡ ਦੇ ਬੇਸਿਜ਼ ਤੇ ਜੋ ਗਲ ਕਹੀ ਹੈ we accept it ਲੇਕਿਨ ਇਨਸੀਡੈਂਟਲੀ ਇਕ ਐਸੇ ਮੈਂਬਰ ਸਾਹਿਬ ਇਥੇ ਹਾਊਸ ਵਿਚ ਬੈਠੇ ਹਨ ਜਿਹੜੇ ਕਿ ਯੂਨੀਅਨ ਐਗਰੀਕਲਚਰ ਮਨਿਸਟਰ ਰਹੇ ਹਨ ਔਰ ਉਹ ਸ਼ੂਗਰ ਨੂੰ ਡੀਲ ਕਰਦੇ ਰਹੇ ਹਨ। ਉਨ੍ਹਾਂ ਨੇ ਚੀਫ਼ ਮਨਿਸਟਰ ਸਾਹਿਬ ਦੀ ਕਹੀ ਗਲ ਨੂੰ ਕੰਟਰਾਡਿਕਟ ਕੀਤਾ ਹੈ। ਦੋਨੋਂ ਸਾਈਡਾਂ ਤੋਂ ਚੈਲੰਜਬਾਜ਼ੀ ਹੋਈ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਸ ਕੰਟਰੋਵਰਸੀ ਨੂੰ ਖ਼ਤਮ ਕਰਨ ਲਈ ਇਸ ਹਾਊਸ ਦੀ ਇਕ ਕਮੇਟੀ ਮੁਕਰਰ ਕਰ ਦਿੱਤੀ ਜਾਵੇ ਜੋ ਸਚਾਈ ਲੱਭੇ ਜਾਂ ਜਿਵੇਂ ਕਾਮਰੇਡ ਰਾਜ ਕੁਮਾਰ ਜੀ ਨੇ ਸੁਜੈਸ਼ਨ ਦਿੱਤੀ ਹੈ ਕਿ ਹਾਊਸ ਵਿਚ ਖੰਡ ਦੀ ਪਾਲਿਸੀ ਤੇ ਡਿਸਕਸ਼ਨ ਅਲਾਓ ਕੀਤੀ ਜਾਵੇ। (ਥੰਪਿੰਗ)

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਨੇ ਇਸ ਹਾਊਸ ਵਿਚ ਗਲਤ ਬਿਆਨੀ ਕੀਤੀ ਹੈ। ਸਾਡੇ ਸਾਹਮਣੇ ਇਕ ਨਹੀਂ ਦੋ ਸਾਬਕਾ ਖੇਤੀਬਾੜੀ ਮੰਤਰੀ ਸੈਂਟਰਲ ਗੌਰਮਿੰਟ ਦੇ ਬੈਠੇ ਹਨ। ਇਕ ਤਾਂ ਭਗੌੜਾ ਵਜ਼ੀਰ ਸੀ ..... (ਵਿਘਨ) (ਸ਼ੋਰ)

**ਸ਼੍ਰੀ ਸਪੀਕਰ** : ਕਾਮਰੇਡ ਸਾਹਿਬ, ਤੁਹਾਡੀ ਮੋਸ਼ਨ ਅਜੇ ਮੈਂ ਐਡਮਿਟ ਨਹੀਂ ਕੀਤੀ। (ਵਿਘਨ) ਕੱਲ੍ਹ ਤੁਹਾਡੇ ਸਵਾਲ ਤੇ ਸਪਲੀਮੈਂਟਰੀ ਵੀ ਨਹੀਂ ਲਏ ਜਾਣਗੇ ਕਿਉਂਕਿ ਤੁਹਾਡਾ ਕੁਐਸਚਨ ਅੱਜ ਆ ਗਿਆ ਹੈ। ਹੁਣ ਅਸੀਂ ਏਜੰਡੇ ਦਾ ਨੈਕਸਟ ਆਈਟਮ ਲੈਂਦੇ ਹਾਂ। (ਵਿਘਨ) (ਸ਼ੋਰ)

---

## PAPER LAID ON THE TABLE OF THE HOUSE

**Finance Minister (Doctor Kewal Krishan)**: I beg to lay on the Table the Administration Reports of the Pepsu Road Transport Corporation for the years 1967-68, 1968-69, 1970-71, 1971-72, 1972-73 and 1975-76, as required under section 35(3) of the Road Transport Corporation Act, 1950.

---

## SECOND REPORT OF THE BUSINESS ADVISORY COMMITTEE

**Mr. Speaker:** I have to present to the House the Second Report of the Business Advisory Committee. The Report reads as under:—

*(Interruptions and noise in the House)*

After some discussion the Committee recommended as under:—

1. That on Wednesday, the 9th July, 1980, in addition to the Legislative Business, the Resolution under Section 65(3) of the Electricity (Supply) Act, 1948, given notice of by the Chief Minister, Punjab will be taken up.

2. That on Thursday, the 10th July, 1980, the following Motion given notice of by Comrade Raj Kumar, Shri Gopal Krishan Chatrath, Sardar Surjit Singh Barnala and Master Chand Singh will be taken up:—

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[Mr. Speaker]

> **"That the situation arising out of the extraordinary increase in the prices of fertilizers and diesel resulting in unbearable burden on the Kisans and the decision of the Food Corporation of India not to enter in the market for the purchase of paddy crop be taken into consideration."**

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

**Finance Minister (Doctor Kewal Krishan):** Sir, I beg to move—

> **That this House agrees with the recommendations contained in the Second Report to the Business Advisory Committee.**

**Mr. Speaker:** Motion moved—

> **That this House agrees with the recommendations contained in the Second Report of the Business Advisory Committee.**

**Sardar Dalip Singh Pandhi:** Mr. Speaker, I want to say something on this motion.

**Mr. Speaker:** Please sit down. Let me put the motion now.

**Sardar Dalip Singh Pandhi** (Amloh, S. C.) : Every Member has a right to speak on the motion after it has been moved. I have the privilege to speak on this.

ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕ ਗਲ ਸ਼ੂਗਰ ਦੇ ਮਾਮਲੇ ਵਿਚ ਇਥੇ ਰੇਜ਼ ਹੋਈ ਹੈ ਔਰ ਇਹ ਬੜਾ ਸੀਰੀਅਸ ਮਾਮਲਾ ਹੈ, ਇਹ ਹਾਊਸ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ। ਤੁਸੀਂ ਐਸ਼ੋਰੈਂਸ ਵੀ ਦਿੱਤੀ ਸੀ ਕਿ ਅਗਰ ਕੋਈ ਇੰਪਾਰਟੈਂਟ ਮਾਮਲਾ ਤੁਹਾਡੇ ਨੋਟਿਸ ਵਿਚ ਲਿਆਂਦਾ ਜਾਵੇਗਾ ਤਾਂ ਤੁਸੀਂ ਡਿਸਕਸ਼ਨ ਅਲਾਓ ਕਰੋਗੇ। ਤੁਸੀਂ ਇਹ ਮਾਮਲਾ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਵਿਚ ਲਿਆ ਕੇ ਡਿਸਕਸ਼ਨ ਲਈ ਸਮਾਂ ਦਿਓ । ਅੱਜ ਤੁਹਾਡੀ ਕੰਸਟੀਚਿਊ-ਐਂਸੀ ਵਿਚ ਇਕ ਰਿਕਸ਼ੇ ਵਾਲੇ ਨੂੰ ਬਹੁਤ ਬੁਰੀ ਤਰ੍ਹਾਂ ਕੁੱਟ ਦਿੱਤਾ, ਇਹ ਵੀ ਮਾਮਲਾ ਰੇਜ਼ ਹੋਇਆ ਹੈ। ਇਕ ਕਾਂਗਰਸ (ਆਈ) ਦਾ ਬੰਦਾ ਹੈ ਉਹ ਬਹੁਤ ਵੱਡਾ ਸਮਗਲਰ ਹੈ ......(ਵਿਘਨ)

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਇਹ ਸਭ ਕੁਝ ਇਰਰੈਲੇਵੈਂਟ ਬੋਲ ਰਹੇ ਹਨ (ਵਿਘਨ)।

**ਸਰਦਾਰ ਦਲੀਪ ਸਿੰਘ ਪਾਂਧੀ**. ਇਹ ਜਿਹੜੇ ਮਾਮਲੇ ਹਨ, ਇਹ ਇਸ ਹਾਊਸ ਵਿਚ ਵਿਚਾਰੇ ਜਾਣ, ਇਹ ਨਾ ਹੋਵੇ ਕਿ ਇਨ੍ਹਾਂ ਦਾ ਬੰਦਾ ਸਮਗਲਿੰਗ ਕਰਦਾ ਫਿਰੀ ਜਾਵੇ। (ਵਿਘਨ)

**ਸ਼੍ਰੀ ਸਪੀਕਰ** : ਪਾਂਧੀ ਸਾਹਿਬ, ਤੁਸੀਂ ਬੜੇ ਸੀਜ਼ੰਡ ਪਾਰਲੀਮੈਂਟੇਰੀਅਨ ਹੋ। ਮੈਨੂੰ ਤੁਹਾਡੇ ਤੇ ਮਾਣ ਹੈ। ਹੁਣ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਰਿਪੋਰਟ ਨੂੰ ਅਡਾਪਟ ਕੀਤਾ ਜਾ ਰਿਹਾ ਹੈ। ਅਗਰ ਕੋਈ ਇੰਪਾਰਟੈਂਟ ਮੈਟਰ ਹੈ, ਉਸ ਨੂੰ ਫਿਰ ਲੈ ਲਵਾਂਗੇ ਔਰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਫਿਰ ਬੁਲਾ ਲਵਾਂਗੇ। ਤੁਹਾਡੇ ਪਾਸ ਸਿੱਧਾ ਸਾਧਨ ਹੈ ਕਿ ਤੁਸੀਂ ਬਰਨਾਲਾ ਜੀ ਨੂੰ ਅਪਰੋਚ ਕਰੋ, ਜਿਸ ਵੇਲੇ ਉਹ ਕਹਿਣਗੇ ਅਸੀਂ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਫਿਰ ਬੁਲਾ ਲਵਾਂਗੇ। (ਵਿਘਨ)

Original with;
Punjab Vidhan Sabha
Digitized by;
Panjab Digital Library

**Mr. Speaker :** Question is—

That this House agrees with the recommendations contained in the Second Report of the Business Advisory Committee.

*The motion was carried unanimously.*

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ** ** **

**Mr. Speaker :** Disallowed. It is no point of order.

## OFFICIAL RESOLUTION UNDER SECTION 65(3) OF THE ELECTRICITY (SUPPLY) ACT, 1948.

**Chief Minister (Sardar Darbara Singh):** Sir, I beg to move that—

WHEREAS in pursuance of sub-section (3) of Section 65 of the Eletricity (Supply) Act, 1948 (54 of 1948), the Government of Punjab had, with the approval of the Punjab Vidhan Sabha, fixed by its Order No. 8268-21 and E/64 dated 28th April, 1965, the sum of Rs. 20 crores as the maximum amount which the Punjab State Electricity Board may, at any time, have on loan under sub-section (1) of the said section.

AND WHEREAS the aforesaid amount was increased with the approval of the Parliament, by Punjab Government to Rs.50 crores with its Order No. 5 (GOI)-IW(7)-72/2621, dated the 3rd February, 1972 to Rs. 75 crores by its endorsement No. 5183-IW(7)-73/7405-06, dated the 17th April, 1973 to Rs. 100 crores,—*vide* its endst. No. 14020-IW(1)-75, dated 15th January, 1976 and was further raised to Rs. 150 crores, *vide* endst. No. 319-IW(2)-78/1934, dated 18th January, 1978.

AND WHEREAS it has now been found necessary to increase the maximum amount from Rs. 150 crores to Rs. 250 crores.

NOW, THEREFORE, it is resolved that the Punjab Vidhan Sabha do accord approval to fix under sub-section (3) of section 65 of the Electricity (Supply) Act, 1948, the sum of Rs. 250 crores (Rupees Two hundred and fifty crores only) as the maximum amount which the Punjab State Electricity Board may at any time, have on loan under sub-section (1) of the said section.

**Mr. Speaker :** Motion moved that—

"WHEREAS in pursuance of sub-seciton (3) of Section 65 of the Electricity (Supply) Act, 1948 (54 of 1948), the Government of Punjab had, with the approval of the Punjab Vidhan Sabha, fixed by its Order No. 8268-21 and E-64, dated 28th April, 1965, the sum of Rs. 20 crores as the maximum amount which the Punjab State Electricity Board may, at any time, have on loan under sub-section (1) of the said section.

AND WHEREAS the aforesaid amount was increased with the approval of the Parliament, by Punjab Government to Rs. 50 crores with its Order No. 5 (GOI)-IW(7)-72/2621, dated the 3rd February, 1972, to Rs. 75 crores by its endorsement No. 5183-IW(7)-73/7405-06, dated the 17th April, 1973, to Rs. 100 crores,—*vide* its endst. No. 14020-IW(I)-75, dated 15th January, 1976 and as further raised to Rs. 150 crores,—*vide* endst. No. 319-IW(2)-78/1934, dated 18th January, 1978.

AND WHEREAS it has now been found necessary to increase the maximum amount from Rs. 150 crores to Rs. 250 crores.

**Expunged as ordered by the Chair.

Original with;
Punjab Vidhan Sabha
Digitized by;
Panjab Digital Library

[Mr. Speaker]

**NOW, THEREFORE,** it is resolved that the Punjab Vidhan Sabha do accord approval to fix, under sub-section (3) of section 65 of the Electricity (Supply) Act, 1948, the sum of Rs. 250 crores (Rupees two hundred and fifty crores only) as the maximum amount which the Punjab State Electricity Board may, at any time, have on loan under sub-section (1) of the said section."

**ਸਰਦਾਰ ਦਲੀਪ ਸਿੰਘ ਪਾਂਧੀ** (ਅਮਲੋਹ, ਐਸ. ਸੀ.) : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਨਵੀਂ ਸੋਧਨਾ ਲਿਆਂਦੀ ਹੈ। ਸਰਕਾਰਾਂ ਸਮੇਂ ਸਮੇਂ ਸਿਰ ਇਲੈਕਟ੍ਰਿਸਿਟੀ ਐਕਟ, 1948 ਵਿਚ ਲੋੜ ਅਨੁਸਾਰ ਤਰਮੀਮਾਂ ਕਰਕੇ ਇਸ ਦਾ ਪੈਸਾ ਵਧਾਉਂਦੀਆਂ ਰਹੀਆਂ ਹਨ। ਸਾਡੀ ਸਰਕਾਰ ਸਮੇਂ ਵੀ ਇਸ ਦੀ ਲਿਮਿਟ 150 ਕਰੋੜ ਰੁਪਏ ਕਰ ਦਿੱਤੀ ਗਈ ਸੀ। ਕਿਉਂਕਿ ਹੁਣ ਹੋਰ ਪੈਸੇ ਦੀ ਲੋੜ ਹੈ, ਇਸ ਲਈ ਇਸ ਦੀ ਲਿਮਿਟ 250 ਕਰੋੜ ਰੁਪਏ ਕਰਨ ਦੀ ਤਜਵੀਜ਼ ਹੈ। ਇਹ ਇਸ ਲਈ ਕੀਤਾ ਜਾ ਰਿਹਾ ਹੈ ਤਾਂਕਿ ਇਲੈਕਟ੍ਰਿਸਿਟੀ ਬੋਰਡ ਆਪਣਾ ਕੰਮ ਹੋਰ ਵਧਾ ਸਕੇ, ਹੋਰ ਤਰੱਕੀ ਕਰ ਸਕੇ। ਇਸ ਲਈ ਸਰਕਾਰ ਨੇ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ।

ਸਪੀਕਰ ਸਾਹਿਬ, ਇਹ ਠੀਕ ਹੈ ਕਿ ਬੋਰਡ ਇੱਕ ਅਟਾਨੋਮਸ ਅਦਾਰਾ ਹੈ। ਇਹ ਆਪਣੇ ਤੌਰ ਤੇ ਖਰਚ ਕਰ ਸਕਦਾ ਹੈ ਪਰ ਬਦਕਿਸਮਤੀ ਦੀ ਗਲ ਹੈ ਕਿ ਸਰਕਾਰਾਂ ਇਸ ਬੋਰਡ ਵਿਚ ਬਹੁਤ ਦਖਲ ਅੰਦਾਜ਼ੀ ਕਰਦੀਆਂ ਰਹੀਆਂ ਹਨ। ਮੈਂ ਅਰਜ਼ ਕਰਦਾ ਹਾਂ ਕਿ ਪਿਛਲੇ ਸਮੇਂ ਵਿੱਚ ਇਸ ਬੋਰਡ ਨੂੰ ਸੁਧਾਰਨ ਲਈ ਇਕ ਪ੍ਰਕਾਸ਼ ਟੰਡਨ ਕਮੇਟੀ ਬਣਾਈ ਗਈ ਸੀ। ਅਸੀਂ ਆਪਣੇ ਰਾਜ ਦੇ ਸਮੇਂ ਕੋਸ਼ਿਸ਼ ਕੀਤੀ ਕਿ ਇਸ ਵਿਚ ਦਖਲ ਅੰਦਾਜ਼ੀ ਨਾ ਕੀਤੀ ਜਾਵੇ ਅਤੇ ਇਸ ਵਿੱਚ ਸੁਧਾਰ ਕੀਤਾ ਜਾਵੇ। ਅੱਜ ਪ੍ਰੈਸ ਵਿੱਚ ਵੀ ਇਲਜ਼ਾਮਾਤ ਲਗ ਰਹੇ ਹਨ ਅਤੇ ਲੋਕ ਵੀ ਇਲਜ਼ਾਮ ਲਗਾ ਰਹੇ ਹਨ ਇਹ ਇੱਕ ਵ੍ਹਾਈਟ ਐਲੀਫੈਂਟ ਬਣ ਗਿਆ ਹੈ। ਇਹ ਇੱਕ ਸਰਕਾਰੀ ਮਹਿਕਮਾ ਬਣ ਕੇ ਰਹਿ ਗਿਆ ਹੈ। ਇਸ ਦਾ ਚੇਅਰਮੈਨ ਅਤੇ ਹੋਰ ਅਹੁਦੇਦਾਰ ਬਣਨ ਲਈ ਬਹੁਤ ਯਤਨ ਕਰਦੇ ਹਨ। ਜਿਹੜਾ ਇਸ ਦਾ ਚੇਅਰਮੈਨ ਹੈ, ਉਸ ਨੇ ਬਾਹਰਲੀ ਕਾਰ ਡੇਢ ਲੱਖ ਰੁਪਏ ਦੀ ਲਿਆ ਕੇ ਖਾਹ ਮਖਾਹ ਪੰਜਾਬ ਦੀ ਜਨਤਾ ਤੇ ਬੋਝ ਪਾਇਆ ਹੈ। ਹਾਲਾਂ ਕਿ ਪੰਜਾਬ ਦੇ ਚੀਫ ਮਨਿਸਟਰ ਕੋਲ ਸ਼ਾਇਦ ਪੁਰਾਣੀ ਕਾਰ ਹੋਵੇ ਪਰ ਇਸ ਬੋਰਡ ਦੇ ਚੇਅਰਮੈਨ ਅਤੇ ਮੈਂਬਰਾਂ ਨੇ ਇਮਪੋਰਟਿਡ ਕਾਰਾਂ ਲਿਆਕੇ ਪੰਜਾਬ ਦੇ ਲੋਕਾਂ ਤੇ ਬੋਝ ਪਾਇਆ ਹੈ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਣਾ ਹੈ। ਤੁਸੀਂ ਬਹੁਤ ਸਿਆਣੇ ਹੋ। ਮਲੇਰਕੋਟਲਾ ਵਿਚ ਜਦੋਂ ਮੌਜੂਦਾ ਪ੍ਰਾਈਮ ਮਨਿਸਟਰ ਸਾਹਿਬਾ ਗਏ ਸਨ, ਉਸ ਵੇਲੇ

All the roads were leading to Malerkotla, because it was a very popular and important Sub-Division of Punjab. ਸਪੀਕਰ ਸਾਹਿਬ, ਇਸ ਸ਼ਹਿਰ ਦਾ ਇਤਿਹਾਸ ਵਿੱਚ ਬੜਾ ਉੱਚਾ ਨਾਂ ਹੈ, ਕਿਉਂਕਿ ਇਥੋਂ ਦੇ ਮੁਸਲਮਾਨ ਜਿਹੜੇ ਕਿ ਪਠਾਣ ਹਨ, ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੇ ਬੱਚਿਆਂ ਲਈ ਅਵਾਜ਼ ਉਠਾਈ ਸੀ। ਲੇਕਿਨ ਇਥੋਂ ਦੇ ਲੋਕਾਂ ਨੂੰ ਭੁਲੇਖੇ ਵਿੱਚ ਰਖਿਆ ਗਿਆ। ਇੱਕ ਸਕੱਤਰੇਤ ਦੇ ਸੈਕਟਰੀ ਨੇ ਪੁਲੀਟੀਕਲ ਇੰਟਰਫੀਅਰੈਂਸ ਕਰਕੇ ਕਹਿ ਦਿੱਤਾ ਕਿ ਪੰਜਾਬ ਵਿੱਚ ਕੋਈ ਐਸਾ ਪਿੰਡ ਨਹੀਂ ਜਿਥੇ ਬਿਜਲੀ ਨਹੀਂ ਅਤੇ ਕੋਈ ਐਸਾ ਘਰ ਨਹੀਂ ਜਿਸ ਵਿੱਚ ਬਿਜਲੀ ਨਾ ਪਹੁੰਚੀ ਹੋਵੇ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਪੰਜਾਬ ਦੇ ਲੋਕਾਂ ਤੋਂ ਪੰਜ, ਪੰਜ ਹਜ਼ਾਰ ਰੁਪਏ ਦੀਆਂ ਸਿਕਿਉਰਿਟੀਆਂ ਬੋਰਡ ਨੇ ਲਈਆਂ ਲੋਕਾਂ ਨੇ ਲੈਂਡ ਮਾਰਟਗੇਜ ਬੈਂਕਾਂ ਤੋਂ ਲੋਨ ਲੈ ਕੇ ਮੋਟਰਾਂ ਬਿਜਲੀ ਦੀਆਂ ਖਰੀਦ ਲਈਆਂ। ਪਰ ਉਨ੍ਹਾਂ ਨੂੰ ਕੁਨੈਕਸ਼ਨ ਨਹੀਂ ਮਿਲੇ। ਅੱਜ ਇਥੇ ਬਿਜਲੀ ਦੀ ਕੀ ਹਾਲਤ ਹੈ ? ਹਨੇਰੀ ਤਾਂ ਕਲਕੱਤੇ ਵਿੱਚ ਆਉਂਦੀ ਹੈ ਲੇਕਿਨ ਬਿਜਲੀ ਇਥੇ ਦੀ ਚਲੀ ਜਾਂਦੀ ਹੈ। ਜੋ ਮੌਜੂਦਾ ਹਾਲਾਤ ਚਲ ਰਹੇ ਹਨ, ਇਸ ਹਿਸਾਬ ਨਾਲ ਤਾਂ ਬਿਜਲੀ ਬੋਰਡ ਦਾ ਬਹੁਤ ਬੁਰਾ ਹਾਲ ਹੋਣਾ ਹੈ।

Original with;
Punjab Vidhan Sabha
Digitized by;
Panjab Digital Library

ਮੈਂ ਕੱਲ ਅਰਜ਼ ਕੀਤੀ ਸੀ ਕਿ ਮੌਜੂਦਾ ਸਰਕਾਰ ਨੇ, ਜਿਹੜੀ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ, ਚਾਹੇ ਧੋਖੇ ਨਾਲ ਜਾਂ ਫਰੇਬ ਨਾਲ ਚੁਣੀ ਗਈ ਹੈ, ਕਿਉਂਕਿ ਪੰਜਾਬ ਦੇ ਵਿੱਚ ਤਰੱਕੀ ਦਾ ਕੋਈ ਕੰਮ ਨਹੀਂ ਹੋ ਰਿਹਾ, ਇਸ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ 7 ਜੂਨ ਨੂੰ ਸਹੁੰ ਚੁੱਕੀ। ਸਭ ਨੂੰ ਇਸ ਦਾ ਪਤਾ ਹੈ। ਇਹ ਲੋਕਾਂ ਦੀ ਚੁਣੀ ਹੋਈ ਡੈਮੋਕਰੇਟਿਕ ਸਰਕਾਰ ਹੈ । ਚਾਹੇ ਐਮਰਜੰਸੀ ਵੇਲੇ ਜ਼ਿਆਦਤੀਆਂ ਹੋਈਆਂ, ਠੀਕ ਹੈ, ਲੋਕਾਂ ਨੇ ਇਸ ਨੂੰ ਮਹਿਸੂਸ ਕੀਤਾ। ਲੇਕਿਨ ਸਪੀਕਰ ਸਾਹਿਬ, 6 ਤਾਰੀਖ ਨੂੰ ਨਵਾਂ ਬਿਜਲੀ ਬੋਰਡ ਦਾ ਚੇਅਰਮੈਨ ਦਿੱਲੀ ਤੋਂ ਲਿਆ ਕੇ ਰਾਤ ਨੂੰ 10 ਵਜੇ ਉਸ ਨੂੰ ਪੁਰਾਣੇ ਚੇਅਰਮੈਨ ਤੋਂ ਚਾਰਜ ਦਿਵਾਇਆ ਗਿਆ। ਅਗਰ ਟੈਕਨੀਕਲ ਆਦਮੀਆਂ ਦਾ, ਇੰਜੀਨੀਅਰਾਂ ਦਾ ਇਹ ਹਸ਼ਰ ਹੋਣਾ ਹੈ ਤਾਂ ਬਾਕੀਆਂ ਦਾ ਕੀ ਹਾਲ ਹੋਵੇਗਾ। ਇਲੈਕਟ੍ਰਿਸਿਟੀ ਐਕਟ ਵਿੱਚ ਪ੍ਰੋਵੀਜ਼ਨ ਹੈ ਕਿ ਜੇ ਕਿਸੇ ਬੋਰਡ ਦੇ ਚੇਅਰਮੈਨ ਜਾਂ ਮੁਲਾਜ਼ਮ ਨੂੰ ਕੱਢਣਾ ਹੈ ਤਾਂ ਉਸ ਦੀ ਵਜ੍ਹਾ, ਸਫੀਸ਼ੇਂਟ ਕਾਰਨ, ਬਿਆਨ ਕਰਨੇ ਪੈਣਗੇ ਕਿ ਇਨ੍ਹਾਂ ਕਾਰਣਾਂ ਕਰਕੇ ਤੁਹਾਨੂੰ ਕੱਢ ਰਹੇ ਹਾਂ। ਲੇਕਿਨ ਹੁਣ ਫਿਰ ਐਸਾ ਡੰਡਾ ਚਲ ਰਿਹਾ ਹੈ ਕਿ ਲੋਕਾਂ ਨੂੰ ਐਮਰਜੰਸੀ ਦੇ ਦਿਨਾਂ ਦੀ ਯਾਦ ਆ ਗਈ ਹੈ। ਸੈਂਟਰ ਵਿਚ ਜੋ ਪੰਜਾਬ ਦਾ ਆਦਮੀ ਹੈ, ਜਿਸ ਨੇ ਪ੍ਰੈਸ਼ਰ ਪਾ ਕੇ ਪੰਜਾਬੀ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਲਈ, ਉਸ ਨੇ ਐਸਾ ਹੁਕਮ ਕਰਵਾਇਆ ਕਿ ਰਾਤੋ ਰਾਤ ਕਈ ਅਫ਼ਸਰ ਬਦਲ ਦਿੱਤੇ ਗਏ। ਬਿਜਲੀ ਬੋਰਡ ਦਾ ਵੀ ਇਹੀ ਹਾਲ ਹੋਇਆ। ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਥੀਨ ਡੈਮ ਦੇ ਬਾਰੇ ਵਿੱਚ ਬਿਜਲੀ ਬੋਰਡ ਨੇ ਲਿਖਿਆ ਹੈ ਕਿ ਸਿਰਫ 3,000 ਰੁਪਿਆ ਰਖਿਆ ਗਿਆ ਹੈ। ਇਹ ਆਉਣ ਵਾਲੇ ਸਾਲ ਵਿੱਚ ਖਰਚਿਆ ਜਾਵੇਗਾ। ਇਸ ਦੀ ਅਪਰੂਵਲ ਨਹੀਂ ਆਈ। ਵਾਟਰ ਅਤੇ ਪਾਵਰ ਕਮਿਸ਼ਨ ਨੇ ਤਾਂ ਇਹ ਪਰਵਾਨ ਕਰ ਲਿਆ ਹੈ। ਅਜਿਹੇ ਅਹਿਮ ਮਸਲੇ ਤੇ ਅਗਰ ਬਿਜਲੀ ਬੋਰਡ ਸਟੈਪ ਨਹੀਂ ਲੈਂਦਾ ਤਾਂ ਪੰਜਾਬ ਦੀ ਕੀ ਹਾਲਤ ਹੋਵੇਗੀ ? ਇੰਡਸਟਰੀ ਅੱਜ ਬੰਦ ਹੋ ਰਹੀ ਹੈ। ਕਿਸਾਨ ਦੀ ਝੋਨੇ ਦੀ ਫਸਲ ਦੀ ਬਿਜਾਈ ਨਹੀਂ ਹੋ ਰਹੀ ਕਿਉਂਕਿ ਬਿਜਲੀ ਦਾ ਪਤਾ ਨਹੀਂ ਕਦੋਂ ਚਲੀ ਜਾਵੇ। ਕੱਟ ਦਾ ਕੋਈ ਟਾਈਮ ਨਹੀਂ। ਇਹ 10 ਵਜੇ ਲੱਗਣੀ ਹੈ ਜਾਂ 6 ਵਜੇ ਲੱਗਣੀ ਹੈ, ਇਸ ਦਾ ਕਨਜ਼ਿਊਮਰ ਨੂੰ ਪਤਾ ਹੋਣਾ ਚਾਹੀਦਾ ਹੈ ਤਾਕਿ ਉਹ ਆਪਣਾ ਕੋਈ ਹੋਰ ਪ੍ਰਬੰਧ ਕਰ ਲਵੇ। ਜਦੋਂ ਮਰਜ਼ੀ ਹੈ ਬਿਜਲੀ ਚਲੀ ਜਾਂਦੀ ਹੈ। ਇਸ ਨੂੰ ਲੋਕ ਕੱਟ ਸਮਝਦੇ ਹਨ। ਕਿਸੇ ਬੋਰਡ ਦੇ ਮੈਂਬਰ ਨੂੰ, ਬੜੇ ਅਫ਼ਸਰ ਨੂੰ ਇਸ ਦਾ ਪਤਾ ਨਹੀਂ ਕਿ ਕਦੋਂ ਬਿਜਲੀ ਦੀ ਕਟ ਲਗਣੀ ਹੈ, ਪਟਿਆਲੇ ਕੱਟ ਲੱਗਣੀ ਹੈ ਜਾਂ ਰੋਪੜ ਵਿੱਚ ਕੱਟ ਲੱਗਣੀ ਹੈ। ਪਿਛਲੀ ਸਰਕਾਰ ਨੇ ਇਹ ਮਹਿਸੂਸ ਕੀਤਾ ਸੀ ਕਿ ਪੰਜਾਬ ਦੀ ਜਨਤਾ ਕਰਾਹ ਰਹੀ ਹੈ। ਥਰਮਲ ਪਲਾਂਟ, ਬਠਿੰਡਾ ਜੋ ਕਿ ਗੁਰੂ ਨਾਨਕ ਜੀ ਦੇ ਪਵਿੱਤਰ ਨਾਂ ਤੇ ਹੈ, ਉਥੇ ਕੋਲੇ ਦੀ ਬੜੀ ਤੰਗੀ ਹੈ। ਬਿਜਲੀ ਬੋਰਡ ਨੇ ਫੈਸਲਾ ਕੀਤਾ ਹੈ ਕਿ ਉਸ ਲਈ ਕੋਲਾ ਇੱਕ ਠੇਕੇਦਾਰ ਦੀ ਮਾਰਫਤ ਲਿਆਂਦਾ ਜਾਵੇ। ਠੇਕੇਦਾਰਾਂ ਦੀ ਜ਼ਹਿਨੀਅਤ ਦਾ ਜਨਾਬ ਨੂੰ ਪਤਾ ਹੈ। ਠੇਕੇਦਾਰ ਤਾਂ ਸ਼ਰਾਬ ਵੀ ਜਾਲ੍ਹੀ ਬਣਾ ਲੈਂਦੇ ਹਨ। ਕਾਂਗਰਸ ਵਾਲੇ ਸੱਜਣਾਂ ਨੇ ਉਨ੍ਹਾਂ ਨੂੰ ਲੀਡਰ ਬਣਾਇਆ ਹੋਇਆ ਹੈ ਅਤੇ ਉਨ੍ਹਾਂ ਨੇ ਲੜਕਿਆਂ ਨੂੰ ਟਿਕਟਾਂ ਦਿੱਤੀਆਂ ਹਨ। ਉਸ ਠੇਕੇਦਾਰ ਨੇ ਗਲਤ ਕੋਲਾ ਲਿਆ ਕੇ ਥਰਮਲ ਪਲਾਂਟ ਦਾ ਬੇੜਾ ਗਰਕ ਕਰ ਦਿੱਤਾ ਹੈ । ਪਤਾ ਨਹੀਂ ਕਦੋਂ ਇਹ ਪਲਾਂਟ ਬੰਦ ਹੋ ਜਾਵੇ। ਇਸ ਮਾਮਲੇ ਦੀ ਜਾਂਚ ਲਈ ਸਦਨ ਦੀ ਇੱਕ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਕਿਉਂਕਿ ਬਿਜਲੀ ਬੋਰਡ ਡਾਇਰੈਕਟ ਆਪ ਕੋਲਾ ਨਾ ਲਿਆ ਕੇ, ਉਥੇ ਆਪਣਾ ਕੋਈ ਅਫ਼ਸਰ ਨਾ ਭੇਜ ਕੇ, ਠੇਕੇਦਾਰ ਰਾਹੀਂ ਕੋਲਾ ਮੰਗਾ ਰਿਹਾ ਹੈ। ਇਸ ਬੋਰਡ ਵਿੱਚ ਕਰੋੜਾਂ ਰੁਪਏ ਖਰਚ ਹੋ ਰਹੇ ਹਨ। ਪਤਾ ਨਹੀਂ ਇਥੇ ਕਿਤਨੇ ਅਫ਼ਸਰ ਹਨ ਅਤੇ ਕਿਤਨੇ ਪਬਲਿਕ ਰਿਲੇਸ਼ਨਜ਼ ਅਫ਼ਸਰ ਹਨ। ਚੰਡੀਗੜ੍ਹ ਵਿੱਚ ਬਿਜਲੀ ਜਾ ਸਕਦੀ ਹੈ, ਅੰਮ੍ਰਿਤਸਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਵਿੱਚ ਬਿਜਲੀ ਜਾ ਸਕਦੀ ਹੈ ਲੇਕਿਨ ਬਿਜਲੀ ਬੋਰਡ ਦੇ ਦਫਤਰ ਵਿੱਚ ਵੱਡੇ ਵੱਡੇ ਅਫ਼ਸਰਾਂ ਦੇ ਕਮਰਿਆਂ ਵਿਚ ਏਅਰ ਕੰਡੀਸ਼ਨਰ ਲੱਗੇ ਹੋਏ ਹਨ। ਉਥੇ ਇੱਕ ਮਿੰਟ ਲਈ ਵੀ ਬਿਜਲੀ ਨਹੀਂ ਜਾਂਦੀ। ਪਟਿਆਲੇ ਦੇ ਰਾਜਿੰਦਰਾ ਹਸਪਤਾਲ ਵਿੱਚ ਅਤੇ ਅੰਮ੍ਰਿਤਸਰ ਦੇ ਹਸਪਤਾਲ ਵਿਚ ਬਿਜਲੀ ਚਲੇ ਜਾਣ ਕਰਕੇ, ਏਅਰ ਕੰਡੀਸ਼ਨ ਪਲਾਂਟ ਨਹੀਂ ਚਲਦੇ ਅਤੇ ਇਸ ਕਾਰਣ ਉਥੇ ਮਰੀਜ਼ ਮਰ ਰਹੇ ਹਨ ਪਰ ਬਿਜਲੀ ਬੋਰਡ ਦੇ ਅਫ਼ਸਰਾਂ ਦੇ ਕਮਰਿਆਂ ਵਿੱਚ ਏਅਰ ਕੰਡੀਸ਼ਨ ਹਰ ਵਕਤ ਚਲਦੇ ਰਹਿੰਦੇ ਹਨ। ਉਨ੍ਹਾਂ ਦੀ ਕਾਲੋਨੀ ਨਾਲ ਸਿੱਧਾ ਭਾਖੜੇ ਦਾ ਕੁਨੈਕਸ਼ਨ ਹੈ। ਇਕ ਮਿੰਟ ਲਈ ਵੀ ਉਥੇ ਬਿਜਲੀ ਬੰਦ ਨਹੀਂ ਹੁੰਦੀ।

ਸਪੀਕਰ ਸਾਹਿਬ, ਮੈਂ ਟੈਕਨੀਕਲ ਆਦਮੀ ਨਹੀਂ ਹਾਂ। ਲੇਕਿਨ ਪੀ.ਬੀ.ਸੀ. ਜਿਹੜੀ ਤਾਰ ਹੈ, ਇਸ ਦੀ ਸ਼ਾਰਟੇਜ ਹੈ ਅਤੇ ਦੂਜੇ ਪਾਸੇ ਬੋਰਡ ਨੇ ਐਸਾ ਮੈਟੀਰੀਅਲ ਖਰੀਦਿਆ ਹੋਇਆ ਹੈ ਕਰੋੜਾਂ ਰੁਪਿਆਂ ਦਾ, ਜਿਸ ਦੀ ਸੌ ਸਾਲ ਲੋੜ ਨਹੀਂ ਪੈਣੀ। ਹਨੇਰੀ ਤਾਂ ਪਾਕਿਸਤਾਨ ਵਿੱਚ ਆਉਂਦੀ ਹੈ, ਪਰ ਪੋਲ ਇਥੇ ਇਨ੍ਹਾਂ ਦੇ ਡਿੱਗਣ ਲੱਗ ਪੈਂਦੇ ਹਨ। ਮੇਰੀ ਅਮਲੋਹ ਤਹਿਸੀਲ ਵਿਚ ਕੋਲਗੜ੍ਹ ਪਿੰਡ ਵਿੱਚ ਬਿਜਲੀ ਦੀ ਤਾਰ ਨਾਲ ਇੱਕ ਬੰਦਾ ਨਿੱਕਾ ਸਿੰਘ ਮਰ ਗਿਆ ਹੈ। ਤਾਰਾਂ ਪਿੰਡਾਂ ਵਿਚ ਬਿਜਲੀ ਦੀਆਂ ਨੰਗੀਆਂ ਫਿਰਦੀਆਂ ਹਨ। ਉਨ੍ਹਾਂ ਨੰਗੀਆਂ ਤਾਰਾਂ ਨਾਲ ਲੋਕਾਂ ਦੇ ਐਕਸੀਡੈਂਟ ਹੋ ਜਾਂਦੇ ਹਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਤਕੜੇ ਹੋ ਕੇ ਹੱਥ ਪਾਉਣ। ਲੇਕਿਨ ਇਨ੍ਹਾਂ ਦੀਆਂ ਵੀ ਮਜ਼ਬੂਰੀਆਂ ਹਨ। ਹੁਕਮ ਆਮ ਤੌਰ ਤੇ ਦਿਲੀ ਤੋਂ ਹੁੰਦੇ ਹਨ। ਇਨ੍ਹਾਂ ਨੂੰ ਬਹੁਤ ਰੁਕਾਵਟਾਂ ਹਨ। ਦੋ ਤਿੰਨ ਦਿਨਾਂ ਤੋਂ ਬਾਅਦ ਇਨ੍ਹਾਂ ਨੂੰ ਦਿਲੀ ਜਾਣਾ ਪੈਂਦਾ ਹੈ। ਦਿੱਲੀ ਤੋਂ ਹੀ ਡਾਇਰੈਕਟ ਨਿਯੁਕਤੀਆਂ ਦੇ ਆਰਡਰ ਹੁੰਦੇ ਹਨ, ਜਿਸ ਤਰ੍ਹਾਂ ਕਿ ਬਿਜਲੀ ਬੋਰਡ ਦੇ ਚੇਅਰਮੈਨ ਦੇ ਆਰਡਰ ਹੋਏ। ਇਸ ਲਈ ਦਿੱਲੀ ਦੀ ਇੰਟਰਫੀਅਰੇਂਸ ਪਜਾਬ ਦੇ ਰਾਜ ਪ੍ਰਬੰਧ ਵਿੱਚ ਖਤਮ ਹੋਣੀ ਚਾਹੀਦੀ ਹੈ। ਸੀ.ਪੀ. (ਐਮ.) ਅਤੇ ਅਕਾਲੀ ਸ਼੍ਰੋਮਣੀ ਦੱਲ ਮਗ ਕਰਦਾ ਹੈ ਕਿ ਸੂਬਿਆਂ ਨੂੰ ਵੱਧ ਅਧਿਕਾਰ ਦੇਣੇ ਚਾਹੀਦੇ ਹਨ। ਇਹ ਸੂਬਿਆਂ ਦੀਆਂ ਸਰਕਾਰਾਂ ਤਾਂ ਪੰਚਾਇਤਾਂ ਅਤੇ ਮਿਉਂਸਪੈਲਟੀਆਂ ਬਣ ਕੇ ਰਹਿ ਗਈਆਂ ਹਨ। ਜਦੋਂ ਚਾਹੇ ਦਿੱਲੀ ਦੀ ਸਰਕਾਰ ਇਨ੍ਹਾਂ ਨੂੰ ਤੋੜ ਸਕਦੀ ਹੈ ਪਾਰਲੀਆਮੈਂਟ ਨੇ, ਲੈਜਿਸਲੇਚਰਜ਼ ਨੇ ਇਸ ਗੱਲ ਦੀ ਐਕਟ ਵਿੱਚ ਪ੍ਰੋਵੀਜ਼ਨ ਕੀਤੀ ਹੈ ਕਿ ਬਿਜਲੀ ਬੋਰਡ ਵਿੱਚ ਦਖਲ ਅੰਦਾਜ਼ੀ ਨਹੀਂ ਹੋਣੀ ਚਾਹੀਦੀ।

(ਇਸ ਸਮੇਂ ਸਰਦਾਰ ਬੀਰਦਵਿੰਦਰ ਸਿੰਘ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

**ਸ੍ਰੀ ਸਪੀਕਰ** : ਤੁਸੀਂ ਇੰਟਰਵੀਨਿੰਗ ਪੀਰੀਅਡ ਵਿੱਚ ਪੁਆਇੰਟ ਆਫ ਆਰਡਰ ਕਰ ਸਕਦੇ ਹੋ। ਜਦੋਂ ਕੋਈ ਸਪੀਚ ਕਰ ਰਿਹਾ ਹੋਵੇ ਉਦੋਂ ਤੁਸੀਂ ਪੁਆਇੰਟ ਆਫ ਆਰਡਰ ਨਹੀਂ ਕਰ ਸਕਦੇ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਪਟਿਆਲੇ ਦਾ ਰਹਿਣ ਵਾਲਾ ਹਾਂ। ਉਥੇ ਟੈਕਨੀਕਲ ਮੈਂਬਰ ਹਨ, ਚੇਅਰਮੈਨ ਹੈ। ਟੈਕਨੀਕਲ ਮੈਂਬਰ ਇੰਜੀਨੀਅਰ ਹੁੰਦਾ ਹੈ। ਲੇਕਿਨ ਉਥੇ ਇੱਕ ਓ.ਐਸ.ਡੀ. ਲਾਇਆ ਗਿਆ ਹੈ। ਦੋ ਟੈਕਨੀਕਲ ਮੈਂਬਰ ਹਨ, ਉਨ੍ਹ ਦੇ ਨਾਲ ਐਕਸ. ਈ.ਐਨ. ਲਗਾਇਆ ਗਿਆ ਹੈ। 8 ਸਬ ਡਵੀਜ਼ਨਾਂ ਮਗਰ ਇੱਕ ਡਵੀਜ਼ਨ ਹੋਣਾ ਚਾਹੀਦਾ ਹੈ ਅਤੇ 8 ਡਵੀਜ਼ਨਾਂ ਮਗਰ ਇੱਕ ਸਰਕਲ ਹੋਣਾ ਚਾਹੀਦਾ ਹੈ। ਲੇਕਿਨ ਇਥੇ ਐਸਾ ਨਹੀਂ ਹੈ। ਬੇਅੰਤ ਸਬ ਡਵੀਜ਼ਨ ਹਨ। ਇਸ ਮਹਿਕਮੇ ਵਿੱਚ, ਸਪੀਕਰ ਸਾਹਿਬ, ਪਰਚੇਜ਼ ਦਾ ਕੋਈ ਸਿਸਟਮ ਨਹੀਂ, ਕੋਈ ਅਸੂਲ ਨਹੀਂ। ਦਿੱਲ ਕਰੇ ਤਾਂ ਕਲਕੱਤੇ ਤੋਂ, ਬੰਬਈ ਤੋਂ ਜਾਂ ਦਿੱਲੀ ਤੋਂ ਸਾਮਾਨ ਖਰੀਦ

Original with;
Punjab Vidhan Sabha
Digitized by;
Panjab Digital Library

ਲੈਂਦੇ ਹਨ। ਬੜਾ ਕੀਮਤੀ ਸਾਮਾਨ ਰੇਲਵੇ ਸਟੇਸ਼ਨਾਂ ਤੇ ਪਿਆ ਰੁਲਦਾ ਹੈ। ਇਹ ਬੋਰਡ ਪੰਜਾਬ ਦੀ ਜਨਤਾ ਤੇ ਬਹੁਤ ਬੋਝ ਪਾ ਰਿਹਾ ਹੈ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਪਾਸੇ ਸਰਕਾਰ ਨੂੰ ਖਿਆਲ ਦੇਣਾ ਚਾਹੀਦਾ ਹੈ। ਜੋ ਇਸ ਵਿੱਚ ਰੈਡਟੇਪਿਜ਼ਮ ਹੈ ਜੋ ਅੰਧੇਰਗਰਦੀ ਹੈ, ਉਸ ਦੀ ਕੋਈ ਮਿਸਾਲ ਨਹੀਂ। ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਾਂ ਨੂੰ ਪੂਰੀ ਰਿਜ਼ਰਵੇਸ਼ਨ ਨਹੀਂ ਦਿੱਤੀ ਜਾ ਰਹੀ ਹਾਲਾਂਕਿ ਸਰਕਾਰ ਦੀਆਂ ਹਦਾਇਤਾਂ ਹਨ। ਲੇਕਿਨ ਇਹ ਸਰਕਾਰ ਦੀਆਂ ਹਦਾਇਤਾਂ ਦੀ ਕੋਈ ਪਰਵਾਹ ਨਹੀਂ ਕਰਦੇ। ਸਰਕਾਰ ਦੀਆਂ ਬਿਲਕੁਲ ਸਪੱਸ਼ਟ ਹਦਾਇਤਾਂ ਹਨ ਕਿ ਇਨ੍ਹਾਂ ਨੂੰ ਮੰਨੋ, ਲਾਗੂ ਕਰੋ। ਬਾਕੀ ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਸ ਉਪਰ ਸਖ਼ਤੀ ਰੱਖਣ ਦੀ ਲੋੜ ਹੈ, ਖਰਚਾ ਨਜ਼ਾਇਜ਼ ਬਹੁਤ ਹੋ ਰਿਹਾ ਹੈ। ਬੋਰਡ ਨੇ ਪਿਛਲੇ ਸਾਲਾਂ ਤੋਂ ਫਾਲਤੂ ਮਾਲ ਬਹੁਤ ਸਾਰਾ ਖਰੀਦਿਆ ਸੀ ਉਹ ਉਸ ਤਰ੍ਹਾਂ ਹੀ ਪਿਆ ਹੈ। ਡੀਜ਼ਲ ਇੰਜਣ ਖਰੀਦੇ ਪਏ ਹਨ ਪਰ ਡੀਜ਼ਲ ਮਿਲਦਾ ਨਹੀਂ ਹੈ। ਪਹਿਲੀ ਸਰਕਾਰ ਦੀ ਇਕ ਕਨਸਲਟੇਟਿਵ ਕਮੇਟੀ ਨੇ ਫੈਸਲਾ ਕੀਤਾ ਸੀ ਕਿ ਜਦੋਂ ਹਾਲਾਤ ਹੀ ਬਦਲ ਗਏ ਹਨ, ਜਦੋਂ ਇਸ ਤਰ੍ਹਾਂ ਦਾ ਸਾਮਾਨ ਕੰਮ ਹੀ ਨਹੀਂ ਆਉਣਾ, ਤਾਂ ਸਾਰੇ ਫਾਲਤੂ ਸਾਮਾਨ ਨੂੰ ਵੇਚ ਦਿੱਤਾ ਜਾਵੇ ਤਾ ਕਿ ਕੁਝ ਨਾ ਕੁਝ ਬੋਰਡ ਨੂੰ ਪੈਸੇ ਆ ਜਾਣ। ਇਸ ਲਈ ਮੈਂ ਸੀ. ਐਮ. ਸਾਹਿਬ ਨੂੰ ਇਹ ਬੇਨਤੀ ਕਰਦਾ ਹਾਂ ਕਿ ਇਹ ਉਸ ਕਮੇਟੀ ਦੀ ਰਿਪੋਰਟ ਨੂੰ ਵੀ ਮੰਗਵਾ ਕੇ ਵੇਖ ਲੈਣ, ਉਸ ਨਾਲ ਵੀ ਸਰਕਾਰ ਨੂੰ ਲਾਭ ਹੋਵੇਗਾ। ਫਿਰ ਬੋਰਡ ਦੀ ਇਕ ਹੋਰ ਸਕੀਮ, ਸਪੀਕਰ ਸਾਹਿਬ, ਵੇਖੋ ਇਨ੍ਹਾਂ ਨੇ 22 ਹਜ਼ਾਰ ਬਲਬ ਖਰੀਦੇ ਸੀ। ਇਕ ਤਾਂ ਸਕਰਿਊ ਬਲਬ ਹੁੰਦੇ ਹਨ ਔਰ ਇਕ ਸਟਰੀਟ ਲਾਈਟ ਵਾਸਤੇ ਪਿੰਨ ਬਲਬ ਹੁੰਦੇ ਹਨ। ਪਰ ਹੋਇਆ ਕੀ ਕਿ ਜਿੱਥੇ ਸਕਰਿਊ ਬਲਬ ਚਾਹੀਦੇ ਸਨ, ਉਥੇ ਪਿੰਨ ਬਲਬ ਖਰੀਦੇ ਗਏ ਔਰ ਜਿੱਥੇ ਪਿੰਨ ਬਲਬ ਚਾਹੀਦੇ ਸਨ, ਉਥੇ ਸਕ-ਰਿਊ ਬਲਬ ਖਰੀਦੇ ਗਏ। ਇਸ ਤਰ੍ਹਾਂ ਬਹੁਤ ਵੇਸਟੇਜ ਹੁੰਦੀ ਹੈ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਬੋਰਡ ਦੇ ਕੰਮ ਕਾਰ ਵਿਚ ਬਹੁਤ ਹੀ ਸੁਧਾਰ ਹੋਣਾ ਚਾਹੀਦਾ ਹੈ, ਸੁਧਾਰ ਕਰਨ ਦੀ ਬਹੁਤ ਲੋੜ ਹੈ। ਇਨ੍ਹਾਂ ਨੂੰ ਵੇਖਣਾ ਚਾਹੀਦਾ ਹੈ ਕਿ ਉਸ ਦਾ ਇੰਤਜ਼ਾਮ ਠੀਕ ਹੋਵੇ। ਇਸ ਵਿਚ ਬੰਗਲਿੰਗ ਬੜੀ ਹੋ ਰਹੀ ਹੈ। ਅਫਸਰ ਜਿੱਥੇ ਮਰਜ਼ੀ ਹੈ ਕਾਰ ਲੈ ਕੇ ਚਲਾ ਜਾਵੇ, ਉਸ ਤੇ ਕੋਈ ਪਾਬੰਦੀ ਨਹੀਂ ਹੈ, ਇਨ੍ਹਾਂ ਦੇ ਚੀਫ ਇੰਜੀਨੀਅਰ ਜਹਾਜ਼ਾਂ ਵਿਚ ਸਾਮਾਨ ਖਰੀਦ ਕੇ ਲਿਆਉਂਦੇ ਹਨ, ਕਈ ਵਾਰੀ ਵਿਦੇਸ਼ਾਂ ਵਿਚ ਵੀ ਜਾਂਦੇ ਹਨ। ਬੋਰਡ ਦੀ ਕੋਈ ਮੀਟਿੰਗ ਨਹੀਂ ਹੋ ਰਹੀ, ਕੋਈ ਵਿਧਾਨ ਸਭਾ ਕਮੇਟੀ ਦੀ ਮੀਟਿੰਗ ਨਹੀਂ ਹੋਈ। ਪਿਛਲੀਆਂ ਪਬਲਿਕ ਅਕਾਊਂਟਸ ਕਮੇਟੀਆਂ ਜਾਂ ਐਸਟੀਮੇਟਸ ਕਮੇਟੀਆਂ ਦੀਆਂ ਰਿਪੋਰਟਾਂ ਸਰਕਾਰ ਮੰਗਵਾ ਕੇ ਵੇਖ ਲਵੇ ਉਨ੍ਹਾਂ ਨੇ ਆਪਣੀਆਂ ਰਿਪੋਰਟਾਂ ਵਿਚ ਕਿਤਨਾ ਘਪਲਾ ਦੱਸਿਆ ਹੈ। ਠੀਕ ਹੈ ਕਿ ਵਿਧਾਨ ਸਭਾ ਜੋ ਹੈ, ਉਸ ਬੋਰਡ ਦੇ ਖਰਚ ਨੂੰ ਮਨਜ਼ੂਰ ਕਰਦੀ ਹੈ ਪਰ ਜੋ ਪੈਸਾ ਮਿਲਦਾ ਹੈ, ਅਗਰ ਉਹ ਠੀਕ ਤਰ੍ਹਾਂ ਖਰਚ ਨਾ ਕੀਤਾ ਜਾਵੇ ਤਾਂ ਉਸ ਦੀ ਜ਼ਿੰਮੇਵਾਰੀ ਠਹਿਰਾਉਣੀ ਚਾਹੀਦੀ ਹੈ।

ਇਸ ਤਰ੍ਹਾਂ ਹੀ ਇਕ ਬਿਜਲੀ ਬੋਰਡ ਦਾ ਆਪਣਾ ਵਿਜੀਲੈਂਸ ਡਿਪਾਰਟਮੈਂਟ ਹੈ। ਸਪੀਕਰ ਸਾਹਿਬ, ਜਿਹੜਾ ਨਾ-ਅਹਿਲ ਅਫਸਰ ਸਾਬਤ ਹੋ ਜਾਂਦਾ ਹੈ, ਕੁਰੱਪਟ ਹੁੰਦਾ ਹੈ, ਜਿਹੜਾ ਕੁੱਤੇ ਰੱਖਦਾ ਹੈ, ਉਸ ਨੂੰ ਵਿਜੀਲੈਂਸ ਡਿਪਾਰਟਮੈਂਟ ਵਿਚ ਲਗਾ ਦਿੱਤਾ ਜਾਂਦਾ ਹੈ। ਸਪੀਕਰ ਸਾਹਿਬ, ਇਕ ਬਿਲਾ ਦੁੱਧ ਦੀ ਰਾਖੀ ਕਿਸ ਤਰ੍ਹਾਂ ਕਰੇਗਾ ? ਫਿਰ ਇਹ ਵਿਜੀਲੈਂਸ ਡਿਪਾਰਟਮੈਂਟ ਬਿਜਲੀ ਬੋਰਡ ਦੇ ਕੰਟਰੋਲ ਹੇਠ ਹੈ। ਕਿਉਂ ਨਹੀਂ ਸਿੱਧਾ ਹੀ ਇਸ ਦਾ ਕੰਟਰੋਲ ਸਰਕਾਰ ਆਪਣੇ ਹੱਥ ਵਿਚ ਲੈ ਲੈਂਦੀ ?

**ਸ੍ਰੀ ਸਪੀਕਰ :** ਸਫੀਸ਼ੈਂਟ ਸਮਾਂ ਹੋ ਗਿਆ ਹੈ। Now I call upon Shri O. P. Gupta.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ :** ਅੱਛਾ ਜਨਾਬ, ਮੈਂ ਖਤਮ ਕਰਦਾ ਹਾਂ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਅਰਜ਼ ਕਰਾਂਗਾ ਕਿ ਜਿਹੜੇ ਸਬ-ਸਟੇਸ਼ਨ ਬਣਦੇ ਹਨ, ਜਿਸ ਤਰ੍ਹਾਂ ਕਿ 2[illegible] ਐਮ. ਜੀ. ਦਾ ਗੋਬਿੰਦਗੜ੍ਹ, ਤੇ 66 ਕੇ.ਵੀ. ਦਾ ਅਮਲੋਹ ਬਣਨੇ ਹਨ, ਉਨ੍ਹਾਂ ਸਾਰੀਆਂ ਦਾ ਸਰਵੇ ਸਰਕਾਰ ਕਰਵਾ ਲਵੇ ਤੇ ਸ਼ੀਘਰ ਮੁਕੰਮਲ ਕਰੇ। ਜਿੱਥੇ ਜਿੱਥੇ ਬਿਜਲੀ ਦੀ ਲੋੜ ਹੈ ਉਥੇ ਉਥੇ ਮਿਲਣੀ ਚਾਹੀਦੀ ਹੈ। ਕਿਸੇ ਪੁਲਿਟੀਕਲ ਟਰਮਜ਼ ਤੇ ਗੱਲ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਮੈਂ ਇਹ ਵੀ ਕਹਾਂ-ਗਾ ਕਿ ਜੋ ਖਰਚ ਬੋਰਡ ਕਰ ਰਿਹਾ ਹੈ, ਉਹ ਠੀਕ ਹੋਣਾ ਚਾਹੀਦਾ ਹੈ। ਖਾਹ ਮਖਾਹ ਉਥੇ ਅਫਸਰ ਸ਼ਾਹੀ ਬਹੁਤ ਸਾਰੀ ਬਿਠਾਈ ਗਈ ਹੈ। ਇਸ ਲਈ ਸਰਕਾਰ ਇਕ ਕਮੇਟੀ ਬਣਾਵੇ; ਚਾਹੇ ਹਾਊਸ ਦੀ ਹੋਵੇ, ਤਾਂਕਿ ਸਾਰਾ ਪ੍ਰਬੰਧ ਬੋਰਡ ਦਾ ਠੀਕ ਹੋ ਸਕੇ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬ) :** ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਦੇ ਰੈਜ਼ੋਲਿਊਸ਼ਨ ਦੀ ਸਪੋਰਟ ਕਰਨ ਲਈ ਖੜਾ ਹੋਇਆ ਹਾਂ। ਮੈਂ ਸਪੋਰਟ ਇਸ ਕਰਕੇ ਕਰ ਰਿਹਾ ਹਾਂ ਕਿਉਂਕਿ ਇਹ ਇਲੈਕਟ੍ਰੋਨਿਕਸ ਏਜ ਹੈ, ਅੱਜ ਬਹੁਤੇ ਕੰਮ ਬਿਜਲੀ ਨਾਲ ਚਲਦੇ ਹਨ। ਇਹ ਇੰਡ-ਸਟਰੀ ਵਾਸਤੇ ਔਰ ਐਗਰੀਕਲਚਰ ਵਾਸਤੇ ਇਕ ਰਾਅ ਮੈਟੀਰੀਅਲ ਹੈ। ਜੇਕਰ ਰਾਅ ਮੈਟੀਰੀਅਲ ਪੈਦਾ ਨਾ ਕੀਤਾ ਜਾਵੇ ਤਾਂ ਇੰਡਸਟਰੀ ਨਹੀਂ ਚਲ ਸਕਦੀ, ਐਗਰੀਕਲਚਰ ਫੇਲ੍ਹ ਹੋ ਜਾਵੇਗੀ ਔਰ ਲੋਕਾਂ ਦਾ, ਘਰਾਂ ਦਾ ਸਟੈਂਡਰਡ ਜਿਹੜਾ ਥੋੜ੍ਹਾ ਹਾਈ ਹੋਇਆ ਹੈ, ਉਹ ਵੀ ਥਲੇ ਚਲਾ ਜਾਵੇਗਾ। ਇਸ ਲਈ ਮੈਂ ਰੈਜ਼ੋਲਿਊਸ਼ਨ ਦੀ ਸਪੋਰਟ ਕਰਦਾ ਹਾਂ ਕਿ ਬਿਜਲੀ ਜ਼ਿਆਦਾ ਪੈਦਾ ਕੀਤੀ ਜਾਣੀ ਚਾਹੀਦੀ ਹੈ। ਮਗਰ ਪਾਂਧੀ ਸਾਹਿਬ ਨੇ ਕੁਝ ਗੱਲਾਂ ਜੋ ਕਹੀਆਂ ਹਨ, ਉਨ੍ਹਾਂ ਨੂੰ ਪੁਲਿਟੀਕਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਕੁਝ ਗੱਲਾਂ ਪਾਂਧੀ ਸਾਹਿਬ ਦੀਆਂ ਠੀਕ ਵੀ ਹਨ। ਮੈਂ ਉਨ੍ਹਾਂ ਨੂੰ ਗੁਜ਼ਾ-ਰਿਸ਼ ਕਰਦਾ ਹਾਂ ਕਿ ਬਿਜਲੀ ਬੋਰਡ ਦੀ ਹਾਲਤ ਵਾਕਿਆ ਹੀ ਬਹੁਤ ਮਾੜੀ ਹੈ, ਅਕਾਲੀ ਲੀਡਰ੍ਹਾਂ ਸਰਕਾਰ ਵੀ ਆਈ, ਕਾਂਗਰਸ ਦੀ ਸਰਕਾਰ ਵੀ ਆਈ ਪਰ ਉਸ ਦਾ ਸੁਧਾਰ ਨਹੀਂ ਹੋਇਆ। ਅਜ ਹਾਲਤ ਇਹ ਹੈ ਕਿ ਇਸ ਬੋਰਡ ਵਿਚ ਘਾਟਾ ਪਈ ਜਾ ਰਿਹਾ ਹੈ। ਇਸ ਦੀ ਵਜ੍ਹਾ ਇਹ ਹੈ ਕਿ ਬਿਜਲੀ ਦੀ ਇਕ ਤਾਂ ਚੋਰੀ ਹੁੰਦੀ ਹੈ, ਚਾਹੇ ਕਾਰਖਾਨੇਦਾਰ ਕਰਦੇ ਹੋਣ, ਚਾਹੇ ਕੋਈ ਲੈਂਡਲਾਰਡ ਕਰਦਾ ਹੋਵੇ। ਮਗਰ ਉਹ ਚੋਰੀ ਮੁਲਾਜ਼ਮਾਂ ਦੀ ਸ਼ਾਮੂਲੀਅਤ ਨਾਲ ਹੀ ਹੁੰਦੀ ਹੈ। ਇਸ ਵਾਸਤੇ ਹੀ ਬਿਜਲੀ ਦੀ ਪ੍ਰੋਡਕਸ਼ਨ ਦੀ ਕਾਸਟ ਹਾਈ ਹੋ ਗਈ ਹੈ। ਪਬਲਿਕ ਅੰਡਰਟੇਕਿੰਗਜ਼ ਕਮੇਟੀਆਂ ਦੀਆਂ ਰਿਪੋਰਟਾਂ ਤੁਸੀਂ ਪਿਛਲੇ ਸਾਲਾਂ ਦੀਆਂ ਵੇਖ ਲਵੋ। ਉਸ ਨੇ ਬੋਰਡ ਵਿਚ ਗ਼ਬਨ ਹੀ ਗ਼ਬਨ ਪੁਆਇੰਟ ਆਊਟ ਕੀਤੇ ਹਨ। ਪਹਿਲਾਂ ਰਾਅ ਮੈਟੀਰੀਅਲ ਖਰੀਦਿਆ ਜਾਂਦਾ ਹੈ ਔਰ ਫਿਰ ਸਸਤੇ ਭਾਅ ਤੇ ਵੇਚਿਆ ਜਾਂਦਾ ਹੈ, ਕਿਉਂਕਿ ਉਸ ਦੀ ਜ਼ਰੂਰਤ ਨਹੀਂ ਹੁੰਦੀ। ਪਰ ਪਹਿਲਾਂ ਨਹੀਂ ਸੋਚਿਆ ਜਾਂਦਾ ਕਿ ਇਸ ਦੀ ਜ਼ਰੂਰਤ ਨਹੀਂ ਹੈ, ਕਿਉਂ ਖਰੀਦ ਰਹੇ ਹਾਂ।

ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕਾਸਟ ਆਫ ਪ੍ਰੋਡੱਕਸ਼ਨ ਬਿਜਲੀ ਦੀ ਵੱਧ ਰਹੀ ਹੈ ਔਰ ਐਫੀਸ਼ੈਂਸੀ ਘੱਟ ਰਹੀ ਹੈ। ਜਦੋਂ ਦਾ ਬਿਜਲੀ ਬੋਰਡ ਬਣਿਆ ਹੈ ਹੇਰਾਫੇਰੀਆਂ ਹੋ ਰਹੀਆਂ ਹਨ, ਸਰਕਾਰ ਦਾ ਕੰਟਰੋਲ ਨਹੀਂ ਹੈ ਕਿਉਂਕਿ ਅਟਾਨੋਮਸ ਬਾਡੀ ਹੈ। ਜੇਕਰ ਉਥੇ ਕਲਰਕ ਵੀ ਭਰਤੀ ਕਰਨੇ ਹੁੰਦੇ ਹਨ ਤਾਂ ਵੀ ਪੈਸਾ ਲਿਆ ਜਾਂਦਾ ਹੈ। ਜੇਕਰ ਕੋਈ ਅਫਸਰ ਬਦਲਣਾ ਹੁੰਦਾ ਹੈ ਤਾਂ ਵੀ ਪੈਸਾ ਲਿਆ ਜਾਂਦਾ ਹੈ। ਇਸ ਤਰ੍ਹਾਂ ਨਾਲ ਲੁੱਟ ਪਾਈ ਹੋਈ ਹੈ। ਜਿਹੜੇ ਅਫਸਰ ਹਨ ਉਹ ਰਾਅ-ਮੈਟੀਰੀਅਲ ਦੀ ਚੋਰੀ ਕਰਦੇ ਹਨ ਔਰ ਪੈਸੇ ਕਮਾ ਰਹੇ ਹਨ। ਕਿਸੇ ਨੂੰ ਪੈਸੇ ਲੈਣ ਤੋਂ ਬਿਨਾਂ ਕੁਨੈਕ-ਸ਼ਨ ਨਹੀਂ ਦਿੱਤਾ ਜਾਂਦਾ। ਜਿਹੜਾ ਸਹੀ ਮੈਟੀਰੀਅਲ ਹੁੰਦਾ ਹੈ, ਉਹ ਖਰੀਦਿਆ ਨਹੀਂ ਜਾਂਦਾ, ਨਾਕਸ ਮੈਟੀਰੀਅਲ ਖਰੀਦਿਆ ਜਾਂਦਾ ਹੈ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਬ੍ਰੇਕਡਾਊਨ ਹੁੰਦੇ ਹਨ। ਸਪੀਕਰ ਸਾਹਿਬ, ਇਕ ਸੋਲਡਰ ਨਾਉਂ ਦਾ ਮੈਟਲ ਆਉਂਦਾ ਹੈ ਟਾਂਕੇ ਲਗਾਉਣ ਵਾਸਤੇ, ਪਰ ਉਹ ਖਰੀਦ ਕੇ ਵੇਚ

Original with;
Punjab Vidhan Sabha
Digitized by;
Panjab Digital Library

ਦਿੱਤਾ ਜਾਂਦਾ ਹੈ ਔਰ ਉਸ ਨਾਲ ਟਾਕੇ ਨਹੀਂ ਲਗਾਏ ਜਾਂਦੇ ਬਲਕਿ ਸਿੱਕੇ ਨਾਲ ਟਾਂਕਾ ਲਾਇਆ ਜਾਂਦਾ ਹੈ, ਜਿਸ ਦਾ ਨਤੀਜਾ ਹੁੰਦਾ ਹੈ ਕਿ ਬ੍ਰੇਕਡਾਊਨ ਵੱਧ ਹੁੰਦੇ ਹਨ। ਉਸ ਨੂੰ ਕੱਟ ਕਹਿ ਦਿੰਦੇ ਹਨ ਜਾਂ ਹੋਰ ਕੁਝ ਕਹਿ ਦਿੰਦੇ ਹਨ। ਸਪੀਕਰ ਸਾਹਿਬ, ਮੈਂ ਸਰਕਾਰ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਬਿਜਲੀ ਦੀ ਕਾਸਟ ਆਫ ਪ੍ਰੋਡਕਸ਼ਨ ਬਹੁਤ ਜ਼ਿਆਦਾ ਹੈ, ਇਸ ਨੂੰ ਘਟਾਇਆ ਜਾਵੇ। ਜਿਹੜੀ ਲਾਈਨ ਲਾਸਿਜ਼ ਹਨ, ਉਹ ਬਹੁਤ ਜ਼ਿਆਦਾ ਹਨ, ਬਿਜਲੀ ਦੀ ਵੇਸਟੇਜ ਬਹੁਤ ਜ਼ਿਆਦਾ ਹੁੰਦੀ ਹੈ। ਤੁਸੀਂ ਪੰਜਾਬ ਨੂੰ ਛੱਡ ਕੇ ਦੂਸਰੇ ਸੂਬਿਆਂ ਦੀ ਵੇਸਟੇਜ ਵੇਖ ਲਓ। ਦੂਜੇ ਸੂਬਿਆਂ ਵਿਚ ਵੇਸਟੇਜ ਬਹੁਤ ਥੋੜ੍ਹੀ ਹੈ ਔਰ ਉਨ੍ਹਾਂ ਦੇ ਮੁਕਾਬਲੇ ਪੰਜਾਬ ਵਿਚ ਬਹੁਤ ਜ਼ਿਆਦਾ ਹੈ। ਇਸ ਵਾਸਤੇ ਇਸ ਦੇ ਨਾਲ ਹੀ ਵੋਲਟੇਜ ਦੀ ਫਲੱਕਚੂਏਸ਼ਨ ਹੁੰਦੀ ਹੈ।

ਸਪੀਕਰ ਸਾਹਿਬ, ਮੈਂ ਪਿਛਲੇ ਦੋ ਢਾਈ ਸਾਲ ਸਦਨ ਦਾ ਮੈਂਬਰ ਰਿਹਾ ਹਾਂ। ਕਮੇਟੀ ਵਿਚ ਸੇਵਾ ਦਾ ਮੌਕਾ ਮਿਲਿਆ ਹੈ। ਮੈਂ ਉਸ ਦੇ ਵਿਚ ਵੇਖਿਆ ਹੈ ਕਿ ਕਰੋੜਾਂ ਰੁਪਏ ਦਾ ਮਾਲ ਖਰੀਦਿਆ ਗਿਆ, ਜਿਸ ਦੀ ਪਲਾਨਿੰਗ ਨਹੀਂ ਸੀ। ਇਸ ਤਰ੍ਹਾਂ ਉਹ ਪਿਆ ਰਿਹਾ ਔਰ ਵੇਸਟ ਹੋ ਗਿਆ। ਇਥੋਂ ਤਕ ਕਿ ਟਰਾਂਸਫਾਰਮਰ ਲਾਏ ਜਾਂਦੇ ਹਨ ਔਰ ਉਹ ਬਾਅਦ ਵਿਚ ਪੁਰਾਣਿਆਂ ਨਾਲ ਬਦਲ ਦਿੱਤੇ ਜਾਂਦੇ ਹਨ। ਨਵੇਂ ਕਿਤੇ ਭੇਜ ਦਿੱਤੇ ਜਾਂਦੇ ਹਨ। ਡੀਜ਼ਲ ਦੀ ਚੋਰੀ ਹੁੰਦੀ ਹੈ, ਉਸ ਦੀ ਜਗ੍ਹਾ ਤੇਲ ਪਾਇਆ ਜਾਂਦਾ ਹੈ। ਇਸ ਲਈ ਮੈਂ ਸਰਕਾਰ ਨੂੰ ਕਹਿੰਦਾ ਹਾਂ ਕਿ ਬੋਰਡ ਦੇ ਉਤੇ ਕੰਟਰੋਲ ਕਰਨ ਦੀ ਲੋੜ ਹੈ। ਸਪੀਕਰ ਸਾਹਿਬ, ਮੈਂ ਹੋਰ ਜ਼ਿਆਦਾ ਵਕਤ ਨਾ ਲੈਂਦਾ ਹੋਇਆ ਇਸ ਮਤੇ ਦੀ ਸਪੋਰਟ ਕਰਦਾ ਹਾਂ ਮਗਰ ਸਰਕਾਰ ਨੂੰ ਜ਼ਰੂਰ ਬੇਨਤੀ ਕਰਾਂਗਾ ਕਿ ਜੇਕਰ ਬਿਜਲੀ ਬੋਰਡ ਵਿਚ ਸੁਧਾਰ ਲਿਆਉਣਾ ਚਾਹੁੰਦੇ ਹੋ ਤਾਂ ਇਸ ਵੱਲ, ਇਸ ਦੀ ਵਰਕਿੰਗ ਵੱਲ ਧਿਆਨ ਮਾਰਨ ਦੀ ਜ਼ਰੂਰਤ ਹੈ। ਇਸ ਦੇ ਬਾਰੇ ਕਿਸੇ ਇਕ ਮੈਂਬਰ ਨੂੰ ਨਹੀਂ ਸਾਰਿਆਂ ਨੂੰ ਹੀ ਸ਼ਿਕਾਇਤ ਹੈ, ਅਕਾਲੀਆਂ ਨੂੰ ਵੀ ਹੈ, ਕਾਂਗਰਸੀ ਮੈਂਬਰਜ਼ ਨੂੰ ਵੀ ਹੈ ਔਰ ਦੂਸਰਿਆਂ ਨੂੰ ਵੀ ਇਸ ਬਾਰੇ ਤਕਲੀਫ ਹੋ ਰਹੀ ਹੈ। ਇਸ ਨਾਲ ਸੂਬੇ ਦੀ ਡਿਵੈਲਪਮੈਂਟ ਰੁਕ ਰਹੀ ਹੈ। ਬਿਜਲੀ ਇਕ ਅਹਿਮ ਚੀਜ਼ ਹੈ। ਲੋਹਾ ਬਲੈਕ ਵਿਚ ਖਰੀਦ ਲਵਾਂਗੇ, ਦੂਸਰੀਆਂ ਚੀਜ਼ਾਂ ਵੀ ਮਹਿੰਗੀਆਂ ਸਸਤੀਆਂ ਖਰੀਦੀਆਂ ਜਾ ਸਕਦੀਆਂ ਹਨ, ਟਿਊਬਵੈਲ ਲਗਾ ਸਕਦੇ ਹਾਂ ਮਗਰ ਬਿਜਲੀ ਕੋਈ ਹੋਰ ਪੈਦਾ ਨਹੀਂ ਕਰ ਸਕਦਾ। ਕੋਈ ਵੀ ਸਰਕਾਰ ਦੀ ਮਨਜ਼ੂਰੀ ਤੋਂ ਬਗੈਰ ਬਿਜਲੀ ਪੈਦਾ ਨਹੀਂ ਕਰ ਸਕਦਾ। ਜੇਕਰ ਕਰੇਗਾ ਤਾਂ ਉਹ ਇਕ ਰੁਪਿਆ ਯੂਨਿਟ ਤੋਂ ਘੱਟ ਉਸ ਦੀ ਕਾਸਟ ਆਫ ਪ੍ਰੋਡਕਸ਼ਨ ਨਹੀਂ ਹੋਵੇਗੀ। ਇਹ ਇਕ ਅਸੈਂਸ਼ੀਅਲ ਰਾਅ ਮੈਟੀਰੀਅਲ ਹੈ। ਹੋਰ ਕਿਸੇ ਰਾਅ ਮੈਟੀਰੀਅਲ ਤੋਂ ਬਿਨਾਂ ਤਾਂ ਇੰਡਸਟਰੀ ਚਲ ਸ਼ਕਦੀ ਹੈ ਪਰ ਬਿਜਲੀ ਨਾ ਹੋਵੇ ਤਾਂ ਇੰਡਸਟਰੀ ਨਹੀਂ ਚਲਣੀ। ਇਸ ਵਾਸਤੇ ਮੈਂ ਥੋੜ੍ਹੇ ਜਿਹੇ ਲਫਜ਼ਾਂ ਵਿਚ ਬੇਨਤੀ ਕਰਾਂਗਾ ਕਿ ਬਿਜਲੀ ਬੋਰਡ ਦੀ ਹਾਲਤ ਵੱਲ ਕਿਸੇ ਵੀ ਸਰਕਾਰ ਨੇ ਪ੍ਰਾਪਰ ਧਿਆਨ ਨਹੀਂ ਦਿੱਤਾ। ਕਿਉਂਕਿ ਇਹ ਅਟਾਨੋਮਸ ਬਾਡੀ ਹੈ, ਇਹ ਕਹਿ ਕੇ ਹੀ ਕਿਸੇ ਸਰਕਾਰ ਨੇ ਇਸ ਦੇ ਕੰਮ ਕਾਰ ਵਿਚ ਦਖਲ ਨਹੀਂ ਦਿੱਤਾ। ਇਸ ਲਈ ਜ਼ਰੂਰਤ ਹੈ ਕਿ ਚਾਹੇ ਇਸ ਨੂੰ ਤੋੜ ਦਿਓ ਔਰ ਸਰਕਾਰੀ ਮਹਿਕਮੇ ਵਿਚ ਤਬਦੀਲ ਕਰ ਦਿਓ ਪਰ ਜੇਕਰ ਨਹੀਂ ਟੁੱਟ ਸਕਦਾ ਤਾਂ ਕੋਈ ਇਲੈਕਟ੍ਰਿਸਿਟੀ ਐਕਟ ਵਿਚ ਜਾਂ ਬੋਰਡ ਵਿਚ ਅਮੈਂਡਮੈਂਟ ਕਰਕੇ ਇਸ ਦਾ ਕੰਟਰੋਲ ਸਰਕਾਰ ਆਪਣੇ ਹੱਥ ਵਿਚ ਲਵੇ ਤਾਂਕਿ ਇਸ ਦਾ ਸੁਧਾਰ ਹੋ ਸਕੇ।

**ਸਰਦਾਰ ਬਲਦੇਵ ਸਿੰਘ ਖਿਆਲਾ (ਜੋਗਾ)** : ਸਪੀਕਰ ਸਾਹਿਬ, ਅੱਜ ਜਿਹੜੇ ਬਿਜਲੀ ਬੋਰਡ ਨੂੰ ਵੱਧ ਪੈਸੇ ਦੇਣ ਬਾਰੇ ਨਿਸ਼ਾਨਾ ਰਖਿਆ ਹੈ, ਮੈਂ ਸਮਝਦਾ ਹਾਂ ਕਿ ਇਹ ਬਿਜਲੀ ਬੋਰਡ ਸਾਡੇ ਪੰਜਾਬ ਦੀ ਤਰੱਕੀ ਲਈ ਬਹੁਤ ਜ਼ਰੂਰੀ ਅਦਾਰਾ ਹੈ, ਜਿਸ ਦਾ ਸਾਡੇ ਪੰਜਾਬ ਦੀ ਤਰੱਕੀ ਵਿਚ ਬਹੁਤ ਵੱਡਾ ਹਿਸਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਪੈਂਦਾ ਹੈ। ਇਸ ਲਈ ਜ਼ਰੂਰੀ ਹੈ ਇਸ ਤੇ ਜਿੰਨੇ ਵੀ ਵੱਧ ਤੋਂ ਵੱਧ ਪੈਸੇ ਖਰਚ ਕੀਤੇ ਜਾਣ, ਇਹ ਚੰਗਾ ਹੈ। ਪਰ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਬਿਜਲੀ ਬੋਰਡ ਦੇ ਜਿੰਨੇ ਵੀ ਨਜਾਇਜ਼ ਖਰਚੇ ਹਨ, ਇਹ ਨਹੀਂ ਹੋਣੇ ਚਾਹੀਦੇ। ਇਹ ਵੇਖਿਆ ਗਿਆ ਹੈ ਕਿ ਇਸ ਬੋਰਡ ਦੇ ਮੈਂਬਰਾਂ ਨੇ ਅਤੇ ਅਫਸਰਾਂ ਨੇ ਕਾਰਾਂ ਆਦਿ ਖਰੀਦਣ ਤੇ ਬਹੁਤ ਜ਼ਿਆਦਾ ਖਰਚ ਕੀਤਾ ਹੈ। ਉਨ੍ਹਾਂ ਨੇ ਸਿਰਫ ਇਹ ਆਪਣੀ ਸ਼ਾਨ ਦਿਖਾਉਣ ਵਾਸਤੇ ਕਰੋੜਾਂ ਰੁਪਿਆ ਬਿਜਲੀ ਬੋਰਡ ਦਾ ਨਜਾਇਜ਼ ਖਰਚ ਕੀਤਾ ਹੈ। ਇਹ ਬੜੀ ਭੈੜੀ ਗਲ ਹੈ। ਸਾਨੂੰ ਖੁਸ਼ੀ ਹੁੰਦੀ ਜੇ ਇਹ ਬਿਜਲੀ ਬੋਰਡ ਇਹ ਖਰਚਾ ਚੰਗੇ ਕੰਮਾਂ ਤੇ ਕਰੇ। ਜੇ ਬਿਜਲੀ ਬੋਰਡ ਇਹ ਖਰਚਾ ਚੰਗੇ ਕੰਮਾਂ ਤੇ ਖਰਚ ਕੇ ਕਾਰਖਾਨੇ ਔਰ ਪਿੰਡਾਂ ਵਿਚ ਖੇਤੀ ਲਈ ਜਿਹੜੀ ਬਿਜਲੀ ਦਿਤੀ ਜਾਂਦੀ ਹੈ, ਉਸ ਵਿਚ ਸੁਧਾਰ ਲਿਆਉਣ ਤਾਂ ਸਾਨੂੰ ਬੜੀ ਖੁਸ਼ੀ ਹੁੰਦੀ। ਇਸ ਲਈ ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਪਾਸੇ ਧਿਆਨ ਦੇ ਕੇ ਪੈਸੇ ਦੀ ਬੱਚਤ ਕਰਕੇ ਜਿਥੇ ਫਾਲਤੂ ਖਰਚ ਹੁੰਦਾ ਹੈ, ਜਿਵੇਂ ਕਿ ਬਾਹਰ ਜਾਣ ਵਾਸਤੇ ਕਈ ਪਰੋਗਰਾਮ ਆਦਿ ਬਣਾਏ ਜਾਂਦੇ ਹਨ, ਇਨ੍ਹਾਂ ਤੇ ਰੋਕ ਲਾ ਕੇ ਇਹ ਪੈਸਾ ਚੰਗੇ ਕੰਮਾਂ ਤੇ ਖਰਚ ਕਰਨ। ਜਿਥੋਂ ਤਕ ਬਿਜਲੀ ਦੀ ਠੀਕ ਵੰਡ ਦਾ ਸਬੰਧ ਹੈ ਇਸ ਦਾ ਇਹ ਹਾਲ ਹੈ ਕਿ ਪੇਂਡੂ ਲੋਕਾਂ ਨੂੰ ਇਸ ਨਾਲ ਬੜੀ ਤਕਲੀਫ ਹੁੰਦੀ ਹੈ। ਉਨ੍ਹਾਂ ਕੋਲ ਨਾ ਤਾਂ ਰੇਡਿਉ ਹੁੰਦਾ ਹੈ ਔਰ ਨਾ ਹੀ ਉਹ ਕੋਈ ਅਖਬਾਰ ਵਗੈਰਾ ਪੜ੍ਹਦੇ ਹਨ, ਜਿਥੋਂ ਉਨ੍ਹਾਂ ਨੂੰ ਇਹ ਪਤਾ ਲਗ ਸਕੇ ਕਿ ਬਿਜਲੀ ਕਦ ਆਉਣੀ ਹੈ ਅਤੇ ਕਦੋਂ ਕਟ ਲਗਣੀ ਹੈ। ਉਨ੍ਹਾਂ ਨੂੰ ਇਹ ਪਤਾ ਨਹੀਂ ਲਗਦਾ ਕਿ ਇਹ ਬਿਜਲੀ ਦੀ ਕੱਟ ਕਦੋਂ ਤਕ ਰਹਿਣੀ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਸਰਕਾਰ ਉਨ੍ਹਾਂ ਨੂੰ ਬਿਜਲੀ ਦਿੰਦੀ ਹੈ, ਉਥੇ ਬਿਜਲੀ ਦੇਣ ਦੀ ਸੂਚਨਾ ਪਿੰਡ, ਪਿੰਡ ਵਿਚ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾ ਕਿ ਖੇਤੀ ਕਰਨ ਵਾਲਿਆਂ ਨੂੰ ਇਹ ਪਤਾ ਹੋਵੇ ਕਿ 9 ਵਜੇ ਤੋਂ ਲੈ ਕੇ ਇਸ ਟਾਈਮ ਤਕ ਬਿਜਲੀ ਆਉਣੀ ਹੈ। ਇਸ ਨਾਲ ਉਹ ਹੋਰ ਕੰਮ ਕਾਰਜਾਂ ਤੋਂ ਖਾਲੀ ਹੋ ਕੇ ਬਿਜਲੀ ਦੇ ਟਾਈਮ ਤੇ ਜਾ ਕੇ ਉਥੇ ਕੰਮ ਕਰ ਸਕਦੇ ਹਨ। ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਬਿਜਲੀ ਦਾ ਟਾਈਮ ਦਿਤਾ ਹੁੰਦਾ ਹੈ। ਪਰ ਉਸ ਤੇ ਕੁਝ ਕੱਟ ਲਗ ਜਾਂਦੀ ਹੈ। ਇਹ ਕੱਟ ਇਸ ਕਰਕੇ ਲਗਦੀ ਹੈ ਕਿਉਂਕਿ ਬਿਜਲੀ ਦੀ ਘਾਟ ਹੋ ਜਾਂਦੀ ਹੈ। ਪਰ ਮੈਂ ਇਸ ਸਬੰਧ ਵਿਚ ਇਹ ਕਹਿੰਦਾ ਹਾਂ ਕਿ ਇਹ ਕੱਟ ਪਹਿਲੇ ਨਹੀਂ ਲਗਣੀ ਚਾਹੀਦੀ ਬਾਅਦ ਵਿਚ ਲਾਉਣੀ ਚਾਹੀਦੀ ਹੈ ਤਾਂ ਜੋ ਕਿਸਾਨ ਆਪਣੇ ਖੇਤਾਂ ਤੇ ਸਮੇਂ ਸਿਰ ਜਾ ਕੇ ਕੰਮ ਕਰ ਲੈਣ ਅਤੇ ਬਾਅਦ ਵਿਚ ਆ ਜਾਣ। ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਕਿਸਾਨ ਉਥੇ ਜਾ ਕੇ ਬੈਠੇ ਰਹਿੰਦੇ ਹਨ ਅਤੇ ਬਿਜਲੀ ਨਹੀਂ ਆਉਂਦੀ। ਇਸ ਚੀਜ਼ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਇਸ ਕੱਟ ਦੀ ਇਤਲਾਹ ਦੇਣ ਬਾਰੇ ਪ੍ਰਬੰਧ ਕੀਤਾ ਜਾਵੇ। ਦੂਜੇ ਪਾਸੇ ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਬਿਜਲੀ ਆ ਗਈ ਅਤੇ ਫੇਰ ਚਲੀ ਗਈ, ਇਸ ਨਾਲ ਕਿਸਾਨ ਦਾ ਬਹੁਤ ਨੁਕਸਾਨ ਹੁੰਦਾ ਹੈ। ਜਿਹੜੇ ਜ਼ਿਮੀਦਾਰਾਂ ਨੇ ਖੇਤੀ ਕਰਨ ਲਈ ਦਿਹਾੜੀਦਾਰ ਲਾਏ ਹੁੰਦੇ ਹਨ ਉਹ ਕੰਮ ਨਹੀਂ ਕਰ ਸਕਦੇ। ਅੱਜ ਐਨੀ ਮਹਿੰਗਾਈ ਹੈ ਕਿ ਜੇ ਉਹ ਪੂਰਾ ਕੰਮ ਨਾ ਕਰਨ ਤਾਂ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੋ ਸਕਦਾ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਉਨ੍ਹਾਂ ਦੇ ਹਾਲਾਤ ਵਿਚ ਸੁਧਾਰ ਲਿਆਉਣ ਵਾਸਤੇ ਉਨ੍ਹਾਂ ਨੂੰ ਜਿੰਨੀ ਵੀ ਬਿਜਲੀ ਦਿਤੀ ਜਾਵੇ ਉਹ ਲਗਾਤਾਰ ਦਿਤੀ ਜਾਵੇ ਅਤੇ ਵਿਚ ਟਰਿਪਿੰਗ ਨਹੀਂ ਹੋਣੀ ਚਾਹੀਦੀ।

ਇਕ ਗਲ ਮੈਂ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਜਦੋਂ ਹਨੇਰੀ ਝਖੜ ਆਉਂਦੇ ਹਨ ਤਾਂ ਪਿੰਡਾਂ ਵਿਚ ਕਈ ਤਾਰਾਂ ਟੁੱਟ ਜਾਂਦੀਆਂ ਹਨ, ਉਹ ਤਾਰਾਂ 3-3 ਦਿਨ ਠੀਕ ਨਹੀਂ ਹੁੰਦੀਆਂ ਅਤੇ ਬਿਜਲੀ ਬੰਦ ਨਹੀਂ ਕੀਤੀ ਜਾਂਦੀ। ਕਈ ਦਫਾ ਇਹੋ ਜਿਹੇ ਹਾਲਾਤ ਹੁੰਦੇ ਹਨ ਕਿ ਕਈ ਬੱਚੇ ਡੰਗਰ ਚਾਰਣ

Original with;
Punjab Vidhan Sabha
Digitized by;
Panjab Digital Library

ਲਈ ਗਏ ਹੋਏ ਹੁੰਦੇ ਹਨ ਤਾਂ ਉਨ੍ਹਾਂ ਵਿਚੋਂ ਇਕ ਬਚਾ ਉਸ ਤਾਰ ਨੂੰ ਹੱਥ ਲਾ ਲੈਂਦਾ ਹੈ ਤਾਂ ਬਿਜਲੀ ਉਸ ਨੂੰ ਪਕੜ ਲੈਂਦੀ ਹੈ। ਫਿਰ ਦੂਜਾ ਬੱਚਾ ਉਸ ਨੂੰ ਛੁੜਾਉਣ ਜਾਂਦਾ ਹੈ ਤਾਂ ਉਹ ਵੀ ਪਕੜਿਆ ਜਾਂਦਾ ਹੈ। ਇਸ ਤਰ੍ਹਾਂ ਨਾਲ ਕਈ ਵਾਰ 3-3 ਬੱਚੇ ਇਕੱਠੇ ਮਰੇ ਹਨ। ਇਸੇ ਤਰ੍ਹਾਂ ਕਈ ਵਾਰ ਰਾਤ ਨੂੰ ਜ਼ਿਮੀਂਦਾਰ ਖੇਤ ਨੂੰ ਜਾਂਦਾ ਹੈ ਤਾਂ ਉਸ ਨੂੰ ਪਤਾ ਨਹੀਂ ਲਗਦਾ ਅਤੇ ਉਸ ਦਾ ਪੈਰ ਤਾਰ ਤੇ ਆ ਜਾਂਦਾ ਹੈ ਉਹ ਵੀ ਇਸ ਤਰ੍ਹਾਂ ਨਾਲ ਮਰ ਜਾਂਦਾ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਸ਼ਰਕਾਰ ਨੂੰ ਆਪਣੇ ਕਰਮਚਾਰੀਆਂ ਨੂੰ ਇਹ ਹਦਾਇਤ ਕਰਨੀ ਚਾਹੀਦੀ ਹੈ ਅਤੇ ਕਿਸੇ ਕਰਮਚਾਰੀ ਦੀ ਡਿਊਟੀ ਲਾਉਣੀ ਚਾਹੀਦੀ ਹੈ ਜਿਹੜਾ ਤਾਰਾਂ ਨੂੰ ਰੋਜ਼ ਚੇਕ ਕਰੇ ਅਤੇ ਤਾਰ ਟੁੱਟ ਜਾਣ ਤੇ ਉਸ ਦਾ ਪ੍ਰਬੰਧ ਕਰੇ।

ਸਪੀਕਰ ਸ਼ਾਹਿਬ, ਇਕ ਬੜੀ ਜ਼ਰੂਰੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਬਿਜਲੀ ਦੇ ਤੇਲ ਦੀ ਬਹੁਤ ਚੋਰੀ ਹੁੰਦੀ ਹੈ। ਟਰਾਂਸਫਾਰਮਰਾਂ ਵਿਚੋਂ ਲੋਕ ਤੇਲ ਚੋਰੀ ਕਰ ਲੈਂਦੇ ਹਨ ਤਾਂ ਕਈ ਦਿਨ ਤਾਂ ਬਿਜਲੀ ਪਿੰਡ ਵਿਚ ਨਹੀਂ ਪਹੁੰਚਦੀ। ਇਕ ਵਾਰ ਇਕ ਪਿੰਡ ਦੇ ਕਿਸੇ ਟਰਾਂਸਫਾਰਮਰ ਵਿਚੋਂ ਤੇਲ ਦੀ ਚੋਰੀ ਹੋ ਗਈ ਤਾਂ ਪਿੰਡ ਵਾਲਿਆਂ ਨੂੰ ਕਿਹਾ ਗਿਆ ਕਿ ਥਾਣੇ ਵਿਚ ਰਪਟ ਲਿਖਵਾਓ। ਜਦੋਂ ਉਹ ਥਾਣੇ ਵਿਚ ਰਪਟ ਲਿਖਵਾਉਣ ਗਏ ਤਾਂ ਥਾਣੇਦਾਰ ਕਹਿਣ ਲਗਾ ਕਿ ਮੈਂ ਰਪਟ ਨਹੀਂ ਲਿਖਦਾ ਅਤੇ ਪਹਿਲੇ ਇਹ ਦਸੋ ਕਿ ਉਸ ਵਿਚੋਂ ਤੇਲ ਕਿੰਨਾ ਕਢਿਆ ਗਿਆ ਹੈ। ਤੁਸੀਂ ਦਸੋ ਕਿ ਥਾਣੇਦਾਰ ਰਪਟ ਨਹੀਂ ਲਿਖਦਾ, ਤੇਲ ਦਾ ਪਤਾ ਨਹੀਂ ਲਗਦਾ ਕਿ ਕਿੰਨਾ ਕਢਿਆ ਗਿਆ ਹੈ, ਇਨ੍ਹਾਂ ਹਾਲਾਤ ਵਿਚ ਉਹ ਕੀ ਕਰਨ ? 15 ਦਿਨ ਲਗਾਤਾਰ ਉਨ੍ਹਾਂ ਨੂੰ ਇਸ ਕਾਰਣ ਦੁਖੀ ਹੋਣਾ ਪਿਆ। ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਸਰਕਾਰ ਨੂੰ ਇਹੋ ਜਿਹੇ ਪ੍ਰਬੰਧ ਜ਼ਰੂਰ ਕਰਨੇ ਚਾਹੀਦੇ ਹਨ। ਜੇ ਕਿਤੇ ਤੇਲ ਦੀ ਚੋਰੀ ਹੁੰਦੀ ਹੈ ਤਾਂ ਵਕਤ ਸਿਰ ਆਦਮੀ ਉਥੇ ਪਹੁੰਚ ਕੇ ਉਸ ਵਿਚ ਹੋਰ ਤੇਲ ਪਾ ਕੇ ਉਸ ਨੂੰ ਠੀਕ ਕਰੇ।

ਇਕ ਗਲ, ਸਪੀਕਰ ਸਾਹਿਬ, ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਗਰੀਬ ਲੋਕ ਬਹੁਤ ਮੁਸ਼ਕਲ ਨਾਲ ਲੈਂਡਮਾਰਗੇਜ਼ ਬੈਂਕ ਤੋਂ ਕਰਜ਼ਾ ਲੈ ਕੇ ਆਪਣੇ ਖੇਤ ਤੇ ਮੋਟਰ ਲਗਾਉਂਦੇ ਹਨ। ਪਰ ਮੋਟਰ ਲਗਵਾਉਣ ਤੋਂ ਬਆਦ ਕੀ ਹੁੰਦਾ ਹੈ ਕਿ ਉਸ ਮੋਟਰ ਨੂੰ ਪਾਸ ਕਰਨ ਲਈ ਕਿੰਨਾ ਕਿੰਨਾ ਸਮਾਂ ਇਨਸ-ਪੈਕਟਰ ਉਥੇ ਨਹੀਂ ਜਾਂਦਾ। ਉਹ ਜਾਣ ਬੁਝ ਕੇ ਇਸ ਵਿਚ ਦੇਰੀ ਕਰਦਾ ਹੈ, ਕਿਉਂਕਿ ਕਈ ਕਾਰਖਾਨੇ-ਦਾਰ ਉਸ ਨੂੰ ਰਿਸ਼ਵਤ ਆਦਿ ਦੇ ਕੇ ਆਪਣੇ ਕੰਮਾਂ ਤੇ ਲਾਈ ਰਖਦੇ ਹਨ। ਉਹ ਗਰੀਬ ਆਦਮੀ ਉਸ ਇਨਸਪੈਕਟਰ ਨੂੰ ਕੋਈ ਰਿਸ਼ਵਤ ਦੇ ਨਹੀਂ ਸਕਦਾ ਅਤੇ ਉਸ ਦੀ ਮੋਟਰ ਪਾਸ ਨਹੀਂ ਹੁੰਦੀ। ਹਾਲੇ ਉਸ ਦੀ ਮੋਟਰ ਚਲੀ ਨਹੀਂ ਹੁੰਦੀ ਕਿ ਬੈਂਕ ਦੀ ਕਿਸ਼ਤ ਸਿਰ ਤੇ ਆ ਜਾਂਦੀ ਹੈ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਇਹ ਜਿਹੜਾ ਮੋਟਰਾਂ ਦੀ ਪਾਸਿੰਗ ਦਾ ਸਿਸਟਮ ਹੈ ਇਸ ਦਾ ਪ੍ਰਬੰਧ ਠੀਕ ਕਰੇ ਇਨ੍ਹਾਂ ਮੋਟਰਾਂ ਨੂੰ ਪਾਸ ਕਰਨ ਵਾਸਤੇ ਇਕ ਇਨਸਪੈਕਟਰ ਹੈ ਜਿਹੜਾ ਕਿ ਪਟਿਆਲਾ ਤੋਂ ਜਾਂਦਾ ਹੈ। ਸਾਰੇ ਪੰਜਾਬ ਵਿਚ ਉਹ ਸਮੇਂ ਸਿਰ ਜਾ ਕੇ ਚੈਕ ਨਹੀਂ ਕਰ ਸਕਦਾ। ਇਸ ਲਈ ਮੈਂ ਇਹ ਕਹਾਂਗਾ ਕਿ ਇਨ੍ਹਾਂ ਮੋਟਰਾਂ ਨੂੰ ਪਾਸ ਕਰਨ ਲਈ ਉਥੇ ਹੀ ਐਸ.ਡੀ.ਓ. ਜਾਂ ਐਕਸ.ਈ.ਐਨ. ਨੂੰ ਕਹਿਣਾ ਚਾਹੀਦਾ ਹੈ। ਉਹ ਜਾ ਕੇ ਮੋਟਰਾਂ ਪਾਸ ਕਰਨ।

**ਸ੍ਰੀ ਸਪੀਕਰ** : ਤੁਸੀਂ ਹੁਣ ਖਤਮ ਕਰੋ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁਦਾ ਹਾਂ ਕਿ ਇਹ ਦਰੁਸਤ ਹੈ ਕਿ ਸਰਕਾਰ ਨੇ ਡੀਜ਼ਲ ਦਾ 75% ਕੋਟਾ ਖੇਤੀਬਾੜੀ ਤੇ ਲਾਉਣ ਲਈ ਰਾਸ਼ਨ ਆਦਿ ਤੇ ਦੇਣ ਦਾ ਪ੍ਰਬੰਧ ਕੀਤਾ ਹੈ। ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਇਹ ਵੀ ਅਰਜ਼ ਕਰਦਾ ਹਾਂ ਕਿ ਸਰਕਾਰ ਨੂੰ ਬਿਜਲੀ ਦਾ ਵੀ 75% ਕੋਟਾ ਖੇਤੀਬਾੜੀ ਵਾਸ਼ਤੇ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਖੇਤੀ ਬਾੜੀ ਦੀ ਤਰੱਕੀ ਹੋ ਸਕੇ। ਸਾਡਾ ਪੰਜਾਬ ਸਾਰੇ ਹਿੰਦੁਸਤਾਨ ਨੂੰ 75% ਅਨਾਜ ਦਿੰਦਾ ਹੈ। ਇਸ ਲਈ ਮੈਨੂੰ ਪੂਰਾ ਯਕੀਨ ਹੈ ਕਿ ਜੇ ਅਸੀਂ ਉਸ ਕਿਸਾਨ ਨੂੰ 75% ਬਿਜਲੀ ਦਾ ਕੋਟਾ ਦਿਆਂ ਗੇ ਤਾਂ ਇਸ ਨਾਲ ਪੈਦਾਵਾਰ ਉਹ ਹੋਰ ਵਧਾ ਸਕੇਗਾ। ਹੁਣ ਚਾਵਲਾਂ ਦੀ ਬਿਜਾਈ ਹੋਣ ਵਾਲੀ ਹੈ ਜੇ ਸਰਕਾਰ ਬਿਜਲੀ ਦਾ 75% ਕੋਟਾ ਉਨ੍ਹਾਂ ਲਈ ਕਰ ਦੇਵੇਗੀ ਤਾਂ ਉਹ ਸਾਰੇ ਪੰਜਾਬ ਨੂੰ ਹਰਿਆ ਭਰਿਆ ਕਰ ਦੇਣਗੇ।

ਸਪੀਕਰ ਸਾਹਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਪਹਿਲੀ ਵਾਰ ਬੋਲਣ ਦਾ ਮੌਕਾ ਦਿਤਾ ਹੈ। ਮੈਂਨੂੰ ਪੂਰੀ ਉਮੀਦ ਹੈ ਕਿ ਸਰਕਾਰ ਇਸ ਪਾਸੇ ਧਿਆਨ ਦੇਵੇਗੀ ਅਤੇ ਜਿਹੜੇ ਬਿਜਲੀ ਬੋਰਡ ਦੇ ਵਾਧੂ ਖਰਚੇ ਹਨ ਉਨ੍ਹਾਂ ਨੂੰ ਰੋਕੇਗੀ। ਕੁਝ ਚਾਪਲੂਸ ਲੋਕ ਜਿਨ੍ਹਾਂ ਨੇ ਕੋਈ ਮੈਂਬਰ ਵਗੈਰਾ ਬਣਨਾ ਹੁੰਦਾ ਹੈ, ਉਹ ਸਰਕਾਰ ਨੂੰ ਗਲਤ ਪਾਸੇ ਲਾ ਕੇ ਸਰਕਾਰ ਦਾ ਕਰੋੜਾਂ ਰੁਪਿਆ ਬਰਬਾਦ ਕਰ ਦਿੰਦੇ ਹਨ ਇਸ ਲਈ ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਕਹਾਂਗਾ ਕਿ ਉਹ ਇਸ ਪਾਸੇ ਧਿਆਨ ਰਖਣ ਤਾਂ ਕਿ ਪੰਜਾਬ ਦੀ ਹੋਰ ਤਰੱਕੀ ਹੋਵੇ।

**ਸਰਦਾਰ ਜਗਦੇਵ ਸਿੰਘ ਜਸੋਵਾਲ** (ਰਾਏਕੋਟ): ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਜਿਸ ਮਸਲੇ ਤੇ ਅੱਜ ਬਹਿਸ ਹੋ ਰਹੀ ਹੈ ਉਹ ਸਾਰੇ ਪੰਜਾਬ ਵਾਸਤੇ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਵਾਸਤੇ ਜ਼ਰੂਰੀ ਮਸਲਾ ਹੈ। ਲੇਕਿਨ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ ਜਦੋਂ ਬਿਜਲੀ ਦੀ ਘਾਟ ਸੀ ਤਾਂ ਉਸ ਬਿਜਲੀ ਦੀ ਘਾਟ ਨੂੰ ਪੂਰਾ ਕਰਨ ਲਈ ਕੁਝ ਜੈਨਰੇਟਰ ਸੈਟ ਖਰੀਦੇ ਸਨ। ਇਹ ਜੈਨਰੇਟਰ ਸੈਟ ਬਿਜਲੀ ਬੋਰਡ ਨੇ ਬੜੀ ਭਾਰੀ ਕੀਮਤ ਤੇ ਖਰੀਦੇ ਸਨ। ਪਰੰਤੂ ਹੁਣ ਪਿਛੇ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਸਨ ਤਾਂ ਇਨ੍ਹਾਂ ਦੀ ਸਰਕਾਰ ਵੇਲੇ ਬਿਜਲੀ ਬੋਰਡ ਨੇ ਉਹ ਜੈਨਰੇਟਰ ਸੈਟ ਬਹੁਤ ਸਸਤੇ ਨਿਲਾਮ ਕਰ ਦਿਤੇ, ਜਿਸ ਦਾ ਨਤੀਜਾ ਇਹ ਹੋਇਆ ਕਿ ਉਹ ਸਾਰੇ ਮਕਾਨ ਜਿਹੜੇ ਕਿ ਬਣਾਏ ਗਏ ਸਨ, ਉਹ ਲੱਖਾਂ ਰੁਪਏ ਦੇ ਮਕਾਨ, ਉਹ ਬਿਜਲੀ ਨੂੰ ਉਤਪਾਦਨ ਕਰਨ ਦੇ ਬਹਾਨੇ ਜਿਹੜੇ ਬਣਾਏ ਗਏ ਸਨ, ਉਸ ਵਿਚ ਬਹੁਤ ਸਾਰੇ ਕਰਮਚਾਰੀਆਂ ਨੇ ਸਰਕਾਰ ਨਾਲ ਮਿਲਕੇ ਉਹ ਪੈਸੇ ਖਾ ਲਏ। ਅੱਜ ਲੋਕੀਂ ਬਿਜਲੀ ਤੋਂ ਤੜਪ ਰਹੇ ਹਨ ਲੇਕਿਨ ਬਿਜਲੀ ਨਹੀਂ ਮਿਲ ਰਹੀ। ਮੈਂ ਬੜੇ ਸਤਿਕਾਰ ਨਾਲ ਹਾਊਸ ਨੂੰ ਇਹ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਗਲਾਂ ਦੀ ਪੜਤਾਲ ਹੋਣੀ ਚਾਹੀਦੀ ਹੈ। ਲੁਧਿਆਣਾ ਇੰਡਸਟਰੀਅਲ ਟਾਊਨ ਆਫ ਇੰਡੀਆ ਹੈ ਜਿਥੇ ਕਿ ਭਾਰੀ ਉਤਪਾਦਨ ਹੁੰਦਾ ਹੈ, ਉਥੇ ਬਹੁਤ ਸਾਰੇ ਕਰਮਚਾਰੀ ਅਫਸਰਾਂ ਨਾਲ ਮਿਲ ਕੇ ਬਿਜਲੀ ਦੀ ਚੋਰੀ ਕਰਦੇ ਹਨ। ਸਪੀਕਰ ਸਾਹਿਬ, ਲੁਧਿਆਣੇ ਅੰਦਰ ਛਾਪੇ ਮਾਰੇ ਗਏ। ਇਸ ਬਾਰੇ ਅਖਬਾਰਾਂ ਵਿਚ ਵੀ ਆਇਆ ਸੀ। ਉਸ ਸਮੇਂ ਅਕਾਲੀ ਸਰਕਾਰ ਸੀ ਅਤੇ ਲੁਧਿਆਣਾ ਫਲਾਇੰਗ ਸਕਵੈਡ ਦੇ ਅਫਸਰ ਨੇ ਚੋਰੀ ਫੜੀ ਸੀ। ਬਜਾਏ ਇਸ ਦੇ ਕਿ ਕੇਸ ਨੂੰ, ਸਪੀਕਰ ਸਾਹਿਬ, ਹੋਰ ਮਜ਼ਬੂਤ ਕੀਤਾ ਜਾਂਦਾ, ਅਕਾਲੀਆਂ ਨੇ ਲੁਧਿਆਣੇ ਤੋਂ ਫਲਾਇੰਗ ਸਕਵੈਡ ਨੂੰ ਬਦਲਕੇ ਪਟਿਆਲੇ ਭੇਜ ਦਿਤਾ। ਸਪੀਕਰ ਸਾਹਿਬ, ਜਦੋਂ ਸ਼ਹਿਰਾਂ ਵਿਚ ਬਿਜਲੀ ਦੀ ਚੋਰੀ ਹੁੰਦੀ ਹੈ ਜਾਂ ਜਿਥੇ ਜ਼ਿਆਦਾ ਚੋਰੀ ਹੁੰਦੀ ਹੈ ਤਾਂ ਉਥੇ ਅਕਾਲੀ ਸਰਕਾਰ ਵੇਲੇ ਪੁਲਿਸ ਨੂੰ ਉਥੋਂ ਹਟਾ ਲਿਆ ਜਾਂਦਾ ਰਿਹਾ ਹੈ ਬਜਾਏ ਇਸ ਗਲ ਦੇ ਕੇ ਉਥੇ ਹੋਰ ਪੁਲਿਸ ਭੇਜੀ ਜਾਂਦੀ। (ਸ਼ੇਮ, ਸ਼ੇਮ) ਸਪੀਕਰ ਸਾਹਿਬ, ਬਿਜਲੀ ਦੇ ਉਤਪਾਦਨ ਦੀ ਹੋਰ ਜ਼ਿਆਦਾ ਲੋੜ ਹੈ ਅਤੇ ਨਾਲ ਦੀ ਨਾਲ ਬਿਜਲੀ ਜ਼ਿਆਦਾ ਪੈਦਾ ਕਰਨ ਲਈ ਹੋਰ ਢੰਗ ਸੋਚਣੇ ਚਾਹੀਦੇ ਹਨ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਗੁਜਰਾਤ ਅਤੇ ਹੋਰ ਸਟੇਟਾਂ ਵਿਚ ਸੂਰਜ ਦੀ ਤਪਸ਼ ਤੋਂ ਬਿਜਲੀ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਗੱਲ ਲਈ, ਸਪੀਕਰ ਸਾਹਿਬ, ਪੰਜਾਬ ਸਰਕਾਰ ਨੂੰ ਵੀ ਅੱਗੇ ਵਧਣਾ ਚਾਹੀਦਾ ਹੈ ਤਾਂਕਿ ਬਿਜਲੀ ਦਾ ਸੰਕਟ ਦੂਰ ਹੋ ਸਕੇ। ਪਿਛਲੀ ਸਰਕਾਰ ਨੇ ਬਿਜਲੀ ਦੇ ਉਤਪਾਦਨ ਵਿਚ ਵਾਧਾ ਕਰਨ ਲਈ ਕੁਝ ਨਹੀਂ ਕੀਤਾ ਕਿਉਂਕਿ ਉਨ੍ਹਾਂ ਦੀ ਆਪਸ ਵਿਚ ਲੜਾਈ ਰਹਿੰਦੀ ਸੀ ਅਤੇ ਪਿਛਲੀ ਸਰਕਾਰ ਨੇ ਇਸ ਸਬੰਧੀ ਕੋਈ ਪ੍ਰਾਜੈਕਟ ਨਹੀਂ ਬਣਾਏ। ਇਸ ਲਈ ਸਾਡੀ ਨਵੀਂ ਸਰਕਾਰ ਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਪੁਲੀਟੀਕਲ ਪਾਰਟੀਆਂ ਨੂੰ ਇਕ ਦੂਸਰੇ ਉਪਰ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ ਬਲਕਿ ਸਾਰੀਆਂ ਪਾਰਟੀਆਂ ਨੂੰ ਮਿਲ ਕੇ ਹੀ ਬਿਜਲੀ ਦੀ ਭੁੱਖ ਨੂੰ ਦੂਰ ਕਰਨਾ ਚਾਹੀਦਾ ਹੈ। ਬਿਜਲੀ ਬੋਰਡ ਨੂੰ ਚੰਗੇ ਸੁਝਾਓ ਦੇ ਕੇ ਹੋਰ ਮਜ਼ਬੂਤ ਬਣਾਇਆ ਜਾਵੇ ਤਾਂਕਿ ਬਿਜਲੀ ਦੇ ਉਤਪਾਦਨ ਵਿਚ ਵਾਧਾ ਹੋ ਸਕੇ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** (ਬਟਾਲਾ): ਸਪੀਕਰ ਸਾਹਿਬ, ਮੈਂ ਇਸ ਰੈਜ਼ੋਲਿਊਸ਼ਨ ਦੀ, ਜੋ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਨੇ ਸਾਡੇ ਸਾਹਮਣੇ ਰਖਿਆ ਹੈ, ਜਿਸ ਵਿਚ ਬਿਜਲੀ ਬੋਰਡ ਲਈ 150 ਕਰੋੜ ਰੁਪਏ ਤੋਂ 250 ਕਰੋੜ ਰੁਪਏ ਤਕ ਰਕਮ ਰੱਖਣ ਦੀ ਸਿਫਾਰਸ਼ ਕੀਤੀ ਹੈ, ਦੀ ਪ੍ਰੋੜ੍ਹਤਾ ਕਰਨ ਲਈ ਮੈਂ ਖੜ੍ਹਾ ਹੋਇਆ ਹਾਂ। ਮੇਰੇ ਸਾਥੀਆਂ ਨੇ ਬੜੇ ਸੁਝਾਓ ਦਿਤੇ ਹਨ ਅਤੇ ਕਿਹਾ ਹੈ ਕਿ ਐਗਰੀਕਲਚਰ ਅਤੇ ਇੰਡਸਟਰੀ ਨੂੰ ਵਧਾਉਣ ਵਾਸਤੇ ਬਿਜਲੀ ਦੇ ਉਤਪਾਦਨ ਦੀ ਬਹੁਤ ਲੋੜ ਹੈ। ਪਰ, ਸਪੀਕਰ ਸਾਹਿਬ, ਬਦਕਿਸਮਤੀ ਨਾਲ ਪਿਛਲੀ ਸਰਕਾਰ ਨੇ ਬਿਜਲੀ ਬੋਰਡ ਨੂੰ ਕੁਰੱਪਸ਼ਨ ਦਾ ਅੱਡਾ ਬਣਾ ਦਿਤਾ ਸੀ ਜਿਨ੍ਹਾਂ ਕਾਰਣਾਂ ਕਰਕੇ ਬਿਜਲੀ ਬੋਰਡ ਵਿਚ ਕੁਰੱਪਸ਼ਨ ਹੁੰਦੀ ਸੀ। ਉਸ ਬਾਰੇ ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਇਸ ਦੀ ਪੜਚੋਲ ਕੀਤੀ ਜਾਵੇ ਤਾਂ ਜੋ ਬਿਜਲੀ ਬੋਰਡ ਦਾ ਸੁਧਾਰ ਹੋ ਸਕੇ। ਸਪੀਕਰ ਸਾਹਿਬ, ਜੇਕਰ ਸਾਹਮਣੇ ਬੈਠੇ ਅਕਾਲੀ ਵੀਰ ਇਹੋ ਜਿਹੀਆਂ ਗੱਲਾਂ ਕਰਨ ਤਾਂ ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਕਾਂਗਰਸ ਵਾਲੇ ਜਾਂ ਸੀ. ਪੀ. ਆਈ., ਵਾਲੇ ਕੋਈ ਗੱਲ ਕਹਿਣ ਤਾਂ ਮੰਨੀ ਜਾ ਸਕਦੀ ਹੈ। ਸਪੀਕਰ ਸਾਹਿਬ, ਜਦੋਂ ਅਕਾਲੀਆਂ ਦਾ ਰਾਜ ਆਇਆ ਸੀ ਤਾਂ ਬਿਜਲੀ ਬੋਰਡ ਦੇ ਸਾਰੇ ਮੈਂਬਰਾਂ ਨੂੰ ਇਕੋ ਵਾਰ ਹਟਾ ਦਿਤਾ ਗਿਆ ਸੀ ਅਤੇ ਉਨ੍ਹਾਂ ਦੀ ਥਾਂ ਨਵਿਆਂ ਨੂੰ ਲਗਾ ਦਿਤਾ ਗਿਆ ਸੀ। ਫਿਰ ਇਹ ਅਕਾਲੀ ਭਰਾ ਨੁਕਤਾਚੀਨੀ ਕਰਨ ਤਾਂ ਗਲ ਨਹੀਂ ਬਣਦੀ। ਬਿਜਲੀ ਬੋਰਡ ਨੂੰ ਤੋੜ ਕੇ ਸਰਦਾਰ ਅਜੈਬ ਸਿੰਘ ਮਰਾਕੀ ਨੂੰ ਹਟਾਕੇ ਸਰਦਾਰ ਸੁਰਿੰਦਰ ਸਿੰਘ ਮਾਨ ਨੂੰ ਐਡਮਨਿਸਟਰੇਟਿਵ ਮੈਂਬਰ ਬਣਾ ਦਿਤਾ ਗਿਆ ਸੀ ਜੋ ਕਿ ਸਰਦਾਰ ਪ੍ਰਕਾਸ਼ ਸਿੰਘ ਦੇ ਬਹੁਤ ਨੇੜੇ ਸੀ। (ਵਿਘਨ) ਫਿਰ ਜੱਸੋਵਾਲ ਨੇ ਕਿਹਾ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ, ਸਪੀਕਰ ਸਾਹਿਬ, ਇੱਕ ਚੰਗਾ ਫੈਸਲਾ ਕੀਤਾ ਕਿ ਹਰ ਜ਼ਿਲ੍ਹੇ ਵਿਚ ਜੈਨਰੇਟਿੰਗ ਸੈਟ ਲਗਾਏ ਜਾਣਗੇ, ਪਰ ਪਿਛਲੀ ਸਰਕਾਰ ਨੇ ਉਹ ਜੈਨਰੇਟਿੰਗ ਸੈਟ ਕੌਡੀਆਂ ਦੇ ਭਾਅ ਵੇਚ ਦਿੱਤੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਨੂੰ ਬੇਨਤੀ ਕਰਾਂਗਾ ਕਿ ਲੱਖ, ਡੇਢ ਲੱਖ ਦੇ ਜੈਨਰੇਟਿੰਗ ਸੈਟਾਂ ਨੂੰ ਕੌਡੀਆਂ ਦੇ ਭਾਅ ਵੇਚਿਆ ਗਿਆ ਹੈ। ਉਨ੍ਹਾਂ ਨੂੰ ਇਸ ਗੱਲ ਦੀ ਪੜਚੋਲ ਕਰਨੀ ਚਾਹੀਦੀ ਹੈ। ਮੈਂ ਹੈਰਾਨ ਹਾਂ ਕਿ ਇਸ ਲਈ ਜਿਹੜੇ ਅਕਾਲੀ ਆਪ ਜ਼ਿਮੇਵਾਰ ਹਨ, ਉਹ ਵੀ ਨੁਕਤਾਚੀਨੀ ਕਰਦੇ ਹਨ। ਸਪੀਕਰ ਸਾਹਿਬ, 700 ਤੋਂ ਵੱਧ ਪੋਸਟਾਂ ਕਲਰਕਾਂ ਦੀਆਂ ਐਡਵਰਟਾਈਜ਼ ਕੀਤੀਆਂ ਗਈਆਂ ਅਤੇ ਇਸ ਬਾਰੇ ਇਕ ਕਮੇਟੀ ਬਣਾਈ ਗਈ ਸੀ। ਪਰ ਅਕਾਲੀਆਂ ਨੇ ਜਦੋਂ ਉਨ੍ਹਾਂ ਦੀ ਆਪਣੀ ਸਰਕਾਰ ਸੀ ਤਾਂ ਬਗੈਰ ਕਿਸੇ ਮੈਰਿਟ ਤੋਂ ਅਤੇ ਕਈ ਕੇਸਾਂ ਵਿਚ ਬਗੈਰ ਕਿਸੇ ਦੀ ਅਰਜ਼ੀ ਤੋਂ 1600 ਕਲਰਕ ਰੱਖ ਲਏ। ਉਨ੍ਹਾਂ ਬੰਦਿਆਂ ਕੋਲੋਂ ਪੈਸੇ ਲਏ ਗਏ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਸ ਦੀ ਪੜਚੋਲ ਹੋਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਵਿਸ਼ਵਾਸ ਹੈ ਕਿ ਸਾਡੇ ਮੁੱਖ ਮੰਤਰੀ ਜੀ ਬੜੇ ਸਿਆਣੇ ਹਨ, ਜਿਹੜੇ ਕਿ ਕਾਮਨ ਮੈਨ ਵਿਚੋਂ ਆਏ ਹਨ ਅਤੇ ਸਾਰੀਆਂ ਗੱਲਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਮੈਨੂੰ ਉਨ੍ਹਾਂ ਤੇ ਪੂਰਾ ਵਿਸ਼ਵਾਸ ਹੈ। ਉਹ ਬਿਜਲੀ ਬੋਰਡ ਦੀਆਂ ਮੁਸ਼ਕਲਾਂ ਨੂੰ ਹੱਲ ਕਰਨਗੇ। ਅੱਜ, ਸਪੀਕਰ ਸਾਹਿਬ, ਬਿਜਲੀ ਤੋਂ ਬਿਨਾਂ ਖੇਤੀਬਾੜੀ ਨਹੀਂ ਹੋ ਸਕਦੀ, ਅੱਜ ਬਿਜਲੀ ਤੋਂ ਬਿਨਾਂ ਘਰੇਲੂ ਕੰਮ ਨਹੀਂ ਹੋ ਸਕਦੇ ਅਤੇ ਅੱਜ ਬਿਜਲੀ ਤੋਂ ਬਿਨਾਂ ਦਸਤਕਾਰੀ ਨਹੀਂ ਹੋ ਸਕਦੀ। ਇਸ ਲਈ ਲੋੜ ਹੈ ਕਿ ਬਿਜਲੀ ਦਾ ਉਤਪਾਦਨ ਵਧਾਇਆ ਜਾਵੇ। ਸਪੀਕਰ ਸਾਹਿਬ ਪਹਿਲਾਂ ਅਕਾਲੀਆਂ ਵੇਲੇ ਕਿਵੇਂ ਕੁਰੱਪਸ਼ਨ ਹੁੰਦੀ ਸੀ, ਉਸਦੀ ਪੜਚੋਲ ਹੋਣੀ ਚਾਹੀਦੀ ਹੈ।

**ਸ੍ਰੀ ਸਪੀਕਰ :** ਹੁਣ ਤੁਸੀਂ ਵਾਈਂਡ ਅਪ ਕਰੋ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ਸਪੀਕਰ ਸਾਹਿਬ, ਇੱਕ ਗਲ ਕਹਿ ਕੇ ਮੈਂ ਬਸ ਕਰਦਾ ਹਾਂ। ਬਟਾਲਾ ਇੰਡਸਟਰੀਅਲ ਟਾਊਨ ਹੈ। ਉਥੇ ਲੋਕਾਂ ਨੇ ਮਿਹਨਤ ਕਰਕੇ ਅਤੇ ਆਪਣੇ ਕੋਲੋਂ ਪੈਸੇ ਲਗਾ ਕੇ ਛੋਟੇ ਛੋਟੇ ਕਾਰਖਾਨੇ ਸਮਾਲ ਸਕੇਲ ਵਿਚ ਲਗਾਏ ਹੋਏ ਹਨ। ਉਥੇ, ਸਪੀਕਰ ਸਾਹਿਬ, ਮਸ਼ੀਨ ਟੂਲਜ਼ ਪੈਦਾ ਹੁੰਦੇ ਹਨ। ਬਟਾਲੇ ਨੂੰ ਨਾਰਦਰਨ ਇੰਡੀਆ ਦਾ ਮਾਨਚੈਸਟਰ ਕਿਹਾ ਜਾ ਸਕਦਾ ਹੈ। ਉਥੇ 25,000 ਮਜ਼ਦੂਰ ਕੰਮ ਕਰਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਉਥੇ ਵੀ ਨਵੇਕਲੇ ਤੌਰ ਤੇ ਇਕ ਜੈਨਰੇਟਿੰਗ ਸੈਟ ਲਗਾਇਆ ਜਾਵੇ। ਇਸ ਤਰ੍ਹਾਂ ਕਰਨ ਨਾਲ ਜਿਹੜੇ 25,000 ਪਰਿਵਾਰ ਮਜ਼ਦੂਰਾਂ ਦੇ ਹਨ, ਹਰੀਜਨਾਂ ਦੇ ਉਥੇ ਮੌਜੂਦ ਹਨ, ਉਨ੍ਹਾਂ ਨੂੰ ਬੜੀ ਵੱਡੀ ਮੱਦਦ ਹੋਏਗੀ।

ਇੱਕ ਪੁਆਇੰਟ ਮੈਂ ਆਖੀਰ ਵਿਚ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਰਾਜ ਵਿਚ ਮੁਲਾਜ਼ਮਾਂ ਦੀਆਂ ਬੜੀਆਂ ਮੰਗਾਂ ਸਨ ਔਰ ਜਦੋਂ ਉਹ ਆਪਣੀਆਂ ਮੰਗਾਂ ਮਨਵਾਉਣ ਵਾਸਤੇ ਕੁਝ ਕਰਦੇ ਸਨ ਤਾਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਦਿੱਤਾ ਜਾਂਦਾ ਸੀ। ਅਕਾਲੀ ਸਰਕਾਰ ਵਿਚ ਜਦੋਂ ਉਨ੍ਹਾਂ ਨੇ ਉਨ੍ਹਾਂ ਦੀ ਸਰਕਾਰ ਦੀ ਧੱਕੇਸ਼ਾਹੀ ਦੇ ਖਿਲਾਫ ਉਨ੍ਹਾਂ ਦੀ ਕੁਰੱਪਸ਼ਨ ਦੇ ਖਿਲਾਫ ਆਵਾਜ਼ ਉਠਾਈ ਤਾਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁਟਿਆ ਗਿਆ। ਉਨ੍ਹਾਂ ਦੀ ਇੱਕੋ ਮੰਗ ਹੈ ਕਿ ਉਨ੍ਹਾਂ ਲਈ ਜੋ ਪੇ ਕਮੇਟੀ ਬਣੀ ਸੀ, ਉਸ ਦੀ ਰਿਪੋਰਟ ਤੇ ਅਮਲ ਕਰਾਇਆ ਜਾਵੇ ਅਤੇ ਉਸ ਰਿਪੋਰਟ ਨੂੰ ਮੰਨ ਲਿਆ ਜਾਏ। ਜੇਕਰ ਮੁਲਾਜ਼ਮ ਰਾਜ਼ੀ ਹੋਏਗਾ ਤਾਂ ਉਹ ਕੰਮ ਵੀ ਜ਼ਿਆਦਾ ਕਰੇਗਾ।

ਐਨਾ ਕਹਿੰਦਾ ਹੋਇਆ ਮੈਂ ਇਸ ਸਬੰਧੀ ਜੋ ਮਤਾ ਪੇਸ਼ ਹੋਇਆ ਹੈ, ਉਸ ਦੀ ਹਿਮਾਇਤ ਕਰਦਾ ਹਾਂ ਅਤੇ ਆਪਣੀ ਸੀਟ ਲੈਂਦਾ ਹਾਂ।

**ਕਾਮਰੇਡ ਬਲਦੇਵ ਸਿੰਘ ਲੂੰਬਾ (ਸੁਤਰਾਣਾ, ਐਸ. ਸੀ.)** : ਸਪੀਕਰ ਸਾਹਿਬ, ਇਹ ਜੋ 150 ਕਰੋੜ ਤੋਂ 250 ਕਰੋੜ ਦਾ ਕਰਜ਼ਾ ਬਿਜਲੀ ਬੋਰਡ ਨੂੰ ਦੇਣ ਲਈ ਮਤਾ ਲਿਆਂਦਾ ਹੈ, ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਇਹ ਪੈਸਾ ਨਹੀਂ ਚਾਹੀਦਾ ਹੈ। ਅੱਜ ਦੀਆਂ ਕੀਮਤਾਂ ਦੇ ਹਿਸਾਬ ਨਾਲ 250 ਕਰੋੜ ਰੁਪਏ ਵਾਲੀ ਗਲ ਦਰੁਸਤ ਹੈ। ਸਪੀਕਰ ਸਾਹਿਬ, ਮੈਂ ਇਸ ਤੋਂ ਪਹਿਲਾਂ ਕਿ ਕੋਈ ਹੋਰ ਗੱਲਾਂ ਕਰਾਂ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰੂਲਿੰਗ ਬੈਂਚਾਂ ਤੇ ਬੈਠਣ ਵਾਲੇ ਭਰਾ ਅੱਜ ਵੀ ਉਸ ਨਜ਼ਰੀਏ ਨਾਲ ਦੇਖਣ, ਜਿਸ ਤਰ੍ਹਾਂ ਦੀਆਂ ਗੱਲਾਂ ਇਹ ਭਰਾ ਜਦੋਂ ਸਾਡੇ ਨਾਲ ਆਪੋਜ਼ੀਸ਼ਨ ਬੈਂਚਾਂ ਤੇ ਬੈਠ ਕੇ ਕੀਤਾ ਕਰਦੇ ਸਨ। ਉਸ ਤਰੀਕੇ ਨਾਲ ਇਹ ਸਾਰੀ ਗਲਾਂ ਤੇ ਗੌਰ ਕਰਨ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਇਹ ਇਕ ਖਰੜਾ ਹੈ ਜਿਸ ਵਿਚ ਸਰਕਾਰ ਨੇ ਮੰਨਿਆ ਹੈ ਕਿ ਮਿਤੀ 31 ਮਈ, 1980 ਤਕ 1,08,531 ਐਪਲੀਕੇਸ਼ਨਜ਼ ਟਿਊਬਵੈਲਜ਼ ਨੂੰ ਬਿਜਲੀ ਦੇ ਕੁਨੈਕਸ਼ਨਜ਼ ਦੇਣ ਲਈ ਸਰਕਾਰ ਕੋਲ ਪਹੁੰਚੀਆਂ ਹੋਈਆਂ ਹਨ। ਇਹ ਕੁਨੈਕਸ਼ਨ ਕਦੋਂ ਤਕ ਦੇਣੇ ਹਨ ? ਇਸ ਲਈ ਤਿੰਨ ਚਾਰ ਸਾਲ ਦਾ ਵਾਅਦਾ ਸਰਕਾਰ ਨੇ ਕੀਤਾ ਹੋਇਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਗਲ ਦਰੁਸਤ ਹੈ ਕਿ ਸਰਦਾਰ ਦਰਬਾਰਾ ਸਿੰਘ ਬਿਜਲੀ, ਪਾਣੀ ਔਰ ਕੋਲਾ ਜੋ ਵੀ ਰਾਅ ਮੈਟੀਰੀਅਲ ਹੈ, ਇਹ ਆਪ ਪੈਦਾ ਨਹੀਂ ਕਰ ਸਕਦੇ। ਪਰ ਜਿਸ ਲਾਰਜ ਸਕੇਲ ਤੇ ਬਿਜਲੀ ਦੀ ਚੋਰੀ ਹੋ ਰਹੀ ਹੈ, ਜਿਸ ਤਰੀਕੇ ਨਾਲ ਨਾਜਾਇਜ਼ ਬਿਜਲੀ ਦੀ ਵਰਤੋਂ ਕੀਤੀ ਜਾ ਰਹੀ ਹੈ, ਇਸ ਪਾਸੇ ਵਲ ਹਿੰਮਤ ਤੋਂ ਕੰਮ ਲੈਣਾ ਚਾਹੀਦਾ ਹੈ ਔਰ ਇਸ ਚੋਰੀ ਨੂੰ ਰੋਕਿਆ ਜਾਣਾ ਚਾਹੀਦਾ ਹੈ। ਅਗਰ ਇਹ ਚੋਰੀ ਰੋਕਣ ਵਿਚ ਕਾਮਯਾਬ ਹੋ ਜਾਂਦੇ ਹਨ ਤਾਂ ਮੇਰਾ ਖਿਆਲ ਹੈ ਕਿ ਇਹ ਬਿਜਲੀ ਦੇ ਕੁਨੈਕਸ਼ਨਜ਼ ਜੋ ਇਨ੍ਹਾਂ ਨੇ ਕਿਹਾ ਹੈ ਕਿ ਤਿੰਨ ਚਾਰ ਸਾਲ ਲਗ ਜਾਣਗੇ ਇਹ ਇਸ ਦੀ ਬਜਾਏ ਡੇਢ ਦੋ ਸਾਲਾਂ ਵਿਚ ਹੀ ਕੰਮ ਹੋ ਸਕਦਾ ਹੈ ਅਤੇ ਉਨ੍ਹਾਂ ਨੂੰ ਬਿਜਲੀ ਦੇ ਕੁਨੈਕਸ਼ਨਜ਼ ਮਿਲ ਸਕਦੇ ਹਨ। ਜਿਨ੍ਹਾਂ ਨੇ ਐਪਲੀਕੇਸ਼ਨਜ਼ ਦਿੱਤੀਆਂ ਹੋਈਆਂ ਹਨ। ਉਹ ਲੋਕ ਐਸ. ਡੀ. ਓਜ਼. ਔਰ ਐਕਸ. ਈ. ਐਨ. ਜ਼ ਨਾਲ ਮਿਲ ਕੇ ਚੋਰੀ ਕਰਕੇ ਉਹ ਆਪਣਾ ਕੰਮ ਚਲਾਉਂਦੇ ਹਨ। ਕਿਉਂ ਨਾ ਉਨ੍ਹਾਂ ਨੂੰ ਰੈਗੂਲਰਾਈਜ਼ ਕਰ ਦਿਤਾ ਜਾਏ। ਜੋ ਇਸ ਵੇਲੇ ਉਹ ਆਪਣੀਆਂ ਮੋਟਰਾਂ ਚੋਰੀ ਚਲਾਉਂਦੇ ਹਨ, ਉਨ੍ਹਾਂ ਨੂੰ ਰੈਗੂਲਰਾਈਜ਼ ਕਰ ਦੇਣਾ ਚਾਹੀਦਾ ਹੈ। ਇਸ ਵਲ ਧਿਆਨ ਦੇਣ ਦੀ ਲੋੜ ਹੈ।

ਦੂਜੇ ਪਾਸੇ ਬਾਰ ਬਾਰ ਹਾਊਸ ਵਿਚ ਕਿਹਾ ਜਾ ਰਿਹਾ ਹੈ ਕਿ ਦਸ ਤੋਂ ਬਾਰਾਂ ਘੰਟੇ ਤਕ ਬਿਜਲੀ ਦੇਣੀ ਹੈ। ਪਰ ਜਿਥੋਂ ਤਕ ਪੰਜਾਬ ਦੇ ਕਿਸਾਨ ਨੂੰ ਬਿਜਲੀ ਮਿਲਣ ਦਾ ਤੁਅੱਲਕ ਹੈ ਜਾਂ ਇਸ ਬਾਰੇ ਜੋ ਮੇਰੀ ਨਾਲਿਜ ਹੈ ਐਨੇ ਘੰਟੇ ਬਿਜਲੀ ਰੈਗੂਲਰਲੀ ਪਿੰਡਾਂ ਵਿਚ ਨਹੀਂ ਜਾ ਰਹੀ। ਕਿਤੇ 6, 7 ਘੰਟੇ ਬਿਜਲੀ ਜਾਂਦੀ ਹੈ। ਇਸ ਪਾਸੇ ਵਲ ਧਿਆਨ ਦੇਣ ਦੀ ਲੋੜ ਹੈ ਔਰ ਉਨ੍ਹਾਂ ਨੂੰ 10, 12 ਘੰਟੇ ਬਿਜਲੀ ਦਿੱਤੀ ਜਾਏ। ਇਸ ਵੇਲੇ ਝੋਨੇ ਦੀ ਬਿਜਾਈ ਹੋ ਰਹੀ ਹੈ, ਪਰ ਬਿਜਲੀ ਠੀਕ ਮਿਕਦਾਰ ਵਿਚ ਨਾ ਮਿਲਣ ਕਰਕੇ ਅੱਜ ਵੀ ਤੁਸੀਂ ਦੇਖ ਲਉ ਖੇਤ ਖਾਲੀ ਪਏ ਹਨ। ਜਿੰਨੀ ਬਿਜਲੀ ਬਾਰੇ ਇਹ ਕਹਿ ਰਹੇ ਹਨ, ਉਨੀ ਬਿਜਲੀ ਕਿਉਂ ਨਹੀਂ ਉਨ੍ਹਾਂ ਨੂੰ ਦਿਤੀ ਜਾ ਰਹੀ, ਇਸ ਦਾ ਯੋਗ ਪਰਬੰਧ ਕਰਨਾ ਚਾਹੀਦਾ ਹੈ। ਜਿੰਨੀਆਂ ਅਰਜ਼ੀਆਂ ਇਨ੍ਹਾਂ ਕੋਲ ਪਈਆਂ ਹਨ, ਇਹ ਕਾਂਗਰਸੀ ਭਰਾ ਜਦੋਂ ਆਪੋਜ਼ੀਸ਼ਨ ਬੈਂਚਾਂ ਤੇ ਸਾਡੇ ਨਾਲ ਬੈਠੇ ਸਨ ਤਾਂ ਇਹ ਕਿਹਾ ਕਰਦੇ ਸਨ ਕਿ ਉਨ੍ਹਾਂ ਨੇ ਲੈਂਡ ਮਾਰਟਗੇਜ ਬੈਂਕ ਤੋਂ ਜੋ ਕਰਜ਼ਾ ਲਿਆ ਹੈ, ਉਸ ਤੇ ਉਨ੍ਹਾਂ ਤੇ ਵਿਆਜ਼ ਪੈ ਰਿਹਾ ਹੈ ਔਰ ਕਿਸ਼ਤਾਂ ਵੀ ਪੈ ਰਹੀਆਂ ਹਨ। ਜਿਹੜੀ ਮੰਗ ਇਹ ਭਰਾ (ਟਰੇਜ਼ਰੀ ਬੈਂਚਾਂ ਵਲ ਇਸ਼ਾਰਾ) ਆਪੋਜ਼ੀਸ਼ਨ ਬੈਂਚਾਂ ਤੇ ਬੈਠੇ ਕਰਿਆ ਕਰਦੇ ਸਨ, ਉਸ ਨੂੰ ਹੁਣ ਇਹ ਪੂਰਾ ਕਰਨ। ਉਨ੍ਹਾਂ ਦੀਆਂ ਕਿਸ਼ਤਾਂ ਰੋਕੀਆਂ ਜਾਣ ਜਿੰਨੀ ਦੇਰ ਤਕ ਉਨ੍ਹਾਂ ਨੂੰ ਬਿਜਲੀ ਦੇ ਕੁਨੈਕਸ਼ਨ ਨਹੀਂ ਦਿੱਤੇ ਜਾਂਦੇ। ਉਨ੍ਹਾਂ ਤੇ ਵਿਆਜ ਨਾ ਲਗੇ ਜੋ ਕਰਜ਼ਾ ਉਨ੍ਹਾਂ ਨੇ ਬੈਂਕਾਂ ਤੋਂ ਲਿਆ ਹੈ। ਇਨ੍ਹਾਂ ਗੱਲਾਂ ਬਾਰੇ ਇਨ੍ਹਾਂ ਨੂੰ ਐਲਾਨ ਕਰਨਾ ਚਾਹੀਦਾ ਹੈ। ਉਨ੍ਹਾਂ ਗਰੀਬ ਕਿਸਾਨਾਂ ਨੂੰ ਹੈਰਾਨਗੀ ਤੋਂ ਬਚਾਉਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਵਿਚ ਇਸ ਗਲ ਦਾ ਬੜਾ ਚਰਚਾ ਹੈ ਕਿ ਇਥੇ ਬਿਜਲੀ ਦੇ ਫਲੈਟ ਰੇਟ ਵਿਚ ਵਾਧਾ ਕਰਨਾ ਹੈ। ਪਰ ਮੈਂ ਸਮਝਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੂੰ ਇਸ ਦੇ ਉਲਟ ਕੰਮ ਕਰਨਾ ਚਾਹੀਦਾ ਹੈ। ਜੋ ਬਿਜਲੀ ਕਾਰਖਾਨਿਆਂ ਨੂੰ ਜਾਂਦੀ ਹੈ, ਉਸ ਦੇ ਰੇਟ ਵਿਚ ਵਾਧਾ ਕਰਨਾ ਚਾਹੀਦਾ ਹੈ ਔਰ ਐਗਰੀਕਲਚਰ ਲਈ ਬਿਜਲੀ ਦੇ ਫਲੈਟ ਰੇਟ ਵਿਚ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਘਟਾ ਕਰਨਾ ਚਾਹੀਦਾ ਹੈ। ਇਸ ਬਾਰੇ ਸੀ. ਐਮ. ਸਾਹਿਬ ਨੂੰ ਅੱਜ ਹੀ ਐਲਾਨ ਕਰ ਦੇਣਾ ਚਾਹੀਦਾ ਹੈ। (ਥੰਪਿੰਗ)

ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸੀ. ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਕ ਸਮਾਂ ਸੀ ਜਦੋਂ ਪੰਜਾਬ ਵਿਚ ਬਿਜਲੀਕਰਨ ਕਰਨਾ ਸੀ। ਪਾਂਧੀ ਜੀ ਨੇ ਦਰੁਸਤ ਕਿਹਾ ਹੈ ਕਿ ਉਸ ਬਿਜਲੀਕਰਨ ਵਿਚ ਹੋਇਆ ਕੀ? ਕੀ ਕਿਸੇ ਨੇ ਵੇਖਿਆ ਹੈ ਕਿ ਉਸ ਵੇਲੇ ਪੋਲ ਕਿਸ ਤਰ੍ਹਾਂ ਦੇ ਲੱਗੇ ਸਨ? ਪੋਲਾਂ ਦੀ ਥਾਂ ਤੇ ਕਿਤੇ ਪੰਜਾਲੀ ਵਾਲੇ ਡੰਡੇ ਗੱਡ ਦਿੱਤੇ, ਕਿਤੇ ਅੱਕ ਦੇ ਡੰਡੇ ਲਗਾ ਦਿੱਤੇ ਔਰ ਕਿਤੇ ਇਸੇ ਤਰ੍ਹਾਂ ਹੀ ਕੁਝ ਹੋਰ ਲਗਾ ਦਿਤੇ। ਉਸ ਨਾਲ ਕਈ ਹਾਦਸੇ ਹੋਏ ਬਿਜਲੀਕਰਨ ਲਈ ਕੋਈ ਨਾਰਮ ਫਿਕਸ ਕਰਨਾ ਚਾਹੀਦਾ ਹੈ। (ਵਿਘਨ)

**ਸ਼੍ਰੀ ਸੰਤ ਰਾਮ ਸਿੰਗਲਾ :** ** ** **

**ਸ਼੍ਰੀ ਸਪੀਕਰ :** ਇਹ ਕੋਈ ਪੁਆਇੰਟ ਆਵ ਆਰਡਰ ਨਹੀਂ ਹੈ।

**ਕਾਮਰੇਡ ਬਲਦੇਵ ਸਿੰਘ ਲੂੰਬਾ :** ਮੈਂ ਬਿਜਲੀਕਰਨ ਦੇ ਖਿਲਾਫ ਗਲ ਨਹੀਂ ਕਰ ਰਿਹਾ। ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰੀਕੇ ਨਾਲ ਬਿਜਲੀਕਰਨ ਕੀਤੀ ਗਈ ਹੈ, ਉਸ ਨਾਲ ਨੁਕਸਾਨ ਹੋਇਆ ਹੈ। ਕਈ ਜਗ੍ਹਾ ਤੇ ਬਿਜਲੀ ਦੀਆਂ ਤਾਰਾਂ ਲਗਣ ਕਰਕੇ ਬੰਦੇ ਮਰੇ ਔਰ ਜਗਾ ਜਗ੍ਹਾ ਤੇ ਮੱਝਾਂ ਮਰੀਆਂ ਹਨ। ਅਰੁਣ ਮੇਰੇ ਬਾਰਡਰ ਦੇ ਇਲਾਕੇ ਵਿਚ ਇੱਕ ਥਾਂ ਹੈ ਜਿਥੇ ਦੋ ਬਲਦ ਇਸੇ ਤਰ੍ਹਾਂ ਹੀ ਮਰੇ। ਪਿੰਡ ਵਾਲਿਆਂ ਨੂੰ ਮੈਡੀਕਲ ਕਰਾਉਣ ਬਾਰੇ ਪਤਾ ਨਹੀਂ ਹੁੰਦਾ, ਜਿਸ ਕਰਕੇ ਉਨ੍ਹਾਂ ਨੂੰ ਬਾਅਦ ਵਿਚ ਕੋਈ ਮੁਆਵਜ਼ਾ ਵੀ ਨਹੀਂ ਮਿਲਦਾ।

**ਸ਼੍ਰੀ ਸਪੀਕਰ :** ਹੁਣ ਵਾਈਂਡ ਅਪ ਕਰੋ ਜੀ।

**ਕਾਮਰੇਡ ਬਲਦੇਵ ਸਿੰਘ ਲੂੰਬਾ :** ਮੈਂ ਇਕੱਲੇ ਨੇ ਬੋਲਣਾ ਹੈ ਜੀ, ਇਸ ਲਈ ਮੈਨੂੰ ਬੋਲ ਲੈਣ ਦਿਉ। ਮੈਂ ਇਹ ਕਹਿੰਦਾ ਹਾਂ ਕਿ ਬਿਜਲੀ ਲਗਣ ਕਰਕੇ ਜੋ ਨੁਕਸਾਨ ਹੁੰਦਾ ਹੈ, ਉਸ ਨੂੰ ਰੋਕਣਾ ਚਾਹੀਦਾ ਹੈ ਔਰ ਜੋ ਉਨ੍ਹਾਂ ਲੋਕਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ, ਉਸ ਵਿਚ ਸੋਧ ਕਰਨੀ ਚਾਹੀਦੀ ਹੈ ਤਾਂਕਿ ਉਨ੍ਹਾਂ ਨੂੰ ਆਸਾਨੀ ਨਾਲ ਮੁਆਵਜ਼ਾ ਮਿਲ ਸਕੇ।

ਕੱਲਰ ਵਾਲੀ ਜ਼ਮੀਨ ਦੀ ਸਕੀਮ ਅਤੇ ਘੱਗਰ ਏਰੀਆ ਦੀ ਸਕੀਮ, ਇਹ ਚੰਗੀਆਂ ਸਕੀਮਾਂ ਹਨ, ਕਈ ਬੰਦੇ ਅਸਰ ਰਸੂਖ ਵਾਲੇ ਆਪਣੀਆਂ ਜ਼ਮੀਨਾਂ ਨੂੰ ਕੱਲਰ ਵਾਲੀ ਜ਼ਮੀਨ ਕਹਿ ਕੇ ਇਸ ਸਕੀਮ ਤੋਂ ਫਾਇਦਾ ਉਠਾ ਰਹੇ ਹਨ, ਇਹ ਚੀਜ਼ ਬੰਦ ਹੋਣੀ ਚਾਹੀਦੀ ਹੈ।

ਇਕ ਪਰਾਬਲਮ ਆ ਰਹੀ ਹੈ ਕਿ ਜੋ ਮੁਜ਼ਾਰੇ ਹਨ, ਟੈਨੈਂਟਸ ਹਨ, ਉਨ੍ਹਾਂ ਨੂੰ ਬਿਜਲੀ ਦੇ ਕੁਨੈਕਸ਼ਨਜ਼ ਮਿਲ ਸਕਦੇ ਹਨ ਜਾਂ ਨਹੀਂ। ਅਨੇਕ ਥਾਵਾਂ ਤੇ ਇਨ੍ਹਾਂ ਨੂੰ ਬਿਜਲੀ ਦੇ ਕੁਨੈਕਸ਼ਨਜ਼ ਮਿਲੇ ਹੋਏ ਹਨ। ਆਫੀਸਰਜ਼ ਲੈਂਡਲਾਰਡਜ਼ ਨਾਲ ਮਿਲਕੇ ਟੈਨੈਂਟਸ ਨੂੰ ਕਹਿੰਦੇ ਹਨ ਕਿ ਕੁਨੈਕਸ਼ਨਜ਼ ਉਨ੍ਹਾਂ ਨੂੰ ਨਹੀਂ ਮਿਲ ਸਕਦੇ, ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਹੈਰਾਸ ਕੀਤਾ ਜਾਂਦਾ ਹੈ। ਮੇਰੇ ਹਲਕੇ ਵਿਚ ਇੱਕ ਥਾਂ ਸ਼ਾਬ ਮਾਜਰਾ ਹੈ, ਉਥੇ ਇਨ੍ਹਾਂ ਲੋਕਾਂ ਨੂੰ ਬਿਜਲੀ ਦੇ ਕੁਨੈਕਸ਼ਨਜ਼ ਨਹੀਂ ਦਿੱਤੇ ਜਾ ਰਹੇ ਕਿਉਂਕਿ ਉਹ ਜ਼ਮੀਨਾਂ ਦੇ ਮਾਲਕ ਨਹੀਂ ਹਨ। ਇਸ ਲਈ, ਸਪੀਕਰ ਸਾਹਿਬ,

**Expunged as ordered by the Chair

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]
ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਭਾਵੇਂ ਉਹ ਇਸ ਵੇਲੇ ਗਲਾਂ ਵਿਚ ਰੁਝੇ ਹੋਏ ਹਨ, ਇਨ੍ਹਾਂ ਨੂੰ ਕਹਾਂਗਾ ਕਿ ਜੋ ਇਸ ਵੇਲੇ ਟੈਨੈਂਟਸ ਨੂੰ ਬਿਜਲੀ ਦੇ ਕੁਨੈਕਸ਼ਨਜ਼ ਨਹੀਂ ਮਿਲ ਰਹੇ ਇਸ ਵਲ ਉਹ ਧਿਆਨ ਦੇਣ ਅਤੇ ਇਨ੍ਹਾਂ ਦੀ ਮੱਦਦ ਕਰਨ ਤਾਂਕਿ ਇਨ੍ਹਾਂ ਦੀ ਹੈਰਾਸਮੈਂਟ ਖਤਮ ਹੋਵੇ।

ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ, ਜਿਹੜੀ ਕਿ ਬਾਦਲ ਸਾਹਿਬ ਨੇ ਮੰਨੀ ਸੀ, ਜਦੋਂ ਉਨ੍ਹਾਂ ਦੀ ਸਰਕਾਰ ਸੀ। ਉਹ ਇਹ ਕਿ ਹਰੀਜਨਾਂ ਨੂੰ ਕੁਨੈਕਸ਼ਨ ਰਿਆਇਤ ਤੇ ਦੇਣੇ ਹਨ। (ਵਿਘਨ) ਪਰ ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰੀਜਨਾਂ ਨੂੰ ਜਿਹੜਾ ਐਸ.ਡੀ.ਐਮ. ਅਤੇ ਐਮ. ਐਲ.ਏ. ਤੋਂ ਆਪਣੇ ਹਰੀਜਨ ਹੋਣ ਦਾ ਸਰਟੀਫਿਕੇਟ ਲੈਣਾ ਪੈਂਦਾ ਹੈ, ਇਸਦੀ ਥਾਂ ਤੇ ਇਹ ਹੋਣਾ ਚਾਹੀਦਾ ਹੈ ਕਿ ਸਰਪੰਚ ਹੀ ਲਿਖ ਦੇਵੇ ਕਿ ਉਹ ਹਰੀਜਨ ਹੈ। ਜੇ ਇਸ ਤਰ੍ਹਾਂ ਕਰ ਦਿਤਾ ਜਾਵੇ ਤਾਂ ਬਹੁਤ ਠੀਕ ਰਹੇਗਾ ਅਤੇ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਹਰੀਜਨਾਂ ਨੂੰ ਐਸ.ਡੀ.ਐਮ. ਅਤੇ ਐਮ.ਐਲ.ਏਜ਼ ਮਗਰ ਭੱਜੇ ਫਿਰਨ ਦੀ ਲੋੜ ਵੀ ਨਹੀਂ ਪਵੇਗੀ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹੋਰ ਗਲ ਕਰਨਾ ਚਾਹੁੰਦਾ ਹਾਂ। ਮੇਰੇ ਵੀਰ ਚਤੱਰਥ, ਜੋ ਕਿ ਆਪਣੇ ਆਪ ਨੂੰ ਮੁਲਾਜ਼ਮਾਂ ਦੇ ਬੜੇ ਤਕੜੇ ਅਲੰਬਰਦਾਰ ਸਮਝਦੇ ਹਨ, ਉਨ੍ਹਾਂ ਨੂੰ ਮੇਰੇ ਤੋਂ ਪਹਿਲਾਂ ਬੋਲਣ ਦਾ ਟਾਈਮ ਮਿਲਿਆ ਸੀ ਅਤੇ ਮੈਂ ਸਮਝਦਾ ਸੀ ਕਿ ਉਹ ਮੁਲਾਜ਼ਮਾਂ ਦੇ ਬਾਰੇ ਕੋਈ ਚੰਗੀਆਂ ਗੱਲਾਂ ਕਰਨਗੇ। (ਵਿਘਨ) ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਇੰਪੋਰਟਿਡ ਕਾਰਾਂ ਖਰੀਦੀਆਂ ਜਾਂਦੀਆਂ ਹਨ, ਨਜਾਇਜ਼ ਖਰਚੇ ਕੀਤੇ ਜਾਂਦੇ ਹਨ ਅਤੇ ਬਿਨਾਂ ਮਤਲਬ ਤੋਂ ਅਸਾਮੀਆਂ ਬਣਾਈਆਂ ਜਾਂਦੀਆਂ ਹਨ, ਪਰ ਦੂਜੇ ਪਾਸੇ ਮੁਲਾਜ਼ਮਾਂ ਦਾ ਜੋ ਹਾਲ ਹੋ ਰਿਹਾ ਹੈ, ਉਸ ਬਾਰੇ ਤੁਸੀਂ ਹਰ ਰੋਜ਼ ਅਖਬਾਰਾਂ ਵਿਚ ਪੜ੍ਹਦੇ ਹੋ। ਤੁਸੀਂ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ ਕਿ ਪਟਿਆਲਾ ਬਿਜਲੀ ਬੋਰਡ ਦੇ 5,000 ਮੁਲਾਜ਼ਮਾਂ ਨੇ ਆਪਣੀਆਂ ਮੰਗਾਂ ਦੀ ਖਾਤਰ ਧਰਨਾ ਦਿਤਾ ਸੀ। ਉਨ੍ਹਾਂ ਨੂੰ 24 ਘੰਟੇ ਪੋਲਾਂ ਤੇ ਚੜ੍ਹਨਾ ਪੈਂਦਾ ਹੈ। ਉਨ੍ਹਾਂ ਵਿਚੋਂ ਬਹੁਤ ਸਾਰੇ ਤਾਂ ਬਿਜਲੀ ਲਗਣ ਨਾਲ ਹੀ ਮਰ ਜਾਂਦੇ ਹਨ, ਪਰ ਜਦ ਉਹ ਕੋਈ ਮੰਗ ਕਰਦੇ ਹਨ ਤਾਂ ਉਨ੍ਹਾਂ ਦੀਆਂ ਮੰਗਾਂ ਵਲ ਕੋਈ ਧਿਆਨ ਨਹੀਂ ਦਿਤਾ ਜਾਂਦਾ। ਮੈਂ ਸਮਝਦਾ ਹਾਂ ਕਿ ਜਿਸ ਤਰੀਕੇ ਨਾਲ ਰੂਲਿੰਗ ਪਾਰਟੀ ਦੇ ਸਾਥੀ ਆਪੋਜ਼ੀਸ਼ਨ ਵਿਚ ਬੈਠਕੇ ਗੱਲਾਂ ਕਰਦੇ ਹੁੰਦੇ ਸਨ, ਅੱਜ ਜੇ ਕਰ ਉਹ ਇਨ੍ਹਾਂ ਗਲਾਂ ਨੂੰ ਉਸੇ ਨਜ਼ਰੀਏ ਨਾਲ ਦੇਖਣ ਤਾਂ ਫਿਰ ਜ਼ਰੂਰ ਉਨ੍ਹਾਂ ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਕਰਨੀਆਂ ਪੈਣਗੀਆਂ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਮਿਹਨਤ ਦਾ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ।

ਹੁਣ ਮੈਂ, ਸਪੀਕਰ ਸਾਹਿਬ, ਥਰਮਲ ਪਲਾਂਟ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਉਸ ਦਾ ਬੜਾ ਨੁਕਸਾਨ ਹੋਇਆ। ਜਿਸ ਤਰ੍ਹਾਂ ਪਾਂਧੀ ਸਾਹਿਬ ਨੇ ਕਿਹਾ ਹੈ ਕਿ ਕੋਲਾ ਦੋ ਨੰਬਰ ਦਾ ਆਇਆ ਉਥੇ ਹੋਰ ਵੀ ਬਹੁਤ ਸਾਰੀਆਂ ਇਸ ਕਿਸਮ ਦੀਆਂ ਗੱਲਾਂ ਹੋਈਆਂ। ਇਸ ਲਈ ਮੈਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਇਸ ਦੇ ਬਾਰੇ ਹਾਈ ਲੈਵਲ ਦੀ ਇਨਕੁਆਇਰੀ ਕਰਾਉਣ ਦੀ ਲੋੜ ਹੈ। ਇਸ ਦੀ ਡੂੰਘਾਈ ਵਿਚ ਜਾਣਾ ਚਾਹੀਦਾ ਹੈ।

ਸਪੀਕਰ ਸਾਹਿਬ, ਕਿਉਂਕਿ ਸਾਡੀ ਪਾਰਟੀ ਤਾਂ ਹਮੇਸ਼ਾਂ ਸਰਕਾਰ ਨੂੰ ਸੁਝਾਉ ਹੀ ਦਿੰਦੀ ਹੈ, ਇਸ ਲਈ ਮੈਂ ਵੀ ਕੁਝ ਸੁਝਾਉ ਦੇਣਾ ਚਾਹੁੰਦਾ ਹਾਂ। ਇਤਨੀ ਗੱਲ ਕਹਿ ਕੇ ਮੈਂ ਖਤਮ ਕਰ ਦਿਆਂਗਾ। ਇਹ ਜਿਹੜੀ ਬਿਜਲੀ ਬੋਰਡ ਵਿਚ ਇਤਨੀ ਕੁਰੱਪਸ਼ਨ ਹੁੰਦੀ ਹੈ, ਇਤਨੇ ਨਜ਼ਾਇਜ਼ ਖਰਚੇ ਹੁੰਦੇ ਹਨ ਅਤੇ ਥਰਮਲ ਪਲਾਂਟ ਦਾ ਜੋ ਭੈੜਾ ਹਾਲ ਹੋਇਆ ਹੈ ਇਨ੍ਹਾਂ ਸਾਰੀਆਂ ਗੱਲਾਂ ਨੂੰ ਦੇਖ ਕੇ ਜੇ ਅਸੀਂ ਬਿਜਲੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਬੋਰਡ ਨੂੰ ਕਹਿ ਦੇਈਏ ਕਿ ਇਹ ਕੁਰੱਪਸ਼ਨ ਦਾ ਅੱਡਾ ਹੈ ਤਾਂ ਇਹ ਕੋਈ ਗਲਤ ਗਲ ਨਹੀਂ ਹੈ। ਇਸ ਨੂੰ ਕੁਰੱਪਸ਼ਨ ਦਾ ਅੱਡਾ ਇਸ ਕਰਕੇ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਵਿਚੋਂ ਕਿਸਾਨ ਨੂੰ ਇਨਸਾਫ ਨਹੀਂ ਮਿਲਦਾ। ਇਹ ਕਹਿੰਦੇ ਹਨ ਕਿ ਜ਼ਿਮੀਦਾਰ ਨੂੰ 10, 12 ਘੰਟੇ ਬਿਜਲੀ ਮਿਲਦੀ ਰਹੀ ਹੈ ਪਰ ਮੈਂ ਦੱਸਦਾ ਹਾਂ ਕਿ ਜਿਹੜੇ ਸ਼ੈਲਰਾਂ ਵਾਲੇ ਹਨ ਜਾਂ ਕਾਰਖਾਨੇਦਾਰ ਹਨ , ਉਨ੍ਹਾਂ ਤੇ ਭਾਵੇਂ ਇਨ੍ਹਾਂ ਦੇ ਕਹਿਣ ਮੁਤਾਬਿਕ 24 ਘੰਟੇ ਦੀ ਕਟ ਹੈ, ਪਰ ਫਿਰ ਵੀ ਉਹ ਅਫਸਰਾਂ ਨਾਲ ਮਿਲਕੇ ਬਿਜਲੀ ਲੈ ਜਾਂਦੇ ਹਨ। ਪਤਾ ਨਹੀਂ ਉਨ੍ਹਾਂ ਵਾਸਤੇ ਬਿਜਲੀ ਭਾਖੜਾ ਤੋਂ ਆਉਂਦੀ ਹੈ। ਉਹ ਸ਼ੈਲਰਾਂ ਵਾਲੇ 24 ਘੰਟੇ ਚਲਾਉਂਦੇ ਹਨ, ਪਰ ਜ਼ਿਮੀਦਾਰਾਂ ਨੂੰ 6-7 ਘੰਟੇ ਬਿਜਲੀ ਮਿਲਦੀ ਹੈ। ਸੀ.ਐਮ. ਸਾਹਿਬ, ਨੇ ਇਥੇ ਹਾਊਸ ਵਿਚ ਕਲ੍ਹ ਪਰਸੋਂ ਅਟਾਮਿਕ ਅਨਰਜੀ ਪਲਾਂਟ ਦੇ ਬਾਰੇ ਜ਼ਿਕਰ ਕੀਤਾ ਸੀ। ਠੀਕ ਹੈ ਅਸੀਂ ਕਹਿੰਦੇ ਹਾਂ ਕਿ ਪੰਜਾਬ ਵਿਚ ਅਟਾਮਿਕ ਅਨਰਜੀ ਪਲਾਂਟ ਲੱਗਣਾ ਚਾਹੀਦਾ ਹੈ, ਅਸੀਂ ਇਨ੍ਹਾਂ ਦੇ ਨਾਲ ਹਾਂ। ਪੰਜਾਬ ਉਹ ਸੂਬਾ ਹੈ ਜਿਹੜਾ 5 ਰੋਟੀਆਂ ਵਿਚੋਂ 3 ਰੋਟੀਆਂ ਪੈਦਾ ਕਰਦਾ ਹੈ। ਇਹ ਪੰਜਾਬ ਹੀ ਸੂਬਾ ਹੈ ਜਿਸ ਨੇ ਅਮਰੀਕਾ ਤੋਂ ਕਣਕ ਲੈਣੀ ਬੰਦ ਕਰਵਾਈ ਹੈ। ਪੰਜਾਬ ਦਾ ਜ਼ਿਮੀਦਾਰ, ਕਿਸਾਨ ਤੁਹਾਨੂੰ ਪਰਫੁਲੱਤ ਕਰਦਾ ਹੈ। ਇਸ ਕਰਕੇ ਮੈਂ ਸਮਝਦਾ ਹਾਂ ਕਿ ਅਟਾਮਿਕ ਅਨਰਜੀ ਪਲਾਂਟ ਪੰਜਾਬ ਵਿਚ ਲੱਗਣਾ ਚਾਹੀਦਾ ਹੈ, ਤਾਂ ਕਿ ਪੰਜਾਬ ਦਾ ਕਿਸਾਨ ਹੋਰ ਤਰੱਕੀ ਕਰ ਸਕੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਫਿਰ ਸੀ.ਐਮ. ਸਾਹਿਬ, ਨੂੰ ਕਹਾਂਗਾ ਕਿ ਉਹ ਅਟਾਮਿਕ ਅਨਰਜੀ ਪਲਾਂਟ ਦੇ ਬਾਰੇ ਯਤਨ ਕਰਨ ਅਤੇ ਆਪੋਜ਼ੀਸ਼ਨ ਨੂੰ ਨਾਲ ਲੈ ਕੇ ਚੱਲਣ ਅਸੀਂ ਵੀ ਉਨ੍ਹਾਂ ਦੇ ਨਾਲ ਹਾਂ, ਪੂਰੇ ਯਤਨ ਕਰਕੇ ਪੰਜਾਬ ਵਾਸਤੇ ਅਟਾਮਿਕ ਅਨਰਜੀ ਪਲਾਂਟ ਲਿਆਉਣ।

**ਸ੍ਰੀ ਸਪੀਕਰ**: ਤੁਸੀਂ ਖਤਮ ਕਰੋ ਜੀ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਬੱਸ ਜੀ, ਮੈਂ ਇਕ ਗੱਲ ਕਹਿਕੇ ਬੈਠ ਜਾਵਾਂਗਾ। ਸੀ.ਐਮ. ਸਾਹਿਬ ਕਹਿੰਦੇ ਹਨ ਕਿ ਅਸੀਂ ਕਿਸਾਨਾਂ ਲਈ ਬਹੁਤ ਕੁਝ ਕਰਨਾ ਚਾਹੁੰਦੇ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਹਾਊਸ ਦੀ ਇਕ ਹਾਈ ਪਾਵਰਡ ਕਮੇਟੀ ਬਣਾਈ ਜਾਵੇ ਉਹ ਕਮੇਟੀ ਚੇਅਰਮੈਨ ਤੋਂ ਲੈ ਕੇ ਹੇਠਾਂ ਤੱਕ ਬਿਜਲੀ ਬੋਰਡ ਦੀ ਪੂਰੀ ਤਰ੍ਹਾਂ ਘੋਖ ਕਰ ਲਵੇ। ਇਸ ਤਰ੍ਹਾਂ ਕੀਤਿਆਂ ਬਿਜਲੀ ਬੋਰਡ ਵਿਚ ਸੁਧਾਰ ਹੋ ਸਕਦਾ ਹੈ। ਇਸ ਤਰ੍ਹਾਂ ਕਿਸਾਨ ਦਾ ਵੀ ਭਲਾ ਹੋ ਸਕਦਾ ਹੈ।

**ਕਾਮਰੇਡ ਦਯਾ ਸਿੰਘ** (ਕੁੰਮ ਕਲਾਂ, ਐਸ.ਸੀ) : ਸਪੀਕਰ ਸਾਹਿਬ, ਇਸ ਮਤੇ ਰਾਹੀਂ 250 ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਗੱਲ ਕੀਤੀ ਗਈ ਹੈ, ਇਹ ਮਾੜੀ ਗੱਲ ਨਹੀਂ ਹੈ। ਪਰ ਇਸ ਮਹਿਕਮੇਂ ਨੂੰ ਬਹੁਤ ਸਾਰੀ ਆਮਦਨ ਹੁੰਦੀ ਹੈ। ਜੇ ਉਸ ਦੇ ਬਾਰੇ ਚੰਗੀ ਤਰ੍ਹਾਂ ਖੋਲ੍ਹਕੇ ਦਸਿਆ ਜਾਵੇ, ਜਿਵੇਂ ਕਿ ਇਸ ਮਹਿਕਮੇਂ ਵਿਚ ਬਹੁਤ ਹੇਰਾ ਫੇਰੀਆਂ ਹੁੰਦੀਆਂ ਹਨ, ਬਿਜਲੀ ਦੀ ਚੋਰੀ ਹੁੰਦੀ ਹੈ, ਜੇ ਇਨ੍ਹਾਂ ਚੀਜ਼ਾਂ ਦੀ ਪੜਤਾਲ ਕੀਤੀ ਜਾਵੇ ਤਾਂ ਮੇਰਾ ਖਿਆਲ ਹੈ ਕਿ ਇਤਨਾ ਕਰਜ਼ਾ ਲੈਣ ਦੀ ਲੋੜ ਨਹੀਂ ਪੈਂਦੀ। ਇਕ ਪਾਸੇ ਤਾਂ ਇਤਨਾ ਕਰਜ਼ਾ ਲਿਆ ਜਾ ਰਿਹਾ ਹੈ। (ਵਿਘਨ) ਤੁਹਾਨੂੰ ਪਤਾ ਹੈ ਕਿ ਮਿਲ ਵਾਲਿਆਂ ਨੂੰ ਡੇਢ ਦਾਈ ਪੈਸੇ ਪਰ ਯੂਨਿਟ ਦੇ ਹਿਸਾਬ ਨਾਲ ਬਿਜਲੀ ਦਿਤੀ ਜਾਂਦੀ ਹੈ, ਪਰ ਦੂਜੇ ਪਾਸੇ ਜਿਹੜੇ ਗਰੀਬ ਲੋਕ ਹਨ, ਜਿਨ੍ਹਾਂ ਬਾਰੇ ਖਾਸ ਤੌਰ ਤੇ ਕਾਂਗਰਸ ਪਾਰਟੀ ਵਾਲੇ ਕਹਿੰਦੇ ਹਨ ਕਿ ਅਸੀਂ ਹਰੀਜਨਾਂ ਦੇ ਹਮਾਇਤੀ ਹਾਂ, ਉਨ੍ਹਾਂ ਦੇ ਘਰਾਂ ਵਾਸਤੇ 38-40 ਪੈਸੇ ਪਰ ਯੂਨਿਟ ਦੇ ਹਿਸਾਬ ਨਾਲ ਬਿਜਲੀ ਦਿਤੀ ਜਾਂਦੀ ਹੈ। ਇਹ ਬਹੁਤ ਵੱਡਾ ਫਰਕ ਹੈ। ਇਸ ਪਾਸੇ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀ ਗਲ ਕਰਦਾ ਹਾਂ। ਪਿਛਲੀ ਸਰਕਾਰ ਨੇ ਕਿਹਾ ਸੀ ਕਿ ਲੁਧਿਆਣਾ ਦੇ ਬੇਟ ਏਰੀਆ ਵਿਚ ਜਿਹੜੇ ਲੋਕ ਦਰਿਆ ਸਤਲੁਜ ਤੋਂ 3 ਕਿਲੋਮੀਟਰ ਦੇ ਅੰਦਰ ਰਹਿੰਦੇ ਹਨ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਲੋਕਾਂ ਨੂੰ ਬਿਜਲੀ ਦੇ ਕੁਨੈਕਸ਼ਨ ਛੇਤੀ ਦੇ ਦਿਆਂਗੇ । ਪਰ ਮੈਂ ਕਹਿੰਦਾ ਹਾਂ ਕਿ 6-7 ਮਹੀਨਿਆਂ ਦਾ ਸਮਾਂ ਹੋ ਗਿਆ ਹੈ, ਪਰ, ਉਨ੍ਹਾਂ ਲੋਕਾਂ ਨੂੰ ਹਾਲਾਂ ਤੱਕ ਕੁਨੈਕਸ਼ਨ ਨਹੀਂ ਦਿਤੇ ਗਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਨੈਕਸ਼ਨ ਦੇਣ ਵਿਚ ਅਫਸਰਸ਼ਾਹੀ ਪੈਸੇ ਲੈਂਦੀ ਹੈ। ਪੈਸੇ ਲਏ ਤੋਂ ਬਗੈਰ ਕੁਨੈਕਸ਼ਨ ਨਹੀਂ ਦਿਤੇ ਜਾਂਦੇ । ਬਹੁਤ ਸਾਰੇ ਗਰੀਬ ਲੋਕ, ਜੋ ਕੁਨੈਕਸ਼ਨ ਲੈਣ ਲਈ ਪੈਸੇ ਨਹੀਂ ਦੇ ਸਕਦੇ ਉਹ ਆਸ ਲਾਹ ਕੇ ਬੈਠ ਗਏ ਹਨ । ਉਹ ਲੋਕ ਕੌਡੀਆਂ ਦੇ ਭਾਅ ਜ਼ਮੀਨ ਵੇਚ ਰਹੇ ਹਨ। ਫੌਜੀ ਉਨ੍ਹਾਂ ਦੀਆਂ ਜ਼ਮੀਨਾਂ ਖੋਹ ਰਹੇ ਹਨ। ਉਹ ਲੋਕ ਸਰਕਾਰੀ ਜ਼ਮੀਨ ਕਿਸ਼ਤਾਂ ਤੇ ਵਾਹੁੰਦੇ ਹਨ। ਉਹ ਕਿਸ਼ਤਾਂ ਵੀ ਦੇ ਰਹੇ ਹਨ ਪਰ ਉਨ੍ਹਾਂ ਵੱਲ ਸਰਕਾਰ ਧਿਆਨ ਨਹੀਂ ਦੇ ਰਹੀ । ਫੌਜੀ ਉਨ੍ਹਾਂ ਦੀਆਂ ਜ਼ਮੀਨਾਂ ਖੋਹ ਰਹੇ ਹਨ। ਉਨ੍ਹਾਂ ਨੂੰ ਕਨੈਕਸ਼ਨ ਨਹੀਂ ਦਿਤੇ ਜਾ ਰਹੇ ਸਗੋਂ ਉਨ੍ਹਾਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਉਨ੍ਹਾਂ ਦਾ ਇਕ ਡੈਪੂਟੇਸ਼ਨ ਆਇਆ ਹੈ ਉਸ ਡੈਪੂਟੇਸ਼ਨ ਨੇ ਸੀ.ਐਮ. ਨੂੰ ਮਿਲਣਾ ਹੈ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਹੀਦਾ ਹੈ। ਅਫਸਰਸ਼ਾਹੀ ਕੁਨੈਕਸ਼ਨ ਦੇਣ ਦੇ ਦੋ ਦੋ ਸੌ, ਪੰਜ ਪੰਜ ਸੌ ਰੁਪਿਆ ਲੈਂਦੀ ਹੈ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਵੱਡੇ ਵੱਡੇ ਕਾਰਖਾਨੇਦਾਰ ਅਤੇ ਵੱਡੇ ਵੱਡੇ ਧਨਾਢ ਲੋਕ ਅਫ਼ਸਰਸ਼ਾਹੀ ਨਾਲ ਮਿਲਕੇ ਬਿਜਲੀ ਦੀ ਹੇਰਾ ਫੇਰੀ ਕਰਦੇ ਹਨ। ਜੇ ਇਸ ਕਿਸਮ ਦੀ ਚੋਰੀ ਬਾਰੇ ਅਫ਼ਸਰਾਂ ਨੂੰ ਕੋਈ ਸ਼ਿਕਾਇਤ ਕਰਦਾ ਹੈ, ਤਾਂ ਉਹ ਕਹਿੰਦੇ ਹਨ ਕਿ ਕੀ ਤੁਸੀਂ ਮੌਕੇ ਤੇ ਦੱਸੋ। ਇਤਨੇ ਨੂੰ ਉਹ ਚਪੜਾਸੀ ਨੂੰ ਭੇਜਕੇ ਇਤਲਾਹ ਦੇ ਦਿੰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਦੀ ਇਸ ਕਿਸਮ ਦੀ ਹੇਰਾਫੇਰੀ ਦੀ ਪੜਤਾਲ ਹੋਣੀ ਚਾਹੀਦੀ ਹੈ ਅਗਰ ਇਹ ਚੀਜ਼ਾਂ ਠੀਕ ਕੀਤੀਆਂ ਜਾਣ ਤਾਂ ਸਾਨੂੰ ਇਤਨਾ ਬਹੁਤਾ ਕਰਜ਼ਾ ਲੈਣ ਦੀ ਲੋੜ ਨਹੀਂ ਪਵੇਗੀ। ਸਾਡੇ ਬੇਟ ਏਰੀਆ ਦੇ ਵਿਚ ਮੈਂ ਵੇਖਿਆ ਹੈ ਕਿ ਉਥੇ ਜਿਨ੍ਹਾਂ ਨੂੰ ਬਿਜਲੀ ਦੇ ਕੁਨੈਕਸ਼ਨ ਮਿਲੇ ਹੋਏ ਹਨ, ਉਥੇ ਬਿਜਲੀ 3-4 ਘੰਟੇ ਆਉਂਦੀ ਹੈ ਜਾਂ ਫਿਰ ਰਾਤ ਨੂੰ ਆਉਂਦੀ ਹੈ। ਬਹੁਤੇ ਸੱਜਣ ਸਾਨੂੰ ਇਹ ਕਹਿੰਦੇ ਹਨ ਕਿ ਸਾਨੂੰ ਰਾਤ ਦੀ ਬਜਾਏ ਦਿਨੇ ਬਿਜਲੀ ਮਿਲੇ ਤਾਂ ਕਿ ਅਸੀਂ ਦਿਨੇ ਬਿਜਲੀ ਵਰਤ ਕੇ ਪਾਣੀ ਲਾ ਸਕੀਏ। ਬਹੁਤ ਸਾਰੀ ਜ਼ਮੀਨ ਝੋਨਾ ਲਾਉਣ ਤੋਂ ਸਿਰਫ ਇਸ ਕਰਕੇ ਰਹਿ ਗਈ ਹੈ ਕਿ ਪਾਣੀ ਨਹੀਂ ਮਿਲਿਆ। ਹੋਰ ਵੀ ਕਈ ਕਾਰਨ ਹੋ ਸਕਦੇ ਹਨ ਪਰ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਜ਼ਿਮੀਦਾਰ ਨੂੰ ਪੂਰੀ ਬਿਜਲੀ ਨਹੀਂ ਮਿਲੀ, ਜਿਸ ਕਰਕੇ ਉਹ ਪਾਣੀ ਨਹੀਂ ਲਾ ਸਕਿਆ। ਇਸ ਕਰਕੇ ਮੇਰੀ ਅਰਜ਼ ਹੈ ਕਿ ਕਿਸਾਨ ਨੂੰ ਬਿਜਲੀ ਦਿਨ ਦੇ ਟਾਈਮ ਅਤੇ ਪੂਰੇ ਹਿਸਾਬ ਨਾਲ ਮਿਲਣੀ ਚਾਹੀਦੀ ਹੈ। (ਵਿਘਨ)।

ਇਕ ਗਲ, ਸਪੀਕਰ ਸਾਹਿਬ, ਮੈਂ ਮੁਲਾਜ਼ਮਾਂ ਦੇ ਬਾਰੇ ਕਹਿ ਕੇ ਖਤਮ ਕਰ ਦਿੰਦਾ ਹਾਂ ਕਿ ਬਹੁਤ ਸਾਰੇ ਮੁਲਾਜ਼ਮ ਹਨ, ਜਿਨ੍ਹਾਂ ਨੂੰ ਬੋਨਸ ਨਹੀਂ ਮਿਲਿਆ। ਸਾਰੇ ਦੇ ਸਾਰੇ ਮੁਲਾਜ਼ਮਾਂ ਨੂੰ ਬੋਨਸ ਮਿਲਣਾ ਚਾਹੀਦਾ ਹੈ, ਇਹ ਮੇਰੀ ਮੰਗ ਹੈ।

**ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ)** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਰੇ ਹਾਊਸ ਦੇ ਮੈਂਬਰਜ਼ ਇਸ ਗਲ ਤੇ ਸਹਿਮਤੀ ਪ੍ਰਗਟ ਕਰਦੇ ਹਨ ਕਿ 150 ਕਰੋੜ ਦੀ ਜਗ੍ਹਾ 250 ਕਰੋੜ ਰੁਪਿਆ ਹੋ ਜਾਵੇ। ਮੈਂ ਸਮਝਦਾ ਹਾਂ ਕਿ ਜੇ ਇਸ ਤੋਂ ਵੀ ਜ਼ਿਆਦਾ ਜ਼ਰੂਰਤ ਹੈ ਤਾਂ ਇਸ ਦੇ ਵਿਚ ਕੋਈ ਹਰਜ ਵਾਲੀ ਗੱਲ ਨਹੀਂ ਅਤੇ ਇਸਦੀ ਮੰਨਜ਼ੂਰੀ ਦੇ ਦੇਣੀ ਚਾਹੀਦੀ ਹੈ। ਲੇਕਿਨ ਇਤਰਾਜ਼ ਇਥੇ ਇਕ ਗੱਲ ਦਾ ਇਹ ਹੈ ਕਿ ਉਹ ਪੁਰਾਣਾ ਸਮਾਂ ਸੀ, ਜਿਸ ਲੋ ਪਹਿਲਾਂ ਪਾਣੀ ਵਿਚੋਂ ਬਿਜਲੀ ਕੱਢੀ ਜਾਂਦੀ ਸੀ। ਉਸ ਤੋਂ ਬਾਅਦ ਕੋਲੇ ਦੀ ਵਰਤੋਂ ਨਾਲ ਬਿਜਲੀ ਸ਼ੁਰੂ ਹੋਈ ਪਰ ਹੁਣ ਹੋਰ ਨਵੇਂ ਨਵੇਂ ਕਈ ਤਰੀਕੇ ਆ ਗਏ ਹਨ, ਜਿਵੇਂ ਸੂਰਜ ਦੀਆਂ ਕਿਰਨਾਂ ਤੋਂ ਵੀ ਬਿਜਲੀ ਨਿਕਲ ਸਕਦੀ ਹੈ, ਅਟਾਮਿਕ ਸ਼ਕਤੀ ਨਾਲ ਵੀ ਬਿਜਲੀ ਨਿਕਲ ਸਕਦੀ ਹੈ ਅਤੇ ਸਮੁੰਦਰ ਦੀਆਂ ਲਹਿਰਾਂ ਤੋਂ ਵੀ ਬਿਜਲੀ ਨਿਕਲ ਸਕਦੀ ਹੈ। ਜਿਸ ਪੰਜਾਬ ਵਿਚ ਅਸੀਂ ਵਸਦੇ ਹਾਂ ਅਤੇ ਜਿਤਨੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਬਿਜਲੀ ਇਥੇ ਨਿਕਲਦੀ ਹੈ ਉਹ ਸਭ ਤੋਂ ਮਾੜਾ ਅਤੇ ਮਹਿੰਗਾ ਤਰੀਕਾ ਹੈ। ਉਹ ਤਰੀਕਾ ਇਸ ਤਰ੍ਹਾਂ ਮਾੜਾ ਹੈ ਕਿ ਜਾਂ ਤਾਂ ਬੜੀ ਦੇਰ ਦੇ ਨਾਲ ਇਥੇ ਕੋਲਾ ਆਉਂਦਾ ਹੈ, ਕਦੇ ਆਉਂਦਾ ਹੈ ਅਤੇ ਕਦੇ ਨਹੀਂ ਆਉਂਦਾ ਹੈ ਜੇ ਆਉਦਾ ਹੈ ਤਾਂ ਬੜਾ ਨਾਕਸ ਆਉਦਾ ਹੈ ਜਿਸ ਦੀ ਵਜ੍ਹਾ ਨਾਲ ਬਹੁਤ ਨੁਕਸਾਨ ਪਹੁੰਚਦਾ ਹੈ। ਇਥੇ ਇਕ ਗੁਰੂ ਨਾਨਕ ਥਰਮਲ ਪਲਾਂਟ ਬਠਿੰਡੇ ਲਗਾ ਹੋਇਆ ਹੈ ਜੋ ਕਿ ਪਹਿਲਾਂ ਹੀ ਨਹੀਂ ਚਲਦਾ ਪਰ ਪਿਛਲੇ ਸਾਲ ਬਾਦਲ ਸਾਹਿਬ ਇਕ ਹੋਰ ਥਰਮਲ ਪਲਾਂਟ ਦੀ ਮਨਜ਼ੂਰੀ ਲੈ ਆਏ ਜਿਹੜਾ ਰੋਪੜ ਲਗ ਰਿਹਾ ਹੈ। ਮੈਂ ਸਮਝਦਾ ਹਾਂ ਕਿ ਇਸ ਥਰਮਲ ਪਲਾਂਟ ਦਾ ਕੋਈ ਇਤਨਾ ਲਾਭ ਨਹੀਂ ਹੋ ਸਕਦਾ। ਇਸ ਵੇਲੇ ਜਿਹੜੇ ਬਿਜਲੀ ਪੈਦਾ ਕਰਨ ਦੇ ਨਵੇਂ ਤਰੀਕੇ ਸ਼ੁਰੂ ਹੋਏ ਹਨ ਉਨ੍ਹਾਂ ਨਵੇਂ ਤਰੀਕਿਆਂ ਨਾਲ ਕੰਮ ਕਰਨਾ ਚਾਹੀਦਾ ਹੈ।

11-12 ਪੂਰਵ ਦੁਪਹਿਰ (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਮੇਰੀ ਅਰਜ਼ ਹੈ ਕਿ ਇਕ ਥਰਮਲ ਪਲਾਂਟ ਵਾਸਤੇ ਕੋਲਾ ਅਸੀਂ ਅਗੇ ਹੀ ਪੂਰਾ ਨਹੀਂ ਕਰ ਸਕਦੇ ਇਕ ਹੋਰ ਥਰਮਲ ਪਲਾਂਟ ਲਾ ਕੇ ਇਕ ਹੋਰ ਮੁਸੀਬਤ ਛੇੜਨ ਵਾਲੀ ਗਲ ਹੈ। ਮੈਂ ਕੈਲੀਫੋਰਨੀਆ, ਯੂ.ਐਸ.ਏ. ਵਿਚ ਜਾ ਕੇ ਦੇਖਿਆ ਹੈ ਕਿ ਉਥੇ ਪਾਣੀ ਨਾਲ ਬਿਜਲੀ ਪੈਦਾ ਕਰਦੇ ਹਨ। ਉਨ੍ਹਾਂ ਦਾ ਢੰਗ ਬੜਾ ਅੱਛਾ ਹੈ। ਸਾਡੇ ਇਥੇ ਕਈ ਦਫਾ ਐਸੇ ਹਾਲਾਤ ਵੀ ਹੋ ਜਾਂਦੇ ਹਨ ਕਿ ਭਾਖੜੇ ਦਾ ਪਾਣੀ ਖਤਮ ਹੋ ਗਿਆ ਤਾਂ ਬਿਜਲੀ ਦੀ ਕਮੀ ਹੋ ਗਈ, ਪਰ ਉਥੇ ਇਕ ਐਸਾ ਡੈਮ ਅਸੀਂ ਦੇਖਿਆ ਹੈ ਕਿ ਜੋ ਪਾਣੀ ਉਸ ਦੇ ਵਿਚੋਂ ਇਕ ਦਫਾ ਬਿਜਲੀ ਨਿਕਲਣ ਵਾਸਤੇ ਆ ਜਾਂਦਾ ਹੈ, ਉਹ ਬਿਜਲੀ ਪੈਦਾ ਕਰਕੇ ਫਿਰ ਉਸੇ ਪਾਣੀ ਨੂੰ ਲਿਫਟ ਕਰਕੇ ਅਤੇ ਉਸੇ ਪਾਣੀ ਨੂੰ ਦੁਬਾਰਾ ਘੁੰਮਾ ਕੇ ਫਿਰ ਬਿਜਲੀ ਪੈਦਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਕਦੇ ਬਿਜਲੀ ਦੀ ਕਮੀ ਨਹੀਂ ਹੁੰਦੀ ਅਤੇ ਪਾਣੀ ਵੀ ਖਤਮ ਨਹੀਂ ਹੁੰਦਾ। ਸਰਦਾਰ ਦਰਬਾਰਾ ਸਿੰਘ ਜੀ ਬਾਹਰ ਜਾਂਦੇ ਰਹਿੰਦੇ ਹਨ, ਉਨ੍ਹਾਂ ਨੂੰ ਕੋਈ ਇਸ ਤਰ੍ਹਾਂ ਦੇ ਤਰੀਕੇ ਉਥੋਂ ਲਿਆਕੇ ਅਪਨਾਉਣੇ ਚਾਹੀਦੇ ਹਨ। ਇਹ ਕੋਲੇ ਦੇ ਨਾਲ ਬਿਜਲੀ ਪੈਦਾ ਕਰਨ ਦਾ ਜੋ ਤਰੀਕਾ ਹੈ, ਇਹ ਪੰਜਾਬ ਵਿਚ ਅਗੇ ਹੀ ਫੇਲ੍ਹ ਹੋ ਚੁਕਾ ਹੈ ਔਰ ਸਾਨੂੰ ਇਸ ਪਾਸੇ ਜ਼ਿਆਦਾ ਜ਼ੋਰ ਨਹੀਂ ਲਾਉਣਾ ਚਾਹੀਦਾ ਬੇਸ਼ਕ ਢਾਈ ਸੌ ਕਰੋੜ ਰੁਪਏ ਤੋਂ ਵੀ ਵਧਾ ਕੇ ਰਕਮ 500 ਕਰੋੜ ਰੁਪਏ ਕਰ ਦਿਤੀ ਜਾਵੇ ਪਰ ਰੋਜ਼ ਰੋਜ਼ ਦੀ ਜਿਹੜੀ ਸ਼ਾਰਟੇਜ ਹੈ, ਰੋਜ਼ ਰੋਜ਼ ਦੀ ਜਿਹੜੀ ਮੁਸੀਬਤ ਹੈ ਸਾਡੀ ਉਹ ਖਤਮ ਹੋਣੀ ਚਾਹੀਦੀ ਹੈ। ਰੋਜ਼ ਰੋਜ਼ ਜਿਹੜੀ ਸਾਡੀ ਐਗਰੀਕਲਚਰ ਉਤੇ, ਸਾਡੀ ਇੰਡਸਟਰੀ ਉਤੇ ਅਤੇ ਸਾਡੀ ਘਰੇਲੂ ਜ਼ਿੰਦਗੀ ਉਤੇ ਇਫੈਕਟ ਪਾਉਂਦੀ ਹੈ, ਉਸ ਦਾ ਹੱਲ ਕਰਨਾ ਚਾਹੀਦਾ ਹੈ। ਜਿਹੜੇ ਪੁਰਾਣੇ ਸਾਧਨ ਹਨ ਉਹ ਬਿਲਕੁਲ ਅਡਾਪਟ ਨਹੀਂ ਕਰਨੇ ਚਾਹੀਦੇ ਅਤੇ ਨਵੇਂ ਨਵੇਂ ਤਰੀਕੇ ਜਿਹੜੇ ਹਨ ਉਹ ਲਿਆਉਣੇ ਚਾਹੀਦੇ ਹਨ।

ਇਕ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਹੋਰ ਕਰਨੀ ਹੈ ਕਿ ਆਮ ਪਤਾ ਲਗਦਾ ਹੈ ਕਿ ਮੀਂਹ ਕਰਕੇ ਪਾਣੀ ਨਹੀਂ ਆਇਆ ਤਾਂ ਬਿਜਲੀ ਬੰਦ ਹੋ ਗਈ, ਕੋਲਾ ਨਾਕਸ ਆਇਆ ਜਾਂ ਕੋਲਾ ਨਹੀਂ ਆਇਆ ਤਾਂ ਬਿਜਲੀ ਬੰਦ ਹੋ ਗਈ ਪਰ ਕਦੇ ਇਹ ਨਹੀਂ ਸੁਣਿਆ ਕਿ ਬਿਜਲੀ ਬੰਦ ਹੋ ਗਈ ਹੈ ਤਾਂ ਜਿਹੜਾ ਬਿਜਲੀ ਦਾ ਰੇਟ ਜ਼ਿਮੀਦਾਰ ਤੇ ਲੰਪ-ਸਮ ਪੈਂਦਾ ਹੈ, ਉਹ ਘਟਾਇਆ ਹੋਵੇ। ਕਈ ਵਾਰੀ 15-15 ਦਿਨ, ਮਹੀਨਾ ਮਹੀਨਾ ਬਿਜਲੀ ਨਹੀਂ ਆਉਂਦੀ ਪਰ ਬਿਜਲੀ ਦਾ ਰੇਟ ਜੋ ਹੈ, ਉਹ ਜ਼ਿਮੀਦਾਰ ਤੇ ਉਸੇ ਤਰ੍ਹਾਂ ਲੰਪ-ਸਮ ਪੈਂਦਾ ਰਹਿੰਦਾ ਹੈ। ਸੋ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਪੈਸੇ ਨਾ ਲੈਣ ਨਾਲ ਬਹੁਤ ਨੁਕਸਾਨ ਹੁੰਦਾ ਹੈ ਇਹ ਕਹਿ ਦੇਣਾ ਠੀਕ ਨਹੀਂ ਹੈ। ਇਹ ਠੀਕ ਹੈ ਕਿ ਨੁਕਸਾਨ ਹੋਇਆ ਹੈ ਪਰ ਜਿਸ ਵਿਚਾਰੇ ਨੇ ਬਿਜਲੀ ਲਈ ਹੀ ਨਹੀਂ, ਜਿਸ ਨੂੰ ਬਿਜਲੀ ਦੇ ਮਹਿਕਮੇ ਨੇ ਬਿਜਲੀ ਦਿੱਤੀ

Original with;
Punjab Vidhan Sabha
Digitized by;
Panjab Digital Library

ਜੀ ਨਹੀਂ ਉਸ ਦੇ ਉਤੇ ਇਸ ਤਰ੍ਹਾਂ ਦਾ ਜੁਰਮਾਨਾ ਠੋਕਣਾ, ਮੈਂ ਸਮਝਦਾ ਹਾਂ ਕਿ ਬੜੀ ਭਾਰੀ ਬੇ-ਇਨ-ਸਾਫੀ ਹੈ। ਇਸ ਲਈ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਇਸ ਪਾਸੇ ਵਲ ਨੂੰ ਵੀ ਧਿਆਨ ਦੇਣ ਦੀ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ, ਕਿਉਂਕਿ ਮੇਰੇ ਬਹੁਤ ਸਾਰੇ ਦੋਸਤ ਇਸ ਚੀਜ਼ ਤੇ ਕਾਫੀ ਰੋਸ਼ਨੀ ਪਾ ਚੁਕੇ ਹਨ, ਸਰਦਾਰ ਦਰਬਾਰਾ ਸਿੰਘ ਜੀ ਨੂੰ ਫਿਰ ਅਰਜ਼ ਕਰਾਂਗਾ ਕਿ ਜਿਹੜੇ ਪੁਰਾਣੇ ਕਿਸਮ ਦੇ ਬਿਜਲੀ ਪੈਦਾ ਕਰਨ ਦੇ ਸਾਧਨ ਹਨ ਉਨ੍ਹਾਂ ਵਲ ਕੋਈ ਬਹੁਤਾ ਧਿਆਨ ਨਾ ਦਿੰਦੇ ਹੋਏ ਕਿਉਂਕਿ ਥਰਮਲ ਪਲਾਂਟ ਸਿਸਟਮ ਫੇਲ੍ਹ ਹੋਇਆ ਹੈ ਕੋਈ ਨਵੀਆਂ ਨਵੀਆਂ. ਚੀਜ਼ਾਂ ਲਿਆਉ ਜਿਹੜੀਆਂ ਇਕ ਵਾਰੀ ਲਾਉਣ ਤੋਂ ਬਾਅਦ ਰੋਜ਼ ਰੋਜ਼ ਦੀ ਜ਼ਰੂਰਤ ਨਾ ਰਹੇ ਤਾਂ ਕਿ ਇਸ ਮੁਸੀਬਤ ਤੋਂ ਅਸੀਂ ਬਚ ਸਕੀਏ। ਖਰਚਾ ਭਾਵੇਂ ਜਿੰਨਾ ਮਰਜ਼ੀ ਕਰੋ। ਇਨ੍ਹਾਂ ਲਫਜ਼ਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਨਾਲ ਹੀ ਚੀਫ਼ ਮਨਿਸਟਰ ਸਾਹਿਬ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਥੇ ਗਵਰਨਰ ਐਡਰੈਸ ਤੇ ਬੋਲਦਿਆਂ ਬਹੁਤ ਸਾਰੇ ਦੋਸਤਾਂ ਨੇ ਬੜੇ ਚੰਗੇ ਚੰਗੇ ਸੁਝਾਉ ਦਿਤੇ ਹਨ। ਇਹ ਠੀਕ ਹੈ ਕਿ ਸਰਦਾਰ ਦਰਬਾਰਾ ਸਿੰਘ ਜੀ ਕੋਲ ਸਮਾਂ ਥੋੜ੍ਹਾ ਸੀ ਪਰ ਬਹੁਤ ਸਾਰੇ ਮੈਂਬਰਾਂ ਦੀਆਂ ਗਲਾਂ ਦਾ ਉਨ੍ਹਾਂ ਨੇ ਜਵਾਬ ਨਹੀਂ ਦਿਤਾ। ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਜੇ ਕੋਈ ਚੰਗੀ ਚੀਜ਼ ਕੋਈ ਮੈਂਬਰ ਕਹਿੰਦਾ ਹੈ ਤਾਂ ਉਸ ਦਾ ਜਵਾਬ ਸਾਨੂੰ ਜ਼ਰੂਰ ਦੇਣਾ ਚਾਹੀਦਾ ਹੈ ਔਰ ਆਪਣੇ ਮਹਿਕਮਿਆਂ ਨਾਲ ਸਲਾਹ ਕਰਕੇ, ਆਪਣੇ ਰਿਸੋਰਸਿਜ਼ ਦੇਖ ਕੇ ਅਤੇ ਹੋਰ ਬਾਕੀ ਚੀਜ਼ਾਂ ਦੇਖ ਕੇ ਉਨ੍ਹਾਂ ਗਲਾਂ ਦਾ ਜਵਾਬ ਦਿਆ ਕਰਨ ਤਾਂ ਕਿ ਮੈਂਬਰਜ਼ ਦੀ ਤਸੱਲੀ ਹੋ ਸਕੇ ਅਤੇ ਲੋਕਾਂ ਤਕ ਵੀ ਗਲ ਪਹੁੰਚ ਸਕੇ।

**ਜਥੇਦਾਰ ਉਜਾਗਰ ਸਿੰਘ ਸੇਖਵਾਂ** (ਕਾਹਨੂੰਆਂ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਹੈ ਇਹ ਕੋਈ ਤਿੱਖਾ ਵਿਰੋਧ ਕਰਨ ਵਾਲਾ ਮਤਾ ਨਹੀਂ ਹੈ ਬਲਕਿ ਅਪੋਜ਼ੀਸ਼ਨ ਜੋ ਹੈ, ਉਹ ਇਸ ਵਿਚ ਜਿਹੜੀਆਂ ਗਲਾਂ ਕਹੇਗੀ, ਉਸ ਦੇ ਨਾਲ ਗੌਰਮਿੰਟ ਦਾ ਫਾਇਦਾ ਹੋਵੇਗਾ। ਬਿਜਲੀ ਨੂੰ ਵਧ ਪੈਦਾ ਕਰਨਾ ਸਾਡਾ ਮੁਲਕ ਦੇ ਹਿੱਤ ਦੀ ਗਲ ਹੈ। ਬਿਜਲੀ ਲੋਕਾਂ ਨੂੰ ਸਸਤੀ ਕਿਵੇਂ ਦਿਤੀ ਜਾਵੇ, ਇਹ ਸਭ ਤੋਂ ਵੱਡੀ ਪ੍ਰਾਬਲਮ ਹੈ। ਬਿਜਲੀ ਵਾਲੇ ਕਹਿੰਦੇ ਹਨ ਇਹ ਸਾਡਾ ਬਿਜ਼ਨੈਸ ਹੈ। ਅਸੀਂ ਬਿਜਲੀ ਬਣਾਉਂਦੇ ਹਾਂ ਅਤੇ ਜੇ ਅਸੀਂ ਇਸ ਦੇ ਪੂਰੇ ਪੈਸੇ ਨਹੀਂ ਵਟਦੇ ਤਾਂ ਸਾਡਾ ਬਿਜ਼ਨੈਸ ਚਲਦਾ ਨਹੀਂ ਅਤੇ ਸਾਨੂੰ ਘਾਟਾ ਪੈਂਦਾ ਹੈ। ਇਸੇ ਦੀ ਨਿਸ਼ਾਨੀ ਹੈ ਕਿ ਅੱਜ ਅਸੀਂ ਉਨ੍ਹਾਂ ਨੂੰ ਮਾਲੀ ਸਹਾਇਤਾ ਖੁਲ੍ਹੀ ਦੇ ਰਹੇ ਹਾਂ ਤਾਂ ਕਿ ਤੁਸੀਂ ਖੁਲ੍ਹੇ ਹੱਥੀ ਬਿਜਲੀ ਪੈਦਾ ਕਰੋ ਲੇਕਿਨ ਦੂਜੇ ਪਾਸੇ ਗੱਲ ਇਹ ਹੈ ਕਿ ਕਿ ਬਿਜਲੀ ਵਿਚ ਘਾਟਾ ਆਵੇ ਪਰ ਮੁਲਕ ਨੂੰ ਚਲਾਉਣ ਵਾਸਤੇ ਜਿਹੜੀਆਂ ਗਲਾਂ ਹਨ ਉਹ ਜ਼ਿਆਦਾ ਜ਼ਰੂਰੀ ਹਨ। ਮੁਲਕ ਨੂੰ ਕਿਸ ਨੇ ਚਲਾਉਣਾ ਹੈ ! ਮੁਲਕ ਨੂੰ ਚਲਾਉਣਾ ਹੈ ਧਰਤੀ ਨੇ। ਧਰਤੀ ਵਿਚ ਜਿਹੜੀਆਂ ਚੀਜ਼ਾਂ ਪੈਦਾ ਹੁੰਦੀਆਂ ਹਨ, ਉਸ ਨਾਲ ਸਾਰਾ ਮੁਲਕ ਚਲ ਰਿਹਾ ਹੈ। ਕਾਰਖਾਨਿਆਂ ਨੂੰ ਵੱਧ ਬਿਜਲੀ ਦਿਉ, ਉਹ ਵੀ ਦੇਸ਼ ਦੀ ਲੋੜ ਹੈ। ਜ਼ਮੀਨ ਨੂੰ ਵੱਧ ਬਿਜਲੀ ਦਿਉ, ਇਹ ਜ਼ਿਆਦਾ ਲੋੜ ਹੈ। ਜਿੰਨੀ ਵਸਤੂ ਸ਼ਹਿਰਾਂ ਦੇ ਅੰਦਰ ਪੈਦਾ ਹੁੰਦੀ ਹੈ, ਜਿੰਨੀਆਂ ਮਸ਼ੀਨਾਂ ਸ਼ਹਿਰਾਂ ਵਿਚ ਪੈਦਾ ਹੁੰਦੀਆਂ ਹਨ, ਇਹ ਬੜੀ ਸੋਚਣ ਦੀ ਗਲ ਹੈ ਕਿ ਉਹ ਮਸ਼ੀਨਰੀ ਅਸੀਂ ਸ਼ਹਿਰਾਂ ਵਿਚ ਜੋ ਕਾਰਖਾਨਿਆਂ ਵਿਚ ਪੈਦਾ ਕਰਦੇ ਹਾਂ, ਉਹ ਸ਼ਹਿਰਾਂ ਵਿਚ ਸਾਰੀ ਨਹੀਂ ਵਰਤੀ ਜਾਂਦੀ, ਉਹ ਮਸ਼ੀਨਾਂ ਪੈਦਾਵਾਰ ਵਧਾਉਣ ਵਾਸਤੇ ਵਰਤੀਆਂ ਜਾਂਦੀਆਂ ਹਨ। ਸੋ ਇਹ ਗਲ ਬੜੀ ਜ਼ਰੂਰੀ ਹੋ ਜਾਂਦੀ ਹੈ ਕਿਉਂਕਿ ਇਸ ਨੇ ਸਾਡੇ ਮੁਲਕ ਨੂੰ ਪੈਰਾਂ ਤੇ ਖੜਾ ਕਰਨਾ ਹੈ ਅਤੇ ਮੁਲਕ ਨੇ ਦੁਨੀਆਂ ਦੇ ਮੁਲਕਾਂ ਦਾ ਮੁਕਾਬਲਾ ਕਰਨਾ ਹੈ। ਸਾਡਾ ਮੁਲਕ ਜ਼ਮੀਨੀ ਪੈਦਾਵਾਰ ਦਾ ਦੇਸ਼ ਹੈ, ਇਹ ਕੋਈ ਕਾਨਾਂ ਦਾ ਦੇਸ਼ ਨਹੀਂ। ਕਾਨਾਂ ਵੀ ਹੈਗੀਆਂ ਜਿਵੇਂ ਕੋਲੇ

Original with;
Punjab Vidhan Sabha
Digitized by;
Panjab Digital Library

[ਜਥੇਦਾਰ ਉਜਾਗਰ ਸਿੰਘ ਸੇਖਵਾਂ]

ਦੀਆਂ, ਤੇਲ ਦੀਆਂ ਆਦਿ ਇਹ ਜਿਹੜੀਆਂ ਚੀਜ਼ਾਂ ਹਨ, ਮੁਲਕ ਨੂੰ ਚਲਾਉਣ ਜੋਗੀਆਂ ਵੀ ਨਹੀਂ, ਇਹ ਆਪਣੇ ਦੇਸ਼ ਦੀ ਲੋੜ ਨੂੰ ਪੂਰਾ ਨਹੀਂ ਕਰਦੀਆਂ, ਬਾਹਰੋਂ ਮੰਗਵਾਉਣੀਆਂ ਪੈਂਦੀਆਂ ਹਨ। ਜ਼ਮੀਨ ਦੀ ਪੈਦਾਵਾਰ ਹੈ ਅਨਾਜ, ਖੰਡ, ਭਾਵੇਂ ਕਪਾਹ ਰਾਹੀਂ ਕਪੜੇ ਰਾਹੀਂ ਲੈ ਲਵੋ। ਜਿੰਨੀਆਂ ਇਨਸਾਨੀ ਜਿੰਦਗੀ ਦੀਆਂ ਲੋੜ ਦੀਆਂ ਚੀਜ਼ਾਂ ਹਨ, ਉਹ ਮੇਰੇ ਦੇਸ਼ ਦੀ ਧਰਤੀ ਵਿਚ ਪੈਦਾ ਹੁੰਦੀਆਂ ਹਨ। ਇਸ ਕਰਕੇ ਧਰਤੀ ਦੇ ਮੁਤਅੱਲਕ ਜਿਹੜੀ ਲੋੜ ਹੈ, ਉਸ ਨੂੰ,, ਪਹਿਲ ਦੇਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਜਿਹੜੇ ਬਿਜਲੀ ਪੈਦਾ ਕਰਨ ਦੇ ਹੁਣ ਤਕ ਤਰੀਕੇ ਬਣੇ ਹੋਏ ਹਨ, ਉਨ੍ਹਾਂ ਵਿਚ ਸਭ ਤੋਂ ਸਸਤਾ ਤਰੀਕਾ ਪਾਣੀ ਨਾਲ ਬਿਜਲੀ ਪੈਦਾ ਕਰਨ ਦਾ ਹੈ। ਸਰਦਾਰ ਦਿਲਬਾਗ ਸਿੰਘ ਨੇ ਨਵੀਆਂ ਕਾਢਾਂ ਦੀ ਦਲੀਲ ਦਿਤੀ ਹੈ। ਤਜਰਬਾ ਦਸਦਾ ਹੈ ਕਿ ਉਨ੍ਹਾਂ ਨਾਲ ਬਿਜਲੀ ਸਸਤੀ ਬਣਦੀ ਹੈ ਜਾਂ ਜ਼ਿਆਦਾ ਖਰਚ ਆਉਂਦਾ ਹੈ। ਬੜੀ ਦੇਰ ਨਾਲ ਅਤੇ ਬੜੀ ਮਿਹਨਤ ਨਾਲ ਪੰਜਾਬ ਦੀ ਖੁਸ਼ਹਾਲੀ ਦਾ ਮੁੱਢ ਬਨਣ ਵਾਸਤੇ ਥੀਨ ਡੈਮ ਦਾ ਕੰਮ ਸ਼ੁਰੂ ਹੋਇਆ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਆਪਣੇ ਮਿੱਤਰ ਮੁਖ ਮੰਤਰੀ ਜੀ ਨੂੰ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਥੀਨ ਡੈਮ ਦੀ ਕਾਮਯਾਬੀ ਨਾਲ ਬਿਜਲੀ ਨੂੰ ਮਦਦ ਵੀ ਮਿਲਦੀ ਹੈ ਤੇ ਬਿਜਲੀ ਵੀ ਵੱਧ ਪੈਦਾ ਹੁੰਦੀ ਹੈ। ਬਿਜਲੀ ਨੂੰ ਕਾਫੀ ਮਦਦ ਮਿਲਦੀ ਹੈ ਜੇ ਅਸੀਂ ਦਰਿਆ ਦੇ ਬੰਨ੍ਹ ਰੋਕ ਕੇ ਨਹਿਰਾਂ ਰਾਹੀਂ ਪਾਣੀ ਧਰਤੀ ਵਿਚ ਲੈ ਜਾਂਦੇ ਹਾਂ। ਜਿਹੜੇ ਬਿਜਲੀ ਦੇ ਕੁਨੈਕਸ਼ਨਾਂ ਦੀ ਜ਼ਿਆਦਾ ਲੋੜ ਹੈ, ਇਸ ਦੇ ਲਈ ਪਾਣੀ ਸਾਨੂੰ ਜ਼ਿਆਦਾ ਮਦਦ ਦਿੰਦਾ ਹੈ ਔਰ ਜਿਹੜੀ ਬਿਜਲੀ ਉਸ ਦੇ ਰਾਹੀਂ ਬਣੇਗੀ ਉਸ ਦੇ ਨਾਲ ਸਾਡੇ ਦੇਸ਼ ਦੀ ਭੁਖ ਪੂਰੀ ਹੋਵੇਗੀ। ਅੱਜ ਲੂੰਬਾ ਸਾਹਿਬ ਨੇ ਕਿਹਾ ਕਿ ਸਾਡਾ ਦੇਸ਼ 65 ਕਰੋੜ ਦੀ ਗਿਣਤੀ ਦਾ ਦੇਸ਼ ਹੈ ਅਸੀਂ ਬਾਹਰਲੇ ਦੇਸ਼ਾਂ ਤੋਂ ਰੋਟੀ ਮੰਗਣ ਲਈ ਜਾਂਦੇ ਸੀ, ਪਰ ਪੰਜਾਬ ਦੇ ਕਿਸਾਨ ਨੇ ਇਤਨੀ ਅਨਾਜ ਦੀ ਪੈਦਾਵਾਰ ਵੱਧ ਕੀਤੀ ਕਿ ਕਿਸੇ ਕੋਲ ਜਾਣ ਦੀ ਲੋੜ ਨਹੀਂ ਪਈ। ਅੱਜ ਅਸੀਂ ਅਨਾਜ ਬਾਹਰਲੇ ਮੁਲਕਾਂ ਨੂੰ ਭੇਜ ਕੇ ਪੈਸੇ ਵਟ ਸਕਦੇ ਹਾਂ। ਜੇ ਕਰ ਅਸੀਂ ਪੈਦਾਵਾਰ ਤੇ ਪੂਰਾ ਜ਼ੋਰ ਲਾ ਦੇਈਏ ਤਾਂ ਹੀ ਇਸ ਦੇਸ਼ ਦਾ ਧਨ ਬਣ ਸਕਦਾ ਹੈ। ਜੇ ਅਨਾਜ ਵੱਧ ਪੈਦਾ ਹੋਵੇਗਾ ਤਾਂ ਦੂਸਰੇ ਮੁਲਕਾਂ ਵਿਚ ਘਲਾਂਗੇ। ਪੈਸਾ ਸਾਡੇ ਮੁਲਕ ਵਿਚ ਆਵੇਗਾ, ਸਾਡਾ ਮੁਲਕ ਖੁਸ਼ਹਾਲ ਹੋਵੇਗਾ। ਇਹ ਮੇਰਾ ਸੁਝਾਵ ਹੈ ਸਮੇਂ ਦੀ ਸਰਕਾਰ ਨੂੰ ਕਿ ਥੀਨ ਡੈਮ ਨੂੰ ਤਗੜੇ ਹੋ ਕੇ ਤਰਜੀਹ ਦਿਓ।

ਮੱਖ ਮੰਤਰੀ ਸਾਹਿਬ ਤੁਸੀਂ ਦਸਵੇਂ ਮੁੱਖ ਮੰਤਰੀ ਹੋ। ਇਸ ਸੰਸਾਰ ਤੇ ਕੋਈ ਚੀਜ਼ ਸਥਿਰ ਨਹੀਂ। ਕੋਈ ਗਾਰੰਟੀ ਨਹੀਂ ਕਿ ਕਿੰਨਾਂ ਚਿਰ ਕੋਈ ਚੀਜ਼ ਰਹੇ। ਮੈਂ ਕਹਿੰਦਾ ਹਾਂ ਕਿ ਸਰਦਾਰ ਪਰਤਾਪ ਸਿੰਘ ਕੈਰੋਂ ਨੇ ਧੁੱਸੀ ਬੰਨ੍ਹ ਬਣਾਇਆ ਸੀ। 17 ਸਾਲ ਹੋ ਗਏ। ਅੱਜ ਵੀ ਧੁਸੀ ਬਨ੍ਹ ਤੇ ਜਾਵੋ ਤਾਂ ਲੋਕ ਉਨ੍ਹਾਂ ਦਾ ਨਾਂ ਲੈਂਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਰਵਾਇਤਾਂ ਪਿਛਲੀ ਸਰਕਾਰਾਂ ਨੇ ਪਾਈਆਂ ਹਨ, ਉਹ ਕਾਇਮ ਰਹਿਣਗੀਆਂ ਚਾਹੇ ਵਿਰੋਧ ਕਰੀਏ ਚਾਹੇ ਸਮਰਥਨ ਕਰੀਏ। ਜਿਹੜੀ ਚੰਗੀ ਗਲ ਕੋਈ ਕਰਦਾ ਹੈ, ਉਸਦੀ ਯਾਦਾਸ਼ਤ ਕਾਇਮ ਰਹਿੰਦੀ ਹੈ। ਮੈਂ ਕਹਿਦਾ ਹਾਂ ਕਿ ਥੀਨ ਡੈਮ ਵੀ ਸਾਡੇ ਵਾਸਤੇ ਇਕ ਗਹਿਣਾ ਹੈ, ਇਸ ਨੇ ਪੰਜਾਬ ਨੂੰ ਸ਼ਿੰਗਾਰਨਾਂ ਹੈ, ਇਸ ਲਈ ਜ਼ਿਆਦਾ ਕੰਮ ਕਰੋ। ਕੁਝ ਫੈਸਲੇ ਲੋਕਾਂ ਦੇ ਹੱਕਾਂ ਵਾਸਤੇ ਹੁੰਦੇ ਹਨ। ਪਿਛਲੇ ਸਮੇਂ ਵਿੱਚ ਉਨ੍ਹਾਂ ਨੂੰ ਕਾਇਮ ਰੱਖਣਾ ਚਾਹੀਦਾ ਹੈ। ਇਸ ਦੇ ਵਿਚ ਸਰਕਾਰ ਨੂੰ ਸਹੂਲਤ ਰਹੇਗੀ ਕਿਉਂਕਿ ਮਹਿੰਗਾਈ ਨਾਲ ਲੋਕਾਂ ਵਿਚ ਰੰਜਸ਼ਾਂ ਹਨ। ਜਿਨ੍ਹਾਂ ਲੋਕਾਂ ਨੂੰ ਤੰਗੀ ਹੁੰਦੀ ਹੈ, ਉਨ੍ਹਾਂ ਨੇ ਰੌਲਾ ਪਾਉਣਾ ਹੈ। ਪਿਛਲੀ ਸਰਕਾਰ ਦੇ ਸਮੇਂ ਜਿਹੜੇ ਕੇਬਲ ਕੁਨੈਕਸ਼ਨਜ਼ ਖੋਹਲੇ ਸਨ, ਉਨ੍ਹਾਂ ਤੇ ਬਹੁਤਾ ਖਰਚ ਨਹੀਂ ਆਉਂਦਾ। ਉਹ ਕੇਬਲ ਕੁਨੈਕਸ਼ਨਜ਼ ਲੋਕਾਂ ਨੂੰ ਦੇ ਦਿਤੇ ਜਾਣ। ਮੇਰੀ ਇਤਲਾਹ ਹੈ ਕਿ ਉਹ ਬੰਦ ਕੀਤੇ ਹੋਏ ਹਨ ਜੇ

Original with;
Punjab Vidhan Sabha
Digitized by;
Panjab Digital Library

ਨਹੀਂ ਕੀਤੇ ਤਾਂ ਚੰਗੀ ਗਲ ਹੈ ਜੇ ਬੰਦ ਕੀਤੇ ਹਨ ਤਾਂ ਉਨ੍ਹਾਂ ਨੂੰ ਖੋਲ੍ਹਣਾ ਚਾਹੀਦਾ ਹੈ। ਜਿਥੇ ਇਕ ਨਹਿਰ ਲਗਦੀ ਹੈ, ਉਥੇ ਵੀ ਕਨੈਕਸ਼ਨ ਜਲਦੀ ਦਿਉ ਬਹੁਤਾ ਖਰਚ ਨਹੀਂ ਆਉਂਦਾ।

ਜਿਹੜੀਆਂ ਦਰਿਆਵਾਂ ਦੇ ਨਜ਼ਦੀਕ ਧੁਸੀਆਂ ਬਣੀਆਂ ਹਨ, ਉਨ੍ਹਾਂ ਧੁਸੀਆਂ ਤੋਂ 3 ਕਿਲੋ ਮੀਟਰ ਦੇ ਏਰੀਆ ਤੱਕ ਕੁਨੈਕਸ਼ਨਜ਼ ਦੀ ਸਹੂਲਤ ਸੀ। ਇਹ ਵੀ ਮੇਰੀ ਇਤਲਾਹ ਹੈ ਕਿ ਇਹ ਸਹੂਲਤ ਵੀ ਬੰਦ ਹੋ ਗਈ ਹੈ। ਮੇਰੀ ਮੁੱਖ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਹ ਸਹੂਲਤ ਵੀ ਬੰਦ ਨਹੀਂ ਹੋਣੀ ਚਾਹੀਦੀ ਬਲਕਿ ਇਹ ਰਹਿਣੀ ਚਾਹੀਦੀ ਹੈ। ਅੱਜ ਦੇ ਬਿਲ ਵਿਚ ਜੋ ਵਧ ਰਕਮ ਰੱਖੀ ਜਾ ਰਹੀ ਹੈ, ਇਸ ਦਾ ਵੀ ਨਿਸ਼ਾਨਾ ਇਹ ਹੈ ਕਿ ਅਸੀਂ ਬਿਜਲੀ ਦੇ ਮਸਲੇ ਵਿਚ ਲੋਕਾਂ ਨੂੰ ਰਿਆਇਤ ਦੇਈਏ। ਇਥੇ ਲੂੰਬਾ ਜੀ ਨੇ ਕਿਹਾ ਹੈ ਕਿ ਲੋਕਾਂ ਨੇ ਲੈਂਡ ਮਾਰਟਗੇਜ ਬੈਂਕਾਂ ਤੋਂ ਜੋ ਕਰਜ਼ੇ ਲਏ ਹਨ, ਉਨ੍ਹਾਂ ਦੀਆਂ ਕਿਸ਼ਤਾਂ ਉਹ ਹਾਲੇ ਤਕ ਨਹੀ ਦੇ ਸਕੇ, ਪਰ ਅਜੇ ਤਕ ਉਨ੍ਹਾਂ ਨੂੰ ਕੁਨੈਕਸ਼ਨਜ਼ ਨਹੀਂ ਦਿਤੇ ਗਏ।

**ਸ੍ਰੀ ਡਿਪਟੀ ਸਪੀਕਰ** : ਸੇਖਵਾਂ ਜੀ, ਤੁਹਾਡਾ ਟਾਈਮ ਹੋ ਗਿਆ ਹੈ, please wind up

**ਜੱਥੇਦਾਰ ਉਜਾਗਰ ਸਿੰਘ ਸੇਖਵਾਂ** : ਮੈਂ ਤਾਂ ਕਦੇ ਵੀ ਜ਼ੋਰ ਨਹੀਂ ਕੀਤਾ, ਜੋ ਤੁਹਾਡਾ ਹੁਕਮ ਹੈ ਠੀਕ ਹੈ। ਮੈਂ ਬੈਠ ਜਾਂਦਾ ਹਾਂ।

**ਸਰਦਾਰ ਬੀਰਪਾਲ ਸਿੰਘ** (ਲੁਧਿਆਣਾ, ਦਿਹਾਤੀ) : ਡਿਪਟੀ ਸਪੀਕਰ ਸਾਹਿਬ, ਮੈਂ ਵੀ ਇਸ ਮਤੇ ਦੀ ਪ੍ਰੋੜ੍ਹਤਾ ਲਈ ਖੜਾ ਹੋਇਆ ਹਾਂ ਔਰ ਜੋ ਮਤਾ ਸਰਦਾਰ ਦਰਬਾਰਾ ਸਿੰਘ ਜੀ ਮੁੱਖ ਮੰਤਰੀ, ਪੰਜਾਬ, ਨੇ ਪੇਸ਼ ਕੀਤਾ ਹੈ, ਬਿਜਲੀ ਦੀ ਵਧੇਰੇ ਉਤਪਾਦਨ ਦੇ ਸਬੰਧ ਵਿਚ ਉਸ ਬਾਰੇ ਮੇਰੇ ਆਨ-ਰੇਬਲ ਮੈਂਬਰ ਸਾਹਿਬਾਨ ਨੇ ਬੜੇ ਵਿਸਥਾਰ ਨਾਲ ਆਪਣੇ ਸੁਝਾਓ ਦਿਤੇ ਹਨ ਅਤੇ ਇਸ ਤੇ ਟੀਕਾ ਟਿਪਣੀ ਕੀਤੀ ਹੈ। ਮੈਂ ਸਭ ਤੋਂ ਪਹਿਲਾਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੋ ਸਾਡੀ ਪਿਛਲੀ ਸਰਕਾਰ ਸੀ, ਉਸ ਦੇ ਸਰਬਰਾਹ ਨੇ ਇਹ ਆਖਿਆ ਸੀ ਕਿ ਪੰਜਾਬ ਦੇ ਕਿਸਾਨ ਦੇ ਹਿੱਤ ਵਿਚ ਇਕ ਮਿੰਟ ਵੀ ਪੰਜਾਬ ਵਿਚ ਬਿਜਲੀ ਬੰਦ ਨਹੀਂ ਹੋਵੇਗੀ, ਮਗਰ ਹੋਇਆ ਕੀ ? ਘੰਟਿਆਂ ਬਧੀ ਬਿਜਲੀ ਬੰਦ ਹੁੰਦੀ ਰਹੀ। ਲੋਕਾਂ ਨੇ ਆਪਣੇ ਖੰਡਾਂ ਉਤੇ ਬੈਠਕੇ ਨੀਂਦਾਂ ਮਾਣੀਆਂ ਕਿ ਇਹ ਇਕ ਮਿੰਟ ਲਈ ਬੰਦ ਨਹੀਂ ਹੁੰਦੀ, ਘੰਟਿਆਂ ਲਈ ਬੰਦ ਹੁੰਦੀ ਹੈ। ਬੜੀ ਸੋਹਣੀ ਗਲ ਹੋਈ ਸੀ ਜਦੋਂ ਪੰਜਾਬ ਵਿਚ ਬਿਜਲੀ ਬੋਰਡ ਸਥਾਪਤ ਹੋਇਆ ਸੀ ਔਰ ਪੰਜਾਬ ਦੇ ਅੰਦਰ ਕਈ ਸਰਕਾਰਾਂ ਆਈਆਂ ਔਰ ਕਈ ਚਲੀਆਂ ਗਈਆਂ। ਇਸ ਦੇ ਪ੍ਰਬੰਧ ਲਈ ਕਈ ਕਰਮਚਾਰੀ ਸੁਚੱਜੇ ਲਗਾਏ ਅਤੇ ਉਨ੍ਹਾਂ ਨੂੰ ਇਥੇ ਕੰਮ ਨਹੀਂ ਕਰਨ ਦਿੱਤਾ ਗਿਆ। ਇਕ ਚੇਅਰਮੈਨ ਜੋ ਟੈਕਨੀਕਲ ਤੌਰ ਤੇ ਇਸ ਬਾਰੇ ਬਹੁਤ ਗਿਆਨ ਰੱਖਦਾ ਸੀ, ਬਦਲੇ ਦੀ ਭਾਵਨਾ ਨਾਲ ਉਸ ਨੂੰ ਹਟਾਇਆ ਗਿਆ ਔਰ ਉਸ ਦੇ ਨਾਲ ਕਈ ਤਰੁਟੀਆਂ ਆਉਂਦੀਆਂ ਰਹੀਆਂ। ਮੇਰੇ ਆਨਰੇਬਲ ਮੈਂਬਰ ਲੂੰਬਾ ਜੀ ਨੇ ਫਰਮਾਇਆ ਹੈ ਕਿ ਉਥੇ ਜਿਹੜੇ ਛੋਟੇ ਕਰਮਚਾਰੀ ਹਨ, ਉਹ ਰੋਜ਼ ਬਰੋਜ਼ ਬੋਰਡ ਦੇ ਵੱਡੇ ਦਰਵਾਜ਼ੇ ਦੇ ਸਾਹਮਣੇ ਆਪਣੀਆਂ ਮੰਗਾਂ ਔਰ ਤਕਲੀਫਾਂ ਲਈ ਜੋ ਉਨ੍ਹਾਂ ਨਾਲ ਧੱਕੇ ਹੋਏ ਹਨ, ਉਨ੍ਹਾਂ ਬਾਰੇ ਉਹ ਆਪਣਾ ਪ੍ਰੋਟੈਸਟ ਕਰਦੇ ਹਨ। ਬਿਜਲੀ ਬੋਰਡ ਦੇ ਅੰਦਰ ਸਮੇਂ ਸਮੇਂ ਜਿਹੜੇ ਸਜਨਾਂ ਨੇ ਸੇਵਾ ਕੀਤੀ ਉਨ੍ਹਾਂ ਤੇ ਆਨਰੇਬਲ ਮੈਂਬਰ ਸਾਹਿਬਾਨ ਨੇ ਟੀਕਾ ਟਿੱਪਣੀ ਕੀਤੀ ਹੈ। ਮੈਂ ਉਸ ਬਾਰੇ ਕਹਿਣਾ ਚਾਹੁੰਦਾ ਹਾਂ। ਜੋ ਮੌਜੂਦਾ ਹਾਲਾਤ ਹਨ, ਉਸ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹੁਣ ਦੀ ਸਰਕਾਰ ਜਿਸ ਦੀ ਬਾਗਡੋਰ ਸਰਦਾਰ ਦਰਬਾਰਾ ਸਿੰਘ ਦੇ ਹੱਥ ਵਿਚ ਹੈ, ਜਿਥੇ ਕਿ ਆਨਰੇਬਲ ਮੈਂਬਰ ਸੇਖਵਾਂ ਸਾਹਿਬ ਨੇ ਕਿਹਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਪਾਲ ਸਿੰਘ]

ਹੈ ਉਹ ਬੜਾ ਅੱਛਾ ਸੁਝਾਓ ਹੈ ਅਤੇ ਪਾਣੀ ਰਾਹੀਂ ਬਿਜਲੀ ਤੇ ਸਾਡਾ ਪੈਸਾ ਬਹੁਤ ਘੱਟ ਲਗੇਗਾ। ਇਸ ਦੇਸ਼ ਦੇ ਮਹਾਨ ਸਪੂਤ ਸਵਰਗੀਅ ਜਵਾਹਰ ਲਾਲ ਨਹਿਰੂ ਨੇ ਭਾਖੜਾ ਡੈਮ ਦਾ ਨੀਂਹ ਪਥਰ ਰੱਖਿਆ ਸੀ, ਉਸ ਦੇ ਨਾਲ ਸਾਡਾ ਪੰਜਾਬ ਬੜਾ ਸਰਸਬਜ਼ ਹੋਇਆ। ਮਗਰ ਸਮੇਂ ਸਮੇਂ ਨਾਲ ਥੁੜ੍ਹਾਂ ਹੁੰਦੀਆਂ ਰਹਿੰਦੀਆਂ ਹਨ। ਅੱਜ ਬਿਜਲੀ ਦੀ 24 ਘੰਟੇ ਲੋੜ ਹੈ। ਹਰ ਸ਼ਖਸ ਨੂੰ ਇਸ ਦੀ ਲੋੜ ਹੈ ਚਾਹੇ ਦੁਕਾਨਦਾਰ ਹੋਵੇ, ਕਾਰਖਾਨੇਦਾਰ ਹੋਵੇ, ਭਾਵੇਂ ਕੋਈ ਖੇਤੀਬਾੜੀ ਕਰਦਾ ਹੋਵੇ ਜਾਂ ਕੋਈ ਹੋਰ ਆਪਣਾ ਬਿਜ਼ਨੈਸ ਚਲਾਉਂਦਾ ਹੋਵੇ, ਹਰ ਜਗ੍ਹਾ ਤੇ ਬਿਜਲੀ ਦੀ ਲੋੜ ਹੈ। ਬਿਜਲੀ ਦੀ ਕਨਜ਼ੰਪਸ਼ਨ ਬਹੁਤ ਹੈ, ਪਰ ਇਸ ਦਾ ਉਤਪਾਦਨ ਲੋੜ ਤੋਂ ਘੱਟ ਹੈ, ਅਤੇ ਹਾਹਾਕਾਰ ਇਸ ਕਰਕੇ ਮਚਦੀ ਹੈ। ਡਿਪਟੀ ਸਪੀਕਰ ਸਾਹਿਬ, ਜਿਹੜੇ ਪੰਜਾਬ ਦੇ ਸਰਬਰਾਹ ਹਨ, ਮੈਂ ਤੁਹਾਡੇ ਰਾਹੀਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਜਿਹੜੇ ਕਰਮਚਾਰੀ ਆਪਣੀ ਡਿਊਟੀ ਤੇ ਆਰਾਮ ਕਰਦੇ ਹਨ ਅਤੇ ਅਣਗਹਿਲੀ ਕਰਦੇ ਹਨ ਜਿਵੇਂ ਕਿ ਇਥੇ ਆਖਿਆ ਗਿਆ ਹੈ (ਵਿਘਨ) ਜਿਥੇ ਵੀ ਵੱਡੇ ਕਾਰਖਾਨੇ ਹਨ ਖਾਹ ਜਿਸ ਵਿਚ ਮੇਰਾ ਲੁਧਿਆਣਾ ਜ਼ਿਲ੍ਹਾ ਆਉਂਦਾ ਹੈ ਔਰ ਚਤਰਥ ਸਾਹਿਬ ਨੇ ਜ਼ਿਕਰ ਕੀਤਾ ਸੀ ਕਿ ਬਟਾਲੇ ਵਿਚ ਵੀ ਬੜੇ ਕਾਰਖਾਨੇ ਹਨ, ਇਸ ਵਿਚ ਕੋਈ ਦੋ ਰਾਵਾਂ ਨਹੀਂ। ਅੰਮ੍ਰਿਤਸਰ ਵਿਖੇ ਅਤੇ ਹੋਰ ਕਈ ਸ਼ਹਿਰਾਂ ਅੰਦਰ, ਸਵਰਗੀਅ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਆਪਣੇ ਅਜੀਜ਼ ਸਾਥੀ, ਜੋ ਅਜ ਪੰਜਾਬ ਦੇ ਮੁੱਖ ਮੰਤਰੀ ਹਨ, ਇਨ੍ਹਾਂ ਦੀ ਸਲਾਹ ਅਤੇ ਮਸ਼ਵਰੇ ਨਾਲ ਇਸ ਪਾਸੇ ਇਸ ਕਰਕੇ ਵਧੇਰੇ ਧਿਆਨ ਦਿੱਤਾ ਸੀ ਜਿਵੇਂ ਕਿ ਸੇਖਵਾਂ ਸਾਹਿਬ ਨੇ ਵੀ ਫਰਮਾਇਆ ਹੈ ਕਿ ਸਾਡੀ ਜ਼ਮੀਨ ਜਿਹੜੀ ਧਰਤੀ ਮਾਤਾ ਹੈ ਜਿਥੇ ਇਹ ਸਾਨੂੰ ਬਹੁਤ ਸਾਰੀਆਂ ਚੀਜ਼ਾਂ ਦਿੰਦੀ ਹੈ, ਸੋਨਾ ਉਗਲਦੀ ਹੈ ਪਰ ਇਸ ਲਈ ਵੀ ਮਸ਼ੀਨਰੀ ਦੀ ਲੋੜ ਹੈ ਅਤੇ ਉਹ ਮਸ਼ੀਨਰੀ ਪੈਦਾ ਕਰਨੀ ਚਾਹੀਦੀ ਹੈ। ਚਾਹੇ ਟਰੈਕਟਰ ਹਨ ਜਾਂ ਕਣਕ ਵੱਢਣ ਵਾਲੀਆਂ ਮਸ਼ੀਨਾਂ ਜਾਂ ਹੋਰ ਖੇਤੀ ਦੀ ਵਰਤੋਂ ਵਿੱਚ ਆਉਣ ਵਾਲੇ ਔਜ਼ਾਰ ਹਨ, ਇਹ ਸਾਰੇ ਬਿਜਲੀ ਦੇ ਸਾਧਨਾਂ ਨਾਲ ਹੀ ਬਣ ਸਕਦੇ ਹਨ। ਹੱਥਾਂ ਨਾਲ ਇਹ ਮਾਡਰਨ ਔਜ਼ਾਰ ਨਹੀਂ ਬਣਾਏ ਜਾ ਸਕਦੇ। ਇਸ ਲਈ ਬਿਜਲੀ ਦਾ ਵਧੇਰੇ ਉਤਪਾਦਨ ਸਾਨੂੰ ਵਾਰ ਫੁਟਿੰਗ ਤੇ ਕਰਨਾ ਚਾਹੀਦਾ ਹੈ। ਸਰਦਾਰ ਜਗਦੇਵ ਸਿੰਘ ਜੱਸੋਵਾਲ ਨੇ ਕਿਹਾ ਸੀ ਕਿ ਸਾਨੂੰ ਇਸ ਪਾਸੇ ਬੜੀ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ। ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਸ ਸਰਕਾਰ ਦੇ ਸ਼ਰਬਰਾਹ ਨੂੰ ਬੇਨਤੀ ਕਰਾਂਗਾ ਕਿ ਬਿਜਲੀ ਤਾਂ ਜ਼ਿੰਦਗੀ ਦੀਆਂ ਹੋਰ ਜ਼ਰੂਰਤਾਂ ਵਾਂਗ ਇਕ ਜ਼ਰੂਰੀ ਚੀਜ਼ ਬਣ ਗਈ ਹੈ। ਵੱਡੇ ਵੱਡੇ ਹੋਟਲਾਂ ਵਿੱਚ, ਇੰਟਰਕੰਟਿਨੈਂਟਲ ਹੋਟਲਾਂ ਵਿੱਚ ਜਾਂ ਪੰਜਾਬ ਹਾਊਸ ਜਿਥੇ ਕਿ ਸਾਡੇ ਐਮ. ਐਲ. ਏ. ਸਾਹਿਬਾਨ ਰਹਿੰਦੇ ਹਨ ਅਤੇ ਅਫ਼ਸਰ ਸਾਹਿਬਾਨ ਰਹਿੰਦੇ ਹਨ, ਉਥੇ ਜਦੋਂ ਆਮ ਲੋਕਾਂ ਨੂੰ ਕਿਸੇ ਕੰਮ ਕਾਜ ਦੇ ਸਬੰਧ ਵਿੱਚ ਮਿਲਣ ਜਾਣ ਦਾ ਮੌਕਾ ਮਿਲਦਾ ਹੈ ਤਾਂ ਉਹ ਵੇਖਦੇ ਹਨ ਕਿ ਉਥੇ ਤਾਂ ਸਾਰਾ ਕੰਮ ਕਾਜ ਹੀ ਬਿਜਲੀ ਨਾਲ ਹੁੰਦਾ ਹੈ। ਉਥੇ ਪਾਥੀਆਂ ਦੀ ਵਰਤੋਂ ਨਹੀਂ ਹੁੰਦੀ। ਖਾਣ ਪੀਣ ਦਾ ਹਰ ਸਾਮਾਨ ਬਿਜਲੀ ਦੀ ਅੰਗੀਠੀ ਤੇ ਬਣਦਾ ਹੈ। ਇਸ ਕਰਕੇ ਹੀ ਜਦੋਂ ਥਰਮਲ ਪਲਾਂਟ ਬਠਿੰਡਾ ਬਣਾਇਆ ਗਿਆ ਸੀ ਤਾਂ ਇਹ ਬੜੇ ਹਿਸਾਬ ਕਿਤਾਬ ਨਾਲ ਬਣਾਇਆ ਗਿਆ ਸੀ। ਮਗਰ ਉਸਦੀ ਦੇਖ ਰੇਖ ਲਈ, ਉਸ ਦੇ ਪ੍ਰਬੰਧ ਲਈ ਕੋਈ ਅਛੇ, ਸੁਚੱਜੇ ਇੰਜੀਨੀਅਰ ਨਹੀਂ ਸੀ ਲਗਾਏ। ਉਨ੍ਹਾਂ ਨੂੰ ਇਸ ਗਲ ਦੀ ਸਮਝ ਹੀ ਨਹੀਂ ਹੈ ਕਿ ਇਸ ਨੂੰ ਕਿਸ ਤਰੀਕੇ ਨਾਲ ਚਲਾਉਣਾ ਹੈ ਔਰ ਉਨ੍ਹਾਂ ਨੇ ਪੰਜਾਬ ਸਰਕਾਰ ਦਾ ਹੀ ਨਹੀਂ ਬਲਕਿ ਸਮੁੱਚੇ ਲੋਕਾਂ ਦਾ ਪੈਸਾ ਖਰਾਬ ਕੀਤਾ ਹੈ। ਇਹੋ ਜਿਹੇ ਸੱਜਣਾਂ ਤੇ ਚੀਫ ਮਨਿਸਟਰ ਸਾਹਿਬ ਨੂੰ ਨਿਗਾਹ ਰੱਖਣੀ ਚਾਹੀਦੀ ਹੈ। ਇਹ ਇਨਕਆਇਰੀ ਹੋਣੀ ਚਾਹੀਦੀ ਹੈ ਕਿ ਜਿਹੜੇ ਅਫ਼ਸਰ ਬੀਫਿਟਿੰਗ ਨਹੀਂ ਹਨ ਅਤੇ ਪੈਸੇ ਦੇ ਕੇ ਜਾਂ ਸਿਫਾਰਸ਼ਾਂ ਨਾਲ ਇਨ੍ਹਾਂ ਔਹਦਿਆਂ ਤੇ ਲੱਗੇ ਹਨ, ਉਨ੍ਹਾਂ ਨੇ ਪੰਜਾਬ ਦਾ ਬੇੜਾ ਗਰਕ ਕੀਤਾ ਹੈ। ਉਨ੍ਹਾਂ ਦੇ ਗਲ ਜ਼ਰੂਰ ਸਾਫਾ ਪਾਉਣਾ ਚਾਹੀਦਾ ਹੈ। ਇਥੇ ਬਹੁਤ ਚੰਗੇ ਸੁਝਾਓ ਵੀ ਦਿੱਤੇ

Original with;
Punjab Vidhan Sabha
Digitized by;
Panjab Digital Library

ਗਏ ਹਨ। ਸਰਦਾਰ ਦਿਲਬਾਗ ਸਿੰਘ ਜੋ ਪੁਰਾਣੇ ਲੈਜਿਸਲੇਟਰ ਹਨ, ਉਨ੍ਹਾਂ ਨੇ ਇਕ ਗਲ ਕਹੀ ਹੈ ਕਿ ਸਾਨੂੰ ਤੇਜ਼ੀ ਨਾਲ ਥੀਨ ਡੈਮ ਬਣਾਉਣਾ ਚਾਹੀਦਾ ਹੈ। ਇਸ ਨੂੰ ਬਣਾ ਕੇ ਜਿਥੇ ਅਸੀਂ ਵਧੇਰੇ ਬਿਜਲੀ ਦਾ ਉਤਪਾਦਨ ਕਰ ਸਕਦੇ ਹਾਂ, ਉਥੇ ਪਾਣੀ ਵੀ ਮਿਲ ਸਕਦਾ ਹੈ। ਮਗਰ ਅੱਜ ਅਟਾਮਿਕ ਏਜ ਹੈ। ਅਗਰ ਸਰਦਾਰ ਦਰਬਾਰਾ ਸਿੰਘ ਪੰਜਾਬ ਵਿਚ ਕੋਈ ਅਟਾਮਿਕ ਪਲਾਂਟ ਲਿਆ ਦਿੰਦੇ ਹਨ ਤਾਂ ਮੈਨੂੰ ਭਰੋਸਾ ਹੈ ਕਿ ਕਿਸਾਨਾਂ ਲਈ ਜਿਹੜੀ ਬਿਜਲੀ ਦੀ ਥੁੜ ਹੈ ਉਹ ਵੀ ਪੂਰੀ ਹੋ ਜਾਵੇਗੀ। ਸਮਾਲ ਸਕੇਲ ਇੰਡਸਟਰੀ ਦੀ ਲੋੜ ਵੀ ਪੂਰੀ ਹੋ ਸਕੇਗੀ। ਇਸ ਸਮਾਲ ਸਕੇਲ ਇੰਡਸਟਰੀ ਵਿਚ, ਜਿਹੜੀ ਕਿ ਲੋਕਾਂ ਨੇ ਘਰੋਂ ਘਰੀਂ ਲਗਾਈ ਹੋਈ ਹੈ, ਆਪਣਾ ਪੇਟ ਪਾਲਣ ਲਈ ਕਿਰਤ ਕਰਦੇ ਹਨ। ਇਸ ਸਮਾਲ ਸਕੇਲ ਇੰਡਸਟਰੀ ਵਿੱਚ ਕੰਮ ਕਰਨ ਲਈ ਦੂਸਰੇ ਸੂਬਿਆਂ ਤੋਂ ਵੀ ਲੋਕ ਆਉਂਦੇ ਹਨ, ਖਾਹ ਉਹ ਯੂ.ਪੀ. ਹੈ, ਬਿਹਾਰ ਹੈ ਜਾਂ ਰਾਜਿਸਥਾਨ ਹੈ। ਉਹ ਕਾਰੀਗਰ ਆਪਣੀ ਰੋਜ਼ੀ ਕਮਾਉਣ ਲਈ ਇਨ੍ਹਾਂ ਕਾਰਖਾਨਿਆਂ ਵਿੱਚ ਕੰਮ ਕਰਦੇ ਹਨ। ਉਸ ਸਮਾਲ ਸਕੇਲ ਇਡਸਟਰੀ ਵਿੱਚ ਬਿਜਲੀ ਦੀ ਬੜੀ ਲੋੜ ਹੈ। ਉਹ ਕਾਮੇ ਜਿਥੇ ਰਹਿੰਦੇ ਹਨ ਉਥੇ ਮੋਮਬਤੀਆਂ ਲਾ ਕੇ ਰਹਿੰਦੇ ਹਨ। ਉਥੇ ਕੋਈ ਬਿਜਲੀ ਨਹੀਂ। ਲੋਕਾਂ ਨੇ ਇੱਕ ਪ੍ਰੋਫੈਸ਼ਨ ਬਣਾਇਆ ਹੋਇਆ ਹੈ। ਛੋਟੇ ਛੋਟੇ ਕਮਰੇ ਇਕ ਇਕ ਬਾਲਾ ਪਾ ਕੇ ਉਨ੍ਹਾਂ ਵਿੱਚ 10, 10 ਬੰਦੇ ਪਾ ਦਿੱਤੇ ਜਾਂਦੇ ਹਨ। ਉਥੇ ਕੋਈ ਬਿਜਲੀ ਨਹੀਂ। ਉਨ੍ਹਾਂ ਗਰੀਬ ਮਜ਼ਦੂਰਾਂ ਵੱਲ ਵੀ ਧਿਆਨ ਦਿੱਤਾ ਜਾਵੇ।

11.40 ਪੂਰਵ ਦੁਪਹਿਰ | (ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਪਿੰਡਾਂ ਵਿੱਚ ਜਦੋਂ ਕਰਮਚਾਰੀ ਜਾਂਦੇ ਹਨ, ਭਾਵੇਂ ਉਹ ਸਾਡੇ ਜਾਂ ਸਾਡੇ ਸਾਥੀਆਂ ਦੇ ਰਿਸ਼ਤੇਦਾਰ ਹਨ, ਉਨ੍ਹਾਂ ਦੇ ਦਿਮਾਗ ਵਿੱਚ ਇਸ ਗਲ ਦੀ ਖਰਾਬੀ ਰਹਿਦੀ ਹੈ ਕਿ ਉਹ ਫਲਾਣੇ ਦਾ ਬੰਦਾ ਹੈ ਅਤੇ ਉਹ ਲੋਕਾਂ ਨਾਲ ਠੀਕ ਬੀਹੇਵ ਨਹੀਂ ਕਰਦੇ। ਉਨ੍ਹਾਂ ਦੇ ਕੰਮ ਨੂੰ ਗੌਰ ਨਾਲ ਵੇਖਣਾ ਪਵੇਗਾ। ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੀ ਡਿਵੈਲਪਮੈਂਟ ਉਤਨਾ ਚਿਰ ਨਹੀਂ ਹੋਵੇਗੀ ਜਿਤਨਾ ਚਿਰ ਦਫ਼ਤਰਾਂ ਵਿੱਚ ਬੈਠੇ ਬੰਦਿਆਂ ਨੂੰ ਜਾਂ ਜਿਹੜੇ ਪਿੰਡਾਂ ਵਿੱਚ ਲਾਈਨ-ਮੈਨ ਜਾਂ ਹੋਰ ਕਰਮਚਾਰੀ ਜਾਂਦੇ ਹਨ, ਉਨ੍ਹਾਂ ਨੂੰ ਤਾੜਨਾ ਨਹੀਂ ਕਰਦੇ। ਉਹ ਪਿੰਡਾਂ ਦੇ ਲੋਕਾਂ ਨਾਲ ਠੀਕ ਵਰਤਾਓ ਨਹੀਂ ਕਰਦੇ। ਇਹ ਚੀਜ਼ ਤਾਂ ਰੈਸੀਪ੍ਰੋਕਲ ਹੈ। ਕੁਆਪਰੇਸ਼ਨ ਇੱਕ ਦੂਜੇ ਦੀ ਲੈ ਕੇ ਹੀ ਅਸੀਂ ਪੰਜਾਬ ਦੀ ਸੇਵਾ ਕਰ ਸਕਦੇ ਹਾਂ ਤਾਂ ਹੀ ਅਸੀਂ ਪੰਜਾਬ ਵਿਚ ਜ਼ਿਆਦਾ ਬਿਜਲੀ ਪੈਦਾ ਕਰਨ ਵਿੱਚ ਕਾਮਯਾਬ ਹੋ ਸਕਦੇ ਹਾਂ। ਜਿਤਨੀ ਦੇਰ ਅਸੀਂ ਇਸ ਚੀਜ਼ ਵਿਚ ਕਾਮਯਾਬ ਨਹੀਂ ਹੁੰਦੇ ਪੰਜਾਬ ਦਾ ਕਿਸਾਨ, ਪੰਜਾਬ ਦਾ ਮਜ਼ਦੂਰ ਅਤੇ ਇੰਡਸਟਰੀ ਵਿਚ ਕੰਮ ਕਰਨ ਵਾਲੇ ਕਦੇ ਵੀ ਖੁਸ਼ਹਾਲ ਨਹੀਂ ਹੋ ਸਕਦੇ। ਸਾਰੀ ਗੱਲ ਇਸ ਬਿਜਲੀ ਤੇ ਹੀ ਨਿਰਭਰ ਕਰਦੀ ਹੈ। ਮੈਂ ਤੁਹਾਡਾ ਧੰਨਵਾਦੀ ਹਾਂ, ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿਤਾ ਹੈ।

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ): ਸਪੀਕਰ ਸਾਹਿਬ, ਇਹ ਮਤਾ ਜੋ ਤੁਹਾਡੇ ਸਾਹਮਣੇ ਰੱਖਿਆ ਗਿਆ ਹੈ ਇਸ ਹਾਊਸ ਵਿੱਚ ਪਾਸ ਕਰਨ ਵਾਸਤੇ, ਮੈਂ ਇਸ ਦਾ ਪਿਛੋਕੜ ਦਸਣਾ ਚਾਹੁੰਦਾ ਹਾਂ। ਹਰ ਸਰਕਾਰ ਵਲੋਂ ਹਰ ਵਾਰੀ ਪੈਸਾ ਵਧਾਉਣ ਦੀ ਕੋਸ਼ਿਸ਼ ਕੀਤੀ ਗਈ। ਇਹ ਇਸ ਲਈ ਵਧਾਇਆ ਗਿਆ ਕਿਉਂਕਿ ਇਹ ਇੱਕ ਐਸੀ ਸੰਸਥਾ ਹੈ, ਐਸੀ ਇੰਸਟੀਚਿਊਸ਼ਨ ਹੈ, ਜਿਸ ਦੇ ਵਿਚ ਜ਼ਿਆਦਾ ਤੋਂ ਜ਼ਿਆਦਾ ਪੈਸਾ ਪਲਓ ਬੈਕ ਕਰਕੇ, ਜ਼ਿਆਦਾ ਤੋਂ ਜ਼ਿਆਦਾ ਪੈਸਾ ਦੇ ਕੇ ਜ਼ਿਆਦਾ ਤੋਂ ਜ਼ਿਆਦਾ ਬਿਜਲੀ ਦੀ ਪੈਦਾਵਾਰ ਦੇ ਸਾਧਨ ਬਣਾ ਸਕਦੇ ਹਾਂ। ਇਹ ਹੁਣ ਦੀ ਸਰਕਾਰ ਨੇ ਹੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨਹੀਂ ਕੀਤਾ, ਸਗੋਂ ਪਿਛਲੀ ਸਰਕਾਰ ਨੇ ਵੀ ਇਸ ਨੂੰ ਅਪਰੂਵ ਕੀਤਾ ਸੀ। ਇਸ ਲਈ ਇਹ ਜਿਹੜੀ ਕਰਜ਼ੇ ਦੀ ਲਿਮਿਟ ਵਧਾਈ ਜਾ ਰਹੀ ਹੈ, ਇਸ ਵਿੱਚ ਕੋਈ ਝਗੜੇ ਵਾਲੀ ਗੱਲ ਨਹੀਂ। ਕੁਝ ਸਵਾਲ, ਸਪੀਕਰ ਸਾਹਿਬ, ਇਥੇ ਉਠਾਏ ਗਏ ਹਨ। ਪਹਿਲਾਂ ਪਾਂਧੀ ਜੀ ਨੇ ਪੁਆਇੰਟ ਉਠਾਏ ਸੀ ਭਾਵੇਂ ਉਨ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਇਸ ਮਤੇ ਨਾਲ ਤੁਅੱਲਕ ਨਹੀਂ ਰਖਦੀਆਂ ਅਤੇ ਉਨ੍ਹਾਂ ਨੇ ਹੋਰ ਕਈ ਮਸਲੇ ਖੜੇ ਕਰ ਦਿੱਤੇ, ਪਰ ਜੋ ਬਿਜਲੀ ਦੇ ਸਬੰਧ ਵਿੱਚ ਉਨ੍ਹਾਂ ਨੇ ਗੱਲਾਂ ਕਹੀਆਂ ਹਨ, ਮੈਂ ਉਨ੍ਹਾਂ ਦੇ ਬਾਰੇ ਜ਼ਰੂਰ ਕਝ ਕਹਾਂਗਾ। ਉਨ੍ਹਾਂ ਨੇ ਪਹਿਲੀ ਗੱਲ ਇਹ ਕਹੀ ਸੀ ਕਿ ਇੰਪੋਰਟਿਡ ਕਾਰ ਚੇਅਰਮੈਨ ਪਾਸ ਹੈ। ਉਹ ਵੇਚ ਦਿੱਤੀ ਗਈ ਹੈ ਅਤੇ ਉਸ ਦੇ ਪੈਸੇ ਵੱਟ ਲਏ ਗਏ ਹਨ। ਥੀਨ ਡੈਮ ਵਾਸਤੇ ਇਰੀਗੇਸ਼ਨ ਡਿਪਾਟਮੈਂਟ ਨੇ ਪੈਸੇ ਰੱਖੇ ਹਨ। ਸਾਨੂੰ ਇਸ ਗਲ ਦਾ ਪੂਰਾ ਧਿਆਨ ਹੈ। ਉਥੇ ਸਿਵਲ ਵਰਕਸ ਬੜੀ ਤੇਜ਼ੀ ਨਾਲ ਚਲ ਰਹੇ ਹਨ। ਅਸੀਂ ਇਸ ਡੈਮ ਨੂੰ ਛੇਤੀ ਤੋਂ ਛੇਤੀ ਬਣਾਉਣ ਵਾਸਤੇ ਪੂਰੀ ਕੋਸ਼ਿਸ਼ ਕਰ ਰਹੇ ਹਾਂ। ਸਰਕਾਰ ਇਸ ਪਾਸੇ ਤੇਜ਼ੀ ਨਾਲ ਚਲੇਗੀ। ਇਸ ਦੇ ਨਾਲ ਹੀ ਥਰਮਲ ਪਲਾਂਟ ਨੂੰ ਕੋਲੇ ਦੀ ਸਪਲਾਈ ਕਰਨ ਵਾਲਿਆਂ ਤੇ ਵੀ ਵਾਚ ਜ਼ਰੂਰ ਰਖਾਂਗੇ। ਬਾਕੀ ਜਿਹੜੀ ਬਿਜਲੀ ਦੀ ਕੱਟ ਹੈ, ਇਹ ਪਟਿਆਲੇ ਅਤੇ ਹੋਰ ਸ਼ਹਿਰਾਂ ਵਿਚ ਇਕੋ ਜਿਹੀ ਹੈ। ਕਿਉਂਕਿ ਡੀਜ਼ਲ ਦੇ ਸੈਟ ਬਹੁਤ ਕੀਮਤੀ ਹੁੰਦੇ ਹਨ, ਉਸ ਤੇ ਜ਼ਿਆਦਾ ਖਰਚ ਆਉਂਦਾ ਹੈ ਇਸ ਲਈ ਜਦੋਂ ਉਹ ਆਊਟਡੇਟਿਡ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਵੇਚ ਦਿੱਤਾ ਜਾਂਦਾ ਹੈ।

ਸਪੀਕਰ ਸਾਹਿਬ, ਸਰਦਾਰ ਬਲਦੇਵ ਸਿੰਘ ਖਿਆਲਾ ਨੇ ਬੜਾ ਚੰਗਾ ਸੁਝਾਓ ਦਿਤਾ ਸੀ। ਮੈਂ ਸਮਝਦਾ ਹਾਂ ਕਿ ਅਗਰ ਮੈਂਬਰ ਸਾਹਿਬਾਨ ਆਪਣੀ ਕੜਵੀ ਗਲ ਕਹਿਣ ਦੀ ਥਾਂ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਤਾਂ ਚੰਗੀ ਗਲ ਹੋਵੇਗੀ। ਟਿਊਬਵੈਲਾਂ ਨੂੰ ਬਿਜਲੀ ਦੀ ਸਪਲਾਈ 10, 12 ਘੰਟੇ ਰੋਜ਼ ਦਿੱਤੀ ਜਾਂਦੀ ਹੈ। ਜੇ ਪਾਣੀ ਰਿਜ਼ਰਵਾਇਰ ਵਿਚ ਵਧ ਜਾਂਦਾ ਹੈ, ਜਿਵੇਂ ਕਿ ਹੁਣ ਤਕ 1 ਫੁੱਟ ਪਾਣੀ ਰਿਜ਼ਰਵਾਇਰ ਵਿੱਚ ਵਧਿਆ ਹੈ ਬਾਰਸ਼ ਹੋਣ ਨਾਲ, ਤਾਂ ਜਿਥੇ ਖੇਤੀ ਕਰਨ ਵਾਲਿਆਂ ਨੂੰ ਸਹੂਲਤ ਹੋਵੇਗੀ ਉਥੇ ਬਿਜਲੀ ਵੀ ਜ਼ਿਆਦਾ ਜੈਨਰੇਟ ਹੋਵੇਗੀ ਅਤੇ ਨਹਿਰਾਂ ਵਾਲੇ ਪਾਸੇ ਵੀ ਪਾਣੀ ਜ਼ਿਆਦਾ ਦੇ ਸਕਾਂਗੇ। ਅਗਰ ਜ਼ਿਆਦਾ ਬਾਰਸ਼ ਹੋ ਜਾਵੇ ਤਾਂ ਸਾਨੂੰ ਸੌਖ ਹੋ ਜਾਵੇਗੀ। ਪਰ ਇਹ ਸਾਡੇ ਵਸ ਦੀ ਗਲ ਤਾਂ ਹੈ ਨਹੀਂ। ਇਸ ਲਈ ਮੈਂ ਕਿਹਾ ਸੀ ਕਿ 10, 12 ਘੰਟੇ ਤਾਂ ਅਸੀਂ ਬਿਜਲੀ ਟਿਊਬਵੈਲਾਂ ਨੂੰ ਦੇ ਸਕਾਂਗੇ। ਅਗਰ ਰਿਜ਼ਰਵਾਇਰ ਵਿਚ ਪਾਣੀ ਵੱਧ ਗਿਆ ਤਾਂ ਜਿਥੇ ਅਸੀਂ ਪਾਣੀ ਜ਼ਿਆਦਾ ਦੇ ਸਕਾਂਗੇ ਉਥੇ ਜ਼ਿਆਦਾ ਬਿਜਲੀ ਪੈਦਾ ਕਰਕੇ, ਬਿਜਲੀ ਵੀ ਜ਼ਿਆਦਾ ਸਪਲਾਈ ਕਰ ਸਕਾਂਗੇ।

ਇੱਥੇ ਇਕ ਸਵਾਲ ਉਠਾਇਆ ਗਿਆ ਹੈ ਕਿ ਦਿਨ ਔਰ ਰਾਤ ਬਿਜਲੀ ਰੋਟੇਸ਼ਨ ਨਾਲ ਦਿੱਤੀ ਗਈ ਹੈ। ਇਸ ਗੱਲ ਦਾ ਕਿ ਕਿਸ ਥਾਂ ਤੇ ਦਿਨ ਵੇਲੇ ਜ਼ਿਆਦਾ ਚਾਹੀਦੀ ਹੈ ਔਰ ਕਿਨ੍ਹਾਂ ਥਾਵਾਂ ਤੇ ਰਾਤ ਵੇਲੇ ਜ਼ਿਆਦਾ ਮਿਲਣੀ ਚਾਹੀਦੀ ਹੈ, ਇਸ ਟੀਚੇ ਨਾਲ ਫੈਸਲਾ ਕਰ ਲਵਾਂਗੇ ਕਿ ਕਿਸਾਨ ਨੂੰ ਪਤਾ ਲੱਗ ਸਕੇ ਕਿ ਮੇਰੀ ਬਿਜਲੀ ਦੀ ਵਾਰੀ ਇਸ ਸਮੇਂ ਆਉਣੀ ਹੈ। ਅਸੀਂ ਇਸ ਦਾ ਧਿਆਨ ਕਰਾਂਗੇ। ਖਰੀਫ ਦੀ ਬੀਜਾਈ ਦੇ ਸਮੇਂ 60/70% ਵੱਧ ਬਿਜਲੀ ਸਪਲਾਈ ਕਰਦੇ ਹਾਂ ਖੇਤੀ ਕਰਨ ਵਾਲਿਆਂ ਨੂੰ, ਜਿਨ੍ਹਾਂ ਨੇ ਧਾਨ ਵਗੈਰਾ ਦੀ ਫਸਲ ਲਾਉਣੀ ਹੁੰਦੀ ਹੈ। ਇਸ ਕਰਕੇ ਮੈਂ ਇਸ ਪੁਆਇੰਟ ਦਾ ਜਵਾਬ ਦਿੱਤਾ ਹੈ ਕਿਉਂਕਿ ਇਨ੍ਹਾਂ ਨੇ ਇਹ ਬੜੀ ਸੋਝੀ ਨਾਲ ਸਵਾਲ ਉਠਾਇਆ ਸੀ। ਟਰਿਪਿੰਗ ਵਾਸਤੇ ਵੀ ਇਨ੍ਹਾਂ ਨੇ ਕਿਹਾ ਹੈ। ਇਹ ਜਿਹੜੇ ਟਰਾਂਸਫਾਰਮਰਜ਼ ਹਨ, ਉਨ੍ਹਾਂ ਵਿਚੋਂ ਤੇਲ ਕੱਢਣ ਵਾਸਤੇ ਜਾਂ ਇਸ ਤਰ੍ਹਾਂ ਦੀਆਂ ਜੋ ਹੋਰ ਡਿਫੀਕਲਟੀਜ਼ ਹਨ, ਉਨ੍ਹਾਂ ਨੂੰ ਰਿਮੂਵ ਕਰਨ ਵਾਸਤੇ ਬੋਰਡ ਨੂੰ ਲਿਖਿਆ ਜਾਵੇਗਾ ਤਾਂਕਿ ਇਹ ਕੰਮ ਠੀਕ ਹੋ ਸਕੇ ਔਰ ਉਹ ਚੋਰੀਆਂ ਦਾ ਵੀ ਧਿਆਨ

Original with;
Punjab Vidhan Sabha
Digitized by;
Panjab Digital Library

ਕਰੋ। ਇਨ੍ਹਾਂ ਨੇ ਵੀ ਤੇ ਹੋਰ ਮੈਂਬਰਾਂ ਨੇ ਵੀ ਇਹ ਗੱਲ ਧਿਆਨ ਵਿਚ ਲਿਆਂਦੀ ਹੈ ਕਿ ਚੋਰੀ ਬੜੀ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਲਾਸਿਜ਼ ਵੀ ਬੜੇ ਹੁੰਦੇ ਹਨ। ਲਾਈਨਜ਼ ਲੰਬੀਆਂ ਹਨ। ਇਸ ਲਈ ਲਾਈਨਾਂ ਬਾਰੇ ਜਿਤਨੇ ਚਿਰ ਤਕ ਹੋਰ ਇੰਤਜ਼ਾਮ ਨਹੀਂ ਕੀਤਾ ਜਾਂਦਾ, ਇਹ ਠੀਕ ਨਹੀਂ ਹੋਣਾ। ਇਸ ਦਾ ਇੰਤਜ਼ਾਮ ਕਰਨ ਵਾਸਤੇ ਅਸੀਂ ਸੋਚ ਰਹੇ ਹਾਂ। ਸਾਡੀ ਸੋਚ ਇਹ ਹੈ ਕਿ ਜਿਤਨੀਆਂ ਤਾਰਾਂ ਲੱਗੀਆਂ ਹੋਈਆਂ ਹਨ, ਟਰਾਂਸਫਾਰਮਰਜ਼ ਲੱਗੇ ਹੋਏ ਹਨ, ਜਿਤਨੀ ਬਿਜਲੀ ਪੈਦਾ ਹੁੰਦੀ ਹੈ, ਉਹ ਵੇਸਟ ਨਾ ਹੋਵੇ ਔਰ ਜਿਹੜੀ ਬਿਜਲੀ ਹੁਣ ਵੇਸਟ ਜਾਂਦੀ ਹੈ, ਚਾਹੇ ਉਹ ਕਿਸਾਨ ਦੇ ਮੀਟਰ ਤੋਂ ਜਾਂਦੀ ਹੋਵੇ, ਭਾਵੇਂ ਲਾਈਨਾਂ ਤੋਂ ਜਾਂਦੀ ਹੋਵੇ, ਭਾਵੇਂ ਰਸਤੇ ਵਿਚ ਲਾਸਿਜ਼ ਹੁੰਦੇ ਹੋਣ, ਉਹ ਲਾਸਿਜ਼ ਅਸੀਂ ਰੋਕੀਏ। ਉਹ ਲਾਸਿਜ਼ ਜੇਕਰ ਰੋਕੇ ਜਾ ਸਕਣ ਤਾਂ ਹੋ ਸਕਦਾ ਹੈ ਕਿ ਸ਼ਾਇਦ ਇਕ ਪ੍ਰਾਜੈਕਟ ਬਚਾਇਆ ਜਾ ਸਕੇ। ਖਰਾਬੀ, ਸਪੀਕਰ ਸਾਹਿਬ, ਇਸ ਕਰਕੇ ਵੀ ਹੋਈ ਹੈ ਕਿ ਤੇਜ਼ੀ ਨਾਲ ਲਾਈਨਾਂ ਕੱਢੀਆਂ ਗਈਆਂ ਹਨ। ਮੈਂ ਸਮਝਦਾ ਹਾਂ ਕਿ ਬਰੀਚ ਇਸ ਕਰਕੇ ਵੀ ਹੁੰਦੀ ਹੈ। ਇਸ ਨੂੰ ਠੀਕ ਕਰਨ ਵਾਸਤੇ ਅਸੀਂ ਉਪਰਾਲਾ ਕਰਾਂਗੇ।

ਸਪੀਕਰ ਸਾਹਿਬ, ਲੈਂਡ ਮਾਰਟਗੇਜ਼ ਬੈਂਕ ਤੋਂ ਕਰਜ਼ਾ ਲੈਣ ਵਾਸਤੇ ਜੋ ਚਾਰਜਿਜ਼ ਹਨ, ਜੋ ਦੇਣੇ ਪੈਂਦੇ ਹਨ, ਉਨ੍ਹਾਂ ਬਾਰੇ ਵੀ ਵੇਖ ਲਵਾਂਗੇ ਕਿ ਕਿਸ ਤਰ੍ਹਾਂ ਕਰਨਾ ਹੈ, ਕਿਸ਼ਤਾਂ ਕਰਨੀਆਂ ਹਨ ਜਾਂ ਹੋਰ ਕੋਈ ਤਰੀਕਾ ਅਪਨਾਉਣਾ ਹੈ, ਉਹ ਵੇਖ ਲਵਾਂਗੇ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਇਹ ਕਹਿੰਦਾ ਹਾਂ ਕਿ ਜਿਹੜਾ ਬੈਂਕ ਵਿਚੋਂ ਕਰਜ਼ਾ ਲਿਆ ਜਾਂਦਾ ਹੈ, ਉਸ ਦੀਆਂ ਕਿਸ਼ਤਾਂ ਲਈਆਂ ਜਾ ਰਹੀਆਂ ਹਨ। ਲੋਕਾਂ ਨੇ ਮੋਟਰਾਂ ਕਰਜ਼ੇ ਲੈ ਕੇ ਲਗਵਾ ਲਈਆਂ ਹਨ, ਬੋਰ ਕਰ ਲਏ ਹਨ, ਪਰ ਉਨ੍ਹਾਂ ਨੂੰ ਕੁਨੈਕਸ਼ਨਜ਼ ਨਹੀਂ ਮਿਲੇ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਖਿਆਲਾ ਸਾਹਿਬ ਦੀ ਗੱਲ ਦਾ ਜਵਾਬ ਦਿੱਤਾ ਹੈ। ਜੱਸੋਵਾਲ ਸਾਹਿਬ ਨੇ ਵੀ ਸਵਾਲ ਉਠਾਏ ਹਨ। ਉਨ੍ਹਾਂ ਨੇ ਕਿਹਾ ਹੈ ਕਿ ਕੰਸਟਰਕਸ਼ਨ ਅਧੂਰੀ ਪਈ ਹੈ ਔਰ ਪੂਰੀ ਕਿਉਂ ਨਹੀਂ ਹੋ ਰਹੀ। ਇਸ ਦੇ ਬਾਰੇ ਵੀ ਮੈਂ ਜਾਂਚ ਕਰਵਾ ਲਵਾਂਗਾ, ਉਨ੍ਹਾਂ ਤੋਂ ਇਸ ਬਾਰੇ ਡਿਟੇਲ ਲੈ ਲਵਾਂਗਾ ਕਿ ਉਨ੍ਹਾਂ ਦਾ ਕੀ ਮਤਲਬ ਹੈ ਔਰ ਕਿਸ ਤਰ੍ਹਾਂ ਉਹ ਚਾਹੁੰਦੇ ਹਨ। ਸਪੀਕਰ ਸਾਹਿਬ, ਫਿਰ ਫਲਾਇੰਗ ਸਕੁਐਡ ਦੀ ਗਲ ਆਈ ਹੈ। ਫਲਾਇੰਗ ਸਕੁਐਡ ਜਿਹੜੇ ਸਨ ਉਨ੍ਹਾਂ ਦਾ ਕੇਂਦਰ ਲੁਧਿਆਣਾ ਵਿਚ ਰੱਖਿਆ ਗਿਆ ਸੀ। ਲੇਕਿਨ ਉਸ ਨੂੰ ਖਿਚ ਕੇ ਇਹ ਪਟਿਆਲੇ ਲੈ ਗਏ ਹਨ। ਪਟਿਆਲਾ ਕੇਂਦਰ ਦਾ ਮੁਕਾਮ ਠੀਕ ਨਹੀਂ ਹੈ। ਇਹ ਵੇਖ ਲੈਂਦੇ ਹਾਂ ਕਿ ਉਸ ਨੇ ਕੰਮ ਕਿਤਨਾ ਕੀਤਾ ਹੈ, ਥੈਫਟਸ ਕਿਤਨੀਆਂ ਡਿਟੈਕਟ ਕੀਤੀਆਂ ਹਨ, ਕਿਉਂਕਿ ਉਨ੍ਹਾਂ ਦਾ ਕੰਮ ਹੈ ਕਿ ਉਹ ਥੈਫਟਸ ਜਿਹੜੀਆਂ ਹੋਣ, ਉਨ੍ਹਾਂ ਦੀ ਜਾਂਚ ਕਰਨ ਔਰ ਦੋਸ਼ੀਆਂ ਨੂੰ ਪਕੜਨ, ਇਹ ਅਸੀਂ ਵੇਖ ਲਵਾਂਗੇ। ਜੇਕਰ ਉਨ੍ਹਾਂ ਨੇ ਕੰਮ ਯੂਜ਼ਫੁਲ ਨਹੀਂ ਕੀਤਾ ਹੋਵੇਗਾ ਤਾਂ ਹੋਰ ਕੋਈ ਹਲ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਰਦਾਰ ਦਿਲਬਾਗ ਸਿੰਘ ਹੋਰਾਂ ਨੇ ਕਿਹਾ ਹੈ ਕਿ ਬਿਜਲੀ ਪਾਣੀ ਦੀ ਬਜਾਏ ਸੋਲਰ ਸੋਰਸਿਜ਼ ਤੋਂ ਜਾਂ ਐਟਾਮਿਕ ਸੋਰਸਿਜ਼ ਤੋਂ ਲਈ ਜਾਵੇ। ਇਸ ਬਾਰੇ ਅਸੀਂ ਪਹਿਲਾਂ ਹੀ ਸੈਂਟਰ ਪਾਸ ਇਸ ਗੱਲ ਦਾ ਤੌਖਲਾ ਪ੍ਰਗਟ ਕੀਤਾ ਹੈ ਔਰ ਆਖਿਆ ਹੈ ਕਿ ਸਾਨੂੰ ਅਟਾਮਿਕ ਪ੍ਰਾਜੈਕਟ ਦਿਤਾ ਜਾਵੇ ਤਾਂਕਿ ਚੰਗੀ ਪਾਵਰ ਮਿਲ ਸਕੇ ਅਤੇ ਬਿਜਲੀ ਦੀ ਸਾਡੀ ਘਾਟ ਪੂਰੀ ਹੋ ਸਕੇ। ਮੈਂ ਮੈਂਬਰਾਂ ਨੂੰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਬਿਜਲੀ ਦੀ ਘਾਟ ਹੈ, ਇਹ ਆਉਣ ਵਾਲੇ ਸਾਲਾਂ ਵਿਚ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦੂਰ ਨਹੀਂ ਹੋ ਸਕਦੀ ਕਿਉਂਕਿ ਅੱਜ ਜਿਹੜੇ ਕੁਨੈਕਸ਼ਨ ਪੂਰੇ ਕਰ ਦਿੱਤੇ ਜਾਂਦੇ ਹਨ ਕਲ੍ਹ ਨੂੰ ਨਵੇਂ ਕੁਨੈਕਸ਼ਨਾਂ ਦੀ ਡੀਮਾਂਡ ਵਾਲੇ ਆ ਜਾਂਦੇ ਹਨ। ਇਸ ਤਰ੍ਹਾਂ ਹੀ ਇੰਡਸਟਰੀ ਜਿਹੜੀ ਹੈ ਉਹ ਵੀ ਜ਼ਿਆਦਾ ਹੁੰਦੀ ਜਾਂਦੀ ਹੈ ਔਰ ਉਸ ਨੂੰ ਜ਼ਿਆਦਾ ਔਰ ਕਨਵਰਟ ਬਿਜਲੀ ਵਿਚ ਕੀਤਾ ਜਾ ਰਿਹਾ ਹੈ, ਇਸ ਲਈ ਇੰਡਸਟਰੀ ਨੂੰ ਵੱਧ ਤੋਂ ਵੱਧ ਬਿਜਲੀ ਚਾਹੀਦੀ ਹੈ। ਇਸ ਕਰਕੇ ਹੀ ਮੈਂ ਕਿਹਾ ਹੈ ਕਿ ਬਿਜਲੀ ਦੀ ਘਾਟ ਕੁਝ ਨਾ ਕੁਝ ਰਹਿਣੀ ਹੀ ਹੈ। ਸਾਡੀ ਸਰਕਾਰ ਜਿਵੇਂ ਜਿਵੇਂ ਜ਼ਿਆਦਾ ਬਿਜਲੀ ਹੋਂਦੀ ਜਾਵੇਗੀ, ਲੋਕਾਂ ਨੂੰ ਜ਼ਿਆਦਾ ਦਿੰਦੀ ਜਾਵੇਗੀ ਔਰ ਅਸੀਂ ਜ਼ਿਆਦਾ ਬਿਜਲੀ ਪੈਦਾ ਕਰਨ ਦੇ ਉਪਰਾਲੇ ਕਰਦੇ ਰਹਾਂਗੇ। ਸਾਡਾ ਇਸ ਪਾਸੇ ਪੂਰਾ ਧਿਆਨ ਹੋਵੇਗਾ, ਲੋਕਾਂ ਨਾਲ ਪੂਰੀ ਸਹਿਮਤੀ ਹੋਵੇਗੀ। ਵੱਧ ਤੋਂ ਵੱਧ ਬਿਜਲੀ ਪੈਦਾ ਕਰਨ ਦੇ ਯਤਨ ਕਰਾਂਗੇ ਤਾਕਿ ਪਾਣੀ ਦੀ ਲੋੜ ਵਲੋਂ ਵੀ ਔਰ ਦੂਸਰੀਆਂ ਜ਼ਰੂਰਤਾਂ ਵਲੋਂ ਕਿਸਾਨ ਨੂੰ ਖੇਤੀ ਕਰਨ ਵਿਚ ਔਰ ਇੰਡਸਟਰੀ ਵਾਲੇ ਨੂੰ ਇੰਡਸਟਰੀ ਚਲਾਉਣ ਵਿਚ ਘੱਟ ਤੋਂ ਘੱਟ ਤਕਲੀਫ ਹੋਵੇ।

ਸਪੀਕਰ ਸਾਹਿਬ, ਸ੍ਰੀ ਚਤਰਥ ਜੀ ਨੇ ਕਿਹਾ ਹੈ ਕਿ ਪਹਿਲੀ ਸਰਕਾਰ ਨੇ ਕਲਰਕਾਂ ਦੀਆਂ 700 ਪੋਸਟਾਂ ਦੀ ਥਾਂ ਤੇ 600 ਭਰਤੀ ਕਰ ਲਏ। ਬਟਾਲੇ ਬਾਰੇ ਵੀ ਕਿਹਾ ਗਿਆ ਹੈ ਕਿ ਡਿਮਾਂਡਾਂ ਸਰਕਾਰ ਪਾਸ ਰੱਖੀਆਂ ਗਈਆਂ ਹਨ। ਸਾਡੇ ਦੂਸਰੇ ਦੋਸਤਾਂ ਨੇ ਵੀ ਕਿਹਾ ਹੈ। ਮੈਂ ਇਹ ਕਹਿੰਦਾ ਹਾਂ ਕਿ ਉਨ੍ਹਾਂ ਡਿਮਾਂਡਜ਼ ਨੂੰ ਹਮਦਰਦੀ ਨਾਲ ਵੇਖ ਲਿਆ ਜਾਵੇਗਾ। ਲੂੰਬਾ ਜੀ ਨੇ ਕਿਹਾ ਹੈ ਕਿ ਸਰਕਾਰ ਕਹਿੰਦੀ ਹੈ ਕਿ ਕੁਨੈਕਸ਼ਨ ਚਾਰ ਸਾਲਾਂ ਵਿਚ ਪੂਰੇ ਦੇ ਦਿਤੇ ਜਾਣਗੇ। ਨਹੀਂ, ਜੇਕਰ ਬਿਜਲੀ ਜ਼ਿਆਦਾ ਮਿਲ ਗਈ, ਤਾਂ ਇਸ ਤੋਂ ਪਹਿਲਾਂ ਵੀ ਇਹ ਕੰਮ ਕਰ ਲਵਾਂਗੇ। ਕੋਈ ਟੀਚਾ ਇਹ ਨਹੀਂ ਕਿ ਚਾਰ ਸਾਲ ਹੀ ਲਗਾਣੇ ਹਨ, ਕੋਈ ਡਿਸਟਰੀਬਿਊਸ਼ਨ ਇਸ ਕਰਕੇ ਨਹੀਂ ਰੋਕੀ ਜਾ ਸਕਦੀ ਕਿ ਬਿਜਲੀ ਤਾਂ ਹੋਵੇ ਪਰ ਕਿਉਂਕਿ ਟੀਚਾ ਚਾਰ ਸਾਲਾਂ ਦਾ ਹੈ, ਇਸ ਲਈ ਚਾਰ ਸਾਲ ਹੀ ਲਗਾਉਣੇ ਹਨ। ਜੋ ਕੁਨੈਕਸ਼ਨ ਪੈਂਡਿੰਗ ਪਏ ਹਨ, ਉਹ ਫਿੱਗਰਜ਼ ਵਰਕ ਆਊਟ ਕੀਤੇ ਹਨ। ਉਸ ਹਿਸਾਬ ਨਾਲ ਮੌਜੂਦਾ ਬਿਜਲੀ ਦੀ ਸਪਲਾਈ ਵੇਖਕੇ ਇਹ ਚਾਰ ਸਾਲਾਂ ਦੀ ਗੱਲ ਆਈ ਹੈ। ਜੇਕਰ ਬਿਜਲੀ ਜ਼ਿਆਦਾ ਪੈਦਾ ਹੋ ਜਾਵੇਗੀ ਤਾਂ ਕੋਈ ਵਜਾਹ ਨਹੀਂ ਹੈ ਕਿ ਕੁਨੈਕਸ਼ਨ ਦੇਣ ਵਿਚ ਡਿਲੇ ਕੀਤੀ ਜਾਵੇ ......

(ਇਸ ਸਮੇਂ ਵੈਦ ਕਰਤਾਰ ਸਿੰਘ ਖੇਤੀ ਬਾੜੀ ਮੰਤਰੀ ਨਾਲ ਬੈਠ ਕੇ ਗੱਲਾਂ ਕਰ ਰਹੇ ਸਨ।)

**ਸ੍ਰੀ ਪਿਆਰਾ ਰਾਮ ਧੰਨੋਵਾਲੀਆ :** ਸਪੀਕਰ ਸਾਹਿਬ, ਇਹ ਵੇਖੋ ਜੀ, ਇਹ ਕੀ ਹੋ ਰਿਹਾ ਹੈ? ਇਹ ਕਿੱਧਰ ਬੈਠੇ ਹਨ?

**ਮੁੱਖ ਮੰਤਰੀ :** ਕੋਈ ਗੱਲ ਨਹੀਂ, ਇਹ ਨੀਲੀ ਪਗੜੀ ਕਰਕੇ ਰਲ ਨਹੀਂ ਸਕਦੇ। (ਹਾਸਾ)

ਸਪੀਕਰ ਸਾਹਿਬ, ਲੂੰਬਾ ਸਾਹਿਬ ਨੇ ਕਿਹਾ ਹੈ ਕਿ ਪਿੰਡਾਂ ਵਿਚ ਚਾਰ ਚਾਰ, ਛੇ ਛੇ ਘੰਟੇ ਬਿਜਲੀ ਦਿੱਤੀ ਜਾਂਦੀ ਹੈ। ਮੈਂ ਇਹ ਗੱਲ ਦਸ ਦੇਵਾਂ ਕਿ ਜੇਕਰ ਉਨ੍ਹਾਂ ਨੂੰ ਦਸ ਔਰ 12 ਘੰਟੇ ਦੇ ਦਰਮਿਆਨ ਬਿਜਲੀ ਨਾ ਮਿਲਦੀ ਹੋਈ, ਕਿਸੇ ਥਾਂ ਤੇ ਕੋਈ ਰੁਕਾਵਟ ਆ ਗਈ ਹੋਈ, ਤਾਂ ਅਸੀਂ ਉਥੇ ਵੀ ਬਿਜਲੀ ਦੀ ਸਪਲਾਈ ਨੂੰ ਰੈਗੂਲੇਟ ਕਰਨ ਵਾਸਤੇ ਉਪਰਾਲਾ ਕਰਾਂਗੇ। ਸਪੀਕਰ ਸਾਹਿਬ, ਫਲੈਟ ਰੇਟ ਬਾਰੇ ਮੈਂ ਇਸ ਵੇਲੇ ਕੁਝ ਨਹੀਂ ਕਰ ਸਕਦਾ ਕਿਉਂਕਿ ਫਲੈਟ ਰੇਟ ਜੋ ਹੈ, ਉਸ ਦੇ ਨਾਲ ਕਾਫੀ ਕਿਸਾਨ ਨੂੰ ਸਹਾਇਤਾ ਮਿਲੀ ਹੈ, ਸਹੂਲਤ ਮਿਲੀ ਹੈ। ਇਸ ਗੱਲ ਤੋਂ ਤਾਂ ਤੁਸੀਂ ਵੀ ਇਨਕਾਰ ਨਹੀਂ ਕਰ ਸਕਦੇ। ਥਰਮਲ ਪਲਾਂਟ ਬਾਰੇ ਕਿਹਾ ਹੈ, ਇਸ ਬਾਰੇ ਮੈਂ ਪਹਿਲਾਂ ਹੀ ਕਹਿ ਚੁਕਾ ਹਾਂ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਿਲਬਾਗ ਸਿੰਘ ਹੋਰਾਂ ਨੇ ਕਿਹਾ ਹੈ ਕਿ ਪਾਣੀ ਜਿਹੜਾ ਹੈ ਜਿਸ ਤੋਂ ਬਿਜਲੀ ਪੈਦਾ ਹੁੰਦੀ ਹੈ, ਉਸ ਨੂੰ ਫਿਰ ਰੋਟੇਸ਼ਨ ਨਾਲ ਲਿਆ ਕੇ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ। ਇਹ ਵੀ ਤਜਵੀਜ਼ ਇਨ੍ਹਾਂ ਦੀ ਕਾਬਲੇ ਗੌਰ ਹੈ। ਇਸ ਨੂੰ ਵੀ ਵੇਖਾਂਗੇ ਲੇਕਿਨ ਇਸ ਤੇ ਖਰਚ ਬਹੁਤ ਜ਼ਿਆਦਾ ਹੋਣ ਦਾ ਅੰਦੇਸ਼ਾ ਹੈ। ਮੈਂ ਅੰਦੇਸ਼ਾ ਇਸ ਕਰਕੇ ਕਹਿੰਦਾ ਹਾਂ ਕਿ ਸ਼ਾਇਦ ਸਾਡੇ ਪਾਸ ਇਤਨੇ ਫੰਡਜ਼ ਨਾ ਹੋਣ, ਫਿਰ ਵੀ ਸਾਡੀ ਅਟਾਮਿਕ ਪਲਾਂਟ ਲੈਣ ਵਾਸਤੇ ਪੂਰੀ ਕੋਸ਼ਿਸ਼ ਹੈ। ਸਰਦਾਰ ਉਜਾਗਰ ਸਿੰਘ ਸੇਖਵਾਂ ਜੀ ਨੇ ਕਿਹਾ ਹੈ ਕਿ ਇਹ ਧਰਤੀ ਵਿਚੋਂ ਹੀ ਸਾਰੀਆਂ ਚੀਜ਼ਾਂ ਪੈਦਾ ਹੁੰਦੀਆਂ ਹਨ। ਉਨ੍ਹਾਂ ਦੀ ਇਹ ਗੱਲ ਦਰੁਸਤ ਹੈ। ਇਸੇ ਲਈ ਹੀ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਜਿਹੜੀਆਂ ਚੀਜ਼ਾਂ ਧਰਤੀ ਵਿਚੋਂ ਪੈਦਾ ਹੁੰਦੀਆਂ ਹਨ ਉਨ੍ਹਾਂ ਨੂੰ ਪੈਦਾ ਕਰਨ ਵਿਚ ਜ਼ਿਆਦਾ ਮੁਸ਼ਕਿਲ ਪੈਦਾ ਨਾ ਹੋਵੇ। ਫਿਰ, ਸਪੀਕਰ ਸਾਹਿਬ, ਸਰਦਾਰ ਦਿਲਬਾਗ ਸਿੰਘ ਹੋਰਾਂ ਅਤੇ ਹੋਰ ਸੱਜਣਾਂ ਨੇ ਕਿਹਾ ਹੈ ਕਿ ਅਸੀਂ ਇਨਐਫੀਸ਼ੈਂਟ ਆਦਮੀ ਲਗਾਏ ਹੋਏ ਹਨ, ਉਨ੍ਹਾਂ ਦਾ ਵੀ ਕੰਮ ਵੇਖਣਾ ਚਾਹੀਦਾ ਹੈ। ਅਸੀਂ ਵੇਖ ਲਵਾਂਗੇ, ਇਹ ਇਕ ਐਡ-ਮਨਿਸਟ੍ਰੇਟਿਵ ਗੱਲ ਹੈ। (ਵਿਘਨ)

ਇਸ ਲਈ, ਸਪੀਕਰ ਸਾਹਿਬ, ਇਹ ਜਿਹੜਾ 150 ਕਰੋੜ ਰੁਪਏ ਤੋਂ 250 ਕਰੋੜ ਰੁਪਏ ਦੀ ਲਿਮਟ ਕੀਤੀ ਗਈ ਹੈ ਇਸ ਨਾਲ ਲੋਕਾਂ ਦੇ ਖੜੇ ਕੰਮ ਚਲ ਸਕਣਗੇ। ਮੈਂ ਹਾਊਸ ਦੇ ਮੈਂਬਰਾਂ ਨਾਲ ਇਸ ਗਲ ਵਿਚ ਸ਼ਾਮਿਲ ਹਾਂ ਕਿ ਪਿਛਲੇ ਸਾਲਾਂ ਵਿਚ ਜਿਹੜਾ ਬਿਜਲੀ ਦਾ ਕੰਮ ਸੁਸਤ ਹੋਇਆ ਹੈ, ਉਸ ਨੂੰ ਹੁਣ ਤੇਜ਼ ਕੀਤਾ ਜਾਵੇਗਾ। ਜਿਹੜੇ ਇਸ ਵੇਲੇ ਬਿਜਲੀ ਬੋਰਡ ਦੇ ਮੈਂਬਰ ਲਗੇ ਹਨ, ਉਹ ਇਸ ਗਲ ਦੇ ਐਕਸਪਰਟ ਹਨ। ਮੈਂ ਇਸ ਗਲ ਵਿਚ ਨਹੀਂ ਜਾਣਾ ਚਾਹੁੰਦਾ ਕਿ ਉਹ ਮੈਂਬਰ ਕਦੋਂ ਲਗੇ ਸਨ, ਪਰ ਇਹ ਦਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਸਾਡੀ ਸਰਕਾਰ ਦੇ ਸਾਥ 2, 3 ਗਲਾਂ ਕੀਤੀਆਂ ਹਨ, ਜਿਹੜੀਆਂ ਕਿ ਕਾਫੀ ਅੱਛੀਆਂ ਹਨ। ਨੰਬਰ ਇਕ ਤਾਂ ਐਡ-ਮਨਿਸਟ੍ਰੇਸ਼ਨ ਵਿਚ ਇੰਪਰੂਵਮੈਂਟ ਲਿਆਉਣ ਵਾਸਤੇ ਉਨ੍ਹਾਂ ਨੇ ਯਕੀਨ ਦਿਵਾਇਆ ਹੈ। ਪਿਛਲੇ ਸਾਲਾਂ ਵਿਚ ਜੋ ਖਰਾਬੀਆਂ ਹੋਈਆਂ ਹਨ, ਚੰਗੇ ਚੰਗੇ ਬੰਦਿਆਂ ਨੂੰ ਬਾਹਰ ਕਢਿਆ ਗਿਆ ਹੈ ਔਰ ਨਿਕੰਮੇ ਬੰਦਿਆਂ ਦੀ ਸਪੋਰਟ ਹੁੰਦੀ ਰਹੀ ਹੈ, ਇਹ ਠੀਕ ਨਹੀਂ ਹੋਇਆ। ਉਨ੍ਹਾਂ ਨੇ ਕਿਹਾ ਹੈ ਕਿ ਐਡ-ਮਨਿਸਟਰੇਸ਼ਨ ਨੂੰ ਸਟਰੀਮ-ਲਾਈਨ ਕਰਨਾ ਹੈ। ਦੂਸਰੀ ਗਲ ਜੋ ਉਨ੍ਹਾਂ ਨੇ ਕੀਤੀ ਹੈ ਉਹ ਹੈ ਕਿ ਅਨੰਦਪੁਰ ਸਾਹਿਬ ਦਾ ਜਿਹੜਾ ਹਾਈਡਲ ਪਰਾਜੈਕਟ ਇਨ ਹੈਂਡ ਹੈ, ਇਸ ਨੂੰ ਪੂਰਾ ਕਰਨ ਵਾਸਤੇ ਜਿਹੜਾ ਸਮਾਂ ਨਿਯਤ ਕੀਤਾ ਹੋਇਆ ਹੈ, ਉਸ ਵਿਚ 5–6 ਮਹੀਨੇ ਘਟ ਲਾਏ ਜਾਣ। ਐਡਵਾਂਸ ਕਰ ਦੇਣ। ਇਹ ਜਿਹੜੀਆਂ ਉਨ੍ਹਾਂ ਨੇ ਗਲਾਂ ਕੀਤੀਆਂ ਹਨ, ਮੈਂ ਯਕੀਨ ਦਿਵਾਉਂਦਾ ਹਾਂ ਕਿ ਉਹ ਕਾਬ-ਲਿਅਤ ਨਾਲ ਇਸ ਚੀਜ਼ ਨੂੰ ਸੰਭਾਲਣਗੇ। ਹੋਰ ਜਿਹੜੇ ਮੈਂਬਰਾਂ ਨੇ ਬੋਰਡ ਦੇ ਕੰਮਾਂ ਵਿਚ ਸੁਧਾਰ ਲਿਆਉਣ ਵਾਸਤੇ ਕਿਹਾ ਹੈ, ਉਨ੍ਹਾਂ ਕੰਮਾਂ ਨੂੰ ਸੁਧਾਰਣ ਵਿਚ ਸਾਨੂੰ ਕੋਈ ਹੈਜ਼ੀਟੇਸ਼ਨ ਨਹੀਂ ਹੈ। ਇਨ੍ਹਾਂ ਪਾਸ ਜਿਹੜੀ ਵੀ ਇਸ ਸਬੰਧ ਵਿਚ ਤਜਵੀਜ਼ ਹੈ, ਉਹ ਦੇਣ ਅਸੀਂ ਉਸ ਤੇ ਛਾਣਬੀਨ ਕਰਕੇ ਇਸ ਦੇ ਕੰਮ ਨੂੰ ਦਰੁਸਤ ਕਰਾਂਗੇ। ਥੋੜੀ ਜਿਹੀ ਸਾਨੂੰ ਡੀਫੀਕਲਟੀ ਜ਼ਰੂਰ ਆਉਂਦੀ ਹੈ, ਸਾਡਾ ਉਨ੍ਹਾਂ ਤੇ ਡਾਇਰੈਕਟਲੀ ਦਖਲ ਨਹੀਂ ਹੁੰਦਾ। ਪਰ ਕਿਉਂਕਿ ਅਸੀਂ ਪੈਸਾ ਦਿੰਦੇ ਹਾਂ ਇਸ ਲਈ ਪਰੋਡਕਸ਼ਨ ਨੂੰ ਵੱਧ ਕਰਨ ਲਈ ਅਤੇ ਡਿਸਟਰੀਬਿਊਸ਼ਨ ਨੂੰ ਠੀਕ ਕਰਨ ਲਈ ਅਸੀਂ ਆਪਣੇ ਆਪ ਨੂੰ ਇਨਵਾਲਵ ਕਰਦੇ ਹਾਂ। ਹੁਣ ਮੈਂ ਆਸ ਕਰਦਾ ਹਾਂ ਕਿ ਇਹ ਜਿਹੜੀ 150 ਤੋਂ 250 ਕਰੋੜ ਕਰਨ ਦੀ ਮੰਗ ਕੀਤੀ ਗਈ ਹੈ, ਹਾਊਸ ਇਸ ਨੂੰ ਮਨਜ਼ੂਰੀ ਦੇਵੇਗਾ।

**ਸਰਦਾਰ ਸੁਖਜਿੰਦਰ ਸਿੰਘ ਖੇਰਾ**: ਮੈਂ ਇਕ ਇਨਫਰਮੇਸ਼ਨ ਲੈਣੀ ਹੈ ਜੀ। ਸਪੀਕਰ ਸਾਹਿਬ, ਜਿਹੜਾ ਪੇਸ਼ ਹੋਇਆ ਹੈ ਸਾਨੂੰ ਇਸ ਤੇ ਕੋਈ ਇਤਰਾਜ਼ ਨਹੀਂ। ਪਰ 2-3 ਗਲਾਂ ਅਜਿਹੀਆਂ ਹਨ,

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਜਿੰਦਰ ਸਿੰਘ ਖੇਰਾ]

ਜਿਨ੍ਹਾਂ ਨੂੰ ਮੈਂ ਕਲੀਅਰ ਕਰਨਾ ਚਾਹੁੰਦਾ ਹਾਂ। ਇਕ ਤਾਂ ਕੱਲਰ ਸਕੀਮ ਦੇ ਤਹਿਤ ਪਹਿਲੇ ਜਿਥੇ ਜਿਥੇ ਕੱਲਰ ਹੁੰਦਾ ਸੀ, ਉਥੇ ਪ੍ਰਾਇਰਿਟੀ ਦਿੱਤੀ ਜਾਂਦੀ ਸੀ। ਮੇਰਾ ਮਤਲਬ ਹੈ ਕਿ ਉਥੇ ਪ੍ਰਾਇਰਿਟੀ ਨਾਲ ਕੁਨੈਕਸ਼ਨਜ਼ ਦਿੱਤੇ ਜਾਂਦੇ ਹਨ। ਪਰ ਹੁਣ ਇਸ ਤੇ ਕੁਝ ਪਾਬੰਦੀ ਲਗ ਗਈ ਹੈ, ਸ਼ਾਇਦ ਬਿਜਲੀ ਦੀ ਘਾਟ ਕਾਰਣ ਹੀ ਇਹ ਪਾਬੰਦੀ ਲਗੀ ਹੋਵੇ। ਮਗਰ ਮੈਂ ਸੀ.ਐਮ. ਸਾਹਿਬ ਨੂੰ ਇਹ ਕਹਾਂ-ਗਾ ਕਿ ਜੇ ਉਹ ਇਸ ਬਾਰੇ ਕਲੈਰੀਫਿਕੇਸ਼ਨ ਦੇ ਸਕਦੇ ਹਨ, ਤਾਂ ਦੇ ਦੇਣ ਔਰ ਜੇ ਉਨ੍ਹਾਂ ਨੂੰ ਜਾਣਕਾਰੀ ਨਹੀਂ, ਤਾਂ ਇਹ ਨੋਟ ਕਰ ਲੈਣ ਕਿ ਇਹ ਪ੍ਰਾਇਰਟੀ ਕਿਉਂ ਬੰਦ ਕੀਤੀ ਹੈ।

ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਫਲੈਟ ਰੇਟ ਜ਼ਿਮੀਦਾਰਾਂ ਪਾਸੋਂ ਲਿਆ ਜਾਂਦਾ ਹੈ, ਕੀ ਇਹ ਇਸੇ ਤਰ੍ਹਾਂ ਇੰਡਸਟਰੀ ਤੋਂ ਵੀ ਫਲੈਟ ਰੇਟ ਲੈ ਸਕਦੇ ਹਨ ? ਇਸ ਨਾਲ ਜਿਹੜੀ ਬਿਜਲੀ ਦੀ ਚੋਰੀ ਹੁੰਦੀ ਹੈ ਅਤੇ ਇਹ ਮਿਸਯੂਜ਼ ਹੁੰਦੀ ਹੈ, ਉਹ ਬੰਦ ਹੋ ਸਕੇਗੀ ਔਰ ਮੇਰਾ ਖਿਆਲ ਹੈ ਕਿ ਸੁਪਰਵਾਈਜ਼ਰੀ ਸਟਾਫ ਵੀ ਘੱਟ ਜਾਵੇਗਾ। ਇਸ ਵਾਸਤੇ ਵੀ ਜੇ ਸੀ.ਐਮ. ਸਾਹਿਬ ਨੂੰ ਜਾਣਕਾਰੀ ਹੈ ਤਾਂ ਦਸ ਦੇਣ ਨਹੀਂ ਤਾਂ ਬਾਅਦ ਵਿਚ ਬਿਜਲੀ ਬੋਰਡ ਨਾਲ ਗਲ ਕਰਕੇ, ਇਸ ਦਾ ਜਵਾਬ ਲੈ ਲੈਣ।

ਅਗਲੀ ਗਲ ਮੈਂ ਇਹ ਪੁੱਛਣੀ ਚਾਹੁੰਦਾ ਹਾਂ ਕਿ (ਵਿਘਨ)

**ਕਈ ਅਵਾਜ਼ਾਂ** : ਇਹ ਤਾਂ ਸਪੀਚ ਕਰਨ ਲਗ ਗਏ ਹਨ।

**ਸ਼੍ਰੀ ਸਪੀਕਰ** : ਤੁਸੀਂ ਤਾਂ ਸਪੀਚ ਕਰਨ ਲਗ ਗਏ ਹੋ। ਮੈਂ ਤਾਂ ਮੋਸ਼ਨ ਪੁੱਟ ਕਰਨੀ ਸੀ। ਮੈਂ ਤੁਹਾਨੂੰ ਕਲੈਰੀਫਿਕੇਸ਼ਨ ਲੈਣ ਲਈ ਕਿਹਾ ਸੀ।

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਆਪਣੇ ਪੁਆਇੰਟਸ ਆਫ ਆਰਡਰ ਰੇਜ਼ ਕਰਨ ਦੀ ਮੰਗ ਕਰ ਰਹੇ ਸਨ ਪਰ ਸ਼੍ਰੀ ਸਪੀਕਰ ਨੇ ਕਿਸੇ ਨੂੰ ਵੀ ਆਗਿਆ ਨਹੀਂ ਦਿੱਤੀ।)

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਸਪੀਕਰ ਸਾਹਿਬ, ਮੇਰਾ ਇਕ ਬਹੁਤ ਛੋਟਾ ਜਿਹਾ ਸਵਾਲ ਹੈ, ਉਹ ਇਹ ਹੈ ਕਿ ਦਿੱਲੀ ਨੂੰ ਬਿਜਲੀ ਬਹੁਤ ਚੀਪ ਰੇਟ ਤੇ ਸਪਲਾਈ ਕੀਤੀ ਜਾਂਦੀ ਹੈ। ਕੀ ਸੀ.ਐਮ. ਸਾਹਿਬ ਦਿੱਲੀ ਨੂੰ ਵੀ ਬਿਜਲੀ ਬਰਾਬਰ ਰੇਟ ਤੇ ਸਪਲਾਈ ਕਰਾਉਣ ਦੀ ਕੋਸ਼ਿਸ਼ ਕਰਨਗੇ ?

**ਸ਼੍ਰੀ ਸਪੀਕਰ** : ਤੁਸੀਂ ਬੈਠ ਜਾਓ। ਮੈਂ ਇਜਾਜ਼ਤ ਨਹੀਂ ਦੇ ਰਿਹਾ। ਕੋਈ ਕਾਇਦਾ ਕਾਨੂੰਨ ਹੁੰਦਾ ਹੈ, ਕੋਈ ਪਰੋਸੀਜਰ ਹੁੰਦਾ ਹੈ, ਜਿਸ ਮੁਤਾਬਿਕ ਹਾਊਸ ਚਲਦਾ ਹੈ। ਤੁਸੀਂ ਬੈਠੋ, ਮੈਂ ਮੋਸ਼ਨ ਮੂਵ ਕਰਦਾ ਹਾਂ।

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਆਪਣੇ ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਆਗਿਆ ਮੰਗ ਰਹੇ ਸਨ।)

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਸੀ. ਐਮ. ਸਾਹਿਬ ਨੇ ਨਹੀਂ ਦਿੱਤਾ। ਮੈਂ ਪੁੱਛਿਆ ਸੀ ਕਿ ਜਿਹੜੇ ਕਿਸਾਨ ਮਾਰਟਗੇਜ ਬੈਂਕ ਤੋਂ ਕਰਜ਼ਾ ਲੈ ਕੇ ਮੋਟਰਾਂ ਫਿੱਟ ਕਰਦੇ ਹਨ, ਉਨ੍ਹਾਂ ਨੂੰ ਪਾਸ ਕਰਨ ਵਾਸਤੇ ਪਟਿਆਲੇ ਤੋਂ ਇੰਨਸਪੈਕਟਰ ਜਾਂਦਾ ਹੈ, ਜਿਹੜਾ ਕਿ ਵੇਲੇ ਸਿਰ ਨਹੀਂ ਪਹੁੰਚਦਾ (ਵਿਘਨ)

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਵਿੱਤ ਮੰਤਰੀ ਬੋਲਣ ਲਈ ਖੜੇ ਹੋਏ)

**ਸ਼੍ਰੀ ਸਪੀਕਰ** : ਤੁਸੀਂ ਬੈਠ ਜਾਓ। ਵਿੱਤ ਮੰਤਰੀ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**Finance Minister (Doctor Kewal Krishan):** I would like to draw your attention to rule 104 of the Rules of Procedure and Conduct of Business in the Punjab Vidhan Sabha (Punjab Legislative Assembly). It reads as under:—

> "When for the purpose of explanation during discussion or for any other sufficient reason, any member has occasion to ask a question of another member or a Minister on any matter then under consideration of the Vidhan Sabha (Assembly), he shall, if permitted by the Speaker, ask the question after the Member/Minister who is speaking concludes his speech".

ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਦੇ ਜਵਾਬ ਦੇਣ ਤੋਂ ਬਾਅਦ ਜੇ ਕੋਈ ਇਕ ਮੈਂਬਰ ਇਕ ਸਵਾਲ ਕਰ ਲਵੇ ਤਾਂ ਇਹ ਤਾਂ ਮੁਨਾਸਬ ਹੋ ਸਕਦਾ ਹੈ, ਪਰ ਜੇ ਤਕਰੀਰਾਂ ਸ਼ੁਰੂ ਹੋ ਜਾਣ ਤਾਂ ਇਹ ਮੁਨਾਸਬ ਨਹੀਂ ਲਗਦਾ। ਰੂਲਜ਼ ਇਸ ਨੂੰ ਪਰਮਿਟ ਨਹੀਂ ਕਰਦੇ।

**ਸ਼੍ਰੀ ਸਪੀਕਰ** : ਤੁਸੀਂ ਬੈਠੋ। ਮੈਂ ਸਿਰਫ਼ ਇਕ ਸਵਾਲ ਸਰਦਾਰ ਸੁਖਜਿੰਦਰ ਸਿੰਘ ਜੀ ਨੂੰ ਕਰਨ ਲਈ ਅਲਾਓ ਕੀਤਾ ਸੀ। (ਵਿਘਨ) ਇਹ ਰੂਲਜ਼ ਵੇਖੋ। ਮੈਂ ਮਜਬੂਰ ਹਾਂ। (ਵਿਘਨ) ਤੁਸੀਂ ਬੈਠ ਜਾਓ।

(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬਗੈਰ ਪਰਮਿਸ਼ਨ ਦੇ ਬੋਲੀ ਜਾ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਪੈਣ ਕਾਰਣ ਕੁਝ ਸੁਣਾਈ ਨਹੀਂ ਦਿੱਤਾ।)

ਮੇਰਾ ਖਿਆਲ ਹੈ ਕਿ ਸਾਨੂੰ ਕਿਸੇ ਕਾਇਦੇ ਕਾਨੂੰਨ ਦੇ ਮੁਤਾਬਕ ਚਲਣਾ ਚਾਹੀਦਾ ਹੈ। ਹੁਣ ਤੁਸੀਂ ਬੈਠੋ। ਜਿਹੜੇ ਇਕ ਦੋ ਪੁਆਇੰਟਸ ਆਏ ਹਨ, ਉਨ੍ਹਾਂ ਤੇ ਸੀ.ਐਮ. ਸਾਹਿਬ ਨੂੰ ਜਵਾਬ ਦੇ ਲੈਣ ਦਿਓ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜੋ ਸਵਾਲ ਮੈਂਬਰ ਸਾਹਿਬਾਨ ਨੇ ਉਠਾਏ ਸਨ ਅਗਰ ਉਨ੍ਹਾਂ ਸਾਰਿਆਂ ਪੁਆਇੰਟਸ ਦਾ ਜਵਾਬ ਨਹੀਂ ਆਇਆ ਤਾਂ ਮੈਂ ਉਨ੍ਹਾਂ ਨੂੰ ਜਵਾਬ ਬਾਅਦ ਵਿਚ ਦੇ ਦਿਆਂਗਾ। ਜਿਹੜੇ ਮੋਟੇ ਮੋਟੇ ਪੁਆਇੰਟਸ ਸਨ ਮੈਂ ਉਨ੍ਹਾਂ ਦਾ ਜਵਾਬ ਦਿੱਤਾ ਹੈ। ਹੁਣ ਜੋ ਮੈਂਬਰਜ਼ ਸਵਾਲ ਕਰਨਾ ਚਾਹੁੰਦੇ ਹਨ, ਮੈਂ ਉਨ੍ਹਾਂ ਦਾ ਜਵਾਬ ਦੇਣ ਲਈ ਤਿਆਰ ਹਾਂ, ਪਰ ਸਮੇਂ ਦੀ ਘਾਟ ਹੈ। ਜੇ ਮੈਂ ਸਾਰੇ ਜਵਾਬ ਦੇਵਾਂ ਤਾਂ 2 ਘੰਟੇ ਲਗ ਜਾਣਗੇ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਫਿਰ ਜਦੋਂ ਡਿਸਕਸ਼ਨ ਹੋਵੇਗੀ ਤਾਂ ਮੈਂਬਰ ਸਾਹਿਬਾਨ ਆਪਣੇ ਸਵਾਲ ਉਦੋਂ ਕਰ ਸਕਦੇ ਹਨ। ਆਪਣੀ ਸਪੀਚ ਵਿਚ ਜੋ ਗਲ ਕਹਿਣਗੇ ਮੈਂ ਉਸ ਨੂੰ ਕਲੈਰੀਫਾਈ ਕਰਾਂਗਾ। (ਵਿਘਨ) (ਸ਼ੋਰ)

(ਇਸ ਵੇਲੇ ਕਈ ਮਾਨਯੋਗ ਮੈਂਬਰਜ਼ ਹੋਰ ਕਲੈਰੀਫਿਕੇਸ਼ਨ ਲੈਣ ਲਈ ਮੰਗ ਕਰ ਰਹੇ ਸਨ ਪਰ ਸ਼੍ਰੀ ਸਪੀਕਰ ਨੇ ਮੁੱਖ ਮੰਤਰੀ ਸਾਹਿਬ ਨੂੰ ਜਾਰੀ ਰਖਣ ਲਈ ਕਿਹਾ।)

ਸਪੀਕਰ ਸਾਹਿਬ, ਰੋਪੜ ਬਾਰੇ ਮੈਂ ਹੁਣੇ ਹੀ ਕਹਿ ਚੁੱਕਾ ਹਾਂ ਔਰ ਮੇਰਾ ਖਿਆਲ ਹੈ ਕਿ ਇਹ ਮੈਂਬਰ ਸਾਹਿਬ ਲੇਟ ਆਏ ਹਨ। ਜੋ ਸਰਦਾਰ ਸੁਖਜਿੰਦਰ ਸਿੰਘ ਜੀ ਨੇ ਫਲੈਟ ਰੇਟ ਦਾ ਜ਼ਿਕਰ ਕੀਤਾ ਹੈ, ਮੈਂ ਇਸ ਵੇਲੇ ਉਸ ਦਾ ਪੂਰਾ ਜਵਾਬ ਨਹੀਂ ਦੇ ਸਕਦਾ ਔਰ ਮੈਂ ਇਸ ਬਾਰੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ ]

ਫਿਰ ਜ਼ਰੂਰ ਜਵਾਬ ਦੇਵਾਂਗਾ। ਸਪੀਕਰ ਸਾਹਿਬ, ਫਲੈਟ ਰੇਟ ਨਾਲ ਫਾਈਨੈਂਨਸ਼ਿਅਲ ਪੁਜ਼ੀਸ਼ਨ ਕਿਸ ਤਰ੍ਹਾਂ ਰਹਿੰਦੀ ਹੈ, ਇਹ ਸਾਰੀ ਚੀਜ਼ ਐਗਜ਼ਾਮਿਨ ਕਰਨੀ ਪਵੇਗੀ। ਇਹ ਬੜਾ ਪੇਚੀਦਾ ਮਸਲਾ ਹੈ। (ਵਿਘਨ) ਥੇਣ ਏਰੀਏ ਬਾਰੇ ਵੀ ਜੋ ਸਕੀਮ ਹੈ, ਉਸ ਨੂੰ ਵੀ ਦੇਖਾਂਗੇ ਜਿਸ ਨਾਲ ਲੋਕਾਂ ਨੂੰ ਪਾਣੀ ਮਿਲ ਸਕੇ ਅਤੇ ਖੇਤੀ ਨੂੰ ਪਾਣੀ ਮਿਲ ਸਕੇ। ਕਿਤਨੀ ਬਿਜਲੀ ਦਿੱਲੀ ਨੂੰ ਜਾਂਦੀ ਹੈ, ਇਸ ਸਾਰੀ ਗੱਲ ਨੂੰ ਦੇਖਣਾ ਪਵੇਗਾ।

**Mr. Speaker:** Question is that—

"WHEREAS in pursuance of sub-section (3) of Section 65 of the Electricity (Supply) Act, 1948 (54 of 1948), the Government of Punjab had with the approval of the Punjab Vidhan Sabha, fixed by its Order No. 8268-21 and E-/64, dated 28th April, 1965, the sum of Rs. 20 crores as the maximum amount which the Punjab State Electricity Board may, at any time, have on loan under sub-section (1) of the said section.

AND WHEREAS the aforesaid amount was increased with the approval of the Parliament, by Punjab Government to Rs. 50 crores with its Order No. 5 (GOI)-IW(7)-72/2621, dated the 3rd February, 1972, to Rs. 75 crores by its endorsement No. 5183-IW(7)-73/7405-06, dated the 17th April, 1973, to Rs. 100 crores, vide its endst. No. 14020-IW(1)75, dated 15th January, 1976 and was further raised to Rs. 150 crores,— vide endst. No. 319-IW(2)-78/1934, dated 18th January, 1978.

AND WHEREAS it has now been found necessary to increase the maximum amount from Rs. 150 crores to Rs. 250 crores.

NOW, THEREFORE, it is resolved that the Punjab Vidhan Sabha do accord approval to fix, under sub-section (3) of section 65 of the Electricity (Supply) Act, 1948, the sum of Rs. 250 crores (Rupees Two hundred and fifty crores only) as the maximum amount which the Punjab State Electricity Board may at any time, have on loan under sub-section (1) of the said section"

*The motion was carried unanimously.*

## LEGISLATIVE BUSINESS

### The Punjab Contingency Fund (Amendment) Bill, 1980

**Finance Minister (Doctor Kewal Krishan):** Sir, I beg to introduce the Punjab Contingency Fund (Amendment) Bill.

Sir, I also beg to move—

That the Punjab Contingency Fund (Amendment) Bill be taken into consideration at once.

ਸਪੀਕਰ ਸਾਹਿਬ, ਇਸ ਬਿਲ ਬਾਰੇ ਮੈਂ ਕਹਿਣਾ ਚਾਹਵਾਂਗਾ ਕਿ ਵਿਧਾਨ ਦੀ ਧਾਰਾ 267 ਕਲਾਜ਼ 2 ਦੇ ਤਹਿਤ ਇਹ ਇਜਾਜ਼ਤ ਦਿੱਤੀ ਹੈ ਕਿ ਕੋਈ ਵੀ ਸਟੇਟ ਲੈਜਿਸਲੇਚਰ ਇਹ ਕੰਟਿਨਜੈਂਸੀ ਫੰਡ ਤੇਜ਼ ਕਰ ਸਕਦੀ ਹੈ। ਸਪੀਕਰ ਸਾਹਿਬ, 1950 ਵਿਚ ਇਸ ਫੰਡ ਵਾਸਤੇ 50 ਲਖ ਰੁਪਿਆ ਰਖਿਆ ਗਿਆ ਸੀ। ਇਸ ਫੰਡ ਦਾ ਮਕਸਦ, ਸਪੀਕਰ ਸਾਹਿਬ, ਅਚੱਨਚੇਤ ਕੋਈ ਫਲੱਡ ਆ ਜਾਵੇ ਜਾਂ ਕੋਈ ਹੋਰ ਨੁਕਸਾਨ ਹੋ ਜਾਵੇ ਜਾਂ ਸੈਂਟਰਲ ਗੌਰਮਿੰਟ ਤੁਹਾਨੂੰ ਕੋਈ ਸਕੀਮ ਬਣਾਕੇ ਭੇਜਦੀ ਹੈ ਕਿ ਤੁਹਾਨੂੰ ਇਤਨਾ ਪੈਸਾ ਦੇਵਾਂਗੇ ਔਰ ਉਸ ਦੇ ਮੁਕਾਬਲੇ ਤੇ ਤੁਹਾਨੂੰ ਇਤਨਾ ਪੈਸਾ ਪਾਉਣਾ ਪਵੇਗਾ, ਇਸ ਤਰ੍ਹਾਂ ਇਹ ਫੰਡ ਵਰਤਣ ਦੀ ਲੋੜ ਹੁੰਦੀ ਹੈ। 1950 ਵਿਚ ਇਸ ਕੰਟਿਨਜੈਂਸੀ ਫੰਡ ਲਈ 50 ਲੱਖ ਰੁਪਏ ਰੱਖੇ ਗਏ ਸੀ। 1970 ਵਿਚ ਇਸ ਕੰਟਿਨਜੈਂਸੀ ਫੰਡ ਲਈ 2 ਕਰੋੜ ਰੁਪਏ ਰੱਖੇ ਗਏ

Original with;
Punjab Vidhan Sabha
Digitized by;
Panjab Digital Library

ਸੀ। 1973 ਵਿਚ ਇਸ ਕੰਟਿਨਜੈਂਸੀ ਫੰਡ ਲਈ 3 ਕਰੋੜ ਰੁਪਏ ਰੱਖੇ ਗਏ ਸੀ। 1975 ਵਿਚ ਇਸ ਕੰਟਿਨਜੈਂਸੀ ਫੰਡ ਲਈ 8 ਕਰੋੜ ਰੁਪਏ ਰੱਖੇ ਗਏ ਸਨ ਅਤੇ ਸਪੀਕਰ ਸਾਹਿਬ ਹੁਣ 16 ਜਨਵਰੀ, 1980 ਨੂੰ ਆਰਡੀਨੈਂਸ ਰਾਹੀਂ ਪੰਜਾਬ ਸਰਕਾਰ ਨੇ 25 ਕਰੋੜ ਰੁਪਏ ਦੀ ਮੰਗ ਕੀਤੀ ਸੀ, ਜਿਸ ਲਈ ਹੁਣ ਇਹ ਬਿਲ ਲਿਆਂਦਾ ਗਿਆ ਹੈ। ਮੈਂ, ਸਪੀਕਰ ਸਾਹਿਬ, ਮਹਿਸੂਸ ਕਰਦਾ ਹਾਂ ਕਿ ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਇਸ ਬਿਲ ਨਾਲ ਸਹਿਮਤ ਹੋਣਗੇ ਔਰ ਇਸ ਬਿਲ ਨੂੰ ਪਾਸ ਕਰ ਦੇਣਗੇ।

**Mr. Speaker:** Motion moved—

**That the Punjab Contingency Fund (Amendment) Bill be taken into consideration at once.**

**ਸਰਦਾਰ ਬਲਵੰਤ ਸਿੰਘ (ਲੋਹੀਆਂ):** ਸਪੀਕਰ ਸਾਹਿਬ, ਜਿਹੜੀ ਪ੍ਰੋਪੋਜ਼ਲ ਸਾਡੇ ਨਵੇਂ ਮੁੱਖ ਮੰਤਰੀ ਜੀ ਨੇ ਹੁਣ ਇਥੇ ਲਿਆਂਦੀ ਹੈ, ਇਹੀ ਚੀਜ਼ ਸਾਡੇ ਪੁਰਾਣੇ ਮੁੱਖ ਮੰਤਰੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਲਿਆਂਦੀ ਸੀ। ਅਸੀਂ ਸਪੀਕਰ ਸਾਹਿਬ, ਸਮਝਦੇ ਹਾਂ ਕਿ ਇਹ ਬਹੁਤ ਹੀ ਜ਼ਰੂਰੀ ਚੀਜ਼ ਹੈ। ਇਸ ਕੰਟਿਨਜੈਂਸੀ ਫੰਡ ਲਈ ਪੈਸਾ ਚਾਹੀਦਾ ਹੈ। ਨਵੀਆਂ ਸਕੀਮਾਂ ਹੋਣ ਅਤੇ ਅਚਨਚੇਤੀ ਖਰਚੇ ਹੋਣ ਲਈ ਪੈਸਾ ਚਾਹੀਦਾ ਹੈ। ਇਸ ਲਈ ਮੈਂ ਵਿਤ ਮੰਤਰੀ ਜੀ ਨਾਲ ਇਸ ਬਿਲ ਤੇ ਐਗਰੀ ਕਰਦਾ ਹਾਂ ਅਤੇ ਸਾਰੇ ਹਾਊਸ ਨੂੰ ਇਹ ਬਿਲ ਯੂਨੈਨੀਮਸਲੀ ਪਾਸ ਕਰਨਾ ਚਾਹੀਦਾ ਹੈ। (ਥੰਪਿੰਗ)

**ਕਾਮਰੇਡ ਰਾਜ ਕੁਮਾਰ (ਧਾਰੀਵਾਲ):** ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਸਪੋਰਟ ਕਰਾਂਗਾ ਲੇਕਿਨ ਇਸ ਬਿਲ ਬਾਰੇ ਦੋ ਚਾਰ ਕੁਮੈਂਟਸ ਜ਼ਰੂਰ ਦੇਵਾਂਗਾ। ਜਦੋਂ ਅਸੀਂ ਆਪਣਾ ਬਜਟ ਬਣਾਉਂਦੇ ਹਾਂ ਤਾਂ ਬੱਜਟ ਪੈਟਰਨ ਤੇ ਜ਼ਰੂਰ ਵਿਚਾਰ ਕਰ ਲੈਣਾ ਚਾਹੀਦਾ ਹੈ। ਸਪੀਕਰ ਸਾਹਿਬ, ਕੇਰਲਾ ਗੌਰਮਿੰਟ ਨੇ ਬੇਹਤਰ ਢੰਗ ਨਾਲ ਇਸ ਦਾ ਹੱਲ ਕੱਢਿਆ ਹੈ। ਕੇਰਲਾ ਗੌਰਮਿੰਟ ਨੇ ਜੋ ਸਿਸਟਮ ਅਡਾਪਟ ਕੀਤਾ ਹੈ ਉਹ ਅੱਛਾ ਸਿਸਟਮ ਹੈ। ਸਪੀਕਰ ਸਾਹਿਬ, ਇਸ ਬਿਲ ਦੇ Statement of Objects and Reasons ਵਿਚ ਇਨ੍ਹਾਂ ਨੇ ਜੋ ਕਿਹਾ ਹੈ, ਉਹ ਮੈਂ ਤੁਹਾਨੂੰ ਇਥੇ ਪੜ੍ਹ ਕੇ ਸੁਣਾਉਂਦਾ ਹਾਂ। ਉਸ ਵਿਚ ਇਸ ਤਰ੍ਹਾਂ ਹੈ:

> **"Over the years, the tempo of development in the State has received an added impetus. As a result of this, the developmental activities in the State have multiplied manifold. In the very nature of things, therefore, the unforeseen demands relating to developmental activities have also gone up steeply. Moreover, the Government of India releases funds for the implementation of the various Centrally sponsored Schemes at the fag end of the year, which cannot be foreseen at the time of preparing the budget estimates."**

ਮੈਂ ਇਸ ਗੱਲ ਉਤੇ, ਸਪੀਕਰ ਸਾਹਿਬ, ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੀਆਂ ਸਕੀਮਾਂ ਸੈਂਕਸ਼ਨ ਹੁੰਦੀਆਂ ਹਨ ਅਤੇ ਉਨ੍ਹਾਂ ਲਈ ਪੈਸੇ ਸੈਂਕਸ਼ਨ ਹੁੰਦੇ ਹਨ। ਜਦੋਂ ਸਾਲ ਖ਼ਤਮ ਹੋਣ ਵਾਲਾ ਹੁੰਦਾ ਹੈ, ਉਸ ਵੇਲੇ ਟਰੇਜ਼ਰੀ ਸਵੇਰੇ 5.00 ਵਜੇ ਖੁਲ੍ਹ ਜਾਂਦੀ ਹੈ। ਸਪੀਕਰ ਸਾਹਿਬ, ਬਿਲ ਪਹਿਲਾਂ ਹੀ ਐਡਵਾਂਸ ਬਣੇ ਹੋਏ ਹੁੰਦੇ ਹਨ ਅਤੇ ਪੇਮੈਂਟਾਂ ਆਖੀਰ ਵਿਚ ਹੁੰਦੀਆਂ ਹਨ। ਇਸ ਦਾ ਰਿਜ਼ਲਟ ਇਹ ਹੁੰਦਾ ਹੈ ਕਿ ਗਲਤ ਚੀਜ਼ਾਂ ਦੀ ਖਰੀਦ ਕੀਤੀ ਜਾਂਦੀ ਹੈ ਆਖੀਰਲੇ ਦਿਨ ਪੈਸੇ ਦੀ ਲੁੱਟ ਘੱਸੁਟ ਹੁੰਦੀ ਹੈ। (ਵਿਘਨ) ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਕੁਆਰਟਰਲੀ ਸੈਂਕਸ਼ਨ ਹੋਣੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਚਾਹੀਦੀ ਹੈ ਅਤੇ ਸਾਲ ਵਿਚ ਚਾਰ ਕੁਆਟਰਾਂ ਦੀਆਂ ਸੈਂਕਸ਼ਨਾਂ ਬਣਾਕੇ ਭੇਜੋ। ਇਹ ਨਾ ਹੋਵੇ ਕਿ ਅਖੀਰਲੇ ਦਿਨ ਹੀ ਸਾਰਾ ਕੁਝ ਹੋਵੇ।

ਸਪੀਕਰ ਸਾਹਿਬ, ਇਸ ਗੱਲ ਤੋਂ ਕੋਈ ਆਦਮੀ ਅਣਜਾਣ ਨਹੀਂ ਕਿ ਐਸਾ ਹੋ ਰਿਹਾ ਹੈ। ਇਸ ਦਾ ਇੱਕੋ ਤਰੀਕਾ ਹੈ ਕਿ ਬਜਾਏ ਇਸ ਤਰ੍ਹਾਂ ਦਾ ਫੰਡ ਕ੍ਰੀਏਟ ਕਰੀਏ ਸਾਨੂੰ ਇਕ ਰਿਵਾਲਵਿੰਗ ਫੰਡ ਕ੍ਰੀਏਟ ਕਰਨਾ ਚਾਹੀਦਾ ਹੈ। ਅਨਫੋਰਸੀਨ ਕੈਲੇਮਿਟੀਜ਼ ਦੇ ਖਰਚਿਆਂ ਨੂੰ ਮੀਟ ਵਿਦ ਕਰਨ ਵਾਸਤੇ ਇਹ ਫੰਡ ਕ੍ਰੀਏਟ ਕਰਨਾ ਚਾਹੀਦਾ ਹੈ। ਇਸ ਵੇਲੇ 12 ਕਰੋੜ ਰੁਪਏ ਦੀ ਬਜਾਏ 25 ਕਰੋੜ ਰੁਪਿਆ ਰਖਿਆ ਗਿਆ ਹੈ। ਕਈ ਵੇਰੀ ਐਸੀ ਨੇਚੁਰਲ ਕੈਲੇਮਿਟੀ ਆਉਂਦੀ ਹੈ ਕਿ ਇਸ ਤੋਂ ਵਧ ਖਰਚਾ ਵੀ ਹੋ ਸਕਦਾ ਹੈ। ਇਸ ਲਈ ਇਨ੍ਹਾਂ ਅਨਫੋਰਸੀਨ ਖਰਚਿਆਂ ਨੂੰ ਮੀਟ ਵਿਦ ਕਰਨ ਲਈ ਸਟੌਪ ਗੈਪ ਤਰੀਕਿਆਂ ਦੀ ਲੋੜ ਨਹੀਂ ਹੈ ਬਲਕਿ ਇਸ ਲਈ ਇੱਕ ਰਿਵਾਲਵਿੰਗ ਫੰਡ ਕ੍ਰੀਏਟ ਕਰਨਾ ਚਾਹੀਦਾ ਹੈ, ਜਿਸ ਨਾਲ ਕਿ ਇਹ ਅਨਫੋਰਸੀਨ ਖਰਚੇ ਮੀਟ ਵਿਦ ਹੋ ਸਕਣ।

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ)** : ਸਪੀਕਰ ਸਾਹਿਬ, ਮੈਂ ਮਸ਼ਕੂਰ ਹਾਂ ਪਹਿਲੇ ਵਿੱਤ ਮੰਤਰੀ ਸਰਦਾਰ ਬਲਵੰਤ ਸਿੰਘ ਜੀ ਦਾ ਜਿਨ੍ਹਾਂ ਨੇ ਇਸ ਗੱਲ ਦਾ ਸਮਰਥਨ ਕੀਤਾ ਹੈ ਕਿ ਇਹ ਵਾਕਿਆ ਹੀ ਜ਼ਰੂਰੀ ਹੈ ਔਰ ਕਾਂਸਟੀਚਿਊਸ਼ਨ ਵਿਚ ਇਸ ਗਲ ਦਾ ਪ੍ਰੋਵੀਜ਼ਨ ਵੀ ਹੈ ਹਿੰਦੋਸਤਾਨ ਦੁਨੀਆਂ ਦੀ ਲਾਰਜੇਸਟ ਡੈਮੋਕਰੇਸੀ ਹੈ ਔਰ ਇਸ ਦੀ ਸਫਲਤਾ ਇਸ ਵਿਚ ਹੀ ਹੈ।

ਕਾਮਰੇਡ ਰਾਜ ਕੁਮਾਰ ਨੇ ਰਿਵਾਲਵਿੰਗ ਫੰਡ ਵਾਸਤੇ ਕਿਹਾ ਹੈ। ਪਰ ਕੰਸਟੀਚਿਊਸ਼ਨ ਵਿਚ ਇਸ ਬਾਰੇ ਪ੍ਰਬੰਧ ਨਜ਼ਰ ਨਹੀਂ ਆਉਂਦਾ। ਹੋਰ ਕਿਸੇ ਸਟੇਟ ਵਿਚ ਵੀ ਇਹ ਫੰਡ ਬਣਿਆ ਹੋਵੇ, ਇਹ ਗੱਲ ਸਾਡੀ ਨਿਗਾਹ ਵਿਚ ਨਹੀਂ ਹੈ। ਸਾਲ ਦੇ ਆਖੀਰ ਵਿਚ ਇਸ ਤਰ੍ਹਾਂ ਦੀਆਂ ਚੀਜ਼ਾਂ ਆਉਂਦੀਆਂ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਦਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਸੈਂਟਰਲੀ ਸਪਾਂਸਰਡ ਸਕੀਮਾਂ ਹਨ, ਉਨ੍ਹਾਂ ਦਾ ਪਹਿਲਾਂ ਪਤਾ ਹੁੰਦਾ ਹੈ ਔਰ ਬਜਟ ਵਿਚ ਉਨ੍ਹਾਂ ਲਈ ਪ੍ਰੋਵੀਜ਼ਨ ਰਖੀ ਜਾਂਦੀ ਹੈ। ਪਰ ਹਿੰਦੁਸਤਾਨ ਇੱਕ ਬਹੁਤ ਵੱਡਾ ਮੁਲਕ ਹੈ। ਜਿਹੜੀਆਂ ਸਕੀਮਾਂ ਉਹ ਸਟੇਟਾਂ ਨੂੰ ਵੇਗ ਐਂਡ ਤੇ ਦਿੰਦੇ ਹਨ, ਉਸ ਲਈ ਸਾਨੂੰ ਗੌਰ ਕਰਕੇ ਫੰਡਜ਼ ਪ੍ਰੋਵਾਈਡ ਕਰਨੇ ਪੈਂਦੇ ਹਨ। ਉਸ ਮੁਤਾਬਿਕ ਰਿਵਾਲਵਿੰਗ ਫੰਡ ਕਦੇ ਨਹੀਂ ਬਣ ਸਕਦਾ। ਇਸ ਲਈ ਬਾਕਾਇਦਾ ਕਾਂਸਟੀਚਿਊਸ਼ਨ ਦੇ ਮੁਤਾਬਿਕ ਐਕਟ ਬਣਾਉਣਾ ਪੈਂਦਾ ਹੈ। ਮੈਂ ਇਸ ਗੱਲ ਲਈ ਕਾਮਰੇਡ ਰਾਜ ਕੁਮਾਰ ਨਾਲ ਸਹਿਮਤ ਨਹੀਂ ਹਾਂ ਲੇਕਿਨ ਮੈਂ ਅਰਜ਼ ਕਰਦਾ ਹਾਂ ਕਿ ਇਸ ਨੂੰ ਸਮੇਂ ਦੇ ਮੁਤਾਬਿਕ ਹੀ ਵਧਾਇਆ ਗਿਆ ਹੈ। ਉਦੋਂ ਸਾਡਾ ਪਲੈਨ ਛੋਟਾ ਸੀ, ਬਜਟ ਛੋਟਾ ਸੀ ਪਰ ਜਿਉਂ ਜਿਉਂ ਕਿਸੇ ਸਟੇਟ ਦੀਆਂ ਜ਼ਰੂਰਤਾਂ ਵਧਦੀਆਂ ਜਾਂਦੀਆਂ ਹਨ ਤਿਉਂ ਤਿਉਂ ਅਚੱਣਚੇਤ ਫੰਡ ਦੀ ਜ਼ਰੂਰਤ ਵੀ ਵਧਦੀ ਜਾਂਦੀ ਹੈ। ਇਸ ਕਰਕੇ ਹਾਊਸ ਇਸ ਨਾਲ ਐਗਰੀ ਕਰੇਗਾ ਕਿ ਇਹ ਜਿਹੜਾ ਬਿਲ ਆਇਆ ਹੈ ਅਚੱਣਚੇਤ ਫੰਡ ਵਾਸਤੇ, ਕੰਟਿਨਜੈਂਸੀ ਫੰਡ ਵਾਸਤੇ, ਇਸ ਨੂੰ ਯੂਨੇਨੀਮਸਲੀ ਪਾਸ ਕੀਤਾ ਜਾਏ।

**ਸਰਦਾਰ ਦਲੀਪ ਸਿੰਘ ਪਾਂਧੀ** : ਮੈਂ ਕੁਝ ਸੁਜੈਸ਼ਨਜ਼ ਦੇਣੀਆਂ ਚਾਹੁੰਦਾ ਹਾਂ.....(ਵਿਘਨ)

**ਸ੍ਰੀ ਸਪੀਕਰ** : ਤੁਸੀਂ ਪਹਿਲਾਂ ਬੋਲ ਲੈਂਦੇ। ਹੁਣ ਰੂਲਜ਼ ਪਰਮਿਟ ਨਹੀਂ ਕਰਦੇ।

**Mr. Speaker:** Question is—

**That the Punjab Contingency Fund (Amendment) Bill be taken into consideraion at once.**

*The motion was carried unanim(ously).*

Original with;
Punjab Vidhan Sabha
Digitized by;
Panjab Digital Library

**Mr. Speaker:** Now the House will proceed to consider the Bill Clause by Clause.

**Clause 2**

**Mr. Speaker:** Question is—

**That Clause 2 stand part of the Bill.**

*The motion was carried unanimously.*

**Clause 1**

**Mr. Speaker:** Question is—

**That clause 1 stand part of the Bill.**

*The Motion was carried unanimously.*

**Title**

**Mr. Speaker:** Question is—

**That Title be the Title of the Bill.**

*The motion was carried unanimously.*

**Finance Minister (Doctor Kewal Krishan):** Sir, I beg to move—

That the Punjab Contingency Fund (Amendment) Bill be passed.

**Mr. Speaker:** Motion moved—

That the Punjab Contingency Fund (Amendment) Bill be passed.

**Mr. Speaker:** Question is—

That the Punjab Contingency Fund (Amendment) Bill be passed.

*The motion was carried unanimously.*

**Mr. Speaker:** Now the House stands adjourned till 9.00 A.M. on Thursday, the 10th July, 1980.

*12.24 P.M. | *(The Sabha then adjourned* till* 9.00 *A.M. on Thursday, the* 10*th July,* 1980)

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# APPENDIX

TO

# PUNJAB VIDHAN SABHA DEBATES

Dated the 9th July, 1980

Vol. I No. 8

## STARRED QUESTION AND ANSWER

### Villages linked with the first road in the State

***66. Comrade Baldev Singh Loomba :** Will the Chief Minister be pleased to state :—

(a) Whether each village in the State has been linked with the First Link Road;

(b) the names of villages, district wise which have not yet been linked with the first link Roads in the State ; and the time by which these are likely to be so linked ?

**ਸਰਦਾਰ ਦਰਬਾਰਾ ਸਿੰਘ :** (ੳ) ਨਹੀਂ ਜੀ

(ਅ) ਲੋੜੀਂਦੀ ਸੂਚਨਾ ਨਾਲ ਨੱਥੀ ਕੀਤੀ ਜਾਂਦੀ ਹੈ। ਬਾਕੀ ਰਹਿੰਦੇ ਪਿੰਡਾਂ ਨੂੰ ਛੇਵੀਂ ਪਲਾਨ ਵਿੱਚ ਲਿੰਕ ਸੜਕਾਂ ਨਾਲ ਜੋੜਨ ਦੀ ਤਜਵੀਜ਼ ਹੈ ।

---

**LIST OF VILLAGES WHICH ARE STILL TO BE CONNECTED AS ON 1st April, 1980**

| Sr. No. | Name of Village | Sr. No. | Name of Village |
|---|---|---|---|
| (I) | **Amritsar District** | 7. | Kotla Khurd |
| 1. | Pandori Lubana | 8. | Maan |
| 2. | Jhita Khurd | 9. | Chogwan |
| 3. | Rajeewali | 10. | Ramana Chak |
| 4. | Jharu Nangal | 11. | Sarhala |
| 5. | Ram Dewali Hinduan | 12. | Kotlapitu |
| 6. | Kot Hidre Ram | 13. | Maralian |

Original with;
Punjab Vidhan Sabha
Digitized by;
Panjab Digital Library

| Sr. No. | Name of Village | Sr. No. | Name of Village |
|---|---|---|---|
| 14 | Kuralian | 39. | Nurwala |
| 15. | Jhande | 40. | Ballian wala |
| 16. | Viran | 41. | Dumniwala |
| 17. | Virang | 42. | Gadhaike |
| 18. | Bagrian | 43. | Sandpura |
| 19. | Galluwal | 44. | Jhugian Kalu |
| 20. | Doake | 45. | Jhugian Nathan Singh |
| 21. | Mahna | 46. | Jhugian Nur Mohhamad |
| 22. | Mallian | 47. | Sahuwal |
| 23. | Biharipur | 48. | Mallian |
| 24. | Mallah | 49. | Dalla |
| 25. | Saidpur | 50. | Gurala |
| 26. | Chak Alimpur | 51. | Mohanpura |
| 27. | Uppal | 52. | Talipura |
| 28. | Padri Khurd | | **(II) Gurdaspur District** |
| 29. | Kissan Garh | 1. | Kalarwan |
| 30. | Jamalpura | 2. | Jakral |
| 31. | Jaloke | 3. | Halarh |
| 32. | Assal | 4. | Bhaghor |
| 33. | Mri Samrai | 5. | Tanra |
| 34. | Theh Naushehra | 6. | Marka Khizaspur |
| 35. | Kalsian Khurd | 7. | Nikka |
| 36. | Bargari | 8. | Rajpur Jattan |
| 37. | Jodhsing wala | 9. | Kingrian |
| 38. | Bhure Manawan | 10. | Madhopur Jainpur |

Original with;
Punjab Vidhan Sabha
Digitized by;
Panjab Digital Library

| Sr. No. | Name of viliage | Sr. No. | Name of village |
|---|---|---|---|
| 11. | Barket | 36. | Mammi Chak Ranga |
| 12. | Jainpur Kukar | 37. | Skol |
| 13. | Ismailpur | 38. | Lamin |
| 14. | Rajibala | 39. | Karal |
| 15. | Majhwal | 40. | Kamalpur Aggana |
| 16. | Kajley | 41. | Delarpur |
| 17. | Mehara Mahantan | 42. | Bhadana |
| 18. | Chakral | 43. | Sarwarpur Salho |
| 19. | Gujrat | 44. | Budha Balla |
| 20. | Kot Bhatian | 45. | Mitha |
| 21. | Tash | 46. | Salahpur |
| 22. | Udhepur | 47. | Basupur |
| 23. | Itti | 48. | Kotli |
| 24. | Sakandra | 49. | Mallanwala |
| 25. | Chamror | 50. | Phullera |
| 26. | Harob seran | | **III Hoshiarpur District** |
| 27. | Mehrajpur | 1. | Dugri |
| 28. | Simbal | 2. | Dharampur |
| 29. | Jhalatar | 3. | Kahalwan |
| 30. | Jaitpur | 4. | Bhatoli |
| 31. | Lassian | 5. | Kakrali |
| 32. | Raipur Ghib | 6. | Mallewal |
| 33. | Tur | 7. | Fatehpur |
| 34. | Kukar | 8. | Burj Chak |
| 35. | Bharial | 9. | Mera |

Original with;
Punjab Vidhan Sabha
Digitized by;
Panjab Digital Library

| Sr. No. | Name of Village |
|---|---|
| 10. | Raipur Gujjran |
| 11. | Bhedian |
| 12. | Fatta |
| 13. | Kulla |
| 14. | Sikandarpur |
| 15. | Dopana |
| 16. | Kamalpur |
| 17. | Tanda |
| 18. | Sherpur |
| 19. | Nurpur |
| 20. | Lobangarh |
| 21. | Gambowal |
| 22. | Sukh Chainpur |
| 23. | Bhavnaur |
| 24. | Bhatoli |
| 25. | Chak Alam |
| 26. | Kathana |
| 27. | Sherikhupur |
| 28. | Mahal |
| 29. | Nari |
| 30. | Malout |
| 31. | Kort |
| 32. | Bhera |
| 33. | Mandher |
| 34. | Dopali |
| 35. | Pragpur |
| 36. | Kohar |
| 37. | Chahal |
| 38. | Mubarikpur |
| 39. | Birsarkar Urf Kath garh |
| 40. | Phaphial |
| 41. | Behroom |
| 42. | Bari Khad |
| 43. | Kukanet |
| 44. | Dherian |
| 45. | Thana |
| 46. | Tangwari |
| 47. | Rourian |
| 48. | Handowal Khurd |
| 49. | Bhattian Brahmana |
| 50. | Bhawanipur |
| 51. | Gaddiwal |
| 52. | Rattanpur |
| 53. | Jhaj |
| 54. | Harwan |
| 55. | Dhirowal |
| 56, | Rajwan |
| 57. | Khurali |
| 58. | Patiarian |
| **(IV)** | **Jullundur District** |
| 1. | Bagota |
| 2. | Kasumpur |

Original with;
Punjab Vidhan Sabha
Digitized by;
Panjab Digital Library

| Sr. No. | Name of village |
|---|---|
| 3. | Chohan |
| 4. | Salala |
| 5. | Mansurpur |
| 6. | Mandiala |
| 7. | Mandi Kalu |
| 8. | Mandi Sherian |
| 9. | Sher Garhi |
| 10. | Chak Hathiana |
| 11. | Sajanwal |
| 12. | Rampur |
| 13. | Burewal |
| 14. | Pandori Rajpurtan |
| 15. | Kanian Khurd |
| 16. | Chaula |
| 17. | Jamsher |
| 18. | Gidder Pindi |
| 19. | Rama Teharpur |
| 20. | Motipur |
| 21. | Mubarkpur |
| 22. | Narangpur |
| 23. | Billi Chao |
| 24. | Sarai Khas |
| 25. | Dhadda Haripur |
| 26. | Dhadda Lahna |
| 27. | Khural Pur |
| 28. | Singhpur |
| 29. | Bawoopur |
| 30. | Chak Godaipur |
| 31. | Raipur Gujjran |
| 32. | Panjguru |
| 33. | Shahpur |
| 34. | Kotla Sudhan |
| 35. | Bille |
| 86. | Bir Bloki |
| 37. | Jhugian |
| 38. | Gag |
| 39. | Burj Hussan |
| 40. | Bandala Sahib Rai |
| 41. | Giddar Pkindi |
| 42. | Fatehgarh Nihal |
| 43. | Sunner Tattar |
| 44. | Phool Makori |
| 45. | Lalewal |
| 46. | Talwandi Chibu |
| 47. | Suhar |
| 48. | Jagatpur Theh |
| 49. | Ibrahimpur |
| 50. | Lal Mazaa |
| 51. | Surapur Theh |
| 52. | Chaula |

Original with;
Punjab Vidhan Sabha
Digitized by;
Panjab Digital Library

| Sr. No. | Name of village | Sr. No. | Name of village |
|---|---|---|---|
| 53. | Bajar | 22. | Taraf Haripur |
| 54. | Culowal | 23. | Wadial Khurd Barowali |
| 55. | Ror Mazari | 24. | Murapur |
| (V) | **Kapurthala District** | 25. | Bhim Ka Darpur |
| 1. | Bhadipur | 26. | Safdarpur |
| 2. | Mand Sandhikhanwala | 27. | Mand Badu Kadim |
| 3. | Jhal Thikriwala | 28. | Bhani Husse Khan |
| 4. | Mangal Naraingarh | 29. | Bobalpur Kadim |
| 5. | Jairempur | 30. | Boolpur Jadid |
| 6. | Charangpur | 31. | Fattuwal |
| 7. | Bhagwanpur | 32. | Rampur Dalla |
| 8. | Fattudhinga | 33. | Warian |
| 9. | Khanpur | 34. | Shahwal Nakki |
| 10. | Gonaspur | 35. | Mand Karbipur Kadim |
| 11. | Bhera | 36. | Udda |
| 12. | Rasulpur Brahmana | 37. | Jand |
| 13. | Gonsal | 38. | Deswa Singhwala |
| 14. | Daulatpur | 39. | Kutbapur |
| 15. | Lodhi Bhalana | 40. | Alla Ditta |
| 16. | Bhim Kadim | 41. | Sherpur Dona |
| 17. | Rawal | 42. | Mand Kabirpur Jadid |
| 18. | Mand Bhadpur | 43. | Kijarpur |
| 19. | Mand Alluwal | 44. | Thakarkhura |
| 20. | Patti Bakarpur | 45. | Chaudhrianwala |
| 21. | Mand Andrisan | 46. | Mianiwala |

Original with;
Punjab Vidhan Sabha
Digitized by;
Panjab Digital Library

| Sr. No. | Name of village | Sr. No. | Name of village |
|---|---|---|---|
| 47. | Shiv Dailpur | 21. | Chak Kharanj |
| 48. | Alam Khanwala | ?2. | Sahiwala |
| 49. | Tanda Bhagana | 23. | Sariai |
| 50. | Dhak Pandori | 24. | Moti Wala |
| (VI) | **Ferozepur District** | 25. | Patiwala |
| 1. | Chakshikargarh | 26. | Chak Sorian |
| 2. | Dhiara Ghara | 27. | Chak Rakha Honar |
| 3. | Talli Gulam | 28. | Chak Sahuke Wala |
| 4. | Nihala Lawara | 29. | Godarpur |
| 5. | Langiana | 30. | Pipli |
| [illegible] | Bhambhe Singh Wala | 31. | Miani |
| 7. | Fallewala Hither | 32. | Chamba |
| 8. | Mehmood Mehal ke Hithar | 33. | Bassian |
| 9. | Tur | 34. | Parliwala |
| 10. | Kheri Khurd | 35. | Chak Bhara |
| 11. | Altuwala Hither | 36. | Said Mohmend |
| 12. | Taranwala | 37. | Rajewala |
| 13. | Suaike Khurd | 38. | Said Jallalpur |
| 14. | Jatala | 39. | Kanian Khurd |
| 15. | Chak Khunder | 40. | Sir Sari |
| 16. | Sultan Wala | 41. | Mohar Khieva |
| 17. | Alliwala | 42. | Mohar Sohna |
| 1[illegible] | Kalwan Wala | 43. | Siwana/Aliarsjhuggian |
| 19. | Chak Tehli Wala | 44. | Muradawala |
| 20. | Rana Panj Grain | 45. | Mohar Jainsher |

Original with;
Punjab Vidhan Sabha
Digitized by;
Panjab Digital Library

| Sr. No. | Name of village | Sr. No. | Name of village |
|---|---|---|---|
| 46. | Nur Mohmad | 71. | Fattehuala Shahwala |
| 47. | Rohila Tegeke | 72. | Bhupiwala |
| 58. | Mahantan | 73. | Bagela Wala |
| 49. | Sher Singh Wala | 74. | Mano Machian |
| 50. | Bramad Sher Singh Wala | 75. | Tibbi |
| 51. | Guleshah | 76. | Lalluwala |
| 52. | Chak Suturian | 77. | Wara "ularian |
| 53. | Behak Walait Shah | 78. | Mallanwala |
| 54. | Bhar Wali | 79. | Wara Suleman |
| 55. | Akabar Wala | 80. | Kambo Khurd |
| 56. | Alliewala | 81. | Janbo Kalan |
| 57. | Basti Gama Wali (Gema Murad) | 82. | Tibbi Bodla |
| 58. | Husmat Wala | S3. | Saheedan |
| 59. | Pinkke | 84. | Gatti Harike |
| 60. | Dibwala | 85. | Rukne Wala Kalan |
| 61. | Madhar | 86. | Ruknewala Khurd |
| 62. | Ruknewala | 87. | Kot Quin Khan |
| 63. | Fatte Boara | 88. | Sali Wind |
| 64. | Gurdittiwala | 89. | Bastiwala |
| 65. | Daula Singh Wala | 90. | Khialli |
| 66. | Qutebdin Wala | 91. | Wakke |
| 67. | Hamad Wala | 92. | Raudiala |
| 68. | Kalake Hither | **(VII)** | **Ropar District** |
| 69. | Tibbi Rang | 1. | Mangewal |
| 70. | Mano Machian | 2. | Mehndly Kalan |

Original with;
Punjab Vidhan Sabha
Digitized by;
Panjab Digital Library

| Sr. No. | Name of village | | Sr. No. | Name of village | |
|---|---|---|---|---|---|
| | **(VIII) Ludhiana District** | | 2. | Gurdaspur District | 50 |
| 1. | Mussafirwal | | 3. | Hoshiarpur District | 58 |
| 2. | Ror Majri | | 4. | Jullundur District | 55 |
| | **(IX) Patiala District** | | 5. | Kapurthala District | 50 |
| 1. | Hassanpur | | 6. | Ferozepur District | 92. |
| 2. | Katchwi | | 7. | Ropar District | 2 |
| 3. | Bairmajra | | 8. | Ludhiana District | 2 |
| | **General Abstract** | | 9. | Patiala District | 3 |
| 1. | Amritsar District | 52 | | Total : | 364 |

43230/PVS—Govt. Press, Chd.

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

36—41

38

40

Chief Reporter
Punjab Vidhan Sabha
Chandigarh

(C) 1980

Published under the Authority of the Punjab Vidhan Sabha and Printed by the Controller, Printing & Stationery Department U. T., Chd.

38

Original with;
Punjab Vidhan Sabha
Digitized by;
Punjab Digital Library

*Original with;*
Punjab Vidhan Sabha
*Digitized by;*
Panjab Digital Library

Original with:
Punjab Vidhan Sabha
Digitized by:
Panjab Digital Library

B-19109

Orig...
Punj... Sabha
Digit...
Panjab Digit...

Original with;
Punjab Vidhan Sabha
Digitized by;
Panjab Digital Library